# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਦਾ

# ਇਕ ਈਸ਼ਵਰ-ਵਾਦ

# گورونانک جی

کا

# فلسفۂ توحید

ਪ੍ਰਕਾਸ਼ਕ :—
ਨਾਜ਼ਿਰ ਦਾਅਵਤੋ-ਤਬਲੀਗ਼
ਕਾਦੀਆਨ,
ਜ਼ਿਲਾ ਗੁਰਦਾਸਪੁਰ (ਭਾਰਤ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਬੂਦ ਨਾਨਕ ਆਰਫ਼ੋ ਮਰਦਿ ਖ਼ੁਦਾ।
ਰਾਜ਼ਹਾਏ ਮਾਰਫ਼ਤ ਰਾ ਰਾਹ ਕੁਸ਼ਾ।

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਦਾ

## ਇਕ ਈਸ਼ਵਰ-ਵਾਦ

# گورو نانک جی

# کا

# فلسفۂ توحید

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਪੰਜ ਸੌ ਸਾਲਾ
ਪ੍ਰਕਾਸ਼ ਉਤਸਵ ਸਮੇਂ

## ਇਕ ਪ੍ਰੇਮ-ਭੇਂਟ

ਪ੍ਰਕਾਸ਼ਕ :—
**ਨਾਜ਼ਰ ਸਾਹਿਬ ਦਾਅਵਤੋ-ਤਬਲੀਗ਼**
ਸਦਰ ਅੰਜਮਨ ਅਹਿਮਦੀਆ, ਕਾਦੀਆਨ,
ਜ਼ਿਲਾ ਗੁਰਦਾਸਪੁਰ (ਭਾਰਤ)
[ਫਰਵਰੀ 1970]

Digitized by Panjab Digital Library | www.panjabdigilib.org

ਪ੍ਰਿੰਟਰ :—
ਜੈ ਹਿੰਦ ਪ੍ਰਿੰਟਿੰਗ ਪ੍ਰੈਸ ਨਹਿਰੂ ਗਾਰਡਨ ਰੋਡ
ਜਲੰਧਰ ਸ਼ਹਿਰ

Digitized by Panjab Digital Library | www.panjabdigilib.org

# ਤਤਕਰਾ


| ਨੰ: | ਲੇਖ | ਪੰਨਾ |
|---|---|---|
| 1. | ਸਮਰਪਣ | |
| 2. | ਇਕ ਅਟੱਲ ਸੱਚਾਈ | |
| 3. | ਸ੍ਰੀ ਗੁਰੂ ਨਾਨਕ ਜੀ ਬਾਰੇ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦੀ ਰਾਇ | |
| 4. | ਅਰੰਭਕ ਗੱਲ | |
| | **ਪਹਿਲਾ ਭਾਗ** | |
| 5. | ਅੱਡ ਅੱਡ ਧਰਮਾਂ ਤੇ ਵੱਖ ਵੱਖ ਮੱਤਾਂ ਵਿਚ ਮੰਨੇ ਜਾਂਦੇ ਪ੍ਰਭੂ ਦੇ ਸਰੂਪ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ | 1 |
| 6. | ਯਹੂਦੀ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 5 |
| 7. | ਈਸਾਈ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 23 |
| | (ਅ) ਪ੍ਰਭੂ-ਪੁੱਤਰ ਜਾਂ ਪੁੱਤਰ-ਪ੍ਰਭੂ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | |
| | (ੲ) ਕਫ਼ਾਰਾ | |
| | (ਸ) ਮਸੀਹ ਜੀ ਦਾ ਅਕਾਸ਼ ਤੇ ਜ਼ਿੰਦਾ ਹੋਣਾ | 51 |
| 8. | ਵੇਦਕ ਧਰਮ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 63 |
| 9. | ਸਨਾਤਨ ਧਰਮ ਦੀ ਤ੍ਰੈ-ਮੂਰਤੀ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 68 |
| 10. | ਵੇਦਕ ਤਸਲੀਸ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 80 |
| 11. | ਆਰੀਆ ਸਮਾਜ ਵਿਚ ਪ੍ਰਭੂ ਦਾ ਤਸੱਵਰ ਤੇ | |


Digitized by Panjab Digital Library | www.panjabdigilib.org

| ਨੰ: | ਲੇਖ | ਪੰਨਾ |
|---|---|---|
| | ਸ੍ਰੀ ਗੁਰੂ ਨਾਨਕ ਜੀ ਮਹਾਰਾਜ | 87 |
| 12. | ਪ੍ਰਭੂ ਕਿਸੇ ਦੇ ਪਾਪ ਮਾਫ਼ ਨਹੀਂ ਕਰ ਸਕਦਾ | 98 |
| 13. | ਵੇਦਾਂਤ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 102 |
| 14. | ਪਾਰਸੀ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 116 |
| 15. | ਦਹਿਰੀਅਤ (ਨਾਸਤਕਤਾ) ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 123 |
| | **ਦੂਜਾ ਭਾਗ** | |
| 16. | ਇਸਲਾਮ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 137 |
| 17. | ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਮੂਲ ਮੰਤਰ ਵਿਚ ਪ੍ਰਭੂ ਦਾ ਸਰੂਪ | 145 |
| 18. | ਅੱਲਾਹ | 168 |
| 19. | ਵਾਹਿਗੁਰੂ ਪਦ ਤੋਂ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 172 |
| 20. | ਰਹਿਮਾਨ | 177 |
| 21. | ਰਹੀਮ | 180 |
| 22. | ਰੱਬ | 182 |
| 23. | ਕਬੀਰ ਤੇ ਅਕਬਰ | 184 |
| 24. | ਮੌਲਾ | 188 |
| 25. | ਖਾਲਕ | 192 |
| 26. | ਬੇਅੰਤ ਜਹਾਨਾਂ ਦਾ ਸਾਜਨਹਾਰ ਹੈ | 195 |
| 27. | "ਕੁਨ" ਤੋਂ ਰਚਨਾ | 201 |
| 28. | ਸੂਰਜ ਚੰਨ ਤੇ ਤਾਰਿਆਂ ਦੀ ਰਚਨਾ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 204 |
| 29. | ਸੂਰਜ ਤੇ ਚੰਦ ਪ੍ਰਭੂ ਦੀ ਆਗਿਆਕਾਰੀ ਕਰਦੇ ਹਨ | 207 |
| 30. | ਪ੍ਰਭੂ ਦਿਨ ਨੂੰ ਰਾਤ ਵਿਚ ਤੇ ਰਾਤ ਨੂੰ ਦਿਨ ਵਿਚ ਬਦਲਦਾ ਰਹਿੰਦਾ ਹੈ | 214 |
| 31. | ਸੂਰਜ, ਚੰਦ ਤੇ ਤਾਰਿਆਂ ਦੀ ਪੂਜਾ ਤੇ ਸ੍ਰੀ ਗੁਰੂ ਨਾਨਕ | |


Digitized by Panjab Digital Library | www.panjabdigilib.org

| ਨੰ: | ਲੇਖ | ਪੰਨਾ |
|---|---|---|
| | ਜੀ ਮਹਾਰਾਜ | 216 |
| 32. | ਮਨੁੱਖ ਦੀ ਰਚਨਾ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 220 |
| 33. | ਰਜ਼ਾਕ | 239 |
| 34. | ਪ੍ਰਭੂ ਜਿਸ ਨੂੰ ਚਾਹੁੰਦਾ ਹੈ ਖੁਲ੍ਹਾ-ਡੁਲ੍ਹਾ ਰਿਜ਼ਕ ਦਿੰਦਾ ਹੈ, ਜਿਸ ਨੂੰ ਚਾਹੁੰਦਾ ਹੈ. ਭੁੱਖ-ਨੰਗ ਦਿੰਦਾ ਹੈ | 244 |
| 35. | ਪ੍ਰਭੂ ਵਲੀ (ਮਿੱਤਰ) ਹੈ | 248 |
| 36. | ਸੁਬਹਾਨ | 251 |
| 37. | ਕਾਦਰ | 254 |
| 38. | ਪ੍ਰਭੂ ਹਰ ਚੀਜ਼ ਤੇ ਕਾਦਰ ਸਮਰਥ ਹੈ | 256 |
| 39. | ਹੱਕ | 259 |
| 40. | ਪ੍ਰਭੂ ਬੇਪ੍ਰਵਾਹ (ਗ਼ਨੀ) ਹੈ | 261 |
| 41. | ਪ੍ਰਭੂ ਸੁਣਨਹਾਰ ਤੇ ਜਾਣਨਹਾਰ ਹੈ | 264 |
| 42. | ਪ੍ਰਭੂ ਸੁਣਨਹਾਰ ਤੇ ਵੇਖਣਹਾਰ ਹੈ | 266 |
| 43. | ਪ੍ਰਭੂ ਅੰਤਰਜਾਮੀ ਹੈ | 268 |
| 44. | ਪ੍ਰਭੂ ਬਖਸ਼ਣਹਾਰ ਹੈ | 271 |
| 45. | ਪ੍ਰਭੂ ਨੇੜੇ ਤੋਂ ਨੇੜੇ ਹੈ | 274 |
| 46. | ਪ੍ਰਭੂ ਹੀ ਨਿਗਰਾਨ ਤੇ ਰਖਵਾਲਾ ਹੈ | 278 |
| 47. | ਪ੍ਰਭੂ ਸੂਖਮ ਤੇ ਜਾਣਨਹਾਰ ਹੈ | 281 |
| 48. | ਪ੍ਰਭੂ ਸਥੂਲ ਨੇਤਰਾਂ ਨਾਲ ਨਹੀਂ ਦਿਸਦਾ | 283 |
| 49. | ਪ੍ਰਭੂ ਦੀ ਹੀ ਰਚਨਾ ਹੈ ਤੇ ਪ੍ਰਭੂ ਦਾ ਹੀ ਰਾਜ ਹੈ | 286 |
| 50. | ਸਾਰੀ ਤੰਗੀ ਤੇ ਖੁਲ੍ਹ-ਡੁਲ੍ਹ ਪ੍ਰਭੂ ਦੇ ਹੱਥ ਹੈ | 289 |
| 51. | ਪ੍ਰਭੂ ਰਾਜ ਦੇ ਯੋਗ ਸੱਜਣਾਂ ਨੂੰ ਹੀ ਰਾਜ ਦਿੰਦਾ ਹੈ । | 292 |
| 52. | ਪ੍ਰਭੂ ਭੁਲ ਤੋਂ ਰਹਿਤ ਹੈ | 294 |
| 53. | ਪ੍ਰਭੂ ਖਾਣ ਪੀਣ ਤੋਂ ਰਹਿਤ ਹੈ | 296 |
| 54. | ਪ੍ਰਭੂ ਨੀਂਦ ਤੋਂ ਰਹਿਤ ਹੈ | 298 |
| 55. | ਪ੍ਰਭੂ ਅਕਾਸ਼ਾਂ ਵਿਚ ਵੀ ਹੈ ਤੇ ਪਤਾਲਾਂ ਵਿਚ ਵੀ ਹੈ। | 300 |
| 56. | ਸੁਮਾਰਗ ਤੇ ਕੁਮਾਰਗ ਪ੍ਰਭੂ ਦੇ ਹੀ ਹੱਥ ਹੈ | 302 |
| 57. | ਮਰਨਾ-ਜੀਉਣਾ ਪ੍ਰਭੂ ਦੇ ਹੱਥ ਹੈ | 304 |


Digitized by Panjab Digital Library | www.panjabdigilib.org

| ਨੰ: | ਲੇਖ | ਪੰਨਾ |
|---|---|---|
| 58. | ਪ੍ਰਭੂ ਇਕੋ ਇਕ ਹੀ ਹੈ | 309 |
| 59. | ਪ੍ਰਭੂ ਬੇਮੁਹਤਾਜ ਹੈ, ਸਾਰੇ ਉਸ ਦੇ ਮੁਹਤਾਜ ਹਨ। | 313 |
| 60. | ਪ੍ਰਭੂ ਮਾਤਾ-ਪਿਤਾ ਤੇ ਧੀਆਂ ਪੁੱਤਰਾਂ ਤੋਂ ਰਹਿਤ ਹੈ | 314 |
| 61. | ਪ੍ਰਭੂ ਜੇਹਾ ਹੋਟ ਕੋਈ ਨਹੀਂ ਹੈ। | 317 |
| 62. | ਪ੍ਰਭੂ ਆਦਿ-ਅੰਤ ਰਹਿਤ ਹੈ। | 320 |
| 63. | ਪ੍ਰਭੂ ਹੀ ਅੰਦਰ ਤੇ ਬਾਹਰ ਹੈ। | 323 |
| 64. | ਪ੍ਰਭੂ ਹੀ ਗੁਪਤ ਤੇ ਪਰਗਣ ਹੈ। | 325 |
| 65. | ਪ੍ਰਭੂ ਜੋ ਚਾਹੁੰਦਾ ਹੈ ਕਰਦਾ ਹੈ | 327 |
| 66. | ਪ੍ਰਭੂ ਹੀ ਬੰਦਗੀ ਦੇ ਯੋਗ ਹੈ | 329 |
| 67. | ਨਿਮਾਜ਼ | 334 |
| 68. | ਦਰੂਦ ਸ਼ਰੀਫ | 341 |
| 69. | ਪ੍ਰਭੂ ਹੀ ਸੱਚਾ ਹੈ ਤੇ ਬਣਾਉਟੀ ਇਸ਼ਟ ਝੂਠੇ ਹਨ | 344 |
| 70. | ਪ੍ਰਭੂ ਸਚ ਨੂੰ ਸਥਾਪਨ ਕਰਦਾ ਹੈ ਤੇ ਝੂਠ ਨੂੰ ਮਿਟਾਉਂਦਾ ਹੈ। | 346 |
| 71. | ਪ੍ਰਭੂ ਦੇ ਜਬਾਰੀ ਤੇ ਕਹਾਰੀ ਗੁਣ | 348 |
| 72. | ਬਿਕਰਾਲ | 350 |
| 73. | ਕਾਲ ਮੌਤ | 354 |
| 74. | ਨਰ ਹਰ ਜਾਂ ਨਰ ਸਿੰਘ | 358 |
| 75. | ਅਸੁਰ ਸੰਘਾਰ | 361 |
| 76. | ਮਧੁਸੂਧਨ | 362 |
| 77. | ਮੁਰਾਰੀ | 364 |
| 78. | ਜੋੜਨਹਾਰ | 366 |
| 79. | ਜਗਨਨਾਥ | 368 |
| 80. | ਦੁਸ਼ਟ ਭੰਜਨ | 372 |
| 81. | ਪ੍ਰਭੂ ਹੀ ਅਬਿਨਾਸ਼ੀ ਹੈ ਤੇ ਹਰੇਕ ਚੀਜ਼ ਨਾਸਵਾਨ ਹੈ। | 377 |
| 82. | ਪ੍ਰਭੂ ਦਾ ਜਸ਼ ਕਦੇ ਮੁਕ ਨਹੀਂ ਸਕਦਾ। | 380 |
| | **ਤੀਜਾ ਭਾਗ** | |
| 83. | ਪ੍ਰਭੂ ਦੇ ਫ਼ਰਿਸ਼ਤੇ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ | 385 |
| 84. | ਚਿੱਤਰ ਗੁਪਤ-ਕਿਰਾਮਨ ਕਾਤਬੀਨ | 396 |
| 85. | ਸ਼ੈਤਾਨ | 399 |
| 86. | ਕਿਆਮਤ ਜਾਂ ਪਰਲੈ | 406 |
| 87. | ਲੇਖਾ ਪੱਤਾ | 409 |
| 88. | ਪੁਲ ਸਿਰਾਤ | 413 |
| 89. | ਦੋਜ਼ਕ ਤੇ ਬਹਿਸ਼ਤ | 417 |
| 90. | ਅੰਤਮ ਬੇਨਤੀ | 425 |


Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਦਾ

# ਇਕ ਈਸ਼ਵਰ-ਵਾਦ

Digitized by Panjab Digital Library | www.panjabdigilib.org

ਮਹਾਰਾਜ ਸ੍ਰੀ ਸਤਿਗੁਰੂ ਜੀ

[illegible]

Digitized by Panjab Digital Library | www.panjabdigilib.org

# ਸਮਰਪਣ

ਉਸ ਮਹਾਨ ਵਿਅਕਤੀ

ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਜੀ ਮਹਾਰਾਜ ਕਾਦੀਆਨੀ

ਨੂੰ

ਜਿਸ ਨੇ

ਸਾਨੂੰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ

ਤੇ

ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਨੂੰ

ਸਾਡਾ ਬਣਾ ਦਿੱਤਾ

[ਲੇਖਕ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਕ

# ਅਟੱਲ ਸੱਚਾਈ

"ਕਿਸੇ ਧਰਮ ਦੇ ਵਿਸਥਾਰ ਅਤੇ ਰਹੁ-ਰੀਤ ਦਾ ਸਾਰਾ ਨਿਰਭਰ ਇਸ ਤੇ ਹੁੰਦਾ ਹੈ ਕਿ ਉਸ ਵਿਚ ਰੱਬ ਦਾ ਕੀ ਸਰੂਪ ਦੱਸਿਆ ਗਿਆ ਹੈ।"

[ਜਪੁਜੀ, ਸਟੀਕ, ਪੰਨਾ 32
[ਟੀਕਾਕਾਰ ਪ੍ਰਿੰਸੀਪਲ ਤੇਜਾ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਬਾਰੇ

# ਜਮਾਤ ਅਹਿਮਦੀਆ ਦੇ ਮੋਢੀ
# ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ

ਦੀ

# ਗਵਾਹੀ

"ਜਿਸ ਪ੍ਰਾਣੀ ਨੂੰ ਸ੍ਰੀ ਬਾਬਾ ਨਾਨਕ ਜੀ ਦੇ ਜੀਵਨ ਬ੍ਰਿਤਾਂਤ ਦਾ ਪਤਾ ਹੈ, ਉਸ ਨੂੰ ਇਹ ਗਿਆਨ ਹੋਵੇਗਾ ਕਿ ਇਹ ਉਹੋ ਹੀ ਮਰਦਿਖ਼ੁਦਾ ਹੈ, ਜਿਸ ਨੇ ਮਾਇਆ ਦੇ ਹਜ਼ਾਰਾਂ ਪੜਦਿਆਂ ਨੂੰ ਪਾੜ ਕੇ ਅਤੇ ਨਿਰਮੂਲ ਰੀਤਾਂ ਤੇ ਰਸਮਾਂ ਦੇ ਬੰਧਨਾਂ ਨੂੰ ਤੋੜਕੇ ਪ੍ਰਭੂ ਨੂੰ ਧਾਰਨ ਕੀਤਾ ਸੀ। ਉਸ ਦੀ ਪਵਿੱਤਰ ਬਾਣੀ ਦੇ ਹਰ ਇਕ ਵਾਕ ਤੋਂ ਇਹ ਵਿਦਤ ਹੁੰਦਾ ਹੈ ਕਿ ਨਿਰਸੰਦੇਹ ਉਹ ਉਹਨਾਂ ਲੋਕਾਂ ਵਿਚੋਂ ਸੀ, ਜਿਨ੍ਹਾਂ ਨੂੰ ਪ੍ਰਭੂ ਆਪਣੇ ਹੱਥੀਂ ਸਾਫ ਕਰਦਾ ਹੈ ਤੇ ਜਿਨ੍ਹਾਂ ਦੇ ਮਨਾਂ ਵਿਚ ਉਹ ਆਪਣੇ ਪ੍ਰੇਮ ਦੀ ਜ੍ਵਾਲਾ ਰਖ ਦਿੰਦਾ ਹੈ।

[ਚਸ਼ਮਾ ਮਾਰਫਤ, ਪੰਨਾ 335

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਅਰੰਭਕ ਗੱਲ

ਸਾਰਾ ਸਿੱਖ ਜਗਤ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਵੱਡੀ ਧੂਮ ਧਾਮ ਤੇ ਸਜ ਧਜ ਨਾਲ ਮਨਾ ਰਿਹਾ ਹੈ । ਇਸ ਸੁਭਾਗ ਪੁਰਬ ਸਮੇਂ ਜਮਾਤ ਅਹਿਮਦੀਆ ਵਲੋਂ ਸ਼ਰਧਾਂਜਲੀ ਪਰਗਟ ਕਰਨ ਲਈ ਇਹ ਪੁਸਤਕ **"ਸ੍ਰੀ ਗੁਰੂ ਨਾਨਕ ਜੀ ਮਾਹਰਾਜ ਦਾ ਇਕ "ਈਸ਼ਵਰ ਵਾਦ"** ਪੇਸ਼ ਕੀਤੀ ਜਾ ਰਹੀ ਹੈ ।

ਜਮਾਤ ਅਹਿਮਦੀਆ ਦੇ ਵਿਚਾਰ ਅਨੁਸਾਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਉਹਨਾਂ ਪਵਿੱਤਰ ਤੇ ਮਹਾਨ ਵਿਅਕਤੀਆਂ ਵਿਚੋਂ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਹੱਥ ਆਪ ਆਪਣੀ ਕਿਰਪਾ ਨਾਲ ਆਪਣੇ ਵਲ ਖਿੱਚਦਾ ਹੈ ਅਤੇ ਆਪਣੇ ਪ੍ਰੇਮ ਦਾ ਸ਼ਰਬਤ ਪਿਆਉਂਦਾ ਹੈ, ਅਤੇ ਉਹਨਾਂ ਦੇ ਤਨ ਤੇ ਮਨ ਨੂੰ ਪ੍ਰਕਾਸ਼ਮਈ ਬਣਾ ਦਿੰਦਾ ਹੈ ।

ਸ੍ਰੀ ਗੁਰੂ ਜੀ ਜਿਸ ਵਾਤਾਵਰਣ ਵਿਚ ਅਵਤਰੇ, ਉਹ ਅਧਰਮੀ ਭਰਪੂਰ ਸੀ । ਵਧੇਰੇ ਲੋਕ ਆਪਣੇ ਸਾਜਨਹਾਰ ਪ੍ਰਭੂ ਤੋਂ ਬੇਮੁਖ ਹੋ ਕੇ ਆਪਣੇ ਨਿਜੀ ਕੰਮਾਂ ਧੰਧਿਆਂ ਵਿਚ ਰੁਝੇ ਹੋਏ ਸਨ ਅਤੇ ਸ੍ਰੀ ਗੁਰੂ ਜੀ ਆਪਣੇ ਹੀ ਪਵਿੱਤਰ ਵਾਕ "ਸਭੁ ਕਿਛੁ ਆਪਣਾ ਇਕੁ ਰਾਮੁ ਪਰਾਇਆ" ਦਾ ਵਰਤਾਰਾ ਵਰਤ ਰਿਹਾ ਸੀ ।

ਇਸ ਵਾਤਾਵਰਣ ਵਿਚ ਪ੍ਰਭੂ ਦੀ ਕਿਰਪਾ ਹੀ ਸੀ, ਜਿਸ ਨੇ ਸ੍ਰੀ ਗੁਰੂ ਜੀ ਦੇ ਨਿਰਮਲ ਮਨ ਵਿਚ ਆਪਣੇ ਪਿਆਰ ਦੀ ਤੜਪ ਉਤਪੰਨ ਕਰ ਦਿੱਤੀ ਸੀ ਤੇ ਆਪ ਜਗ ਤੋਂ ਮੂੰਹ ਮੋੜ ਕੇ ਦਿਨ-ਰਾਤ ਆਪਣੇ ਸਾਜਨਹਾਰ ਪ੍ਰਭੂ ਦੇ ਭਜਨ-ਸਿਮਰਨ ਵਿਚ ਹੀ ਜੁੱਟ ਗਏ ਸਨ । ਦੀਨ-ਧਰਮ ਦੀ ਸੇਵਾ ਤੇ ਲੋਕ ਭਲਾਈ ਲਈ ਆਪ ਨੇ ਦੇਸ਼ ਦੇਸ਼ਾਂਤਰਾਂ ਦਾ ਰਟਨ ਅਰੰਭ ਦਿੱਤਾ ਅਤੇ ਆਪਣਾ ਸਾਰਾ ਜੀਵਨ ਹੀ ਏਸੇ ਲੇਖੇ ਲਾ ਦਿੱਤਾ । ਸੋ ਅਜੇਹੇ ਰੱਬੀ-ਜੀਉੜੇ ਦੀ ਯਾਦ ਵੀ ਸਾਡੇ ਵਿਚਾਰ ਅਨੁਸਾਰ ਧਰਮ ਦਾ ਮੁਖ ਅੰਗ ਹੈ ਅਤੇ ਇਸੇ ਹੀ ਗੱਲ ਨੂੰ ਮੁਖ ਰੱਖ ਕੇ ਇਹ ਪੁਸਤਕ ਪ੍ਰਕਾਸ਼ਤ ਕੀਤੀ ਜਾ ਰਹੀ ਹੈ, ਤਾਂ ਜੁ ਇਸ ਮਹਾਨ ਬਜ਼ੁਰਗ ਦੀ ਯਾਦ ਤੇ ਪਵਿੱਤਰ ਸਿੱਖਿਆ ਦਾ ਵਰਨਣ ਉਸ ਬਜ਼ੁਰਗ ਵਲ ਮਨਸੂਬ ਹੋਣ ਵਾਲੀ ਦਲੇਰ ਤੇ ਬਹਾਦੁਰ ਜਾਤੀ ਦੇ ਮਨਾਂ ਵਿਚ ਵੀ ਪ੍ਰਭੂ ਦਾ ਪਿਆਰ ਉਤਪੰਨ ਕਰਨ ਦਾ ਕਾਰਣ ਬਣ ਸਕੇ ।

ਮਿਰਜ਼ਾ ਵਸੀਮ ਅਹਿਮਦ

ਫਰਵਰੀ 1970 — ਨਾਜ਼ਰ ਦਾਅਵਤੋ ਤਬਲੀਗ, ਕਾਦੀਆਂ

Digitized by Panjab Digital Library | www.panjabdigilib.org

# ਸੰਚ ਸਫਰਿਆ

Digitized by Panjab Digital Library | www.panjabdigilib.org

1.

# ਪਹਿਲਾ ਭਾਗ

ਅੱਡ ਅੱਡ ਧਰਮਾਂ ਤੇ ਵੱਖ ਵੱਖ ਮਤਾਂ ਵਿਚ ਮੰਨੇ ਜਾਂਦੇ
ਪ੍ਰਭੂ ਦੇ ਸਰੂਪ ਬਾਰੇ

# ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

# ਤੇ

# ਪ੍ਰਭੂ ਸਰੂਪ

ਇਸ ਜਗ ਵਿਚ ਜਿੰਨੇ ਵੀ ਛੋਟੇ ਵੱਡੇ ਧਰਮ ਜਾਂ ਮਤਿ ਹਨ, ਓਹਨਾਂ ਸਾਰਿਆਂ ਵਿਚ ਹੀ ਕਿਸੇ ਨਾ ਕਿਸੇ ਰੰਗ ਵਿਚ ਪ੍ਰਭੂ ਦੀ ਹੋਂਦ ਦਾ ਇਕਰਾਰ ਪਾਇਆ ਜਾਂਦਾ ਹੈ। ਜਿੱਥੋਂ ਤਕ ਇਸ ਗੱਲ ਦਾ ਸੰਬੰਧ ਹੈ ਕਿ ਇਸ ਜਗ ਦਾ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਪ੍ਰਭੂ ਹੈ, ਜਿਸ ਨੇ ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦੀ ਸਾਜਨਾ ਕੀਤੀ ਹੈ; ਇਸ ਵਿਚ ਕਿਸੇ ਵੀ ਧਰਮ ਜਾਂ ਮਤਿ ਨੂੰ ਕੋਈ ਮਤਿਭੇਦ ਨਹੀਂ ਹੈ। ਹਾਂ, ਉਹ ਪ੍ਰਭੂ ਕੇਹੋ ਜੇਹਾ ਹੈ, ਅਤੇ ਉਸ ਦੇ ਗੁਣ ਤੇ ਸਿਫ਼ਤਾਂ ਕੀ ਕੀ ਹਨ ? ਇਸ ਬਾਰੇ ਸਾਰੇ ਹੀ ਧਰਮਾਂ ਤੇ ਮਤਾਂ ਦੇ ਅੱਡ ਵਿਚਾਰ ਹਨ।

ਜਗ ਦੇ ਇਕ ਪ੍ਰਾਚੀਨ ਧਰਮ ਨਾਲ ਸੰਬੰਧ ਰੱਖਣ ਵਾਲੇ ਯਹੂਦੀ ਲੋਕ ਵੀ ਪ੍ਰਭੂ ਦੀ ਹੋਂਦ ਨੂੰ ਮੰਨਦੇ ਹਨ। ਪਰ ਓਹਨਾਂ ਦੇ ਵਿਚਾਰ ਅਨੁਸਾਰ ਇਸਰਾਈਲ ਕੁਲ ਦੇ ਲੋਕ ਹੀ ਪ੍ਰਭੂ ਦੇ ਨਿਕਟ-ਵਰਤੀ ਬਣ ਸਕਦੇ ਹਨ। ਕਿਸੇ ਦੂਜੇ ਦੇਸ਼, ਜਾਤੀ, ਘਰਾਣੇ ਜਾਂ ਧਰਮ ਨਾਲ ਸੰਬੰਧਤ ਲੋਕ ਭਾਵੇਂ ਓਹ ਕਿੰਨੇ ਹੀ ਧਰਮੀ ਤੇ ਸਦਾਚਾਰੀ ਕਿਉਂ ਨਾ ਹੋਣ, ਪ੍ਰਭੂ ਦੇ ਪਿਆਰ ਦੇ ਪਾਤਰ ਨਹੀਂ ਬਣ ਸਕਦੇ ਅਤੇ ਨਾ ਉਸ ਦੀ ਅੰਮ੍ਰਿਤ ਮਈ ਬਾਣੀ ਹੀ ਸੁਣ ਸਕਦੇ ਹਨ। ਓਹਨਾਂ ਦੇ



Digitized by Panjab Digital Library | www.panjabdigilib.org

ਸਿਧਾਂਤ ਤੇ ਵਿਚਾਰ ਅਨੁਸਾਰ ਇਸੇ ਕਰਕੇ ਹੀ ਪ੍ਰਭੂ ਨੇ ਸਾਰੇ ਨਬੀ ਤੇ ਰਸੂਲ ਆਦਿ ਰੱਬੀ ਜੀਉੜੇ ਇਸਰਾਈਲ ਕੁਲ ਵਿਚ ਹੀ ਭੇਜੇ ਹਨ ਤੇ ਕਿਸੇ ਹੋਰ ਜਾਤੀ ਜਾਂ ਘਰਾਣੇ ਨੂੰ ਇਸ ਇਨਾਮ ਦਾ ਅਧਿਕਾਰੀ ਨਹੀਂ ਸਮਝਿਆ। ਇਸੇ ਕਾਰਨ ਹੀ ਯਹੂਦੀ ਲੋਕ ਕਿਸੇ ਦੂਜੀ ਜਾਤੀ ਦੇ ਨਬੀਆਂ ਤੇ ਰਸੂਲਾਂ ਆਦਿ ਅਵਤਾਰੀ ਪੁਰਖਾਂ ਨੂੰ ਮੰਨਣ ਤੇ ਸਤਿਕਾਰਨ ਲਈ ਤਿਆਰ ਨਹੀਂ ਹਨ।

ਈਸਾਈਆਂ ਦੀ ਤੌਹੀਦ "ਤਿਗੜੇ" (ਤਸਲੀਸ) ਦੀ ਸ਼ਕਲ ਵਿਚ ਹੈ। ਓਹ ਪਿਤਾ, ਪੁੱਤਰ ਤੇ ਪਾਕ ਰੂਹ ਦੇ ਸਮੁਦਾਇ ਨੂੰ ਪ੍ਰਭੂ ਮੰਨਦੇ ਹਨ ਅਤੇ ਇਕ ਤਿੰਨ ਤੇ ਤਿੰਨ ਇਕ ਦੇ ਸਿਧਾਂਤ ਨੂੰ ਅਪਣਾਉਂਦੇ ਹਨ। ਇਸੇ ਤਰ੍ਹਾਂ ਓਹਨਾਂ ਦੇ ਵਿਚਾਰ ਅਨੁਸਾਰ ਪੁੱਤਰ-ਪ੍ਰਭੂ ਜਾਂ ਪ੍ਰਭੂ-ਪੁੱਤਰ ਸੂਲੀ ਤੇ ਚੜ੍ਹ ਕੇ ਮਰ ਗਿਆ ਸੀ ਅਤੇ ਇਸ ਤਰ੍ਹਾਂ ਜਗ ਦੇ ਸਾਰੇ ਹੀ ਪਾਪੀਆ ਤੇ ਦੁਰਾਚਾਰੀਆਂ ਲਈ ਵਟਾਂਦਰਾ (ਕਫ਼ਾਰਾ) ਹੋ ਗਿਆ ਸੀ। ਹੁਣ ਜੇਹੜਾ ਵੀ ਪ੍ਰਾਣੀ ਹਜ਼ਰਤ ਈਸਾ ਜੀ ਦੀ ਇਸ ਸਲੀਬੀ ਮੌਤ ਤੇ ਸ਼ਰਧਾ ਧਾਰਨ ਕਰ ਲਏਗਾ, ਊਹੋ ਹੀ ਮੁਕਤੀ ਨੂੰ ਪ੍ਰਾਪਤ ਹੋ ਸਕੇਗਾ। ਉਸ ਤੋਂ ਉਸ ਦੇ ਕਿਸੇ ਵੀ ਪਿਛਲੇ ਪਾਪ ਜਾਂ ਗੁਨਾਹ ਬਾਰੇ ਕੋਈ ਪੁਛ ਗਿਛ ਨਹੀਂ ਕੀਤੀ ਜਾਏਗੀ ਤੇ ਉਸ ਦੇ ਸਾਰੇ ਹੀ ਛੋਟੇ-ਵੱਡੇ ਪਾਪ ਤੇ ਗੁਨਾਹ ਮਾਫ਼ ਕਰ ਦਿੱਤੇ ਜਾਣਗੇ।

ਵੇਦਕ ਧਰਮ ਦੀ ਤੌਹੀਦ ਦਾ ਵੀ ਆਪਣਾ ਅੱਡਰਾ ਰੂਪ ਹੈ। ਹਿੰਦੂ-ਧਰਮ ਦੀ ਪ੍ਰਾਚੀਨ ਸ਼ਾਖ ਸਨਾਤਨ ਧਰਮ ਹੈ। ਭਾਵੇਂ ਇਸ ਸ਼ਾਖ਼ ਵਿਚ ਬੇਅੰਤ ਫਿਰਕੇ ਤੇ ਸੰਪਰਦਾਵਾਂ ਹਨ, ਪਰ ਉਹ ਸਭ ਸਨਾਤਨ ਧਰਮ ਦੇ ਮਹਾਨ ਸਾਗਰ ਵਿਚ ਸਮਾ ਜਾਂਦੀਆਂ ਹਨ। ਏਹਨਾਂ ਵਿਚ ਵੀ "ਤਿਗੜੇ" (ਤਸਲੀਸ) ਦਾ ਸਿਧਾਂਤ ਮੰਨਿਆ ਜਾਂਦਾ ਹੈ, ਤੇ ਸਨਾਤਨ ਧਰਮੀ ਸੱਜਣ ਆਮ ਤੌਰ ਤੇ ਈਸ਼ਵਰ ਨੂੰ ਤ੍ਰੈ-ਮੂਰਤੀ ਦਾ ਨਾਂ ਦਿੰਦੇ ਹਨ ਅਤੇ ਉਹ "ਤ੍ਰੈ-ਮੂਰਤੀ" ਜਾਂ "ਤਸਲੀਸ" ਬ੍ਰਹਮਾ, ਬਿਸ਼ਨ, ਮਹੇਸ਼ ਦੇ ਤਿਗੜੇ ਤੇ ਨਿਰਭਰ ਹੈ। ਈਸਾਈਆਂ ਦੀ "ਤਸਲੀਸ" ਤੋਂ ਇਹ "ਤਸਲੀਸ" ਬਹੁਤ ਪੁਰਾਣੀ ਹੈ ਤੇ ਉਸ ਤੋਂ ਕਿਤੇ ਸੰਪੂਰਣ ਵੀ ਹੈ। ਚੁਨਾਂਚਿ ਈਸਾਈ ਜਗਤ ਇਕ ਤਿੰਨ ਤੇ ਤਿੰਨ ਇਕ ਦਾ ਸਿਧਾਂਤ ਤਾਂ ਅਪਣਾਉਂਦਾ ਹੈ, ਪਰ ਉਹ ਏਹਨਾਂ ਤਿੰਨਾਂ ਵਿਚ ਕਾਰ-ਵਿਹਾਰ ਦੀ ਵੰਡ ਕਰਨ ਤੋਂ ਅਸਮਰਥ ਹੈ; ਕਿਉਂਕਿ ਬਾਈਬਲ ਨੇ ਇਸ ਬਾਰੇ ਉੱਕੀ ਹੀ ਚੁਪ ਸਾਧੀ ਹੋਈ ਹੈ ਕਿ ਪਿਤਾ-

Digitized by Panjab Digital Library | www.panjabdigilib.org

ਪ੍ਰਭੂ ਦੇ, ਪਿਤਾ-ਪ੍ਰਭੂ ਹੋਣ ਦੀ ਹੈਸੀਅਤ ਵਿਚ, ਪੁੱਤਰ-ਪ੍ਰਭੂ ਦੇ, ਪੁੱਤਰ-ਪ੍ਰਭੂ ਹੋਣ ਦੀ ਹਾਲਤ ਵਿਚ ਅਤੇ ਪਾਕ–ਰੂਹ ਦੇ, ਪਾਕ-ਰੂਹ ਹੁੰਦਿਆਂ ਹੋਇਆਂ ਕੀ ਕੀ ਕਰਤਬ ਹਨ, ਕਿਉਂਕਿ ਏਹਨਾਂ ਦੀ ਅੱਡੋ ਅੱਡਰੀ ਹਸਤੀ ਵੀ ਤਾਂ ਮੰਨੀ ਜਾਂਦੀ ਹੈ ਅਤੇ ਉਸ ਅੱਡੋ ਅੱਡਰੀ ਹਸਤੀ ਦੇ ਇਸ ਬ੍ਰਹਿਮੰਡ ਵਿਚ ਕੁਝ ਕਰਤਬ ਵੀ ਹੋਣੇ ਚਾਹੀਦੇ ਹਨ। ਇਸ ਦੇ ਟਾਕਰੇ ਤੇ ਸਨਾਤਨ ਧਰਮੇ ਨੇ ਜੋ ਤ੍ਰੈ-ਮੂਰਤੀ ਦੱਸੀ ਹੈ, ਉਸ ਦੇ ਅੱਡੋ ਅੱਡਰੇ ਕਰਤਬ ਵੀ ਵਰਣਨ ਕਰ ਦਿਤੇ ਹੋਏ ਹਨ। ਜੋ ਸਨਾਤਨ ਧਰਮੀ ਬ੍ਰਹਮਾ ਨੂੰ ਸਾਜਨਹਾਰ (ਰਚਨਾ ਰਚਾਉਣ ਵਾਲਾ), ਵਿਸ਼ਣੂੰ ਨੂੰ ਪਾਲਨਹਾਰ (ਰਚਨਾ ਦੀ ਪਾਲਨਾ ਕਰਨ ਵਾਲਾ) ਤੇ ਸ਼ਿਵਜੀ ਨੂੰ ਮਾਰਨਹਾਰ (ਰਚਨਾ ਦਾ ਸੰਘਾਰ ਕਰਨ ਵਾਲਾ) ਮੰਨਿਆ ਜਾਂਦਾ ਹੈ। ਸਨਾਤਨ ਧਰਮੀਆਂ ਦੇ ਵਿਚਾਰ ਅਨੁਸਾਰ ਏਹ ਤਿੰਨੇ ਦੇਵਤੇ ਮਿਲ ਕੇ ਇਸ ਸਾਰੇ ਵਿਸ਼ਵ ਦਾ ਸਾਰਾ ਕਾਰ-ਵਿਹਾਰ ਚਲਾ ਰਹੇ ਤੇ ਪ੍ਰਬੰਧ ਕਰ ਰਹੇ ਹਨ। ਏਹਨਾਂ ਦੇ ਕਰਤਬਾਂ ਦਾ ਆਪਸ ਵਿਚ ਕੋਈ ਟਕਰਾਉ ਨਹੀਂ ਹੈ। ਇਉਂ ਕਹਿਣਾ ਚਾਹੀਦਾ ਹੈ ਕਿ ਇਹ ਪ੍ਰਭੂ ਦੇ ਤਿੰਨ ਵੱਡੇ ਗੁਣ ਸਨ; ਸਾਜਨਾ ਕਰਨਾ, ਪਾਲਨਾ ਕਰਨਾ ਤੇ ਸੰਘਾਰ ਕਰਨਾ, ਜਿਨ੍ਹਾਂ ਨੂੰ ਤਿੰਨ ਦੇਵਤਿਆਂ ਦਾ ਰੂਪ ਦੇ ਕੇ ਪ੍ਰਭੂ ਨੂੰ ਤ੍ਰੈ-ਮੂਰਤੀ ਮੰਨ ਲਿਆ ਗਿਆ।

ਇਸ ਦੇ ਨਾਲ ਹੀ ਸਨਾਤਨ ਧਰਮੀਆਂ ਦਾ ਇਹ ਵੀ ਵਿਚਾਰ ਹੈ ਕਿ ਸਾਜਨਹਾਰ ਪ੍ਰਭੂ ਸਮੇਂ ਸਮੇਂ ਅੱਡ ਅੱਡ ਸ਼ਕਲਾਂ ਤੇ ਰੂਪਾਂ ਵਿਚ ਅਵਤਾਰ ਧਾਰਨ ਕੀਤਾ ਕਰਦਾ ਹੈ। ਸੋ ਉਹ ਸਮੇਂ ਸਮੇਂ ਧਰਮ ਨੂੰ ਸਥਾਪਨ ਕਰਨ ਲਈ ਤੇ ਅਧਰਮੀ ਨੂੰ ਦੂਰ ਕਰਨ ਵਾਸਤੇ ਪਸ਼ੂਆਂ, ਪੰਛੀਆ, ਪਾੜੂ ਜਾਨਵਰਾਂ ਤੇ ਮਨੁੱਖਾਂ ਦੇ ਦੇ ਰੂਪ ਵਿਚ ਵੀ ਅਵਤਾਰ ਧਾਰਨ ਕਰਦਾ ਰਿਹਾ ਹੈ। ਓਹਨਾਂ ਵਿਚ ਆਮ ਤੌਰ ਤੇ ਪ੍ਰਭੂ ਦੇ 24 ਅਵਤਾਰ ਮੰਨੇ ਜਾਂਦੇ ਹਨ, ਜਿਨ੍ਹਾਂ ਵਿਚੋਂ 23 ਅਵਤਾਰ ਤਾਂ ਹੁਣ ਤਕ ਪਰਗਟ ਹੋ ਚੁੱਕੇ ਹਨ ਅਤੇ 24ਵਾਂ ਅਵਤਾਰ ਜਿਸ ਨੂੰ ਨਿਹਕਲੰਕ ਤੇ ਕਲਕੀ ਅਵਤਾਰ ਦੇ ਨਾਂ ਨਾਲ ਯਾਦ ਕਰਦੇ ਹਨ, ਅਜੇ ਪਰਗਟ ਹੋਣ ਵਾਲਾ ਹੈ। ਇਸ ਅਵਤਾਰ ਨੂੰ ਉਹ ਹਿੰਦੂਆਂ ਲਈ ਨਿਹਕਲੰਕ, ਮੁਸਲਮਾਨਾਂ ਲਈ ਇਮਾਮ ਮਹਿਦੀ ਤੇ ਈਸਾਈਆਂ ਲਈ ਮਸੀਹ ਮੰਨਦੇ ਹਨ, (ਵੇਖੋ ਰਸਾਲਾ ਸਤਿਗੁਰ, ਅਲਾਹਬਾਦ, ਸਤੰਬਰ 1941)

ਹਿੰਦੂ ਧਰਮ ਦੀ ਦੂਜੀ ਪ੍ਰਸਿਧ ਸ਼ਾਖ ਆਰੀਆ ਸਮਾਜ ਹੈ। ਭਾਵੇਂ ਇਸ ਦੇ

Digitized by Panjab Digital Library | www.panjabdigilib.org

ਮੋਢੀ 19ਵੀਂ ਸਦੀ ਦੇ ਇਕ ਹਿੰਦੂ ਵਿਦਵਾਨ ਪੰਡਿਤ ਦਇਆ ਨੰਦ ਜੀ ਹੋਏ ਹਨ, ਪਰ ਉਹਨਾਂ ਨੇ ਆਰੀਆ ਸਮਾਜ ਨੂੰ ਵੇਦਿਕ ਧਰਮ ਦੀ ਸਭ ਤੋਂ ਪੁਰਾਣੀ ਤੇ ਪ੍ਰਾਚੀਨ ਸ਼ਾਖ ਪਰਗਟ ਕੀਤਾ ਹੈ, ਸਗੋਂ ਉਹਨਾਂ ਦੇ ਵਿਚਾਰ ਅਨੁਸਾਰ ਇਸ ਸ੍ਰਿਸ਼ਟੀ ਦੇ ਆਦਿ ਕਾਲ ਵਿਚ ਜੋ ਹਿੰਦੂ ਧਰਮ ਜਾਂ ਵੇਦਕ ਧਰਮ ਸੀ, ਉਹ ਓਹੋ ਹੀ ਸੀ, ਜਿਸ ਨੂੰ ਅਜ ਕਲ ਆਰੀਆ ਸਮਾਜ ਅਪਣਾ ਰਿਹਾ ਹੈ। ਹਿੰਦੂਆਂ ਦੇ ਬਾਕੀ ਸਾਰੇ ਫਿਰਕੇ ਤੇ ਸੰਪਰਦਾਵਾਂ ਮਗਰੋਂ ਹੋਂਦ ਵਿਚ ਆਈਆਂ ਹਨ। ਆਰੀਆ ਸਮਾਜ ਵਿਚ ਵੀ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ, ਪਰ ਈਸ਼ਵਰ ਦੇ ਨਾਲ ਹੀ ਜੀਵ ਤੇ ਪ੍ਰਕ੍ਰਿਤੀ ਨੂੰ ਵੀ ਅਨਾਦੀ ਮੰਨਿਆ ਗਿਆ ਹੈ। ਜਾਣੋ ਕਿ ਈਸ਼ਵਰ, ਜੀਵ ਤੇ ਪ੍ਰਕ੍ਰਿਤੀ ਦਾ ਅਨਾਦੀ ਹੋਣਾ ਵੀ ਇਕ ਤਿਗੜਾ (ਤਸਲੀਸ) ਹੀ ਹੈ। ਆਰੀਆ ਸਮਾਜੀਆਂ ਦੇ ਸਿਧਾਂਤ ਅਨੁਸਾਰ ਨਾ ਈਸ਼ਵਰ ਨੂੰ ਕਿਸੇ ਨੇ ਸਾਜਿਆ ਹੈ ਅਤੇ ਨਾ ਜੀਵ ਤੇ ਪ੍ਰਕ੍ਰਿਤੀ ਨੂੰ। ਏਹ ਤਿੰਨ ਹੀ ਆਪਣੇ ਆਪ ਤੋਂ ਹਨ। ਏਹ ਤਿੰਨੇ ਹੀ ਆਦਿ-ਅੰਤ ਰਹਿਤ ਹਨ। ਨਾ ਏਹਨਾਂ ਦਾ ਕੋਈ ਆਦਿ ਹੈ ਤੇ ਨਾ ਅੰਤ।

ਪਾਰਸੀ ਮਤਿ ਵਿਚ ਦੋ ਈਸ਼ਵਰ ਮੰਨੇ ਗਏ ਹਨ। ਓਹਨਾਂ ਦੇ ਵਿਚਾਰ ਅਨੁਸਾਰ ਜਿਸ ਤਰ੍ਹਾਂ ਚਾਨਣ ਤੇ ਅੰਨ੍ਹੇਰਾ, ਦਿਨ ਤੇ ਰਾਤ, ਸੱਚ ਤੇ ਝੂਠ ਤੇ ਭਲਾਈ ਤੇ ਬੁਰਾਈ ਦੋ ਦੋ ਚੀਜ਼ਾਂ ਹਨ, ਇਸੇ ਤਰ੍ਹਾਂ ਈਸ਼ਵਰ ਵੀ ਦੋ ਹਨ, ਇਕ "ਅਹਿਰਮਨ" ਹੈ ਤੇ ਦੂਜਾ "ਯਜ਼ਦਾਂ" ਹੈ। "ਅਹਿਰਮਨ" ਤਾਂ ਬੁਰਾਈ ਦਾ ਸੋਮਾ ਹੈ ਤੇ "ਯਜ਼ਦਾਂ" ਨੇਕੀ ਦਾ।

ਇਸੇ ਤਰ੍ਹਾਂ ਹਿੰਦੂਆਂ ਦੇ ਕਈ ਫ਼ਿਰਕਿਆਂ ਵਿਚ ਵੀ ਦੋ ਈਸ਼ਵਰਾਂ ਦੇ ਵਿਚਾਰ ਵਿਦਮਾਨ ਹੈ। ਵੇਦਾਂਤ ਮਤਿ ਨਾਲ ਸੰਬੰਧਤ ਹਿੰਦੂ ਦੋ ਈਸ਼ਵਰ ਮੰਨਦੇ ਹਨ। ਉਹ ਇਕ ਨੂੰ ਈਸ਼ਵਰ ਤੇ ਦੂਜੇ ਨੂੰ ਪਾਰਬ੍ਰਹਮ ਆਖਦੇ ਹਨ। ਓਹਨਾਂ ਦੇ ਵਿਚਾਰ ਅਨੁਸਾਰ ਈਸ਼ਵਰ ਰਚਨਾ ਰਚਾਉਣ ਵਾਲਾ ਹੈ, ਜੋ ਸਰਗੁਣ ਹੈ ਤੇ ਦੂਜਾ ਪਾਰਬ੍ਰਹਮ ਹੈ, ਜੋ ਨਿਰਗੁਣ ਹੈ। ਸਾਂਖ ਸ਼ਾਸਤਰ ਵਿਚ ਕਪਲ ਰਿਸ਼ੀ ਨੇ ਦੋ ਸ਼ਕਤੀਆਂ ਮੰਨੀਆਂ ਹਨ, ਪ੍ਰਕ੍ਰਿਤੀ ਤੇ ਪੁਰਸ਼। ਪ੍ਰਕ੍ਰਿਤੀ ਇਕ ਭੂਤਕ ਤੇ ਸਰੀਰਕ ਸ਼ਕਤੀ ਹੈ, ਜਿਸ ਰਾਹੀਂ ਭੂਤਕ ਵਿਕਾਸ ਹੁੰਦਾ ਹੈ ਤੇ ਪੁਰਸ਼ ਇਕ ਆਲਮਗੀਰ ਆਤਮਾ ਹੈ, ਜੋ ਵਿਕਾਸ ਦੀ ਤਾਕਤ ਨੂੰ ਉਭਾਰਦਾ ਹੈ।

Digitized by Panjab Digital Library | www.panjabdigilib.org

## ਯਹੂਦੀ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਇਹ ਇਕ ਅਸਲੀਅਤ ਹੈ ਕਿ ਪ੍ਰਭੂ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਜੋ ਵਿਚਾਰ ਹੈ, ਉਹ ਯਹੂਦੀਆਂ ਨਾਲੋਂ ਬਹੁਤ ਵਿਲਖਣ ਹੈ । ਇਹ ਅਸੀਂ ਦਸ ਚੁੱਕੇ ਹਾਂ ਕਿ ਯਹੂਦੀ ਲੋਕ ਇਹ ਮੰਨਦੇ ਹਨ ਕਿ ਕੇਵਲ ਓਹਨਾਂ ਦੀ ਜਾਤੀ ਹੀ. ਜੋ ਇਸਰਾਈਲ ਕੁਲ ਨਾਲ ਸੰਬੰਧ ਰਖਦੀ ਹੈ, ਪ੍ਰਭੂ ਦੀ ਨਿਕਟਵਰਤੀ ਬਣ ਸਕਦੀ ਹੈ। ਕਿਸੇ ਹੋਰ ਜਾਤੀ ਜਾਂ ਘਰਾਣੇ ਦਾ ਕੋਈ ਵਿਅੱਕਤੀ ਭਾਵੇਂ ਉਹ ਕਿੰਨਾ ਹੀ ਸਦਾਚਾਰੀ ਤੇ ਧਰਮੀ ਕਿਉਂ ਨਾ ਹੋਵੇ ਅਤੇ ਉਹ ਦਿਨ-ਰਾਤ ਪ੍ਰਭੂ ਦਾ ਭਜਨ-ਸਿਮਰਨ ਕਰਨ ਵਾਲਾ ਤੇ ਸਚਿਆਰ ਕਿਉਂ ਨਾ ਹੋਵੇ; ਉਸ ਦੇ ਮਨ ਵਿਚ ਪ੍ਰਭੂ ਦੀ ਰਚਨਾ ਦਾ ਪ੍ਰੇਮ ਤੇ ਭਲਾਈ ਕੁੱਟ ਕੁੱਟ ਕੇ ਕਿਉਂ ਨਾ ਭਰੀ ਹੋਵੇ, ਉਹ ਪ੍ਰਭੂ ਦਾ ਨਿਕਟਵਰਤੀ ਕਿਸੇ ਗੱਲ ਤੇ ਵੀ ਨਹੀਂ ਬਣ ਸਕਦਾ ਅਤੇ ਨਾ ਹੀ ਅਕਾਸ਼ਬਾਣੀ ਨਾਲ ਨਿਵਾਜਿਆ ਜਾ ਸਕਦਾ ਹੈ । ਜਾਣੋ, ਓਹਨਾਂ ਦੇ ਵਿਚਾਰ ਅਨੁਸਾਰ ਇਸ ਬ੍ਰਹਿਮੰਡ ਦਾ ਸਾਜਨਹਾਰ ਤੇ ਪਾਲਨਹਾਰ ਰੱਬੁਲ ਆਲਮੀਨ (ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ) ਨਹੀਂ, ਸਗੋਂ ਰੱਬਲ ਯਹੂਦ ਦੇ ਰੱਬਲ ਇਸਰਾਈਲ (ਕੇਵਲ ਇਸਰਾਈਲ ਕੁਲ ਦੇ ਲੋਕਾਂ ਦਾ ਸਾਜਨਹਾਰ ਤੇ ਪਾਲਨਹਾਰ) ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਜਿਸ ਪ੍ਰਭੂ ਦੇ ਸ਼ਰਧਾਲੂ ਸਨ, ਉਹ ਬੇਅੰਤ ਖੰਡਾਂ, ਮੰਹਲਾਂ ਤੇ ਬ੍ਰਹਿਮੰਡਾਂ ਦਾ ਸਾਜਨਹਾਰ ਤੇ ਮਾਲਕ ਹੈ, ਉਸ ਦੀ ਰਬੂਬੀਅਤ (ਪਾਲਨ ਸ਼ਕਤੀ) ਆਮ ਹੈ । ਉਸ ਤੋਂ ਹਰੇਕ ਕਾਲਾ ਤੇ ਗੋਰਾ, ਗਰੀਬ ਤੇ ਅਮੀਰ, ਪੂਰਬੀ ਤੇ ਪੱਛਮੀ, ਅਰਬੀ ਤੇ ਅਜਮੀ (ਗੈਰ-ਅਰਬੀ); ਛੋਟਾ ਤੇ ਵੱਡਾ,



Digitized by Panjab Digital Library | www.panjabdigilib.org

ਅਮਰੀਕਨ ਤੇ ਅਫ਼ਰੀਕਨ; ਯਹੂਦੀ ਤੇ ਗੈਰ-ਯਹੂਦੀ ਇਕ ਸਮਾਨ ਲਾਭ ਉਠਾ ਰਿਹਾ ਹੈ। ਉਸਦੀ ਮਿਹਰ ਦੇ ਬੂਹੇ ਹਰੇਕ ਪ੍ਰਾਣੀ ਲਈ ਖੁਲ੍ਹੇ ਹਨ ਤੇ ਸਦਾ ਹੀ ਖੁਲ੍ਹੇ ਰਹਿਣਗੇ; ਕਿਉਂਕਿ ਉਹ ਪ੍ਰਭੂ ਜੁਗ ਜੁਗ ਏਕੋ ਵੇਸ ਹੈ, ਜਿਹਾ ਕਿ ਸ੍ਰੀ ਗੁਰੂ ਜੀ ਦਾ ਫ਼ਰਮਾਨ ਹੈ ਕਿ—

ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।

[ਜਪੁਜੀ, ਪੰਨਾ 7

ਅਰਥਾਤ—ਉਸ ਪ੍ਰਭੂ ਦੇ ਹਜ਼ੂਰ ਹੀ ਝੁਕੋ। ਜੋ ਹਰੇਕ ਚੀਜ਼ ਦਾ ਆਦਿ ਹੈ ਤੇ ਅਨਾਦਿ ਹੈ, ਜਿਸ ਦੀ ਕੋਈ ਹਦਬੰਦੀ ਨਹੀਂ ਕੀਤੀ ਜਾ ਸਕਦੀ ਤੇ ਨਾ ਜਿਸ ਤੇ ਕਾਲ ਹੀ ਕਾਬੂ ਪਾ ਸਕਦਾ ਹੈ, ਅਰਥਾਤ ਜੋ ਹਰੇਕ ਸਮੇਂ ਇਕੋ ਹੀ ਹਾਲਤ ਵਿਚ ਹੈ, ਭਾਵ ਇਹ ਕਿ ਉਸਦਾ ਕੋਈ ਗੁਣ ਵੀ ਕਦੇ ਮੁੱਕ ਨਹੀਂ ਸਕਦਾ ਤੇ ਨਾ ਹੀ ਸਦਾ ਲਈ ਅਲੋਪ ਹੋ ਸਕਦਾ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਪ੍ਰਭੂ ਦਾ ਨਿਕਟ-ਵਰਤੀ ਬਣਨ ਲਈ ਕਿਸੇ ਵਿਸ਼ੇਸ਼ ਜਾਤੀ, ਦੇਸ਼, ਇਲਾਕੇ, ਧਰਮ, ਜਾਤੀ, ਘਰਾਣੇ ਜਾਂ ਵੰਸ ਵਿਚੋਂ ਹੋਣਾ ਹੀ ਜ਼ਰੂਰੀ ਨਹੀਂ; ਸਗੋਂ ਹਰੇਕ ਭਲਾ ਤੇ ਧਰਮੀ ਬੰਦਾ, ਜੋ ਆਪਣੇ ਸੱਚੇ ਦਿਲ ਨਾਲ, ਆਪਣੀ ਸ਼ਰਧਾ ਅਨੁਸਾਰ, ਭਲੇ ਕਰਮ ਕਰਦਾ ਹੈ, ਸਾਜਨਹਾਰ ਪ੍ਰਭੂ ਦਾ ਨਿਕਟ-ਵਰਤੀ ਬਣ ਸਕਦਾ ਹੈ । ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ।
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ।
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ।

[ਵਾਰ ਆਸਾ, ਸ: ਮ: 1, ਪੰਨਾ 469

ਅਰਥਾਤ—ਬੁਰਾਈ ਚੰਗੀ ਤਰ੍ਹਾਂ ਪਰਗਟ ਹੋ ਜਾਂਦੀ ਹੈ । ਹੇ ਨਾਨਕ! ਉਹ ਸੱਚਾ ਪ੍ਰਭੂ ਸਭ ਕੁਝ ਵੇਖਦਾ ਹੈ; ਕੋਈ ਗੱਲ ਉਸ ਤੋਂ ਉਹਲੇ ਨਹੀਂ । ਹਰ ਇਕ ਨੇ ਛਾਲ ਮਾਰੀ ਹੈ, ਪਰ ਜੋ ਕੁਝ ਸਾਜਨਹਾਰ ਕਰਦਾ ਹੈ, ਉਹੋ ਹੀ ਹੁੰਦਾ

Digitized by Panjab Digital Library | www.panjabdigilib.org

ਹੈ, ਪ੍ਰਭੂ ਦੇ ਹਜ਼ੂਰ ਜਾਤੀ ਤੇ ਜ਼ੋਰ ਦਾ ਕੋਈ ਮੁੱਲ ਨਹੀਂ ਹੈ। ਉਥੇ ਤਾਂ ਪ੍ਰਾਣੀ ਦਾ ਨਵੀਨ ਜੀਵਾਂ ਨਾਲ ਵਾਹ ਪੈਂਦਾਂ ਹੈ। ਉਹਨਾਂ ਲੋਕਾਂ ਦੀ ਗਿਣਤੀ ਬਹੁਤ ਹੀ ਘਟ ਹੈ, ਜਿਨ੍ਹਾਂ ਨੂੰ ਪ੍ਰਭੂ ਦੇ ਹਜ਼ੂਰ ਆਦਰ ਤੇ ਸਤਿਕਾਰ ਮਿਲਦਾ ਹੈ, ਉਹੋ ਹੀ ਭਲੇ ਕਹਾਉਣ ਦੇ ਅਧਿਕਾਰੀ ਹਨ।

ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪ੍ਰਭੂ ਦੇ ਹਜ਼ੂਰ ਕੋਈ ਪ੍ਰਾਣੀ ਆਪਣੀ ਜ਼ਾਤ ਦੇ ਅਧਾਰ ਤੇ, ਅਤੇ ਜਾਂ ਆਪਣੇ ਬਲ ਨਾਲ ਆਦਰ ਤੇ ਸਤਿਕਾਰ ਪਰਾਪਤ ਨਹੀਂ ਕਰ ਸਕਦਾ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਬਾਬਾ ਬੋਲੀਐ ਸਤਿ ਹੋਇ।
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ।

[ਸਿਰੀ ਰਾਗੁ, ਮ: 1, ਪੰਨਾ 15

ਅਰਥਾਤ—ਹੇ ਭਾਈ! ਉਹ ਬੋਲ ਬੋਲੋ, ਜਿਨ੍ਹਾਂ ਨਾਲ ਮਾਣ ਤੇ ਸਤਿਕਾਰ ਹੋਵੇ, ਉਹੋ ਹੀ ਪ੍ਰਭੂ ਦੇ ਹਜ਼ੂਰ ਚੰਗੇ ਸਮਝੇ ਜਾਣਗੇ ਅਤੇ ਨੀਚ ਕਰਮਾਂ ਦੇ ਪੱਲੇ ਰੋਣਾ-ਪਿਟਣਾ ਹੀ ਪਵੇਗਾ; ਓਹ ਭਾਵੇਂ ਕਿਸੇ ਹੀ ਦੇਸ਼, ਜਾਤੀ, ਘਰਾਣੇ ਜਾਂ ਬੰਸ ਵਿਚੋਂ ਕਿਉਂ ਨਾ ਹੋਣ ?

ਇਸ਼ ਤੋਂ ਵੀ ਏਹੋ ਪਰਗਟ ਹੁੰਦਾ ਹੈ ਕਿ ਕੇਵਲ ਕਿਸੇ ਪ੍ਰਾਣੀ ਦਾ ਕਿਸੇ ਵਿਸ਼ੇਸ਼ ਦੇਸ, ਜਾਤੀ ਜਾਂ ਵਰਣ ਵਿਚੋਂ ਪੈਦਾ ਹੋਣਾਂ ਹੀ ਉਸ ਨੂੰ ਪ੍ਰਭੂ ਦੇ ਦਰਬਾਰ ਵਿਚ ਸੁਰਖਰੂ ਨਹੀਂ ਕਰ ਸਕਦਾ ਤੇ ਨਾ ਹੀ ਉਸ ਨੂੰ ਪ੍ਰਭੂ ਦਾ ਨਿਕਟ-ਵਰਤੀ ਬਣਾ ਸਕਦਾ ਹੈ, ਸਗੋਂ ਪ੍ਰਭੂ ਦੇ ਹਜ਼ੂਰ ਆਦਰ ਪਰਾਪਤ ਕਰਨ ਦਾ ਸਾਧਨ ਸ਼ੁਭ-ਕਰਮ ਹੀ ਹਨ।

ਇਸ ਬਾਰੇ ਗੁਰੂ ਜੀ ਦਾ ਇਹ ਫ਼ਰਮਾਨ ਵੀ ਹੈ ਕਿ—

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ।
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ।

[ਸਿਰੀ ਰਾਗ ਮ: 1, ਪੰਨਾ 15

Digitized by Panjab Digital Library | www.panjabdigilib.org

ਅਰਥਾਤ—ਜਿਸ ਬੋਲ-ਚਾਲ ਨਾਲ ਪ੍ਰਾਣੀ ਸਤਿਕਾਰ ਪਰਾਪਤ ਕਰਦਾ ਹੈ, ਉਹ ਹੀ ਪਰਵਾਨ ਚੜ੍ਹਦੀ ਹੈ, ਰੁਖੇ ਫਿੱਕੇ ਬੋਲ ਬੋਲਿਆਂ ਪ੍ਰਾਣੀ ਖਰਾਬ ਹੁੰਦਾ ਹੈ। ਹੇ ਮੂਰਖ ਤੇ ਅਨਜਾਣ ਮਨ ! ਧਿਆਨ ਨਾਲ ਇਹ ਸੁਣ ਕਿ ਜੋ ਪ੍ਰਾਣੀ ਉਸ ਦੇ ਨਿਕਟ-ਵਰਤੀ ਬਣਦੇ ਹਨ, ਉਹੋ ਹੀ ਭਲੇ ਸਮਝੇ ਜਾਂਦੇ ਹਨ, ਬਾਕੀ ਹੋਰ ਕੀ ਕਹਿਣਾ ਤੇ ਵਰਣਨ ਕਰਨਾ ਹੈ।

ਗੁਰੂ ਗਰੰਥ ਸਾਹਿਬ ਵਿਚ ਸਾਜਨਹਾਰ ਪ੍ਰਭੂ ਦਾ ਸਾਰੇ ਹੀ ਜੀਅ ਜੰਤ ਦਾ ਬਿਨਾ ਕਿਸੇ ਮੁਲਕੀ, ਕੌਮੀ, ਮਜ਼ਹਬੀ, ਨਸਲੀ ਜਾਂ ਘਰਾਣੇ ਦੀ ਭੇਦਤਾ ਦੇ ਇਕ ਸਮਾਨ ਪਾਲਨਾ ਕਰਨਾ ਵਰਣਨ ਕੀਤਾ ਗਿਆ ਹੈ; ਜਿਹਾ ਕਿ ਇਕ ਥਾਂ ਲਿਖਿਆ ਹੈ ਕਿ—

ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮ ਪ੍ਰਭੁ ਦਾਤਾ ਰਾਮ ।
ਤਾਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ ਪੂਰਨ ਪੁਰਖੁ ਬਿਧਾਤਾ ਰਾਮ ।
ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ ਜਿਉ ਬਾਲਕ ਪਿਤ ਮਾਤਾ ਰਾਮ।
ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰ ਮੁਖਿ ਜਾਤਾ ਰਾਮ ।

[ਬਿਹਾਗੜਾ, ਮ: 5, ਪੰਨਾ 541

ਅਰਥਾਤ—ਹੇ ਮੇਰੀ ਜਿੰਦੇ ! ਸਾਜਨਹਾਰ ਪ੍ਰਭੂ ਸਾਰੀਆਂ ਹੀ ਥਾਵਾਂ ਤੇ ਰਹਿ ਰਿਹਾ ਹੈ । ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ ਹੈ, ਕੋਈ ਵੀ ਪ੍ਰਾਣੀ ਉਸ ਦਾ ਅੰਤ ਨਹੀਂ ਪਾ ਸਕਦਾ, ਉਹ ਸਰਬ ਵਿਆਪਕ ਤੇ ਸਰਬ ਸ਼ਕਤੀਮਾਨ ਹੈ। ਹੇ ਮੇਰੀ ਜਿੰਦੜੀਏ ! ਸਾਰਿਆਂ ਦੀ ਕਿਸਮਤ ਉਸੇ ਦੇ ਹੀ ਹਥ ਵਿਚ ਹੈ । ਹੇ ਮੇਰੀ ਜਿੰਦੜੀਏ ! ਉਹ ਪ੍ਰਭੂ ਸਾਰੇ ਹੀ ਜੀਆ-ਜੰਤ ਬਿਨਾ ਕਿਸੇ ਭਿੰਨ-ਭੇਦ ਦੇ ਪਾਲਨਾ ਕਰ ਰਿਹਾ ਹੈ; ਜਿਵੇਂ ਮਾਤਾ ਪਿਤਾ ਆਪਣੇ ਸਾਰੇ ਬਚਿਆਂ ਦੀ ਪਾਲਨਾ ਵੱਡੇ ਪਿਆਰ ਨਾਲ ਕਰਦੇ ਹਨ । ਓਹਨਾਂ ਨੂੰ ਕੋਈ ਵੀ ਬਾਲਕ ਦੁਪਿਆਰਾ ਨਹੀਂ ਹੁੰਦਾ। ਹਜ਼ਾਰਾਂ ਚਤੁਰਾਈਆਂ ਓਸ ਪ੍ਰਭੂ ਨੂੰ ਪਰਾਪਤ ਹੋਣ ਤੇ ਅਸਮਰਥ ਹਨ। ਹੇ ਮੇਰੀ ਜਿੰਦੜੀਏ ! ਆਪਣੇ ਗੁਰੂ ਦੁਆਰਾ ਨਾਨਕ ਨੇ ਉਸ ਨੂੰ ਜਾਣ ਲਿਆ ਹੈ।

ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਦਾ ਇਹ ਫ਼ਰਮਾਨ ਹੈ ਕਿ—

Digitized by Panjab Digital Library | www.panjabdigilib.org

ਹਰਿ ਸਾ ਮੀਤੁ ਨਾਹੀ ਮੈ ਕੋਈ ।
ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ।
ਸਰਬ ਜੀਆ ਪ੍ਰਤਿਪਾਲਿ ਸਮਾਲੇ
ਸੋ ਅੰਤਰਿ ਦਾਨਾ ਬੀਨਾ ਹੇ ।

[ਮਾਰੂ ਮ: 1, ਪੰਨਾ 1027

ਅਰਥਾਤ—ਹਰੀ ਪ੍ਰਭੂ ਜੇਹਾ ਮੇਰਾ ਕੋਈ ਵੀ ਮਿੱਤਰ ਨਹੀਂ ਹੈ, ਜਿਸ ਨੇ ਮੈਨੂੰ ਤਨ ਤੇ ਮਨ ਦੇਕੇ ਅਕਲ ਵੀ ਬਖਸ਼ੀ ਹੈ, ਉਹ ਪ੍ਰਭੂ ਸਾਰੇ ਹੀ ਜੀਆ-ਜੰਤ ਦੀ ਬਿਨਾ ਕਿਸੇ ਮੁਲਕੀ, ਕੌਮੀ ਜਾਂ ਨਸਲੀ ਵਿਤਕਰੇ ਦੇ ਇਕ ਸਮਾਨ ਪਾਲਨਾ ਕਰ ਰਿਹਾ ਹੈ, ਉਹੋ ਹੀ ਦਾਨਾ ਬੀਨਾ ਹੈ ਤੇ ਹਰੇਕ ਦੇ ਅੰਦਰ ਸਮਾਇਆ ਹੋਇਆ ਹੈ ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਕਿਸੇ ਕਿਸਮ ਦੀ ਜਾਤ-ਪਾਤ, ਊਚ-ਨੀਚ ਜਾਂ ਨਸਲੀ ਵਿਤਕਰੇ ਦੇ ਕਾਇਲ ਨਹੀਂ ਸਨ, ਅਰਥਾਤ ਸ੍ਰੀ ਗੁਰੂ ਜੀ ਕਿਸੇ ਵੀ ਪ੍ਰਾਣੀ ਨੂੰ ਕੇਵਲ ਉਸ ਦੇ ਜਨਮ ਦੇ ਅਧਾਰ ਤੇ ਉੱਚਾ ਜਾਂ ਨੀਵਾਂ ਨਹੀਂ ਮੰਨਦੇ ਸਨ। ਗੁਰੂ ਜੀ ਦੇ ਵਿਚਾਰ ਅਨੁਸਾਰ ਵਡਿਆਈ ਤੇ ਬਜ਼ੁਰਗੀ ਦੀ ਘਸਵਟੀ ਤੇ ਪ੍ਰਭੂ ਦਾ ਨਿਕਟ-ਵਰਤੀ ਬਣਨ ਦਾ ਸਾਧਨ ਪ੍ਰਭੂ ਤੇ ਸੱਚੀ ਸ਼ਰਧਾ ਅਤੇ ਉੱਚ ਕਰਣੀ ਹੀ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ।
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ।

[ਪ੍ਰਭਾਤੀ, ਮ: 1, ਪੰਨਾ 1330

ਅਰਥਾਤ—ਪ੍ਰਭੂ ਦੇ ਹਜ਼ੂਰ ਕਿਸੇ ਵੀ ਪ੍ਰਾਣੀ ਦੀ ਜ਼ਾਤ ਜਾਂ ਜਨਮ ਬਾਰੇ ਕੋਈ ਪੁੱਛ ਨਹੀਂ ਕੀਤੀ ਜਾਏਗੀ । ਹਰੇਕ ਪ੍ਰਾਣੀ ਨੂੰ ਸਚਿਆਰ ਬਣਨ ਦਾ ਜਤਨ ਕਰਨਾ ਚਾਹੀਦਾ ਹੈ । ਪ੍ਰਭੂ ਦੇ ਹਜ਼ੂਰ ਪ੍ਰਾਣੀ ਦੀ ਉਹੋ ਹੀ ਜ਼ਾਤ-ਪਾਤ ਸ਼ਮਝੀ ਜਾਏਗੀ, ਜੇਹੋ ਜੇਹੇ ਕਿ ਉਸ ਦੇ ਕਰਮ ਹੋਣਗੇ । ਜੇ ਕਿਸੇ ਪ੍ਰਾਣੀ ਦੇ ਕਰਮ ਚੰਗੇ ਹੋਣਗੇ, ਪਰ ਉਸਦਾ ਜਨਮ ਕਿਸੇ ਅਖੌਤੀ ਨੀਚ ਜਾਤੀ ਵਿਚ ਹੋਇਆ ਹੋਵੇਗਾ, ਤਾਂ ਉਹ

Digitized by Panjab Digital Library | www.panjabdigilib.org

ਪ੍ਰਭੂ ਦਾ ਨਿਕਟ-ਵਰਤੀ ਬਣ ਜਾਏਗਾ । ਇਸ ਦੇ ਉਲਟ ਜੇ ਕਿਸੇ ਪ੍ਰਾਣੀ ਦੇ ਕਰਮ ਭੈੜੇ ਹੋਣਗੇ, ਤਾਂ ਉਸ ਨੂੰ ਨੀਚ ਹੀ ਸਮਝਿਆ ਜਾਏਗਾ; ਭਾਵੇਂ ਉਸ ਦਾ ਜਨਮ ਕਿਸੇ ਉੱਚੇ ਤੋਂ ਉੱਚੇ ਵਰਣ ਜਾਂ ਘਰਾਣੇ ਵਿਚੋਂ ਹੀ ਕਿਉਂ ਨਾ ਹੋਇਆ ਹੋਵੇ ? ਸ੍ਰੀ ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਸ ਪ੍ਰਾਣੀ ਦਾ ਕਿਰਦਾਰ ਚੰਗਾ ਹੈ; ਉਸ ਦੇ ਜਨਮ-ਮਰਨ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ ਤੇ ਉਹ ਪ੍ਰਭੂ ਨਾਲ ਜੁੜ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਜਾਣੋ, ਸ੍ਰੀ ਗੁਰੂ ਨਾਨਕ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਦਾ ਨਿਕਟ-ਵਰਤੀ ਬਣਨ ਲਈ ਕਿਸੇ ਖਾਸ ਦੇਸ਼, ਧਰਮ, ਇਲਾਕੇ, ਜਾਤੀ, ਘਰਾਣੇ ਜਾਂ ਬੰਸ ਨਾਲ ਸਬੰਧਤ ਹੋਣਾ ਜ਼ਰੂਰੀ ਨਹੀਂ ਹੈ; ਸਗੋਂ ਚੰਗੀ ਰਹਿਣੀ-ਬਹਿਣੀ ਦੀ ਲੋੜ ਹੈ ।[1]

ਇਸ ਸੰਬੰਧ ਵਿਚ ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਵੀ ਹੈ ਕਿ :—

ਸਚ ਸੰਜਮੁ ਕਰਣੀ ਕਾਰਾਂ ਨਾਵਣ ਨਾਉ ਜਪੇਹੀ ।
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ।

(ਵਾਰ ਸਿਰੀਰਾਗ, ਸ: ਮ: 1, ਪੰਨਾ 91)

ਅਰਥਾਤ—ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ ਸਚਿਆਰ ਤੇ ਸੰਜਮੀ ਬਣਕੇ ਆਪਣੇ ਸਾਜਨਹਾਰ ਪ੍ਰਭੂ ਦਾ ਸਿਮਰਨ ਕਰਦੇ ਰਹੋ। ਪ੍ਰਭੂ ਦੇ ਹਜ਼ੂਰ ਉਹੋ ਹੀ

---

[1]ਚੇਤੇ ਰਹੇ ਕਿ ਗੁਰਬਾਣੀ ਵਿਚ ਇਕ ਨੀਚ ਕਰਮ ਬ੍ਰਾਹਮਣ ਨੂੰ "ਦੁਸ਼ਟ" ਤੇ "ਮਲੇਛ" ਕਿਹਾ ਗਿਆ ਹੈ; ਜਿਹਾ ਕਿ—

ਲੇਪੁ ਨਾ ਲਾਗੋ ਤਿਲ ਕਾ ਮੂਲਿ ।
"ਦੁਸਟੁ ਬ੍ਰਾਹਮਣੁ" ਸੂਆ ਹੋਇ ਕੈ ਸੂਲਾ ।

... ... ...

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ।
"ਮਲੇਛ ਪਾਪੀ" ਪਚਿਆ ਭਇਆ ਨਿਰਾਸੁ ।

[ਭੈਰਉ, ਮ: 5, ਪੰਨਾ 1137

ਇਸ ਤੋਂ ਸਿਧ ਹੈ ਕਿ ਗੁਰਬਾਣੀ ਅਨੁਸਾਰ ਇਕ ਨੀਚ ਕਰਮ ਬ੍ਰਾਹਮਣ ਵੀ ਦੁਸ਼ਟ ਤੇ ਮਲੇਛ ਬਣ ਸਕਦਾ ਹੈ ।

Digitized by Panjab Digital Library | www.panjabdigilib.org

ਪ੍ਰਾਣੀ ਚੰਗੇ ਤੇ ਉੱਚੇ ਸਮਝੇ ਜਾਂਦੇ ਹਨ, ਜੋ ਪਾਪਾਂ ਦੇ ਮਾਰਗ ਵਲ ਨਹੀਂ ਲਗਦੇ; ਭਾਵੇਂ ਓਹ ਕਿਸੇ ਦੇਸ਼ ਜਾਂ ਜਾਤੀ ਨਾਲ ਸੰਬੰਧ ਰਖਦੇ ਹੋਣ।

ਸੋ ਗੱਲ ਕੀ, ਜੇ ਸ੍ਰੀ ਗੁਰੂ ਨਾਨਕ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਦੇ ਹਜ਼ੂਰ ਉੱਚੇ ਸਮਝੇ ਜਾਣ ਦੀ ਘਸਵਟੀ ਕੇਵਲ ਕਿਸੇ ਵਿਸ਼ੇਸ਼ ਦੇਸ਼, ਧਰਮ, ਜਾਤੀ ਜਾਂ ਨਸਲ ਨਾਲ ਸੰਬੰਧਤ ਹੋਣਾ ਹੀ ਹੁੰਦੀ, ਤਾਂ ਫੇਰ ਆਪ

ਨਾਨਕ ਅਗੈ ਊਤਮ ਸੇਈ
ਜਿ ਪਾਪਾਂ ਪੰਦਿ ਨ ਦੇਹੀ।

ਕਦੇ ਨਾ ਫ਼ਰਮਾਉਂਦੇ; ਸਗੋਂ ਇਹ ਆਖਦੇ ਕਿ ਪ੍ਰਭੂ ਦੇ ਨਿਕਟ ਵਰਤੀ ਉਹੋ ਹੀ ਬਣ ਸਕਣਗੇ, ਜੋ ਅਮਕੀ ਜਾਤੀ, ਜਾਂ ਅਮਕੇ ਦੇਸ਼ ਤੇ ਇਲਾਕੇ ਨਾਲ ਸੰਬੰਧ ਰਖਦੇ ਹੋਣਗੇ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਪਵਿੱਤਰ ਬਾਣੀ ਨੂੰ ਗਹੁ ਨਾਲ ਪੜ੍ਹਨ ਵਾਲੇ ਅਤੇ ਠੰਡੇ ਦਿਲ ਨਾਲ ਵਿਚਾਰਨ ਵਾਲੇ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਦਾ ਨਿਕਟ-ਵਰਤੀ ਬਣਨ ਲਈ ਕੇਵਲ ਕਿਸੇ ਖਾਸ ਦੇਸ, ਜਾਤੀ ਜਾਂ ਘਰਾਣੇ ਵਿਚੋਂ ਹੋਣਾ ਜ਼ਰੂਰੀ ਨਹੀਂ ਹੈ; ਸਗੋਂ ਸੱਚੀ ਸ਼ਰਧਾ ਤੇ ਸੁੱਚੇ ਕਰਮਾਂ ਦੀ ਲੋੜ ਹੈ। ਹਰੇਕ ਦੇਸ਼, ਜਾਤੀ ਤੇ ਘਰਾਣੇ ਦਾ ਬੰਦਾਂ ਬਿਨਾਂ ਕਿਸੇ ਰੋਕ-ਟੋਕ ਦੇ ਸਦਾਚਾਰੀ ਤੇ ਧਰਮੀ ਬਣ ਸਕਦਾ ਹੈ ਅਤੇ ਪ੍ਰਭੂ ਦਾ ਨਿਕਟ ਵਰਤੀ ਹੋ ਸਕਦਾ ਹੈ। ਉਸ ਪ੍ਰਭੂ ਦੇ ਨਿਕਟ-ਵਰਤੀ ਬਣਨ ਦਾ ਮਾਰਗ ਕਿਸੇ ਖਾਸ ਦੇਸ਼, ਜਾਤੀ ਜਾਂ ਘਰਾਣੇ ਨਾਲ ਹੀ ਸੰਬੰਧਿਤ ਨਹੀਂ ਹੈ; ਸਗੋਂ ਇਹ ਦਰ ਹਰੇਕ ਲਈ ਖੁਲ੍ਹਾ ਹੈ। ਉਹ ਪ੍ਰਭੂ ਰੱਬੁਲ ਯਹੂਦ ਜਾਂ ਕੱਬੁਲ ਇਸਰਾਈਲ (ਯਹੂਦੀਆਂ ਜਾਂ ਇਸਰਾਈਲ ਕੁਲ ਦੇ ਲੋਕਾਂ ਦਾ ਸਾਜਨਹਾਰ ਤੇ ਪਾਲਨਹਾਰ) ਨਹੀਂ ਹੈ; ਸਗੋਂ ਰੱਬੁਲ ਆਲਮੀਨ (ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਸਾਜਨਹਾਰ ਤੇ ਪਾਲਨਹਾਰ) ਹੈ। ਇਸੇ ਲਈ ਹੀ ਉਸ ਨੇ ਸਾਰੇ ਜੀਅ ਜੰਤ ਦੀ ਪਾਲਨਾ ਲਈ ਇਕ ਸਮਾਨ ਸਾਧਨ ਕੀਤੇ ਹੋਏ ਹਨ ਤੇ ਕਿਸੇ ਵੀ ਪ੍ਰਾਣੀ ਨਾਲ ਕੋਈ ਵਿਤਕਰਾ ਨਹੀਂ ਕੀਤਾ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਜਿਸ ਪ੍ਰਭੂ ਨੂੰ ਮੰਨਦੇ ਤੇ ਲੋਕਾਂ

Digitized by Panjab Digital Library | www.panjabdigilib.org

ਨੂੰ ਮੰਨਣ ਦਾ ਉਪਦੇਸ਼ ਦਿੰਦੇ ਸਨ, ਉਸ ਦਾ ਸਰੂਪ ਯਹੂਦੀ ਮਤਿ ਵਿਚ ਅਪਣਾਏ ਗਏ ਪ੍ਰਭੂ ਦੇ ਸਰੂਪ ਤੋਂ ਉੱਕਾ ਹੀ ਵਿਲੱਖਣ ਹੈ। ਗੁਰੂ ਜੀ ਦਾ ਈਮਾਨ ਸੀ ਕਿ ਉਹਨਾਂ ਦਾ ਸਾਜਨਹਾਰ ਪ੍ਰਭੂ ਬੇਅੰਤ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ। ਉਸ ਨੇ ਆਪਣੀ ਕੁਦਰਤ ਦੁਆਰਾ ਸਾਰੇ ਬ੍ਰਹਿਮੰਡਾਂ ਵਿਚ ਲੱਖ ਹੀ ਜ਼ਮੀਨਾਂ, ਲੱਖਾਂ ਹੀ ਅਨਮਾਨ, ਲੱਖਾਂ ਹੀ ਸੂਰਜ ਤੇ ਲੱਖਾਂ ਹੀ ਚੰਨ ਤਾਰੇ ਆਦਿ ਸਾਜੇ ਹਨ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ।

[ਜਪੁਜੀ, ਪੰਨਾ 7

ਅਬਥਾਤ :—

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ,
ਕੇਤੇ ਇੰਦ ਚੰਦ ਸੂਰ ਕੇਤੇ ਮੰਡਲ ਦੇਸ ।

[ਜਪੁਜੀ, ਪੰਨਾ 7

ਉਸ ਦਾ ਕੋਈ ਵੀ ਇਨਾਮ ਕਿਸੇ ਖਾਸ ਸਮੇਂ, ਦੇਸ਼, ਜਾਤੀ, ਵਰਣ, ਬੰਸ, ਨਾਂ ਘਰਾਣੇ ਨਾਲ ਹੀ ਸੰਬੰਧਤ ਨਹੀਂ ਕੀਤਾ ਜਾ ਸਕਦਾ; ਸਗੋਂ ਹਰੇਕ ਪ੍ਰਾਣੀ ਭਾਵੇਂ ਉਹ ਜਗ ਦੇ ਕਿਸੇ ਹਿੱਸੇ, ਕਿਸੇ ਜਾਤੀ, ਜਾਂ ਕਿਸੇ ਘਰਾਣੇ ਵਿਚ ਹੀ ਪੈਦਾ ਹੋਇਆ ਹੋਵੇ। ਸੁਮਾਰਗ ਵਲ ਲਗਣ ਤੇ ਉਸ ਦਾ ਨਿਕਟ ਵਰਤੀ ਬਣ ਸਕਦਾ ਹੈ। ਉਸ ਨੂੰ ਕਿਸੇ ਸਮੇਂ ਦੀ ਹਦਬੰਦੀ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਨੇ ਆਪਣੇ ਸਾਜਨਹਾਰ ਪ੍ਰਭੂ ਦਾ ਇਕ ਨਾਂ "ਅਕਾਲ ਮੂਰਤਿ" ਵੀ ਵਰਣਨ ਕੀਤਾ ਹੈ, ਜਿਸ ਦਾ ਅਰਥ ਇਹ ਹੈ ਕਿ ਸਾਜਨਹਾਰ ਪ੍ਰਭੂ ਮੌਤ-ਰਹਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਮੂਰਤਿ ਦੀ ਵਿਆਖਿਆ ਕਰਦਿਆਂ ਇਹ ਕਿਹਾ ਗਿਆ ਹੈ ਕਿ :—

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ।
ਅਬਿਨਾਸੀ ਅਬਿਗਤ ਅਗੋਚਰੁ ਸਭੁ ਕਿਛੁ ਹੀ ਹੈ ਲਗਾ ।

[ਮਾਰੂ, ਮ: 5, ਪੰਨਾ 1082

ਅਰਥਾਤ—ਅਕਾਲ ਮੂਰਤਿ ਉਸ ਨੂੰ ਕਹਿੰਦੇ ਹਨ, ਜਿਸ ਤੇ ਮੌਤ ਕਦੇ ਵੀ ਨਹੀਂ ਆ ਸਕਦੀ, ਜੋ ਸਦਾ ਸਲਾਮਤਿ ਹੈ।

Digitized by Panjab Digital Library | www.panjabdigilib.org

ਇਸ ਤੋਂ ਛੁੱਟ ਕਾਲ ਦੇ ਅਰਥ ਸਮਾਂ ਤੇ ਜੁਗ ਵੀ ਹਨ। ਇਸ ਲਿਹਾਜ਼ ਨਾਲ ਅਕਾਲ ਦਾ ਇਹ ਭਾਵ ਹੋਵੇਗਾ ਕਿ ਜੋ ਸਮੇਂ ਦੀਆਂ ਹਦਬੰਦੀਆਂ ਤੋਂ ਉੱਚਾ ਹੈ, ਅਰਥਾਤ ਜਿਸ ਤੇ ਸਮਾ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦਾ। ਜੋ "ਜੁਗੁ ਜੁਗੁ ਏਕੋ ਵੇਸੁ" ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਬਾਰੇ ਇਹ ਵੀ ਕਿਹਾ ਗਿਆ ਹੈ ਕਿ—

ਨਾ ਇਹੁ ਬੂਢਾ ਨਾ ਇਹੁ ਬਾਲਾ।
ਨਾ ਇਸੁ ਦੂਖੁ ਨਹੀ ਜਮ ਜਾਲਾ।
ਨਾ ਇਹੁ ਬਿਨਸੈ ਨਾ ਇਹੁ ਜਾਇ।
ਆਦਿ ਜੁਗਾਦਿ ਰਹਿਆ ਸਮਾਇ।
ਨਾ ਇਸੁ ਉਸਨ ਨਹੀਂ ਇਸੁ ਸੀਤੁ।
ਨਾ ਇਸੁ ਦੁਸਮਨ ਨਾ ਇਸੁ ਮੀਤ।
ਨਾ ਇਸੁ ਹਰਖੁ ਨਹੀ ਇਸੁ ਸੋਗੁ।
ਸਭੁ ਕਿਛੁ ਇਸ ਦਾ ਇਹੁ ਕਰਨੈ ਜੋਗ,
ਨਾ ਇਸੁ ਬਾਪੁ ਨਹੀਂ ਇਸੁ ਮਾਇਆ।
ਇਹੁ ਅਪਰੰਪਰੁ ਹੋਤਾ ਆਇਆ।

... ... ...

ਅਛਲ ਅਛੇਦ ਅਭੇਦ ਦਇਆਲ।
ਦੀਨ ਦਇਆਲ ਸਦਾ ਕਿਰਪਾਲ।
ਤਾ ਕੀ ਗਤਿ ਮਿਤਿ ਕਛੂ ਨ ਪਾਇ।
ਨਾਨਕ ਤਾਕੈ ਬਲਿ ਬਲਿ ਜਾਇ।।

[ਗੋਂਡ, ਮ: 5, ਪੰਨਾ 868–69

ਅਰਥਾਤ—ਸਾਜਨਹਾਰ ਪ੍ਰਭੂ ਨਾ ਤਾਂ ਬੁਢਾ ਹੁੰਦਾ ਹੈ ਤੇ ਨਾ ਬਾਲਕ। ਉਸ ਨੂੰ ਕਿਸੇ ਕਸ਼ਟ ਜਾਂ ਮੌਤ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ। ਉਹ ਮੌਤ-ਰਹਿਤ ਹੈ ਤੇ ਅਨਾਦੀ ਵੀ ਹੈ। ਉਹ ਹਰ ਥਾਂ ਸਮਾਇਆ ਹੋਇਆ ਹੈ। ਉਸ ਨੂੰ ਗਰਮੀ ਜਾਂ ਸਰਦੀ ਨਹੀਂ ਸਤਾ ਸਕਦੀ ਤੇ ਨਾ ਹੀ ਉਸ ਦਾ ਕੋਈ ਵੈਰੀ ਜਾਂ ਮਿੱਤਰ

Digitized by Panjab Digital Library | www.panjabdigilib.org

ਹੈ । ਉਸ ਤੇ ਹਰਖ ਸੋਗ ਦਾ ਵੀ ਕੋਈ ਪ੍ਰਭਾਵ ਨਹੀਂ ਪੈ ਸਕਦਾ । ਉਹੋ ਹਰੇਕ ਚੀਜ਼ ਦਾ ਮਾਲਕ ਹੈ ਤੇ ਉਸੇ ਨੇ ਹੀ ਸਭ ਦੀ ਸਾਜਨਾ ਕੀਤੀ ਹੈ । ਉਹ ਮਾਤਾ ਪਿਤਾ ਤੋਂ ਰਹਿਤ ਹੈ । ਉਹ ਅਪਰੰਪਰ ਹੈ । ਉਹ ਅਛਲ ਹੈ, ਅਛੇਦ ਹੈ । ਉਸ ਦਾ ਭੇਦ ਕੋਈ ਵੀ ਨਹੀਂ ਪਾ ਸਕਦਾ । ਉਹ ਸਦਾ ਹੀ ਦਇਆਲ ਤੇ ਕਿਰਪਾਲ ਹੈ । ਹਰੇਕ ਪ੍ਰਾਣੀ ਸਦਾ ਹੀ ਉਸ ਦੀ ਦਿਆਲਤਾ ਤੇ ਕਿਰਪਾਲਤਾ ਦਾ ਪਾਤਰ ਬਣ ਸਕਦਾ ਹੈ । ਉਸ ਦੀ ਗਤਿ ਮਿਤਿ ਨੂੰ ਕੋਈ ਵੀ ਪ੍ਰਾਣੀ ਨਹੀਂ ਪਾ ਸਕਦਾ । ਗੁਰੂ ਅਰਜਨ ਜੀ ਫੁਰਮਾਉਂਦੇ ਹਨ ਕਿ ਮੈਂ ਸਦਾ ਹੀ ਉਸ ਤੋਂ ਬਲਿਹਾਰ ਜਾਂਦਾ ਹਾਂ ।

ਇਸ ਤੋਂ ਸਾਫ ਸਿਧ ਹੈ ਕਿ ਗੁਰਬਾਣੀ ਅਨੁਸਾਰ ਪ੍ਰਭੂ ਸਦਾ ਸਲਾਮਤਿ ਤੇ "ਜੁਗੁ ਜੁਗੁ ਏਕੋ ਵੇਸੁ" ਹੈ । ਸਮਾ ਉਸ ਤੇ ਕਦੇ ਪ੍ਰਭਾਵ ਪਾ ਕੇ ਵੀ ਆਪਣਾ ਉਸ ਨੂੰ ਬਾਲਕ ਜਾਂ ਬੁੱਢਾ ਨਹੀਂ ਬਣਾ ਸਕਦਾ; ਕਿਉਂ ਜੁ ਉਹ ਸਮੇਂ ਦੀ ਹਦਬੰਦੀ ਤੋਂ ਉੱਚਾ ਹੈ । ਸਮੇਂ ਦੀ ਉਸੁ ਤਕ ਪਹੁੰਚ ਨਹੀਂ ਹੋ ਸਕਦੀ ।

ਗੁਰੂ ਨਾਨਕ ਜੀ ਮਹਾਰਾਜ ਨੇ ਆਪ ਵੀ ਆਪਣੇ ਪ੍ਰਭੂ ਨੂੰ ਸਮੇਂ ਦੇ ਪ੍ਰਭਾਵ ਤੇ ਵਟਾਉ-ਸਟਾਉ ਤੋਂ ਰਹਿਤ ਮੰਨਿਆ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ।

[ਜਪੁਜੀ, ਪੰਨਾ 7

"ਜੁਗੁ ਜੁਗੁ ਏਕੋ ਵੇਸੁ" ਦਾ ਇਸ ਤੋਂ ਛੁਟ ਹੋਰ ਕੋਈ ਵੀ ਭਾਵ ਨਹੀਂ ਕਿ ਉਹ ਪ੍ਰਭੂ ਸਮੇਂ ਦੇ ਵਟਾਉ-ਸਟਾਊ ਤੋਂ ਰਹਿਤ ਹੈ ਅਤੇ ਸਦਾ ਹੀ ਇਕ ਹਾਲਤ ਵਿਚ ਰਹਿੰਦਾ ਹੈ, ਜਾਣੋ, ਉਹ ਬਾਲਕ; ਜੁਆਨ ਤੇ ਬੁੱਢਾ ਹੋਣ ਤੋਂ ਰਹਿਤ ਹੈ ।

ਗੁਰਬਾਣੀ ਵਿਚ ਇਕ ਹੋਰ ਥਾਂ ਸਾਜਨਹਾਰ ਪ੍ਰਭੂ ਦੇ ਸਦਾ ਇਕ ਵੇਸ ਹੋਣ ਦੀ ਇਉਂ ਹਾਮੀ ਭਰੀ ਗਈ ਹੈ ਕਿ—

Digitized by Panjab Digital Library | www.panjabdigilib.org

ਦੁਤੀਆ ਦੁਹਕਰਿ ਜਾਨੈ ਅੰਗ ।
ਮਾਇਆ ਬ੍ਰਹਮ ਰਮੈ ਸਭ ਸੰਗ ।
ਨਾ ਓਹੁ ਬਢੈ ਨ ਘਟਤਾ ਜਾਇ ।
ਅਕੁਲ ਨਿਰੰਜਨ ਏਕੈ ਭਾਇ ॥

[ਗਉੜੀ, ਕਬੀਰ, ਪੰਨਾ 344

ਗੁਰਬਾਣੀ ਦੇ ਇਸ ਪਵਿੱਤਰ ਵਾਕ ਵਿਚ ਏਹੋ ਹੀ ਵਰਣਨ ਕੀਤਾ ਗਿਆ ਹੈ ਕਿ ਸਾਜਨਹਾਰ ਪ੍ਰਭੂ ਵਧਣ-ਘਟਣ ਤੋਂ ਰਹਿਤ ਹੈ, ਸਮਾ ਉਸ ਤੇ ਆਪਣਾ ਪ੍ਰਭਾਵ ਪਾਉਣ ਤੋਂ ਅਸਮਰਥ ਹੈ। ਉਹ "ਜੁਗੁ ਜੁਗੁ ਏਕੋ ਵੇਸੁ" ਹੀ ਹੈ ਉਸ ਤੇ ਕਦੇ ਵਟਾਉ-ਸਟਾਉ ਨਹੀਂ ਆ ਸਕਦਾ ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰੇ ਇਹ ਅਸਲੀਅਤ ਵਰਣਨ ਕੀਤੀ ਹੈ ਕਿ—

ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤਿ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ।
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ ॥

[ਸ੍ਰੀ ਦਸਮ ਗ੍ਰੰਥ, ਪੰਨਾ 24

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਫ਼ਰਮਾਨ ਵਿਚ ਵੀ ਏਹੋ ਹੀ ਵਰਣਨ ਕੀਤਾ ਗਿਆ ਹੈ ਕਿ ਸਾਰੇ ਹੀ ਵਿਸ਼ਵ ਵਿਚ ਇਕੋ ਇਕ ਪ੍ਰਭੂ ਦੀ ਜੋਤਿ ਦਾ ਪ੍ਰਕਾਸ਼ ਹੈ ਅਤੇ ਉਹ ਪ੍ਰਭੂ ਘਟਣ-ਵਧਣ ਜਾਂ ਵਧਣ-ਘਟਣ ਤੋਂ ਰਹਿਤ ਹੈ; ਕਿਉਂ ਜੁ ਸਮਾਂ ਉਸ ਤੇ ਕੋਈ ਪ੍ਰਭਾਵ ਨਹੀਂ ਪਾ ਸਕਦਾ। ਇਸ ਦੇ ਨਾਲ ਹੀ ਉਸ ਨੂੰ ਕੋਈ ਹਾਣ ਪਹੁੰਚਾਉਣ ਤੇ ਵੀ ਸਮਰਥ ਨਹੀਂ ਹੋ ਸਕਦਾ। ਉਸ ਦਾ ਸਰੂਪ ਸਦਾ ਇਕ ਸਮਾਨ ਹੈ। ਉਸ ਵਿਚ ਕੋਈ ਵਟਾਉ-ਸਟਾਉ ਹੋਣ ਦੀ ਸੰਭਾਵਨਾ ਨਹੀਂ ਕੀਤੀ ਜਾ ਸਕਦੀ।

ਗੁਰੂ ਗਰੰਥ ਸਾਹਿਬ ਵਿਚ ਕਾਲ-ਸਮੇਂ ਜਾਂ ਮੌਤ ਦਾ ਵੀ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਹੀ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

Digitized by Panjab Digital Library | www.panjabdigilib.org

ਕਾਲ ਅਕਾਲੁ ਖਸਮ ਕਾ ਕੀਨ੍ਹਾ
ਇਹੁ ਪਰਪੰਚੁ ਬਧਾਵਨ ॥

[ਮਾਰੂ ਕਬੀਰ, ਪੰਨਾ 1104

ਅਰਥਾਤ—ਕਾਲ (ਸਮਾਂ ਜਾਂ ਮੌਤ) ਅਕਾਲ ਪ੍ਰਭੂ (ਮੌਤ ਜਾਂ ਸਮੇਂ ਦੇ ਪ੍ਰਭਾਵ ਤੋਂ ਰਹਿਤ) ਦੁਆਰਾ ਹੀ ਹੋਂਦ ਵਿਚ ਆਇਆ ਹੈ। ਇਸ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਕਾਲ (ਸਮਾਂ ਜਾਂ ਮੌਤ) ਸਾਜਨਹਾਰ ਪ੍ਰਭੂ ਦਾ ਹੀ ਇਕ ਦਾਸ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਕੇਵਲ ਸਾਜਨਹਾਰ ਪ੍ਰਭੂ ਨੂੰ ਹੀ ਮੌਤ ਜਾਂ ਸਮੇਂ ਤੋਂ ਉੱਚਾ ਨਹੀਂ ਦਸਿਆ; ਸਗੋਂ ਉਸ ਦੇ ਇਨਾਮਾਂ ਨੂੰ ਵੀ ਸਮੇਂ, ਦੇਸ਼ਾਂ, ਜਾਤੀਆਂ, ਵੰਸਾਂ ਜਾਂ ਘਰਾਣਿਆਂ ਦੀਆਂ ਹਦ-ਬੰਦੀਆਂ ਤੋਂ ਉੱਚਾ ਵਰਣਨ ਕੀਤਾ ਹੈ; ਕਿਉਂਕਿ ਗੁਰੂ ਜੀ ਨੇ ਜੋ ਸ਼ਾਨ ਆਪਣੇ ਸਾਜਨਹਾਰ ਤੇ ਪਾਲਨ ਹਾਰ ਪ੍ਰਭੂ ਦੀ ਵਰਣਨ ਕੀਤੀ ਹੈ; ਉਹੋ ਹੀ ਉਸ ਦੇ ਇਨਾਮਾਂ ਦੀ ਵੀ ਦੱਸੀ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਜੇਵਡੁ ਆਪਿ ਤੇਵਡੁ ਤੇਰੀ ਦਾਤਿ।

[ਆਸਾ, ਮ: 1, ਪੰਨਾ 9 ਤੇ 349

ਅਰਥਾਤ—ਸਾਜਨਹਾਰ ਪ੍ਰਭੂ ਜਿਸ ਸ਼ਾਨ ਦਾ ਆਪ ਮਾਲਕ ਹੈ, ਉਹੋ ਹੀ ਸ਼ਾਨ ਉਸ ਦੀਆਂ ਦਾਤਾਂ ਜਾਂ ਇਨਾਮਾਂ ਦੀ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਜੇਵਡੁ ਸਾਹਿਬੁ ਤੇਵਡੁ ਦਾਤਿ ਦੇ ਦੇ ਕਰੇ ਰਜਾਈ।

[ਵਾਰ ਮਾਝ, ਸ: ਮ: 1, ਪੰਨਾ 147

ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਵਾਕ ਦੇ ਇਹ ਅਰਥ ਕੀਤੇ ਗਏ ਹਨ ਕਿ—

"ਜਿੰਨਾ ਵੱਡਾ ਉਹ ਹੈ, ਉੱਨੀਆਂ ਵੱਡੀਆਂ ਦਾਤਾਂ ਹਨ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 147

ਗਲ ਕੀ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਜਿਸ

Digitized by Panjab Digital Library | www.panjabdigilib.org

ਤਰ੍ਹਾਂ ਸਾਜਨਹਾਰ ਪ੍ਰਭੂ ਆਪ ਸਮੇਂ ਦੀਆਂ ਹੱਦ-ਬੰਦੀਆ ਤੋਂ ਉੱਚਾ ਹੈ। ਉਸੇ ਤਰ੍ਹਾਂ ਉਸ ਦੇ ਇਨਾਮ ਵੀ ਬੇਅੰਤ ਹਨ। ਉਹ ਵੀ ਸਮੇਂ ਦੀ ਕੈਦ ਤੋਂ ਬਾਹਰ ਹਨ। ਉਸ ਦੇ ਇਨਾਮਾਂ ਨੂੰ ਦੇਸ਼ਾਂ, ਜਾਤੀਆਂ, ਵਰਣਾਂ ਤੇ ਘਰਾਣਿਆ ਦੀਆਂ ਹਦ-ਬੰਦੀਆ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਨਾ ਹੀ ਉਹਨਾਂ ਨੂੰ ਕਿਸੇ ਖਾਸ ਸਮੇਂ ਜਾਂ ਜੁਗ ਨਾਲ ਹੀ ਜੋੜਿਆ ਜਾ ਸਕਦਾ ਹੈ। ਹਰ ਜੁਗ ਤੇ ਹਰ ਸਮੇਂ ਹਰੇਕ ਜਾਤੀ ਤੇ ਦੇਸ਼ ਨਾਲ ਸੰਬੰਧਤ ਪ੍ਰਾਣੀ ਉਸ ਦੇ ਨਿਕਟ ਵਰਤੀ ਬਣ ਸਕਦੇ ਹਨ। ਹਾਂ, ਇਸ ਲਈ ਇਸ ਗੱਲ ਦੀ ਵੱਡੀ ਲੋੜ ਹੈ ਕਿ ਉਸ ਦਾ ਸਿੱਧਾ ਮਾਰਗ ਧਾਰਨ ਕੀਤਾ ਜਾਏ ਤੇ ਉਸ ਅਨੁਸਾਰ ਵਰਤੋਂ ਕੀਤੀ ਜਾਏ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਫ਼ਰਮਾਇਆ ਗਿਆ ਹੈ ਕਿ—

وَالَّذِيْنَ جَاهَدُوْا فِيْنَا لَنَهْدِيَنَّهُمْ
سُبُلَنَا وَاِنَّ اللّٰهَ مَعَ الْمُحْسِنِيْنَ ○

ਅਰਥਾਤ—ਜੋ ਪ੍ਰਾਣੀ ਪ੍ਰਭੂ ਦੀ ਪ੍ਰਾਪਤੀ ਲਈ ਜਤਨ ਕਰਦੇ ਹਨ, ਪ੍ਰਭੂ ਉਹਨਾਂ ਲਈ ਆਪਣੇ ਮਿਲਣ ਦਾ ਮਾਰਗ ਖੋਲ੍ਹ ਦਿੰਦਾ ਹੈ। ਬੇਸ਼ੱਕ ਸਾਜਨਹਾਰ ਪ੍ਰਭੂ ਬਿਨਾਂ ਕਿਸੇ ਮੁਲਕੀ, ਕੌਮੀ ਨਸਲੀ ਜਾਂ ਘਰਾਣੇ ਦੇ ਵਿਤਕਰੇ ਦੇ ਪਰ-ਉਪਕਾਰੀ ਬੰਦਿਆਂ ਦੇ ਅੰਗ-ਸੰਗ ਹੋਇਆ ਕਰਦਾ ਹੈ, ਤੇ ਸਦਾ ਓਹਨਾਂ ਦੀ ਰਾਖੀ ਕੀਤਾ ਕਰਦਾ ਹੈ।

ਕੁਰਾਨ ਸ਼ਰੀਫ਼, ਦੇ ਇਸ ਜੀਅ-ਦਾਨ ਦੇਣ ਵਾਲੇ ਉਪਦੇਸ਼ ਨੂੰ ਕਿਸੇ ਖਾਸ ਸਮੇਂ, ਦੇਸ਼, ਜਾਤੀ, ਜਾਂ ਘਰਾਣੇ ਦੀ ਹਦ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ, ਸਗੋਂ ਕਿਆਮਤ ਤਕ ਆਉਣ ਵਾਲੇ ਲੋਕਾਂ ਲਈ ਇਹ ਇਕ ਆਮ ਐਲਾਨ ਹੈ; ਕਿਉਂ ਜੁ ਇਸਲਾਮ ਦਾ ਪ੍ਰਭੂ ਰੱਬੁਲ ਆਲਮੀਨ (ਸਾਰੇ ਜਹਾਨਾਂ ਤੇ ਸਮਿਆਂ ਦਾ ਸਾਜਨਹਾਰ ਤੇ ਪਾਲਨਹਾਰ) ਹੈ ਉਸ ਦੀ ਪਾਲਨਾ ਕਿਸੇ ਖਾਸ ਜੁਗ, ਸਮੇਂ, ਦੇਸ, ਜਾਤੀ, ਬੰਸ, ਵਰਣ, ਜਾਂ ਘਰਾਣੇ ਨਾਲ ਹੀ ਸੰਬੰਧਤ ਨਹੀਂ ਕੀਤੀ ਜਾ ਸਕਦੀ।

ਇਮਲਾਸ ਦੇ ਉੱਚੇ ਤੇ ਨੀਵੇਂ ਦੀ ਘਸਵਟੀ ਸੰਜਮਤਾ ਪੇਸ਼ ਕੀਤੀ ਹੈ। ਜਿਹੜਾ ਪ੍ਰਾਣੀ ਸੰਜਮੀ ਹੈ, ਉਹ ਉੱਚਾ ਹੈ, ਤੇ ਜਿਸ ਨੇ ਸੰਜਮਤਾਂ ਨੂੰ ਧਾਰਨ

Digitized by Panjab Digital Library | www.panjabdigilib.org

ਨਹੀਂ ਕੀਤਾ, ਉਹ ਨੀਵਾਂ ਹੈ; ਭਾਵੇਂ ਉਸ ਦਾ ਜਨਮ ਕਿਸੇ ਦੇਸ਼ ਜਾਂ ਜਾਤੀ ਵਿਚ ਹੋਇਆ ਹੋਵੇ। ਇਸ ਬਾਰੇ ਕੁਰਾਨ ਸ਼ਰੀਫ਼ ਦਾ ਇਹ ਸਪਸ਼ਟ ਫ਼ਰਮਾਨ ਹੈ ਕਿ—

يَا أَيُّهَا النَّاسُ إِنَّا خَلَقْنَاكُمْ مِنْ ذَكَرٍ وَأُنْثَىٰ
وَجَعَلْنَاكُمْ شُعُوبًا وَقَبَائِلَ لِتَعَارَفُوا ۚ خَبِيرٌ
إِنَّ أَكْرَمَكُمْ عِنْدَ اللَّهِ أَتْقَاكُمْ ۚ إِنَّ اللَّهَ عَلِيمٌ

ਅਰਥਾਤ—ਇਸਲਾਮ ਕਿਸੇ ਵੀ ਨਸਲੀ ਜਾਂ ਕੌਮੀ ਵਡਿਆਈ ਨੂੰ ਪਰਵਾਨ ਨਹੀਂ ਕਰਦਾ। ਸਾਰੇ ਪ੍ਰਾਣੀ ਆਪਣੇ ਜਨਮ ਦੇ ਲਿਹਾਜ਼ ਨਾਲ ਇਕ ਸਮਾਨ ਹਨ। ਹਾਂ, ਜੋ ਸਦਾਚਾਰੀ ਤੇ ਸੰਜਮੀ ਹਨ, ਤੇ ਸਾਰੇ ਹੀ ਭੈੜੇ ਕਰਮਾਂ ਤੋਂ ਬਚਣ ਤੇ ਭਲੇ ਕੰਮਾਂ ਵਲ ਲੱਗਣ ਦਾ ਜਤਨ ਕਰਦੇ ਹਨ, ਉਹ ਪਤਵੰਤੇ ਹਨ ਅਤੇ ਪ੍ਰਭੂ ਦੇ ਨਿਕਟ ਵਰਤੀਆਂ ਵਿਚੋਂ ਹਨ। ਓਹਨਾਂ ਦਾ ਜਨਮ ਭਾਵੇਂ ਕਿਸੇ ਦੇਸ਼, ਜਾਤੀ, ਵਰਣ, ਘਰਾਣੇ ਜਾਂ ਬੰਸ ਵਿਚੋਂ ਹੋਇਆ ਹੋਵੇ। ਬੇਸ਼ੱਕ ਇਸਲਾਮ ਦਾ ਪੇਸ਼ ਕੀਤਾ ਪ੍ਰਭੂ ਜਾਣਨਹਾਰ ਤੇ ਖ਼ਬਰਦਾਰ ਹੈ, ਕੋਈ ਵੀ ਉਸ ਨੂੰ ਛਲ ਜਾਂ ਕਪਟ ਨਾਲ ਧੋਖਾ ਨਹੀਂ ਦੇ ਸਕਦਾ। ਉਸ ਤੋਂ ਕੋਈ ਵੀ ਗੱਲ ਲੁਕੀ ਹੋਈ ਨਹੀਂ ਹੈ। ਉਹ ਅੰਤਰਜਾਮੀ ਹੋਣ ਕਰਕੇ ਘਟ ਘਟ ਦਾ ਜਾਣਨਹਾਰ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ—

ਸੋ ਵਡਾ ਜਿਨਿ ਰਾਮ ਲਿਵਲਾਈ।

[ਗਉੜੀ, ਮ: 5, ਪੰਨਾ 108

ਅਰਥਾਤ—ਉਹੋ ਹੀ ਵੱਡਾ ਹੈ, ਜਿਸ ਨੇ ਆਪਣੇ ਸਾਜਨਹਾਰ ਪ੍ਰਭੂ ਨਾਲ ਆਪਣੀ ਲਿਵ ਲਾਈ ਹੋਈ ਹੈ; ਭਾਵੇਂ ਉਹ ਕਿਸੇ ਵਰਣ ਜਾਂ ਜਾਤੀ ਵਿਚ ਪੈਦਾ ਹੋਇਆ ਹੈ।

ਗੁਰੂ ਨਾਨਕ ਜੀ ਮਹਾਰਾਜ ਦਾ ਪ੍ਰਭੂ ਬਾਰੇ ਵਿਚਾਰ ਵੱਡਾ ਉੱਚਾ ਤੇ ਸੁੱਚਾ ਸੀ। ਆਪ ਇਸ ਜਗ ਦੀ ਹਰੇਕ ਚੀਜ਼ ਵਿਚ ਆਪਣੇ ਸਾਜਨਹਾਰ ਦੀ ਜੋਤਿ ਵੇਖਦ ਸਨ। ਆਪ ਦੇ ਵਿਚਾਰ ਅਨੁਸਾਰ ਕੋਈ ਵੀ ਪ੍ਰਾਣੀ ਆਪਣੇ ਜਨਮ ਦੇ ਲਿਹਾਜ਼

Digitized by Panjab Digital Library | www.panjabdigilib.org

ਨਾਲ ਦੂਜਿਆਂ ਤੇ ਕੋਈ ਵਿਸ਼ੇਸ਼ਤਾ ਨਹੀਂ ਰਖਦਾ ਸੀ; ਸਗੋਂ ਮਨੁੱਖ ਹੋਣ ਦੇ ਨਾਤੇ ਤੇ ਸਾਰੇ ਹੀ ਇਕ ਸਮਾਨ ਸਨ; ਕਿਉਂਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਓਹਨਾਂ ਸਾਰਿਆਂ ਵਿਚ ਹੀ ਓਹਨਾਂ ਦੇ ਪ੍ਰਭੂ ਦਾ ਨੂਰ ਇਕ ਸਮਾਨ ਸੀ; ਜਿਹਾ ਕਿ ਗੁਰੂ ਦਾ ਫ਼ਰਮਾਨ ਹੈ ਕਿ—

ਸਭਿ ਮਹਿ ਜੋਤਿ ਜੋਤਿ ਹੈ ਸੋਇ ।
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

[ਧਨਾਸਰੀ, ਮ: 1, ਪੰਨਾ 13 ਤੇ 663

ਅਰਥਾਤ—ਹਰੇਕ ਵਿਚ ਸਾਜਨਹਾਰ ਪ੍ਰਭੂ ਦੀ ਜੋਤਿ ਹੈ ਅਤੇ ਉਸ ਦੀ ਜੋਤਿ ਦਾ ਹੀ ਹਰੇਕ ਵਿਚ ਪ੍ਰਕਾਸ਼ ਹੋ ਰਿਹਾ ਹੈ।

ਸੋ ਜਿਹੜਾ ਮਹਾਨ ਬਜ਼ੁਰਗ ਇਹ ਮੰਨਦਾ ਹੈ ਕਿ ਸਾਰੇ ਹੀ ਮਨੁੱਖ ਪ੍ਰਭੂ ਦੇ ਨੂਰ ਤੋਂ ਸਾਜੇ ਗਏ ਹਨ ਅਤੇ ਸਾਰਿਆਂ ਵਿਚ ਹੀ ਉਸ ਦੇ ਨੂਰ ਦਾ ਪ੍ਰਕਾਸ਼ ਹੋ ਰਿਹਾ ਹੈ; ਉਸ ਬਾਰੇ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਉਹ ਕਿਸੇ ਖਾਸ ਦੇਸ਼, ਜਾਤੀ, ਵਰਣ, ਬੰਸ ਜਾਂ ਘਰਾਣੇ ਨੂੰ ਅੱਲਾਹ ਦਾ ਨਿਕਟ-ਵਰਤੀ ਬਣਨ ਲਈ ਜ਼ਰੂਰੀ ਮੰਨ ਸਕਦਾ ਹੈ ।

ਗੁਰੂ ਗ੍ਰੰਥ ਸਾਹਿਬ ਦੇ ਇਕ ਹੋਰ ਸ਼ਬਦ ਤੋਂ ਵੀ ਏਹੋ ਅਗਵਾਈ ਮਿਲਦੀ ਹੈ ਕਿ ਪ੍ਰਭੂ ਨੇ ਹਰੇਕ ਮਨੁੱਖ ਨੂੰ ਆਪਣੇ ਨੂਰ ਤੋਂ ਸਾਜਿਆ ਹੈ; ਜਿਹਾ ਕਿ ਵਰਣਨ ਹੈ ਕਿ—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।
ਲੋਗਾ ਭਰਮਿ ਨਾ ਭੂਲਹੁ ਭਾਈ ।
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ।
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ।
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ।
ਸਭ ਮਹਿ ਸਾਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ।
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ।

Digitized by Panjab Digital Library | www.panjabdigilib.org

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ।
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥

[ਪ੍ਰਭਾਤੀ, ਕਬੀਰ, ਪੰਨਾ 1349-50

ਅਰਥਾਤ—ਆਦਿ ਕਾਲ ਵਿਚ ਪ੍ਰਭੂ ਨੇ ਆਪਣੇ ਨੂਰ ਦੀ ਸਾਜਨਾ ਕੀਤੀ ਸੀ ਤੇ ਫੇਰ ਆਪਣੀ ਕੁਦਰਤ ਦੁਆਰਾ ਬਹੁਤ ਸਾਰੇ ਬੰਦੇ ਹੋਂਦ ਵਿਚ ਆਂਦੇ ਸਨ । ਇੱਕੋ ਨੂਰ ਤੋਂ ਹੀ ਸਾਰੇ ਜਗ ਦੀ ਸਾਜਨਾ ਕੀਤੀ ਸੀ । ਕਿਹੜਾ ਚੰਗਾ ਹੈ ਤੇ ਕਿਹੜਾ ਮੰਦਾ ? ਭਾਵ ਇਹ ਕਿ ਜਨਮ ਤੋਂ ਨਾ ਕੋਈ ਚੰਗਾ ਹੈ ਤੇ ਨਾ ਮੰਦਾ । ਹੇ ਲੋਕੋ ! ਤੁਸੀਂ ਭਰਮ ਵਿਚ ਪੈ ਕੇ ਭੁੱਲ ਨਾ ਕਰੋ । ਖਾਲਕ ਆਪਣੀ ਖਲਕਤ ਵਿਚ ਹੈ ਤੇ ਖਲਕਤ ਆਪਣੇ ਖਾਲਕ ਦੇ ਘੇਰੇ ਵਿਚ ਹੈ, ਅਰਥਾਤ ਸਾਜਨਹਾਰ ਪ੍ਰਭੂ ਹਰ ਥਾਂ ਸਮਾਇਆ ਹੋਇਆ ਹੈ । ਇਕੋ ਮਿੱਟੀ ਤੋਂ ਅਨੇਕ ਭਾਂਤ ਦੀ ਰਚਨਾ ਰਚਨਹਾਰ ਨੇ ਰਚਾਈ ਹੈ । ਨਾ ਤਾਂ ਮਿੱਟੀ ਵਿਚ ਹੀ ਕੋਈ ਘਾਟ ਹੈ ਤੇ ਨਾ ਰਚਨਹਾਰ ਵਿਚ । ਸਾਰਿਆਂ ਵਿਚ ਹੀ ਉਹ ਸੱਚਾ ਸਮਾਇਆ ਹੋਇਆ ਹੈ । ਉਸੇ ਦਾ ਹੀ ਕੀਤਾ ਸਭ ਕੁਝ ਹੋ ਰਿਹਾ ਹੈ । ਜੋ ਪ੍ਰਾਣੀ ਉਸ ਦੇ ਹੁਕਮ ਨੂੰ ਪਛਾਣ ਲੈਂਦਾ ਹੈ, ਉਹ ਇੱਕੋ ਇਕ ਪ੍ਰਭੂ ਨੂੰ ਵੀ ਜਾਣ ਲੈਂਦਾ ਹੈ । ਉਹੋ ਹੀ ਬੰਦਾ ਕਹਾਉਣ ਦਾ ਅਧਿਕਾਰੀ ਹੈ । ਮੇਰੇ ਗੁਰੂ ਨੇ ਮੈਨੂੰ ਇਹ ਮਿੱਠਾ ਗੁੜ ਦੇ ਦਿੱਤਾ ਹੈ ਕਿ ਪ੍ਰਭੂ ਅਲਖ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ । ਕਬੀਰ ਜੀ ਆਖਦੇ ਹਨ ਕਿ ਹੁਣ ਮੇਰੇ ਸਾਰੇ ਸ਼ੰਕੇ ਨਵਿਰਤ ਹੋ ਗਏ ਹਨ ਤੇ ਮੈਨੂੰ ਹਰ ਥਾਂ ਸਾਜਨਹਾਰ ਪ੍ਰਭੂ ਦਿਸ ਰਿਹਾ ਹੈ ।

ਸ੍ਰੀ ਦਸਮ ਗ੍ਰੰਥ ਵਿਚ ਮਨੁੱਖ ਜਾਤੀ ਬਾਰੇ ਇਹ ਵਰਣਨ ਹੈ ਕਿ—

ਮਾਨਸ ਕੀ ਜਾਤਿ ਸਬੈ ਏਕੈ ਪੈਚਾਨਬੋ ।

[ਦਸਮ ਗ੍ਰੰਥ, ਪੰਨਾ 17

ਅਰਥਾਤ :—

ਏਕ ਹੀ ਕੀ ਸੇਵ ਸਬ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕ ਜੋਤ ਜਾਨਬੋ ।

ਸੋ ਗੱਲ ਕੀ, "ਸਭ ਮਹਿ ਜੋਤਿ ਜੋਤਿ ਹੈ ਸੋਇ ।" ਤੇ "ਏਕ ਨੂਰ ਤੇ ਸਭੁ ਜਗੁ ਉਪਜਿਆ" ਅਤੇ "ਏਕ ਹੀ ਸਰੂਪ ਸਬੈ ਏਕ ਜੋਤਿ ਜਾਨਬੋ" ਦੀ ਆਵਾਜ਼

Digitized by Panjab Digital Library | www.panjabdigilib.org

ਉੱਚੀ ਕਰਨ ਵਾਲੇ ਮਹਾਨ ਬਜ਼ੁਰਗਾਂ ਬਾਰੇ ਕੋਈ ਵੀ ਇਹ ਆਖਣ ਦਾ ਹੀਆ ਨਹੀਂ ਕਰ ਸਕਦਾ ਕਿ ਓਹ ਪ੍ਰਭੂ ਦਾ ਨਿਕਟ-ਵਰਤੀ ਬਣਨ ਲਈ ਕਿਸੇ ਖਾਸ ਦੇਸ਼, ਜਾਤੀ, ਵਰਣ, ਬੰਸ, ਜਾਂ ਘਰਾਣੇ ਵਿਚੋਂ ਹੋਣਾ ਜ਼ਰੂਰੀ ਮੰਨਦੇ ਸਨ।

ਸ੍ਰੀ ਗੁਰੂ ਗਰੰਥ ਸਾਹਿਬ ਸਪਸ਼ਟ ਅਖਰਾਂ ਵਿਚ ਇਹ ਐਲਾਨ ਕੀਤਾ ਗਿਆ ਹੈ ਕਿ—

ਜਾਤਿ ਕੁਲੀਨੁ ਸੇਵਕੁ ਜੇ ਹੋਇ ।
ਤਾ ਕਾ ਕਹਣਾ ਕਹਹੁ ਨ ਕੋਇ ।
ਵਿਚਿ ਸਨਾਤੀ ਸੇਵਕੁ ਹੋਇ ।
ਨਾਨਕ ਪਣੀਆ ਪਹਿਰੈ ਸੋਇ ॥

(ਮਲਾਰ, ਮ: 1, ਪੰਨਾ 1256

ਅਰਥਾਤ—ਭਾਵੇਂ ਕੋਈ ਪ੍ਰਾਣੀ ਕਿਸੇ ਦੇਸ, ਜਾਤੀ ਜਾਂ ਘਰਾਣੇ ਵਿਚੋਂ ਹੀ ਕਿਉਂ ਨਾ ਹੋਵੇ ? ਜੇ ਉਹ ਪ੍ਰਭੂ ਦਾ ਭਜਨੀਕ ਹੈ, ਤਾਂ ਉਸ ਦੀ ਦਸ਼ਾ ਜਾ ਸ਼ਾਨ ਵਰਣਨ ਨਹੀਂ ਕੀਤੀ ਜਾ ਸਕਦੀ । ਜੇ ਕੋਈ ਕਿਸੇ ਅਖੌਤੀ ਜਾਤੀ ਦਾ ਬੰਦਾ ਧਰਮੀ ਤੇ ਸਦਾਚਾਰੀ ਹੈ, ਤਾਂ ਗੁਰੂ ਨਾਨਕ ਜੀ ਮਹਾਰਾਜ ਫਰਮਾਉਂਦੇ ਹਨ, ਕਿ ਉਹ ਵੱਡੀ ਉੱਚੀ ਸ਼ਾਨ ਵਾਲਾ ਸਮਝਿਆ ਜਾਂਦਾ ਹੈ। ਮੈਂ ਆਪਣੇ ਤਨ ਦੇ ਜੁੱਤੇ ਉਸ ਨੂੰ ਪੁਆਉਣ ਲਈ ਤਿਆਰ ਹਾਂ।

ਇਕ ਸਿੱਖ ਵਿਦਵਾਨ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ:—

"ਗੁਰੂ ਨਾਨਕ ਜੀ ਨੇ ਜਾਤ ਪਾਤ ਦੇ ਉੱਚੇ ਮਹੱਲ ਉੱਤੇ ਕਰਾਰੀ ਸੱਟ ਮਾਰੀ। ਰੱਬ ਦੀ ਨਜ਼ਰ ਵਿਚ ਸਾਰੇ ਇਕ ਹਨ। ਜਾਤੀ ਦੇ ਹੱਥ ਵਿਚ ਕੁਝ ਨਹੀਂ। ਜ਼ਹਿਰ ਜੇ ਉੱਚੀ ਜਾਤੀ ਦੇ ਹੱਥ ਵਿਚ ਰਖਿਆ ਜਾਏ ਤੇ ਉਸ ਨੂੰ ਆਖਿਆ ਜਾਵੇ ਚੱਖ, ਮਰੇਗਾ। ਉਥੇ ਸਿਰਫ ਸੱਚ ਨੇ ਹੀ ਚੱਲਣਾ ਹੈ, ਓੱਚੀ ਜਾਤ ਨਹੀਂ ਬਚਾ ਸਕੇਗੀ।"

[ਸਾਡਾ ਇਤਿਹਾਸ, ਭਾਗ ਪਹਿਲਾ, ਪੰਨਾ 40

ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ—

"ਸਤਿਗੁਰੂ ਨਾਨਕ ਦੇਵ ਜੀ ਦੇ ਵਿਚਾਰ ਸਰਬ ਸਾਂਝੇ ਹਨ। ਰੰਗ,

Digitized by Panjab Digital Library | www.panjabdigilib.org

ਨਸਲ, ਮੁਲਕ, ਹਰ ਕਿਸਮ ਦੇ ਵਿਤਕਰੇ ਤੋਂ ਉਚੇਰੇ ਹਨ। ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ ਦਾ ਨਾਅਰਾ ਲਾ ਕੇ ਸਾਰੇ ਮਨੁੱਖਾਂ ਨੂੰ ਇਕੋ ਪੱਧਰ ਤੇ ਖੜਾ ਕਰ ਕੇ ਗਲਵਕੜੀਆਂ ਪੁਆ ਦਿਤੀਆਂ ਸਨ।"

(ਅਜੀਤ ਜਲੰਧਰ. ਗੁਰੂ ਨਾਨਕ ਨੰਬਰ 1969

ਇਕ ਹੋਰ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ—

"ਯਹੂਦੀ ਹੀ ਯਹੋਵਾ ਦੇ ਚੁਣਵੇਂ ਬੱਚੇ ਹਨ ਤੇ ਈਰਖਾਲੂ ਯਹੋਵਾ...........ਨਾ ਆਪਣੇ ਮੁਕਾਬਲੇ ਵਿਚ ਕਿਸੇ ਇਸ਼ਟ ਦੀ ਉਪਾਸਨਾ ਤਕ ਸਕਦਾ ਹੈ ਤੇ ਨਾ ਆਪਣੇ ਬੱਚਿਆਂ ਇਸਰਾਈਲੀਆਂ ਦੇ ਬਰਾਬਰ ਕਿਸੇ ਮਨੁੱਖ ਨੂੰ ਖੜੇ ਹੋਣ ਦੀ ਆਗਿਆ ਦਿੰਦਾ ਹੈ।"

(ਰਸਾਲਾ ਅੰਮ੍ਰਿਤ, ਅੰਮ੍ਰਿਤਸਰ ਨਵੰਬਰ 1939

ਇਕ ਸਿੱਖ ਵਿਦਵਾਨ ਨੇ ਗੁਰਮਤਿ ਦੀ ਸਿੱਖਿਆ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ—

"ਉਸ ਸਿਫ਼ਤਾਂ ਦੇ ਸਾਈਂ ਨੂੰ, ਨਾ ਕਰਮ ਪਿਆਰੇ ਹਨ, ਨਾ ਸੁਚ ਪਵਿੱਤਰਤਾ ਦੀ ਲੋੜ ਹੈ, ਨਾ ਸੋਹਣੇ ਕੋਝੇ ਦਾ ਫ਼ਰਕ ਹੈ, ਨਾ ਗੁਣ ਵਿਦਿਆ ਦੀ ਭਾਲ ਹੈ। ਉਹ ਤਾਂ ਕੇਵਲ ਇਸੀ ਅਸੂਲ ਦਾ ਆਰਜ਼ੂਮੰਦ ਹੈ ਕਿ ਮੇਰੇ ਬਚੇ ਮੇਰੇ ਪਾਸੋਂ ਨਾ ਫ਼ਰਮਾਨ ਨਾ ਹੋ ਜਾਵਨ। ਮੈਨੂੰ ਭੁੱਲ ਕੇ ਅਕ੍ਰਿਤਘਣ ਨਾ ਹੋਵਨ, ਮੇਰੀਆਂ ਦਾਤਾਂ ਨੂੰ ਖਾ ਕੇ ਹਉਮੈ ਨਾ ਕਰਨ ਤੇ ਸਦਾ ਮੇਰੀ ਬੰਦਗੀ ਵਿਚ ਲਗੇ ਰਹਿਣ ਤੇ ਉਹੀ ਮੈਨੂੰ ਪਿਆਰੇ ਹਨ ਤੇ ਉਹਨਾਂ ਵਾਸਤੇ ਹੀ ਮੇਰੀਆਂ ਦਾਤਾਂ ਹਨ।"

(ਪ੍ਰਤਖਯ ਦਰਸ਼ਨ ਪੰਨਾ 18

ਸੋ ਗੱਲ ਕੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਪ੍ਰਭੂ ਪਖਪਾਤੀ ਨਹੀਂ ਹੈ; ਸਗੋਂ ਉਸ ਲਈ ਸਾਰੇ ਹੀ ਜਗ ਵਿਚ ਵਿਚਰ ਰਹੇ ਮਨੁੱਖ ਇਕ ਸਮਾਨ ਹਨ ਅਤੇ ਉਹ ਸਾਰਿਆਂ ਦੀ ਹੀ ਇਕ ਸਮਾਨ ਸਰੀਰਕ ਤੇ ਆਤਮਕ ਪਾਲਨਾ ਕਰ ਰਿਹਾ ਹੈ, ਜੋ ਵੀ ਪ੍ਰਾਣੀ ਉਸ ਦੇ ਨਿਕਟ-ਵਰਤੀ ਬਣਨ ਦਾ ਮਾਰਗ ਧਾਰਨ ਕਰਦਾ ਹੈ, ਉਹ ਬਿਨਾਂ ਕਿਸੇ ਰੋਕ-ਟੋਕ ਦੇ ਉਸ ਦਾ ਨਿਕਟ-ਵਰਤੀ ਬਣ ਸਕਦਾ ਹੈ। ਉਸ ਦਾ ਨਿਕਟ-ਵਰਤੀ ਬਣਨ ਲਈ ਵਿਸੇਸ਼ ਯੁਗ, ਸਮੇਂ, ਦੇਸ਼, ਜਾਤੀ ਵਰਣ ਜਾਂ ਘਰਾਣੇ ਵਿਚੋਂ ਹੋਣਾ ਜ਼ਰੂਰੀ ਨਹੀਂ ਹੈ।

Digitized by Panjab Digital Library | www.panjabdigilib.org

## ਈਸਾਈ ਮਤਿ ਵਿਚ ਪ੍ਰਭੂ ਦਾ ਤਸੱਵਰ ਤੇ

# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਅਸੀਂ ਪਿਛੇ ਇਹ ਦਸ ਆਏ ਹਾਂ ਕਿ ਈਸਾਈ ਮਤਿ ਵਿਚ ਪ੍ਰਭੂ ਦਾ ਤਸੱਵਰ ਤਿਗੜੇ (ਤਸਲੀਸ) ਨਾਲ ਸੰਬੰਧਤ ਹੈ। ਉਹ ਇਕ ਤਿੰਨ ਤੇ ਤਿੰਨ ਇਕ ਦੇ ਅਣੋਖੇ ਸਿਧਾਂਤ ਨੂੰ ਅਪਣਾਉਂਦੇ ਹਨ, ਅਰਥਾਤ ਉਹ ਪਿਤਾ, ਪੁੱਤਰ ਤੇ ਪਵਿੱਤਰ ਆਤਮਾ ਦੇ ਸਮੁਦਾਇ ਨੂੰ ਇਕ ਪ੍ਰਭੂ ਮੰਨਦੇ ਹਨ। ਗੁਰੂ ਨਾਨਕ ਜੀ ਮਹਾਰਾਜ ਦੀ ਪਵਿੱਤਰ ਬਾਣੀ ਤੋਂ ਸਾਨੂੰ ਇਹ ਅਗਵਾਈ ਮਿਲਦੀ ਹੈ ਕਿ ਸ੍ਰੀ ਗੁਰੂ ਜੀ ਕਿਸੇ ਵੀ ਤਿਗੜੇ ਜਾਂ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਨਹੀਂ ਮੰਨਦੇ ਸਨ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਆਦਿ ਨਿਰੰਜਨੁ ਨਿਰਮਲੁ ਸੋਈ।
ਅਵਰੁ ਨਾ ਜਾਣਾ ਦੂਜਾ ਕੋਈ।
ਏਕੰਕਾਰੁ ਵਸੈ ਮਨਿ ਭਾਵੈ।
ਹਉਮੈ ਗਰਬੁ ਗਵਾਇਦਾ ॥
ਅੰਮ੍ਰਿਤੁ ਪੀਆ ਸਤਿਗੁਰ ਦੀਆ।
ਅਵਰੁ ਨ ਜਾਣਾ "ਦੂਆ" "ਤੀਆ"।
ਏਕੋਏਕੁ ਸੁ ਅਪਰ ਪਰੰਪਰੁ
ਪਰਖਿ ਖ਼ਜਾਨੈ ਪਾਇਦਾ ॥

(ਮਾਰੂ, ਮ: 1, ਪੰਨਾ 1034

ਅਰਥਾਤ—ਨਿਰੰਜਨ ਤੇ ਨਿਰਮਲ ਪ੍ਰਭੂ ਹੀ ਸਭ ਦਾ ਆਦਿ ਹੈ। ਮੈਂ ਕਿਸੇ ਦੂਜੇ ਨੂੰ ਉੱਕਾ ਹੀ ਨਹੀਂ ਜਾਣਦਾ, ਮੇਰੇ ਮਨ ਵਿਚ ਇਕੋ ਇਕ ਪ੍ਰਭੂ ਹੀ ਵਸ ਰਿਹਾ ਹੈ. ਜੋ ਹਉਮੈ ਦਾ ਗਰਬ ਗੁਆ ਦਿੰਦਾ ਹੈ। ਭਾਵ ਉਸ ਨਾਲ ਜੁੜਿਆਂ ਮਨੁੱਖ ਦੀ ਸਾਰੀ ਹਉਮੈ ਉੱਕੀ ਹੀ ਜਾਂਦੀ ਰਹਿੰਦੀ ਹੈ।



Digitized by Panjab Digital Library | www.panjabdigilib.org

ਮੈਂ ਆਪਣੇ ਗੁਰੂ ਤੋਂ ਅੰਮ੍ਰਿਤਪਾਨ ਕਰ ਲਿਆ ਹੈ ਤੇ ਹੁਣ ਮੈਂ ਕਿਸੇ "ਦੂਜੇ" ਜਾਂ "ਤੀਜੇ" ਨੂੰ ਉੱਕਾ ਹੀ ਨਹੀਂ ਜਾਣਦਾ। ਉਹ ਪ੍ਰਭੂ ਇਕੋ ਇਕ ਹੀ ਹੈ, ਉਹ ਦੋ ਜਾਂ ਤਿੰਨ ਦਾ ਸਮੁਦਾਇ ਨਹੀਂ ਹੈ। ਉਹੋ ਹੀ ਪਰਖ ਕਰ ਕੇ ਸਭ ਨੂੰ ਖ਼ਜ਼ਾਨੇ ਵਿਚ ਪਾਉਂਦਾ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਤਿਗੜੇ ਬਾਰੇ ਇਹ ਫ਼ਰਮਾਇਆ ਹੈ ਕਿ—

ਗਣਤ ਗਣੀਐ ਸਹਸਾ ਜੀਐ।
ਕਿਉ ਸੁਖੁ ਪਾਵੈ "ਦੂਐ" "ਤੀਐ"।
ਨਿਰਮਲੁ ਏਕੁ ਨਿਰੰਜਨੁ ਦਾਤਾ
ਗੁਰ ਪੂਰੇ ਤੇ ਪਤਿ ਪਾਈ ਹੇ।

(ਮਾਰੂ ਮ: 1, ਪੰਨਾ 1023

ਅਰਥਾਤ—ਦੋ ਜਾਂ ਤਿੰਨਾਂ ਦੇ ਸਮੁਦਾਇ (ਤਿਗੜੇ) ਨੂੰ ਪ੍ਰਭੂ ਮੰਨਿਆਂ ਪ੍ਰਾਣੀ ਸੱਚਾ ਸੁੱਖ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ। ਉਹ ਪ੍ਰਭੂ ਇਕੋ ਇਕ ਹੈ। ਪੂਰੇ ਗੁਰੂ ਦੁਆਰਾ ਮੈਨੂੰ ਸਤਿਕਾਰ ਮਿਲ ਗਿਆ ਹੈ। ਮੈਂ ਕਿਸੇ "ਤਿਗੜੇ" ਜਾਂ "ਤ੍ਰਿਤਵ" ਨੂੰ ਮੰਨਣ ਦੀ ਥਾਂ ਇਕੋ ਇਕ ਪ੍ਰਭੂ ਦਾ ਸ਼ਰਧਾਲੂ ਹਾਂ।

ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਤਿਗੜੇ (ਤਸਲੀਸ) ਬਾਰੇ ਇਹ ਵਰਣਨ ਹੈ ਕਿ :—

ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨ ਸੇਮ ਏਕ ਸੋ ਆਹੀ॥

ਗਉੜੀ, ਰਵਿਦਾਸ ਪੰਨਾ 345

ਅਰਥਾਤ—ਸਦਾ ਦੀ ਪਾਤਿਸ਼ਾਹੀ ਕਾਇਮ ਦਾਇਮ ਪ੍ਰਭੂ ਦੀ ਹੀ ਹੈ। ਉਸ ਦੇ ਨਾਲ ਕੋਈ ਦੂਜਾ ਜਾਂ ਤੀਜਾ ਸ਼ਰੀਕ ਨਹੀਂ ਹੈ। ਉਹ ਇਕੋ ਇਕ ਹੀ ਹੈ।

ਇਕ ਸਿੱਖ ਵਿਦਵਾਨ ਨੇ ਗੁਰੂ ਗ੍ਰੰਥ ਸਾਹਿਬ ਦੇ ਇਸ ਪਵਿੱਤਰ ਵਾਕ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਹੈ ਕਿ—

"ਈਸਾਈ ਲੋਕ ਈਸ਼ਵਰ ਦੇ ਤਿੰਨ ਭਾਗ ਮੰਨਦੇ ਹਨ—ਪਿਤਾ, ਪੁੱਤਰ, ਪਵਿਤਰ ਆਤਮਾ। ਅਰ ਹਿੰਦੂ ਲੋਕ ਵੀ ਬ੍ਰਹਮਾ, ਬਿਸ਼ਨ, ਮਹੇਸ਼ ਤ੍ਰਿਧਾਤਮ ਮੂਰਤੀ

Digitized by Panjab Digital Library | www.panjabdigilib.org

ਈਸ਼ਵਰ ਨੂੰ ਮੰਨਦੇ ਹਨ। ਇਸ ਤੁਕ ਵਿਚ ਦਸਦੇ ਹਨ ਕਿ ਈਸ਼ਵਰ ਦੇ (ਟਾਕਰੇ ਤੇ) ਨਾ ਕੋਈ ਦੂਜਾ......ਹੈ, ਅਰ ਨਾ ਉਸ ਵਿਚ ਤਿੰਨ ਦੀ ਸੰਭਾਵਨਾ ਹੈ। ਉਹ ਸੁਧ ਚੇਤਨ ਇਕ ਸਰੂਪ ਹੀ ਹੈ।"

(ਗੁਰੂ ਗਰੰਥ ਕੋਸ਼, ਪੰਨਾ 207

ਇਕ ਹੋਰ ਸਿੱਖ ਵਿਦਵਾਨ ਜੀ ਨੇ ਇਹ ਲਿਖਿਆ ਹੈ ਕਿ :—

"ਗੁਰਮਤਿ ਵਿਚ ਇਕ ਅਕਾਲ ਪੁਰਖ ਹੀ ਅਨਾਦੀ ਮੰਨਿਆ ਗਿਆ ਹੈ। ਹੋਰ "ਦੂਜਾ", "ਤੀਜਾ" ਆਦਿ ਜੋ ਭਾਸਦਾ ਹੈ, ਉਹ ਉਸੇ ਇਕ ਤੋਂ ਹੈ, ਅਥਵਾ ਉਸੀ ਇਕ ਦੀ ਬਿਵਰਤ ਹੈ।"

(ਖਾਲਸਾ ਧਰਮ ਸ਼ਾਸਤਰ, ਪੰਨਾ 43

ਅਰਥਾਤ :—

"ਕਰਤਾਰ ਦੇ ਮੁਕਾਬਲੇ ਨਾ ਦੂਜਾ ਯਾਰ ਹੈ। ਨਾ ਤ੍ਰਿਤਵ (Trinity) ਦਾ ਮਸਲਾ ਹੈ।"

(ਮਹਾਨ ਕੋਸ਼, ਪੰਨਾ 981

ਏਹਨਾਂ ਪ੍ਰਮਾਣਾਂ ਤੋਂ ਸਾਫ਼ ਸਿਧ ਹੈ ਕਿ ਸਿੱਖ ਵਿਦਵਾਨਾਂ ਦੇ ਵਿਚਾਰ ਅਨੁਸਾਰ ਵੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤਿਗੜੇ (ਤਸਲੀਸ) ਨੂੰ ਨਹੀਂ ਮੰਨਦੇ ਸਨ ਅਤੇ ਨਾ ਗੁਰਮਤਿ ਵਿਚ ਈਸਾਈ ਮਤ ਦੇ ਵਰਨਣ ਕੀਤੇ ਤਿਗੜੇ ਤਿੰਨਾਂ ਦੇ ਸਮੁਦਾਇ ਨੂੰ ਹੀ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਕਿਸੇ ਪੱਖ ਤੋਂ ਵੀ ਤਿਗੜੇ (ਤਸਲੀਸ) ਨੂੰ ਨਹੀਂ ਮੰਨਦੇ ਸਨ। ਸ੍ਰੀ ਗੁਰੂ ਜੀ ਦੇ ਵਿਚਾਰ ਅਨੁਸਾਰ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਣ ਦਾ ਸਿਧਾਂਤ ਪ੍ਰਭੂ ਦੀ ਏਕਤਾ ਦੇ ਉੱਕਾ ਹੀ ਵਿਰੁਧ ਹੈ। ਸ੍ਰੀ ਗੁਰੂ ਜੀ ਨੇ ਤਿਗੜੇ (ਤਸਲੀਸ) ਦੇ ਖੰਡਨ ਕਰਨ ਸਮੇਂ ਕੁਰਾਨ ਸ਼ਰੀਫ਼ ਦੇ ਢੰਗ ਅਨੁਸਾਰ ਅਮੂਮੀਅਤ ਨੂੰ ਹੀ ਮੁਖ ਰਖਿਆ ਹੈ; ਜਿਹਾ ਕਿ ਕੁਰਾਨ ਸ਼ਰੀਫ਼ ਦਾ ਕਥਨ ਹੈ ਕਿ—

لَقَدْ كَفَرَ الَّذِيْنَ قَالُوْا اِنَّ اللّٰهَ ثَالِثُ ثَلٰثَةٍ ۔
وَمَا مِنْ اِلٰهٍ اِلَّا اِلٰهٌ وَّاحِدٌ ۔

ਅਰਥਾਤ—ਜੋ ਲੋਕ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਨੂੰ ਮੰਨਦੇ ਹਨ ਤੇ ਤਿਗੜੇ

Digitized by Panjab Digital Library | www.panjabdigilib.org

ਦੇ ਸਿਧਾਂਤ ਨੂੰ ਅਪਣਾਉਂਦੇ ਹਨ, ਓਹ ਕੁਫਰ ਦੇ ਧਾਰਨੀ ਹਨ। ਓਹਨਾਂ ਨੂੰ ਇਕੋ ਇਕ ਪ੍ਰਭੂ ਦੇ ਸ਼ਰਧਾਲੂ ਨਹੀਂ ਕਿਹਾ ਜਾ ਸਕਦਾ। ਪ੍ਰਭੂ ਤੋਂ ਛੁਟ ਕੋਈ "ਦੂਜਾ" ਜਾਂ "ਤੀਜਾ" ਇਸ਼ਟ ਨਹੀਂ ਹੈ। ਉਹ ਇਕੋ ਇਕ ਹੀ ਹੈ।

ਕੁਰਾਨ ਸ਼ਰੀਫ਼ ਦੀ ਇਸ ਪਵਿੱਤਰ ਆਇਤ ਵਿਚ ਤਿਗੜੇ ਦੇ ਸਿਧਾਂਤ ਦਾ ਖੰਡਨ ਅਮੂਮੀ ਰੰਗ ਵਿਚ ਕੀਤਾ ਗਿਆ ਹੈ, ਇਸ ਦਾ ਮੂਲਕਾਰ ਇਹ ਹੈ ਕਿ ਜਗ ਵਿਚ ਕਈ ਤਿਗੜੇ (ਤਿੰਨਾਂ ਦੇ ਸਮੁਦਾਇ ਪ੍ਰਭੂ) ਮੰਨੇ ਜਾਂਦੇ ਹਨ ਇਸ ਲਈ ਕੁਰਾਨ ਸ਼ਰੀਫ ਨੇ ਇਹ ਢੰਗ ਅਪਣਾਇਆ ਹੈ। ਈਸਾਈ ਮਤਿ ਤੋਂ ਸੈਂਕੜੇ ਤੇ ਹਜਾਰਾਂ ਸਾਲ ਪਹਿਲਾਂ ਵੀ ਲੋਕ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਦੇ ਸਨ। ਪ੍ਰਸਿਧ ਸਿੱਖ ਵਿਦ-ਵਾਨ ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ—

> "ਤ੍ਰਿਮੂਰਤਿ :—ਤਿੰਨ ਰੂਪ। ਵੇਦਾਂ ਅਨੁਸਾਰ ਅਗਨਿ ਵਾਯੂ ਅਤੇ ਸੂਰਜ (2) ਪੁਰਾਣਾਂ ਅਨੁਸਾਰ ਬ੍ਰਹਮਾ, ਬਿਸ਼ਨ ਅਤੇ ਸ਼ਿਵ (3) ਬਾਈਬਲ ਅਨੁਸਾਰ ਖੁਦਾ, ਰੂਹੁੱਲ-ਕੁੱਦਸ ਅਤੇ ਹਜ਼ਰਤ ਈਸਾ।"

(ਮਹਾਨ ਕੋਸ਼, ਪੰਨਾ 1822

ਇਸੇ ਤਰ੍ਹਾਂ ਪ੍ਰਾਚੀਣ ਮਿਸਰੀ "ਬੈਲ", "ਗਊ" ਤੇ "ਵੱਛੇ" ਦੇ ਤਿਗੜੇ ਨੂੰ ਮੰਨਦੇ ਸਨ। ਬਾਬਲ ਦੇ ਲੋਕਾਂ ਵਿਚ "ਅਨੂ", ਐਨਿਲ ਤੇ "ਈਆ" ਦਾ ਤਿਗੜਾ ਮੰਨਿਆ ਜਾਂਦਾ ਸੀ। ਫ਼ਾਰਸ ਦੇ ਵਸਨੀਕਾਂ ਵਿਚ "ਆਰਮੂਜ਼ਡ", "ਅਨਾਹੱਤਾ" ਤੇ "ਮਿਥਰਾ" ਦੇ ਤਿਗੜੇ ਨੂੰ ਮੰਨਣ ਦਾ ਰਿਵਾਜ ਸੀ। ਬੁਧ ਧਰਮ ਨਾਲ ਸੰਬੰਧਤ ਲੋਕਾਂ ਦਾ ਤਿਗੜਾ "ਬੁਧਾ", ਬੁਧੀਸਤ" ਤੇ "ਗੋਤਮਾ" ਤੇ ਨਿਰਭਰ ਸੀ। ਯੂਨਾਨੀ ਲੋਕ "ਜ਼ੀਊਸ", "ਐਥਨੀ" ਤੇ "ਐਪਾਲੋ" ਦੇ ਤਿਗੜੇ ਦਾ ਸਿਧਾਂਤ ਅਪਣਾਉਂਦੇ ਸਨ। ਇਸੇ ਤਰ੍ਹਾਂ ਅਸਕੰਡੇਨੇਵੀਆ ਦੇ ਲੋਕਾਂ ਵਿਚ "ਉਧੀਨ", "ਥੋਰ", ਤੇ "ਫ਼ਕੇ" ਦੇ ਤਿਗੜੇ ਦਾ ਸਿਧਾਂਤ ਪ੍ਰਚਲਤ ਸੀ।

(ਵੇਖੋ ਟਰੈਨਟ ਤਸਲੀਸ ਪੰਨਾ 3)

ਸੋ ਗੱਲ ਕੀ, ਇਹ ਇਕ ਅਸਲੀਅਤ ਹੈ ਕਿ ਪ੍ਰਾਚੀਨ ਕਾਲ ਵਿਚ ਅੱਡ ਅੱਡ ਦੇਸ਼ਾਂ ਦੇ ਲੋਕ ਤਿਗੜੇ ਦੇ ਸਿਧਾਂਤ ਨੂੰ ਅਪਣਾਉਂਦੇ ਸਨ ਤੇ ਉਹਨਾਂ ਦੀਆਂ

Digitized by Panjab Digital Library | www.panjabdigilib.org

ਤਸਲੀਸਾਂ ਵਿਚ ਅੱਡ ਅੱਡ ਵਿਅਕਤੀਆਂ ਸ਼ਾਮਲ ਸਨ। ਏਹੋ ਕਾਰਨ ਹੈ ਕਿ ਇਸ-ਲਾਮ ਦੇ ਅੰਤਰਜਾਮੀ ਤੇ ਜਾਣਨਹਾਰ ਪ੍ਰਭੂ ਨੇ ਆਪਣੀ ਪਵਿੱਤਰ ਬਾਣੀ ਵਿਚ ਅਮੂਮੀਅਤ ਦਾ ਢੰਗ ਵਰਤਿਆਂ ਹੈ; ਤਾਂ ਜੋ ਸਾਰੇ ਜਗ ਦੇ ਅੱਡ ਅੱਡ ਦੇਸਾਂ ਤੇ ਵੱਖ ਵੱਖ ਸਮਿਆਂ ਦੇ ਲੋਕਾਂ ਵਿਚ ਅਪਣਾਏ ਗਏ ਸਰਬਤ ਤਿਗੜਿਆਂ ਦਾ ਇਕੋ ਹੀ ਆਇਤ ਦੁਆਰਾ ਖੰਡਨ ਕਰ ਦਿੱਤਾ ਜਾਏ। ਭਾਵੇਂ ਉਹ ਤਿਗੜਾ (ਤਸਲੀਸ) ਅਗਨੀ, ਵਾਯੂ ਤੇ ਸੂਰਜ ਦ ਰੂਪ ਵਿਚ ਹੋਵੇ ਤੇ ਭਾਵੇਂ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੇ, ਅਰਥਾਤ ਭਾਵੇਂ ਉਹ ਤਿਗੜਾ ਪਿਤਾ, ਪੁੱਤਰ ਤੇ ਪਵਿੱਤਰ ਆਤਮਾ ਤੇ ਨਿਰਭਰ ਹੋਵੇ ਤੇ ਭਾਵੇਂ ਈਸ਼ਵਰ, ਜੀਵ ਤੇ ਪ੍ਰਕ੍ਰਿਤੀ ਨੂੰ ਅਨਾਦੀ ਮੰਨਣ ਤੇ, ਅਰਥਾਤ ਭਾਵੇਂ ਕਿਸੇ ਹੀ ਹੋਰ ਰੂਪ ਵਿਚ ਤਿਗੜਾ ਮੰਨਿਆ ਜਾਂਦਾ ਹੋਵੇ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਵੀ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਣ ਦੇ ਸਿਧਾਂਤ ਦਾ ਖੰਡਨ ਕਰਨ ਸਮੇਂ ਅਮੂਮੀ ਰੰਗ ਹੀ ਵਰਤਿਆ ਹੈ। ਇਸ ਤਰ੍ਹਾਂ ਹਰੇਕ ਪ੍ਰਕਾਰ ਦਾ ਤਿਗੜਾ (ਤਸਲੀਸ) ਗਲਤ ਸਿਧ ਹੋ ਜਾਂਦਾ ਹੈ।

ਇਕ ਸਿੱਖ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ—

"ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰ ਹਿੰਦਸੇ ਵਾਲਾ ੧ ਹੈ। ਹਿੰਦਸੇ ਵਾਲਾ '1' ਰੱਖਣ ਦਾ ਇਹ ਵੀ ਮੰਤਵ ਲਗਦਾ ਹੈ ਕਿ ਕੋਈ '੧' ਨੂੰ ਭੰਨ ਨਹੀਂ ਸਕਦਾ ਤੇ ਨਾ ਹੀ ਕੋਈ ਵੰਡ ਸਕਦਾ ਹੈ। ਜੇ ਅੱਖਰੀ 'ਇਕੋ' ਪਾਉਂਦੇ ਤਾਂ ਸ਼ਾਇਦ ਇਕ ਦੇ ੲ, ਿ, ਕ, ਦੇ ਟੋਟੇ ਕਰ ਦਿੱਤੇ ਜਾਂਦੇ ਇਸ ਤੋਂ ਬਾਦ ਓਮ ਤੇ ਫਿਰ 'ਕਾਰ' ਆਂਵਦਾ ਹੈ। ਵਾਹਿਗੁਰੂ ਨੂੰ ਤਿੰਨਾਂ ਹਿੱਸਿਆਂ (Trinity) ਵਿਚ ਗੁਰੂ ਨਾਨਕ ਜੀ ਨੇ ਨਹੀਂ ਵੰਡਿਆ। ਨਾ ਹੀ ਉਹ ਸੰਸਾਰੀ, ਭੰਡਾਰੀ ਤੇ ਦੀਵਾਨ ਲਾ ਕੇ ਬੈਠਣ ਵਾਲਾ ਵਖ ਵਖ ਆਖਿਆ ਹੈ। ਬ੍ਰਹਮਾ, ਵਿਸ਼ਨੂ, ਸ਼ਿਵ ਕਈ ਵਖ ਵਖ ਉਸ ਦੇ ਹਿੱਸੇ ਨਹੀਂ ਬਣਾਏ।"

[ਸਾਡਾ ਇਤਿਹਾਸ, ਭਾਗ ਪਹਿਲਾ ਪੰਨਾ 37

ਅਰਥਾਤ :—

"ਗੁਰੂ ਨਾਨਕ ਦਾ ਮਤਿ ਰੱਬ ਦੀ ਏਕਤਾ ਦਾ ਮਤਿ ਹੈ। ਸਿੱਖ ਮਤਿ

Digitized by Panjab Digital Library | www.panjabdigilib.org

ਅੱਲਾਹ ਨੂੰ ਵਾਹਿਦਾ-ਉਲ-ਲਾ ਸ਼ਰੀਕ ਸਮਝਦਾ ਹੈ। ਉਸ ਦਾ ਕੋਈ ਸ਼ਰੀਕ ਨਹੀਂ; ਇਸ ਲਈ ਬਾਬੇ ਨੇ 'ੳ' ਤੋਂ ਪਹਿਲਾਂ '੧' ਲਗਾਇਆ ਤੇ ਪਿੱਛੋਂ 'ਕਾਰ' ਇਕ ਵੀ ਹਿੰਦਸੇ ਵਾਲਾ ਪਾਇਆ, ਅੱਖਰੀ ਨਹੀਂ। ਅੱਖਰ ਤਾਂ ਫਿਰ ਵੀ ਤੋੜੇ ਮਰੋੜੇ ਜਾ ਸਕਦੇ ਹਨ, ਪਰ ਹਿੰਦਸੇ ਵਾਲਾ '੧' ਕੋਈ ਭੰਨ ਨਹੀਂ ਸਕਦਾ। ਕਾਰ 'ੳ' ਇਸ ਲਈ ਰੱਖਿਆ; ਕਿਉਂਕਿ ਉਹ ਲਗਾਤਾਰ ਹੈ। ਉਸ ਦੀ ਹੋਂਦ ਤੇ ਪ੍ਰਾਪਤੀ ਤੋਂ ਬਗੈਰ ਕੁਝ ਨਹੀਂ ਹੋ ਸਕਦਾ। ਉਹ ਕਿਸੇ ਸਮੇਂ ਵੀ ਸੁੰਨ ਨਹੀਂ, ਸਰਬ ਵਿਆਪੀ ਹੈ।.........

ਦੁਨੀਆਂ ਤ੍ਰੈਸੂਲ ਨੂੰ ਮੰਨਦੀ ਸੀ, ਉਹਨਾਂ ਨੇ ਇਕ ਨੂੰ ਮਨਵਾਇਆ। ਈਸਾਈ ਤ੍ਰੈਗੜੇ (Law of Trinity) ਨੂੰ ਅਪਣਾਉਂਦੇ ਸਨ। ਉਹ ਖੁਦਾ ਦਾ ਪੁੱਤਰ, ਮਰੀਅਮ ਤੇ ਮੁਤਬਰਕ ਰੂਹ ਨੂੰ ਖੁਦਾ ਦੇ ਹਿੱਸੇਦਾਰ ਸਮਝਦੇ ਸਨ[1]। ਹਿੰਦੂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਵਿਚਾਰ ਦਿੰਦਾ ਹੈ। ਪਰ ਸਿੱਖ ਲਈ ਉਹ ਇਕ ਹੈ। ਗੁਰੂ ਨਾਨਕ ਜੀ ਨੇ 'ੳ' ਤੋਂ ਪਹਿਲਾਂ '੧' ਪਾ ਕੇ ਵਿਚਾਰਾ ਨੂੰ ਹੀ ਉਲਟਾ ਦਿੱਤਾ ਹੈ।

[ਖਾਲਸਾ ਐਡਵੋਕੇਟ, ਅੰਮ੍ਰਿਤਸਰ,
[30 ਸਤੰਬਰ ਤੇ 7 ਅਕਤੂਬਰ, 1968

**ਪ੍ਰਭੂ-ਪੁੱਤਰ ਜਾਂ ਪੁੱਤਰ ਪ੍ਰਭੂ** :—ਕਈ ਜਾਤੀਆਂ ਜਾਂ ਮਤਾਂ ਵਿਚ ਸਾਜਨ-ਹਾਰ ਪ੍ਰਭੂ ਦਾ ਪੁੱਤਰ ਜਾਂ ਪੁੱਤਰ-ਪ੍ਰਭੂ ਵੀ ਮੰਨਿਆ ਜਾਂਦਾ ਹੈ; ਜਿਹਾ ਕਿ ਈਸਾਈ ਜਗਤ ਹਜ਼ਰਤ ਈਸਾ ਜੀ ਮਹਾਰਾਜ ਨੂੰ ਪ੍ਰਭੂ-ਪੁੱਤਰ ਜਾਂ ਪੁੱਤਰ-ਪ੍ਰਭੂ ਮੰਨਦਾ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਸ ਬਾਰੇ ਇਹ ਵਿਚਾਰ ਸੀ ਕਿ ਉਹ ਪ੍ਰਭੂ ਧੀਆਂ-ਪੁੱਤਰਾਂ ਆਦਿ ਤੋਂ ਰਹਿਤ ਹੈ; ਜਿਹਾ ਕਿ ਸ੍ਰੀ ਗੁਰੂ ਜੀ ਨੇ ਫ਼ਰਮਾਇਆ ਹੈ ਕਿ :—

ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲੁ ਨਾ ਕਰਮਾ।

---

1. ਈਸਾਈ ਜਗਤ ਦੀ ਇਹ ਤਸਲੀਸ ਹੈ—ਪਿਤਾ, ਪੁੱਤਰ ਤੇ ਪਵਿੱਤਰ ਆਤਮਾ। (ਵੇਖੋ ਸੰਸਾਰ ਦਾ ਧਾਰਮਿਕ ਇਤਿਹਾਸ ਪੰਨਾ 314 ਤੇ ਜੀਵਨ ਕਿਰਨਾ ਪੰਨਾ 158 ਆਦਿ)

Digitized by Panjab Digital Library | www.panjabdigilib.org

ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।
ਸਾਚੇ ਸਚਿਆਰ ਵਿਟਹੁ ਕੁਰਬਾਣੁ।

ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨਾ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ।

[ਸੋਰਠ, ਮ: 1, ਪੰਨਾ 597

ਅਰਥਾਤ—ਮੇਰਾ ਪ੍ਰਭੂ ਅਲਖ, ਸੋਚ ਸਮਝ ਦੇ ਘੇਰੇ ਤੋਂ ਬਾਹਰ ਤੇ ਪਹੁੰਚ ਤੋਂ ਪਰੇ ਹੈ। ਉਹ ਸਮੇਂ ਜਾਂ ਕਾਲ ਤੋਂ ਰਹਿਤ ਹੈ। ਉਸ ਦੀ ਕੋਈ ਜਾਤਿ ਨਹੀਂ, ਉਹ ਅਜਾਤ ਹੈ। ਉਹ ਕਿਸੇ ਜੂਨ ਵਿਚ ਵੀ ਨਹੀਂ ਆਉਂਦਾ। ਉਹ ਆਪਣੇ ਆਪ ਤੋਂ ਹੀ ਹੈ। ਨਾ ਉਸ ਨੂੰ ਕੋਈ ਮੋਹ ਹੈ ਤੇ ਨਾ ਕੋਈ ਭਰਮ ਹੀ ਹੈ। ਮੈਂ ਉਸ ਪ੍ਰਭੂ ਤੋਂ ਵਾਰਨੇ ਜਾਂਦਾ ਹਾਂ, ਜੋ ਸੱਚਾ ਹੈ ਤੇ ਸੱਚਾਈ ਦਾ ਸੋਮਾ ਹੈ। ਉਸ ਦਾ ਕੋਈ ਰੂਪ-ਰੰਗ ਤੇ ਚਿਹਨ-ਚੱਕਰ ਨਹੀਂ ਹੈ। ਉਹ ਸੱਚੇ ਗੁਰੂ ਦੇ ਸ਼ਬਦ ਦੁਆਰਾ ਹਿਰਦੇ ਵਿਚ ਪਰਗਟ ਹੋ ਜਾਂਦਾ ਹੈ। ਉਹ ਮਾਤਾ ਪਿਤਾ, ਧੀਆਂ, ਪੁੱਤਰਾਂ ਤੇ ਹੋਰ ਸਾਕ-ਸੰਬੰਧੀਆਂ ਤੋਂ ਰਹਿਤ ਹੈ। ਉਸ ਨੂੰ ਨਾ ਤਾਂ ਕਾਮ ਵਿਆਪਦਾ ਹੈ ਤੇ ਨਾ ਹੀ ਉਸ ਦੀ ਕੋਈ ਤੀਵੀਂ ਹੈ। ਉਹ ਕੁਲ ਤੋਂ ਰਹਿਤ ਹੈ ਤੇ ਮਾਇਆ ਦੇ ਪ੍ਰਭਾਵ ਤੋਂ ਵੀ ਉੱਚਾ ਹੈ। ਉਸ ਦਾ ਕੋਈ ਪਰਵਾਰ ਨਹੀਂ ਹੈ। ਸਭ ਥਾਈਂ ਉਸੇ ਦੀ ਹੀ ਜੋਤਿ ਦਾ ਪ੍ਰਕਾਸ਼ ਹੋ ਰਿਹਾ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਜਹ ਦੇਖਾ ਤਹ ਦੀਨ ਦਇਆਲਾ।
ਆਇ ਨ ਜਾਇ ਪ੍ਰਭੂ ਕਿਰਪਾਲਾ।
ਜੀਅ ਅੰਦਰਿ ਜੁਗਤਿ ਸਮਾਈ।
ਰਹਿਓ ਨਿਰਾਲਮ ਰਾਇਆ।
ਜਗੁ ਤਿਸ ਦੀ ਛਾਇਆ ਜਿਸੁ ਬਾਪੁ ਨਾ ਮਾਇਆ।
ਨ ਤਿਸੁ ਭੈਣ ਨ ਭਰਾਉ ਕਮਾਇਆ।
ਨਾ ਤਿਸੁ ਓਪਤਿ ਖਪਤਿ ਕੁਲ ਜਾਤੀ
ਓਹੁ ਅਜਰਾਵਰੁ ਮਨਿ ਭਾਇਆ॥

[ਮਾਰੂ ਮ: 1, ਪੰਨਾ 1038

Digitized by Panjab Digital Library | www.panjabdigilib.org

ਅਰਥਾਤ—ਮੈਂ ਜਿਥੇ ਕਿਤੇ ਵੀ ਦੇਖਦਾ ਹਾਂ, ਮੈਂ ਆਪਣੇ ਦੀਨ ਦਿਆਲ ਪ੍ਰਭੂ ਨੂੰ ਹੀ ਵੇਖਦਾ ਹਾਂ, ਮੇਰਾ ਕਿਰਪਾਲੂ ਪ੍ਰਭੂ ਆਉਣ ਜਾਣ ਤੋਂ ਰਹਿਤ ਹੈ, ਸਾਰੇ ਹੀ ਪ੍ਰਾਣੀਆਂ ਅੰਦਰ ਉਹ ਗੁਪਤ ਢੰਗ ਨਾਲ ਸਮਾਇਆ ਹੋਇਆ ਹੈ, ਤੇ ਉਹ ਸੱਚਾ ਪਾਤਸ਼ਾਹ ਆਪ ਨਿਰਲੇਪ ਹੈ। ਇਹ ਦਿਸਦਾ ਜਗਤ ਉਸ ਦਾ ਪਰਛਾਵਾਂ ਹੀ ਹੈ, ਜਿਸ ਦਾ ਨਾ ਕੋਈ ਪਿਤਾ ਹੈ ਤੇ ਨਾ ਮਾਤਾ। ਉਹ ਭੈਣਾ-ਭਰਾਵਾਂ ਤੋਂ ਵੀ ਰਹਿਤ ਹੈ। ਉਹ ਜਨਮ-ਮਰਨ, ਵੰਸ ਤੇ ਜਾਤਿ-ਪਾਤਿ ਤੋਂ ਉੱਚਾ ਹੈ ਉਹ ਬਿਰਧ ਵੀ ਨਹੀਂ ਹੁੰਦਾ। ਮੇਰੇ ਮਨ ਨੂੰ ਉਹੋ ਹੀ ਚੰਗਾ ਲਗਦਾ ਹੈ।

ਇਸ ਸੰਬੰਧ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਪਵਿੱਤਰ ਸ਼ਬਦ ਵੀ ਮਿਲਦਾ ਹੈ :—

ਤੂ ਸਦਾ ਸਚਿਆਰੁ ਜਿਨਿ ਸਚੁ ਵਰਤਾਇਆ।
ਬੈਠਾ ਤਾੜੀ ਲਾਇ ਕਵਲ ਛਪਾਇਆ।
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ।
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ।
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ।
ਗੁਰਮਹਿ ਆਪੁ ਸਮੋਇ ਸਬਦੁ ਵਰਤਾਇਆ।
ਸਚੇ ਹੀ ਪਤਿਆਇ ਸਚਿ ਸਮਾਇਆ।

[ਵਾਰ ਮਲਾਰ, ਮ: 1, ਪੰਨਾ 1279

ਅਰਥਾਤ—ਹੇ ਸਾਜਨਹਾਰ ਪ੍ਰਭੂ ! ਤੂੰ ਸੱਚਾਂ ਤੇ ਸਚਿਆਰ ਹੈਂ ਤੇ ਨਿਰੋਲ ਸੱਚ ਨੂੰ ਹੀ ਵੰਡ ਰਿਹਾ ਹੈ। ਤੂੰ ਕੰਵਲ ਵਾਂਗ ਤਾੜੀ ਲਾਈ ਬੈਠਾ ਹੈ, ਪਰ ਅੱਖਾਂ ਤੋਂ ਉਹਲੇ ਹੈਂ। ਮਨੁੱਖ ਦੇ ਸਥੂਲ ਨੇਤਰ ਤੈਨੂੰ ਵੇਖਣ ਤੋਂ ਅਸਮਰਥ ਹਨ। ਬ੍ਰਹਮਾ ਵੱਡਾ ਤਾਂ ਅਖਵਾਉਂਦਾ ਹੈ, ਪਰ ਉਹ ਵੀ ਤੇਰਾ ਅੰਤ ਨਹੀਂ ਪਾ ਸਕਿਆ ਸੀ। ਉਸ ਦਾ ਨਾ ਕੋਈ ਪਿਤਾ ਹੈ ਤੇ ਨਾ ਮਾਤਾ, ਜਿਸ ਨੇ ਉਸ ਨੂੰ ਜਣਿਆ ਹੋਵੇ। ਉਸ ਦਾ ਨਾ ਕੋਈ ਸਰੂਪ ਹੈ ਤੇ ਨਾ ਕੋਈ ਵਰਣ। ਸਾਰੀਆਂ ਜਾਤਾਂ ਵਿਚੋਂ ਉਸ ਦੀ ਕੋਈ ਵੀ ਜਾਤਿ ਨਹੀਂ ਹੈ। ਉਸ ਨੂੰ ਨਾ ਤਾਂ ਭੁਖ ਲਗਦੀ ਹੈ ਤੇ ਨਾ ਪਿਆਸ। ਉਹ ਸਦਾ ਹੀ ਰੱਜਿਆ ਹੋਇਆ ਹੈ। ਉਸ ਪ੍ਰਭੂ ਨੇ ਆਪਣੇ ਆਪ

Digitized by Panjab Digital Library | www.panjabdigilib.org

ਨੂੰ ਗੁਰਾਂ ਅੰਦਰ ਲੀਨ ਕੀਤਾ ਹੋਇਆ ਹੈ, ਜਿਸ ਰਾਹੀਂ ਉਹ ਪ੍ਰਭੂ ਆਪਣੇ ਨਾਮ ਨੂੰ ਵਰਤਾਉਂਦਾ ਹੈ। ਸੱਚੇ ਪ੍ਰਭੂ ਨੂੰ ਪ੍ਰਸੰਨ ਕਰਨ ਨਾਲ ਪ੍ਰਾਣੀ ਸੱਚੇ ਪ੍ਰਭੂ ਅੰਦਰ ਲੀਨ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਉਚਾਰਨ ਕੀਤੇ ਪਵਿੱਤਰ ਸ਼ਬਦਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਗੁਰੂ ਜੀ ਇਕ ਅਜੇਹੇ ਪ੍ਰਭੂ ਦੇ ਸ਼ਰਧਾਲੂ ਸਨ, ਜੋ ਮਾਤਾ ਪਿਤਾ, ਤੀਵੀਂ ਧੀਆਂ, ਪੁੱਤਰਾਂ, ਭੈਣ-ਭਰਾਵਾਂ ਆਦਿ ਸਾਕ ਸੰਬੰਧੀਆਂ ਤੋਂ ਰਹਿਤ ਹੈ। ਜਿਸ ਦਾ ਨਾ ਕੋਈ ਵਰਣ ਹੈ ਤੇ ਨਾ ਕੋਈ ਰੂਪ ਜਾਂ ਰੇਖਾ। ਉਹ ਅਕਾਲ ਤੇ ਅਬਿ-ਨਾਸ਼ੀ ਹੋਣ ਕਰਕੇ ਸਦਾ ਸਲਾਮਤਿ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਸਿੱਖਿਆ ਦਿੱਤੀ ਗਈ ਹੈ ਕਿ—

وَلَا تَقُولُوا ثَلٰثَةٌ ۚ اِنْتَهُوا خَيْرًا لَّكُمْ ۚ اِنَّمَا
اللّٰهُ اِلٰهٌ وَّاحِدٌ ۚ سُبْحٰنَهٗ اَنْ يَّكُوْنَ لَهٗ وَلَدٌ
اَنّٰى يَكُوْنُ لَهٗ وَلَدٌ وَّلَمْ تَكُنْ لَّهٗ صَاحِبَةٌ
وَخَلَقَ كُلَّ شَيْءٍ ۚ وَهُوَ بِكُلِّ شَيْءٍ عَلِيْمٌ ○

ਅਰਥਾਤ—ਇਹ ਗੱਲ ਕਦੇ ਨਾ ਕਹੋ ਕਿ ਸਾਜਨਹਾਰ ਪ੍ਰਭੂ ਤਿੰਨਾਂ ਦਾ ਸਮੁਦਾਇ ਹੈ, ਜਾਂ ਤ੍ਰੈ-ਮੂਰਤੀ ਹੈ। ਅਜੇਹੇ ਸਿਧਾਂਤ ਤੋਂ ਅੱਡ ਰਹਿਣਾ ਪ੍ਰਾਣੀ ਮਾਤਰ ਲਈ ਸੋਭਨੀਕ ਗੱਲ ਹੈ। ਉਹ ਪ੍ਰਭੂ ਇਕੋ ਇਕ ਹੀ ਹੈ। ਉਹ ਧੀਆਂ-ਪੁੱਤਰਾਂ ਤੋਂ ਵੀ ਰਹਿਤ ਹੈ। ਭਲਾ ਸੋਚੋ ਤਾਂ ਸਹੀ ਕਿ ਉਸ ਦਾ ਕੋਈ ਪੁੱਤਰ ਕਿਵੇਂ ਹੋ ਸਕਦਾ ਹੈ? ਜਦ ਕਿ ਉਸ ਦੀ ਕੋਈ ਤੀਵੀਂ ਹੀ ਨਹੀਂ ਹੈ। ਉਹ ਹਰੇਕ ਚੀਜ਼ ਦਾ ਰਚਨਹਾਰ ਹੈ। ਉਸ ਨੂੰ ਇਸ ਦਾ ਪੂਰਣ ਗਿਆਨ ਹੈ ਕਿ ਸਾਰੇ ਬ੍ਰਹਿਮੰਡਾਂ ਵਿਚ ਇਕ ਵੀ ਅਜੇਹਾ ਵਿਅਕਤੀ ਨਹੀਂ, ਜਿਸ ਨੂੰ ਉਸ ਨੇ ਨਾ ਰਚਿਆ ਹੋਵੇ ਜਾਂ ਉਸ ਦਾ ਉਸ ਨੂੰ ਕੋਈ ਥਹੁ-ਪਤਾ ਨਾ ਹੋਵੇ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਕ ਥਾਂ ਇਹ ਵੀ ਫ਼ਰਮਾਇਆ ਹੈ ਕਿ—

ਬੇਦ ਕਤੇਬੀ ਭੇਦੁ ਨ ਜਾਤਾ।
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ।

Digitized by Panjab Digital Library | www.panjabdigilib.org

ਸਗਲੇ ਸੈਲ ਉਪਾਇ ਸਮਾਏ
ਅਲਖੁ ਨ ਲਖਣਾ ਜਾਈ ਹੇ ।

[ਮਾਰੂ, ਮ: 1, ਪੰਨਾ 1021

ਅਰਥਾਤ—ਵੇਦ ਤੇ ਦੂਜੀਆਂ ਧਰਮ ਪੁਸਤਕਾਂ ਪ੍ਰਭੂ ਦਾ ਭੇਤ ਨਹੀਂ ਪਾ ਸਕਦੀਆਂ। ਉਹੋ ਮਾਤਾ-ਪਿਤਾ ਤੇ ਪੁੱਤਰ-ਭਰਾ ਆਦਿ ਤੋਂ ਰਹਿਤ ਹੈ । ਉਹ ਹੀ ਸਾਰੇ ਪਹਾੜਾਂ ਨੂੰ ਸਾਜ ਕੇ ਮੁੜ ਓਹਨਾਂ ਨੂੰ ਨਾਸ ਕਰ ਦੇਂਦਾ ਹੈ । ਅਦ੍ਰਿਸ਼ਟ ਪ੍ਰਭੂ ਵੇਖਿਆ ਨਹੀਂ ਜਾ ਸਕਦਾ ਤੇ ਨਾ ਮਨੁੱਖੀ ਸੋਚ-ਸ਼ਕਤੀ ਹੀ ਉਸ ਨੂੰ ਆਪਣੇ ਘੇਰੇ ਵਿਚ ਲੈ ਸਕਦੀ ਹੈ ।

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਵਾਕ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ—

"ਜੈਸੇ ਕਿ ਈਸਾਈ ਮਰੀਅਮ ਤੋਂ (ਪੈਦਾ ਹੋਏ) ਈਸਾ ਨੂੰ
ਖ਼ੁਦਾ ਦਾ ਪੁੱਤ ਜਾਣਦੇ ਹਨ ।"

[ਗੁਰਮਤਿ ਪ੍ਰਭਾਕਰ, ਪੰਨਾ 649

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਹਜ਼ਰਤ ਈਸਾ ਜੀ ਮਹਾਰਾਜ ਦੇ ਪ੍ਰਭੂ-ਪੁੱਤਰ ਜਾਂ ਪੁੱਤਰ-ਪ੍ਰਭੂ ਹੋਣ ਦਾ ਖੰਡਨ ਕਰਦਿਆਂ ਹੋਇਆਂ ਪਹਾੜਾਂ ਦੇ ਪੈਦਾ ਹੋਣ ਤੇ ਨਸ਼ਟ ਹੋਣ ਦਾ ਵੀ ਵਰਨਣ ਕੀਤਾ ਹੈ । ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

تَكَادُ السَّمٰوٰتُ تَتَفَطَّرْنَ مِنْهُ وَيَنْشَقُّ الْاَرْضُ
وَتَخِرُّ الْجِبَالُ هَدًّا ۙ اَنْ دَعَوْا لِلرَّحْمٰنِ وَلَدًا ○

ਅਰਥਾਤ—ਕਰੀਬ ਹੈ ਕਿ ਤੁਹਾਡੀ ਇਸ ਨਿਰਮੂਲ ਗੱਲ ਦੇ ਕਾਰਨ ਅਸਮਾਨ ਪਾਟ ਜਾਏ ਅਤੇ ਧਰਤੀ ਤੇ ਪਹਾੜ ਟੋਟੇ ਟੋਟੇ ਹੋ ਜਾਣ; ਇਸ ਲਈ ਕਿ ਲੋਕਾਂ ਨੇ ਰਹਿਮਾਨ ਪ੍ਰਭੂ ਦਾ ਪੁੱਤਰ ਥਾਪ ਲਿਆ ਹੈ ।

ਕੁਰਾਨ ਸ਼ਰੀਫ਼ ਵਿਚ ਇਕ ਹੋਰ ਥਾਂ ਸਾਜਨਹਾਰ ਪ੍ਰਭੂ ਦੇ ਪੁੱਤਰ ਤੇ ਤੀਵੀਂ ਦੀ ਹੋਂਦ ਦਾ ਇਨਕਾਰ ਕੀਤਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

Digitized by Panjab Digital Library | www.panjabdigilib.org

وَاَنَّهٗ تَعٰلٰى جَدُّ رَبِّنَا مَا اتَّخَذَ صَاحِبَةً وَّلَا
وَلَدًا ۝ وَّاَنَّهٗ كَانَ يَقُوْلُ سَفِيْهُنَا عَلَى اللّٰهِ شَطَطًا ۝

ਅਰਥਾਤ—ਬੇਸ਼ੱਕ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਵੱਡੀਆਂ ਵਡਿਆਈਆਂ ਵਾਲਾ ਹੈ । ਉਹ ਤੀਵੀਂ ਤੇ ਧੀਆਂ-ਪੁੱਤਰਾਂ ਤੋਂ ਰਹਿਤ ਹੈ । ਇਹ ਵੀ ਇਕ ਅਸਲੀਅਤ ਹੈ ਕਿ ਮੂਰਖ ਲੋਕ ਪ੍ਰਭੂ ਬਾਰੇ ਕਈ ਨਿਰਮੂਲ ਤੇ ਬੇਥਵੀਆਂ ਗੱਲਾਂ ਕਰਦੇ ਹਨ ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਪ੍ਰਭੂ ਬਾਰੇ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕਰ ਦਿੱਤੀ ਹੋਈ ਹੈ ਕਿ ਉਹ ਕਿਸੇ ਤੀਵੀਂ ਦੀ ਕੁਖ ਤੋਂ ਜਨਮ ਧਾਰਨ ਨਹੀਂ ਕਰਦਾ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ।

[ਵਾਰ ਆਸਾ, ਸਲੋਕ ਮ: 1, ਪੰਨਾ 473

ਸਰਦਾਰ ਤੇਜਾ ਸਿੰਘ ਜੀ ਪ੍ਰਿੰਸੀਪਲ ਨੇ ਆਸਾ ਦੀ ਵਾਰ ਦੇ ਅੰਗਰੇਜ਼ੀ ਟੀਕੇ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿੱਤਰ ਵਾਕ ਦੇ ਇਹ ਅਰਥ ਕੀਤੇ ਹਨ ਕਿ—

**It is also from woman that women are born, there is nobody who Is not born of woman Nanak, only the one true God is in independent of woman:**

**(Asa di var, Page 111**

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਮਹਾਂਵਾਕ ਦਾ ਇਹ ਅਰਥ ਕੀਤਾ ਗਿਆ ਹੈ ਕਿ—

"ਇਸਤਰੀ ਤੋਂ ਇਸਤਰੀ ਪੈਦਾ ਹੁੰਦੀ ਹੈ । ਇਸਤਰੀ ਦੇ ਬਿਨਾ ਕੋਈ ਭੀ ਨਹੀਂ ਹੋ ਸਕਦਾ । ਨਾਨਕ ਕੇਵਲ ਇਕ ਉਹ ਸੱਚਾ ਸੁਆਮੀ ਹੀ ਇਸਤਰੀ ਦੇ ਬਗੈਰ ਹੈ ।" [ਆਸਾ ਦੀ ਵਾਰ ਸਟੀਕ, ਪੰਨਾ 253

Digitized by Panjab Digital Library | www.panjabdigilib.org

ਇਕ ਸਿੱਖ ਵਿਦਵਾਨ ਗਿਆਨੀ ਪ੍ਰਤਾਪ ਸਿੰਘ ਜੀ ਨੇ ਮਾਤਾ ਦੀ ਕੁਖ ਤੋਂ ਉਤਪੰਨ ਹੋਏ ਪ੍ਰਾਣੀ ਨੂੰ ਪ੍ਰਭੂ ਮੰਨਣ ਦੇ ਵਿਚਾਰ ਦਾ ਖੰਡਨ ਕਰਦਿਆਂ ਇਹ ਲਿਖਿਆ ਹੈ ਕਿ––

"ਕਿਸੇ ਆਦਮੀ ਨੂੰ ਰੱਬ ਨਾਲ ਤੁਲਣਾ ਦੇਣੀ ਵੱਡੀ ਨਾਸਤਕਤਾ ਹੈ। ਇਕ ਨਾਸਤਕ ਉਹ ਹਨ ਜੋ ਈਸ਼ਵਰ ਨੂੰ ਨਹੀਂ ਮੰਨਦੇ, ਪਰ ਦੂਜੇ ਨਾਸਤਕ ਉਹ ਵੀ ਹਨ, ਜੋ ਆਪਣੇ ਆਪ ਨੂੰ ਪਾਰਬ੍ਰਹਮ, ਅੱਲਾਹ ਜਾਂ ਗਾਡ ਕਹਿੰਦੇ ਹਨ । ਹਰਨਾਕਸ਼, ਫਿਰਊਨ ਤੇ ਨਮਰੂਦ ਨੂੰ ਅੱਜ ਤਕ ਲੋਕੀ ਇਸ ਲਈ ਨਾਸਤਕ ਤੇ ਮਾੜਾ ਕਹਿੰਦੇ ਹਨ ਕਿ ਉਹ ਆਪਣੇ ਆਪ ਨੂੰ ਸਰਬ ਸਮਰਥ ਤੇ ਰੱਬ ਦਸਦੇ ਸਨ ।"

[ਨਕਲ ਨਿਰੰਕਾਰੀ, ਪੰਨਾ 18

ਇਸ ਵਿਚ ਕੋਈ ਸੰਦੇਹ ਨਹੀਂ ਕਿ ਜੋ ਪ੍ਰਾਣੀ ਮਾਤਾ ਦੀ ਕੁਖ ਤੋਂ ਜਨਮਿਆ ਹੈ, ਜੋ ਖਾਣ ਪੀਣ ਤੋਂ ਰਹਿਤ ਨਹੀਂ, ਜਿਸ ਦੇ ਜੀਵਣ ਵਿਚ ਵਟਾਉ-ਸਟਾਉ ਹੈ, ਜੋ ਕਦੇ ਬਾਲਕ, ਕਦੇ ਜੁਆਨ ਤੇ ਕਦੇ ਬੁਢਾ ਹੁੰਦਾ ਹੈ ਤੇ ਅੰਤ ਮਰ ਜਾਂਦਾ ਹੈ, ਉਹ ਇਸ ਬ੍ਰਹਿਮੰਡ ਦਾ ਕਰਤਾ ਜਾਂ ਪਾਲਨਹਾਰ ਨਹੀਂ ਹੋ ਸਕਦਾ; ਕਿਉਂ ਜੁ ਉਹ ਆਪਣਾ ਜੀਵਨ ਬਿਤਾ ਕੇ ਇਸ ਅਧਾਰ ਸੰਸਾਰ ਤੋਂ ਚਲਾਣਾ ਕਰ ਜਾਂਦਾ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਜਨਮ ਸਾਖੀ ਵਿਚ ਆਪ ਦਾ ਇਹ ਫ਼ਰਮਾਨ ਹੈ ਕਿ––

ਇਕੋ ਇਕ ਖੁਦਾਇ ਹੈ ਜਿਸ ਦਾ ਮਾਇ ਨਾ ਬਾਪ ।

[ਜਨਮ ਸਾਖੀ ਭਾ: ਬਾਲਾ, ਪੰਨਾ 134

ਅਰਥਾਤ—ਇਕੋ ਇਕ ਪ੍ਰਭੂ ਹੀ ਮਾਤ ਪਿਤਾ ਤੋਂ ਰਹਿਤ ਹੈ ।

ਇਸ ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਪਵਿੱਤਰ ਵਾਕ ਹੈ ਕਿ—

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ
ਨਾਮੁ ਨਿਰੰਜਨ ਜਾਨੋ ਰੇ ।
ਕਬੀਰ ਕੋ ਸੁਆਮੀ ਐਸੋ ਠਾਕੁਰੁ
ਜਾ ਕੈ ਮਾਈ ਨ ਬਾਪੋ ਰੇ ।

[ਗਉੜੀ, ਕਬੀਰ, ਪੰਨਾ 339

Digitized by Panjab Digital Library | www.panjabdigilib.org

ਅਰਥਾਤ—ਸਾਜਨਹਾਰ ਪ੍ਰਭੂ ਕਿਸੇ ਸੰਕਟ ਵਿਚ ਨਹੀਂ ਪੈਂਦਾ ਤੇ ਨਾ ਹੀ ਕਿਸੇ ਜੂਨ ਵਿਚ ਆਉਂਦਾ ਹੈ । ਕਬੀਰ ਜੀ ਫ਼ਰਮਾਉਂਦੇ ਹਨ ਕਿ ਸਾਡਾ ਸੁਆਮੀ ਪ੍ਰਭੂ ਅਜੇਹਾ ਹੈ ਕਿ ਜਿਸ ਦੀ ਨਾ ਕੋਈ ਮਾਤਾ ਹੈ ਤੇ ਨਾ ਪਿਤਾ ।

ਸ੍ਰੀ ਦਸਮ ਗ੍ਰੰਥ ਵਿਚ ਪ੍ਰਭੂ ਬਾਰੇ ਇਹ ਵਰਣਨ ਹੈ ਕਿ—

ਤਾਤ ਮਾਤ ਨ ਜਾਤ ਜਾਕਰ
ਜਨਮ ਮਰਨ ਬਿਹੀਨ ।

[ਸ੍ਰੀ ਦਸਮ ਗ੍ਰੰਥ ਪੰਨਾ 4

ਅਰਥਾਤ—ਜਿਸ ਦਾ ਨਾ ਕੋਈ ਪਿਤਾ ਹੈ ਨਾ ਮਾਤਾ, ਉਹ ਜਨਮ ਮਰਨ ਤੋਂ ਉੱਚਾ ਹੈ ।

ਸਿੱਖ ਵਿਦਵਾਨ ਵੀ ਇਹ ਗੱਲ ਮੰਨਦੇ ਹਨ ਕਿ ਸਿੱਖ ਗੁਰੂ ਸਾਹਿਬਾਨ ਆਪਣੇ ਆਪ ਨੂੰ ਜਾਂ ਕਿਸੇ ਹੋਰ ਵਿਅੱਕਤੀ ਨੂੰ ਈਸਾ ਜੀ ਵਾਂਗ ਪ੍ਰਭੂ-ਪੁੱਤਰ ਜਾਂ ਪੁੱਤਰ-ਪ੍ਰਭੂ ਨਹੀਂ ਮੰਨਦੇ ਸਨ ! ਹਾਂ, ਉਹ ਅਮੂਮੀ ਰੰਗ ਵਿਚ ਸਾਰੀ ਹੀ ਮਨੁੱਖ ਜਾਤੀ ਨੂੰ ਪ੍ਰਭੂ ਦਾ ਪਰਵਾਰ ਸਮਝਦੇ ਹਨ; ਜਿਹਾ ਕਿ ਇਕ ਸਿੱਖ ਵਿਦਵਾਨ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਜੀ ਲਿਖਦੇ ਹਨ ਕਿ—

"ਸਤਿਗੁਰੂ ਤੇ ਈਸਾ ਦੇ ਉਪਦੇਸ਼ ਵਿਚ ਇਹ ਬੁਨਿਆਦੀ ਫ਼ਰਕ ਹੈ ਕਿ ਹਜ਼ਰਤ ਈਸਾ ਜੀ ਕਹਿੰਦੇ ਹਨ ਕਿ ਰੱਬ ਸਾਡਾ ਬਾਪ ਹੈ ਅਰ ਪਾਪ ਰਹਿਤ ਉਸ ਦਾ ਪੁੱਤਰ ਕੇਵਲ ਮੈਂ ਹੀ ਹਾਂ ।............ਗੁਰੂ ਜੀ ਨੇ ਕਿਹਾ ਰੱਬ ਸਭ ਦਾ ਪਿਤਾ ਹੈ; ਅਸੀਂ ਸਾਰੇ ਉਸ ਦੇ ਪੁੱਤਰ ਹਾਂ ।"

[ਗੁਰਮਤਿ ਲੈਕਚਰ, ਪੰਨਾ 38

ਇਕ ਹੋਰ ਸਿੱਖ ਵਿਦਵਾਨ ਗਿਆਨੀ ਲਾਲ ਸਿੰਘ ਜੀ ਨੇ ਲਿਖਿਆ ਹੈ ਕਿ—

"ਗੁਰਮਤਿ ਦਾ ਅਸੂਲ ਹੈ ਕਿ ਸਾਰੀ ਸ੍ਰਿਸ਼ਟੀ ਦੇ ਜੀਵ ਖ਼ੁਦਾ ਦੇ ਪੁੱਤਰ ਹਨ ।............ ਇਹ ਨਹੀਂ ਕਿ ਉਹ ਈਸਾ ਵਾਂਗ ਖ਼ੁਦਾ ਦੇ ਕੱਲਮਕੱਲੇ ਪੁੱਤਰ ਹਨ ।"

[ਗੁਰਮਤਿ ਮਾਰਤੰਡ ਭਾਗ 2, ਪੰਨਾ 130

Digitized by Panjab Digital Library | www.panjabdigilib.org

ਸ: ਬ: ਕਾਨ੍ਹ ਸਿੰਘ ਜੀ ਨਾਭਾ ਦਾ ਕਥਨ ਹੈ ਕਿ :—

"ਤਾਤ ਮਾਤ ਨ ਜਾਤ ਜਾਕਰ ਪੁਤ੍ਰ ਔ ਮੁਕੰਦ । ਇਸ ਨਿਯਮ ਦੇ ਮੰਨਣ ਵਾਲਾ ਸਿੱਖ ਮਤ ਗੁਰੂ ਸਾਹਿਬ ਨੂੰ ਹਜ਼ਰਤ ਈਸਾ ਵਾਂਗ ਅਕਾਲ ਪੁਰਖ ਦਾ ਪੁੱਤਰ ਨਹੀਂ ਮੰਨਦਾ, ਕਿੰਤੂ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਬਚਨ ਅਨੁਸਾਰ ਸਭ ਜੀਵਾਂ ਨੂੰ ਜਗਤ ਪਿਤਾ ਦੀ ਸੰਤਾਨ ਜਾਣਦਾ ਹੈ।"

[ਗੁਰਮਤਿ ਸੁਧਾਰਕ ਪੰਨਾ 53

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਪਵਿੱਤਰ ਵਾਕਾਂ ਵਿਚ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਪ੍ਰਭੂ ਦੇ ਪੁੱਤਰ ਤੇ ਸਾਜਨਹਾਰ ਪ੍ਰਭੂ ਨੂੰ ਪਿਤਾ ਦੇ ਨਾਂ ਨਾਲ ਯਾਦ ਕੀਤਾ ਹੈ, ਜਿਹਾ ਕਿ ਅਸੀਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ :—

(1) ਹਮ "ਬਾਰਿਕ" ਤੂੰ ਗੁਰੂ "ਪਿਤਾ" ਹੈ ਦੇ ਮਤਿ ਸਮਝਾਏ ।

[ਆਸਾ ਮ: 4, ਪੰਨਾ 450

(2) ਹਉ "ਪੂਤੁ" ਤੇਰਾ ਤੂੰ "ਬਾਪੁ" ਮੇਰਾ ।

[ਆਸਾ ਕਬੀਰ, ਪੰਨਾ 476

(3) ਏਕ "ਪਿਤਾ" ਏਕਸ ਕੇ ਹਮ "ਬਾਰਿਕ"
ਤੂ ਮੇਰਾ ਗੁਰ ਹਾਈ ॥

[ਸੋਰਠ, ਮ: 5, ਪੰਨਾ 611

(4) ਹਮ "ਬਾਰਿਕ" ਤੁਮ "ਪਿਤਾ" ਪ੍ਰਭੂ ਮੇਰੇ
ਜਨ ਨਾਨਕ ਬਖਸਿ ਮਿਲਾਏ ।

[ਰਾਮਕਲੀ, ਮ: 4, ਪੰਨਾ 881

(5) ਹਮ "ਬਾਰਿਕ" ਤੁਮ "ਪਿਤਾ' ਹਮਾਰੇ
ਤੁਮ ਮੁਖਿ ਦੇਵਹੁ ਖੀਰਾ ॥

[ਰਾਮਕਲੀ, ਮ: 5, ਪੰਨਾ 884

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਵੀ ਕਈ ਸ਼ਬਦਾਂ ਵਿਚ ਪ੍ਰਭੂ ਨੂੰ "ਪਿਤਾ" ਤੇ ਮਨੁੱਖ ਨੂੰ ਉਸ ਦੇ "ਪੁੱਤਰ" ਵਰਣਨ ਕੀਤਾ ਗਿਆ ਹੈ, ਪਰ ਇਸ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਮਨੁੱਖ ਪ੍ਰਭੂ ਦੇ ਬਿੰਦੀ ਪੁੱਤਰ ਹਨ, ਸਗੋਂ ਇਸ ਵਿਚ

Digitized by Panjab Digital Library | www.panjabdigilib.org

ਵੀ ਇਕ ਰੰਗ ਨਾਲ ਤੌਹੀਦ (ਪ੍ਰਭੂ ਦੀ ਏਕਤਾ) ਦਾ ਮਸਲਾ ਹੀ ਵਰਣਨ ਕੀਤਾ ਗਿਆ ਹੈ, ਕਿਉਂ ਜੁ ਮਨੁੱਖ ਜਗ ਦੇ ਹੋਰ ਸਾਰੇ ਰਿਸਤਿਆਂ ਤੇ ਸਾਕਾਂ ਵਿਚ ਬਹੁਲਤਾ ਨੂੰ ਆਪਣੇ ਲਈ ਸਤਿਕਾਰ ਦਾ ਕਾਰਨ ਸਮਝਦਾ ਹੈ, ਪਰ ਪਿਤਾ ਦੇ ਰਿਸਤੇ ਵਿਚ ਕਿਸੇ ਦੂਜੇ ਨੂੰ ਰਲਾਉਣਾ ਬਹੁਤ ਵੱਡੀ ਗ਼ਾਲੀ ਸਮਝਦਾ ਹੈ। ਜੇ ਕਿਸੇ ਸੱਜਣ ਤੋਂ ਉਸ ਦੇ ਦੂਜੇ ਜਾਂ ਤੀਜੇ ਭਰਾ ਦਾ ਨਾਂ ਪੁੱਛਿਆ ਜਾਏ, ਤਾਂ ਉਹ ਵੱਡੀ ਪ੍ਰਸੰਨਤਾ ਨਾਲ ਦੱਸੇਗਾ । ਪਰ ਜੇ ਉਸ ਤੋਂ ਇਹ ਪੁਛਿਆ ਜਾਏ ਕਿ ਆਪ ਦੇ ਦੂਜੇ ਪਿਤਾ ਦਾ ਨਾਂ ਕੀ ਹੈ, ਤਾਂ ਉਹ ਮਰਨ ਮਾਰਨ ਨੂੰ ਤਿਆਰ ਹੋ ਜਾਏਗਾ।

ਸੋ ਜਿਸ ਤਰ੍ਹਾਂ ਇਕ ਪੁੱਤਰ, ਪਿਤਾ ਦੇ ਰਿਸ਼ਤੇ ਵਿਚ ਕਿਸੇ ਦੂਜੇ ਨੂੰ ਰਲਾਉਣਾ ਆਪਣੇ ਲਈ ਵੱਡੇ ਨਿਰਾਦਰ ਤੇ ਅਪਮਾਨ ਦਾ ਕਾਰਨ ਸਮਝਦਾ ਹੈ, ਇਸੇ ਤਰ੍ਹਾਂ ਹੀ ਰੱਬੀ ਜੀਉੜੇ ਆਪਣੇ ਸਾਜਨਹਾਰ ਪ੍ਰਭੂ ਨਾਲ ਕਿਸੇ "ਦੂਜੇ" ਜਾਂ "ਤੀਜੇ" ਨੂੰ ਰਲਾਉਣਾ ਯੋਗ ਨਹੀਂ ਸਮਝਦੇ, ਇਸੇ ਕਰਕੇ ਹੀ ਓਹਨਾਂ ਨੂੰ ਪ੍ਰਭੂ ਦੇ ਪੁੱਤਰ ਵੀ ਕਿਹਾ ਹੈ ।

ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ :—

الخلق عيال الله فاحب الخلق الى الله من
احسن الى عياله

**ਅਰਥਾਤ** :—ਸਾਰੇ ਜੀਆ ਜੰਤ ਸਾਜਨਹਾਰ ਪ੍ਰਭੂ ਦਾ ਪਰਵਾਰ ਹਨ ਤੇ ਪ੍ਰਭੂ ਦਾ ਨਿਕਟ-ਵਰਤੀ ਉਹੋ ਹੀ ਬਣ ਸਕਦਾ ਹੈ, ਜੋ ਉਸ ਦੀ ਰਚਨਾ ਨਾਲ ਪਿਆਰ ਕਰਦਾ ਹੈ ਅਤੇ ਉਸ ਦੇ ਭਲੇ ਦਾ ਚਾਹਵਾਨ ਹੈ।

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

فَاذْكُرُوا اللّٰهَ كَذِكْرِكُمْ اٰبَاءَكُمْ اَوْ اَشَدَّ ذِكْرًا

**ਅਰਥਾਤ** :—ਤੁਸੀਂ ਆਪਣੇ ਸਾਜਨਹਾਰ ਪ੍ਰਭੂ ਨੂੰ ਉਸ ਤਰ੍ਹਾਂ ਯਾਦ ਕਰੋ, ਜਿਸ ਤਰ੍ਹਾਂ ਕਿ ਤੁਸੀਂ ਆਪਣੇ ਬਾਪਾਂ ਨੂੰ ਯਾਦ ਕਰਦੇ ਹੋ, ਸਗੋਂ ਉਸ ਤੋਂ ਵੀ ਵਧਕੇ ।

———

Digitized by Panjab Digital Library | www.panjabdigilib.org

**ਕਫ਼ਾਰਾ** :—ਕਈ ਧਰਮਾਂ ਵਿਚ "ਕਫ਼ਾਰੇ" ਦਾ ਮਸਲਾ ਵੀ ਪਰਵਾਨਿਆ ਗਿਆ ਹੈ । ਓਹ ਆਪਣੇ ਪਾਪਾਂ ਤੋਂ ਕੁਕਰਮਾਂ ਦਾ ਭਾਰ ਦੂਜੇ ਵਿਅੱਕਤੀ ਤੇ ਸੁੱਟਦੇ ਹਨ । ਈਸਾਈ ਜਗਤ ਦੇ ਪ੍ਰਭੂ ਦੇ ਸਰੂਪ ਵਿਚ "ਕਫ਼ਾਰੇ" ਦੇ ਇਸ ਮਸਲੇ ਨੂੰ ਵਿਸ਼ੇਸ਼ ਅਸਥਾਨ ਦਿਤਾ ਗਿਆ ਹੈ । ਓਹ ਇਹ ਮੰਨਦੇ ਹਨ ਕਿ ਪੁੱਤਰ-ਪ੍ਰਭੂ ਜਾਂ ਪ੍ਰਭੂ-ਪੁੱਤਰ ਹਜ਼ਰਤ ਈਸਾ ਜੀ ਸੂਲੀ ਤੇ ਮਰ ਕੇ ਪਾਪੀਆਂ ਲਈ ਕਫ਼ਾਰਾ ਹੋ ਗਏ ਹਨ । ਹੁਣ ਜਿਹੜਾ ਵੀ ਪ੍ਰਾਣੀ ਹਜ਼ਰਤ ਈਸਾ ਜੀ ਤੇ ਸ਼ਰਧਾ ਧਾਰਨ ਕਰੇਗਾ. ਉਹ ਮੁਕਤੀ ਦਾ ਅਧਿਕਾਰੀ ਹੋ ਜਾਏਗਾ । ਉਹ ਭਾਵੇਂ ਕਿੰਨਾ ਹੀ ਵਿਭਚਾਰੀ ਤੇ ਦੁਰਾਚਾਰੀ ਕਿਉਂ ਨਾ ਹੋਵੇ, ਉਸ ਤੋਂ ਕੋਈ ਪੁੱਛ-ਗਿਛ ਨਹੀਂ ਕੀਤੀ ਜਾਏਗੀ । ਹਜ਼ਰਤ ਈਸਾ ਜੀ ਦੀ ਸੂਲੀ ਤੇ ਮੌਤ ਉਸ ਦੇ ਸਾਰੇ ਪਾਪਾਂ ਦਾ ਵਟਾਂਦਰਾ ਹੈ ।

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਫ਼ਰਮਾਇਆ ਹੈ ਕਿ :—

"ਬਾਬਾ ਨਾਨਕ ਜੀ ਮਹਾਰਾਜ ਸੱਚੀ-ਮੁਕਤੀ ਦੇ ਮਾਰਗ ਨੂੰ ਚੰਗੀ ਤਰ੍ਹਾਂ ਜਾਣ ਚੁਕੇ ਸਨ । ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਹ ਪਵਿੱਤਰ ਪ੍ਰਭੂ ਆਪਣੇ ਜਤਨਾਂ ਤੋਂ ਬਿਨਾ ਨਹੀਂ ਮਿਲ ਸਕਦਾ । ਉਹ ਇਹ ਵੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਪ੍ਰਭੂ ਹਰੇਕ ਜਿੰਦ ਤੋਂ ਆਪੇ ਦੀ ਕੁਰਬਾਨੀ ਚਾਹੁੰਦਾ ਹੈ, ਨਾ ਕਿਸੇ ਦੂਜੇ ਦਾ ਆਤਮਘਾਤ ਬਕਰੇ ਦੇ ਕੰਮ ਨਹੀਂ ਆਉਂਦਾ । ਏਹੋ ਗੱਲ ਸੱਚੀ ਹੈ ਕਿ ਪ੍ਰਭੂ ਨੂੰ ਉਹੋ ਹੀ ਪ੍ਰਾਪਤ ਹੁੰਦੇ ਹਨ, ਜੋ ਆਪ ਪ੍ਰਭੂ ਦੇ ਹੋ ਜਾਂਦੇ ਹਨ । ਜੋ ਪ੍ਰਾਣੀ ਹਰੇਕ ਅਪਵਿੱਤਰਤਾ ਤੇ ਪਾਪ ਦੇ ਦਰਵਾਜ਼ੇ ਆਪਣੇ ਲਈ ਬੰਦ ਕਰਦੇ ਹਨ, ਓਹਨਾਂ ਤੇ ਹੀ ਉਸ ਦੇ ਬੂਹੇ ਖੋਲ੍ਹੇ ਜਾਂਦੇ ਹਨ ਅਤੇ ਅਸਲ ਵਿਚ ਮਰਦ ਵੀ ਉਹੋ ਹੀ ਹਨ, ਕਿ ਚੰਗੇ ਤੇ ਭਲੇ ਕਰਮ ਕਰ ਕੇ ਉਸ ਦਾ ਵਟਾਂਦਰਾ ਪ੍ਰਾਪਤ ਕਰਨ ।"

[ਤਬਲੀਗਿ ਰਸਾਲਤ, ਭਾਗ 4, ਪੰਨਾ 57

ਗੁਰੂ ਜੀ ਦੇ ਪ੍ਰਭੂ ਦੇ ਸਰੂਪ ਵਿਚ "ਕਫ਼ਾਰੇ" ਦੇ ਮਸਲੇ ਲਈ ਕੋਈ ਥਾਂ ਨਹੀਂ ਹੈ । ਗੁਰੂ ਜੀ ਦੇ ਵਿਚਾਰ ਅਨੁਸਾਰ ਹਰੇਕ ਪ੍ਰਾਣੀ ਨੂੰ ਆਪਣੀ ਕਰਨੀ ਹੀ ਭਰਨੀ ਪਏਗੀ । ਕਿਸੇ ਦੇ ਪਾਪਾਂ ਦਾ ਭਾਰ ਕੋਈ ਦੂਜਾ ਨਹੀਂ ਚੁਕ ਸਕੇਗਾ । ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਪਵਿੱਤਰ ਵਾਕ ਹੈ ਕਿ :—

Digitized by Panjab Digital Library | www.panjabdigilib.org

ਅਹਿਕਰੁ ਕਰੇ ਸੁ ਅਹਿਕਰੁ ਪਾਏ
ਕੋਇ ਨ ਪਕੜੀਐ ਕਿਸੈ ਥਾਇ ॥

(ਆਸਾ ਮ: 5, ਪੰਨਾ 406)

ਅਰਥਾਤ—ਜੋ ਕਰੇਗਾ, ਸੋ ਭਰੇਗਾ, ਕੋਈ ਦੂਜਾ ਕਿਸੇ ਦੇ ਪਾਪਾਂ ਦਾ ਵਟਾਂਦਰਾ ਨਹੀਂ ਹੋ ਸਕਦਾ, ਸਗੋਂ ਇਕ ਹੱਥ ਵੀ ਦੂਜੇ ਹੱਥ ਦੇ ਵਟਾਂਦਰੇ ਵਿਚ ਨਹੀਂ ਫੜਿਆ ਜਾਏਗਾ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਅਪਣੇ ਕੀਤੇ ਦਾ ਫਲ ਪਾਉਣਾ, ਇਉਂ ਵਰਣਨ ਕੀਤਾ ਹੈ ਕਿ :—

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆਂ ਅੰਦਰਿ ਜਾਵਣਾ।
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।
ਕਰਿ ਅਉਗਣ ਪਛੋਤਾਵਣਾ।

(ਵਾਰ ਆਸਾ, ਮ: 1, ਪੰਨਾ 472)

**ਅਰਥਾਤ** :—ਸੋਹਣੇ ਬਸਤਰ ਤੇ ਸਜਾਵਟ ਇਸ ਸੰਸਾਰ ਵਿਚ ਛਡਕੇ ਹੀ ਪ੍ਰਾਣੀ ਤੁਰ ਜਾਂਦੇ ਹਨ। ਹਰੇਕ ਪ੍ਰਾਣੀ ਨੂੰ ਅਪਣੇ ਚੰਗੇ-ਮੰਦੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਜੇਹੜੇ ਲੋਕ ਇੱਥੇ ਹੁਕਮ ਚਲਾਉਂਦੇ ਹਨ ਤੇ ਆਪਣੀਆਂ ਮਨ-ਮਰਜ਼ੀਆਂ ਕਰਦੇ ਹਨ, ਉਹਨਾਂ ਨੂੰ ਅੱਗੇ ਜਾ ਕੇ ਤੰਗ ਰਸਤੇ ਵਿਚੋਂ ਲੰਘਣਾ ਪਏਗਾ। ਜਦੋਂ ਉਹਨਾਂ ਨੂੰ ਨੰਗੇ ਕਰਕੇ ਦੋਜ਼ਖ ਵਿਚ ਸੁੱਟਿਆ ਜਾਏਗਾ, ਉਦੋਂ ਉਹ ਵੱਡੇ ਭਿਆਨਕ ਦਿੱਸਣਗੇ। ਫੇਰ ਓਹ ਆਪਣੀ ਕੀਤੀ ਤੇ ਪਛੁਤਾਉਣਗੇ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫਰਮਾਇਆ ਹੈ ਕਿ :—

ਨਾਨਕੁ ਅਖੈ ਰੇ ਮਨਾ ਸੁਣੀਐ ਸਿਖ ਸਹੀ।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।
ਅਜਰਾਈਲੁ ਫਰੇਸ਼ਤਾ ਹੋਸੀ ਆਇ ਤਈ।

Digitized by Panjab Digital Library | www.panjabdigilib.org

ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ।
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ।

(ਵਾਰ ਰਾਮਕਲੀ ਸ: ਮ: 1, ਪੰਨਾ 953)

**ਅਰਥਾਤ** :—ਸ੍ਰੀ ਗੁਰੂ ਨਾਨਕ ਜੀ ਫਰਮਾਉਂਦੇ ਹਨ ਕਿ ਇਹ ਸੱਚੀ ਸਿਖਿਆ ਧਿਆਨ ਨਾਲ ਸੁਣੋ ਕਿ ਤੁਹਾਡੇ ਕਰਮਾਂ ਦਾ ਲੇਖਾ ਤੁਹਾਡਾ ਸਾਜਨਹਾਰ ਤੇ ਪਾਲਣਹਾਰ ਪ੍ਰਭੂ ਲਏਗਾ । ਸਾਹਿਬ ਦੇ ਬਾਗ਼ੀ ਜਿਨ੍ਹਾਂ ਦੇ ਜ਼ਿੰਮੇ ਬਾਕੀ ਨਿਕਲੇਗੀ, ਪ੍ਰਭੂ ਦੇ ਹਜ਼ੂਰ ਇਕੱਤਰ ਕੀਤੇ ਜਾਣਗੇ । ਮੌਤ ਦਾ ਦੂਤ ਇਜ਼ਰਾਈਲ ਓਹਨਾਂ ਨੂੰ ਡੰਡ ਦੇਣ ਵਾਸਤੇ ਨੀਅਤ ਕੀਤਾ ਜਾਏਗਾ ਓਹਨਾਂ ਨੂੰ ਆਉਣ ਜਾਣ ਲਈ ਕੋਈ ਰਾਹ ਨਹੀਂ ਸੁੱਝੇਗਾ ਤੇ ਓਹਨਾਂ ਦੇ ਗਲਾਂ ਵਿਚ ਭੀੜੀ ਫਾਹੀ ਪਾਈ ਜਾਏਗੀ । ਓੜਕ ਕੂੜ ਨਿਖੁੱਟ ਜਾਏਗਾ ਤੇ ਸੱਚ ਦੀ ਹੀ ਜਿਤ ਹੋਵੇਗੀ ।

ਸੋਢੀ ਮਿਹਰਬਾਨ ਜੀ ਰਚਿਤ "ਜਨਮਸਾਖੀ ਸ੍ਰੀ ਗੁਰੂ ਨਾਨਕ ਜੀ" ਵਿਚ ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫਰਮਾਨ ਦਰਜ ਹੈ ਕਿ :—

"ਏ ਜਨਕ ਭਗਤ ! ਧਰਮ ਖੰਡ ਮੇਰੀ ਇਹ ਧਰਤੀ ਹੈ ।
ਤਿਹੁਲੋਕਾ ਮਹਿ ਇਸੇ ਹੀ ਧਰਤੀ ਦਾ ਕਮਾਇਆ ਪਾਈਤਾ ਹੈ ।
ਧਰਤੀ ਜਿ ਹੈ ਸਿ ਮੇਰੀ ਧਰਮਸਾਲਾ ਹੈ । ਜੈਸਾ ਕੋਈ ਬੀਜੈ ।
ਤੈਸਾ ਪਾਵੈ । ਕਿ ਬੁਰਾ ਕਰੈ ਸਿ ਬੁਰਾ ਪਾਵੈ । ਭਲਾ ਕਰੈ ਸੋ ।
ਭਲਾ ਪਾਵੈ ।"

(ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਪੰਨਾ 7)

ਜਨਮ ਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਦਰਜ ਹੈ ਕਿ :—

ਕਲਿਜੁਗ ਸਚ ਨਿਆਉਂ ਹੈ ਜੇ ਵਿਗਾੜੇ ਪਾਵੈ ਸੋਇ ।
ਹੋਰਸ ਕਿਸੇ ਨ ਮਾਰੀਐ ਭਾਵੇਂ ਕੋਈ ਹੋਇ ।
ਜੇਹੜਾ ਅੰਗ ਗੁਨਾਹ ਕਰੇ ਤਿਸ ਅੱਗੇ ਮਿਲੇ ਸਜਾਇ ।
ਵਿਚ ਕਿਤਾਬਾਂ ਲਿਖਿਆ ਆਖਿਆ ਪਾਕ ਖੁਦਾਇ ॥

(ਜਨਮ ਸਾਖੀ ਭਾ: ਬਾਲਾ ਪੰਨਾ 201)

Digitized by Panjab Digital Library | www.panjabdigilib.org

**ਅਰਥਾਤ** :—ਕਲਿਜੁਗ ਵਿਚ ਉਹ ਸੱਚਾ ਨਿਆਉਂ ਹੈ, ਜੋ ਕਰੇ ਸੋ ਭਰੇ। ਕਿਸੇ ਦੂਜੇ ਨੂੰ ਉਸ ਦਾ ਦੰਡ ਨਹੀਂ ਦਿੱਤਾ ਜਾ ਸਕਦਾ, ਭਾਵੇਂ ਉਹ ਕੋਈ ਹੋਵੇ। ਪ੍ਰਾਣੀ ਦਾ ਸਰੀਰ ਦਾ ਜਿਹੜਾ ਅੰਗ ਕੋਈ ਪਾਪ ਕਮਾਵੇਗਾ, ਉਸੇ ਹੀ ਅੰਗ ਨੂੰ ਉਸ ਦਾ ਦੰਡ ਦਿੱਤਾ ਜਾਏਗਾ, ਕਿਉਂਕਿ ਕਰੇ ਕੋਈ ਤੇ ਭਰੇ ਕੋਈ ; ਨਿਆਇ ਨਹੀਂ ਕਹਾ ਸਕਦਾ। ਏਹੋ ਕੁਝ ਧਰਮ ਪੁਸਤਕਾਂ ਵਿਚ ਲਿਖਿਆ ਮਿਲਦਾ ਹੈ ਤੇ ਏਹੋ ਹੀ ਪ੍ਰਭੂ ਨੇ ਫਰਮਾਇਆ ਹੈ ਕਿ ਹਰੇਕ ਨੂੰ ਕਰਨੀ ਭਰਨੀ ਪਵੇਗੀ।

ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਵੀ "ਕਫ਼ਾਰੇ" ਦੇ ਸਿਧਾਂਤ ਦਾ ਖੰਡਨ ਕਰਦਾ ਹੈ, ਗੁਰੂ ਜੀ ਦੇ ਵਿਚਾਰ ਅਨੁਸਾਰ ਕਿਸੇ ਇਕ ਦਾ ਦੂਜੇ ਦੇ ਪਾਪਾਂ ਦਾ ਭਾਰ ਚੁੱਕਣਾ ਤੇ ਉਸ ਦੇ ਵਟਾਂਦਰੇ ਵਿਚ ਦੰਡ ਭੋਗਣਾ, ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਦਾ ਨਿਆਇ ਨਾਲ ਕੋਈ ਸੰਬੰਧ ਨਹੀਂ। ਗੁਰੂ ਜੀ ਨੇ ਤਾਂ ਇਸ ਬਾਰੇ ਇਹ ਵੀ ਵਰਣਨ ਕਰ ਦਿੱਤਾ ਹੈ ਕਿ ਕਿਸੇ ਪ੍ਰਾਣੀ ਦਾ ਆਪਣਾ ਅੰਗ ਵੀ ਕਿਸੇ ਦੂਜੇ ਅੰਗ ਦਾ ਵਟਾਂਦਰਾ ਨਹੀਂ ਹੋ ਸਕਦਾ; ਸਗੋਂ ਜਿਸ ਅੰਗ ਨੇ ਜਿਹੜਾ ਪਾਪ ਕਮਾਇਆ ਹੋਵੇਗਾ ਉਹੋ ਅੰਗ ਉਸ ਦਾ ਦੰਡ ਭੋਗੇਗਾ।

ਜਨਮ-ਸਾਖੀ ਭਾਈ ਬਾਲਾ ਵਿਚ ਇਕ ਹੋਰ ਥਾਂ ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਮਿਲਦਾ ਹੈ ਕਿ :—

> "ਜਿਸ ਈਮਾਨ ਅੰਦਰ ਕੋਈ ਖੜਾ ਹੈ, ਤਿਸ ਕਉ ਓਹ ਈਮਾਨ ਪਾਰ ਪੁਰ ਸਲਾਤ (ਪੁਲ ਸਿਰਾਤ) ਕਰੇਗਾ। ਦਰਗਾਹ ਰੱਬ ਦੀ ਜਾਤ, ਸਿਫਾਤ, ਮਜ਼ਹਬ ਕੋਈ ਪੁਛਦਾ ਨਹੀਂ; ਨੇਕੀ ਬਦੀ ਪੁਛੀਐ ਗੀ। ਪਾਤਸ਼ਾਹ ਉਮਰਾਉ, ਕਾਜੀ, ਮੁਫਤੀ, ਮੁਲਾਂ ਏਹਨਾਂ ਥੋਂ ਲੋਹ ਅਦਾਲਤ ਦਾ ਹਿਸਾਬ ਪੁਛੀਐਗਾ, ਜੋ ਤੁਮੋਂ ਫ਼ਰਮਾਨ ਰੱਬ ਦਾ ਲੈ ਕਰ ਕਿਸ ਕਉ ਹਕ ਪਹੁੰਚਾਇਆ ਹੈ; ਜਿਨੋਂ ਨੇ ਅਮਲ ਨਹੀਂ ਕੀਤਾ, ਤਿਨੋਂ ਕੇ ਹੱਡ ਦੋਜ਼ਖ ਹਾਵੀਏ ਅੰਦਰ ਪਾਏ ਸੜਦੇ ਹਨ, ਅਰ ਤੋਬਹ ਤੋਬਹ ਕਰਦੇ ਹੈਨ ਅਰ ਕਬੂਲ ਕਾਈ ਨਹੀਂ ਆਉਂਦੀ।"

[ਜਨਮ ਸਾਖੀ ਭਾਈ ਬਾਲਾ ਪੰਨਾ 133

ਸੋ ਗੱਲ ਕੀ, ਸ੍ਰੀ ਗੁਰੂ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਕਿਸੇ ਪ੍ਰਾਣੀ ਦਾ ਕੇਵਲ ਕਿਸੇ ਸਿਧਾਂਤ ਜਾਂ "ਕਫ਼ਾਰੇ" ਆਦਿ ਤੇ ਸ਼ਰਧਾ ਧਾਰਨ ਕਰਨਾ ਓਸ

Digitized by Panjab Digital Library | www.panjabdigilib.org

ਨੂੰ ਮੁਕਤੀ ਦਾ ਭਾਗੀ ਨਹੀਂ ਬਣਾ ਸਕਦਾ । ਮੁਕਤੀ ਦੀ ਪ੍ਰਾਪਤੀ ਲਈ ਆਪਣੀ ਸ਼ਰਧਾ ਅਨੁਸਾਰ ਸ਼ੁਭ ਕਰਮ ਕਰਨੇ ਵਡੇ ਜ਼ਰੂਰੀ ਹਨ। ਹਰੇਕ ਪ੍ਰਾਣੀ ਦਾ ਆਪਣਾ ਕੀਤਾ ਹੀ ਉਸ ਦੇ ਕੰਮ ਆਏਗਾ । ਕੋਈ ਦੂਜਾ ਵਿਅੱਕਤੀ ਕਿਸੇ ਦੇ ਪਾਪਾਂ ਦਾ ਵਟਾਂਦਰਾ ਨਹੀਂ ਬਣ ਸਕਦਾ, ਕਰੇ ਕੋਈ ਤੇ ਭਰੇ ਕੋਈ ਨਿਆਂਇਕਾਰੀ ਦੇ ਉੱਕਾ ਹੀ ਉਲਟ ਹਨ।

ਸਿੱਖ ਇਤਿਹਾਸਕਾਰ ਵਰਣਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਈਸਾਈਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਆਪਣੇ ਏਹੋ ਹੀ ਵਿਚਾਰ ਪੇਸ਼ ਕੀਤਾ ਕਰਦੇ ਸਨ, ਜਿਹਾ ਕਿ ਗਿਆਨੀ ਲਾਲ ਸਿੰਘ ਜੀ ਲਿਖਦੇ ਹਨ ਕਿ ਇਕ ਵਾਰ ਸ੍ਰੀ ਗੁਰੂ ਜੀ ਨੇ ਰੂਮ ਦੇ ਈਸਾਈਆਂ ਨੂੰ ਇਹ ਫ਼ਰਮਾਇਆ ਸੀ ਕਿ :—

"ਤੁਹਾਡਾ ਇਹ ਖਿਆਲ ਗ਼ਲਤ ਹੈ ਕਿ ਹਜ਼ਰਤ ਈਸਾ ਜੀ ਆਪਣੀ ਉਮਤ (ਪੈਰੋਕਾਰ ਚੇਲਿਆਂ) ਦੇ ਸਾਰੇ ਪਾਪਾਂ ਦਾ ਭਾਰ ਚੁਕ ਕੇ ਲੈ ਗਏ ਹਨ, ਯਾ ਜੋ ਕੋਈ ਹੁਣ ਈਸਾਈ ਬਣੇਗਾ ਤੇ ਈਸਾ ਜੀ ਪਰ ਨਿਸਚਾ ਰੱਖੇਗਾ, ਉਸ ਦੇ ਪਾਪ ਨਸ਼ਟ ਹੋ ਜਾਣਗੇ, ਯਾ ਹਜ਼ਰਤ ਈਸਾ ਜੀ ਖੁਦਾ ਪਾਸੋਂ ਬਖਸ਼ਵਾ ਦੇਣਗੇ, ਕਿਉਂਕਿ :—

ਸਰਬ ਨਿਰੰਤਰ ਆਪੇ ਆਪਿ ।
ਕਿਸੇ ਨ ਪੁਛੇ ਬਖਸੇ ਆਪਿ।
ਕਰਨੀ ਆਪੋ ਆਪਣੀ ਕੈ ਨੇੜੈ ਕੈ ਦੂਰਿ ।

[ਤਵਾਰੀਖ ਗੁਰੂ ਖਾਲਸਾ ਪੰਥ ਪੰਨਾ 149

ਕਈ ਹੋਰ ਸਿੱਖ ਵਿਦਵਾਨਾਂ ਨੇ ਵੀ ਇਹ ਵਰਣਨ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਈਸਾਈਆਂ ਨਾਲ ਵਿਚਾਰ-ਚਰਚਾ ਕਰਦਿਆਂ "ਕਫ਼ਾਰੇ" ਦੇ ਮਸਲੇ ਦਾ ਖੰਡਨ ਕੀਤਾ ਸੀ ! (ਵੇਖੋ ਇਤਿਹਾਸ ਸਿੱਖ ਗੁਰੂ ਸਾਹਿਬਾਨ ਪੰਨਾ 81 ਤੇ ਖ਼ਾਲਸਾ ਰਹਿਤ ਪ੍ਰਕਾਸ਼ ਪੰਨਾ 131 ਆਦਿ)

ਇਸ ਬਾਰੇ ਇਸਲਾਮ ਦਾ ਵੀ ਏਹੋ ਹੀ ਵਿਚਾਰ ਹੈ; ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :

Digitized by Panjab Digital Library | www.panjabdigilib.org

وَلَا تَكْسِبُ كُلُّ نَفْسٍ إِلَّا عَلَيْهَا ۚ وَلَا تَزِرُ وَازِرَةٌ
وِزْرَ أُخْرَىٰ ۚ ثُمَّ إِلَىٰ رَبِّكُم مَّرْجِعُكُمْ فَيُنَبِّئُكُم
بِمَا كُنتُمْ فِيهِ تَخْتَلِفُونَ ۝ ـــــ أَلَّا
تَزِرُ وَازِرَةٌ وِزْرَ أُخْرَىٰ ۝ وَأَن لَّيْسَ
لِلْإِنسَانِ إِلَّا مَا سَعَىٰ ۝

**ਅਰਥਾਤ** :—ਹਰੇਕ ਪ੍ਰਾਣੀ ਜੋ ਕਮਾਈ ਕਰਦਾ ਹੈ, ਉਸ ਦਾ ਭਾਰ ਉਸ ਦੇ ਸਿਰ ਹੋਵੇਗਾ । ਕੋਈ ਦੂਜਾ ਕਿਸੇ ਦਾ ਭਾਰ ਨਹੀਂ ਚੁਕ ਸਕਦਾ । ਤੁਸੀਂ ਸਾਰੇ ਹੀ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਇਕੱਤਰ ਕੀਤੇ ਜਾਉਗੇ । ਉਹ ਤੁਹਾਨੂੰ ਉਸ ਤੋਂ ਜਾਣੂੰ ਕਰਾਏਗਾ, ਜਿਸ ਬਾਰੇ ਕਿ ਤੁਸੀਂ ਵਾਦ-ਵਿਵਾਦ ਕੀਤਾ ਕਰਦੇ ਸੀ । ਕੋਈ ਵੀ ਭਾਰ ਚੁੱਕਣ ਵਾਲਾ ਕਿਸੇ ਦੂਜੇ ਦਾ ਭਾਰ ਨਹੀਂ ਚੁਕ ਸਕਦਾ । ਹਰੇਕ ਪ੍ਰਾਣੀ ਨੂੰ ਆਪਣੇ ਕੀਤੇ ਦਾ ਵਟਾਂਦਰਾ ਹੀ ਮਿਲਦਾ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਅਨੇਕਾਂ ਪਵਿੱਤਰ ਸ਼ਬਦਾਂ ਵਿਚ ਇਹ ਗਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਹਰੇਕ ਪ੍ਰਾਣੀ ਨੂੰ ਆਪਣੀ ਕਰਨੀ ਹੀ ਭਰਨੀ ਪਏਗੀ । ਪ੍ਰਭੂ ਦੇ ਹਜ਼ੂਰ ਕਰੇ ਕੋਈ ਤੇ ਭਰੇ ਕੋਈ ਦਾ ਵਰਤਾਰਾ ਨਹੀਂ ਵਰਤ ਸਕਦਾ; ਜਿਹਾ ਕਿ ਗੁਰੂ ਜੀ ਫ਼ਰਮਾਉਂਦੇ ਹਨ ਕਿ :—

ਜੈਸਾ ਕੀਚੈ ਤੈਸੋ ਪਾਈਐ ।
... ... ...
ਖੰਡੇ ਧਾਰ ਗਲੀ ਅਤਿ ਭੀੜੀ ।
ਲੇਖਾ ਲੀਜੈ ਤਿਲ ਜਿਉ ਪੀੜੀ ।
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ
ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥

[ਮਾਰੂ. ਮ: 1, ਪੰਨਾ 1028

ਇਕ ਹੋਰ ਥਾਂ ਆਪ ਨੇ ਫ਼ਰਮਾਇਆ ਹੈ ਕਿ :—

ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ।
ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ।

Digitized by Panjab Digital Library | www.panjabdigilib.org

ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ।

[ਵਾਰ ਸਾਰੰਗ, ਸ: ਮ: 1, ਪੰਨਾ 1238

ਸ੍ਰੀ ਗੁਰੂ **ਜੀ ਨੇ ਇਸ** ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

**ਜੇਤੇ ਜੀਅ ਲਿਖੀ** ਸਿਰਿਕਾਰ ।
ਕਰਣੀ ਉਪਰਿ ਹੋਵਗਿ ਸਾਰ ।
ਹੁਕਮੁ ਕਰਹਿ ਮੂਰਖ ਗਵਾਰ ।
ਨਾਨਕ ਸਾਚੇ ਕੇ ਸਿਫਤਿ ਭੰਡਾਰ ।

[ਬਸੰਤ ਮ: 1, ਪੰਨਾ 1169

ਗੁਰੂ ਜੀ ਦੇ ਏਹਨਾਂ ਤਿੰਨਾਂ ਹੀ ਪਵਿੱਤਰ ਸ਼ਬਦਾਂ ਦਾ ਸੰਖੇਪ ਏਹੋ ਹੈ ਕਿ ਹਰੇਕ ਪ੍ਰਾਣੀ ਨੇ ਆਪਣੇ ਸਾਜਨਹਾਰ ਪ੍ਰਭੂ ਨੂੰ ਆਪਣੇ ਕਰਮਾਂ ਦਾ ਲੇਖਾ ਦੇਣਾ ਹੈ ਤੇ ਉਥੋਂ ਕੋਈ ਵੀ ਦੂਜਾ ਕਿਸੇ ਦਾ ਭਾਰ ਨਹੀਂ ਚੁਕ ਸਕੇਗਾ । ਹਰੇਕ ਨੂੰ ਆਪਣੀ ਕਰਨੀ ਹੀ ਭਰਨੀ ਪਵੇਗੀ ।

ਗੁਰੂ ਜੀ ਨੇ ਇਹ ਵੀ ਫ਼ਰਮਾਇਆ ਹੈ ਕਿ :—

ਜਹ ਕਰਣੀ ਤਹ ਪੂਰੀ ਮਤਿ ।
ਕਰਣੀ ਬਾਝਹੁ ਘਟੇ ਘਟਿ ॥

[ਸਿਰੀਰਾਗ, ਮ:, 1, ਪੰਨਾ 25

**ਅਰਥਾਤ** :—

ਫੁਲੁ ਭਾਉ ਫਲੁ ਲਿਖਿਆ ਪਾਇ ।
ਆਪੇ ਬੀਜਿ ਆਪੇ ਹੀ ਖਾਹਿ ।

[ਸਿਰੀਰਾਗ, ਮ: 1, ਪੰਨਾ 75

ਗੁਰੂ ਜੀ ਦੇ ਏਹਨਾਂ ਪਵਿੱਤਰ ਵਾਕਾਂ ਦਾ ਏਹੋ ਹੀ ਭਾਵ ਹੈ ਕਿ ਹਰੇਕ ਪ੍ਰਾਣੀ ਆਪਣੇ ਕੀਤੇ ਦਾ ਫਲ ਭੋਗੇਗਾ । ਕੋਈ ਦੂਜਾ ਕਿਸੇ ਦੇ ਪਾਪਾਂ ਦਾ ਭਾਰ ਨਹੀਂ ਚੁਕ ਸਕੇਗਾ ।

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

Digitized by Panjab Digital Library | www.panjabdigilib.org

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ।
ਅਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

[ਵਾਰ ਆਸਾ, ਮ: 1, ਪੰਨਾ 474

**ਅਰਥਾਤ** :—

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ।
ਜਿਤੁ ਕੀਤਾ ਪਾਈਐ ਆਪਣਾ ਘਾਲ ਬੁਰੀ ਕਿਉ ਘਾਲੀਐ ।
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ।
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ।
ਕਿਛੁ ਲਾਹੇ ਉਪਰਿ ਘਾਲੀਐ ।

[ਵਾਰ ਆਸਾ ਮ: 1, ਪੰਨਾ 474

**ਅਰਥਾਤ** :—ਹਰੇਕ ਪ੍ਰਾਣੀ ਨੂੰ ਆਪਣਾ ਕਾਰਜ ਆਪਣੇ ਹੱਥੀਂ ਹੀ ਸੁਆਰਨਾ ਚਾਹੀਦਾ ਹੈ । ਇਸ ਜੀਉ ਤੇ ਪਿੰਡ ਦੀ ਜਿਸ ਰਚਨਹਾਰ ਨੇ ਸਾਜਨਾ ਕੀਤੀ ਹੈ, ਉਸ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ! ਜਦ ਇਹ ਅਸਲੀਅਤ ਹੈ ਕਿ ਹਰੇਕ ਪ੍ਰਾਣੀ ਨੇ ਆਪਣੀ ਕਰਨੀ ਹੀ ਭਰਨੀ ਹੈ, ਤਾਂ ਫਿਰ ਭੈੜੇ ਕਰਮ ਕਿਉਂ ਕੀਤੇ ਜਾਣ । "ਕਠਾਰੇ" ਆਦਿ ਦੇ ਸਿਧਾਂਤ ਦੀ ਟੇਕ ਤੇ ਸ਼ੁਭ ਕਰਮ ਕਰਨੇ ਛੱਡ ਦੇਣੇ, ਕੋਈ ਚੰਗੀ ਗੱਲ ਨਹੀਂ ਹੈ, ਹਰੇਕ ਪ੍ਰਾਣੀ ਨੂੰ ਮੰਦ-ਕਰਮਾਂ ਤੋਂ ਬਚਣ ਦਾ ਪੂਰਾ ਪੂਰਾ ਯਤਨ ਕਰਨਾ ਚਾਹੀਦਾ ਹੈ ।

ਗੁਰੂ ਜੀ ਨੇ ਇਹ ਵੀ ਫ਼ਰਮਾਇਆ ਹੈ ਕਿ :—

ਜੈਸਾ ਕਰੇ ਸੁ ਤੈਸਾ ਪਾਵੈ ।
ਆਪਿ ਬੀਜਿ ਆਪੇ ਹੀ ਖਾਵੈ ।
ਜੇ ਵਡਿਆਈਆ ਆਪੇ ਖਾਇ ।
ਜੇਹੀ ਸੁਰਤਿ ਤੇਹੈ ਰਾਹਿ ਜਾਇ ;

[ਧਨਾਸਰੀ ਮ: 1, ਪੰਨਾ 662

**ਅਰਥਾਤ** :—ਹਰੇਕ ਪ੍ਰਾਣੀ ਆਪਣੇ ਕੀਤੇ ਦਾ ਹੀ ਫਲ ਪਾਏਗਾ । ਜੋ ਬੀਜੇਗਾ ਉਹੋ ਹੀ ਵਢੇਗਾ । ਕੋਈ ਦੂਜਾ ਕਿਸੇ ਦਾ ਭਾਰ ਨਹੀਂ ਚੁੱਕ ਸਕੇਗਾ ।

ਇਸ ਬਾਰੇ ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਵੀ ਹੈ ਕਿ :—

Digitized by Panjab Digital Library | www.panjabdigilib.org

ਜੇਸਾ ਬੀਜੈ ਸੋ ਲੁਣੇ ਜੋ ਖਟੇ ਸੋ ਖਾਇ
ਅਗੈ ਪੁਛਿ ਨ ਹੋਵਈ ਜੇ ਸਣੁ ਨੀਸਾਣੈ ਜਾਇ ।
ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ।
ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ।
ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ।
ਨਾਨਕ ਕੰਮਿਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ।
(ਸੂਹੀ, ਮ: 1, ਪੰਨਾ 730)

ਇਸ ਪਵਿੱਤਰ ਸ਼ਬਦ ਵਿਚ ਸ੍ਰੀ ਗੁਰੂ ਜੀ ਨੇ ਏਹੋ ਵਿਚਾਰ ਪਰਗਟ ਕੀਤੇ ਹਨ ਕਿ ਹਰੇਕ ਪ੍ਰਾਣੀ ਜੋ ਬੀਜੇਗਾ, ਉਹੋ ਵੱਢੇਗਾ ।

ਸ੍ਰੀ ਗੁਰੂ ਜੀ ਨੇ ਮੁਕਤੀ ਦਾ ਸੰਬੰਧ ਪ੍ਰਾਣੀ ਦੇ ਸ਼ੁਭ ਕਰਮਾਂ ਨਾਲ ਵਰਨਣ ਕੀਤਾ ਹੈ, ਅਤੇ "ਕਫ਼ਾਰੇ" ਆਦਿ ਦੇ ਸਿਧਾਂਤ ਨੂੰ ਟੇਕ ਬਣਾ ਕੇ ਸ਼ੁਭ ਕਰਮਾਂ ਦਾ ਤਿਆਗ ਕਰ ਦੇਣਾ ਠੀਕ ਨਹੀਂ ਹੈ, ਜਿਹਾ ਕਿ ਆਪ ਦਾ ਫੁਰਮਾਨ ਹੈ ਕਿ ;-

ਰਾਹੁ ਦਸਾਇ ਓਥੈ ਕੋ ਜਾਇ ।
ਕਰਣੀ ਸਾਝਹੁ ਭਿਸਤਿ ਨਾ ਪਾਇ ।

... ... ...

ਏਥੈ ਜਾਣੈ ਸੁ ਜਾਇ ਸਿਞਾਣੈ ।
ਹੋਰੁ ਫਕੜੁ ਹਿੰਦੂ ਮੁਸਲਮਾਣੈ ।
ਸਭਨਾ ਕਾ ਦਰਿ ਲੇਖਾ ਹੋਇ ।
ਕਰਣੀ ਬਾਝਹੁ ਤਰੈ ਨ ਕੋਇ ॥
(ਵਾਰ ਰਾਮਕਲੀ ਸ: ਮ: 1, ਪੰਨਾ 942)

ਅਰਥਾਤ :—

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ।
ਗੁਰੁ ਪੀਰੁ ਹਾਮਾ ਤਾ ਭਰੈ ਜਾ ਮੁਰਦਾਰੁ ਨਾ ਖਾਇ ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ।
ਮਾਰਣ ਪਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ।

Digitized by Panjab Digital Library | www.panjabdigilib.org

ਨਾਨਕ ਗਲੀ ਕੂੜੀਈ ਕੂੜੇ ਪਲੈ ਪਾਇ ॥

(ਵਾਰ ਮਾਝ, ਸ: ਮ: 1, ਪੰਨਾ 142)

ਇਸੇ ਤਰ੍ਹਾਂ ਗੁਰੂ ਜੀ ਦਾ ਇਹ ਪਵਿੱਤਰ ਬਚਨ ਵੀ ਹੈ ਕਿ :—

ਨਾਮੁ ਵਿਸਾਰਿ ਦੋਖ ਦੁਖੁ ਸਹੀਐ ।
ਹੁਕਮੁ ਭਇਆ ਚਲਣਾ ਕਿਉ ਰਹੀਐ ।
ਨਰਕ ਕੂਪ ਮਹਿ ਗੋਤੇ ਖਾਵੈ ।
ਜਿਉ ਜਲ ਤੇ ਬਾਹਰਿ ਮੀਨਾ ਹੇ ॥

(ਮਾਰੂ ਮ: 1, ਪੰਨਾ 1028)

ਗੁਰੂ ਜੀ ਦੇ ਇਹਨਾਂ ਪਵਿੱਤਰ ਸ਼ਬਦਾਂ ਦਾ ਵੀ ਇਹੋ ਹੀ ਭਾਵ ਹੈ ਕਿ ਕੋਈ ਵੀ ਪ੍ਰਾਣੀ ਕੇਵਲ ਗੱਲਾਂ ਨਾਲ ਹੀ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ । ਮੁਕਤੀ ਲਈ ਸੁਭ-ਕਰਮ ਕਰਨੇ ਜ਼ਰੂਰੀ ਹਨ । ਕੇਵਲ ਕਿਸੇ ਸਿਧਾਂਤ ਨੂੰ ਮੰਨ ਲੈਣ ਨਾਲ ਹੀ ਕੋਈ ਬਹਿਸ਼ਤ ਦਾ ਭਾਗੀ ਨਹੀਂ ਬਣ ਸਕਦਾ । ਕਿਸੇ ਗ਼ਲਤ ਤੇ ਨਿਰਮੂਲ ਸਿਧਾਂਤ ਦਾ ਤਾਂ ਕਹਿਣਾ ਹੀ ਕੀ, ਜੇ ਕੋਈ ਪ੍ਰਾਣੀ ਕਿਸੇ ਸੱਚੇ ਤੇ ਠੀਕ ਸਿਧਾਂਤ ਨੂੰ ਧਾਰਨ ਕਰਨ ਮਗਰੋਂ ਉਸ ਦੇ ਅਨੁਸਾਰ ਸ਼ੁਭ ਕਰਮ ਕਰਨ ਤੋਂ ਸੰਕੋਚ ਕਰਦਾ ਹੈ, ਤਾਂ ਅਜਿਹਾ ਪ੍ਰਾਣੀ ਗੁਰੂ ਜੀ ਦੇ ਵਿਚਾਰ ਅਨੁਸਾਰ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ । ਭਾਵੇਂ ਕੋਈ ਹਿੰਦੂ ਕਹਾਉਂਦਾ ਹੈ ਤੇ ਭਾਵੇਂ ਮੁਸਲਮਾਨ । ਜੇ ਉਹ ਇਸ ਸੰਸਾਰ ਵਿਚ ਪ੍ਰਭੂ ਦੇ ਗਿਆਨ ਤੇ ਪਛਾਣ ਤੋਂ ਕੋਰਾ ਹੈ, ਤਾਂ ਉਹ ਪਰਲੋਕ ਵਿਚ ਵੀ ਆਪਣੇ ਸਾਜਨਹਾਰ ਪ੍ਰਭੂ ਦੇ ਦੀਦਾਰ ਤੋਂ ਕੋਰਾ ਹੀ ਰਹੇਗਾ । ਜੋ ਪ੍ਰਾਣੀ ਦੂਜਿਆਂ ਦਾ ਹੱਕ ਮਾਰਦੇ ਹਨ, ਉਹ ਹਰਾਮ ਖੋਰੀ ਕਰਦੇ ਹਨ । ਪਰਾਇਆ ਹੱਕ ਮੁਸਲਮਾਨ ਲਈ ਸੂਰ ਦੇ ਮਾਸ ਸਮਾਨ ਹੈ ਤੇ ਹਿੰਦੂ ਲਈ ਗਊ ਮਾਸ ਜੇਹਾ । ਜੋ ਪ੍ਰਾਣੀ ਕੇਵਲ ਕਿਸੇ ਸਿਧਾਂਤ ਨੂੰ ਟੇਕ ਬਣਾ ਕੇ ਪ੍ਰਭੂ ਦਾ ਭਜਨ-ਸਿਮਰਨ ਨਹੀਂ ਕਰਦੇ, ਉਹ ਮਰਨ ਮਗਰੋਂ ਨਰਕਾਂ ਦੇ ਭਾਗੀ ਹੁੰਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਵਰਣਨ ਕੀਤਾ ਗਿਆ ਹੈ ਕਿ ਜੋ ਪ੍ਰਾਣੀ ਸ਼ੁਭ ਕਰਮਾਂ ਦੀ ਲੋੜ ਨਹੀਂ ਸਮਝਦੇ, ਉਹਨਾਂ ਦੀ ਤੁਲਨਾ ਉਸ ਬੰਦੇ ਵਰਗੀ ਹੈ, ਜੋ ਜ਼ਹਿਰ ਬੀਜਕੇ ਅੰਮ੍ਰਿਤ ਪ੍ਰਾਪਤ ਕਰਨ ਦਾ ਅਭਿਲਾਖੀ ਹੈ; ਜਿਹਾ ਕਿ ਵਰਣਨ ਹੈ ਕਿ—

Digitized by Panjab Digital Library | www.panjabdigilib.org

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ।
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਕਿਆਉ ॥
[ਵਾਰ ਆਸਾ, ਸ: ਮ: 2, ਪੰਨਾ 474]

**ਅਰਥਾਤ :—**

ਫਰੀਦਾ ਲੋੜੈ ਦਾਖੁ ਬਿਜਉਰੀਆ ਕਿਕਰਿ ਬੀਜੈ ਜਟੁ ।
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥
(ਸਲੋਕ, ਫਰੀਦ, ਪੰਨਾ 1379

**ਇਕ ਸਿੱਖ ਵਿਦਵਾਨ ਨੇ ਇਸ ਬਾਰੇ ਇਹ ਲਿਖਿਆ ਹੈ ਕਿ :—**

'ਈਸਾਈ ਮਤਿ ਦਾ ਨਿਸਚਾ ਹੈ ਕਿ ਬਦੀ ਮਨੁੱਖ ਦੇ ਖਮੀਰ ਵਿਚ ਸ਼ਾਮਲ ਹੈ। ਸਭ ਆਦਮੀ ਗੁਨਾਹਗਾਰ ਹਨ। ਇੱਕੋ ਈਸਾ ਦੀ ਆਤਮਾ ਪਾਪ ਤੋਂ ਰਹਿਤ ਹੈ। ਉਸ ਪਰ ਈਮਾਨ ਲਿਆਉਣ ਨਾਲ ਮਨੁੱਖ ਬਖਸ਼ੇ ਜਾ ਸਕਦੇ ਹਨ।

ਗੁਰੂ ਜੀ ਨੇ ਕਿਹਾ—ਰੱਬ ਸਭ ਦਾ ਪਿਤਾ ਹੈ। ਅਸੀਂ ਸਾਰੇ ਉਸਦੇ ਪੁੱਤਰ ਹਾਂ, ਕਿਸੇ ਸ਼ਖਸੀਅਤ ਪਰ ਈਮਾਨ ਲਿਆਉਣ ਨਾਲ ਨਹੀਂ; ਬਲਕਿ ਰੱਬ ਦੀ ਭਗਤੀ, ਨੇਕੀ ਦੇ ਕਰਮ ਅਤੇ ਸੇਵਾ ਕਰਕੇ ਬਖਸ਼ੇ ਜਾ ਸਕਦੇ ਹਨ।

(ਗੁਰਮਤਿ ਲੈਕਚਰ, ਪੰਨਾ 38)

ਇਕ ਹੋਰ ਵਿਦਵਾਨ ਸ: ਸਤਿਬੀਰ ਸਿੰਘ ਜੀ ਪ੍ਰਿੰਸੀਪਲ ਖਾਲਸਾ ਕਾਲਜ ਯਮੁਨਾ ਨਗਰ ਨੇ ਇਹ ਵਰਣਨ ਕੀਤਾ ਹੈ ਕਿ :—

"ਗੁਰੂ ਤੋਂ ਗੁਰੂ ਨਾਨਕ ਦਾ ਭਾਵ ਇਹ ਨਹੀਂ ਕਿ ਉਸ ਨੂੰ ਸਿਰਫ਼ ਮੰਨਣ ਨਾਲ ਸਾਰੇ ਪਾਪ ਧੋਤੇ ਜਾਣਗੇ ਜਾਂ ਇਕ ਵਾਰ ਗੁਰੂ ਨੇ ਆਪਣੀ ਕੁਰਬਾਨੀ ਦੇ ਕੇ ਹੋਰ ਸਾਰਿਆਂ ਦੇ ਪਾਪ ਆਪਣੇ ਉਤੇ ਝਲ ਲਏ ਹਨ, ਜੋ ਵੀ ਉਸ ਉੱਤੇ ਈਮਾਨ ਲਿਆਵੇਗਾ। ਉਸ ਦੀ ਕਲਿਆਣ ਹੋਵੇਗੀ, ਜਾਂ ਉਹ ਗੁਰੂ ਵਿਚੋਲਾ ਬਣ ਕੇ ਕੀਤੇ ਪਾਪਾਂ ਦੀ ਤਲਾਫ਼ੀ ਕਰਾਏਗਾ। ਗੁਰੂ ਨਾਨਕ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੋ ਕਰਮ ਜੀਵ ਨੇ ਇੱਥੇ ਕੀਤੇ ਹਨ, ਉਹਨਾਂ ਦਾ ਫਲ ਉਸ ਨੂੰ ਜ਼ਰੂਰ ਮਿਲੇਗਾ।"

(ਸਾਡਾ ਇਤਿਹਾਸ, ਭਾਗ ਪਹਿਲਾ, ਪੰਨਾ 39)

ਪ੍ਰਸਿਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ—

Digitized by Panjab Digital Library | www.panjabdigilib.org

"ਈਸਾ ਜੀ ਦੇ ਮਤ ਵਿਚ ਰੱਬ ਹੈ, ਪਰ ਰੱਬ ਇਕ ਦੇ ਕੀਤੇ ਕਰਮਾਂ ਦਾ ਬਦਲਾ ਉਸ ਦੀਆਂ ਕਈ ਕੁੱਲਾਂ ਤਕ ਲੈਣ ਵਾਲਾ ਇਕ ਗੈਰਤੀ ਜਾ ਅਣਖੀਲਾ ਮਾਲਕ ਹੈ, ਪਰੰਤੂ ਗੁਰੂ ਨਾਨਕ ਦੇ ਮਤ ਵਿਚ ਉਸ ਪ੍ਰੀਤਮ ਅਨੰਤ ਤੇ ਬੇਅੰਤ ਵਾਸਤੇ ਇਸ ਦਾ ਬਦਲਾ ਲੈਣ ਵਾਲੀ ਗ਼ੈਰਤ ਦਾ ਅਭਾਵ ਹੈ :—

ਅਹਿਕਰੁ ਕਰੇ ਸੁ ਅਹਿਕਰੁ ਪਾਏ ।
ਕੋਇ ਨ ਪਕੜੀਐ ਕਿਸੈ ਥਾਇ ।

[ਆਸਾ, ਮ: 1

ਜਿਹੜਾ ਹੱਥ ਕਰੇ, ਉਹੋ ਹੱਥ ਭਰੇ, ਇਹ ਇਖਲਾਕੀ ਆਦਰਸ਼ ਕਿਤਨਾ ਉੱਚਾ ਹੈ । ਵੱਡੇ ਸਤਿਗੁਰੂ ਨੇ ਸੱਚਾ ਨਿਆਉਂ ਦੱਸਿਆ ਹੈ,...... ਗੁਰੂ ਨਾਨਕ ਨੇ 'ਨਿਸਚੇ' ਨੂੰ ਮੰਨਿਆ ਹੈ, ਪਰ ਪ੍ਰਮੇਸ਼ਵਰ ਜੀ ਦੀ ਹੋਂਦ ਤੇ ਉਸ ਦੇ ਪਿਆਰ ਵਿਚ ਨਿਸ਼ਚੇ ਨੂੰ ਨਿਸ਼ਚਾ ਮੰਨਿਆਂ ਹੈ । ਜਿਵੇਂ ਇਸ ਦੇ ਪਾਪ ਦਾ ਬਦਲਾ ਉਸ ਦੀ ਬੇਗੁਨਾਹ ਔਲਾਦ ਤੋਂ ਨਹੀਂ ਮੰਨਿਆ; ਤਿਵੇਂ ਕਿਸੇ ਦੇ ਪਾਪਾਂ ਦੀ ਥਾਂ ਕਿਸੇ ਦੀ ਸਜ਼ਾ ਪਾ ਕੇ ਕਿਸੇ ਦਾ ਤਰਨਾ ਨਹੀਂ ਮੰਨਿਆ ।"

[ਸਭ ਤੋਂ ਵੱਡਾ ਸਤਿਗੁਰੂ ਨਾਨਕ ਪੰਨਾ 81
ਤੇ ਗੁਰੂ ਨਾਨਕ ਚਮਤਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ :—

ਲੇਖਾ ਮਾਗੈ ਤਾ ਕਿਨਿ ਦੀਐ ।
ਸੁਖੁ ਨਾਹੀ ਫੁਨਿ "ਦੂਐ" "ਤੀਐ" ।
ਆਪੇ ਬਖਸਿ ਲਏ ਪ੍ਰਭੁ ਸਾਚਾ ।
ਆਪੇ ਬਖਸਿ ਮਿਲਾਵਣਿਆ ॥

(ਮਾਝ, ਮ: 3, ਪੰਨਾ 111)

ਇਕ ਹੋਰ ਥਾਂ ਇਹ ਲਿਖਿਆ ਮਿਲਦਾ ਹੈ ਕਿ :—

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ।
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ।
ਛਡਿ ਖੜੋਤੇ ਖਿਨੈ ਮਹਿ ਜਿਨ ਸਿਉ ਲਗਾ ਹੇਤੁ ।

Digitized by Panjab Digital Library | www.panjabdigilib.org

ਭੱਠ ਮਰੋੜੇ ਤਨ, ਕਖ ਸਿਆਹਹੁ ਰੋਆਂ ਸੇਤੁ।
ਜੇਹਾ ਬੀਜੈ ਸੋ ਲੂਣੈ ਕਰਮਾ ਸੰਦੜਾ ਖੇਤੁ।
(ਮਾਝ ਮ: ੫, ਪੰਨਾ 134

**ਅਰਥਾਤ** :—ਪ੍ਰਾਣੀ ਜੋ ਬੀਜੇਗਾ, ਉਹੋ ਵੱਢੇਗਾ। ਇਹ ਸੰਸਾਰੀ ਜੀਵਨ ਤਾਂ ਕਰਮਾਂ ਦਾ ਖੇਤ ਹੈ। ਕੇਵਲ "ਤਿੰਨਾਂ" ਜਾਂ "ਦੋਹਾਂ" ਦੇ ਸਮੁਦਾਇ ਨੂੰ ਪ੍ਰਭੂ ਮੰਨਣ ਨਾਲ ਜਾਂ "ਕਫ਼ਾਰੇ" ਆਦਿ ਦਾ ਸਿਧਾਂਤ ਨੂੰ ਸਹਾਰਾ ਬਣਾਉਣ ਨਾਲ ਕੋਈ ਵੀ ਪ੍ਰਾਣੀ ਮੁਕਤਿ ਨਹੀਂ ਹੋ ਸਕਦਾ ਤੇ ਨਾ ਹੀ ਸਦਾ ਦਾ ਸੁਖ ਪ੍ਰਾਪਤ ਕਰ ਸਕਦਾ ਹੈ।

# ਮਸੀਹ ਜੀ ਦਾ ਅਕਾਸ਼ ਤੇ ਜ਼ਿੰਦਾ ਹੋਣਾ

ਈਸਾਈ ਜਗਤ ਦੇ ਪ੍ਰਭੂ-ਸਰੂਪ ਵਿਚ ਹਜ਼ਰਤ ਈਸਾ ਜੀ ਮਹਾਰਾਜ ਦੇ ਅਕਾਸ਼ ਤੇ ਜ਼ਿੰਦਾ ਹੋਣ ਦਾ ਸਿਧਾਂਤ ਵੀ ਸ਼ਾਮਲ ਹੈ। ਓਹ ਇਹ ਵਿਸ਼ਵਾਸ ਰਖਦੇ ਹਨ ਕਿ ਪ੍ਰਭੂ-ਪੁੱਤਰ ਜਾਂ ਪੁੱਤਰ-ਪ੍ਰਭੂ, ਹਜ਼ਰਤ ਈਸਾ ਜੀ, ਸੂਲੀ ਤੇ ਮਰਨ ਮਗਰੋਂ ਜ਼ਿੰਦਾ ਹੋ ਗਏ ਸਨ ਤੇ ਫੇਰ ਜੀਉਂਦੇ ਜੀ ਅਕਾਸ਼ ਤੇ ਚਲੇ ਗਏ ਸਨ। ਉਹ ਅਕਾਸ਼ ਤੇ ਹੁਣ ਤਕ ਬਿਨਾਂ ਕੁਝ ਖਾਣ ਪੀਣ ਦੇ ਇਕੋ ਹੀ ਦਸ਼ਾ ਵਿਚ ਵਿਦਮਾਨ ਹਨ। ਸਮਾਂ ਉਹਨਾਂ ਤੇ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦਾ।

ਇਕ ਸਿੱਖ ਵਿਦਵਾਨ ਨੇ ਈਸਾਈਆਂ ਦੇ ਇਸ ਸਿਧਾਂਤ ਬਾਰੇ ਇਹ ਲਿਖਿਆ ਹੈ ਕਿ :—

"ਮਸੀਹ ਸਣ-ਦੇਹੀ ਅਕਾਸ਼ ਵਿਚ ਚਲਾ ਗਿਆ ਸੀ, ਸੂਲੀ ਚੜ੍ਹਨ ਤੋਂ ਤੀਜੇ ਦਿਨ ਬਾਅਦ ਉਹ ਕਬਰ ਵਿਚੋਂ ਉਠ ਪਿਆ। ਉਸ ਨੇ ਸ਼ਗਿਰਦਾਂ ਨੂੰ ਦਰਸ਼ਨ ਦਿੱਤਾ। ਚਾਹਲੀ ਦਿਨ ਬਾਹਰ ਫਿਰਦਾ ਰਿਹਾ। ਫਿਰ ਸਣ-ਦੇਹੀ ਪ੍ਰਲੋਕ ਨੂੰ ਚਲਾ ਗਿਆ। ਉਹ ਖੁਦਾ ਦੇ ਸੱਜੇ ਪਾਸੇ ਬੈਠਾ ਹੋਇਆ ਹਕੂਮਤ ਕਰ ਰਿਹਾ ਹੈ।"

[ਸੰਸਾਰ ਦਾ ਧਾਰਮਿਕ ਇਤਿਹਾਸ ਪੰਨਾ 315]

**ਅਰਥਾਤ :—**

"ਈਸਾਈਆਂ ਦਾ ਨਿਸਚਾ ਹੈ ਕਿ ਹਜ਼ਰਤ ਈਸਾ ਜੀ ਮਰਿਆ ਨਹੀਂ, ਬਲਕਿ ਫਾਂਸੀ ਤੋਂ ਤੀਜੇ ਦਿਨ ਜ਼ਿੰਦਾ ਹੋ ਕੇ ਅਸਮਾਨ ਨੂੰ ਚੜ੍ਹ ਗਿਆ ਸੀ।"

[ਗੁਰਮਤਿ ਮਾਰਤੰਡ, ਭਾਗ 2, ਪੰਨਾ 41]

ਸਿੱਖ ਵਿਦਵਾਨ ਇਹ ਵੀ ਸਵੀਕਾਰ ਕਰਦੇ ਹਨ ਕਿ ਇਹ ਈਸਾਈਆਂ ਦਾ ਬੁਨਿਆਦੀ ਸਿੱਧਾਂਤ ਹੈ। ਜੇ ਕਿਸੇ ਸਮੇਂ ਇਹ ਸਿਧ ਹੋ ਜਾਏ ਕਿ ਹਜ਼ਰਤ ਈਸ਼ਾ



Digitized by Panjab Digital Library | www.panjabdigilib.org

ਜੀ ਅਕਾਸ਼ ਤੇ ਜੀਉਂਦੇ ਨਹੀਂ ਹਨ, ਤਾਂ ਈਸਾਈਅਤ ਉਕੀ ਹੀ ਖਤਮ ਹੋ ਜਾਏਗੀ, ਜਿਹਾ ਕਿ ਪ੍ਰਸਿਧ ਵਿਦਵਾਨ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ :—

"ਜਗਤ ਦੇ ਇਕ ਪ੍ਰਸਿਧ ਮਜ਼ਹਬ ਦੇ ਇਕ ਅਚਾਰਜ ਜੀ ਨੇ ਆਪਣੇ ਇਕ ਖਤ ਵਿਚ, ਜੋ ਹੁਣ ਉਸ ਧਰਮ ਦੀ ਧਰਮ ਪੁਸਤਕ ਦਾ ਭਾਗ ਹੈ, ਲਿਖਿਆ ਹੈ ਕਿ **ਸਾਡਾ ਬਾਨੀ ਜੇ ਕਦੇ ਮਰ ਕੇ ਜੀਅ ਨਹੀਂ ਉਠਿਆ, ਤਾਂ ਸਾਡਾ ਈਮਾਨ ਹੀ ਬੇਅਰਥ ਹੈ ਕਿ ਗੋਯਾ ਜੇ ਮਰਨ ਤੇ ਮਰ ਕੇ ਜੀ ਉਠਣ ਦਾ ਇਤਿਹਾਸਿਕ ਵਾਕਿਆ ਗਲਤ ਸਾਬਤ ਹੋ ਜਾਏ, ਤਾਂ ਉਮੱਤ ਦਾ ਈਮਾਨ ਵੀ ਗ਼ਲਤ ਸਾਬਤ ਹੋ ਗਿਆ ।** ਸਾਰੇ ਧਰਮ ਦੀ ਨੀਂਹ ਇਸ ਇਕ ਵਾਕਿਆ ਉੱਤੇ ਹੈ ।"

[ਗੁਰ ਪ੍ਰਤਾਪ ਸੂਰਜ ਸੰਪਾਦਿਤ ਪੰਨਾ 27]

ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ :—

"ਈਸਾਈ ਮਜ਼ਹਬ ਦੀ ਨੀਂਹ ਇਕ ਇਤਿਹਾਸਕ ਘਟਨਾ ਤੇ ਹੈ, ਅਰ ਓਹਨਾਂ ਦਾ ਪੌਲੂਸ ਰਮੂਲਆਮ ਆਖਦਾ ਹੈ ਕਿ ਈਸਾ ਜੀ ਦਾ ਮਰ ਕੇ ਫੇਰ ਜੀ ਉਠਣ ਦਾ ਵਾਕਿਆ ਜੇ ਗ਼ਲਤ ਹੋਵੇ, ਤਾਂ ਸਾਡਾ ਮਜ਼ਹਬ ਅਕਾਰਥ ਹੈ,.........ਜੇ ਕਦੀ ਈਸਾਈਆਂ ਨੂੰ ਛੱਡ ਕੇ ਹੋਰ ਸੱਚ ਦੇ ਖੋਜੀ ਇਤਿਹਾਸ ਦੀ ਖੋਜ ਟੋਲ ਕਰਨ, ਪਰ ਇਹ ਪਤਾ ਲੱਗੇ ਕਿ ਹਜ਼ਰਤ ਈਸਾ ਮਰ ਕੇ ਨਹੀਂ ਜੀਏ, ਤਦ ਐਡਾ ਭਾਰਾ ਮਤਿ ਜਾਣੋ ਗਿਆ ।"

[ਖਾਲਸਾ ਸਮਾਚਾਰ, ਅੰਮ੍ਰਿਤਸਰ, 22 ਨਵੰਬਰ 1962, ਤੇ 14 ਦਸੰਬਰ 1904]

ਇਸੇ ਤਰ੍ਹਾਂ ਇਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :—

"ਜੇ ਈਸਾਈਆਂ ਦੇ ਇਤਿਹਾਸ ਵਿਚ ਇਹ ਸਿਧ ਹੋ ਜਾਵੇ ਕਿ ਹਜ਼ਰਤ ਈਸਾ ਜੀ ਮੁਰਦਿਆਂ ਵਿਚੋਂ ਜ਼ਿੰਦਾ ਨਹੀਂ ਹੋਏ ਤਾਂ ਈਸਾਈਆਂ ਦੀ ਮਾਣਤਾ ਸੰਸਾਰ ਵਿਚੋਂ ਉੱਠ ਜਾਏ ।"

[ਅਕਾਲੀ ਜੋਧਾ, ਪਟਿਆਲਾ, 8 ਜੂਨ 1942]

ਸੋ ਗੱਲ ਕੀ, ਸਿਖ ਵਿਦਵਾਨ ਇਸ ਸੱਚਾਈ ਨੂੰ ਮੰਨਦੇ ਹਨ ਕਿ ਹਜ਼ਰਤ ਈਸਾ ਜੀ ਦੇ ਅਕਾਸ਼ ਤੇ ਜ਼ਿੰਦਾ ਹੋਣ ਦਾ ਸਿੱਧਾਂਤ ਈਸਾਈ ਧਰਮ ਦਾ ਬੁਨਿਆਦੀ ਸਿੱਧਾਂਤ ਹੈ । ਜੇ ਕਦੇ ਇਹ ਸਿੱਧ ਹੋ ਜਾਏ ਕਿ ਹਜ਼ਰਤ ਈਸਾ ਜੀ ਅਕਾਸ਼ ਤੇ

Digitized by Panjab Digital Library | www.panjabdigilib.org

ਜੀਉਂਦੇ ਨਹੀਂ ਹਨ, ਸਗੋਂ ਦੂਜ ਸਾਰੇ ਮਹਾਂ ਪੁਰਸ਼ਾਂ ਵਾਂਗ ਹੀ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ ਹਨ, ਤਾਂ ਈਸਾਈ ਮਤਿ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਬਾਈਬਲ ਤੋਂ ਵੀ ਇਹੋ ਸਿਧ ਹੈ ਕਿ ਇਸ ਸਿਧਾਂਤ ਤੇ ਹੀ ਈਸਾਈ ਧਰਮ ਦੀ ਨੀਂਹ ਹੈ। (ਵੇਖੋ ਕਰਬਿਊਨ ਬਾਬ 5, ਆਇਤ 14 ਤੋਂ 17)

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਬਾਰੇ ਇਹ ਫ਼ਰਮਾਇਆ ਹੈ ਕਿ :—

> "ਹਾਂ ਇਹ ਗੱਲ ਸੱਚੀ ਹੈ ਕਿ ਬਾਬਾ (ਨਾਨਕ) ਜੀ ਮਹਾਰਾਜ ਮਰੀਅਮ ਦੇ ਪੁੱਤਰ (ਹਜ਼ਰਤ ਈਸਾ ਜੀ) ਦੇ ਮੁੜ ਆਉਣ ਤੇ ਜ਼ਿੰਦਾ ਹੋਣ ਦੇ ਕਾਇਲ ਨਹੀਂ ਸਨ, ਸਗੋਂ ਉਹ ਉਸੇ ਹੀ ਬਰੂਜ਼ (ਅਵਤਾਰ) ਦੇ ਕਾਇਲ ਸਨ, ਜੋ ਸੂਫੀਆਂ ਵਿਚ ਪਰਵਾਣ ਹੈ।"

(ਸਤਿ ਬਚਨ, ਪੰਨਾ 56)

ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਈਸਾਈਆਂ ਦੇ ਮੰਨੇ ਜਾਂਦੇ ਹਜ਼ਰਤ ਈਸਾ ਜੀ ਦੇ ਜ਼ਿੰਦਾ ਹੋਣ ਦੇ ਵਿਚਾਰ ਨਾਲ ਸਹਿਮਤ ਨਹੀਂ ਸਨ, ਸਗੋਂ ਉਹ ਏਹੋ ਹੀ ਮੰਨਦੇ ਸਨ ਕਿ ਹਜ਼ਰਤ ਈਸਾ ਜੀ ਆਪਣੀ ਆਯੂ ਭੋਗ ਕੇ ਅਕਾਲ ਚਲਾਣਾ ਕਰ ਚੁੱਕੇ ਹਨ।

ਜਦ ਅਸੀਂ ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਾਂ ਅਤੇ ਸਿੱਖ ਧਰਮ ਦੀਆਂ ਦੂਜੀਆਂ ਪੁਸਤਕਾਂ ਦੀ ਫੋਲਾ ਫਾਲੀ ਕਰਦੇ ਹਾਂ, ਤਾਂ ਸਭ ਤੋਂ ਪਹਿਲਾਂ ਸਾਡੇ ਸਾਹਮਣੇ ਇਹ ਗੱਲ ਆਉਂਦੀ ਹੈ ਕਿ ਗੁਰਬਾਣੀ ਵਿਚ ਸੂਲੀ ਦੀ ਮੌਤ ਨੂੰ ਚੰਗਾ ਨਹੀਂ ਸਮਝਿਆ ਗਿਆ, ਸਗੋਂ ਇਸ ਨੂੰ ਪ੍ਰਭੂ ਤੋਂ ਬੇਮੁਖ ਤੇ ਚੋਰਾਂ ਆਦਿ ਲਈ ਵਰਨਣ ਕੀਤਾ ਗਿਆ ਹੈ; ਜਿਹਾ ਕੇ ਗੁਰਵਾਕ ਹੈ ਕਿ :—

ਵਿਸਾਰੇ ਦੇ ਮਰਿ ਗਏ ਮਰਿ ਭਿਨ ਸਕਹਿ ਮੂਲਿ।
ਬੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ।

[ਵਾਰ ਗਉੜੀ, ਸ: ਮ: 5, ਪੰਨਾ 312]

ਇਕ ਸਿੱਖ ਵਿਦਵਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਮਹਾਂਵਾਕ ਦੇ ਇਹ ਅਰਥ ਕੀਤੇ ਹਨ ਕਿ :—

Digitized by Panjab Digital Library | www.panjabdigilib.org

They who forget the Lord, die, but they cannot die altogether.

They, who turn away from the Lord suffer agony like a thief on the noose.

[Guru Granth Sahib English translation P. 1,066]

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ "ਸਦਾ ਸਲਾਮਤਿ ਤੇ ਅਕਾਲ" ਇੱਕੋ ਇਕ ਪ੍ਰਭੂ ਨੂੰ ਹੀ ਮੰਨਿਆ ਹੈ, ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਤੂ ਸਦਾ ਸਲਾਮਿਤ ਨਿਰੰਕਾਰ ।

[ਜਪੁਜੀ ਪੰਨਾ 4]

**ਅਰਥਾਤ** :—

ਪ੍ਰਭੂ ਹੀ ਸਦਾ ਸਲਾਮਿਤ ਤੇ ਮੌਤ ਰਹਿਤ ਹੈ ।

ਦੂਜੇ ਲੋਕਾਂ ਬਾਰੇ ਗੁਰੂ ਜੀ ਦਾ ਫ਼ਰਮਾਨ ਹੈ ਕਿ :—

ਜੋ ਜਨਮੈ ਤਿਸੁ ਸਰਪਰ ਮਰਣਾ
ਕਿਰਤੁ ਪਇਆ ਸਿਰ ਸਾਹਾ ਹੇ ॥

[ਮਾਰੂ, ਮ: 1, ਪੰਨਾ 1032]

ਇਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ ਕਿ :—

ਜੋ ਆਇਆ ਸੋ ਚਲਸੀ ਅਮਰੁ ਸੁ ਗੁਰ ਕਰਤਾਰੁ ।

[ਸਿਰੀਰਾਗ, ਮ: 1, ਪੰਨਾ 63]

**ਅਰਥਾਤ** :—ਜੋ ਜਨਮਿਆ ਹੈ, ਉਸ ਲਈ ਮਰਨਾ ਜ਼ਰੂਰੀ ਹੈ । ਮੌਤ ਰਹਿਤ ਤੇ ਸਦਾ ਸਲਾਮਿਤ ਪ੍ਰਭੂ ਹੀ ਹੈ ।

ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਜੁਗੁ ਜੁਗੁ ਸਾਚ ਹੈ ਭੀ ਹੋਸੀ ।
ਕਉਣੁ ਨ ਮੂਆ ਕਉਣੁ ਨ ਮਰਸੀ ।

[ਮਾਰੂ, ਮ: 1, ਪੰਨਾ 1022]

ਗੁਰੂ ਜੀ ਦੇ ਏਹਨਾਂ ਪਵਿੱਤਰ ਵਾਕਾਂ ਤੋਂ ਏਹੋ ਹੀ ਵਿਦਤ ਹੁੰਦਾ ਹੈ ਕਿ ਇੱਕੋ

Digitized by Panjab Digital Library | www.panjabdigilib.org

ਇਕ ਪ੍ਰਭੂ ਹੀ ਮੌਤ ਰਹਿਤ ਹੈ। ਹੋਰ ਸਾਰੇ ਜੀਅ-ਜੰਤ ਜਿਨ੍ਹਾਂ ਨੇ ਜਨਮ ਧਾਰਨ ਕੀਤਾ ਹੈ, ਓਹਨਾਂ ਵਿਚੋਂ ਨਾ ਤਾਂ ਪਹਿਲਾਂ ਹੀ ਕੋਈ ਸਦਾ ਜੀਊਂਦਾ ਰਿਹਾ ਤੇ ਨਾ ਅਗੋਂ ਹੀ ਕੋਈ ਕਾਲ ਤੋਂ ਬਚ ਸਕੇਗਾ। ਕਾਲ ਰਹਿਤ ਇੱਕੋ ਇਕ ਪ੍ਰਭੂ ਹੀ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਏਹਨਾਂ ਵਿਚਾਰਾਂ ਦੇ ਅਧਾਰ ਤੇ ਹੀ ਸ੍ਰੀ ਦਸਮ ਗ੍ਰੰਥ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ:—

ਅਉਰ ਸਕਾਲ ਸਭੈ ਬਸ ਕਾਲ ਕੈ,
ਏਕ ਹੀ ਕਾਲ ਅਕਾਲ ਸਦਾ ਹੈ।

[ਦਸਮ ਗ੍ਰੰਥ ਪੰਨਾ 40]

**ਅਰਥਾਤ :—**

ਵਾਹਿਦ ਲਾ ਸ਼ਰੀਕ ਹੈ ਔਰ ਲਾ ਜ਼ਵਾਲ ਹੈ,
ਸਬ ਮੌਤ ਕਾ ਸ਼ਿਕਾਰ ਹੈਂ ਉਸ ਕੋ ਫਨਾ ਨਹੀਂ।

ਦਸਮ ਗ੍ਰੰਥ ਵਿਚ ਇਸ ਵਿਚਾਰ ਦੀ ਇਉਂ ਵਿਆਖਿਆ ਕੀਤੀ ਗਈ ਹੈ ਕਿ :—

ਜਿਤੇ ਅਉਨੀਆ ਅੰਬੀਆ ਹੋਇ ਬੀਤੇ।
ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੇ।
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸ਼ਨ ਆਏ।
ਤਿਤਿਯੋ ਕਾਲ ਜੀਤਾ ਨ ਤੇ ਕਾਲ ਆਏ।
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ।
ਤਿਤਿਯੋ ਕਾਲ ਪਾਪਾ ਨ ਤੇ ਕਾਲ ਆਏ।
ਜਿਤੇ ਅਉਲੀਆ ਅੰਬੀਆ ਗਉਸ ਹਵੈ ਹੈ।
ਸਭੇ ਕਾਲ ਕੇ ਅੰਤ ਦਾੜ੍ਹਾ ਤਲੇ ਹੈ॥

[ਦਸਮ ਗ੍ਰੰਥ ਪੰਨਾ, 37]

**ਅਰਥਾਤ :—**ਇਸ ਜਗ ਤੇ ਸਮੇਂ ਸਮੇਂ ਜਿੰਨੇ ਵੀ ਰਸੂਲ ਤੇ ਨਬੀ ਜਾਂ ਅਵਤਾਰ ਆਦਿ ਮਹਾਨ ਬਜ਼ੁਰਗ ਹੋਏ ਹਨ, ਉਹ ਸਾਰੇ ਦੇ ਸਾਰੇ ਹੀ ਆਪਣਾ

Digitized by Panjab Digital Library | www.panjabdigilib.org

ਜੀਵਨ ਬਤੀਤ ਕਰਕੇ ਅਕਾਲ ਚਲਾਣਾ ਕਰ ਗਏ ਹਨ। ਓਹਨਾਂ ਵਿਚੋਂ ਕੋਈ ਇਕ ਵੀ ਜ਼ਿੰਦਾ ਨਹੀਂ ਹੈ।

ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਆਪਣਾ ਹੀ ਇਹ ਕਥਨ ਹੈ ਕਿ :—

ਦਰ ਘਰ ਮਹਲਾ ਹਸਤੀ ਘੋੜੇ
ਛੋਡਿ ਵਲਾਇਤਿ ਦੇਸ ਗਏ।
ਪੀਰ ਪੈਗੰਬਰ ਸਾਲਿਕ ਸਾਦਿਕ
ਛੋਡੀ ਦੁਨੀਆ ਥਾਇ ਪਏ।

[ਆਸਾ ਮ: 1, ਪੰਨਾ 348]

**ਅਰਥਾਤ** :—ਵੱਡੇ ਵੱਡੇ ਰਾਜੇ ਮਹਾਰਾਜੇ ਆਪਣਾ ਰਾਜ ਭਾਗ ਛੱਡ ਕੇ ਇਸ ਜਗ ਤੋਂ ਚਲੇ ਗਏ ਹਨ। ਅਤੇ ਸਾਰੇ ਪੀਰ ਪੈਗੰਬਰ ਆਦਿ ਵੀ ਆਪਣੇ ਸਾਜਨਹਾਰ ਪ੍ਰਭੂ ਕੋਲ ਚਲੇ ਗਏ ਹਨ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਨਣ ਕੀਤੀ ਹੈ ਕਿ ਸਾਰੀ ਹੀ ਮਨੁੱਖ ਜਾਤੀ ਦਾ ਮਰਨ-ਜੀਵਨ ਇਸੇ ਧਰਤੀ ਨਾਲ ਹੀ ਸੰਬੰਧਤ ਹੈ। ਨਾ ਕੋਈ ਇਸ ਧਰਤੀ ਤੇ ਬਾਹਰੋਂ ਆਇਆ ਹੈ ਅਤੇ ਨਾ ਹੀ ਕੋਈ ਬਾਹਰ ਜਾ ਸਕਦਾ ਹੈ, ਜਿਹਾ ਕਿ ਗੁਰੂ ਜੀ ਫਰਮਾਉਂਦੇ ਹਨ ਕਿ :—

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥

[ਰਾਮ ਕਲੀ, ਮ: 1, ਪੰਨਾ 877]

**ਅਰਥਾਤ** :—ਪ੍ਰਭੂ ਨੇ ਪਾਣੀ ਤੇ ਹਵਾ ਆਦਿਕ ਨੂੰ ਬੰਨ ਕੇ ਦੇਹ ਅੰਦਰ ਜਾਨ ਪਾਈ ਹੈ ਅਤੇ ਚੰਨ ਤੇ ਸੂਰਜ ਦੋ ਦੀਵੇ ਬਣਾਏ ਹਨ। ਇਸੇ ਤਰ੍ਹਾਂ ਪ੍ਰਭੂ ਨੇ ਸਭ ਦੇ ਮਰਨ-ਜੀਵਨ ਲਈ ਧਰਤੀ ਸਾਜੀ ਹੈ। ਪਰ ਅਸੀਂ ਉਸ ਦੇ ਸਾਰੇ ਹੀ ਉਪਕਾਰ ਵਿਸਾਰ ਦਿੱਤੇ ਹਨ।

ਇਸ ਤੋਂ ਸਿਧ ਹੈ ਕਿ ਸਾਡਾ ਸਭ ਦਾ ਮਰਨ ਜੀਵਨ ਇਸੇ ਧਰਤੀ ਨਾਲ

Digitized by Panjab Digital Library | www.panjabdigilib.org

ਸੰਬੰਧਤ ਹੈ । ਜਨਮ ਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਦਰਜ ਹੈ ਕਿ :—

ਜੇਤੇ ਰਿਖੀ ਮੁਨੀਸ਼ਰਾ ਹੋਏ ਬੜੇ ਅਵਤਾਰ ।
ਪੀਰ ਪੈਕਾਂਬਰ ਅਉਲੀਏ, ਗਉਸਕੁਤਬ ਸਾਲਾਰ ।
ਤਿਨਾਂ ਭੀ ਸੀਸ ਨਿਵਾਇਆ ਧਰਤੀ ਅਗੇ ਆਇ ।
ਧਰਤੀ ਪੂਰੇ ਸਤਿਗੁਰੂ[1] ਸਭੇ ਲਏ ਸਮਾਇ ।

[ਜਨਮਸਾਖੀ ਭਾ: ਬਾਲਾ ਪੰਨਾ 226]

**ਅਰਥਾਤ** :—ਜਿੰਨੇ ਵੀ ਨਬੀ ਰਸੂਲ ਤੇ ਅਵਤਾਰ ਆਦਿ ਸਮੇਂ ਸਮੇਂ ਇਸ ਜਗ ਤੇ ਪ੍ਰਗਟ ਹੋਏ ਹਨ, ਓਹ ਸਾਰੇ ਹੀ ਇਸ ਧਰਤੀ ਵਿਚ ਸਮਾ ਗਏ ਹਨ । ਜਾਣੋ, ਨਾ ਕੋਈ ਬਾਹਰੋਂ ਆਇਆ ਹੈ ਤੇ ਨਾ ਕੋਈ ਬਾਹਰ ਗਿਆ ਹੈ । ਇਸੇ ਤਰ੍ਹਾਂ ਜਨਮ ਸਾਖੀ ਸੋਢੀ ਮਿਹਰਬਾਨ ਜੀ ਵਿਚ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਮਿਲਦਾ ਹੈ ਕਿ :—

"ਤੇਤੀਸ ਕਰੋੜੀ ਦੇਵਤੇ ਪੀਰ ਪੈਗੰਬਿਰ ਏਹਿ ਜਿ ਹੈਨਿ ਸਿ ਏਸੈ ਦੁਨੀਆ ਵਿਚਿ ਹੋਇ ਹੈਨਿ, ਉਪਰਹੁ ਕੋਈ ਲੱਥਾ ਨਾਹੀ । ਧਰਤੀ ਤੇ ਕੋਈ ਨਾਹੀ ਨਿਕਲਿਆ ।..............ਸਭ ਕੋਈ ਏਸੇ ਦੁਨੀਆ ਵਿਚਿ ਹੋਇਆ ਹੈ ।"

[ਜਨਮਸਾਖੀ ਗੁਰੂ ਨਾਨਕ ਜੀ[2], ਪੰਨਾ 107]

ਗੁਰੂ ਜੀ ਦੇ ਏਹਨਾਂ ਵਿਚਾਰਾਂ ਦੇ ਅਧਾਰ ਤੇ ਹੀ ਸ੍ਰੀ ਦਸਮ ਗ੍ਰੰਥ ਵਿਚ ਇਹ

---

1. ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਸੱਚੇ ਗੁਰੂ ਦਾ ਅਰਥ ਨਬੀ ਤੇ ਰਸੂਲ ਕੀਤਾ ਹੈ ! (ਵੇਖੋ ਸਤਿ ਬਚਨ ਪੰਨਾ 94 ਦਾ ਫੁਟ ਨੋਟ) ਅਤੇ ਸਿੱਖ ਵਿਦਵਾਨ ਵੀ ਸਤਿਗੁਰੂ ਦਾ ਭਾਵ ਨਬੀ ਤੇ ਰਸੂਲ ਹੀ ਪਰਗਟ ਕਰਦੇ ਹਨ । (ਵੇਖੋ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 320 ਤੇ ਗੁਰਮਤਿ (ਨਿਰਣੈ ਪੰਨਾ 108 ਆਦਿ ।)

2. ਚੇਤੇ ਰਹੇ ਕਿ ਇਹ ਜਨਮਸਾਖੀ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੋਤਰੇ ਸੋਢੀ ਮਿਹਰਬਾਨ ਜੀ ਦੀ ਰਚਨਾ ਹੈ ਅਤੇ ਹੁਣੇ ਜੇਹੇ ਹੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਈ ਹੈ ।

Digitized by Panjab Digital Library | www.panjabdigilib.org

ਵਰਣਨ ਹੈ ਕਿ :—

**ਪੀਰ ਔ ਪੈ**ਗੰਬਿਰ ਕੇਤੇ ਗਨੇ ਨ ਪਰਤ ਏਤੇ।
ਭੂਮ **ਹੀ** ਤੇ ਹੋਇ ਕੈ ਫੇਰ ਭੂਮ ਹੀ ਮਿਲਏ ਹੈ।

[ਸ੍ਰੀ ਦਸਮ ਗ੍ਰੰਥ, ਪੰਨਾ 16]

**ਅਰਥਾਤ :—**

"ਕਿੰਨੇ ਹੀ ਪੀਰ ਤੇ ਪੈਗੰਬਿਰ ਹੋਏ ਹਨ, ਏਨੇ (ਸਨ, ਜੋ) ਗਿਣੇ ਨਹੀਂ ਜਾ ਸਕਦੇ, (ਇਹ ਸਾਰੇ) ਧਰਤੀ ਤੋਂ ਪੈਦਾ ਹੋ ਕੇ ਫਿਰ ਧਰਤੀ ਦੇ ਵਿਚ ਹੀ ਮਿਲ ਗਏ ਹਨ।"

[ਦਸਮ ਗ੍ਰੰਥ, ਸਟੀਕ, ਪੰਨਾ 76]

ਕਈ ਸਿੱਖ ਵਿਦਵਾਨ ਵੀ ਇਹ ਮੰਨਦੇ ਹਨ ਕਿ ਕੋਈ ਪ੍ਰਾਣੀ ਇਸ ਸੰਸਾਰ ਤੋਂ ਬਾਹਰ ਨਹੀਂ ਗਿਆ। ਸਾਰੇ ਦੇ ਸਾਰੇ ਹੀ ਇਸੇ ਧਰਤੀ ਤੋਂ ਪੈਦਾ ਹੋਏ ਹਨ ਅਤੇ ਇਸੇ ਵਿਚ ਹੀ ਸਮਾ ਗਏ ਹਨ, ਜਿਹਾ ਕਿ ਸ: ਗੁਰਬਖਸ਼ ਸਿੰਘ ਜੀ ਐਡੀਟਰ ਰਸਾਲਾ, "ਪ੍ਰੀਤ ਲੜੀ" ਨੇ ਇਕ ਪ੍ਰਸ਼ਨ ਦਾ ਉੱਤਰ ਦਿੰਦਿਆਂ ਇਹ ਵਿਚਾਰ ਪ੍ਰਗਟ ਕੀਤੇ ਹਨ ਕਿ :—

"ਵਿਗਿਆਨ ਦਾ ਫੈਸਲਾ ਹੈ ਕਿ ਇਹ ਸਰੀਰ ਏਸੇ ਦੁਨੀਆ ਦਾ ਹੈ, ਇਹ ਕਿਸੇ ਹੋਰ ਦੁਨੀਆ ਵਿਚ ਲਿਜਾਇਆ ਨਹੀਂ ਜਾ ਸਕਦਾ। ਸ਼ਰਧਾਲੂ ਲੋਕ ਆਪਣੇ ਪੂਜ ਆਗੂਆਂ ਦੇ ਨਾਲ ਮੌਤ ਨੂੰ ਜੋੜਨ ਦਾ ਹੀਆ ਨਹੀਂ ਕਰਦੇ, ਇਸ ਲਈ ਜੋਤੀ ਜੋਤਿ ਸਮਾਣਾ, ਜਾਂ 'ਸਦਾ ਜੀਵਤ' ਆਖ ਦਿੰਦੇ ਹਨ, ਪਰ ਮੌਤ ਮੌਤ ਹੀ ਹੈ। ਇਸ ਦੇ ਬਾਅਦ ਨਾ ਪੀਰ, ਪੈਗੰਬਰ ਤੇ ਨਾ ਕਿਸੇ ਗੁਰੂ ਅਵਤਾਰ ਦਾ ਸਰੀਰ ਜੀਉਂਦਾ ਰਹਿ ਸਕਦਾ ਹੈ।"

[ਰਸਾਲਾ "ਪ੍ਰੀਤ ਲੜੀ" ਅੰਮ੍ਰਿਤਸਰ ਦਸੰਬਰ 1960]

ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ :—

"ਸੱਚ ਤਾਂ ਇਹ ਹੈ ਕਿ ਸਿਵਾਏ ਵਾਹਿਗੁਰੂ ਤੇ ਕੇਵਲ ਵਾਹਿਗੁਰੂ ਦੀ ਜ਼ਾਤ ਦੇ, ਮੌਤ ਨੇ ਕੋਈ ਘਰ ਨਹੀਂ ਛੱਡਿਆ।"

[ਰਸਾਲਾ "ਗੁਰਮਤਿ ਪ੍ਰਕਾਸ਼" ਅੰਮ੍ਰਿਤਸਰ ਅਪ੍ਰੈਲ 1963]

Digitized by Panjab Digital Library | www.panjabdigilib.org

ਇਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ :—

"ਇਹ ਸੰਸਾਰ ਮ੍ਰਿਤ ਹੈ, ਜੋ ਦਿਸਦਾ ਹੈ, ਸਗਲ ਮ੍ਰਿਤ ਹੈ, ਪਰ ਇਕ ਅਕਾਲ ਹੀ ਹੈ ਜੋ ਅਕਾਲ ਅਥਵਾ ਅੰਮ੍ਰਿਤ ਹੈ।"

["ਗੁਰਮਤਿ", ਅੰਮ੍ਰਿਤਸਰ, ਅਪ੍ਰੈਲ 1963]

ਪ੍ਰਸਿਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਨੇ ਵੀ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਕਿਸੇ ਵੀ ਪ੍ਰਾਣੀ ਦਾ ਪੰਜ ਭੌਤਕ ਸਰੀਰ ਨਾਲ ਅਕਾਸ਼ ਤੇ ਜਾਣਾ ਸੰਭਵ ਨਹੀਂ। (ਗੁਰ ਪ੍ਰਤਾਪ ਸੂਰਜ, ਸੰਪਾਦਿਤ, ਪੰਨਾ 772)

ਇਕ ਹੋਰ ਸਿੱਖ ਵਿਦਵਾਨ ਪ੍ਰੋਫੈਸਰ ਸ਼ੇਰ ਸਿੰਘ ਜੀ ਨੇ ਇਹ ਵਰਣਨ ਕੀਤਾ ਹੈ ਕਿ ਇਕ ਵਾਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਯੋਰੋਸ਼ਲਿਮ ਗਏ ਸਨ ਤੇ ਉਥੇ ਉਨ੍ਹਾਂ ਨੇ ਈਸਾਈ ਮੌਕਸ ਨਾਲ ਇਸ ਗੱਲ ਤੇ ਵਿਚਾਰ ਵਟਾਂਦਰਾ ਕੀਤਾ ਸੀ ਕਿ ਹਜ਼ਰਤ ਈਸਾ ਜੀ ਇਸ ਪੰਜ ਭੂਤਕ ਸਰੀਰ ਨਾਲ ਅਕਾਸ਼ ਤੇ ਜੀਉਂਦੇ ਹਨ ਕਿ ਨਹੀਂ। ਗੁਰੂ ਜੀ ਨੇ ਇਹ ਸਿਧ ਕੀਤਾ ਸੀ ਕਿ ਹਜ਼ਰਤ ਈਸਾ ਜੀ ਸਰੀਰਕ ਤੌਰ ਤੇ ਤਾਂ ਮਰ ਚੁੱਕੇ ਹਨ, ਪਰ ਆਤਮਕ ਤੌਰ ਤੇ ਜੀਉਂਦੇ ਹਨ।

[ਵੇਖੋ ਚਹੁ ਜੁਗੀ ਜਨਮਸਾਖੀ, ਪੰਨਾ 107 ਤੇ 108]

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਤੇ ਹੋਰ ਦੂਜੀਆਂ ਪੁਸਤਕਾਂ ਵਿਚ ਵੀ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਗਈ ਹੈ ਕਿ ਪ੍ਰਭੂ ਆਪਣੇ ਪਿਆਰਿਆਂ ਤੇ ਨਿਕਟ ਵਰਤੀਆਂ ਨੂੰ ਆਤਮਕ-ਜੀਵਨ ਦਾਨ ਦਿਆ ਕਰਦਾ ਹੈ ਤੇ ਓਹ ਅਮਰਾ ਪਦ ਨੂੰ ਪ੍ਰਾਪਤ ਹੋਇਆ ਕਰਦੇ ਹਨ; ਜਿਹਾ ਕਿ ਵਰਣਨ ਹੈ ਕਿ—

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ
ਮਨਮੁਖ ਜਨਮਿ ਮਰਾਹਿ ॥
ਨਾਨਕ ਮੁਏ ਨ ਆਖੀਅਹਿ
ਜਿ ਗੁਰ ਕੈ ਸਬਦਿ ਸਮਾਹਿ ॥

[ਵਾਰ ਸੋਰਠ, ਮ: 3, ਪੰਨਾ 643]

**ਅਰਥਾਤ :**—ਪ੍ਰਭੂ ਦੇ ਭਜਨੀਕ ਤੇ ਸਦਾਚਾਰੀ ਬੰਦੇ ਮਰ ਕੇ ਵੀ ਜ਼ਿੰਦੇ ਹੀ ਸਮਝੇ ਜਾਂਦੇ ਹਨ ਅਤੇ ਪ੍ਰਭੂ ਤੋਂ ਬੇਮੁਖ ਲੋਕਾਂ ਦਾ ਜੀਵਨ ਵੀ ਮੁਰਦਿਆਂ ਸਮਾਨ ਹੀ ਹੁੰਦਾ

Digitized by Panjab Digital Library | www.panjabdigilib.org

ਹੈ। ਤੀਜੇ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ ਕਿ ਓਹਨਾਂ ਨੂੰ ਕਦੇ ਵੀ ਮੁਰਦਾ ਨਾ ਕਹੋ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਪ੍ਰਭੂ ਦੇ ਲੇਖੇ ਹੀ ਲਾ ਦਿੱਤਾ ਹੈ।

ਇਸ ਲਿਹਾਜ਼ ਨਾਲ ਪ੍ਰਭੂ ਦੇ ਸਾਰੇ ਹੀ ਨਿਕਟ-ਵਰਤੀ ਅਮਰ ਹਨ, ਓਹਨਾਂ ਤੇ ਕਦੇ ਵੀ ਮੌਤ ਨਹੀਂ ਆ ਸਕਦੀ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਆਤਮਕ ਜੀਵਨ ਦੀ ਇਹ ਵਿਆਖਿਆ ਕੀਤੀ ਹੈ ਕਿ :—

"ਭਾਈ ਜਿਨ੍ਹਾਂ ਲੋਕਾਂ ਦੇ ਨਾਮ ਪੋਥੀਆਂ ਗ੍ਰੰਥਾਂ ਵਿਚ ਲਿਖੇ ਗਏ ਹਨ, ਓਹ ਸਦਾ ਹੀ ਅਮਰ ਹਨ। ਬਾਕੀ ਸਰੀਰ ਕਰ ਕੇ ਕੋਈ ਥਿਰ ਨਹੀਂ ਰਿਹਾ।"[1]

[ਤਵਾਰੀਖ ਗੁਰੂ ਖਾਲਸਾ, ਪੰਨਾ 238]

ਜਨਮਸਾਖੀ ਭ: ਬਾਲਾ ਵਿਚ ਤਾਂ ਇਕ ਥਾਂ ਹਜ਼ਰਤ ਈਸਾ ਜੀ ਦੇ ਅਕਾਲ ਚਲਾਣੇ ਦਾ ਵਰਨਣ ਨਾਂ ਲੈ ਕੇ ਵੀ ਕੀਤਾ ਗਿਆ ਹੈ। ਜਿਹਾ ਕਿ ਲਿਖਿਆ ਹੈ ਕਿ :—

ਦੋਜ਼ਕ ਭਿਸਤ ਕਿਤਾਬ ਵਿਚ ਪੜ ਕਰ ਖਲਕ ਸੁਣਾਇ।
ਮੋਇਆ ਫੇਰ ਨ ਆਇਆ, ਜੋ ਖਬਰਾਂ ਦਿੰਦਾ ਆਇ।
ਪੀਰ ਪੈਗੰਬਰ ਔਲੀਏ ਤਿਨਾਂ ਸਿਰ ਕੀ ਹਾਲ ਬਿਹਾਇ।

1. ਜਨਮ ਸਾਖੀ ਭਾ: ਬਾਲਾ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਵੀ ਮਿਲਦਾ ਹੈ ਕਿ :—

"ਇਹ ਦੇਹੀ ਇੱਥੇ ਹੀ ਰਹੇਗੀ ਅਤੇ ਅੰਦਰ ਇਕ ਦੇਹੀ ਦੇ ਹੋਰ ਸੂਖਮ ਦੇਹੀ ਹੈ। ਸੋ ਉਹ ਗੁਪਤ ਹੈ। ਉਹ ਦੇਹੀ ਨਾਲ ਜਾਏਗੀ। ਇਹ ਦੇਹੀ ਇੱਥੇ ਹੀ ਛੱਡ ਜਾਣੀ ਹੈ।"

[ਜਨਮਸਾਖੀ ਭਾਈ: ਬਾਲਾ: ਪੰਨਾ 205]

ਫੇਰ ਨ ਸੂਰਤ ਤਿਨ੍ਹਾਂ ਦੀ ਡਿਠੀ ਕਿਸੇ ਨ ਮੂਲ।
"ਈਸਾ" ਮੂਸਾ ਇਬਰਾਹੀਮ ਹੋਰ ਕੇਤੇ ਨਬੀ ਰਸੂਲ।
ਫੇਰ ਨ ਡਿਠੀਆਂ ਸੂਰਤਾਂ ਰਹੇ ਤਿਨਾਂ ਦੇ ਨਾਮ।
ਰਹੇ ਨ ਉਮਰੇ ਪਾਤਸ਼ਾਹ ਜਿਨ੍ਹਾਂ ਵਸਾਏ ਗਰਾਮ।
ਖਾਕ ਸੇਤੀ ਮਿਲ ਗਏ ਕਈ ਵਜ਼ੀਰ ਪਾਤਸ਼ਾਹ।

Digitized by Panjab Digital Library | www.panjabdigilib.org

ਰਯਤ ਅੰਤ ਨ ਪਾਈਐ ਅਰਾਮ ਬਿਅੰਤ ਅਥਾਹਿ ।

[ਜਨਮ ਸਾਖੀ, ਭਾ: ਬਾਲਾ, ਪੰਨਾ 158]

**ਅਰਥਾਤ** :—ਇਸ ਜਗ ਵਿਚ ਜਿੰਨੇ ਵੀ ਨਬੀ ਤੇ ਰਸੂਲ ਤੇ ਦੂਜੇ ਬਜ਼ੁਰਗ ਬੀਤੇ ਹਨ, ਓਹ ਸਾਰੇ ਹੀ ਚੜ੍ਹਾਈ ਕਰ ਗਏ ਹਨ । ਇੱਥੋਂ ਤਕ ਨਬੀ ਤੇ ਰਸੂਲ ਵੀ ਅਕਾਲ ਚਲਾਣਾ ਕਰ ਗਏ ਹਨ । ਓਹਨਾਂ ਦੇ ਨਾਂ ਤੇ ਕਰਤਵ ਹੀ ਯਾਦਗਰ ਵੱਜੋਂ ਰਹਿ ਗਏ ਹਨ ।

ਗੁਰੂ ਨਾਨਕ ਜੀ ਮਹਾਰਾਜ ਨੇ ਇਸ ਸੰਬੰਧ ਵਿਚ ਇਹ ਸਚਾਈ ਵੀ ਵਰਣਨ ਕੀਤੀ ਹੈ ਕਿ :—

"ਬਾਬੇ ਆਖਿਆ ਜਮ ਅਸਥੂਲ ਸਰੀਰ ਨੂੰ ਨਹੀਂ ਲੈ ਜਾਂਦਾ; ਬਲਕਿ ਜੀਵਾਂ ਨੂੰ ਲੈ ਜਾਂਦਾ ਹੈ । ਸੋ ਸਥੂਲ ਸਰੀਰ...........ਤਾਂ ਇਥੇ ਹੀ ਰਹਿ ਜਾਂਦਾ ਹੈ ।

[ਤਵਾਰੀਖ ਗੁਰੂ ਖਾਲਸਾ, ਪੰਨਾ 251]

ਪਿਛਲੇ ਦਿਨੀਂ ਭਾਰਤੀ ਅਖਬਾਰਾਂ ਵਿਚ ਇਹ ਪ੍ਰਕਾਸ਼ਿਤ ਹੋਇਆ ਸੀ ਕਿ ਸਿਰੀਨਗਰ ਦੇ ਮਹੱਲਾ ਖਾਨਿਆਰ ਵਿਚ ਹਜ਼ਰਤ ਈਸਾ ਜੀ ਮਹਾਰਾਜ ਦੀ ਕਬਰ ਹੈ । ਉਹ ਸੂਲੀ ਤੋਂ ਜ਼ਿੰਦਾ ਉਤਾਰ ਲਏ ਗਏ ਸਨ ਤੇ ਫਿਰ ਇੱਥੇ ਆ ਗਏ ਸੀ ਤੇ ਇੱਥੇ ਹੀ ਓਹਨਾਂ ਦਾ ਅਕਾਲ ਚਲਾਣਾ ਹੋਇਆ ਸੀ । ਸੋ ਇਸ ਬਾਰੇ ਬੰਬਈ ਦੇ ਪ੍ਰਸਿੱਧ ਅਖਬਾਰ ਨੇ ਇਹ ਪ੍ਰਕਾਸ਼ਿਆ ਸੀ ਕਿ :—

"ਇਸ ਗੱਲ ਦੇ ਬਹੁਤ ਸਾਰੇ ਧਾਰਮਿਕ ਤੇ ਇਤਿਹਾਸਿਕ ਸਬੂਤ ਪੇਸ਼ ਕੀਤੇ ਗਏ ਹਨ ਕਿ ਹਜ਼ਰਤ ਈਸਾ ਜੀ ਮਹਾਰਾਜ ਨਾ ਕੇਵਲ ਇਹ ਕਿ ਭਾਰਤ ਆਏ ਸਨ; ਸਗੋਂ ਉਹਨਾਂ ਨੇ ਇੱਥੇ ਹੀ ਅਕਾਲ ਚਲਾਣਾ ਵੀ ਕੀਤਾ ਸੀ ਤੇ ਓਹਨਾਂ ਨੂੰ ਕਸ਼ਮੀਰ ਵਿਚ ਦਫ਼ਨ ਕੀਤਾ ਗਿਆ ਸੀ । ਕੁਝ ਜ਼ਿਮੀਦਾਰਾਂ ਦਾ ਕਥਨ ਹੈ ਕਿ ਹਜ਼ਰਤ ਈਸਾ ਜੀ ਨੂੰ ਸੂਲੀ ਤੋਂ ਬਚਾ ਲਿਆ ਗਿਆ ਸੀ ਤੇ ਓਹਨਾਂ ਨੇ ਭਾਰਤ ਵਿਚ ਪਨਾਂਹ ਲਈ ਮਗਰੋਂ ਕਸ਼ਮੀਰ ਵਿਚ ਉਹਨਾਂ ਦਾ ਅਕਾਲ ਚਲਾਣਾ ਹੋਇਆ ਸੀ ।"

["ਬਲਿਟਜ਼", ਬੰਬਈ, 23 ਦਸੰਬਰ 1967]

**ਅਰਥਾਤ** :—ਇਹ ਯਕੀਨ ਕੀਤਾ ਜਾਂਦਾ ਹੈ ਕਿ ਉਹਨਾਂ ਦੀ ਕਬਰ ਸਿਰੀਨਗਰ ਦੇ ਮਹੱਲਾ ਖਾਨਿਆਰ ਵਿਚ ਹੁਣ ਵੀ ਮੌਜੂਦ ਹੈ । ਜਿਸ ਨੂੰ ਉਥੇ ਈਸੂ

Digitized by Panjab Digital Library | www.panjabdigilib.org

ਸਾਹਿਬ, ਯੂਜ਼ ਆਸਫ ਜਾਂ ਨਬੀ ਸਾਹਿਬ ਦੀ ਕਬਰ ਆਦਿ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਕਸ਼ਮੀਰ ਦੇ ਬਾਰਾ ਮੂਲਾ ਦਾ ਨਾਂ ਵੀ ਈਸਾ ਜੀ ਦੇ ਬਾਰਾਂ ਸ਼ਗਿਰਦਾਂ ਦੇ ਨਾਂ ਤੇ ਹੀ ਰੱਖਿਆ ਗਿਆ ਹੈ।"

("ਬਲਿਟਜ਼", ਬੰਬਈ, 23 ਦਸੰਬਰ 1967)

ਇਕ ਹੋਰ ਭਾਰਤੀ ਅਖਬਾਰ ਨੇ ਇਸ ਬਾਰੇ ਇਹ ਪ੍ਰਕਾਸ਼ਤ ਕੀਤਾ ਸੀ ਕਿ :—

"ਪਿੱਛੇ ਜਿਹੇ ਇਕ ਖਬਰ ਛਪੀ ਸੀ ਕਿ ਈਸਾ ਜੀ ਸੂਲੀ ਤੇ ਸ਼ਹੀਦ ਨਹੀਂ ਹੋਇਆ; ਸਗੋਂ ਬੇਹੋਸ਼ ਹੋ ਗਿਆ ਸੀ ਤੇ ਇਕ ਸ਼ਰਧਾਲੂ ਨੇ ਉਸ ਨੂੰ ਚੁਕ ਲਿਆ ਸੀ। ਈਸਾ ਜੀ ਨੇ ਬਾਕੀ ਦਾ ਜੀਵਨ ਕਸ਼ਮੀਰ ਵਿਚ ਗੁਜ਼ਾਰਿਆ ਸੀ। ਉਸ ਦੀ ਕਬਰ ਕਸ਼ਮੀਰ ਅੰਦਰ ਦੱਸੀ ਜਾਂਦੀ ਹੈ।"

("ਅਕਾਲੀ ਪਤ੍ਰਿਕਾ" ਜਾਲੰਧਰ ਨਿਰੰਕਾਰੀ ਐਡੀਸ਼ਨ 1967)

ਸੋ ਗੱਲ ਕੀ, ਇਹ ਇਕ ਅਸਲੀਅਤ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਈਸਾਈਆਂ ਵਾਂਗ ਹਜ਼ਰਤ ਈਸ਼ਾ ਜੀ ਨੂੰ ਪੰਜ ਭੂਤਕ ਸ਼ਰੀਰ ਨਾਲ ਅੰਕਾਸ਼ ਤੇ ਜੀਉਂਦਾ ਨਹੀਂ ਮੰਨਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਉਹ ਦੂਜੇ ਨਬੀਆਂ, ਰਸੂਲਾਂ ਤੇ ਅਵਤਾਰੀ ਪੁਰਖਾਂ ਸਮਾਨ ਹੀ ਅਕਾਲ ਚਲਾਣਾ ਕਰ ਗਏ ਸਨ।

ਸਦਾ ਦਾ ਜੀਵਨ ਇੱਕੋਇਕ ਪ੍ਰਭੂ ਨੂੰ ਹੀ ਪ੍ਰਾਪਤ ਹੈ, ਕਿਉਂਜੁ ਉਹੋ ਇੱਕੋ ਹੀ ਅਕਾਲ ਹੈ। ਸਾਰੇ ਹੀ ਰੱਬੀ-ਬੰਦੇ ਆਤਮਕ ਤੌਰ ਤੇ ਜੀਉਂਦੇ ਹਨ; ਕਿਉਂ ਜੁ ਉਹਨਾਂ ਨੂੰ ਅਮਰ ਪਦਵੀ ਪ੍ਰਾਪਤ ਹੈ। ਓਹਨਾਂ ਵਿਚੋਂ ਹੀ ਹਜ਼ਰਤ ਈਸਾ ਜੀ ਮਹਾਰਾਜ ਵੀ ਹਨ, ਜੋ ਸਰੀਰਕ ਤੌਰਤੇ ਤੇ ਚਲਾਣਾ ਕਰ ਚੁੱਕੇ ਹਨ, ਪਰ ਆਤਮਕ ਤੌਰ ਤੇ ਜੀਉਂਦੇ ਹਨ। ਬਾਕੀ ਸਰੀਰਕ ਤੌਰ ਤੇ ਨਾ ਕੋਈ ਪਹਿਲਿਆਂ ਵਿਚੋਂ ਜ਼ਿੰਦਾ ਹੈ ਤੇ ਨਾ ਅੱਗੋਂ ਹੀ ਕੋਈ ਜ਼ਿੰਦਾ ਰਹਿ ਸਕਦਾ ਹੈ। ਏਹੋ ਹੀ ਇਸਲਾਮੀ ਵਿਚਾਰ ਹੈ। ਇਸਲਾਮ ਵੀ ਕਾਲ-ਰਹਿਤ ਇੱਕੋਇਕ ਪ੍ਰਭੂ ਨੂੰ ਹੀ ਮੰਨਦਾ ਹੈ।

Digitized by Panjab Digital Library | www.panjabdigilib.org

# ਵੇਦਕ ਧਰਮ ਵਿਚ ਪ੍ਰਭੂ ਦਾ ਤਸੱਵਰ ਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਅਸੀਂ ਪਿਛੇ ਇਹ ਦਸ ਆਏ ਹਾਂ ਕਿ ਵੇਦਕ ਧਰਮ ਦੇ ਦੋ ਵੱਡੇ ਭਾਗ ਸਨਾਤਨ ਧਰਮ ਤੇ ਆਰੀਆ ਸਮਾਜ ਹਨ। ਏਹਨਾਂ ਦੋਹਾਂ ਭਾਗਾਂ ਵਿਚ ਪ੍ਰਭੂ ਦੇ ਸਰੂਪ ਤੇ ਗੁਣਾਂ ਬਾਰੇ ਅੱਡ ਅੱਡ ਵਿਚਾਰ ਹਨ। ਸਨਾਤਨ ਧਰਮ ਨਾਲ ਸੰਬੰਧਤ ਹਿੰਦੂ ਅਵਤਾਰ-ਵਾਦ ਮੰਨਦੇ ਹਨ। ਓਹਨਾਂ ਦੇ ਵਿਚਾਰਾਂ ਅਨੁਸਾਰ ਇਸ ਜਗ ਦਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਸਮੇਂ ਸਮੇਂ ਪਸੂਆਂ, ਪੰਛੀਆਂ, ਪਾੜੂ ਜਾਨਵਰਾਂ ਤੇ ਮਨੁੱਖਾਂ ਦੇ ਰੂਪ ਵਿਚ ਇਸ ਜਗ ਤੇ ਪਰਗਟ ਹੁੰਦਾ ਰਿਹਾ ਹੈ। ਸੋ ਓਹ ਆਮ ਤੌਰ ਤੇ ਪ੍ਰਭੂ ਦੇ 24 ਅਵਤਾਰ ਮੰਨਦੇ ਹਨ, ਏਹਨਾਂ 24 ਅਵਤਾਰਾਂ ਵਿਚੋਂ ਦਸ ਪੂਰਣ ਅਵਤਾਰ ਤੇ 14 ਅੰਸ-ਅਵਤਾਰ ਮੰਨੇ ਜਾਂਦੇ ਹਨ। ਮਹਾਂ ਭਾਰਤ ਵਿਚ ਇਕ ਥਾਂ ਏਹਨਾਂ ਦਸ ਅਵਤਾਰਾਂ ਬਾਰੇ ਇਹ ਵਰਣਨ ਹੈ ਕਿ—

ਸਤਸਜ ਕੂਰਮੀ ਵਰਾਸ਼ਚ ਨਾਹ ਸਿੰਹੋ ਅ ਧਾਵਾਮਨਾ।
ਰਾਮੋ ਰਾਮਸ਼ਚ ਬੁਧਾ: ਕਲਕੀਤਿ ਤੇ ਦਸ॥

**ਅਰਥਾਤ** :—(1) ਮੱਛ, (2) ਕਛ, (3) ਵਰਾਹ, (4) ਨਰ ਸਿੰਘ, (5) ਵਾਮਨ, (6) ਪਰਸ ਰਾਮ, (7) ਰਾਮ ਚੰਦਰ, (8) ਕ੍ਰਿਸ਼ਨ, (9) ਬੁਧ, (10) ਕਲਕੀ ਦਸ ਅਵਤਾਰ ਹਨ।

ਕਲਕੀ ਅਵਤਾਰ ਬਾਰੇ ਹਿੰਦੂ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਉਹ ਅੰਤਲੇ ਸਮੇਂ ਪਰਗਟ ਹੋਵੇਗਾ; ਇਸੇ ਕਰਕੇ ਹੀ ਸਨਾਤਨ ਧਰਮੀ ਅਜੇ ਤਕ ਉਸਦੇ ਉਡੀਕਵਾਨ ਹਨ ਤੇ ਓਹ ਇਹ ਵੀ ਕਹਿੰਦੇ ਹਨ ਕਿ :—

ਨਿਹਕਲੰਕ ਅਵਤਾਰ ਆ ਆ ਐ ਇਮਾਮਿ ਦੋ ਜਹਾਂ,
ਮੁਤਜ਼ਿਰ ਹੈ ਹਮ ਕਿ ਅਬ ਹੋਤਾ ਹੈ ਕਬ ਤੇਰਾ ਜਹੂਰ।



Digitized by Panjab Digital Library | www.panjabdigilib.org

ਤੂ ਮੁਸਲਮਾਨੋਂ ਕਾ ਮਹਿਦੀ ਤੂ ਨਸਾਰਾ ਕਾ ਮਸੀਹ,
ਤੂ ਸ਼ਹਿ ਮੁੱਕਨਿ ਮਸਤੀ ਤੂ ਸ਼ਹਿਨਸ਼ਾਹਿ ਤੁੱਯੂਰ ।

[ਵੀਰ ਭਾਰਤ, ਕ੍ਰਿਸ਼ਨ ਨੰਬਰ, 1937

ਅਵਤਾਰ-ਵਾਦ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਵਿਚਾਰ ਸਨਾਤਨ ਧਰਮੀਆਂ ਨਾਲੋਂ ਬਹੁਤ ਵਿਲੱਖਣ ਸੀ । ਸ੍ਰੀ ਗੁਰੂ ਜੀ ਨੇ ਪ੍ਰਭੂ ਦਾ ਜ ਸਰੂਪ ਜਗ ਦੇ ਸਾਹਮਣੇ ਰਖਿਆ ਹੈ, ਉਸ ਵਿਚ ਅਵਤਾਰ-ਵਾਦ ਲਈ ਕੋਈ ਥਾਂ ਨਹੀਂ ਹੈ।

ਸ੍ਰੀ ਗੁਰੂ ਜੀ ਨੇ ਆਪਣੇ ਮੂਲ ਮੰਤਰ ਪ੍ਰਭੂ ਦਾ ਇਕ ਗੁਣ ਵਾਚਕ ਨਾਂ

"ਅਜੂਨੀ"

ਵੀ ਵਰਣਨ ਕੀਤਾ ਹੈ, ਜਿਸ ਦਾ ਅਰਥ ਸਾਰੇ ਹੀ ਸੂਝਵਾਨਾਂ ਦੇ ਵਿਚਾਰ ਅਨੁਸਾਰ ਏਹੋ ਹੈ ਕਿ ਪ੍ਰਭੂ ਕਿਸੇ ਵੀ ਰੂਪ ਵਿਚ ਜਨਮ ਧਾਰਨ ਨਹੀਂ ਕਰਦਾ । ਉਹ ਅਰੂਪ, ਅਲੇਖ ਤੇ ਅਗਮ ਅਗੋਚਰ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਨਿਰਭਉ ਸੋ ਸਿਰਿ ਨਾਹੀ ਲੇਖਾ ।
ਆਪਿ ਅਲੇਖੁ ਕੁਦਰਤਿ ਹੈ ਦੇਖਾ !
ਆਪਿ ਅਤੀਤੁ ਅਜੋਨੀ ਸੰਭਉ
ਨਾਨਕ ਗੁਰਮਤਿ ਸੋ ਪਾਇਆ ।

[ਮਾਰੂ, ਮ: 1, ਪੰਨਾ 1042

**ਅਰਥਾਤ :**—ਪ੍ਰਭੂ ਨਿਰਭਉ ਹੈ, ਉਸ ਨੂੰ ਕਿਸੇ ਦਾ ਕੋਈ ਡਰ ਭਉ ਨਹੀਂ ਹੈ । ਉਸ ਤੇ ਕਿਸੇ ਦਾ ਹੁਕਮ ਵੀ ਨਹੀਂ ਚਲ ਸਕਦਾ । ਉਹ ਆਪ ਤਾਂ ਅਲੇਖ ਹੈ, ਪਰ ਉਸ ਦੀ ਕੁਦਰਤ ਤੋਂ ਉਸ ਨੂੰ ਵੇਖਿਆ ਜਾ ਸਕਦਾ ਹੈ । ਉਹ ਆਪ ਅੱਡ ਅਤੇ ਅਲੱਗ ਥਲੱਗ ਹੈ, ਤੇ ਅਜੋਨੀ ਹੋਣ ਸਦਕਾ ਕਿਸੇ ਵੀ ਰੂਪ ਵਿਚ ਜਨਮ ਧਾਰਨ ਨਹੀਂ ਕਰਦਾ । ਉਹ ਆਪਣੇ ਆਪ ਤੋਂ ਹੈ । ਸ੍ਰੀ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ ਕਿ ਉਸ ਨੂੰ ਸੱਚੇ ਗੁਰੂ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ।

ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ—

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ।
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ।

Digitized by Panjab Digital Library | www.panjabdigilib.org

ਤਰਾ ਰੂਪ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ ।
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ।

[ਵਾਰੂ ਮ: 5, ਪੰਨਾ 1095

**ਅਰਥਾਤ** :—ਹੇ ਸਾਜਨਹਾਰ ਪ੍ਰਭੂ ਤੂੰ ਕਿਸੇ ਵੀ ਜੂਨ ਵਿਚ ਨਹੀਂ ਆਉਂਦਾ। ਤੂੰ ਆਪਣੇ ਹੁਕਮ ਨਾਲ ਹੀ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈਂ ਤੇ ਫੇਰ ਆਪਣੇ ਹੁਕਮ ਨਾਲ ਹੀ ਇਸ ਨੂੰ ਸਮੇਟ ਲੈਂਦਾ ਹੈਂ । ਤੇਰਾ ਰੂਪ ਮਨੁੱਖੀ ਸੋਚ-ਸਮਝ ਤੋਂ ਉੱਚਾ ਹੈ। ਤੈਨੂੰ ਕਿਵੇਂ ਧਿਆਇਆ ਜਾਏ ? ਤੂੰ ਸਾਰਿਆਂ ਵਿਚ ਹੀ ਆਪ ਵਰਤ ਰਿਹਾ ਹੈਂ ਤੇ ਆਪਣੀ ਕੁਦਰਤ ਦੁਆਰਾ ਨਜ਼ਰ ਆ ਰਿਹਾ ਹੈਂ ।

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਭਰਮਿ ਭੂਲੇ ਨਰ ਕਰਤ ਕਚਰਾਇਣ ।
ਜਨਮ ਮਰਨ ਤੇ ਰਹਤ ਨਾਰਾਇਣ ।

... ... ...

ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ।
ਜਨਮਿ ਨ ਮਰੈ ਨ ਆਵੈ ਨਾ ਜਾਇ ।
ਨਾਨਕ ਕਾ ਪ੍ਰਭੁ ਰਹਿਓ ਸਮਾਇ ॥

[ਭੈਰਉ ਮ: 5, ਪੰਨਾ 1136

**ਅਰਥਾਤ** :—ਭਰਮਾਂ ਵਿਚ ਫਸੇ ਲੋਕ ਨਿਰਮੂਲ ਗੱਲਾਂ ਕਰਦੇ ਹਨ । ਪ੍ਰਭੂ ਜਨਮ ਮਰਨ ਤੋਂ ਰਹਿਤ ਹੈ। .........ਉਹ ਮੂੰਹ ਸੜ ਜਾਏ, ਜੋ ਇਹ ਕਹਿੰਦਾ ਹੈ ਕਿ ਪ੍ਰਭੂ ਜੂਨਾਂ ਵਿਚ ਆਉਂਦਾ ਹੈ ਅਤੇ ਅਵਤਾਰ ਧਾਰਨ ਕਰਦਾ ਹੈ ; ਉਹ ਪ੍ਰਭੂ ਨਾ ਜਨਮ ਧਾਰਨ ਕਰਦਾ ਹੈ ਤੇ ਨਾ ਮਰਦਾ ਹੈ, ਉਹ ਆਉਣ ਜਾਣ ਦੇ ਚੱਕਰ ਵਿਚ ਨਹੀਂ ਫਸਦਾ। ਸ੍ਰੀ ਗੁਰੂ ਅਰਜਨ ਜੀ ਮਹਾਰਾਜ ਫਰਮਾਉਂਦੇ ਹਨ ਕਿ ਸਾਡਾ ਪ੍ਰਭੂ ਹਰ ਥਾਂ ਸਮਾ ਰਿਹਾ ਹੈ, ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ ਹੈ।

ਸਨਾਤਨ ਧਰਮ ਵਿਚ ਜਿਨ੍ਹਾਂ ਦਸ ਅਵਤਾਰਾਂ ਨੂੰ ਵਿਸ਼ੇਸ਼ ਤੌਰ ਤੇ ਮੰਨਿਆ ਜਾਂਦਾ ਹੈ, ਉਹਨਾਂ ਬਾਰੇ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ :—

Digitized by Panjab Digital Library | www.panjabdigilib.org

ਤੂ ਮੁਸਲਮਾਨੋਂ ਕਾ ਮਹਿਦੀ ਤੂ ਨਸਾਰਾ ਕਾ ਮਸੀਹ,
ਤੂ ਸ਼ਹਿ ਮੁੱਕਨਿ ਮਸਤੀ ਤੂ ਸ਼ਹਿਨਸ਼ਾਹਿ ਤੁੱਯੂਰ ।

[ਵੀਰ ਭਾਰਤ, ਕ੍ਰਿਸ਼ਨ ਨੰਬਰ, 1937

ਅਵਤਾਰ-ਵਾਦ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਵਿਚਾਰ ਸਨਾਤਨ ਧਰਮੀਆਂ ਨਾਲੋਂ ਬਹੁਤ ਵਿਲੱਖਣ ਸੀ । ਸ੍ਰੀ ਗੁਰੂ ਜੀ ਨੇ ਪ੍ਰਭੂ ਦਾ ਜ ਸਰੂਪ ਜਗ ਦੇ ਸਾਹਮਣੇ ਰਖਿਆ ਹੈ, ਉਸ ਵਿਚ ਅਵਤਾਰ-ਵਾਦ ਲਈ ਕੋਈ ਥਾਂ ਨਹੀਂ ਹੈ।

ਸ੍ਰੀ ਗੁਰੂ ਜੀ ਨੇ ਆਪਣੇ ਮੂਲ ਮੰਤਰ ਪ੍ਰਭੂ ਦਾ ਇਕ ਗੁਣ ਵਾਚਕ ਨਾਂ

"ਅਜੂਨੀ"

ਵੀ ਵਰਣਨ ਕੀਤਾ ਹੈ, ਜਿਸ ਦਾ ਅਰਥ ਸਾਰੇ ਹੀ ਸੂਝਵਾਨਾਂ ਦੇ ਵਿਚਾਰ ਅਨੁਸਾਰ ਏਹੋ ਹੈ ਕਿ ਪ੍ਰਭੂ ਕਿਸੇ ਵੀ ਰੂਪ ਵਿਚ ਜਨਮ ਧਾਰਨ ਨਹੀਂ ਕਰਦਾ । ਉਹ ਅਰੂਪ, ਅਲੇਖ ਤੇ ਅਗਮ ਅਗੋਚਰ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਨਿਰਭਉ ਸੋ ਸਿਰਿ ਨਾਹੀ ਲੇਖਾ ।
ਆਪਿ ਅਲੇਖੁ ਕੁਦਰਤਿ ਹੈ ਦੇਖਾ !
ਆਪਿ ਅਤੀਤੁ ਅਜੋਨੀ ਸੰਭਉ
ਨਾਨਕ ਗੁਰਮਤਿ ਸੋ ਪਾਇਆ ।

[ਮਾਰੂ, ਮ: 1, ਪੰਨਾ 1042

**ਅਰਥਾਤ** :—ਪ੍ਰਭੂ ਨਿਰਭਉ ਹੈ, ਉਸ ਨੂੰ ਕਿਸੇ ਦਾ ਕੋਈ ਡਰ ਭਉ ਨਹੀਂ ਹੈ । ਉਸ ਤੇ ਕਿਸੇ ਦਾ ਹੁਕਮ ਵੀ ਨਹੀਂ ਚਲ ਸਕਦਾ । ਉਹ ਆਪ ਤਾਂ ਅਲੇਖ ਹੈ, ਪਰ ਉਸ ਦੀ ਕੁਦਰਤ ਤੋਂ ਉਸ ਨੂੰ ਵੇਖਿਆ ਜਾ ਸਕਦਾ ਹੈ । ਉਹ ਆਪ ਅੱਡ ਅਤੇ ਅਲੱਗ ਥਲੱਗ ਹੈ, ਤੇ ਅਜੋਨੀ ਹੋਣ ਸਦਕਾ ਕਿਸੇ ਵੀ ਰੂਪ ਵਿਚ ਜਨਮ ਧਾਰਨ ਨਹੀਂ ਕਰਦਾ । ਉਹ ਆਪਣੇ ਆਪ ਤੋਂ ਹੈ । ਸ੍ਰੀ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ ਕਿ ਉਸ ਨੂੰ ਸੱਚੇ ਗੁਰੂ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ।

ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ—

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ।
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ।

Digitized by Panjab Digital Library | www.panjabdigilib.org

ਤਰਾ ਰੂਪ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ ।
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ।

[ਵਾਰੂ ਮ: 5, ਪੰਨਾ 1095

**ਅਰਥਾਤ** :—ਹੇ ਸਾਜਨਹਾਰ ਪ੍ਰਭੂ ਤੂੰ ਕਿਸੇ ਵੀ ਜੂਨ ਵਿਚ ਨਹੀਂ ਆਉਂਦਾ । ਤੂੰ ਆਪਣੇ ਹੁਕਮ ਨਾਲ ਹੀ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈਂ ਤੇ ਫੇਰ ਆਪਣੇ ਹੁਕਮ ਨਾਲ ਹੀ ਇਸ ਨੂੰ ਸਮੇਟ ਲੈਂਦਾ ਹੈਂ । ਤੇਰਾ ਰੂਪ ਮਨੁੱਖੀ ਸੋਚ-ਸਮਝ ਤੋਂ ਉੱਚਾ ਹੈ। ਤੈਨੂੰ ਕਿਵੇਂ ਧਿਆਇਆ ਜਾਏ ? ਤੂੰ ਸਾਰਿਆਂ ਵਿਚ ਹੀ ਆਪ ਵਰਤ ਰਿਹਾ ਹੈਂ ਤੇ ਆਪਣੀ ਕੁਦਰਤ ਦੁਆਰਾ ਨਜ਼ਰ ਆ ਰਿਹਾ ਹੈਂ ।

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਭਰਮਿ ਭੂਲੇ ਨਰ ਕਰਤ ਕਚਰਾਇਣ ।
ਜਨਮ ਮਰਨ ਤੇ ਰਹਤ ਨਾਰਾਇਣ ।

... ... ...

ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ।
ਜਨਮਿ ਨ ਮਰੈ ਨ ਆਵੈ ਨਾ ਜਾਇ ।
ਨਾਨਕ ਕਾ ਪ੍ਰਭੁ ਰਹਿਓ ਸਮਾਇ ॥

[ਭੈਰਉ ਮ: 5, ਪੰਨਾ 1136

**ਅਰਥਾਤ** :—ਭਰਮਾਂ ਵਿਚ ਫਸੇ ਲੋਕ ਨਿਰਮੂਲ ਗੱਲਾਂ ਕਰਦੇ ਹਨ । ਪ੍ਰਭੂ ਜਨਮ ਮਰਨ ਤੋਂ ਰਹਿਤ ਹੈ । .........ਉਹ ਮੂੰਹ ਸੜ ਜਾਏ, ਜੋ ਇਹ ਕਹਿੰਦਾ ਹੈ ਕਿ ਪ੍ਰਭੂ ਜੂਨਾਂ ਵਿਚ ਆਉਂਦਾ ਹੈ ਅਤੇ ਅਵਤਾਰ ਧਾਰਨ ਕਰਦਾ ਹੈ ; ਉਹ ਪ੍ਰਭੂ ਨਾ ਜਨਮ ਧਾਰਨ ਕਰਦਾ ਹੈ ਤੇ ਨਾ ਮਰਦਾ ਹੈ, ਉਹ ਆਉਣ ਜਾਣ ਦੇ ਚੱਕਰ ਵਿਚ ਨਹੀਂ ਫਸਦਾ । ਸ੍ਰੀ ਗੁਰੂ ਅਰਜਨ ਜੀ ਮਹਾਰਾਜ ਫਰਮਾਉਂਦੇ ਹਨ ਕਿ ਸਾਡਾ ਪ੍ਰਭੂ ਹਰ ਥਾਂ ਸਮਾ ਰਿਹਾ ਹੈ, ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ ਹੈ ।

ਸਨਾਤਨ ਧਰਮ ਵਿਚ ਜਿਨ੍ਹਾਂ ਦਸ ਅਵਤਾਰਾਂ ਨੂੰ ਵਿਸ਼ੇਸ਼ ਤੌਰ ਤੇ ਮੰਨਿਆ ਜਾਂਦਾ ਹੈ, ਉਹਨਾਂ ਬਾਰੇ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ :—

Digitized by Panjab Digital Library | www.panjabdigilib.org

ਹੁਕਮਿ ਉਪਾਏ ਦਸ ਅਵਤਾਰਾ ।
ਦੇਵ ਦਾਨਵ ਅਗਣਤ ਅਪਾਰਾ ।
ਮਾਨੈ ਹੁਕਮੁ ਸੁ ਦਰਗਹ ਪੈਝੈ
ਸਾਚਿ ਮਿਲਾਇ ਸਮਾਇਦਾ ।

[ਮਾਰੂ, ਮ: 1, ਪੰਨਾ 1037

**ਅਰਥਾਤ** :—ਸਾਜਨਹਾਰ ਪ੍ਰਭੂ ਨੇ ਆਪਣੇ ਹੁਕਮ ਦੁਆਰਾ ਦਸ ਅਵਤਾਰ ਤੇ ਬੇਅੰਤ ਹੋਰ ਮਹਾਂ ਪੁਰਖ ਸਾਜੇ ਹਨ । ਓਹਨਾਂ ਵਿਚੋਂ ਜੇਹੜਾ ਵੀ ਪ੍ਰਭੂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦਾ ਹੈ, ਉਹੋ ਹੀ ਉਸ ਦੇ ਦਰਬਾਰ ਵਿਚ ਆਦਰ ਤੇ ਸਤਿਕਾਰ ਪ੍ਰਾਪਤ ਕਰਦਾ ਹੈ ਅਤੇ ਸਾਜਨਹਾਰ ਪ੍ਰਭੂ ਨੂੰ ਪ੍ਰਾਪਤ ਹੋ ਜਾਂਦਾ ਹੈ ।

ਇਕ ਸਿੱਖ ਵਿਦਵਾਨ ਸ: ਕਾਨ੍ਹ ਸਿੰਘ ਜੀ ਨਾਭਾ ਨੇ ਅਵਤਾਰਾਂ ਬਾਰੇ ਇਹ ਗੁਰ ਸਿੱਖਿਆ ਵਰਣਨ ਕੀਤੀ ਹੈ ਕਿ ਸਿੱਖ ਏਹਨਾਂ ਅਵਤਾਰਾਂ ਨੂੰ ਪ੍ਰਭੂ ਨਹੀਂ; ਸਗੋਂ ਰੱਬੀ-ਜੀਉੜੇ ਮੰਨਣ । ਉਹ ਪ੍ਰਭੂ ਨਹੀਂ ਸਨ; ਸਗੋਂ ਰੱਬੀ-ਰੰਗਣ ਵਿਚ ਰੰਗੀਨ ਸਨ, ਜਿਹਾ ਕਿ ਉਹਨਾਂ ਨੇ ਲਿਖਿਆ ਹੈ ਕਿ :—

ਹਿੰਦੂ ਜਿੰਨ੍ਹੇ ਕਹਕ ਅਵਤਾਰ ।
ਪ੍ਰਮੇਸ਼ਰ ਤਨ ਧਾਰੇ ਸਾਰ ।
ਪ੍ਰਮੇਸ਼ਰ ਥਪ ਪੂਜਤ ਮਾਨਤ ।
ਭਜਨ ਧਿਆਨ ਉਨ੍ਹੀ ਕਾ ਠਾਨਤ ।
ਸਿੱਖ ਉਨੇ ਪ੍ਰਮੇਸ਼ ਨ ਮਾਨੇ ।
ਪ੍ਰਮੇਸ਼ਰ ਕੇ ਸੇਵਕ ਜਾਨੇ ।

[ਗੁਰਮਤਿ ਸੁਧਾਕਰ, ਪੰਨਾ 527

**ਅਰਥਾਤ** :—ਹਿੰਦੂ ਜਿਨ੍ਹਾਂ ਵਿਅੱਕਤੀਆਂ ਨੂੰ ਪ੍ਰਭੂ ਦਾ ਅਵਤਾਰ ਮਿਥ ਕੇ ਉਹਨ੍ਹਾਂ ਦੀ ਪੂਜਾ ਕਰਦੇ ਹਨ, ਸਿੱਖ ਓਹਨਾਂ ਦੀ ਪੂਜਾ ਨਾ ਕਰਨ, ਹਾਂ ਓਹਨਾਂ ਨੂੰ ਰੱਬੀ ਜੀਉੜੇ ਮੰਨ ਕੇ ਓਹਨਾਂ ਦਾ ਸਤਿਕਾਰ ਕਰਨ । ਉਹ ਪ੍ਰਮੇਸ਼ਰ ਨਹੀਂ ਸਨ ।

ਪ੍ਰਸਿੱਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਨੇ ਅਵਤਾਰ ਵਾਦ ਤੇ ਵਿਚਾਰ ਕਰਦਿਆਂ ਇਹ ਲਿਖਿਆ ਹੈ ਕਿ :—

Digitized by Panjab Digital Library | www.panjabdigilib.org

"ਗੁਰਬਾਣੀ ਵਿਚ ਕਿਸੇ ਮਹਾਂ ਪੁਰਖ ਨੂੰ ਚੰਗਾ ਮੰਨਣੋਂ ਇਨਕਾਰ ਨਹੀਂ, ਪ੍ਰੰਤੂ ਪਰਮੇਸ਼ਰ ਨੂੰ ਜੂਨ ਵਿਚ ਆਇਆ ਮੰਨ ਕੇ ਕਿਸੇ ਨੂੰ ਅਵਤਾਰ ਮੰਨਣਾ ਮਨ੍ਹੇ ਕੀਤਾ ਹੈ, ਓਹ ਸਦਾ ਅਜੋਨੀ ਹੈ।"

[ਨਾਨਕ ਪ੍ਰਕਾਸ਼ ਸੰਪਾਦਿਤ, ਪੰਨਾ 841

ਇਕ ਸਿੱਖ ਵਿਦਵਾਨ ਪ੍ਰੋਫੈਸਰ ਸ਼ੇਰ ਸਿੰਘ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ :—

"ਸ੍ਰੀ ਗੁਰੂ ਜੀ.........ਆਮ ਹਿੰਦੂ ਖਿਆਲ ਨੂੰ ਰੱਬ ਇਨ ਬਿਨ ਮਾਤਾ ਦੇ ਗਰਭ ਵਿਚੋਂ ਹੋ ਕੇ, ਜਨਮ ਲੈ ਕੇ ਆ ਉਤਰਦਾ ਹੈ ਤੇ ਅਵਤਾਰ ਕਹਾਂਦਾ ਹੈ, ਬਹੁਤ ਕੁਫਰ ਤੇ ਨਾ ਸੁਣਨ ਤੇ ਨਾ ਕਹਿਣ ਯੋਗ ਗੱਲ ਖਿਆਲ ਕਰਦੇ ਸਨ।"

[ਗੁਰਮਤਿ ਦਰਸ਼ਨ, ਪੰਨਾ 34

**ਅਰਥਾਤ** :—

"ਹਿੰਦੁਸਤਾਨ ਵਿਚ ਸਿੱਖ ਗੁਰੂ ਸਭ ਤੋਂ ਪਹਿਲੇ ਬਜ਼ੁਰਗ ਹੋਏ ਹਨ, ਜਿਨ੍ਹਾਂ ਨੇ ਅਵਤਾਰੀ ਖਿਆਲ ਦੀ ਵਿਰੋਧਤਾ ਕੀਤੀ।"

[ਗੁਰਮਤਿ ਦਰਸ਼ਨ, ਪੰਨਾ 35

ਪ੍ਰਸਿਧ ਸਿੱਖ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ—

"ਬਾਬੇ ਕਿਹਾ, ਭਾਈ ਮਰਦਾਨਾ ! ਈਸ਼ਵਰ ਕਦੇ ਭੀ ਅਵਤਾਰ ਨਹੀਂ ਲੈਂਦਾ । ਗਰਭ ਜੋਨੀ ਵਿਚ ਜੀਵ ਆਂਵਦੇ ਹਨ।"

ਤਵਾਰੀਖ ਗੁਰੂ ਖਾਲਸਾ, ਪੰਨਾ 215

ਇਕ ਹਿੰਦੂ ਵਿਦਵਾਨ ਲਾਲਾ ਦੌਲਤ ਰਾਏ ਜੀ ਨੇ ਅਵਤਾਰਵਾਦ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਹੋਇਆਂ ਇਹ ਲਿਖਿਆ ਹੈ ਕਿ :—

"ਖੁਦ ਈਸ਼ਵਰ ਦੀ ਅਜੇਹੀ ਦੁਰਗਤੀ ਕੀਤੀ ਕਿ ਨਾ ਕੇਵਲ ਉਸ ਨੂੰ ਮਨੁੱਖਾਂ ਵਿਚ ਹੀ ਉਤਾਰਿਆ; ਸਗੋਂ ਜਾਨਵਰਾਂ ਤੇ ਕਛ ਮਛ ਵਿਚ ਵੀ ਉਤਾਰਿਆ ਤੇ ਇਸ ਤੋਂ ਵੀ ਭੈੜਾ ਆਦਮੀ ਨੂੰ ਨਾ ਪਸ਼ੂ ਸਗੋਂ ਨਰ ਸਿੰਘ ਵੀ ਬਣਾ ਦਿੱਤਾ।"

[ਸਿੱਖ ਵਿਚਾਰਧਾਰਾ, ਪੰਨਾ 24]

Digitized by Panjab Digital Library | www.panjabdigilib.org

# ਸਨਾਤਨ ਧਰਮ ਦੀ ਤ੍ਰੈ-ਮੂਰਤੀ
## ਤੇ
# ਗੁਰੂ ਨਾਨਕ ਜੀ ਮਹਾਰਾਜ

ਸਨਾਤਨ ਧਰਮੀ ਹਿੰਦੂ ਵੀ ਤਿਗੜੇ (ਤਸਲੀਸ) ਨੂੰ ਮੰਨਦੇ ਹਨ ਅਤੇ ਓਹਨਾਂ ਦਾ ਤਿਗੜਾ ਈਸਾਈਆਂ ਦੇ ਤਿਗੜੇ (ਤਸਲੀਸ) ਤੋਂ ਵੱਖਰਾ ਹੈ ਤੇ ਪ੍ਰਚੀਨ ਵੀ ਹੈ। ਸਨਾਤਨ ਧਰਮ ਦੇ ਵਿਚਾਰ ਅਨੁਸਾਰ ਬ੍ਰਹਮਾ, ਬਿਸ਼ਨ ਤੇ ਮਹੇਸ਼ ਤਿੰਨ ਮਿਲ ਕੇ ਇਸ ਸਾਰੇ ਬ੍ਰਹਿਮੰਡ ਦੇ ਕਾਰ ਵਿਹਾਰ ਨੂੰ ਚਲਾ ਰਹੇ ਹਨ। ਬ੍ਰਹਮਾ ਸਾਜਨਹਾਰ ਹੈ, ਬਿਸ਼ਨ ਪਾਲਨਹਾਰ ਹੈ ਤੇ ਮਹੇਸ਼ ਮਾਰਨਹਾਰ ਹੈ[1]। ਏਹਨਾਂ ਤਿੰਨਾਂ ਦੇ ਸਮੁਦਾਇ ਨੂੰ ਉਹ ਤ੍ਰੈ-ਮੂਰਤੀ ਆਖਦੇ ਹਨ, ਜਿਹਾ ਕਿ ਸ: ਬ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ:—

> "ਤ੍ਰਿਭੰਗੀ—ਤਿੰਨ ਦੇਵਤਿਆਂ ਦੀ ਮਿਲਾ ਕੇ ਬਣਾਈ ਹੋਈ ਇਕ ਮੂਰਤਿ 'ਤ੍ਰਿਮੁਕਤਿ ਦੇਵ।"
>
> [ਮਹਾਨ ਕੋਸ਼, ਪੰਨਾ 1824]

---

1. ਜਨਮਸਾਖੀ ਭਾਈ ਬਾਲਾ ਵਿਚ ਇਕ ਥਾਂ ਏਹਨਾਂ ਤਿੰਨਾਂ ਦੇਵਤਿਆਂ ਦੇ ਕੰਮਾਂ ਬਾਰੇ ਇਹ ਵਰਣਨ ਹੈ ਕਿ :—

ਬ੍ਰਹਮਾ ਸਾਜੇ ਸੂਰਤਾਂ ਰੂਹ ਬਿਸ਼ਨ ਮਿਲਾਏ ਆਨ।
ਕਰੇ ਸੰਘਾਰ ਮਹਾਂਦੇਉ ਜੀ ਜਿਸ ਆਤਸ਼ ਦਹੇ ਜਹਾਨ।
ਬ੍ਰਹਮਾ ਸਾਜੇ ਸੰਸਾਰ ਕੋ ਲਾਇ ਬਿਸ਼ਨ ਬਹੇ ਦੀਵਾਨ।
ਭਰੇ ਭੰਡਾਰਾ ਮਹਾਂਦੇਉ ਜੋ ਖਾਇ ਸਭ ਜਹਾਨ॥

[ਜਨਮਸਾਖੀ ਭ: ਬਾਲਾ, ਪੰਨਾ 103]

**ਅਰਥਾਤ** :—ਬ੍ਰਹਮਾ ਸਾਜਨਾ ਕਰਦਾ ਹੈ ਤੇ ਬਿਸ਼ਨ ਰੂਹਾ ਮਿਲਾ ਕੇ ਓਹਨਾਂ ਦੇ ਜੀਵਨ ਦੇ ਸਾਧਨ ਕਰਦਾ ਹੈ ਅਤੇ ਮਹਾਂਦੇਵ (ਮਹੇਸ਼) ਓਹਨਾਂ ਨੂੰ ਮਾਰਦਾ ਹੈ।

Digitized by Panjab Digital Library | www.panjabdigilib.org

ਇਕ ਹੋਰ ਥਾਂ ਇਹ ਵਰਣਨ ਹੈ ਕਿ :—

ਤ੍ਰਿਕੁਟੀ—ਤਿੰਨਾਂ ਦੇਵਤਿਆਂ ਦੀ ਉਪਾਸ਼ਨਾਂ।...........

Trinity, ਤਸਲੀਸ, ਤ੍ਰੈ-ਮੁਕਤੀ, ਖ਼ੁਦਾ, ਰੂਹੁਲ ਕੁੱਦਸ ਅਤੇ ਖ਼ੁਦਾ ਦਾ ਬੇਟਾ।"

[ਮਹਾਨ ਕੋਸ਼, ਪੰਨਾ 1418]

ਅਰਥਾਤ :—

ਤਸਲੀਸ—ਤ੍ਰਿਤਵ, Trinity, ਖ਼ੁਦਾ, ਰੂਹੁੱਲ ਕੁੱਦਸ ਅਤੇ ਖ਼ੁਦਾ ਕਾ ਬੇਟਾ।"

[ਮਹਾਨ ਕੋਸ਼, ਪੰਨਾ 1762]

ਇਕ ਹਿੰਦੂ ਵਿਦਵਾਨ ਬ੍ਰਹਮ ਕੁਮਾਰ ਦੇਵੀ ਚੰਦ ਪਟਿਆਲੇ ਨੇ ਪਿੱਛੇ ਜੇਹੇ ਆਪਣੇ ਇਕ ਲੇਖ ਵਿਚ ਇਹ ਵਰਣਨ ਕੀਤਾ ਹੈ ਕਿ :—

"ਸਾਡੇ ਪਰਮ ਪਿਤਾ ਪ੍ਰਮਾਤਮਾ ਨਿਰਾਕਾਰ, ਤ੍ਰੈ-ਮੂਰਤੀ ਸ਼ਿਵ ਪ੍ਰਜਾਪਤਾ ਬ੍ਰਹਮਾ ਦੁਆਰਾ ਸਾਰੇ ਭੇਦ ਦਸ ਰਿਹਾ ਹੈ। ਅਤੇ ਸਹਿਜ ਗਿਆਨ, ਸਹਿਜ ਰਾਜ ਜੋਗ ਸਿਖਾਉਂਦਾ ਹੈ।"

[ਰਣਜੀਤ, ਪਟਿਆਲਾ, 26 ਫਰਵਰੀ 1968]

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਸੇ ਵੀ ਸ਼ਕਲ ਦੇ ਤਿਗੜੇ ਜਾਂ ਤਸਲੀਸ ਨੂੰ ਯੋਗ ਨਹੀਂ ਮੰਨਿਆਂ ਅਤੇ ਸਨਾਤਨ ਧਰਮ ਦੀ ਤਸਲੀਸ (ਤ੍ਰੈ-ਮੂਰਤੀ) ਦਾ ਵੀ ਖੰਡਨ ਕੀਤਾ ਹੈ ਅਤੇ ਇਹ ਦੱਸਿਆ ਹੈ ਕਿ ਬ੍ਰਹਮਾ, ਬਿਸ਼ਨ ਤੇ ਮਹੇਸ਼ ਵੀ ਪ੍ਰਭੂ ਦੇ ਹੀ ਸਾਜੇ ਹੋਏ ਹਨ। ਓਹ ਪ੍ਰਭੂ ਦੇ ਚਾਕਰ ਹੀ ਹਨ। ਓਹਨਾਂ ਦਾ ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦੀ ਸਾਜਨਾ ਨਾਲ ਜਾਂ ਪਾਲਣਾ ਨਾਲ ਕੋਈ ਸੰਬੰਧ ਨਹੀਂ ਹੈ। ਇਸ ਵਿਸ਼ਵ ਦਾ ਸਾਰਾ ਪ੍ਰਬੰਧ ਤੇ ਕਾਰ ਵਿਹਾਰ ਇੱਕੋ ਇਕ ਪ੍ਰਭੂ ਹੀ ਚਲਾ ਰਿਹਾ ਹੈ। ਉਸ ਨੂੰ ਇਸ ਬਾਰੇ ਕਿਸੇ ਵੀ ਵਿਅਕਤੀ ਦੀ ਸਹਾਇਤਾ ਦੀ ਲੋੜ ਨਹੀਂ ਹੈ। ਸ੍ਰੀ ਗੁਰੂ ਨਾਨਕ ਜੀ ਨੇ ਇਹ ਗੱਲ ਵੀ ਸਪਸ਼ਟ ਅੱਖਰਾਂ ਦੁਆਰਾਂ ਵਰਨਣ ਕੀਤੀ ਹੈ ਕਿ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਇਹ ਤਿੰਨੇ ਬਜ਼ੁਰਗ ਦੇਵਤੇ ਵੀ ਹੋਂਦ ਵਿਚ ਨਹੀਂ ਆਏ ਸਨ। ਪ੍ਰਭੂ ਨੇ

Digitized by Panjab Digital Library | www.panjabdigilib.org

ਏਹਨਾਂ ਦੀ ਵੀ ਸਾਜਨਾ ਕੀਤੀ ਹੈ, ਜਿਹਾ ਕਿ ਸ੍ਰੀ ਗੁਰੂ ਜੀ ਫਰਮਾਉਂਦੇ ਹਨ ਕਿ—

ਬ੍ਰਹਮਾ ਬਿਸਨੁ ਮਹੇਸੁ ਨ ਕੋਈ ।
ਅਵਰੁ ਨ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ ।

[ਮਾਰੂ ਮ: 1, ਪੰਨਾ 1035]

**ਅਰਥਾਤ**—ਆਦਿ ਕਾਲ ਸਮੇਂ ਬ੍ਰਹਮਾ, ਬਿਸ਼ਨ ਤੇ ਮਹੇਸ਼ ਆਦਿ ਕੋਈ ਵੀ ਨਹੀਂ ਸੀ। ਉਦੋਂ ਇੱਕੋ ਇਕ ਪ੍ਰਭੂ ਹੀ ਜਲਵਾਗਰ ਸੀ । ਨਾ ਕੋਈ ਤੀਵੀਂ ਸੀ ਤੇ ਨਾ ਕੋਈ ਪੁਰਖ ਨਾ ਕੋਈ ਜਾਤੀ ਹੀ ਸੀ ਤੇ ਨਾ ਕੋਈ ਜਨਮ ਹੀ ਧਾਰਨ ਕਰਦਾ ਸੀ। ਨਾ ਕੋਈ ਦੁੱਖ ਸੁੱਖ ਪਾਉਣ ਵਾਲਾ ਹੀ ਸੀ ।

ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ ਬ੍ਰਹਮਾ, ਬਿਸ਼ਨ ਤੇ ਮਹੇਸ਼ ਆਦਿ ਵੀ ਪ੍ਰਭੂ ਦੀ ਰਚਨਾ ਹਨ ਅਤੇ ਪ੍ਰਭੂ ਦੁਆਰਾ ਹੀ ਹੋਂਦ ਵਿਚ ਆਏ ਹਨ, ਓਹਨਾਂ ਨੂੰ ਪ੍ਰਭੂ ਮਿਥਣਾ ਜਾਂ ਓਹਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਣਾ ਯੋਗ ਨਹੀਂ ਹੈ; ਜਿਹਾ ਕਿ ਸ੍ਰੀ ਗੁਰੂ ਜੀ ਦਾ ਫ਼ਰਮਾਨ ਹੈ ਕਿ :—

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ।
ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ ।

[ਮਾਰੂ ਮ: 1, ਪੰਨਾ 1036]

**ਅਰਥਾਤ** :—ਜਦ ਉਸ ਦੀ ਇੱਛਾ ਹੋਈ, ਉਸ ਨੇ ਜਗਤ ਦੀ ਸਾਜਨਾ ਕੀਤੀ ਤੇ ਬਿਨਾਂ ਥੰਮਾਂ ਦੇ ਅਕਾਸ਼ ਨੂੰ ਲਟਕਾ ਦਿੱਤਾ । ਉਸ ਨੇ ਆਪਣੀ ਕੁਦਰਤ ਨਾਲ ਹੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਹੋਂਦ ਵਿਚ ਆਂਦੇ ਤੇ ਮਾਇਆ ਦਾ ਮੋਹ ਪਸਾਰ ਦਿੱਤਾ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ।
ਸੁੰਨੇ ਵਰਤੇ ਜੁਗ ਸਬਾਏ ।

Digitized by Panjab Digital Library | www.panjabdigilib.org

ਇਸੁ ਪਦ ਵੀਚਾਰੇ ਸੋ ਜਨੁ ਪੂਰਾ
ਤਿਸੁ ਮਿਲੀਐ ਭਰਮੁ ਚੁਕਾਇਦਾ ।

[ਮਾਰੂ, ਮ: 1, ਪੰਨਾ 1037]

**ਅਰਥਾਤ**—ਪ੍ਰਭੂ ਨੇ ਹੀ ਆਪਨੀ ਕੁਦਰਤ ਨਾਲ ਸੁੰਨ ਅਵਸਥਾ ਤੋਂ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੀ ਸਾਜਨਾ ਕੀਤੀ ਸੀ ਅਤੇ ਸਾਰੇ ਜੁਗ ਵੀ ਉਸ ਨੇ ਹੀ ਹੋਂਦ ਵਿਚ ਆਂਦੇ ਸਨ, ਜੋ ਇਸ ਅਸਲੀਅਤ ਨੂੰ ਵਿਚਾਰਦਾ ਹੈ, ਉਹ ਪੂਰਣ ਪੁਰਖ ਹੈ । ਉਸ ਪੂਰਣ ਪੁਰਖ ਨੂੰ ਮਿਲਿਆਂ ਸਾਰੇ ਭਰਮ ਦੂਰ ਹੋ ਜਾਂਦੇ ਹਨ ।

ਗੁਰੂ ਜੀ ਨੇ ਇਕ ਹੋਰ ਥਾਂ ਇਹ ਫ਼ਰਮਾਇਆ ਹੈ ਕਿ ਸਾਡਾ ਸਾਜਨਹਾਰ ਪ੍ਰਭੂ ਹੀ ਸਾਜਨਹਾਰ (ਬ੍ਰਹਮਾ), ਪਾਲਨਹਾਰ (ਵਿਸ਼ਨੂੰ) ਤੇ ਮਾਰਨਹਾਰ (ਮਹੇਸ਼) ਹੈ । ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆਮਨੁ ਮਾਰੀ,
ਬ੍ਰਹਮਾਂ ਬਿਸ਼ਨੁ ਮਹੇਸ਼ ਇਕ ਮੂਰਤਿ ਆਪੇ ਕਰਤਾ ਕਾਰੀ ॥

[ਰਾਮਕਲੀ, ਮ: 1, ਪੰਨਾ 908]

**ਅਰਥਾਤ** :—ਜੋ ਪ੍ਰਾਣੀ ਆਪਣੇ ਮਨ ਨੂੰ ਮਾਰ ਲੈਂਦੇ ਹਨ, ਓਹਨਾਂ ਨੂੰ ਜਨਮ ਮਰਨ ਦਾ ਕੋਈ ਵਿਚਾਰ ਨਹੀਂ ਹੁੰਦਾ । ਇੱਕੋ ਇਕ ਪ੍ਰਭੂ ਨੇ ਹੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੀ ਸਾਜਨਾ ਕੀਤੀ ਹੈ, ਉਹ ਆਪ ਹੀ ਸਾਜਨਹਾਰ ਪਾਲਨਹਾਰ ਤੇ ਮਾਰਨਹਾਰ ਹੈ, ਜਿਹਾ ਕਿ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਜੀ ਦੇ ਇਸ ਫ਼ਰਮਾਨ ਦੀ ਇਹ ਵਿਆਖਿਆ ਕੀਤੀ ਗਈ ਹੈ ਕਿ :—

"ਬ੍ਰਹਮਾ ਆਦਿਕ (ਪੈਦਾ ਕਰਨ, ਪਾਲਣ ਤੇ ਮਾਰਨ ਵਾਲਾ) ਉਹ ਇਕ ਆਪ ਹੀ ਹੈ ਅਤੇ ਆਪ ਹੀ ਸਭ ਕੁਝ ਕਰਦਾ ਹੈ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 906]

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਹ ਵੀ ਵਰਣਨ ਕੀਤਾ ਹੈ ਕਿ ਬ੍ਰਹਮਾ—ਜਿਸ ਨੂੰ ਲੋਕ ਪ੍ਰਭੂ ਦੀ ਬਰਾਬਰੀ ਦਿੰਦੇ ਹਨ ਤੇ ਸਾਜਨਹਾਰ ਸਮਝਦੇ ਹਨ—ਪ੍ਰਭੂ ਦੀ ਕੁਦਰਤ ਦਾ ਅੰਤ ਨਹੀਂ ਪਾ ਸਕਦਾ, ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ :—

Digitized by Panjab Digital Library | www.panjabdigilib.org

ਬ੍ਰਹਮਾ ਵਡਾ ਕਹਾਇ ਅੰਤ ਨ ਪਾਇਆ ।
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ।

[ਵਾਰ ਮਾਰੂ, ਮ: 1 ਪੰਨਾ 1279]

**ਅਰਥਾਤ** :—ਬੇਸ਼ੱਕ ਬ੍ਰਹਮਾ ਨੇ ਆਪਣੇ ਆਪ ਨੂੰ ਵੱਡਾ ਕਹਾਇਆ ਹੈ, ਪਰ ਉਹ ਪ੍ਰਭੂ ਦਾ ਅੰਤ ਨਹੀਂ ਪਾ ਸਕਿਆ । ਪ੍ਰਭੂ ਦੀ ਸ਼ਾਨ ਤਾਂ ਇਹ ਹੈ ਕਿ ਉਹ ਮਾਤਾ ਪਿਤਾ ਤੋਂ ਰਹਿਤ ਹੈ । ਓਸ ਨੂੰ ਕਿਸੇ ਨੇ ਜਾਣਿਆ ਨਹੀਂ ।

ਸ੍ਰੀ ਗੁਰੂ ਜੀ ਨੇ ਅਪਣੀ ਪਵਿੱਤਰ ਬਾਣੀ ਵਿਚ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਬੇਸ਼ਕ ਬ੍ਰਹਮਾ, ਬਿਸ਼ਨ ਤੇ ਮਹੇਸ਼ ਸਤਿਕਾਰ ਯੋਗ ਬਜ਼ੁਰਗ ਹਨ, ਪਰ ਓਹਨਾਂ ਦੀ ਵਡਿਆਈ ਇਸੇ ਵਿਚ ਹੀ ਹੈ ਕਿ ਓਹ ਸਾਜਨਹਾਰ ਪ੍ਰਭੂ ਦੇ ਆਗਿਆਕਾਰੀ ਸਨ, ਜਿਹਾ ਕਿ ਆਪ ਫ਼ਰਮਾਉਂਦੇ ਹਨ ਕਿ :—

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ।
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ।

[ਮਾਰੂ ਮ: 1, ਪੰਨਾ 882]

**ਅਰਥਾਤ** :—ਬ੍ਰਹਮਾ, ਬਿਸ਼ਨ ਤੇ ਮਹੇਸ਼ ਆਦਿ ਰਿਸ਼ੀਆਂ ਮੁਨੀਆਂ ਦੀ ਵਡਿਆਈ ਇਸੇ ਵਿਚ ਹੀ ਹੈ ਕਿ ਓਹ ਪ੍ਰਭੂ ਦੇ ਆਗਿਆਕਾਰੀ ਸਨ ਤੇ ਉਸ ਦਾ ਹਰੇਕ ਹੁਕਮ ਸਿਰ ਮੱਥੇ ਤੇ ਮੰਨਦੇ ਸਨ। ਆਕੀ ਲੋਕ ਤਾਂ ਨਸ਼ਟ ਹੋ ਜਾਂਦੇ ਹਨ ।

ਇਕ ਹੋਰ ਥਾਂ ਇਹ ਵਰਨਣ ਹੈ ਕਿ :—

ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ।

[ਮਾਰੂ ਮ: 1, ਪੰਨਾਂ 10 3]

ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਵਾਕ ਦੀ ਇਹ ਵਿਆਖਿਆ ਕੀਤੀ ਗਈ ਹੈ ਕਿ :—

"ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਇਸ ਲਈ ਉਤਮ ਹਨ ਕਿ ਉਹ ਨਾਮ ਨੂੰ ਵਿਚਾਰ ਕੇ ਉਸ ਵਿਚ ਰਤੇ ਹੋਏ ਸਨ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 1013]

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਬ੍ਰਹਮਾ

Digitized by Panjab Digital Library | www.panjabdigilib.org

ਬਿਸ਼ਨ ਤੇ ਮਹੇਸ਼ ਦਾ ਤਿਗਾੜਾ ਠੀਕ ਨਹੀਂ ਹੈ। ਭਾਵੇਂ ਇਹ ਤਸਲੀਸ ਈਸਾਈਆਂ ਦੀ ਤਸਲੀਸ ਤੋਂ ਵਧੇਰੇ ਪੁਰਾਣੀ, ਸਪਸ਼ਟ ਤੇ ਸੰਪੂਰਣ ਹੈ, ਕਿਉਂ ਜੁ ਇਸ ਵਿਚ ਕਰਤਬਾਂ ਦੀ ਵੰਡ ਵੀ ਕੀਤੀ ਗਈ ਹੈ, ਪਰ ਫਿਰ ਵੀ ਸ੍ਰੀ ਗੁਰੂ ਜੀ ਪ੍ਰਭੂ ਨੂੰ ਆਪਣੀ ਜਾਤ, ਤੇ ਗੁਣਾਂ ਅਨੁਸਾਰ ਇੱਕੋ ਇਕ ਹੀ ਸਮਝਦੇ ਸਨ। ਉਹ ਉਸ ਦੀਆਂ ਤਿੰਨ ਵੰਡੀਆਂ ਪਾਉਣ ਜਾਂ ਉਸ ਨੂੰ ਤਿੰਨਾਂ ਦਾ ਸਮੁਦਾਇ ਮੰਨਣ ਦੇ ਉੱਕਾ ਹੀ ਵਿਰੁਧ ਸਨ। ਗੁਰੂ ਜੀ ਉਸ ਦੀ ਪੂਜਾ ਵਿਚ ਕਿਸੇ ਨੂੰ ਭਾਈਵਾਲ ਬਣਾਉਣਾ ਯੋਗ ਨਹੀਂ ਸਮਝਦੇ ਸਨ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਦਾ ਸਾਜਨਹਾਰ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਵਰਣਨ ਕੀਤਾ ਹੈ, ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ :—

ਕਾਲ ਪਾਇ ਬ੍ਰਹਮਾ ਬਪੁ ਧਰਾ।
ਕਾਲ ਪਾਇ ਸ਼ਿਵ ਜੂ ਅਵਤਰਾ।
ਕਾਲ ਪਾਇ ਕਰਿ ਬਿਸ਼ਨੁ ਪ੍ਰਕਾਸ਼ਾ।
ਸਕਲ ਕਾਲ ਕਾ ਕੀਆ ਤਮਾਸ਼ਾ।

[ਦਸਮ ਗ੍ਰੰਥ, ਪੰਨਾ 1245]

**ਅਰਥਾਤ** :—ਅਕਾਲ ਪੁਰਖ ਦੀ ਆਗਿਆ ਅਨੁਸਾਰ ਤੇ ਉਸ ਦੇ ਹੁਕਮ ਮੂਜਬ ਹੀ ਬ੍ਰਹਮਾ, ਸ਼ਿਵਜੀ ਤੇ ਵਿਸ਼ਨੂੰ ਹੋਂਦ ਵਿਚ ਆਏ ਸਨ। ਤ੍ਰੈਮੂਰਤੀ ਪ੍ਰਭੂ ਨਹੀਂ ਹੋ ਸਕਦੀ ਹੈ, ਕਿਉਂ ਜੁ ਪ੍ਰਭੂ ਤਾਂ ਆਪਣੇ ਆਪ ਤੋਂ ਹੀ ਹੈ। ਉਸ ਨੂੰ ਕਿਸੇ ਨੇ ਨਹੀਂ ਸਾਜਿਆ ਅਤੇ ਜੋ ਸਾਜਿਆ ਗਿਆ ਹੈ, ਗੁਰਬਾਣੀ ਦੇ ਸਿਧਾਂਤ ਅਨੁਸਾਰ ਪ੍ਰਭੂ ਨਹੀਂ ਹੋ ਸਕਦਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਨੇ ਆਪ ਹੀ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਬਿਨ ਕਰਤਾਰ ਨ ਕਿਰਤਮ ਮਾਨੋ
ਆਦਿ ਅਯੋਨ ਅਜੈ ਅਬਿਨਾਸੀ
ਤਿਹ ਪਰਮੇਸਰ ਜਾਨੋ ॥

[ਦਸਮ ਗ੍ਰੰਥ, ਪੰਨਾ 640]

Digitized by Panjab Digital Library | www.panjabdigilib.org

ਸੋ ਗੁਰੂ ਜੀ ਦੇ ਇਸ ਪਵਿੱਤਰ ਵਾਕ ਅਨੁਸਾਰ ਕੋਈ ਵੀ ਕਿਰਤਮ (ਸਾਜੀ ਹੋਈ ਚੀਜ਼) ਕਰਤਾਰ ਨਹੀਂ (ਸਾਜਨਹਾਰ) ਨਹੀਂ ਬਣ ਸਕਦੀ। ਇਸ ਲਿਹਾਜ਼ ਨਾਲ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੀ ਤ੍ਰੈਮੂਰਤੀ (ਤਸਲੀਸ) ਨੂੰ ਮੰਨਣਾ ਠੀਕ ਨਹੀਂ ਕਿਹਾ ਜਾ ਸਕਦਾ।

ਸ: ਬ: ਕਾਨ੍ਹ ਸਿੰਘ ਜੀ ਨਾਭਾ ਦਾ ਕਥਨ ਹੈ ਕਿ :—

"ਸੰਸਾਰ ਦਾ ਕਰਤਾ ਬ੍ਰਹਮਾ, ਪਾਲਕ ਵਿਸ਼ਨੂੰ ਅਤੇ ਸੰਘਾਰਨ ਸ਼ਿਵ ਨਹੀਂ ਹੈ।"

[ਗੁਰਮਤਿ ਸੁਧਾਰਕ, ਪੰਨਾ 126 ਫੁਟ ਨੋਟ]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬ੍ਰਹਮਾ, ਬਿਸ਼ਨ ਤੇ ਸ਼ਿਵਜੀ ਦਾ ਸਾਜਿਆ ਜਾਣਾ ਸਪਸ਼ਟ ਅੱਖਰਾਂ ਵਿਚ ਵਰਣਨ ਕੀਤਾ ਹੈ, ਜਿਹਾ ਕਿ ਉਹਨਾਂ ਦਾ ਕਥਨ ਹੈ ਕਿ :—

ਤੁਮਹੀ ਬ੍ਰਹਮਾ ਬਿਸ਼ਨ ਬਨਾਯੋ।
ਮਹਾਂਰਦ੍ਰ ਤੁਮ ਹੀ ਉਪਜਾਯੋ॥

[ਦਸਮ ਗ੍ਰੰਥ ਪੰਨਾ 1229]

**ਅਰਥਾਤ** :—ਹੇ ਪ੍ਰਭੂ ! ਤੂੰ ਹੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੀ ਸਾਜਨਾ ਕੀਤੀ ਹੈ। ਇਹ ਤਿੰਨੇ ਹੀ ਦੇਵਤੇ ਤੇਰੇ ਰਾਹੀਂ ਹੋਂਦ ਵਿਚ ਆਏ ਹਨ।

ਸ੍ਰੀ ਗੁਰੂ ਜੀ ਨੇ ਏਹਨਾਂ ਦੇਵਤਿਆਂ ਨੂੰ ਨਾਸਵਾਨ ਤੇ ਕਾਲ ਤੇ ਵਸ ਵੀ ਪਰਗਟ ਕੀਤਾ ਹੈ, ਜਿਹਾ ਕਿ ਉਹਨਾਂ ਨੇ ਫ਼ਰਮਾਇਆ ਹੈ ਕਿ :—

ਬ੍ਰਹਮਾ ਬਿਸ਼ਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ।

[ਸ੍ਰੀ ਦਸਮ ਗ੍ਰੰਥ, ਪੰਨਾ 642]

ਇਕ ਸਿੱਖ ਵਿਦਵਾਨ ਨੇ ਇਸ ਸੰਬੰਧ ਵਿਚ ਇਹ ਲਿਖਿਆ ਹੈ ਕਿ :—

"ਵਾਹਿਗੁਰੂ ਦੀ ਕੁਦਰਤ (ਮਾਇਆ) ਦੀਆਂ ਤ੍ਰਿੰਨ ਵੱਡੀਆਂ ਸ਼ਕਤੀਆਂ ਬ੍ਰਹਮਾ, ਵਿਸ਼ਨੂੰ, ਅਤੇ ਸ਼ਿਵ ਵੀ ਇਸ (ਮੌਤ) ਦੀ ਲਪੇਟ ਵਿਚ ਆਉਣੋਂ ਨਾ ਬਚ ਸਕੀਆਂ।"

[ਗੁਰਮਤਿ ਪ੍ਰਕਾਸ਼ ਅਪ੍ਰੈਲ 1963]

Digitized by Panjab Digital Library | www.panjabdigilib.org

ਇਹ ਗੱਲ ਇਕ ਤੇ ਇਕ ਦੋ ਵਾਂਗ ਸਿਧ ਹੈ ਕਿ ਗੁਰਬਾਣੀ ਅਨੁਸਾਰ ਕਿਸੇ ਅਜੇਹੀ ਵਿਅਕਤੀ ਦੀ, ਜਿਸ ਨੇ ਜਨਮ ਧਾਰਨ ਕੀਤਾ ਹੈ ਤੇ ਜੋ ਸਾਜੀ ਗਈ ਹੈ, ਅਰਥਾਤ ਜਿਸ ਨੇ ਆਪਣਾ ਜੀਵਨ ਵਿਤਾ ਕੇ ਇਸ ਜਗ ਤੋਂ ਅੰਕਾਲ ਚਲਾਣਾ ਕਰ ਜਾਣਾ ਹੈ, ਪੂਜਾ ਦੇ ਯੋਗ ਨਹੀਂ ਹੋ ਸਕਦੀ। ਇਸ ਵਾਰੇ ਗੁਰਬਾਣੀ ਵਿਚ ਸਪਸ਼ਟ ਅੱਖਰਾ ਦੁਆਰਾ ਇਹ ਐਲਾਨ ਕੀਤਾ ਗਿਆ ਹੈ ਕਿ :—

ਸਾਹਿਬ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ।
ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨ ਜਾਇ।
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ॥

[ਵਾਰ ਗੂਜਰੀ ਸ: ਮ: 3 ਪੰਨਾ 509]

ਇਕ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :—

"ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮਤਿ ਵਿਚ ਪ੍ਰਚਲਤ ਦੂਜੈਗੀ (Diality), ਤ੍ਰੈਮੂਰਤੀ (Trinity) ਅਤੇ ਬਹੁਦੇਵ ਪੂਜਾ (Polytheism) ਦਾ ਖੰਡਨ ਕੀਤਾ ਅਤੇ ਇਕ ਸਰਬ ਵਿਆਪੀ ਪ੍ਰਮਾਤਮਾ ਦੀ ਹੋਂਦ ਨੂੰ ਮੰਨਿਆ।"

[ਸਿੱਖ ਵਿਚਾਰਧਾਰਾ, ਪੰਨਾ 27

**ਅਰਥਾਤ :—**

"ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਅਕਾਲ ਪੁਰਖ ਸਭ ਦੇਵੀ ਦੇਵਤਿਆਂ ਤੋਂ ਉੱਚਾ ਹੈ। ਇਹ ਖਿਆਲ ਗਲਤ ਹੈ ਕਿ ਬ੍ਰਹਮਾ, ਬਿਸ਼ਨ, ਸ਼ਿਵ ਤਿੰਨ ਵਖਰੀਆਂ ਵਖਰੀਆਂ ਸ਼ਕਤੀਆਂ ਹਨ। ਇਹ ਸ੍ਰਿਸ਼ਟੀ ਬ੍ਰਹਮਾ ਅਤੇ ਹੋਰ ਦੇਵਤਿਆਂ ਦੀ ਰਚਨਾ ਨਹੀਂ। ਇਹ ਇਕਅਕਾਲ ਪੁਰਖ ਦੀ ਰਚਨਾ ਹੈ।"

[ਸਿੱਖ ਵਿਚਾਰਧਾਰਾ, ਪੰਨਾ 29

ਇਕ ਹੋਰ ਥਾਂ ਇਹ ਵਰਣਨ ਹੈ ਕਿ :—

"ਬ੍ਰਾਹਮਣਾਂ ਨੇ ਤ੍ਰੈਮੂਰਤੀ ਨੂੰ ਮੰਨਿਆ। ਬ੍ਰਹਮਾ, ਵਿਸ਼ਨੂੰ ਸ਼ਿਵ ਅਤੇ ਏਹਨਾ ਤੋਂ ਇਲਾਵਾ ਛਤੀ ਸੌ ਹੋਰ ਦੇਵਤਿਆਂ ਦੀ ਪੂਜਾ ਕਰਵਾਈ। ਗੁਰੂ

Digitized by Panjab Digital Library | www.panjabdigilib.org

ਨਾਨਕ-ਦੇਵ ਜੀ ਨੇ ਏਹਨਾਂ ਸਭਨਾਂ ਖਿਆਲਾਂ ਦਾ ਖੰਡਨ ਕੀਤਾ ਅਤੇ ਇਕ ਰਬ ਵਿਚ ਯਕੀਨ ਲਿਆਂਦਾ। ਇਹ ਵਿਚਾਰ ਭਾਰਤ ਲਈ ਇਕ ਨਵਾਂ ਸੀ।"

[ਸਿੱਖ ਵਿਚਾਰਧਾਰਾ ਪੰਨਾ 27

ਜਨਮ ਸਾਖੀ ਭਾਈ ਬਾਲਾ ਵਿਚ ਇਕ ਥਾਂ ਇਹ ਵਰਣਨ ਹੈ ਕਿ ਬ੍ਰਹਮ, ਬਿਸ਼ਨ ਤੇ ਮਹੇਸ਼ ਤੇ ਪ੍ਰਭੂ ਦੀ ਸ਼ਕਤੀ ਦੁਆਰਾ ਹੋਂਦ ਵਿਚ ਆਏ ਤਿੰਨ ਫ਼ਰਿਸ਼ਤੇ ਹਨ; ਜਿਹਾ ਕਿ ਲਿਖਿਆ ਹੈ ਕਿ—

ਅਵਲ ਨੂਰ ਖਦਾਇ ਦਾ ਜਾ ਕਾ ਅੰਤ ਨਾ ਪਾਰ।
ਨੂਰੋਂ ਬਲਿਆ ਚਰਾਗ ਇਕ ਸ਼ਕਤੀ ਦਾ ਅਵਤਾਰ।
ਸ਼ਕਤੀ ਤੀਨ ਫ਼ਰੇਸ਼ਤੇ ਬ੍ਰਹਮਾ ਬਿਸ਼ਨ ਮਹਾਂਦੇਵ।

(ਜਨਮਸਾਖੀ ਭਾ: ਬਾਲਾ, ਪੰਨਾ 169

ਇਕ ਵਿਦਵਾਨ ਨੇ ਤਾਂ ਇਸ ਸੰਬੰਧ ਵਿਚ ਇਕ ਅਜੀਬ ਗੱਲ ਵਰਣਨ ਕੀਤੀ ਹੈ। ਉਸ ਨੇ ਲਿਖਿਆ ਹੈ ਕਿ :—

ਸ਼ਿਵ ਪ੍ਰਮਾਤਮਾ ਬ੍ਰਹਮਾ, ਵਿਸ਼ਨੂੰ ਸ਼ੰਕਰ ਆਦਿ ਤਿੰਨ ਦੇਵਤਿਆਂ ਨੂੰ ਸਾਜ ਕੇ ਓਹਨਾਂ ਤੋਂ ਸਥਾਪਨਾਂ, ਪਾਲਣਾ ਤੇ ਵਿਨਾਸ਼ ਦੇ ਤਿੰਨ ਮੁਖ ਕਾਰਜ ਕਰਵਾਉਂਦੇ ਹਨ—

ਗੁਰੂ ਜੀ ਨੇ ਵੀ ਕਿਹਾ ਹੈ ਕਿ :—

ਇਕੋ ਮਾਈ ਜੁਗਤ ਵਿਆਈ
ਤਿੰਨ ਚੇਲੇ ਪਰਵਾਣ।

ਮੁਸਲਮਾਨ ਲੋਕ ਏਹਨਾਂ ਤਿੰਨਾਂ ਦੇਵਤਿਆਂ ਨੂੰ ਜਬਰਾਈਲ, ਇਸਮਾਈਲ ਤੇ ਇਸਰਾਫ਼ੀਲ "ਕਹਿੰਦੇ ਹਨ।

["ਰਣਜੀਤ", ਪਟਿਆਲਾ, 26 ਫਰਵਰੀ 1968

ਇਹ ਰੱਬ ਹੀ ਜਾਣੇ ਕਿ ਕੇਹੜੇ ਮੁਮਲਮਾਨ ਬ੍ਰਹਮਾ, ਬਿਸ਼ਨ, ਮਹੇਸ਼ ਤੇ ਸ਼ੰਕਰ ਆਦਿ ਨੂੰ ਜ਼ਬਰਾਈਲ, ਇਸਮਾਈਲ ਤੇ ਇਸਰਾਫ਼ੀਲ ਕਹਿੰਦੇ ਹਨ। ਇਹ ਠੀਕ ਹੈ ਕਿ ਅਸੀਂ ਮੁਸਲਮਾਨ ਜਬਰਾਈਲ, ਮੇਕਾਈਲ, ਤੇ ਇਸਰਾਫ਼ੀਲ ਨੂੰ ਫ਼ਰਿਸ਼ਤੇ ਜ਼ਰੂਰ ਮੰਨਦੇ ਹਾਂ। ਪਰ ਨਾ ਤਾਂ ਏਹਨਾ ਨੂੰ ਬ੍ਰਹਮਾ, ਬਿਸ਼ਨ ਤੇ ਸ਼ੰਕਰ ਕਿਹਾ ਜਾਂਦਾ ਹੈ ਤੇ ਨਾ ਇਸਮਾਈਲ ਜੀ ਕੋਈ ਫ਼ਰਿਸ਼ਤੇ ਸਨ। ਇਹ ਤਾਂ ਹਜ਼ਰਤ

Digitized by Panjab Digital Library | www.panjabdigilib.org

ਇਬਰਾਹੀਮ ਜੀ ਦੇ ਸਪੁੱਤਰ ਤੇ ਰੱਬ ਦੇ ਰਸੂਲ ਸਨ। ਇਹਨਾਂ ਦੇ ਹੀ ਬੰਸ ਵਿਚੋਂ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਹੋਏ ਹਨ।

ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਜੋ ਕੁਝ ਵਰਣਨ ਕੀਤਾ ਹੈ, ਉਹ ਉਹਨਾਂ ਦੀ ਪ੍ਰਸਿਧ ਬਾਣੀ ਜਪੁਜੀ ਵਿਚ ਇਉਂ ਦਰਜ ਹੈ ਕਿ :—

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰ੍ਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵੈ ਹੋਵੈ ਫ਼ਰਮਾਣੁ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।
ਆਦੇਸੁ ਤਿਸੈ ਆਦੇਸੁ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।

[ਜਪੁਜੀ, ਪੰਨਾ 7

ਪ੍ਰਸਿਧ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿੱਤਰ ਫ਼ਰਮਾਨ ਦੀ ਇਹ ਵਿਆਖਿਆ ਕੀਤੀ ਹੈ ਕਿ—

"ਉਤਰੀ ਹਿੰਦ ਵਿਚ ਜੋਗੀਆਂ ਦਾ ਪ੍ਰਚਾਰ ਸੀ। ਪੂਰਬ ਤੇ ਦੱਖਣ ਵਿਚ ਵੈਸ਼ਨਵਾਂ ਅਤੇ ਸ਼ੈਇਵਾਂ ਦਾ ਜ਼ੋਰ ਸੀ। ਹੁਣ ਵਿਸ਼ਨੂੰ, ਸ਼ਿਵ ਅਤੇ ਬ੍ਰਹਮਾ ਦੀ ਮਾਨਤਾ ਨੂੰ ਦੂਰ ਕਰਦੇ ਹਨ।

ਜੇ ਮਨੁੱਖ "ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੂ" ਵਾਲੇ ਰੱਬ ਨੂੰ ਹੀ ਸਭ ਦਾ ਨਾਥ ਮੰਨੇ ਅਤੇ ਸਭ ਸੰਸਾਰ ਵਿਚ ਉਸੇ ਦਾ ਹਕਮ ਵਰਤਦਾ ਵੇਖੇ, ਤਾਂ ਸੰਭਵ ਹੈ ਕਿ ਉਸ ਦੀ ਥਾਂ ਵਿਸ਼ਨੂੰ ਸ਼ਿਵ ਬ੍ਰਹਮਾ ਦੀ ਤ੍ਰਿਕੁਟੀ ਨੂੰ ਮੰਨੇ.........ਉਹ ਰੱਬ ਆਪ ਕੁਦਰਤ ਵਿਚ ਅਲੋਪ ਹੈ? ਵਰਤਦਾ ਹੈ ਅਤੇ ਭਾਵੇਂ ਉਹ ਸਭ ਕਿਸੇ ਨੂੰ ਵੇਖਦਾ ਹੈ, ਪਰ ਉਸ ਨੂੰ ਕੋਈ ਨਹੀਂ ਵੇਖ ਸਕਦਾ।"

[ਜਪੁਜੀ ਸਟੀਕ, ਪੰਨਾ 172

ਸੋ ਗੱਲ ਕੀ, ਇਸ ਤੋਂ ਵੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੇ ਤ੍ਰਿਗੜੇ ਦਾ ਪ੍ਰਭੂ ਦੇ ਭਾਈਵਾਲ ਹੋਣਾ ਸਿੱਧ ਨਹੀਂ ਹੁੰਦਾ। ਸਗੋਂ ਏਹੋ ਸਿਧ ਹੁੰਦਾ ਹੈ ਕਿ ਏਹ ਤਿੰਨੇ

Digitized by Panjab Digital Library | www.panjabdigilib.org

وَيَفْعَلُوْنَ مَا يُؤْمَرُوْنَ ٥

ਦੇਵਤੇ ਪ੍ਰਭੂ ਦੁਆਰਾ ਹੋਂਦ ਵਿਚ ਆਏ ਹਨ। ਏਹ ਦੇ ਮਹਾਂਵਾਕ ਅਨੁਸਾਰ ਪ੍ਰਭੂ ਦੇ ਆਗਿਆਕਾਰੀ ਹੁਕਮੀ ਬੰਦੇ ਹਨ। ਜੋ ਲੋਕ ਏਹਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਦੇ ਹਨ, ਓਹ ਵੱਡੀ ਭੁੱਲ ਵਿਚ ਹਨ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਕ ਥਾਂ ਬ੍ਰਹਮਾ, ਬਿਸ਼ਨ ਤੇ ਮਹੇਸ਼ ਨੂੰ ਪ੍ਰਭੂ ਦੇ ਹਜ਼ੂਰ ਖੜੇ ਚਾਕਰ ਪਰਗਟ ਕੀਤਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਬ੍ਰਹਮਾ ਬਿਸਨੁ ਮਹੇਸੁ ਦੁਆਰੈ।
ਊਭੇ ਸੇਵਹਿ ਅਲਖ ਅਪਾਰੈ।
ਹੋਰ ਕੇਤੀ ਦਰਿ ਦੀਸੈ ਬਿਲਲਾਦੀ
ਮੈਂ ਗਣਤ ਨ ਆਵੈ ਕਾਈ ਹੇ।

[ਮਾਰੂ ਮ: 1, ਪੰਨਾ 1022

**ਅਰਥਾਤ**—ਬ੍ਰਹਮਾ, ਬਿਸ਼ਨ ਤੇ ਮਹੇਸ਼ ਪ੍ਰਭੂ ਦੇ ਦੁਆਰੇ ਤੇ ਖੜੇ ਹਨ ਅਤੇ ਆਪਣੇ ਅਲਖ ਤੇ ਅਪਾਰ ਪ੍ਰਭੂ ਦੀ ਸੇਵਾ ਵਿਚ ਲਗੇ ਹੋਏ ਹਨ। ਹੋਰ ਵੀ ਅਨੇਕਾਂ ਉਸਦੇ ਬੂਹੇ ਅੱਗੇ ਖੜੇ ਪੁਕਾਰ ਕਰ ਰਹੇ ਹਨ, ਜਿਨ੍ਹਾਂ ਦੀ ਗਿਣਤੀ ਮੈਂ ਨਹੀਂ ਕਰ ਸਕਦਾ।

ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਤੋਂ ਵੀ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੇ ਤਿਗੜੇ ਨੂੰ ਪ੍ਰਭੂ ਮੰਨਣ ਦੇ ਸਿਧਾਂਤ ਦਾ ਖੰਡਨ ਹੋ ਜਾਂਦਾ ਹੈ।

ਇਕ ਹੋਰ ਸਿੱਖ ਵਿਦਵਾਨ ਪ੍ਰਲੋਕ ਵਾਸੀ ਗਿਆਨੀ ਸ਼ੇਰ ਸਿੰਘ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ :—

"ਉਹ ਖੁਦ ਕਰਨ ਕਾਰਨ ਕਾ ਕਰਤਾ ਪੁਰਖ ਹੈ। ਉਹ ਬ੍ਰਹਮਾ, ਵਿਸ਼ਨ ਸ਼ਿਵ ਤੇ ਸ਼ਕਤੀ ਆਦਿ ਵਖਰੇ ਵਜੂਦਾਂ ਵਿਚ ਤੇ ਈਸਾਈਆਂ ਦੇ ਖੁਦਾ, ਰੂਹ-ਉਲ-ਕੁਦੁਸ਼ ਤੇ ਖੁਦਾ ਬੇਟਾ, ਏਹਨਾ ਤਿੰਨ ਹਿੱਸਿਆਂ (ਟ੍ਰਿਕਟੀ) ਵਿਚ ਵੰਡਿਆ ਹੋਇਆ ਨਹੀਂ ਕਿਉਂਕਿ ਉਹ ੧ਓਅੰਕਾਰ ਹੈ।'

[ਜਪੁਜੀ ਸਟੀਕ, ਪੰਨਾ 28—29

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਚੂੰਕਿ ਅਮੂਮੀ ਰੰਗ ਵਿਚ ਤਸਲੀਸ ਦਾ ਖੰਡਨ ਕੀਤਾ ਗਿਆ ਹੈ; ਇਸ ਲਈ ਸਨਾਤਨ ਧਰਮ ਵਿਚ ਮੰਨੀ ਜਾਂਦੀ ਤ੍ਰੈਮੂਰਤੀ (ਤਸਲੀਸ) ਦਾ ਵੀ ਖੰਡਨ ਇਸੇ ਆਇਤ ਨਾਲ ਹੀ ਹੋ ਜਾਂਦਾ ਹੈ ਕਿ :—

وَلَا تَقُوْلُوْا ثَلٰثَةٌ ــــــ اِنَّمَا اللّٰهُ اِلٰهٌ
وَّاحِدٌ ــــــ وَخَلَقَ كُلَّ شَيْءٍ وَّهُوَ بِكُلِّ
شَيْءٍ عَلِيْمٌ ○

ਇਸ ਸੂਰਤ ਵਿਚ ਇਸ ਆਇਤ ਦੀ ਇਹ ਵਿਆਖਿਆ ਕੀਤੀ ਜਾਏਗੀ ਕਿ ਬ੍ਰਹਮਾ, ਬਿਸ਼ਨ ਤੇ ਮਹੇਸ਼ ਦੀ ਤ੍ਰੈ-ਮੂਰਤੀ (ਤਸਲੀਸ) ਨੂੰ ਪ੍ਰਭੂ ਨਾ ਕਹੋ, ਅਰਥਾਤ ਪ੍ਰਭੂ ਦੀਆਂ ਤਿੰਨ ਵੱਡੀਆਂ ਸਿਫਤਾਂ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਨੂੰ ਬ੍ਰਹਮਾ, ਬਿਸ਼ਨ ਤੇ ਮਹੇਸ਼ ਵਿਚ ਨਾਂ ਵੰਡੋ। ਬੇਸ਼ਕ ਤੁਹਾਡਾ ਪ੍ਰਭੂ ਇਕੋ ਇਕ ਹੀ ਹੈ ਤੇ ਉਹ ਇਕੋ ਇਕ ਹੀ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਹੈ। ਉਸ ਨੇ ਹਰੇਕ ਚੀਜ਼ ਦੀ ਸਾਜਨਾ ਕੀਤੀ ਹੈ। ਬ੍ਰਹਮਾ ਜਾਂ ਕੋਈ ਹੋਰ ਸਾਜਨਹਾਰ ਤੇ ਪਾਲਨਹਾਰ ਨਹੀਂ ਹੈ। ਉਸ ਨੂੰ ਹਰੇਕ ਚੀਜ਼ ਦਾ ਪੂਰਣ ਗਿਆਨ ਹੈ ਤੇ ਕੋਈ ਵੀ ਚੀਜ਼ ਉਸ ਤੋਂ ਉਹਲੇ ਨਹੀਂ ਹੈ। ਉਹ ਇੱਕੋ ਇਕ ਹੀ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਹੈ। ਉਸ ਨੂੰ ਬ੍ਰਹਮਾ, ਬਿਸ਼ਨ, ਮਹੇਸ਼ ਦੇ ਤਿਗੜੇ ਦਾ ਸਮੁਦਾਇ ਮੰਨਣਾ, ਵੱਡੀ ਭੁੱਲ ਹੈ!

———

Digitized by Panjab Digital Library | www.panjabdigilib.org

# ਵੇਦਕ ਤਸਲੀਸ ਤੇ ਗੁਰੂ ਨਾਨਕ ਜੀ ਮਹਾਰਾਜ

ਇਹ ਇਕ ਅਟੱਲ ਸੱਚਾਈ ਹੈ ਕਿ ਵੇਦਕ ਯੁਗ ਵਿਚ ਵੀ ਤਿਗੜੇ (ਤਸਲੀਸ) ਦਾ ਵਿਚਾਰ ਪਾਇਆ ਜਾਂਦਾ ਸੀ । ਉਸ ਜੁਗ ਦੇ ਲੋਕ ਅਗਨੀ, ਵਾਯੂ ਤੇ ਸੂਰਜ ਦੇ ਤਿਗੜੇ ਨੂੰ ਮੰਨਦੇ ਸਨ; ਜਿਹਾ ਕਿ ਪ੍ਰਸਿਧ ਸਿੱਖ ਵਿਦਵਾਨ ਸ: ਕਾਨ੍ਹ ਸਿੰਘ ਜੀ ਨਾਭਾ ਨੇ ਲਿਖਿਆ ਹੈ ਕਿ :—

ਤ੍ਰਿਮੂਰਤਿ :—ਤਿੰਨ ਰੂਪ, ਵੇਦਾਂ ਅਨੁਸਾਰ
ਅਗਨੀ, ਵਾਯੂ ਤੇ ਸੂਰਜ ।"

[ਮਹਾਨ ਕੋਸ਼, ਪੰਨਾ 1829

ਹਿੰਦੂ ਧਰਮ ਦੀ ਪ੍ਰਸਿਧ ਪੁਸਤਕ ਮਨੂ ਸਿੰਮ੍ਰਿਤੀ ਵਿਚ ਇਸ ਤਿਗੜੇ ਤਸਲੀਸ ਦਾ ਇਉਂ ਵਰਣਨ ਕੀਤਾ ਗਿਆ ਹੈ ਕਿ—

ਅਗਨੀ ਵਾਯੂ ਰਵੀ ਭਯਸਤੂ ਤ੍ਰਯੰ ਬ੍ਰਹਮ ਸਨਾਤਨਮ ।

(ਮਨੂੰ ਸਿੰਮ੍ਰਿਤੀ ਅ: ਕ: ਸ: 92

**ਅਰਥਾਤ** :—ਅਗਨੀ, ਵਾਯੂ ਤੇ ਸੂਰਜ ਦਾ ਤਿਗੜਾ ਬ੍ਰਹਮ ਹੈ ਤੇ ਸਨਾਤਨ ਹੈ ।

ਜਿਥੋਂ ਤਕ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਉਦਾਹਰਣ ਕੀਤੀ ਪਵਿੱਤਰ ਬਾਣੀ ਦਾ ਸੰਬੰਧ ਹੈ, ਉਸ ਤੋਂ ਇਹ ਗੱਲ ਸਪਸ਼ਟ ਹੈ ਕਿ ਗੁਰੂ ਜੀ ਇਸ ਤਿਗੜੇ ਨੂੰ ਵੀ ਨਹੀਂ ਮੰਨਦੇ ਸਨ । ਗੁਰੂ ਜੀ ਨੇ ਅਗਨੀ, ਵਾਯੂ ਤੇ ਸੂਰਜ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਮੰਨਿਆ ਹੈ । ਉਨ੍ਹਾਂ ਦੇ ਵਿਚਾਰ ਅਨੁਸਾਰ ਇਕ ਸਮਾਂ ਅਜੇਹਾ ਸੀ, ਜਦ ਕਿ ਏਹ ਚੀਜ਼ਾਂ ਵੀ ਹੋਂਦ ਵਿਚ ਨਹੀਂ ਆਈਆਂ ਸਨ, ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ :—

Digitized by Panjab Digital Library | www.panjabdigilib.org

ਅਰਬਦ ਨਰਬਦ ਧੁੰਧੂਕਾਰਾ ।
ਧਰਣਿ ਨ ਗਗਨਾ ਹੁਕਮੁ ਅਪਾਰਾ ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ ।
ਖਾਣੀ ਨ ਬਾਣੀ ਪਉਣ ਨ ਪਾਣੀ
ਓਪਤਿ ਖਪਤਿ ਨ ਆਵਣ ਜਾਣੀ ।
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰ ਵਹਾਇਦਾ ।

[ਸੂਹੀ ਮ: 1, ਪੰਨਾ 1035]

**ਅਰਥਾਤ** :—ਜਦ ਇਹ ਦਿਸਦਾ ਜਗਤ ਹੋਂਦ ਵਿਚ ਨਹੀਂ ਆਇਆ ਸੀ । ਉਸ ਸਮੇਂ ਹਰ ਪਾਸੇ ਧੁੰਧ ਹੀ ਧੁੰਧ ਸੀ । ਉਸ ਸਮੇਂ ਨਾ ਧਰਤੀ ਸੀ ਤੇ ਨਾ ਅਕਾਸ਼ । ਕੇਵਲ ਇੱਕੋ ਇਕ ਪ੍ਰਭੂ ਹੀ ਸੀ । ਨਾ ਦਿਨ ਸੀ ਤੇ ਨਾ ਰਾਤ ਅਤੇ ਨਾ ਚੰਨ ਸੀ ਤੇ ਨਾ ਸੂਰਜ । ਉਦੋਂ ਸੁੰਨ ਅਵਸਥਾ ਹੀ ਸੀ । ਨਾ ਕੋਈ ਖਾਣੀ ਸੀ ਤੇ ਨਾ ਹੀ ਬਾਣੀ । ਉਦੋਂ ਹਵਾ ਤੇ ਪਾਣੀ ਦੀ ਵੀ ਅਣਹੋਂਦ ਸੀ ! ਨਾ ਜਨਮ-ਮਰਨ ਹੀ ਹੋਂਦ ਵਿਚ ਆਇਆ ਸੀ । ਨਾ ਖੰਡ ਸਨ ਤੇ ਨਾ ਪਤਾਲ ਤੇ ਨਾ ਹੀ ਸਤ ਸਮੁੰਦਰ ਹੋਂਦ ਵਿਚ ਆਏ ਸਨ ਅਤੇ ਨਾ ਹੀ ਕਿਸੇ ਨਦੀ ਵਿਚ ਪਾਣੀ ਵਗਦਾ ਸੀ ।

ਸੋ ਗੱਲ ਕੀ, ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਤੋਂ ਅੱਗ, ਹਵਾ ਤੇ ਸੂਰਜ ਆਦਿ ਦਾ ਹੋਂਦ ਵਿਚ ਆਉਣਾ ਸਿਧ ਹੈ; ਕਿਉਂਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਏਹਨਾਂ ਦੀ ਅਣਹੋਂਦ ਸੀ । ਉਦੋਂ ਇੱਕੋ ਇਕ ਪ੍ਰਭੂ ਹੀ ਜਲਵਾਗਰ ਸੀ ।

ਗੁਰੂ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਅੱਗ, ਹਵਾ ਤੇ ਸੂਰਜ ਆਦਿ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਵਰਣਨ ਕੀਤਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ :—

ਪਉਣ ਪਾਣੀ ਸੁੰਨੇ ਤੇ ਸਾਜੇ ।
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ।

Digitized by Panjab Digital Library | www.panjabdigilib.org

ਅਗਨਿ ਪਾਣੀ ਜੀਉ ਜੋਤਿ ਤੁਮਾਰੀ
ਸੁੰਨੇ ਕਲਾ ਰਹਾਇਦਾ ।
... ... ... ...
ਸੁੰਨਹੁ ਚੰਦੁ ਸੂਰਜੁ ਗੈਣਾਰੇ ।
ਤਿਸ ਕੀ ਜੋਤਿ ਤ੍ਰਿਭਵਣ ਸਾਰੇ ।
ਸੁੰਨੇ ਅਲਖ ਅਪਾਰ ਨਿਰਾਲਮੁ
ਸੁੰਨੇ ਤਾੜੀ ਲਾਇਦਾ ॥

[ਮਾਰੂ ਮ: 1, ਪੰਨਾ 1032]

**ਅਰਥਾਤ** :—ਸਾਜਨਹਾਰ ਪ੍ਰਭੂ ਨੇ ਹਵਾ, ਪਾਣੀ, ਚੰਨ ਤੇ ਸੂਰਜ ਆਦਿ ਦੀ ਸਾਜਨਾ ਆਪਣੀ ਕੁਦਰਤ ਨਾਲ ਕੀਤੀ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਸੂਰਜੁ ਚੰਦੁ ਸਿਰਜਿਅਨੁ
ਅਹਿਨਿਸਿ ਚਲਤੁ ਵੀਚਾਰੋ ।

[ਵਡਹੰਸ ਮ: 1, ਪੰਨਾ 580]

**ਅਰਥਾਤ** :—

"ਸੂਰਜ ਚੰਨ ਪੈਦਾ ਕੀਤੇ, ਦਿਨ ਰਾਤ ਹਰੀ ਉਹਨਾਂ ਦੀ ਚਾਲ ਨੂੰ ਵਿਚਾਰਦਾ ਹੈ, ਨਿਗਰਾਨੀ ਕਰਦਾ ਹੈ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 580]

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ।
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ।

[ਵਾਰ ਮਲਾਰ ਮ: 1, ਪੰਨਾ 1279]

**ਅਰਥਾਤ** :—ਸੂਰਜ ਤੇ ਚੰਨ ਅਲਾਹ ਨੇ ਹੀ ਸਾਜੇ ਹਨ ਅਤੇ ਓਹਨਾਂ ਵਿਚ ਉਸੇ ਦੀ ਹੀ ਜੋਤਿ ਪ੍ਰਕਾਸ਼ ਕਰ ਰਹੀ ਹੈ । ਰਾਤ ਦਿਨ ਵੀ ਉਸੇ ਦੁਆਰਾ ਹੀ ਹੋਂਦ ਵਿਚ ਆਏ ਹਨ ।

ਗੁਰੂ ਜੀ ਨੇ ਅਗਨੀ ਦਾ ਵੀ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਵਰਣਨ ਕੀਤਾ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ :—

Digitized by Panjab Digital Library | www.panjabdigilib.org

ਅਗਨਿ ਉਪਾਈ ਵਾਦੁ ਭੁਖ ਤਿਹਾਇਆ ।

[ਵਾਰ ਮਲਾਰ ਮ: 1, ਪੰਨਾ 1282]

**ਅਰਥਾਤ** :—ਅਗਨੀ ਪ੍ਰਭੂ ਦੁਆਰਾ ਹੀ ਹੋਂਦ ਵਿਚ ਆਈ ਹੈ ।

ਸੋ ਜਦ ਇਹ ਅਸਲੀਅਤ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਅੱਗ, ਹਵਾ ਤੇ ਸੂਰਜ ਦਾ ਰਚਿਆ ਜਾਣਾ ਮੰਨਦੇ ਹਨ, ਅਤੇ ਉਹਨਾਂ ਦੇ ਵਿਚਾਰ ਅਨੁਸਾਰ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਏਹਨਾਂ ਦੀ ਉੱਕੀ ਹੀ ਅਣਹੋਂਦ ਸੀ । ਪ੍ਰਭੂ ਨੇ ਆਪ ਆਪਣੀ ਕੁਦਰਤ ਦੁਆਰਾ ਏਹਨਾ ਨੂੰ ਹੋਂਦ ਵਿਚ ਆਂਦਾ ਹੈ, ਤਾਂ ਇਸ ਸੂਰਤ ਵਿਚ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਵੇਦਕ ਧਰਮ ਦੇ ਇਸ ਪ੍ਰਾਚੀਨ ਤਿਗੜੇ (ਤਸਲੀਸ) ਨੂੰ ਮੰਨਦੇ ਸਨ ? ਗੁਰੂ ਜੀ ਪ੍ਰਭੂ ਬਾਰੇ ਇਹ ਵਿਚਾਰ ਰੱਖਦੇ ਸਨ ਕਿ ਉਹ ਕਿਸੇ ਦੁਆਰਾ ਹੋਂਦ ਵਿਚ ਨਹੀਂ ਆਇਆ, ਸਗੋਂ ਉਹ ਆਪਣੇ ਆਪ ਤੋਂ ਹੀ ਹੈ, ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਥਾਪਿਆ ਨ ਜਾਇ ਕੀਤਾ ਨ ਹੋਇ ।
ਆਪੇ ਆਪਿ ਨਿਰੰਜਨੁ ਸੋਇ ॥

[ਜਪੁਜੀ, ਪੰਨਾ 2]

**ਅਰਥਾਤ** :—ਨਿਰੰਜਨ ਪ੍ਰਭੂ ਕਿਸੇ ਦੁਆਰਾ ਹੋਂਦ ਵਿਚ ਨਹੀਂ ਆਇਆ; ਸਗੋਂ ਉਹ ਆਪਣੇ ਆਪ ਤੋਂ ਹੀ ਹੈ ।

ਇਸ ਤੋਂ ਛੁੱਟ ਗੁਰੂ ਜੀ ਜਿਸ ਪ੍ਰਭੂ ਨੂੰ ਮੰਨਦੇ ਹਨ, ਉਹ ਅਬਿਨਾਸ਼ੀ ਤੇ ਅਕਾਲ ਮੂਰਤਿ ਹੈ । ਉਸ ਤੇ ਕਦੀ ਵੀ ਮੌਤ ਨਹੀਂ ਆ ਸਕਦੀ । ਗੁਰੂ ਜੀ ਨੇ ਆਪਣੇ ਪ੍ਰਭੂ ਦਾ ਇਕ ਗੁਣਵਾਚਕ ਨਾਂ ਅਕਾਲ ਮੂਰਿਤ ਵੀ ਦੱਸਿਆ ਹੈ; ਜਿਸ ਦੀ ਵਿਆਖਿਆ ਉਹਨਾਂ ਨੇ ਆਪ ਹੀ ਇਉਂ ਕੀਤੀ ਹੈ ਕਿ :—

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ।
ਤੂ ਪੁਰਖੁ ਅਲੇਖ ਅਗਮ ਨਿਰਾਲਾ ॥

[ਮਾਰੂ ਮ: 1, ਪੰਨਾ 1038]

**ਅਰਥਾਤ** :—ਹੇ ਪ੍ਰਭੂ ! ਤੂੰ ਅਕਾਲ ਪੁਰਖ ਹੈਂ ਤੇਰੇ ਤੇ ਕਦੇ ਵੀ ਮੌਤ ਨਹੀਂ ਆ ਸਕਦੀ । ਤੂੰ ਅਲੇਖ ਅਤੇ ਅਗਮ ਹੈਂ ।

ਪਰ ਗੁਰੂ ਜੀ ਚੰਨ ਤੇ ਸੂਰਜ ਆਦਿ ਨੂੰ ਨਾਸਵਾਨ ਮੰਨਦੇ ਸਨ, ਜਿਹਾ ਕਿ

Digitized by Panjab Digital Library | www.panjabdigilib.org

ਉਹਨਾਂ ਦਾ ਫ਼ਰਮਾਨ ਹੈ ਕਿ ਇਕ ਸਮਾਂ ਅਜੇਹਾ ਵੀ ਆਏਗਾ, ਜਦ ਕਿ ਇਹ ਸੂਰਜ ਤੇ ਚੰਨ ਤੇ ਓਹਨਾਂ ਰਾਹੀਂ ਆਉਣ ਵਾਲਾ ਦਿਨ ਤੇ ਰਾਤ ਸਾਰੇ ਹੀ ਨਸ਼ਟ ਹੋ ਜਾਣਗੇ। ਉਸ ਸਮੇਂ ਫਿਰ ਇੱਕੋ ਇਕ ਪ੍ਰਭੂ ਹੀ ਬਾਕੀ ਰਹੇਗਾ; ਜਿਹਾ ਕਿ ਗੁਰੂ ਜੀ ਫ਼ਰਮਾਉਂਦੇ ਹਨ ਕਿ :—

ਦਿਨ ਰਵਿ ਚਲੈ ਨਿਸਿ ਸਸਿ ਚਲੈ
ਤਾਰਿਕਾ ਲਖ ਪਲੋਇ ॥
ਮੁਦਾਮੁ ਓਹੀ ਏਕੁ ਹੈ
ਨਾਨਕਾ ਸਚੁ ਬਗੋਇ ॥

[ਸਿਰੀਰਾਗ, ਮ: 1, ਪੰਨਾ 64]

**ਅਰਥਾਤ** :—ਇਕ ਸਮਾਂ ਅਜੇਹਾ ਵੀ ਆਵੇਗਾ, ਜਦ ਕਿ ਇਕ ਦਿਨ ਤੇ ਦਿਨ ਚੜ੍ਹਾਉਣ ਵਾਲਾ ਸੂਰਜ ਅਤੇ ਰਾਤ ਤੇ ਰਾਤ ਨੂੰ ਚਾਨਣੀ ਦੇਣ ਵਾਲਾ ਚੰਨ ਅਤੇ ਲੱਖਾਂ ਤਾਰੇ ਅਲੋਪ ਹੋ ਜਾਣਗੇ। ਉਦੋਂ ਇੱਕੋ ਇਕ ਪ੍ਰਭੂ ਹੀ ਜਲਵਾ ਗਰ ਹੋਵੇਗਾ।

ਏਹੋ ਕਾਰਨ ਹੈ ਕਿ ਗੁਰਮਤਿ ਅਨੁਸਾਰ ਅੱਗ, ਹਵਾ ਤੇ ਸੂਰਜ ਆਦਿ ਦੀ ਪੂਜਾ ਵਿਵਰਜਿਤ ਹੈ ਅਤੇ ਪੂਜਾ ਦੇ ਯੋਗ ਇੱਕੋ ਇਕ ਪ੍ਰਭੂ ਹੀ ਮੰਨਿਆਂ ਗਿਆ ਹੈ, ਜੋ ਜਨਮ-ਮਰਨ ਰਹਿਤ ਹੈ: ਜਿਹਾ ਕਿ ਵਰਣਨ ਹੈ ਕਿ :—

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ॥

[ਵਾਰ ਗੂਜਰੀ, ਸ: ਮ: 3, ਪੰਨਾ 509]

**ਅਰਥਾਤ** :—ਪੂਜਾ ਦੇ ਯੋਗ ਇੱਕੋ ਇਕ ਪ੍ਰਭੂ ਹੀ ਹੈ, ਜੋ ਜਨਮ-ਮਰਨ ਤੋਂ ਰਹਿਤ ਹੈ ਅਤੇ ਹਰ ਥਾਂ ਸਮਾਇਆ ਹੋਇਆ ਹੈ।

ਗੁਰੂ ਨਾਨਕ ਜੀ ਨੇ ਚੰਨ ਤੇ ਸੂਰਜ ਆਦਿ ਦੀ ਪੂਜਾ ਦਾ ਸਪਸ਼ਟ ਅੱਖਰਾਂ ਵਿਚ ਖੰਡਨ ਕੀਤਾ ਹੈ; ਜਿਹਾ ਕਿ ਜਨਮਸਾਖੀ ਭਾਈ ਬਾਲਾ ਵਿਚ ਆਪ ਦਾ ਇਹ ਫ਼ਰਮਾਨ ਹੈ ਕਿ :—

Digitized by Panjab Digital Library | www.panjabdigilib.org

ਪਰਸਤਸ਼ ਆਫ਼ਤਾਬ ਕੀ ਮਸ਼ਰਕ ਸੀਸ ਨਿਵਾਇ ।
ਜਾਣਨ ਰਬ ਆਫਤਾਬ ਹੈ ਹੋਰ ਨ ਕੋਇ ਖ਼ੁਦਾਇ ।
ਪਰਸਤਸ਼ ਕਰਹਿ ਮਹਿਤਾਬ ਕੀ, ਜਾਣਨ ਇਹ ਖ਼ੁਦਾਇ ।
ਇਹ ਭੀ ਆਪਣੇ ਮਜ਼ਹਬ ਵਿਚ ਹੋਇ ਰਹੇ ਗੁਮਰਾਹਿ ।

[ਜਨਮਸਾਖੀ ਭਾ: ਬਾਲਾ, ਪੰਨਾ 203]

**ਅਰਥਾਤ** :—ਜੋ ਲੋਕ ਸੂਰਜ ਤੇ ਚੰਨ ਦੀ ਪੂਜਾ ਕਰਦੇ ਹਨ, ਓਹ ਗੁਮਰਾਹ ਹਨ । ਇਸ ਬਾਰੇ ਸ੍ਰੀ ਦਸਮ ਗ੍ਰੰਥ ਵਿਚ ਇਹ ਕਿਹਾ ਗਿਆ ਹੈ ਕਿ :—

ਪਰਮ ਤਤ ਜਿਨ ਨ ਪਛਾਨਾ ।
ਤਿਨ ਨਰ ਈਸ਼ਵਰ ਤਿਨ ਕੋ ਮਾਨਾ ।
ਕੇਤੇ ਸੂਰ ਚੰਦ ਕੋ ਮਾਨੈ ।
ਅਗਨੀ ਹੋਤ ਕਈ ਪਵਨ ਪ੍ਰਮਾਨੈ ॥

[ਦਸਮ ਗ੍ਰੰਥ, ਪੰਨਾ 40]

**ਅਰਥਾਤ** :—ਜਿਨ੍ਹਾਂ ਪ੍ਰਾਣੀਆਂ ਨੂੰ ਪ੍ਰਭੂ ਦਾ ਗਿਆਨ ਪ੍ਰਾਪਤ ਨਹੀਂ, ਓਹ ਸੂਰਜ ਤੇ ਚੰਨ ਆਦਿ ਦੀ ਪੂਜਾ ਕਰਦੇ ਹਨ ।

ਪ੍ਰਸਿਧ ਸਿੱਖ ਬਜ਼ੁਰਗ ਭਾਈ ਗੁਰਦਾਸ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ :—

ਕੋਈ ਪੂਜੇ ਚੰਦ੍ਰ ਸੂਰਜ ਕੋਈ ਧਰਤਿ ਅਕਾਸ਼ ਮਨਾਵੈ । ਫੋਕਟ ਭਰਮੀ ਭਰਮ ਭੁਲਾਵੈ ।

[ਵਾਰ 1, ਪੌੜੀ 18]

ਅਰਥਾਤ—ਕਈ ਲੋਕ ਚੰਨ ਤੇ ਸੂਰਜ ਨੂੰ ਪੂਜਦੇ ਹਨ ਤੇ ਕਈ ਧਰਤੀ ਤੇ ਅਕਾਸ਼ ਦੀ ਪੂਜਾ ਕਰਦੇ ਹਨ । ਇਹ ਸਾਰੇ ਹੀ ਭਰਮਾਂ ਵਿਚ ਫਸੇ ਹੋਏ ਹਨ ।

ਇਸ ਤੋਂ ਵੀ ਸੂਰਜ ਤੇ ਚੰਨ ਦੀ ਪੂਜਾ ਦਾ ਖੰਡਨ ਹੋ ਜਾਂਦਾ ਹੈ ।

ਕੁਰਾਨ ਸ਼ਰੀਫ ਵਿਚ ਚੰਨ ਤੇ ਸੂਰਜ ਦੀ ਪੂਜਾ ਅਯੋਗ ਵਰਣਨ ਕੀਤੀ ਗਈ ਹੈ; ਜਿਹਾ ਕਿ ਲਿਖਿਆ ਹੈ ਕਿ —

Digitized by Panjab Digital Library | www.panjabdigilib.org

لَا تَسْجُدُوْا لِلشَّمْسِ وَلَا لِلْقَمَرِ وَاسْجُدُوْا
لِلّٰهِ الَّذِيْ خَلَقَهُنَّ اِنْ كُنْتُمْ اِيَّاهُ تَعْبُدُوْنَ ٥

**ਅਰਥਾਤ** :—ਜੇ ਤੁਸੀਂ ਇੱਕੋ ਇਕ ਪ੍ਰਭੂ ਦੇ ਭਜਨੀਕ ਹੋ, ਤਾਂ ਸੂਰਜ ਤੇ ਚੰਨ ਦੀ ਕਦੇ ਪੂਜਾ ਨਾ ਕਰੋ; ਸਗੋਂ ਉਸ ਸਾਜਨਹਾਰ ਦੀ ਪੂਜਾ ਕਰੋ, ਜਿਸ ਨੇ ਏਹਨਾਂ ਨੂੰ ਸਾਜਿਆ ਹੈ।

ਕੁਰਾਨ ਸ਼ਰੀਫ਼ ਵਿਚ ਦੂਜੀ ਥਾਂ ਸੂਰਜ ਤੇ ਚੰਨ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਇਉਂ ਵਰਣਨ ਕੀਤਾ ਗਿਆ ਹੈ ਕਿ :—

تَبٰرَكَ الَّذِيْ جَعَلَ فِي السَّمَآءِ بُرُوْجًا وَّجَعَلَ
فِيْهَا سِرٰجًا وَّ قَمَرًا مُّنِيْرًا ٥

**ਅਰਥਾਤ** :—ਪ੍ਰਭੂ ਵੱਡੀਆਂ ਬਰਕਤਾਂ ਵਾਲਾ ਹੈ, ਜਿਸ ਨੇ ਅਕਾਸ਼ ਵਿਚ ਅਨੇਕਾਂ ਤਾਰਿਆਂ ਦੇ ਠਹਿਰਨ ਦੇ ਅਸਥਾਨ ਬਣਾਏ ਹਨ ਤੇ ਉਸ ਵਿਚ ਸੂਰਜ ਤੇ ਚੰਨ ਦੀ ਵੀ ਸਾਜਨਾ ਕੀਤੀ ਹੈ।

ਸੋ ਗੱਲ ਕੀ, ਗੁਰੂ ਜੀ ਅਗਨੀ, ਵਾਯੂ ਤੇ ਸੂਰਜ ਦੇ ਤਿਗੜੇ (ਤਸਲੀਸ) ਨੂੰ ਵੀ ਨਹੀਂ ਮੰਨਦੇ ਸਨ। ਇਸ ਤਿਗੜੇ ਬਾਰੇ ਵੀ ਗੁਰੂ ਜੀ ਦੇ ਜੋ ਵਿਚਾਰ ਸਨ, ਓਹ ਇਸਲਾਮੀ ਵਿਚਾਰਾਂ ਤੋਂ ਭਿੰਨ ਨਹੀਂ ਸਨ; ਸਗੋਂ ਇਸ ਦੇ ਅਨੁਕੂਲ ਹੀ ਸਨ।

———

Digitized by Panjab Digital Library | www.panjabdigilib.org

# ਆਰੀਆ ਸਮਾਜ ਦਾ ਪ੍ਰਭੂ ਬਾਰੇ ਤਸੱਵਰ
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਵੇਦਕ ਧਰਮ ਦਾ ਦੂਜਾ ਭਾਗ ਆਰੀਆ ਸਮਾਜ ਹੈ। ਇਹ ਸੱਚ ਹੈ ਕਿ ਆਰੀਆ ਸਮਾਜ ਨਾਲ ਸੰਬੰਧਤ ਹਿੰਦੂ ਅਵਤਾਰਵਾਦ ਨੂੰ ਨਹੀਂ ਮੰਨਦੇ ਅਤੇ ਨਾ ਹੀ ਓਹ ਸਨਾਤਨ ਧਰਮ ਦੇ ਤਿਗੜੇ (ਤਸਲੀਸ) ਬ੍ਰਹਮਾ, ਬਿਸ਼ਨ, ਮਹੇਸ਼ ਦੇ ਸਮੁਦਾਇ ਨੂੰ ਪ੍ਰਭੂ ਮਿਥਦੇ ਹਨ। ਫਿਰ ਵੀ ਓਹ ਇਕ ਤਿਗੜਾ (ਤਸਲੀਸ) ਮੰਨਦੇ ਹਨ। ਆਰੀਆ ਸਮਾਜ ਦਾ ਇਹ ਤਿਗੜਾ ਈਸਾਈਆਂ ਦੀ ਤਸਲੀਸ ਤੇ ਸਨਾਤਨ ਧਰਮੀਆਂ ਦੀ ਤ੍ਰੈ-ਮੂਰਤੀ ਤੋਂ ਅੱਡਰਾ ਹੈ ਤੇ ਉਹ ਹੈ, ਈਸ਼ਵਰ, ਜੀਵ ਤੇ ਪ੍ਰਕ੍ਰਿਤੀ ਨੂੰ ਅਨਾਦੀ ਮੰਨਣਾ; ਜਿਹਾ ਕਿ ਓਹਨਾਂ ਦੇ ਪ੍ਰਸਿਧ ਧਰਮ ਪੁਸਤਕ ਸਤਿਆਰਥ ਪ੍ਰਕਾਸ਼ ਵਿਚ ਵਰਣਨ ਹੈ ਕਿ :—

> "ਅਨਾਦੀ (ਆਨੰਦ ਅੰਤ ਰਹਿਤ ਚੀਜ਼ਾਂ) ਤਿੰਨ ਹਨ: ਇਕ ਈਸ਼ਵਰ ਦੂਜੇ ਜੀਵ ਤੇ ਤੀਜੇ ਪ੍ਰਕ੍ਰਿਤੀ।"
>
> [ਸਤਿਆਰਥ ਪ੍ਰਕਾਸ਼, ਮੰਤਵਜ ਅਮੰਤਵਜ ਪੰਨਾ, 44]

ਸੋ ਆਰੀਆ ਸਮਾਜ ਦੇ ਪ੍ਰਭੂ ਬਾਰੇ ਤਸੱਵਰ ਵਿਚ ਪ੍ਰਭੂ ਦੇ ਨਾਲ ਹੀ ਜੀਵ ਤੇ ਪ੍ਰਕਿਰਤੀ ਨੂੰ ਵੀ ਅਨਾਦੀ (ਆਦਿ-ਅੰਤ ਰਹਿਤ) ਮੰਨਿਆ ਗਿਆ ਹੈ ਜਾਣੋ ਇਹ ਵੀ ਇਕ ਕਿਸਮ ਦਾ ਤਿਗੜਾ (ਤਸ਼ਲੀਸ) ਹੀ ਹੈ, ਜਿਸ ਵਿਚ ਪ੍ਰਭੂ ਦੇ ਨਾਲ ਹੀ ਜੀਵਾਤਮਾ ਤੇ ਪ੍ਰਕਿਰਤੀ ਨੂੰ ਆਪਣੇ ਆਪ ਤੋਂ ਤੇ ਆਦਿ-ਅੰਤ ਰਹਿਤ ਮੰਨਿਆ ਗਿਆ ਹੈ। ਇਸ ਤਰ੍ਹਾਂ ਪ੍ਰਭੂ ਦੇ ਨਾਲ ਦੋ ਚੀਜ਼ਾਂ ਨੂੰ ਭਾਈਵਾਲ ਬਣਾ ਦਿੱਤਾ ਗਿਆ ਹੈ।



Digitized by Panjab Digital Library | www.panjabdigilib.org

ਗੁਰੂ ਨਾਨਕ ਜੀ ਦੇ ਪ੍ਰਭੂ-ਸਰੂਪ ਵਿਚ ਜੀਵਾਤਮਾ ਤੇ ਪ੍ਰਕਿਰਤੀ ਸ਼ਾਮਲ ਨਹੀਂ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਕੇਵਲ ਇੱਕੋ ਇਕ ਪ੍ਰਭੂ ਹੀ ਅਨਾਦੀ (ਆਦਿ ਅੰਤ ਰਹਿਤ) ਤੇ ਸੰਭੰ (ਆਪਣੇ ਆਪ ਤੋਂ) ਹੈ। ਸ੍ਰੀ ਗੁਰੂ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਤੋਂ ਛੁਟ ਹੋਰ ਕੋਈ ਵੀ ਚੀਜ਼ ਅਨਾਦੀ ਜਾਂ ਆਦਿ-ਅੰਤ ਰਹਿਤ ਨਹੀਂ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਆਦਿ ਨਿਰੰਜਨ ਨਿਰਮਲੁ ਸੋਈ।
ਅਵਰੁ ਨ ਜਾਣਾ ਦੂਜਾ ਕੋਈ।
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ।

[ਮਾਰੂ ਮ: 1, ਪੰਨਾ 1034]

**ਅਰਥਾਤ** :—ਆਦਿ ਵਿਚ ਇੱਕੋ ਇਕ ਪ੍ਰਭੂ ਹੀ ਸੀ ! ਉਸ ਸਮੇਂ ਕੋਈ ਹੋਰ ਦੂਜੀ ਚੀਜ਼ ਨਹੀਂ ਸੀ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਆਦਿ ਅਨੀਲ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥

[ਜਪੁਜੀ, ਪੰਨਾ 6]

ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਵਾਕ ਤੋਂ ਵੀ ਏਹੋ ਸਿੱਧ ਹੈ ਕਿ ਸਾਰੀ ਰਚਨਾ ਦਾ ਆਦਿ ਅਨਾਦੀ (ਆਦਿ-ਅੰਤ ਰਹਿਤ) ਇੱਕੋ ਇਕ ਪ੍ਰਭੂ ਹੀ ਹੈ ਤੇ ਉਹ "ਜੁਗੁ ਜੁਗੁ ਏਕੋ ਵੇਸੁ" ਵੀ ਹੈ; ਭਾਵ ਇਹ ਕਿ ਉਸ ਵਿਚ ਕਦੇ ਵੀ ਕੋਈ ਵਟਾਉ-ਸਟਾਉ ਨਹੀਂ ਆ ਸਕਦਾ।

ਇਕ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਪ੍ਰਭੂ ਦੇ ਆਦਿ ਹੋਣ ਦੀ ਵਿਆਖਿਆ ਕਰਦਿਆਂ ਹੋਇਆਂ ਇਹ ਲਿਖਿਆ ਹੈ ਕਿ—

> ਪ੍ਰਭੂ ਦੇ "ਆਦਿ" ਹੋਣ ਤੋਂ ਸਿਧ ਹੋਂਦਾ ਹੈ ਕਿ ਲੋਕਾਂ ਨੇ ਜੋ ਪ੍ਰਮਾਤਮਾ ਦੇ ਨਾਲ ਨਾਲ ਜੀਵ ਅਤੇ ਪ੍ਰਕਿਰਤੀ ਨੂੰ ਭੀ ਅਨਾਦੀ ਮੰਨਿਆ ਹੋਇਆ ਸੀ, ਉਹ ਠੀਕ ਨਹੀਂ, ਕਿਉਂਕਿ ਕਦੀ ਉਹ ਭੀ ਹਾਲਤ ਸੀ, ਜਦੋਂ ਰੱਬ ਤੋਂ ਬਿਨਾਂ ਹੋਰ ਕੋਈ ਚੀਜ਼ ਹੀ ਨਹੀਂ ਸੀ।"

[ਜਪੁਜੀ, ਸਟੀਕ, ਪੰਨਾ 167]

Digitized by Panjab Digital Library | www.panjabdigilib.org

ਸਿੱਖ ਵਿਦਵਾਨ ਵੀ ਇਹ ਮੰਨਦੇ ਹਨ ਕਿ ਸਿੱਖ ਧਰਮ ਵਿਚ ਅਨਾਦੀ (ਆਦਿ-ਅੰਤ ਰਹਿਤ) ਇੱਕੋ ਇਕ ਪ੍ਰਭੂ ਨੂੰ ਹੀ ਮੰਨਿਆ ਗਿਆ ਹੈ। ਬਾਕੀ ਸਾਰੀਆਂ ਚੀਜ਼ਾਂ ਆਦਿ ਅੰਤ ਵਾਲੀਆਂ ਹੋਣ ਸਦਕਾ ਅਨਾਦੀ ਨਹੀਂ ਹਨ; ਜਿਹਾ ਕਿ ਸ: ਬ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ :—

"ਸਿੱਖ ਧਰਮ ਵਿਚ ਕੇਵਲ ਵਾਹਿਗੁਰੂ ਅਨਾਦੀ ਹੈ ਅਤੇ ਓਹੀ ਸਭ ਦਾ ਆਦਿ ਹੈ। ਬਾਕੀ ਸਭ ਪਦਾਰਥ ਆਦਿ ਤੇ ਅੰਤ ਵਾਲੇ ਹੈਨ। ਜੇ ਹੋਰ ਪਦਾਰਥ ਭੀ ਅਨਾਦੀ ਹੋਣ, ਤਾਂ ਕਰਤਾਰ ਅਦੁਤੀਯ ਨਹੀਂ ਹੋ ਸਕਦਾ।"

[ਗੁਰਮਤਿ ਸੁਧਾਰਕ, ਪੰਨਾ 24]

"ਖਾਲਸਾ ਧਰਮ ਸ਼ਾਸਤਰ" ਵਿਚ ਇਸ ਬਾਰੇ ਇਹ ਨਿਖਿਆ ਮਿਲਦਾ ਹੈ ਕਿ :—

"ਗੁਰਮਤਿ ਵਿਚ ਇਕ ਅਕਾਲ ਪੁਰਖ ਹੀ ਅਨਾਦੀ ਮੰਨਿਆ ਹੈ। ਹੋਰ ਦੂਜਾ ਤੀਜਾ ਆਦਿਕ ਜੋ ਭਾਸਦਾ ਹੈ, ਉਸ ਇਕ ਤੋਂ ਹੀ ਅਥਵਾ ਉਸੀ ਇਕ ਦਾ ਹੀ ਬਿਵਰਤ ਹੈ।"

[ਖਾਲਸਾ ਧਰਮ ਸ਼ਾਸਤਰ, ਪੰਨਾ 43]

ਇਕ ਹੋਰ ਸਿੱਖ ਨੇ ਵਿਦਵਾਨ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ :—

"ਕਈ ਮਤਾਂ ਵਿਚ ਇਹ ਮੰਨਿਆ ਗਿਆ ਹੈ ਕਿ ਪ੍ਰਕਿਰਤੀ ਮਾਇਆ ਜਾਂ ਪ੍ਰਮਾਣੂਆਂ ਦੀ ਸਹਾਇਤਾ ਨਾਲ ਵਾਹਿਗੁਰੂ ਜਗਤ ਰਚਦਾ ਹੈ। ਸੋ ਸਤਿਗੁਰੂ ਜੀ ਦੇ ਸਿਧਾਂਤ ਵਿਚ ਕੇਵਲ ਅਕਾਲ ਪੁਰਖ ਹੀ ਸੁਤੰਤਰ ਜਗਤ ਕਰਤਾ ਮੰਨਿਆ ਹੈ।"

[ਰਸਾਲਾ ਨਿਰਗੁਨੀਆਰਾ, ਅੰਮ੍ਰਿਤਸਰ 5 ਤੇ 20 ਜੂਨ 1952]

ਇਸੇ ਤਰ੍ਹਾਂ ਇਕ ਹੋਰ ਵਿਦਵਾਨ ਜੀ ਦਾ ਇਹ ਕਥਨ ਹੈ ਕਿ :—

"ਵੇਦ ਮਤ ਸ਼ੁਰੂ ਤੋਂ ਦ੍ਵੈਤ ਦਾ ਪ੍ਰਚਾਰਕ ਹੈ, ਅਰਥਾਤ ਇਹ ਮਤ ਆਦਿ ਪੁਰਖ ਤਥਾ ਅਨਾਦੀ ਕਰਤਾ ਦਾ ਉਪਾਸਕ ਮਤ ਸਿਧ ਨਹੀਂ ਹੁੰਦਾ। ਜੇ ਜੀਵ ਅਨਾਦੀ ਹੈ, ਤਾਂ ਅਨੁਭਵ ਪ੍ਰਕਾਸ਼, ਸੁਤੇ ਪ੍ਰਕਾਸ਼, ਪੁਨਾ ਸਤ ਚਿਤ

Digitized by Panjab Digital Library | www.panjabdigilib.org

ਆਨੰਦ, ਨਿਰਾਕਾਰ, ਅਵ੍ਵੈ ਅਬਿਨਾਸ਼ੀ ਸੁਏਕੈ ਸ੍ਵਯੰਭਰ ਆਦ ਸ਼ਬਦ ਕੇਵਲ ਕਰਤਾਰ ਪਰ **ਨਹੀਂ ਘਟ** ਸਕਦੇ । ਬਲਕਿ ਜੀਵ ਪਰ ਭੀ ਘਟ ਸਕਦੇ ਹਨ, ਜਦ ਕਿ ਵੇਦ ਨੇ ਜੀਵ ਨੂੰ ਭੀ ਅਨਾਦੀ ਮੰਨਿਆ ਹੈ ।"

[ਸ੍ਰਿਸ਼ਟੀ ਰਚਨਾ, ਪੰਨਾ 28]

ਚੇਤੇ ਰਹੇ ਕਿ ਇਸਲਾਮ ਧਰਮ ਨੇ ਵੀ ਪ੍ਰਭੂ ਨੂੰ ਹੀ ਅਨਾਦੀ ਤੇ ਆਦਿ-ਅੰਤ ਰਹਿਤ ਮੰਨਿਆ ਹੈ ਅਤੇ ਇਹ ਵੀ ਵਰਣਨ ਕੀਤਾ ਹੈ ਕਿ ਉਹੋ ਹੀ ਸਭ ਦਾ ਆਦਿ ਹੈ, ਉਸ ਤੋਂ ਛੁਟ ਕੋਈ ਵੀ ਚੀਜ਼ ਆਦਿ-ਅੰਤ ਰਹਿਤ ਨਹੀਂ ਹੈ; ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

هُوَ الْاَوَّلُ وَالْاٰخِرُ

**ਅਰਥਾਤ**—ਇੱਕੋ ਇਕ ਪ੍ਰਭੂ ਹੀ ਸਭ ਦਾ ਆਦਿ ਤੇ ਅੰਤ ਹੈ ।

ਆਰੀਆ ਸਮਾਜ ਦੇ ਵਰਣਨ ਕੀਤੇ ਤ੍ਰਿਗੜੇ (ਤਸਲੀਸ) ਦੇ ਖੰਡਨ ਵਿਚ ਵੀ ਕੁਰਾਨ ਸ਼ਰੀਫ ਦੀ ਏਹੋ ਆਇਤ ਪੇਸ਼ ਕੀਤੀ ਜਾ ਸਕਦੀ ਹੈ ਕਿ :—

وَلَا تَقُوْلُوْا ثَلٰثَةٌ ـــــ اِنَّمَا اللّٰهُ اِلٰهٌ وَّاحِدٌ
ـــــ وَخَلَقَ كُلَّ شَيْءٍ وَّهُوَ بِكُلِّ
شَيْءٍ عَلِيْمٌ ۝

ਇਸ ਸੂਰਤ ਵਿਚ ਇਸ ਆਇਤ ਦੀ ਇਹ ਵਿਆਖਿਆ ਕੀਤੀ ਜਾਏਗੀ ਕਿ ਈਸ਼ਵਰ, ਜੀਵ, ਤੇ ਪ੍ਰਕ੍ਰਿਤੀ ਦੇ ਤ੍ਰਿਗੜੇ ਨੂੰ ਅਨਾਦੀ (ਆਦਿ-ਅੰਤ ਰਹਿਤ) ਨਾ ਕਹੋ । ਅਨਾਦੀ ਤਾਂ ਇੱਕੋ ਇਕ ਪ੍ਰਭੂ ਹੀ ਹੈ ਤੇ ਉਹੋ ਹੀ ਹਰੇਕ ਚੀਜ਼ ਦਾ ਸਾਜਨ-ਹਾਰ ਹੋਣ ਕਰਕੇ ਜੀਵਾਤਮਾ ਤੇ ਪ੍ਰਕਿਰਤੀ ਦਾ ਵੀ ਰਚਨਹਾਰ ਹੈ ਅਤੇ ਉਸ ਨੂੰ ਹਰੇਕ ਚੀਜ਼ ਬਾਰੇ ਪੂਰਣ ਗਿਆਨ ਹੈ । ਕੋਈ ਵੀ ਚੀਜ਼ ਉਸ ਤੋਂ ਉਹਲੇ ਨਹੀਂ ਹੈ ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਪਵਿੱਤਰ ਬਾਣੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਆਪ ਜੀਵਾਤਮਾ ਤੇ ਪ੍ਰਕਿਰਤੀ ਨੂੰ ਅਨਾਦੀ ਨਹੀਂ ਮੰਨਦੇ ਸਨ । ਗੁਰੂ ਜੀ ਦੇ ਵਿਚਾਰ ਅਨੁਸਾਰ ਕੇਵਲ ਤੇ ਕੇਵਲ ਇੱਕੋ ਇਕ ਪ੍ਰਭੂ ਹੀ ਅਨਾਦੀ (ਆਦਿ-ਅੰਤ ਰਹਿਤ) ਹੈ । ਬਾਕੀ ਸਭ ਕੁਝ ਉਸ ਦੀ ਸਾਜਨਾ ਹੈ ।

Digitized by Panjab Digital Library | www.panjabdigilib.org

ਗੁਰੂ ਜੀ ਪ੍ਰਭੂ ਦੇ ਨਾਲ ਕਿਸੇ ਹੋਰ ਚੀਜ਼ ਨੂੰ ਅਨਾਦੀ ਤੇ ਆਦਿ-ਅੰਤ ਰਹਿਤ ਮੰਨਣਾ ਵੱਡਾ ਸ਼ਿਰਕ ਸਮਝਦੇ ਸਨ। ਇਸ ਦੇ ਨਾਲ ਹੀ ਸਾਨੂੰ ਗੁਰੂ ਜੀ ਦੀ ਪਵਿੱਤਰ ਬਾਣੀ ਤੋਂ ਇਹ ਅਗਵਾਈ ਵੀ ਮਿਲਦੀ ਹੈ ਕਿ ਗੁਰੂ ਜੀ ਜੀਵਾਤਮਾ ਤੇ ਪ੍ਰਕਿਰਤੀ ਦਾ ਵੀ ਸਾਜਨਹਾਰ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਮੰਨਦੇ ਹਨ। ਗੁਰੂ ਜੀ ਦੇ ਵਿਚਾਰ ਅਨੁਸਾਰ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਅਜੇ ਜੀਵਾਤਮਾ ਵੀ ਹੋਂਦ ਵਿਚ ਨਹੀਂ ਆਈ ਸੀ। ਉਸ ਸਮੇਂ ਦੀ ਦਸ਼ਾ ਦਾ ਵਰਣਨ ਕਰਦਿਆਂ ਹੋਇਆਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥

[ਮਾਰੂ, ਮ: 1, ਪੰਨਾ 1034]

**ਅਰਥਾਤ** :—ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਅਜੇ ਜੀਵਾਤਮਾ ਦੀ ਅਣਹੋਂਦ ਸੀ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਜੀਵਾਤਮਾ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਵਰਣਨ ਕਰਦਿਆਂ ਇਹ ਫ਼ਰਮਾਇਆ ਹੈ ਕਿ :—

ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ।
ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ।
ਪੈਰੀ ਚਲੈ ਹਥੀ ਕਰਣਾ ਦਿਤੈ ਪੈਨੈ ਖਾਇ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ।

[ਵਾਰ ਮਾਝ, ਸ: ਮ: 1, ਪੰਨਾ 138]

**ਅਰਥਾਤ** :—**ਪ੍ਰਭੂ ਨੇ** ਮਨੁੱਖਾਂ ਦੇ ਸਰੀਰ ਤੇ ਜੀਵਾਤਮਾ ਦੀ ਸਾਜਨਾ ਕੀਤੀ ਹੈ। ਉਸ ਨੂੰ ਵੇਖਣ ਲਈ ਅੱਖਾਂ, ਬੋਲਣ ਲਈ ਜੀਭ੍ਹਾ, ਸੁਣਨ ਲਈ ਕੰਨ, ਤੁਰਨ-ਫਿਰਨ ਲਈ ਪੈਰ ਤੇ ਕੰਮ ਕਾਰ ਕਰਨ ਲਈ ਹੱਥ ਦਿੱਤੇ ਹਨ ਅਤੇ ਖਾਣ-ਪੀਣ ਤੇ ਪਹਿਨਣ ਲਈ ਬਥੇਰਾ ਕੁਝ ਦਿੱਤਾ ਹੈ। ਪਰ ਜਿਸ ਨੇ ਉਸ ਦੀ ਸਾਜਨਾ ਕੀਤੀ ਹੈ, ਉਸ ਨੂੰ ਨਹੀਂ ਪਛਾਣਦਾ ਅਜੇਹਾ ਅੰਨ੍ਹਾ ਮਨੁੱਖ ਅੰਨ੍ਹ ਹੀ ਕਮਾ ਰਿਹਾ ਹੈ।

ਇਕ ਸਿੱਖ ਵਿਦਵਾਨ ਨੇ ਗੁਰੂ ਨਾਨਕ ਜੀ ਦੇ ਇਸ ਪਵਿੱਤਰ ਸ਼ਬਦ ਵਿਚ ਵਰਤੇ ਗਏ ਪਦ "ਜੀਉ ਪਾਇ" ਬਾਰੇ ਇਹ ਵਰਣਨ ਕੀਤਾ ਹੈ ਕਿ :—

Digitized by Panjab Digital Library | www.panjabdigilib.org

"ਜੀਉ ਪਾਇ ਦੇ ਅਰਥ ਕਰਨ ਸਮੇਂ ਜੀਉ ਉਪਾਇ ਪੜ੍ਹਿਆ ਜਾਏ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 138]

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ।
ਕਹੈ ਨਾਨਕ ਸ੍ਰਿਸਟਿ ਕਾ ਮੂਲੁ ਰਚਿਆ
ਜੋਤਿ ਰਖੀ ਤਾ ਤੂ ਜਗ ਮਹਿ ਆਇਆ।

[ਰਾਮਕਲੀ, ਮ: 3, ਪੰਨਾ 921]

**ਅਰਥਾਤ** :—(ਆਦਿ ਕਾਲ ਵਿਚ) ਪ੍ਰਭੂ ਆਪ ਹੀ ਮਾਤਾ ਤੇ ਆਪ ਹੀ ਪਿਤਾ ਸੀ। ਚੇਤੇ ਰਹੇ ਕਿ ਅਰੰਭਕ ਸਮੇਂ ਦੇ ਮਨੁੱਖ ਮਾਤਾ-ਪਿਤਾ ਰਹਿਤ ਸਨ, ਓਹਨਾਂ ਨੂੰ ਪ੍ਰਭੂ ਨੇ ਆਪਣੀ ਕੁਦਰਤ ਦੁਆਰਾ ਹੋਂਦ ਵਿਚ ਆਂਦਾ ਸੀ। ਇਸੇ ਕਰਕੇ ਹੀ ਗੁਰਬਾਣੀ ਵਿਚ ਓਹਨਾਂ ਨੂੰ "ਮਾਟੀ ਦੇ ਭਾਂਡੇ" ਕਿਹਾ ਗਿਆ ਹੈ ਤੇ ਫਿਰ ਜਦੋਂ ਬਿੰਦੀ ਮਨੁਖ ਹੋਂਦ ਵਿਚ ਆਇਆ, ਤਾਂ ਉਸ ਨੂੰ ਗੁਰਬਾਣੀ ਵਿਚ "ਮਾਸ ਦੇ ਭਾਂਡੇ" ਕਿਹਾ ਗਿਆ। ਤੀਜੇ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ ਕਿ ਸਾਜਨਹਾਰ ਪ੍ਰਭੂ ਨੇ ਜੀਵਾਤਮਾ ਦੀ ਸਾਜਨਾ ਕਰਕੇ ਤੇ ਸ੍ਰਿਸ਼ਟੀ ਦਾ ਮੂਲ ਰਚ ਕੇ ਮਨੁੱਖ ਨੂੰ ਹੋਂਦ ਵਿਚ ਆਂਦਾ ਸੀ। ਉਸ ਵਿਚ ਆਪਣੀ ਜੋਤਿ ਰਖ ਕੇ ਉਸ ਨੂੰ ਪ੍ਰਕਾਸ਼ ਲਈ ਵੀ ਬਣਾਇਆ ਸੀ। ਇਸ ਤਰ੍ਹਾਂ ਮਨੁੱਖ ਇਸ ਜਗ ਵਿਚ ਆਇਆ ਸੀ। ਇਸ ਤੋਂ ਵੀ ਏਹੋ ਸਿਧ ਹੁੰਦਾ ਹੈ ਕਿ ਆਦਿ ਵਿਚ ਇੱਕੋ ਇਕ ਪ੍ਰਭੂ ਹੀ ਸੀ। ਕੋਈ ਦੂਜਾ ਜਾਂ ਤੀਜਾ ਉਸ ਦੇ ਨਾਲ ਨਹੀਂ ਸੀ।

ਇਸ ਬਾਰੇ ਜਨਮਸਾਖੀ ਭਾਈ ਬਾਲਾ ਵਿਚ ਇਹ ਵਰਣਨ ਹੈ ਕਿ :—

ਅਵਲ ਸਾਹਿਬ ਆਪ ਸੀ
ਹੋਰ ਨ ਦੂਜਾ ਜਾਨ ॥

[ਜਨਮਸਾਖੀ, ਭ: ਬਾਲਾ, ਪੰਨਾ 206]

ਸ੍ਰੀ ਗੁਰੂ ਜੀ ਨੇ ਜੀਵਾਤਮਾ ਦਾ ਪ੍ਰਭੂ ਦੇ ਹੁਕਮ ਦੁਆਰਾ ਹੋਂਦ ਵਿਚ ਆਉਣਾ

Digitized by Panjab Digital Library | www.panjabdigilib.org

ਵਰਣਨ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਹੁਕਮੀ ਹੋਵਨਿ ਅਕਾਰੁ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।

[ਜਪੁਜੀ, ਪੰਨਾ 1

**ਅਰਥਾਤ** :—ਪ੍ਰਭੂ ਦੇ ਹੁਕਮ ਨਾਲ ਹੀ ਸਰੀਰ ਹੋਂਦ ਵਿਚ ਆਉਂਦੇ ਹਨ। ਉਸ ਦਾ ਹੁਕਮ ਵਰਣਨ ਨਹੀਂ ਕੀਤਾ ਜਾ ਸਕਦਾ। ਉਸ ਦੇ ਹੁਕਮ ਨਾਲ ਹੀ ਜੀਵਾਤਮਾ ਹੋਂਦ ਵਿਚ ਆਈ ਹੈ ਤੇ ਉਸ ਦੇ ਹੁਕਮ ਨਾਲ ਹੀ ਉਸ ਨੂੰ ਵਡਿਆਈ ਮਿਲਦੀ ਹੈ।

ਇਸ ਤੋਂ ਸਾਫ ਸਿਧ ਹੈ ਕਿ ਸ੍ਰੀ ਗੁਰੂ ਜੀ ਦੇ ਵਿਚਾਰ ਅਨੁਸਾਰ ਜੀਵਾਤਮਾ ਅਨਾਦੀ (ਆਦਿ-ਅੰਤ ਰਹਿਤ) ਨਹੀਂ ਹੈ ਸਗੋਂ ਪ੍ਰਭੂ ਦੇ ਹੁਕਮ ਦੁਆਰਾ ਹੋਂਦ ਵਿਚ ਆਈ ਹੈ। ਇਕ ਸਮਾਂ ਅਜੇਹਾ ਸੀ, ਜਦ ਕਿ ਜੀਵਾਤਮਾ ਦੀ ਵੀ ਅਣਹੋਂਦ ਸੀ।

ਆਰੀਆ ਸਮਾਜ ਦੇ ਜੀਵ ਤੇ ਪ੍ਰਕਿਰਤੀ ਦੇ ਅਨਾਦੀ ਹੋਣ ਦੇ ਸਿਧਾਂਤ ਤੇ ਅਲੋਚਨਾ ਕਰਦਿਆਂ ਇਕ ਸਿੱਖ ਵਿਦਵਾਨ ਜੀ ਨੇ ਇਹ ਲਿਖਿਆ ਹੈ ਕਿ :—

**ਭਾਵ** :-ਕਈ ਮਤਾਂ ਵਾਲਿਆਂ ਨੂੰ ਟਪਲਾ ਲੱਗਾ ਹੈ, ਅਤੇ ਓਹਨਾਂ ਨੇ ਅਕਾਲ ਪੁਰਖ ਦੇ ਫੁਰਨੇ ਨੂੰ ਆਪਣੇ ਫੁਰਨੇ ਵਾਂਗ ਖਿਆਲ ਕਰ ਕੇ ਉਸ ਦੀ ਪੂਰਤੀ ਹਿਤ ਪ੍ਰਾਕਿਰਤੀ ਦੀ ਹੋਂਦ ਨੂੰ ਜ਼ਰੂਰੀ ਮੰਨ ਕੇ ਉਸ ਨੂੰ ਵੀ ਪ੍ਰਮਾਤਮਾ ਦੇ ਟਾਕਰੇ ਉੱਤੇ ਲਿਆ ਖੜਾ ਕੀਤਾ ਹੈ। ਉਹ ਪ੍ਰਾਕਿਰਤੀ ਨੂੰ ਅਨਾਦੀ ਮੰਨਦੇ ਹਨ ਅਤੇ ਆਖਦੇ ਹਨ ਕਿ ਜਿਸ ਤਰ੍ਹਾਂ ਘੜਾ ਬਣਾਉਣ ਦੇ ਸਾਮਰਥ ਹੁੰਦਿਆਂ ਹੋਇਆਂ ਵੀ ਘੁਮਿਆਰ ਬਿਨਾ ਮਿੱਟੀ ਦੇ ਘੜਾ ਨਹੀਂ ਬਣਾ ਸਕਦਾ, ਇਸੇ ਤਰ੍ਹਾਂ ਈਸ਼ਵਰ ਸਰਵ ਸ਼ਕਤੀਮਾਨ ਹੁੰਦਾ ਹੋਇਆ ਵੀ ਪ੍ਰਕਿਰਤੀ ਤੋਂ ਬਿਨਾ ਕੁਝ ਨਹੀਂ ਬਣਾ ਸਕਦਾ, ਉਸ ਨੂੰ ਆਪਣਾ ਫੁਰਨਾ ਮੂਰਤੀਮਾਨ ਕਰਨ ਲਈ ਪ੍ਰਕਿਰਤੀ ਦੀ ਮਦਦ ਲੈਣੀ ਪੈਂਦੀ ਹੈ। ਗੁਰਮਤਿ ਇਸ ਖਿਆਲ ਦੀ ਪ੍ਰੋੜਤਾ ਨਹੀਂ ਕਰਦੀ।

[ਰਸਾਲਾ ਗੁਰਮਤਿ ਅੰਮ੍ਰਿਤਸਰ ਅਪ੍ਰੈਲ 1955

ਇਕ ਹੋਰ ਸਿੱਖ ਵਿਦਵਾਨ ਪ੍ਰੋਫੈਸਰ ਸ਼ੇਰ ਸਿੰਘ ਜੀ ਲਿਖਦੇ ਹਨ ਕਿ :—

"ਸਾਡੇ ਭਾਰਤ ਵਿਚ ਵੀ ਕਈ ਮਤ ਸਾਂਖ ਆਦਿ ਅਕਾਲ ਪੁਰਖ

Digitized by Panjab Digital Library | www.panjabdigilib.org

ਨੂੰ ਨਮਿਤ ਕਾਰਣ ਹੀ ਮੰਨਦੇ ਹਨ। ਪ੍ਰਮਾਤਮਾ ਪੁਰਖ ਹੈ ਤੇ ਪ੍ਰਕਿਰਤੀ ਭੀ ਉਸ ਦੇ ਨਾਲ ਕਾਇਮ ਹੈ। ਸ੍ਰਿਸ਼ਟੀ ਦਾ ਉਤਪਾਦਨ ਕਾਰਣ ਪ੍ਰਕਿਰਤੀ ਤੇ ਨਮਿਤ ਕਾਰਣ ਪੁਰਖ ਹੈ, ਪ੍ਰੰਤੂ ਗੁਰਮਤਿ ਅਨੁਸਾਰ ਅਕਾਲ ਪੁਰਖ ਸਾਰੇ ਕਾਰਣ ਆਪ ਹੈ, ਉਸ ਤੋਂ ਬਿਨਾ ਸ੍ਰਿਸ਼ਟੀ ਰਚਨਾ ਦਾ ਹੋਰ ਕੋਈ ਕਾਰਣ ਨਹੀਂ।

ਕਰਣ ਕਾਰਣ ਪ੍ਰਭੁ ਏਕ ਹੈ
ਦੂਸਰ ਨਾਹੀ ਕੋਇ ।"

[ਗੁਰਮਤਿ ਦਰਸ਼ਨ, ਪੰਨਾ 175

**ਅਰਥਾਤ :—**

"ਹਿੰਦੁਸਤਾਨ ਵਿਚ ਸਾਂਖ ਸ਼ਾਸਤਰ ਦਾ ਪੁਰਖ-ਪ੍ਰਕਿਰਤੀ ਮਤਿ ਤੇ ਯੂਰਪ ਆਦਿ ਦੇਸ਼ਾਂ ਵਿਚ 'ਮੈਟਰ' 'ਮਾਈਂਡ' ਦਾ ਦ੍ਵੈਤ ਮਤਿ ਬਹੁਤ ਪ੍ਰਸਿਧ ਹਨ। ਪੁਰਖ ਤੇ ਪ੍ਰਕਿਰਤੀ ਦੋਨੋਂ ਹੀ ਅਨਾਦੀ ਮੰਨਦੇ ਹਨ ਤੇ ਸ੍ਰਿਸ਼ਟੀ ਰਚਨਾ ਲਈ ਦੋਹਾਂ ਵਿਚੋਂ ਇਕੱਲਾ ਕੁਝ ਭੀ ਨਹੀਂ ਕਰ ਸਕਦਾ। ......ਗੁਰੂ ਸਾਹਿਬ ਅਜੇਹੇ ਮਤਿ ਦਾ ਸਖਤ ਖੰਡਨ ਕਰਦੇ ਹਨ।"

[ਗੁਰਮਤਿ ਦਰਸ਼ਨ, ਪੰਨਾ 233

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਸਾਡੀ ਇਹ ਅਗਵਾਈ ਵੀ ਕੀਤੀ ਹੈ ਕਿ :—

ਏਕੋ ਹੁਕਮੁ ਵਰਤੈ ਸਭ ਲੋਈ ।
ਏਕਸੁ ਤੇ ਸਭਿ ਓਪਤਿ ਹੋਈ ॥

[ਗਉੜੀ ਮ: 1, ਪੰਨਾ 223

ਸ੍ਰੀ ਗੁਰੂ ਜੀ ਨੇ ਆਪਣੇ ਇਸ ਪਵਿੱਤਰ ਵਾਕ ਵਿਚ ਇਕੋ ਇਕ ਪ੍ਰਭੂ ਦੁਆਰਾ ਸਾਰੀ ਰਚਨਾ ਦਾ ਹੋਂਦ ਵਿਚ ਆਉਣਾਂ ਵਰਣਨ ਕੀਤਾ ਹੈ ਤੇ ਉਸ ਇਕੋ ਇਕ ਪ੍ਰਭੂ ਤੋਂ ਬਿਨਾ ਕਿਸੇ ਦੂਜੀ ਜਾਂ ਤੀਜੀ ਚੀਜ਼ ਦੇ ਅਨਾਦੀ (ਆਦਿ-ਅੰਤ ਰਹਿਤ) ਹੋਣ ਤੋਂ ਇਨਕਾਰ ਕੀਤਾ ਹੈ।

ਇਸ ਦੇ ਟਾਕਰੇ ਤੇ ਇਕ ਸਿੱਖ ਵਿਦਵਾਨ ਨੇ ਆਰੀਆ ਸਮਾਜ ਵਿਚ ਮੰਨੇ ਜਾਂਦੇ ਪ੍ਰਭੂ ਦੇ ਸਰੂਪ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ :—

Digitized by Panjab Digital Library | www.panjabdigilib.org

"ਸ੍ਵਾਮੀ ਦਯਾ ਨੰਦ ਜੀ ਨੇ ਸਤਿਆਰਥ ਪ੍ਰਕਾਸ਼ ਵਿਚ ਜੋ ਰੱਬ ਦਾ ਸਰੂਪ ਦਰਸਾਇਆ ਹੈ, ਉਹ ਭੀ ਸਾਂਖ ਵਿਰ ਦਰਸਾਏ ਗਏ ਕਪਲ ਰਿਸ਼ੀ ਜੀ ਦਾ ਹੀ ਹੈ । ਰੱਬ ਸ੍ਰਿਸ਼ਟੀ ਦਾ ਕਰਤਾ ਨਹੀਂ, ਇਹ ਕੇਵਲ ਸ੍ਰਿਸ਼ਟੀ ਰਚਨਾ ਜਾਂ ਆਵਗਵਨ ਤੇ ਕਰਮ ਦੇ ਨਿਯਮਾਂ ਦਾ ਡਾਇਰੈਕਟਰ ਹੀ ਹੈ ।"

[ਗੁਰਮਤਿ ਦਰਸ਼ਨ, ਪੰਨਾ 100

ਆਰੀਆ ਸਮਾਜ ਦੇ ਇਸ ਵਿਚਾਰ ਦੀ ਨੀਂਹ ਅਸਲ ਵਿਚ ਸ਼ਾਸਤਰਾਂ ਤੇ ਹੀ ਹੈ, ਇਕ ਸਿੱਖ ਵਿਦਵਾਨ ਭੀ ਲਿਖਦੇ ਹਨ ਕਿ :—

"ਸਾਡੇ ਦੇਸ਼ ਵਿਚ.ਜਨਤਾ ਦਾ ਨਿਸਚਾ ਤੇ ਅਸਲ ਹੋਰ ਸੀ ਅਤੇ ਫਲਾਸਫਰਾਂ ਦਾ ਮਤ ਹੋਰ ਸੀ । ਹਿੰਦੂ ਰਿਸ਼ੀਆਂ ਨੇ ਛੇ ਸ਼ਾਸਤਰਾਂ ਵਿਚ ਈਸ਼ਵਰ, ਸ੍ਰਿਸ਼ਟੀ ਰਚਨਾ, ਜੀਵ ਆਤਮ, ਕਰਮ ਗਿਆਨ ਤੇ ਯੋਗ ਆਦਿਕ ਤੇ ਵਿਚਾਰ ਕੀਤੀ ਹੈ । ਨਿਆਇ ਸ਼ਾਸਤਰ ਦਾ ਮਤ ਹੈ ਕਿ ਈਸ਼ਵਰ, ਜੀਵ ਅਤੇ ਪ੍ਰਕਿਰਤੀ ਤਿੰਨ ਚੀਜ਼ਾਂ ਅਨਾਦੀ ਹਨ । ਈਸ਼ਵਰ ਘੁਮਿਆਰ ਵਾਂਗ ਭਾਂਡੇ ਬਣਾਂਦਾ ਹੈ, ਪਰ ਚਕ ਅਤੇ ਮਿੱਟੀ ਉਸ ਤੋਂ ਵਖਰੇ ਹਨ ।"

[ਗੁਰਮਤਿ ਲੈਕਚਰ, ਪੰਨਾ 34

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਰੀਆ ਸਮਾਜ ਦੇ ਪ੍ਰਭੂ ਸਰੂਪ ਨੂੰ ਨਹੀਂ ਮੰਨਦੇ ਸਨ, ਉਹਨਾਂ ਨੇ ਆਪਣੀ ਪਵਿੱਤਰ ਬਾਣੀ ਵਿਚ ਥਾਂ ਥਾਂ ਇਕੋ ਇਕ ਪ੍ਰਭੂ ਨੂੰ ਅਨਾਦੀ ਤੇ ਆਦਿ-ਅੰਤ ਰਹਿਤ ਮੰਨ ਕੇ ਆਰੀਆ ਸਮਾਜ ਦੇ ਤਿਗੜੇ ਈਸ਼ਵਰ, ਜੀਵ ਤੇ ਪ੍ਰਕਿਰਤੀ ਦੇ ਅਨਾਦੀ ਹੋਣ ਦਾ ਖੰਡਨ ਕੀਤਾ ਹੈ।

ਇਕ ਹੋਰ ਸਿੱਖ ਵਿਦਵਾਨ ਜੀ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ—

"ਜੇਕਰ ਜੀਵ, ਈਸ਼ਵਰ ਤੇ ਮਾਦਾ ਇਹ ਤਿੰਨ ਤਾਕਤਾਂ ਵੱਖ ਵੱਖ ਮੰਨੀਆਂ ਜਾਵਨ, ਤਾਂ ਉਹ ਸਰਬ ਸ਼ਕਤੀਮਾਨ ਨਹੀਂ ਰਹਿ ਸਕੇਗਾ । ਕੇਵਲ ਘੁਮਿਆਰ ਦੀ ਤਰ੍ਹਾਂ ਅਲਪ ਸ਼ਕਤੀਮਾਨ ਯਾ ਕਰਮ ਸ਼ਕਤੀਮਾਨ ਬਣ ਜਾਵੇਗਾ ਤੇ ਤਾਕਤਾਂ ਵੰਡੀਆਂ ਜਾਣਗੀਆਂ ।

ਘੁਮਿਆਰ ਮਿੱਟੀ ਦਾ ਘੜਾ ਬਣਾ ਸਕਦਾ ਹੈ, ਪਰ ਪਾਣੀ ਦਾ ਘੜਾ ਨਹੀਂ ਬਣਾ ਸਕਦਾ, ਇਸ ਕਰਕੇ ਜੇ ਪਾਣੀ ਵਿਚ ਘੜਾ ਬਣਨ ਦੀ ਸ਼ਕਤੀ

Digitized by Panjab Digital Library | www.panjabdigilib.org

ਨਹੀਂ ਹੈ, ਤਾਂ ਘੁਮਿਆਰ ਵਿਚ ਵੀ ਘੜਾ ਬਨਾਵਨ ਦੀ ਸ਼ਕਤੀ ਨਾ ਰਹੀ, ਮਿੱਟੀ ਵਿਚ ਘੜਾ ਬਣਨ ਦੀ ਤਾਕਤ ਹੈ, ਤਾਂ ਘੁਮਿਆਰ ਵਿਚ ਘੜਾ ਬਨਾਵਣ ਦੀ ਤਾਕਤ ਹੋ ਗਈ। ਇਸੇ ਤਰ੍ਹਾਂ ਜੇ ਮਾਦੇ ਵਿਚ ਤੇ ਜੀਵ ਵਿਚ ਜਗਤ ਬਣਨ ਦੀ ਤਾਕਤ ਹੈ, ਤਾਂ ਵਾਹਿਗੁਰੂ ਵਿਚ ਭੀ ਜਗਤ ਦੇ ਬਨਾਵਣ ਦੀ ਤਾਕਤ ਹੋ ਗਈ ਤੇ ਜੇ ਜੀਵ ਤੇ ਮਾਦੇ ਵਿਚ ਇਹ ਤਾਕਤ ਨਾ ਰਹੀ, ਤਾਂ ਪ੍ਰਮਾਤਮਾ ਵਿਚ ਭੀ ਬਨਾਵਣ ਦੀ ਸ਼ਕਤੀ ਨਾ ਰਹੇਗੀ। ਸੋ ਇਸ ਤਰ੍ਹਾਂ ਤਾਕਤਾਂ ਦੀ ਵੰਡ ਹੋ ਜਾਵਣ ਨਾਲ ਵਾਹਿਗੁਰੂ ਤੇ ਕੇਵਲ ਕਰਮ ਸ਼ਕਤੀਮਾਨ ਤੇ ਅਲਪ ਵਿਆਪਕ ਰਹਿ ਜਾਏਗਾ। ਸਾਰੀਆਂ ਸਿਫਤਾਂ ਤੇ ਤਾਕਤਾਂ ਦਾ ਮਾਲਕ ਤਦ ਹੀ ਵਾਹਿਗੁਰੂ ਹੋ ਸਕਦਾ ਹੈ ਜੇ ਸਭ ਸ਼ਕਤੀਆਂ ਉਸ ਵਿਚ ਹੋਵਨ ਤੇ ਜੋ ਚਾਹੇ ਸੋ ਬਣਾਵੇ। ਕਿਸੇ ਦੂਜੀ ਵਸਤੂ ਦੇ ਅਧੀਨ ਨਾ ਹੋਵੇ।"

[ਪ੍ਰਤਖਯ ਦਰਸ਼ਨ, ਪੰਨਾ 39-40

ਇਸਲਾਮ ਨੇ ਵੀ ਜੀਵਾਤਮਾ ਨੂੰ ਅਨਾਦੀ ਨਹੀਂ ਮੰਨਿਆ ਸਗੋਂ ਇਸ ਦਾ ਪ੍ਰਭੂ ਦੇ ਅਮਰ (ਹੁਕਮ) ਦੁਆਰਾ ਹੋਂਦ ਵਿਚ ਆਉਣਾ ਵਰਣਨ ਕੀਤਾ ਹੈ, ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

وَيَسْـَٔلُونَكَ عَنِ ٱلرُّوحِ ۖ قُلِ ٱلرُّوحُ مِنْ أَمْرِ
رَبِّى وَمَآ أُوتِيتُم مِّنَ ٱلْعِلْمِ إِلَّا قَلِيلًا ۝

**ਅਰਥਾਤ** :—ਤੈਥੋਂ ਜੀਵਆਤਮਾਂਵਾਂ ਬਾਰੇ ਪ੍ਰਸ਼ਨ ਕੀਤੇ ਜਾਂਦੇ ਹਨ। ਤੂੰ ਇਹ ਕਹਿ ਦੇ ਕਿ ਜੀਵਤਾਮਾ ਮੇਰੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦੇ ਹੁਕਮ ਦੁਆਰਾ ਹੋਂਦ ਵਿਚ ਆਈ ਹੈ। ਇਹ ਅਨਾਦੀ ਨਹੀਂ ਹੈ, ਇਸ ਦੇ ਹੋਂਦ ਵਿਚ ਆਉਣ ਦੀ ਇਹ ਦਲੀਲ ਹੈ ਕਿ ਇਸ ਦਾ ਗਿਆਨ ਅਪੂਰਣ ਤੇ ਅਧੂਰਾ ਹੈ। ਜੇ ਇਹ ਅਨਾਦੀ ਹੁੰਦੀ ਤਾਂ ਇਸ ਦਾ ਗਿਆਨ ਵੀ ਸੰਪੂਰਣ ਹੁੰਦਾ।

ਇਕ. ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :—

"ਗੁਰੂ ਜੀ ਨੇ ਦਸਿਆ ਕਿ ਜੀਵ–ਪ੍ਰਕਿਰਤੀ ਅਤੇ ਈਸ਼ਵਰ ਤਿੰਨ ਅਨਾਦੀ ਨਹੀਂ, ਬਲਕਿ ਇਕ ਵਾਹਿਗੁਰੂ ਹੀ ਅਨਾਦੀ ਹੈ। ਉਹ "ਆਦਿ

Digitized by Panjab Digital Library | www.panjabdigilib.org

ਸਚੁ ਜੁਗਾਦਿ ਸਚੁ ਹੈ ਭੀ ਸਚੁ'' ਹੈ । ਉਸ ਅਕਾਲ ਦੇ ਫੁਰਨੇ ਨਾਲ ਸ੍ਰਿਸ਼ਟੀ ਬਣੀ ਹੈ।',

(ਗੁਰਮਤਿ ਲੈਕਚਰ, ਪੰਨਾ 35

ਇਸ ਤੋਂ ਇਹ ਗੱਲ ਸਿਧ ਹੋ ਜਾਂਦੀ ਹੈ ਕਿ ਸਿੱਖ ਵਿਦਵਾਨਾਂ ਦੇ ਵਿਚਾਰ ਅਨੁਸਾਰ ਵੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਰੀਆ ਸਮਾਜ ਵਿਚ ਮੰਨੇ ਜਾਂਦੇ ਤਿਗੜੇ (ਤਸਲੀਸ) ਈਸ਼ਵਰ, ਜੀਵ ਤੇ ਪ੍ਰਾਕਿਰਤੀ ਦੇ ਅਨਾਦੀ ਹੋਣ ਨੂੰ ਨਹੀਂ ਮੰਨਦੇ ਸਨ । ਗੁਰੂ ਜੀ ਦੇ ਵਿਚਾਰ ਅਨੁਸਾਰ ਇਕੋ ਇਕ ਪ੍ਰਭੂ ਅਨਾਦੀ ਤੇ ਆਦਿ ਅੰਤ ਰਹਿਤ ਹੈ । ਬਾਕੀ ਸਭ ਕੁਝ ਉਸ ਇਕ ਤੋਂ ਹੀ ਹੋਂਦ ਵਿਚ ਆਇਆ ਹੈ ।

Digitized by Panjab Digital Library | www.panjabdigilib.org

# ਪ੍ਰਭੂ ਕਿਸੇ ਦੇ ਪਾਪ ਮਾਫ਼ ਨਹੀਂ ਕਰ ਸਕਦਾ

ਆਰੀਆ ਸਮਾਜ ਦੇ ਪ੍ਰਭੂ ਬਾਰੇ ਤਸੱਵਰ ਵਿਚ ਇਹ ਗੱਲ ਵੀ ਸ਼ਾਮਲ ਹੈ ਕਿ ਪ੍ਰਭੂ ਕਿਸੇ ਵੀ ਪ੍ਰਾਣੀ ਦਾ ਕੋਈ ਛੋਟਾ ਵੱਡਾ ਪਾਪ ਮਾਫ਼ ਨਹੀਂ ਕਰ ਸਕਦਾ, ਜਿਹਾ ਕਿ ਆਰੀਆ ਸਮਾਜ ਦੇ ਪਰਸਿੱਧ ਪੁਸਤਕ ਸਤਿਆਰਥ ਪ੍ਰਕਾਸ਼ ਵਿਚ ਵਰਣਨ ਹੈ ਕਿ :—

"ਪ੍ਰਸ਼ਨ :—ਈਸ਼ਵਰ ਆਪਣੇ ਭਗਤਾਂ ਦੇ ਪਾਪ ਮਾਫ਼ ਕਰਦਾ ਹੈ ਕਿ ਨਹੀਂ ?

ਉੱਤਰ :—ਨਹੀਂ, ਕਿਉਂਕਿ ਜੇ ਉਹ ਪਾਪ ਮਾਫ਼ ਕਰੇ, ਤਾਂ ਉਸ ਦਾ ਨਿਆਂਇ ਜਾਂਦਾ ਰਹੇਗਾ ਤੇ ਸਾਰੇ ਮਨੁੱਖ ਵੱਡੇ ਪਾਪੀ ਹੋ ਜਾਣਗੇ ।"

(ਸਤਿਆਰਥ ਪ੍ਰਕਾਸ਼, ਸਮੁਲਾਸ 7

ਪਰ ਸ੍ਰੀ ਗੁਰੂ ਜੀ ਦਾ ਪ੍ਰਭੂ ਬਖਸ਼ਣਹਾਰ ਵੀ ਹੈ । ਗੁਰੂ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਆਪਣੇ ਬੰਦਿਆਂ ਦਾ ਪਸਚਾਤਾਪ ਪਰਵਾਨ ਕਰਕੇ ਓਹਨਾਂ ਦੇ ਸਾਰੇ ਪਾਪ ਮਾਫ਼ ਕਰਨ ਤੇ ਸਮਰਥ ਹੈ, ਜਿਹਾ ਕਿ ਆਪ ਨੇ ਫਰਮਾਇਆ ਹੈ ਕਿ :—

ਰਾਮ ਨਾਮੁ ਧਨੁ ਨਿਰਮਲੋ ਜੋ ਦੇਵੈ ਦੇਵਣਹਾਰੁ ।<br>
ਆਗੈ ਪੂਛ ਨ ਹੋਵਈ ਜਿਸੁ ਬੇਲੀ ਕਰਤਾਰ ।<br>
ਆਪਿ ਛਡਾਏ ਛੁਟੀਐ ਆਪੇ ਬਖਸ਼ਣਹਾਰ ।

(ਸਿਰੀ ਰਾਗ, ਮ: 1, ਪੰਨਾ 63

**ਅਰਥਾਤ**—ਮੇਰਾ ਪ੍ਰਭੂ ਨਿਰਮਲ ਧਨ ਹੈ, ਜੋ ਉਹ ਆਪ ਹੀ ਦੇਣਹਾਰ



Digitized by Panjab Digital Library | www.panjabdigilib.org

ਹੈ । ਜਿਸਦਾ ਉਹ ਆਪ ਸੰਗੀ-ਸਾਥੀ ਬਣ ਜਾਏ ਉਸਤੋਂ ਅੱਗੇ ਜਾ ਕੇ ਕੋਈ ਵੀ ਪੁਛਗਿਛ ਨਹੀਂ ਕੀਤੀ ਜਾਂਦੀ । ਜੇ ਉਹ ਆਪ ਹੀ ਪ੍ਰਾਣੀ ਨੂੰ ਛੱਡ ਦੇਵੇ, ਤਾਂ ਛੁਟ-ਕਾਰਾ ਮਿਲ ਸਕਦਾ ਹੈ । ਉਹ ਆਪ ਹੀ ਬਖਸ਼ਨਹਾਰ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫਰਮਾਇਆ ਹੈ ਕਿ—

ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ।
ਗੁਨਹਾਂ ਬਖਸ਼ਣਹਾਰ ਸਬਦੁ ਕਮਾਵਹੀ ।

[ਆਸਾ, ਮ:1, ਪੰਨਾ 429

**ਅਰਥਾਤ:**—ਆਪਣੇ ਸੁਆਮੀ ਪ੍ਰਭੂ ਨੂੰ ਦਿਲ ਵਿਚ ਵਸਾਉਣ ਨਾਲ ਕਿਸੇ ਪ੍ਰਾਣੀ ਨੂੰ ਕਦੇ ਵੀ ਕੋਈ ਪਛੁਤਾਵਾ ਨਹੀਂ ਹੁੰਦਾ । ਜੇ ਪ੍ਰਾਣੀ ਉਸ ਦੇ ਸ਼ਬਦ ਦਾ ਅਨੁਸਾਰੀ ਹੋ ਜਾਏ, ਬਖਸ਼ਣਹਾਰ ਪ੍ਰਭੂ ਉਸ ਦੇ ਸਾਰੇ ਪਾਪ ਮਾਫ਼ ਕਰ ਦਿੰਦਾ ਹੈ,

ਇਕ ਹੋਰ ਥਾਂ ਗੁਰੂ ਜੀ ਦਾ ਇਹ ਫੁਰਮਾਨ ਹੈ ਕਿ:—

ਜਾ ਆਏ ਤਾ ਤਿਨਹਿ ਪਠਾਏ ।
ਚਾਲੇ ਤਿਨੈ ਬੁਲਾਇ ਲਇਆ ।
ਜੋ ਕਿਛੁ ਕਰਨਾ ਸੋ ਕਰਿ ਰਹਿਆ ।
ਬਖਸ਼ਨਹਾਰੈ ਬਖਸ਼ਿ ਲਇਆ ।

[ਰਾਮਕਲੀ, ਮ:2 ਪੰਨਾ 207

**ਅਰਥਾਤ:**—ਪ੍ਰਾਣੀ ਇਸ ਜਗ ਤੇ ਪ੍ਰਭੂ ਦਾ ਭੇਜਿਆ ਹੋਇਆ ਹੀ ਆਉਂਦਾ ਹੈ ਅਤੇ ਜਦ ਉਹ ਵਾਪਸ ਸਦ ਲੈਂਦਾ ਹੈ, ਤਾਂ ਉਹ ਤੁਰ ਜਾਂਦਾ ਹੈ । ਅਰਥਾਤ ਪ੍ਰਾਣੀ ਨਾ ਤਾਂ ਆਪਣੀ ਇੱਛਾ ਨਾਲ ਇਸ ਜਗ ਤੇ ਆਉਂਦਾ ਹੈ ਤੇ ਨਾ ਆਪਣੀ ਮਰਜ਼ੀ ਨਾਲ ਜਾਂਦਾ ਹੈ । ਪ੍ਰਭੂ ਜੋ ਕੁਝ ਚਾਹੁੰਦਾ ਹੈ, ਉਹ ਕਰਦਾ ਹੈ ਤੇ ਉਹ ਬਖਸ਼ਨਹਾਰ ਵੀ ਹੈ, ਜਿਸ ਨੂੰ ਚਾਹੁੰਦਾ ਹੈ, ਮਾਫ਼ ਕਰ ਦਿੰਦਾ ਹੈ ।

ਸ੍ਰੀ ਗੁਰੂ ਨਾਨਕ ਜੀ ਦੇ ਏਹਨਾਂ ਵਿਚਾਰਾਂ ਦੇ ਆਧਾਰ ਤੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਇਹ ਵਰਣਨ ਹੈ ਕਿ—

ਲੇਖੈ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰੁ ।
ਬਖਸਣਹਾਰੁ ਬਖਸਿ ਲੈ ਨਾਨਕ ਪਾਰ ਉਤਾਰਿ ।

(ਗਾਉੜੀ, ਮ: 5 ਪੰਨਾ 261

Digitized by Panjab Digital Library | www.panjabdigilib.org

**ਅਰਥਾਤ:**—ਹੇ ਪ੍ਰਭੂ ! ਜੇ ਤੂੰ ਸਾਡੇ ਨਾਲ ਲੇਖਾ-ਪੱਤਾ ਕਰੇਂਗਾ, ਤਾਂ ਸਾਡਾ ਕੋਈ ਟਿਕਾਣਾਂ ਨਹੀਂ ਹੋਵੇਗਾ।, ਕਿਉਂਕਿ ਅਸੀਂ ਤੇ ਪੈਰ ਪੈਰ ਤੇ ਭੁੱਲਾਂ ਕਰਦੇ ਹਾਂ ਹੇ ਬਖਸ਼ਨਹਾਰ ਪ੍ਰਭੂ ! ਤੂੰ ਆਪ ਹੀ ਸਾਨੂੰ ਬਖਸ਼ ਲੈ ਤੇ ਪਾਰ ਲਾ ਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਜਨਹਾਰ ਪ੍ਰਭੂ ਦਾ ਸੱਚੇ ਪਸਚਾਤਾਪ ਨੂੰ ਪਰਵਾਨ ਕਰਨਾ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

ਹਰਿ ਜੀਉ ਨਿਮਾਣਿਆ ਤੂੰ ਮਾਣੁ।
ਨਿਚੀਜਿਆ ਚੀਜ ਕਰੇ ਮੇਰਾ ਗੋਬਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ।
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ,
ਕਹਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

[ਸੋਰਠ ਮ: 5, ਪੰਨਾ 624-25

ਅਰਥਾਤ:—ਪ੍ਰਭੂ ਨਿਮਾਣਿਆਂ ਦਾ ਮਾਣ ਹੈ ਤੇ ਉਹ ਨਿਚੀਜਿਆਂ ਨੂੰ ਆਦਰ ਦਿੰਦਾ ਹੈ। ਹੇ ਪ੍ਰਭੂ ! ਮੈਂ ਤੇਰੀ ਕੁਦਰਤ ਤੋਂ ਬਲਿਹਾਰ ਹਾਂ। ਜਿਸ ਤਰ੍ਹਾਂ ਇਕ ਬਾਲਕ ਆਪਣੇ ਸੁਭਾਉ ਅਨੁਸਾਰ ਲੱਖ ਅਪਰਾਧ ਕਰਦਾ ਹੈ ਤੇ ਉਸ ਦਾ ਪਿਤਾ ਉਸ ਨੂੰ ਕਦੇ ਪਿਆਰ ਨਾਲ ਤੇ ਕਦੇ ਝਿੜਕ ਦੇਕੇ ਸਮਝਾਉਂਦਾ ਹੈ ਅਤੇ ਫੇਰ ਉਸ ਨੂੰ ਗਲ ਨਾਲ ਲਾ ਲੈਂਦਾ ਹੈ। ਇਸੇ ਤਰ੍ਹਾਂ ਹੀ ਸਾਜਨਹਾਰ ਪ੍ਰਭੂ ਉਸ ਪ੍ਰਾਣੀ ਦੇ ਸਾਰੇ ਹੀ ਔਗੁਣ ਬਖਸ਼ ਦਿੰਦਾ ਹੈ, ਜੋ ਅੱਗੋਂ ਸਿੱਧੇ ਮਾਰਗ ਵਲ ਲਗ ਜਾਏ।

ਇਸਲਾਮ ਧਰਮ ਦੀ ਸ਼ੁਭ ਸਿੱਖਿਆ ਅਨੁਸਾਰ ਵੀ ਸਾਜਨਹਾਰ ਪ੍ਰਭੂ ਬਖਸ਼ਨਹਾਰ ਹੈ ਤੇ ਉਹ ਹਰ ਉਸ ਪ੍ਰਾਣੀ ਦੇ ਸਾਰੇ ਔਗੁਣ, ਅਪਰਾਧ, ਤੇ ਪਾਪ ਮਾਫ਼ ਕਰਨ ਤੇ ਸਮਰਥ ਹੈ, ਜੋ ਸੱਚੇ ਦਿਲੋਂ ਪਸਚਾਤਾਪ ਕਰ ਕੇ ਸੁਮਾਰਗ ਵਲ ਜਾਂਦਾ ਹੈ, ਜਿਹਾ ਕਿ ਕੁਰਾਨ ਸ਼ਰੀਫ਼ ਦਾ ਕਥਨ ਹੈ ਕਿ:...

وَاللّٰهُ غَفُوْرٌ رَّحِيْمٌ ○ — اَلَمْ يَعْلَمُوْا
اَنَّ اللّٰهَ هُوَ يَقْبَلُ التَّوْبَةَ عَنْ عِبَادِهٖ —
— وَاَنَّ اللّٰهَ هُوَ التَّوَّابُ الرَّحِيْمُ

Digitized by Panjab Digital Library | www.panjabdigilib.org

**ਅਰਥਾਤ:**—ਇਸਲਾਮ ਦਾ ਪ੍ਰਭੂ ਬਖਸ਼ਣਹਾਰ ਤੇ ਵੱਡਾ ਮਿਹਰਬਾਨ ਵੀ ਹੈ। ਕੀ ਉਹਨਾਂ ਨੂੰ ਇਸਦਾ ਗਿਆਨ ਨਹੀਂ ਕਿ ਪ੍ਰਭੂ ਆਪਣੇ ਭਗਤ ਜਨਾਂ ਦਾ ਸੱਚਾ ਪਸਚਾਤਾਪ ਪਰਵਾਨ ਕਰ ਲਿਆ ਕਰਦਾ ਹੈ। ਬੇਸ਼ਕ ਪ੍ਰਭੂ ਪਸਚਾਤਾਪ ਪਰਵਾਨ ਕਰਨ ਵਾਲਾ ਤੇ ਵੱਡਾ ਮਿਹਰਬਾਨ ਹੈ।

إِنَّهُ مَنْ عَمِلَ مِنْكُمْ سُوْءً بِجَهَالَةٍ ثُمَّ تَابَ
مِنْ بَعْدِهٖ وَاَصْلَحَ فَاِنَّهٗ غَفُوْرٌ رَّحِيْمٌ ۝

ਇਕ ਹੋਰ ਥਾਂ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ:—

**ਅਰਥਾਤ:**—ਤੁਹਾਡੇ ਵਿਚੋਂ ਜੇ ਕੋਈ ਪ੍ਰਾਣੀ ਆਪਣੀ ਅਗਿਆਨਤਾ ਤੇ ਭੁਲ ਨਾਲ ਕੋਈ ਅਪਰਾਧ ਕਰ ਬੈਠੇ ਤੇ ਫੇਰ ਉਸ ਤੋਂ ਮਗਰੋਂ ਸੱਚਾ ਪਸਚਾਤਾਪ ਕਰ ਕੇ ਆਪਣਾ ਸੁਧਾਰ ਕਰ ਲਏ, ਤਾਂ ਪ੍ਰਭੂ ਉਸ ਦੇ ਸਾਰੇ ਪਿਛਲੇ ਅਪਰਾਧ ਤੇ ਪਾਪ ਮਾਫ਼ ਕਰ ਦੇਵੇਗਾ; ਕਿਉਂਕਿ ਉਹ ਬਖਸ਼ਣਹਾਰ ਤੇ ਵੱਡਾ ਮਿਹਰਬਾਨ ਹੈ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਜਿਸ ਪ੍ਰਭੂ ਨੂੰ ਮੰਨਦੇ ਸਨ, ਉਹ ਵੱਡਾ ਬਖਸ਼ਨਹਾਰ ਤੇ ਮਿਹਰਬਾਨ ਵੀ ਹੈ, ਜੋ ਸ਼ੱਚੇ ਦਿਲੋਂ ਪਸਚਾਤਾਪ ਕਰਨ ਵਾਲੇ ਪ੍ਰਾਣੀ ਦੇ ਸਾਰੇ ਛੋਟੇ ਵੱਡੇ ਅਪਰਾਧ ਤੇ ਪਾਪ ਮਾਫ਼ ਕਰਨ ਤੇ ਸਮਰਥ ਹੈ। ਲੋੜ ਕੇਵਲ ਇਸ ਗੱਲ ਦੀ ਹੈ ਕਿ ਪਸਚਾਤਾਪ ਕਰਨ ਵਾਲਾ ਪ੍ਰਾਣੀ ਮੁੜ ਅਪਰਾਧਾਂ ਤੇ ਪਾਪਾਂ ਵਿਚ ਖਚਿਤ ਹੋਣ ਦਾ ਯਤਨ ਨਾ ਕਰੇ ਪ੍ਰਭੂ ਦੀ ਇਹ ਬਖਸ਼ਿਸ਼ ਕਿਸੇ ਖਾਸ ਦੇਸ, ਸਮੇ, ਜਾਤੀ, ਵੰਸ, ਘਰਾਨੇ, ਜਾਂ ਕਬੀਲੇ ਨਾਲ ਹੀ ਸੰਬੰਧਤ 'ਨਹੀਂ ਹੈ, ਸਗੋਂ ਸਾਰੇ ਜਗ ਦੇ ਅੱਡ ਅੱਡ ਦੇਸਾਂ, ਜਤੀਆਂ ਤੇ ਘਰਾਣਿਆਂ ਨਾਲ ਸੰਬੰਧਤ ਲੋਕ ਇਸਤੋਂ ਲਾਭ ਉਠਾ ਸਕਦੇ ਹਨ।

———

Digitized by Panjab Digital Library | www.panjabdigilib.org

# ਵੇਦਾਂਤ ਮਤਿ ਵਿਚ ਪ੍ਰਭੂ ਦਾ ਤਸੱਵਰ
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਹਿੰਦੂਆਂ ਦੇ ਕਈ ਫਿਰਕਿਆਂ ਵਿਚ ਦੋ ਪ੍ਰਭੂ ਜਾਂ ਪ੍ਰਭੂ ਨੂੰ ਦੋ ਦਾ ਸਮੁਦਾਇ ਮੰਨਣ ਦਾ ਵਿਚਾਰ ਵੀ ਹੈ। ਵੇਦਾਂਤ ਮਤਿ ਨਾਲ ਸੰਬੰਧ ਰੱਖਣ ਵਾਲੇ ਹਿੰਦੂ ਈਸ਼ਵਰ ਤੇ ਬ੍ਰਹਮ-ਦੋ ਪ੍ਰਭੂ ਮੰਨਦੇ ਹਨ; ਜਿਹਾ ਕਿ ਇਕ ਸਿੱਖ ਵਿਦਵਾਨ ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਲਿਖਦੇ ਹਨ ਕਿ :—

> "ਵੇਦਾਂਤ ਨੇ ਦੋ ਰੱਬ ਮੰਨੇ ਹਨ : ਇਕ ਈਸ਼ਵਰ ਅਤੇ ਇਕ ਬ੍ਰਹਮ। ਈਸ਼ਵਰ ਪੈਦਾ ਕਰਨ ਵਾਲਾ ਹੈ, ਜੋ ਸਰਗੁਣ ਹੈ ਅਤੇ ਇਕ ਪਾਰਬ੍ਰਹਮ ਹੈ ਜੋ ਨਿਰਗੁਣ ਹੈ। ਸਾਂਖ ਸ਼ਾਸਤਰ ਵਿਚ ਕਪਲ ਜੀ ਨੇ ਦੋ ਸ਼ਕਤੀਆਂ ਮੰਨੀਆਂ ਹਨ : ਪ੍ਰਕਿਰਤੀ ਅਤੇ ਪੁਰਸ਼। ਪ੍ਰਕਿਰਤੀ ਇਕ ਭੌਤਕ ਅਤੇ ਸਰੀਰਕ ਸ਼ਕਤੀ ਹੈ, ਜਿਸ ਰਾਹੀਂ ਭੌਤਕ ਵਿਕਾਸ ਹੁੰਦਾ ਹੈ। ਪੁਰਸ਼ ਇਕ ਸਰਬ ਵਿਆਪੀ ਆਤਮਾ ਹੈ, ਜੋ ਇਸ ਵਿਕਾਸ ਕਰਨ ਦੀ ਤਾਕਤ ਨੂੰ ਹਲੂਣਾ ਦਿੰਦੀ ਹੈ।"
>
> [ਸਿੱਖ ਵਿਚਾਰਧਾਰਾ ਪੰਨਾ 27]

ਜਿੱਥੋਂ ਤਕ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰਾਂ ਤੇ ਸਿੱਧਾਂਤਾਂ ਦਾ ਸੰਬੰਧ ਹੈ, ਸ੍ਰੀ ਗੁਰੂ ਜੀ ਮਹਾਰਾਜ ਕਿਸੇ ਵੀ ਦੂਜੇ ਪ੍ਰਭੂ ਨੂੰ ਨਹੀਂ ਮੰਨਦੇ ਸਨ ਅਰਥਾਤ ਗੁਰੂ ਜੀ "ਦੁਗੜੇ" (ਦੋ ਪ੍ਰਭੂ) ਦੇ ਵਿਚਾਰ ਦੇ ਧਾਰਨੀ ਨਹੀਂ ਸਨ। ਆਪ ਇੱਕੋ ਇਕ ਪ੍ਰਭੂ ਨੂੰ ਮੰਨਦੇ ਸਨ ਤੇ ਉਸ ਨਾਲ ਕਿਸੇ ਦੂਜੇ ਜਾਂ ਤੀਜੇ ਨੂੰ ਰਲਾਉਣਾ ਅਯੋਗ ਸਮਝਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਸਾਰੇ ਹੀ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਵਿਚ ਕੋਈ ਦੂਜਾ ਪ੍ਰਭੂ ਨਹੀਂ ਹੈ। ਇੱਕੋ ਇਕ ਪ੍ਰਭੂ ਹੀ ਰਚਨਹਾਰ ਹੈ ਤੇ ਉਸ ਇੱਕੋ ਇਕ ਨੇ ਹੀ ਸਾਰੀ ਰਰਨਾ ਰਚਾਈ ਹੈ। ਉਹੋ ਹੀ ਸਾਰਿਆਂ



Digitized by Panjab Digital Library | www.panjabdigilib.org

ਦਾ ਪਾਲਨਹਾਰ ਹੈ ਤੇ ਬਿਨਾਂ ਕਿਸੇ ਵਿਤਕਰੇ ਦੇ ਸਭ ਜੀਅ ਜੰਤ ਦੀ ਇਕ ਸਮਾਨ ਪਾਲਨਾ ਕਰ ਰਿਹਾ ਹੈ।

ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ :—

ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ।
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ "ਦੂਜਾ"।
ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ।
ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ।
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ।
ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ।
ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ।
ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ।

[ਸਾਰੰਗ, ਮ: 1, ਪੰਨਾ 1233]

ਸ੍ਰੀ ਨਾਨਕ ਜੀ ਮਹਾਰਾਜ ਨੇ ਆਪਣੇ ਇਸ ਪਵਿੱਤਰ ਸ਼ਬਦ ਵਿਚ ਇਕ ਤੋਂ ਵਧੀਕ ਪ੍ਰਭੂਆਂ ਦੇ ਵਿਚਾਰ ਦਾ ਸਪਸ਼ਟ ਅੱਖਰਾਂ ਵਿਚ ਖੰਡਨ ਕੀਤਾ ਹੈ। ਆਪ ਫ਼ਰਮਾਂਉਂਦੇ ਹਨ ਕਿ ਮੇਰਾ ਪ੍ਰਭੂ ਹੀਰਿਆਂ ਦੀ ਕਾਨ ਹੈ ਤੇ ਉਹ ਗਹਰ ਗੰਭੀਰ ਸਾਗਰ ਹੈ। ਉਸ ਤੋਂ ਛੁੱਟ ਕੋਈ ਵੀ ਦੂਜਾ ਨਹੀਂ ਹੈ। ਉਸ ਦੇ ਸ਼ਬਦ ਤੇ ਵਿਚਾਰ ਕੀਤਿਆਂ ਪ੍ਰਾਣੀ ਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ। ਮੈਂ ਆਪਣੇ ਮਨ ਨੂੰ ਮਾਰ ਕੇ ਨਿਰਮਲ ਪਦ ਨੂੰ ਪਛਾਣ ਲਿਆ ਹੈ। ਮੈਂ ਹੁਣ ਹਰੀ ਦੇ ਰਸ ਵਿਚ ਰਤਿਆ ਗਿਆ ਹਾਂ। ਮੈਂ ਹੁਣ ਇੱਕੋ ਇਕ ਪ੍ਰਭੂ ਤੋਂ ਛੁੱਟ ਕਿਸੇ ਹੋਰ ਨੂੰ ਜਾਣਦਾ ਪਛਾਣਦਾ ਹੀ ਨਹੀਂ। ਮੇਰੇ ਸਤਿਗੁਰੂ ਨੇ ਮੈਨੂੰ ਤਤ ਸਮਝਾ ਦਿੱਤਾ ਹੈ। ਉਹ ਅਗਮ ਅਗੋਚਰ ਤੇ ਅਜੂਨੀ ਹੈ, ਭਾਵ ਇਹ ਹੈ ਕਿ ਨਾ ਤਾਂ ਉਸ ਤਕ ਕਿਸੇ ਦੀ ਪਹੁੰਚ ਹੈ ਤੇ ਨਾ ਉਹ ਆਪ ਕਿਸੇ ਜੂਨੀ ਵਿਚ ਆਉਂਦਾ ਹੈ। ਮੈਂ ਗੁਰੂ ਦੀ ਮਤਿ ਦੁਆਰਾ ਉਸ ਇੱਕੋ ਇਕ ਨੂੰ ਜਾਣ ਲਿਆ ਹੈ, ਜਾਂ ਉਸ ਨੂੰ ਇੱਕੋ ਇਕ ਸਮਝ ਲਿਆ ਹੈ। ਮੇਰਾ ਮਨ ਉਸ ਨਾਲ ਭਰ ਗਿਆ ਹੈ ਤੇ ਹੁਣ ਉਹ ਉੱਕਾ ਹੀ ਨਹੀਂ ਡੋਲਦਾ। ਹੁਣ ਮੇਰੇ ਮਨ ਨੂੰ ਮਨ ਤੋਂ ਹੀ ਤਸੱਲੀ ਹੋ ਗਈ ਹੈ। ਮੈਂ ਆਪਣੇ ਗੁਰੂ ਦੀ ਕਿਰਪਾ ਨਾਲ ਉਹ ਗੱਲ ਵਰਣਨ ਕਰ ਦਿੱਤੀ ਹੈ ਜੋ ਕਹੀ ਨਹੀਂ ਜਾ ਸਕਦੀਸੀ। ਮੈਂ ਉਹੋ ਕੁਝ ਹੀ ਕਿਹਾ ਹੈ,

Digitized by Panjab Digital Library | www.panjabdigilib.org

ਜੋ ਉਹ ਕਹਾਉਣਾ ਚਾਹੁੰਦਾ ਸੀ। ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੇਰਾ ਪ੍ਰਭੂ ਦੀਨ ਦਿਆਲ ਹੈ। ਉਸ ਤੋਂ ਛੁਟ ਮੈਂ ਕਿਸੇ ਦੂਜੇ ਨੂੰ ਜਾਣਦਾ ਹੀ ਨਹੀਂ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਅਉਗੁਣ ਵੀਸਾਰਿਆ ਗੁਣੀ ਘਰੁ ਕੀਆ ਰਾਮ।
ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ।
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ।
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ।
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ।
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ।

[ਤੁਖਾਰੀ, ਮ: 1, ਪੰਨਾ 111

**ਅਰਥਾਤ** :—ਜਦ ਪ੍ਰਾਣੀ ਆਪਣੇ ਔਗੁਣ ਵਿਸਾਰ ਦਿੰਦਾ ਹੈ, ਤਾਂ ਉਸ ਦੇ ਅੰਦਰ ਗੁਣ ਆ ਜਾਂਦੇ ਹਨ। ਇੱਕੋ ਇਕ ਪ੍ਰਭੂ ਹੀ ਹਰ ਥਾਂ ਰਮਿਆ ਹੋਇਆ ਹੈ। ਕੋਈ ਦੂਜਾ ਉਸ ਦਾ ਭਾਈਵਾਲ ਨਹੀਂ ਹੈ। ਉਹ ਸੁਆਮੀ ਸਭ ਥਾਂ ਰਵਿ ਰਿਹਾ ਹੈ ਉਸ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ ਹੈ। ਮਨ ਨੂੰ ਮਨ ਤੋਂ ਹੀ ਧੀਰਜ ਮਿਲ ਜਾਂਦਾ ਹੈ ਜਿਸ ਨੇ ਸਾਰੇ ਜਲ ਥਲ ਤੇ ਤਿੰਨੇ ਜਹਾਨ ਹੋਂਦ ਵਿਚ ਆਂਦੇ ਹੈ, ਅਤੇ ਸਾਰੇ ਦਿਨ ਸਥਾਪਨ ਕੀਤੇ ਹਨ, ਉਸ ਨੂੰ ਗੁਰੂ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਉਹੋ ਹੀ ਕਰਣਕਾਰਣ, ਸਰਬ ਸ਼ਕਤੀਮਾਨ ਤੇ ਬੇਅੰਤ ਹੈ। ਤਿੰਨਾਂ ਹਾਲਤਾਂ ਵਾਲੀ ਮਾਇਆ ਮੇਸ ਕੇ ਹੀ ਪ੍ਰਾਣੀ ਉਸ ਨੂੰ ਪ੍ਰਾਪਤ ਹੋ ਸਕਦਾ ਹੈ। ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਫੇਰ ਪ੍ਰਾਣੀ ਦੇ ਔਗੁਣ ਗੁਣਾਂ ਵਿਚ ਬਦਲ ਜਾਂਦੇ ਹਨ ਅਤੇ ਇਹ ਸਮਝ ਉਸ ਨੂੰ ਸੱਚੇ ਗੁਰੂ ਤੋਂ ਹੀ ਪ੍ਰਾਪਤ ਹੋ ਸਕਦੀ ਹੈ।

ਗੁਰੂ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਹੋਰ ਵੀ ਕਈ ਥਾਈਂ ਦੁਗੜੇ (ਦੋ ਪ੍ਰਭੂ ਮੰਨਣ) ਦੇ ਵਿਚਾਰ ਦਾ ਖੰਡਨ ਕੀਤਾ ਹੈ ਤੇ ਇਸ ਸਾਰੇ ਵਿਸ਼ਵ ਦਾ ਇੱਕੋ ਇਕ ਹੀ ਸਾਜਨਹਾਰ ਤੇ ਪਾਲਨਹਾਰ ਵਰਣਨ ਕੀਤਾ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਸਾਜਨਹਾਰ ਪ੍ਰਭੂ ਨੇ ਸਾਰੇ ਖੰਡ, ਮੰਡਲ ਬ੍ਰਹਿਮੰਡ ਆਪਣੀ ਕੁਦਰਤ ਨਾਲ ਹੀ ਸਾਜੇ ਹਨ। ਉਸ ਨੂੰ ਇਸ ਬਾਰੇ ਕਿਸੇ ਦੂਜੇ ਦੀ ਸਹਾਇਤਾ ਦੀ ਕੋਈ ਲੋੜ ਨਹੀਂ ਪਈ ਸੀ। ਉਹੋ ਇੱਕੋ ਇਕ ਹੀ ਸਭ ਦਾ ਪ੍ਰਤਿ ਮਾਲਕ ਹੈ। ਤੇ

Digitized by Panjab Digital Library | www.panjabdigilib.org

ਉਹ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕਰਦਾ। ਉਸ ਤੋਂ ਛੁਟ ਕੋਈ ਹੋਰ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਨਹੀਂ ਹੈ। ਉਹੋ ਹੀ ਸਰਗੁਣ ਵੀ ਤੇ ਉਹੋ ਹੀ ਨਿਰਗੁਣ ਵੀ ਹੈ। ਏਹ ਦੋ ਉਸ ਦੇ ਮੁਖ ਗੁਣ ਹਨ। ਜੋ ਲੋਕ ਦੁਗੜੇ (ਦੋ ਪ੍ਰਭੂਆਂ) ਜਾਂ ਤਿਗੜੇ (ਤਿੰਨ ਪ੍ਰਭੂਆਂ) ਨੂੰ ਮੰਨਦੇ ਹਨ, ਅਰਥਾਤ ਜੋ ਪ੍ਰਭੂ ਨਾਲ ਕਿਸੇ ਦੂਜੇ ਜ਼ਾਂ ਤੀਜੇ ਨੂੰ ਰਲਾਉਂਦੇ ਹਨ, ਓਹ ਗੁਰੂ ਜੀ ਦੇ ਵਿਚਾਰ ਅਨੁਸਾਰ ਵੱਡੀ ਭੁੱਲ ਵਿਚ ਹਨ।

ਇਕ ਸਿੱਖ ਵਿਦਵਾਨ ਜੀ ਦਾ ਕਥਨ ਹੈ ਕਿ :—

"ਸਤਿਗੁਰਾਂ ਨੇ ਫ਼ਰਮਾਇਆ ਹੈ ਕਿ ਈਸ਼ਵਰ ਅਤੇ ਪਾਰਬ੍ਰਹਮ ਦੋ ਰੱਬ ਨਹੀਂ ਹਨ। ਨਿਰੰਕਾਰ ਆਪ ਹੀ ਨਿਰਗੁਣ ਹੈ ਅਤੇ ਆਪ ਹੀ ਸਰਗੁਣ ਹੈ। ਇੱਥੇ ਵੇਦਾਂਤ ਨਾਲ ਮਤਿਭੇਦ ਹੈ।"

[ਸਿੱਖ ਵਿਚਾਰਧਾਰਾ ਪੰਨਾ 28]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

ਨਿਰਗੁਨੁ ਆਪਿ ਸਰਗੁਨੁ ਭੀ ਓਹੀ।
ਕਲਾਧਾਰਿ ਜਿਨਿ ਸਗਲੀ ਮੋਹੀ।
ਅਪਨੇ ਚਰਿਤ ਪ੍ਰਭਿ ਆਪਿ ਬਨਾਏ।
ਅਪੁਨੀ ਕੀਮਤਿ ਆਪੇ ਪਾਏ।
ਹਰਿ ਬਿਨੁ ਦੂਜਾ ਨਾਹਿ ਕੋਇ।
ਸਰਬ ਨਿਰੰਤਰਿ ਏਕੋ ਸੋਇ।
ਓਤਿ ਪੋਤਿ ਰਵਿਆ ਰੂਪ ਰੰਗ।
ਭਏ ਪ੍ਰਗਾਸ ਸਾਧ ਕੇ ਸੰਗ।
ਰਚਿ ਰਚਨਾ ਅਪਨੀ ਕਲਧਾਰੀ।
ਅਨਿਕ ਬਾਰ ਨਾਨਕ ਬਲਿਹਾਰੀ।

[ਗਉੜੀ, ਮ: 4 ਪੰਨਾ 2788]

**ਅਰਥਾਤ**:—ਉਹ ਪ੍ਰਭੂ ਆਪ ਹੀ ਨਿਰਗੁਣ ਤੇ ਆਪ ਹੀ ਸਰਗੁਣ ਹੈ। ਜਿਸ ਨੇ ਆਪਣੀ ਸ਼ਕਤੀ ਤੇ ਕੁਦਰਤ ਨਾਲ ਸਾਰੀ ਸ੍ਰਿਸ਼ਟੀ ਨੂੰ ਮੋਹਿਤ ਕੀਤਾ ਹੋਇਆ ਹੈ। ਪ੍ਰਭੂ ਨੇ ਆਪਣੇ ਕੌਤਕ ਆਪ ਹੀ ਰਚੇ ਹੋਏ ਹਨ। ਆਪਣਾ ਮੁੱਲ ਉਹ ਆਪ ਹੀ

Digitized by Panjab Digital Library | www.panjabdigilib.org

ਜਾਣਦਾ ਹੈ। ਪ੍ਰਭੂ ਓਂ ਬਿਨਾਂ ਕੋਈ ਦੂਜਾ ਪ੍ਰਭੂ ਨਹੀਂ ਹੈ। ਸਾਰਿਆਂ ਉਹ ਅੰਦਰ ਰਮਿਆ ਹੋਇਆ ਹੈ। ਤਾਣੇ ਪੇਟੇ ਵਾਂਗ ਉਹ ਸਾਰੀਆਂ ਸੂਰਤਾਂ ਤੇ ਰੰਗਤਾਂ ਅੰਦਰ ਸਮਾਇਆ ਹੋਇਆ ਹੈ। ਕੋਈ ਵੀ ਥਾਂ ਉਸ ਤੋਂ ਸੱਖਣੀ ਨਹੀਂ ਹੈ। ਸਾਧ-ਜਨਾਂ ਦੀ ਸੰਗਤ ਕੀਤਿਆਂ ਉਹ **ਪਰਗਟ** ਹੋ ਜਾਂਦਾ ਹੈ। ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਉਸ ਦੇ ਅੰਦਰ ਆਪਣੀ ਸਤਾ ਫੂਕ ਦਿੱਤੀ ਹੈ। ਗੁਰੂ ਨਾਨਕ ਜੀ ਉਸ ਤੋਂ ਅਨੇਕਾਂ ਵਾਰ ਬਲਿਹਾਰੇ ਜਾਂਦੇ ਹਨ।

ਇਕ ਹੋਰ ਥਾਂ ਇਸ ਸੰਬੰਧੀ ਇਹ ਫ਼ਰਮਾਇਆ ਹੈ ਕਿ:—

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਈ।
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹਿਅਲਿ ਸੋਈ।

[ਗਉੜੀ ਮ: 4, ਪੰਨਾ 279

**ਅਰਥਾਤ:**— ਇਸ ਜਗ ਦਾ ਕਰਣ ਕਾਰਣ ਇੱਕੋਇਕ ਪ੍ਰਭੂ ਹੀ ਹੈ ਉਸ ਦੇ ਨਾਲ ਕੋਈ ਦੂਜੀ ਚੀਜ਼ ਜਾਂ ਵਿਅਕਤੀ ਭਾਈਵਾਲ ਨਹੀਂ ਹੈ। ਪੰਜਵੇ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ ਕਿ ਮੈਂ ਉਸ ਤੋਂ ਵਾਰਨੇ ਜਾਂਦਾ ਹਾਂ, ਜੋ ਸਾਰੇ ਜਲਾਂ ਥਲਾਂ ਤੇ ਉਹਨਾਂ ਦੇ ਵਿਚਾਲੇ ਸਮਾਇਆ ਹੋਇਆ ਹੈ।

ਗੁਰਮਤਿ ਵਿਚ ਪ੍ਰਕਿਰਤੀ ਪੁਰਸ਼ ਦੋ ਸ਼ਕਤੀਆਂ ਨੂੰ ਕਪਲ ਰਿਸ਼ੀ ਵਾਂਗ ਅਨਾਦੀ ਨਹੀਂ ਮੰਨਿਆ ਗਿਆ; ਜਿਹਾ ਕਿ ਗੁਰਬਾਣੀ ਵਿਚ ਵਰਣਨ ਹੈ ਕਿ:—

ਜਬ ਆਪਨ ਆਪ ਆਪਿ ਪਾਰ ਬ੍ਰਹਮ।
ਤਬ ਮੋਹ ਕਹਾ ਕਿਸ ਹੋਵਤ ਭਰਮ।
ਆਪਨ ਖੇਲੁ ਅਪਿ ਵਰਤੀਜਾ।
ਨਾਨਕ ਕਰਨੈਹਾਰੁ ਨ ਦੂਜਾ।
... ... ... ...
ਜਬ ਨਿਰਗੁਨ ਪ੍ਰਭ ਸਹਜ ਸੁਭਾਇ।
ਤਬ ਸਿਵ ਸਕਤਿ ਕਹਹੁ ਕਿਤੁ ਠਾਇ।

[ਗਉੜੀ ਮ: 5, ਪੰਨਾ 291

**ਅਰਥਾਤ:**—ਪ੍ਰਭੂ ਆਪ ਹੀ ਸਭ ਕੁਝ ਸੀ, ਅਰਥਾਤ ਉਸ ਤੋਂ ਛੁੱਟ ਕੁਝ ਵੀ ਨਹੀਂ ਸੀ, ਉਦੋਂ ਮੋਹ ਕਿਥੇ ਸੀ ਤੇ ਭਰਮ ਕਿਸ ਨੂੰ ਸੀ ? ਆਪਣੀ ਖੇਡ ਉਸ ਨੇ ਆਪ ਹੀ ਵਰਤਾਈ ਹੈ। ਨਾਨਕ ਜੀ ਕਹਿੰਦੇ ਹਨ ਕਿ ਕੋਈ ਦੂਜਾ ਕਰਣੈਹਾਰ ਨਹੀਂ ਹੈ; ਇੱਕੋ ਇਕ ਹੀ ਹੈ। —ਜਦ ਨਿਰਗੁਣ ਪ੍ਰਭੂ ਆਪਣੇ ਸੁਭਾਉ ਅਨੁਸਾਰ

Digitized by Panjab Digital Library | www.panjabdigilib.org

(ਇੱਕੋਇਕ ਹੀ) ਸੀ ਉਦੋਂ ਸ਼ਿਵ ਤੇ ਸ਼ਕਤੀ ਕਿੱਥੇ ਸੀ। ਚੇਤੇ ਰਹੇ ਕਿ ਇਸ ਥਾਂ ਵਰਤੇ ਪਦ ਸ਼ਕਤੀ ਦੇ ਅਰਥ ਹੀ ਕੀਤੇ ਜਾਂਦੇ ਹਨ। (ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ, ਸ੍ਰੋ: ਗੁ: ਪ੍ਰ: ਕਮੇਟੀ ਵਾਲਾ ਪੰਨਾ 969) ਇਸ ਸੰਬੰਧ ਵਿਚ ਗੁਰਬਾਣੀ ਇਹ ਵੀ ਹੈ ਆਖਦੀ ਕਿ:—

ਸ਼ਿਵ ਸ਼ਕਤਿ ਆਪਿ ਉਪਾਏ ਕੇ ਕਰਤਾ ਆਪੇ ਹੁਕਮੁ ਵਰਤਾਏ।
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖੀ ਕਿਸੈ ਬੁਝਾਏ।
ਤੋੜੇ ਬੰਧਨ ਹੋਵੇ ਮੁਕਤੁ ਸਬਦੁ ਮੰਨਿ ਵਸਾਏ।
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ।
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ।

[ਰਾਮਕਲੀ, ਮ: 3, ਪੰਨਾ 920

**ਅਰਥਾਤ:**—ਪ੍ਰਭੂ ਨੇ ਸ਼ਿਵ (ਮਨ) ਤੇ ਸ਼ਕਤੀ (ਮਾਦੇ) ਰਚ ਕੇ ਰਚਨਹਾਰ ਉਹਨਾਂ ਨੂੰ ਆਪਣੇ ਹੁਕਮ ਦੇ ਅਧੀਨ ਰਖਦਾ ਹੈ ਤੇ ਸਾਈਂ ਆਪਣਾ ਹੁਕਮ ਚਾਲੂ ਕਰਦਾ ਹੈ। ਉਹ ਆਪ ਸਾਰਿਆਂ ਨੂੰ ਵੇਖਦਾ ਹੈ। ਉਹ ਗੁਰੂ ਦੁਆਰਾ ਕਿਸੇ ਵਿਰਲੇ ਨੂੰ ਹੀ ਆਪਣਾ ਆਪ ਜਣਾਉਂਦਾ ਹੈ। ਫੇਰ ਉਸ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਆਪਣੇ ਮਨ ਵਿਚ ਪ੍ਰਭੂ ਦੇ ਨਾਮ ਨੂੰ ਵਸਾ ਲੈਂਦਾ ਹੈ। ਉਹ ਪਵਿਤਰ ਹੋ ਜਾਂਦਾ ਹੈ ਤੇ ਆਪਣੀ ਬਿਰਤੀ ਇੱਕੋ ਇਕ ਪ੍ਰਭੂ ਨਾਲ ਜੋੜ ਲੈਂਦਾ ਹੈ। ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਆਪ ਹੀ ਸਾਜਨਹਾਰ ਹੈ ਤੇ ਆਪ ਹੀ ਆਪਨੀ ਹਜ਼ਾ ਦਰਸਾਉਂਦਾ ਹੈ।

ਇਕ ਸਿੱਖ ਵਿਦਵਾਨ ਪ੍ਰੋ: ਸ਼ੇਰ ਸਿੰਘ ਜੀ ਲਿਖਦੇ ਹਨ ਕਿ:—

"ਇਕ ਹੋਰ ਗੱਲ ਜੋ ਗੁਰੂ ਸਾਹਿਬ ਦੇ ਫ਼ਰਮਾਏ ਗਏ ਅਕਾਲ ਪੁਰਖ ਦੇ ਰੂਪ ਸੰਬੰਧੀ ਹੈ, ਉਹ ਹਿੰਦੂਆਂ ਵਿਚ ਨਹੀਂ ਕੇਵਲ ਮੁਸਲਮਾਨੀ ਨਿਸਚੇ ਨਾਲ ਹੀ ਮਿਲਦੀ ਹੈ। ਓਹ ਰੱਬ ਦਾ ਪੁਰਖ ਰੂਪ ਹੋਣਾ, ਨਰ ਹੋਣਾ। ਰੱਬ ਇਸਤ੍ਰੀ ਲਿੰਗ ਨਹੀਂ, ਮਦੀਨ ਨਹੀਂ ਹੈ। ਪਰੰਤੂ ਹਿੰਦੂ ਧਰਮ ਪੁਸਤਕਾਂ ਵਿਚ ਰੱਬ ਨੂੰ ਦੇਵੀ ਤੇ ਸ਼ਕਤੀ ਆਦਿ ਦੇ ਰੂਪਾਂ ਵਿਚ (ਇਸਤਰੀ ਲਿੰਗ) ਵਿਚ ਭੀ ਦਰਸਾਇਆ ਹੈ।"

[ਗੁਰਮਤੀ ਦਰਸ਼ਨ, ਪੰਨਾ 172

ਚੇਤੇ ਰਹੇ ਕਿ ਹਿੰਦੂਆਂ ਦੇ ਕਈ ਫਿਰਕਿਆਂ ਵਿਚ "ਪੁਰਸ਼" ਤੇ "ਪ੍ਰਕਿਰਤੀ"

Digitized by Panjab Digital Library | www.panjabdigilib.org

ਦਾ ਸਿੱਧਾਂਤ ਵੀ ਮੰਨਿਆਂ ਜਾਂਦਾ ਹੈ। ਪਰ ਸ੍ਰੀ ਗੁਰੂ ਨਾਨਕ ਜੀ ਇਸ ਦੇ ਵੀ ਧਾਰਨੀ ਨਹੀਂ ਸਨ। ਇਕ ਸਿੱਖ ਵਿਦਵਾਨ ਡਾਕਟਰ ਤਰਨ ਸਿੰਘ ਜੀ "ਜਗੀ" ਲਿਖਦੇ ਹਨ ਕਿ :—

"ਗੁਰੂ ਨਾਨਕ ਜੀ ਨੂੰ ਦ੍ਵੈਤ (ਪੁਰਸ਼-ਪ੍ਰਿਕ੍ਰਿਤੀ) ਵਾਲਾ ਸਿੱਧਾਂਤ ਪ੍ਰਵਾਨ ਨਹੀਂ ਸੀ। ਉਨ੍ਹਾਂ ਦਾ ਪਰਮਾਤਮਾ ਪ੍ਰਕ੍ਰਿਤੀ ਤੋਂ ਬਿਲਕੁਲ ਪਰੇ ਹੈ। ਇਹ 1 ਅੰਕ ਉਸੇ ਮਹਾਨ ਸੱਤਾ ਦਾ ਲਖਾਇਕ ਹੈ, ਜਿਸ ਨੂੰ ਗੁਰੂ ਨਾਨਕ ਜੀ ਨੇ ਸਾਰੰਗ ਵਿਚ ਅਗਮ ਅਗੋਚਰ ਅਨਾਥ ਅਜੋਨੀ ਗੁਰਮਤਿ ਏਕੈ ਜਾਨਿਆ ਕਿਹਾ ਹੈ। ਇਸਲਾਮ ਧਰਮ ਵੀ ਇਕੇਸ਼ਵਗਵਾਦੀ ਹੈ। ਸੰਭਵ ਹੈ ਕਿ ਇਹ ਵੀ ਗੁਰੂ ਜੀ ਦੀ ਰਬ (1) ਕਲਪਨਾ ਕਰਨ ਵਿਚ ਪ੍ਰਕਾਗਤਰ ਨਾਲ ਸਹਾਇਕ ਹੋਵੇ।"

[ਵਿਚਾਰਧਾਰਾ, ਪੰਨਾ 38]

ਇਸਲਾਮ ਵਿਚ ਪ੍ਰਭੂ ਦਾ ਜੋ ਸਰੂਪ ਮੰਨਿਆ ਜਾਂਦਾ ਹੈ, ਉਸ ਵਿਚ ਵੀ ਕਿਸੇ ਦੂਜੇ ਪ੍ਰਭੂ ਲਈ ਕੋਈ ਥਾਂ ਨਹੀਂ ਹੈ। ਕੁਰਾਨ ਸ਼ਰੀਫ ਵਿਚ ਦੋ ਪ੍ਰਭੂ ਮੰਨਣ ਦੇ ਵਿਚਾਰ ਦਾ ਸਪਸ਼ਟ ਅੱਖਰਾਂ ਵਿਚ ਖੰਡਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

وَقَالَ اللّٰهُ لَا تَتَّخِذُوْا اِلٰهَيْنِ اثْنَيْنِ ۚ اِنَّمَا
هُوَ اِلٰهٌ وَّاحِدٌ ۚ فَاِيَّايَ فَارْهَبُوْنِ ۝

**ਅਰਥਾਤ** :—ਪ੍ਰਭੂ ਨੇ ਸਦਾ ਹਰੇਕ ਜਾਤੀ ਦੇ ਲੋਕਾਂ ਨੂੰ ਏਹੋ ਹੀ ਉਪਦੇਸ਼ ਦਿੱਤਾ ਹੈ ਕਿ ਦੋ ਪ੍ਰਭੂ ਨਾ ਮੰਨੋ। ਉਹ ਇੱਕੋ ਇਕ ਹੀ ਸਭ ਦਾ ਇਸ਼ਟ ਹੈ। ਸੋ ਤੁਸੀਂ ਪ੍ਰਭੂ ਤੋਂ ਹੀ, ਹਾਂ ਹਾਂ, ਪ੍ਰਭੂ ਤੋਂ ਹੀ ਸਦਾ ਡਰਦੇ ਰਹੋ।

ਇਸਲਾਮ ਨੇ ਜਿੱਥੇ ਦੋ ਪ੍ਰਭੂ ਮੰਨਣ ਦੇ ਸਿੱਧਾਂਤ ਦਾ ਖੰਡਨ ਕੀਤਾ ਹੈ, ਤੇ ਸਾਰੀ ਮਨੁੱਖ ਜਾਤੀ ਨੂੰ ਪੂਰਨ ਤੌਹੀਦ ਦੀ ਸਿੱਖਿਆ ਦਿੱਤੀ ਹੈ, ਉੱਥੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਇਸ ਸਾਰੇ ਵਿਸ਼ਵ ਦਾ ਪ੍ਰਬੰਧ ਇਸ ਗੱਲ ਦੀ ਮੰਗ ਕਰਦਾ ਹੈ ਕਿ ਇਸ ਦਾ ਨਿਗਰਾਨ ਤੇ ਮੁਖ ਪ੍ਰਬੰਧਕ ਇੱਕੋ ਇਕ ਹੀ ਹੋਵੇ ਕਿਉਂਕਿ ਜੇ ਓਹ ਇਕ ਤੋਂ ਵਧੀਕ ਹੋਣ, ਤਾਂ ਬੱਡਾ ਫਸਾਦ ਮਚ ਜਾਏ ਤੇ ਸਾਰਾ ਪ੍ਰਬੰਧ

Digitized by Panjab Digital Library | www.panjabdigilib.org

ਹੀ ਨਸ਼ਟ ਹੋ ਜਾਏ । ਇਸ ਬਾਰੇ ਕੁਰਾਨ ਸ਼ਰੀਫ ਦਾ ਇਹ ਫ਼ਰਮਾਨ ਹੈ ਕਿ :—

لَوْ كَانَ فِيهِمَا آلِهَةٌ إِلَّا اللَّهُ لَفَسَدَتَا فَسُبْحَانَ
اللَّهِ رَبِّ الْعَرْشِ عَمَّا يَصِفُونَ ○

ਅਰਥਾਤ :—ਏਹਨਾਂ ਦੋਹਾਂ (ਉਚਾਣਾਂ ਤੇ ਨਿਵਾਣਾਂ) ਵਿਚ ਜੇ ਪ੍ਰਭੂ ਤੋਂ ਛੁਟ ਕੋਈ ਹੋਰ ਦੂਜਾ ਵੀ ਪ੍ਰਭੂ ਹੁੰਦਾ, ਤਾਂ ਏਹਨਾਂ ਵਿਚ ਵੱਡਾ ਉਪੱਦਰ ਮਚ ਜਾਂਦਾ ਤੇ ਇਸ ਵਿਸ਼ਵ ਦਾ ਸਾਰਾ ਪ੍ਰਬੰਧ ਹੀ ਵਿਗੜ ਜਾਂਦਾ । ਸੋ ਸਾਜਨਹਾਰ ਪ੍ਰਭੂ ਜੋ ਅਰਸ਼ ਦਾ ਵੀ ਸਾਜਨਹਾਰ ਹੈ, ਸਾਰੀਆਂ ਹੀ ਊਣਤਾਈਆਂ ਤੋਂ ਪਾਕ ਹੈ ਅਤੇ ਓਹਨਾਂ ਗੱਲਾਂ ਤੋਂ ਉੱਚਾ ਹੈ, ਜੋ ਉਸ ਬਾਰੇ ਉਹ ਆਖਦੇ ਹਨ

ਅਸਲੀਅਤ ਇਹ ਹੈ ਕਿ ਇਸ ਜਗ ਦਾ ਸਾਰਾ ਪ੍ਰਬੰਧ ਏਕਤਾ ਜਾਂ ਤੌਹੀਦ ਤੇ ਹੀ ਨਿਰਭਰ ਹੈ । ਪ੍ਰਭੂ ਦੀ ਤੌਹੀਦ ਹਰੇਕ ਚੀਜ਼ ਵਿਚ ਪ੍ਰਕਾਸ਼ਮਾਨ ਹੈ । ਕੋਈ ਵੀ ਸ਼ਕਲ ਜਾਂ ਰੂਪ ਦੂਜੀ ਸ਼ਕਲ ਜਾਂ ਰੂਪ ਨਾਲ ਪੂਰਣ ਤੌਰ ਤੇ ਮੇਲ ਨਹੀਂ ਖਾਂਦਾ । ਹਰੇਕ ਜੀਵ ਆਪਣੀ ਜਾਤ, ਗੁਣ, ਤੇ ਕਦ ਆਦਿ ਦੇ ਲਿਹਾਜ ਨਾਲ ਇੱਕੋ ਇਕ ਹੈ । ਇਕ ਰੁਖ ਦੇ ਹਜ਼ਾਰਾਂ ਪੱਤਿਆਂ ਵਿਚੋਂ ਦੋ ਪੱਤੇ ਵੀ ਆਪਸ ਵਿਚ ਪੂਰਣ ਤੌਰ ਤੇ ਇਕ ਸਮਾਨ ਨਹੀਂ ਹਨ । ਓਹਨਾਂ ਦੇ ਸਾਜਨਹਾਰ ਨੇ ਓਹਨਾਂ ਵਿਚ ਚੋਖੀ ਵਿਲੱਖਣਤਾ ਰੱਖੀ ਹੋਈ ਹੈ, ਜੋ ਓਹਨਾਂ ਨੂੰ ਇਕ ਦੂਜੇ ਤੋਂ ਅੱਡ ਕਰ ਦਿੰਦੀ ਹੈ ਤੇ ਓਹਨਾਂ ਦੇ ਇਕ ਹੋਣ ਦਾ ਪਰਗਟਾਅ ਕਰ ਦਿੰਦੀ ਹੈ । ਮਨੁੱਖ ਦੇ ਆਪਣੇ ਹੱਥ ਦੀਆਂ ਪੰਜ ਉਂਗਲਾਂ ਇੱਕੋ ਜਹੀਆਂ ਨਹੀਂ ਹਨ । ਜੇ ਕਿਤੇ ਦੋ ਮਨੁੱਖ ਇੱਕੋ ਹੀ ਸ਼ਕਲ ਸੂਰਤ, ਇੱਕੋ ਹੀ ਰੰਗ ਢੰਗ, ਇੱਕੋ ਹੀ ਕਦ ਤੇ ਇੱਕੋ ਹੀ ਸੁਭਾਉ ਦੇ ਹੁੰਦੇ ਤਾਂ ਜਗ ਵਿਚ ਫਸਾਦ ਮੱਚ ਜਾਂਦਾ । ਇਕ ਦਾ ਲਹਿਣੇਦਾਰ ਦੂਜੇ ਦੇ ਗਲ ਜਾ ਪੈਂਦਾ ਅਤੇ ਇਕ ਦੇ ਕਤਲ ਦੀ ਥਾਂ ਦੂਜੇ ਨੂੰ ਫੜ ਲਿਆ ਜਾਂਦਾ; ਕਿਉਂ ਜੁ ਅਸਲ ਕਾਤਲ ਦੀ ਪਛਾਣ ਹੀ ਅਣਹੋਣੀ ਹੋ ਜਾਂਦੀ । ਇਸ ਤਰ੍ਹਾਂ ਸਾਰੇ ਦਾ ਸਾਰਾ ਭਾਈਚਾਰਾ ਤੇ ਸਮਾਜ ਹੀ ਵਿਗੜ ਜਾਂਦਾ । ਜਾਣੋ ਕਿ ਸਾਡੇ ਇਸ ਜਗ ਦਾ ਹੀ ਨਹੀਂ; ਸਗੋਂ ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਸਾਰਾ ਪ੍ਰਬੰਧ, ਸਾਰਾ ਅਮਨ ਤੇ ਸਾਰੀ ਸ਼ਾਂਤੀ ਤੌਹੀਦ ਦੇ ਕੇਂਦਰੀ ਧੁਰੇ ਦੇ ਆਲੇ ਦੁਆਲੇ ਭੌਂ ਰਹੀ ਹੈ । ਸ਼ਿਰਕ ਕਿਸੇ ਵੀ ਥਾਂ ਹੋ ਜਾਏ, ਝਗੜੇ, ਫਸਾਦ ਤੇ ਉਪੱਦਰ ਦਾ ਕਾਰਨ ਹੀ ਬਣੇਗਾ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ :—

Digitized by Panjab Digital Library | www.panjabdigilib.org

ਦੂਜਾ ਕਉਣ ਕਹਾ ਨਹੀ ਕੋਈ ।
ਸਭੁ ਮਹਿ ਏਕੁ ਨਿਰੰਜਨ ਸੋਈ ।
... ... ... ...
ਏਕੁ ਨਿਰੰਜਨੁ ਗੁਰਮੁਖਿ ਜਾਤਾ ।
ਦੂਜਾ ਮਾਰਿ ਸਬਦਿ ਪਛਾਤਾ ।
ਏਕੋ ਹੁਕਮ ਵਰਤੈ ਸਭ ਲੋਈ ।
ਏਕਸੁ ਤੇ ਸਭ ਓਪਤਿ ਹੋਈ ।
ਰਾਹ ਦੋਵੈ ਖਸਮੁ ਏਕੋ ਜਾਣੁ ।
ਗੁਰ ਕੈ ਸਬਦਿ ਹੁਕਮੁ ਪਛਾਣੁ ।
ਸਗਲ ਰੂਪ ਵਰਨ ਮਨ ਮਾਹੀ।
ਕਹੁ ਨਾਨਕ ਏਕੋ ਸਾਲਾਹੀ ॥

[ਗਉੜੀ, ਮ:1, ਪੰਨਾ 223

**ਅਰਥਾਤ** :—ਮੈਂ ਦੂਜਾ ਕਿਸ ਨੂੰ ਆਖਾਂ, ਜਦ ਦੂਜਾ ਹੋਰ ਕੋਈ ਹੈ ਹੀ ਨਹੀਂ । ਸਾਰਿਆਂ ਵਿਚ ਹੀ ਉਹ ਨਿਰੰਜਨ ਪ੍ਰਭੂ ਵਸ ਰਿਹਾ ਹੈ, ਭਾਵ ਇਹ ਕਿ ਉਸ ਦੀ ਤੌਹੀਦ ਤੇ ਏਕਤਾ ਹਰ ਚੀਜ਼ ਵਿਚ ਪ੍ਰਕਾਸ਼ਮਾਨ ਹੈ । ਕੋਈ ਇਕ ਚੀਜ਼ ਦੂਜੀ ਚੀਜ਼ ਨਾਲ ਨਹੀਂ ਮਿਲਦੀ, ਅਰਥਾਤ ਕੋਈ ਵੀ ਚੀਜ਼ ਦੂਜੀ ਚੀਜ਼ ਨਹੀਂ ਹੈ । ਇੱਕੋ ਇਕ ਨਿਰੰਜਨ ਸੱਚੇ ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ । ਅਤੇ ਦੂਜੇ ਨੂੰ ਮਾਰਕੇ ਹੀ ਉਸ ਨੂੰ ਪਛਾਣਿਆ ਜਾ ਸਕਦਾ ਹੈ । ਸਾਰੇ ਵਿਸ਼ਵ ਵਿਚ ਇਕੋ ਦਾ ਹੀ ਹੁਕਮ ਵਰਤ ਰਿਹਾ ਹੈ ਅਤੇ ਸਾਰੀ ਰਚਨਾ ਇੱਕੋ ਹੀ ਰਚਨਹਾਰ ਤੋਂ ਹੋਈ ਹੈ । ਮਾਰਗ ਦੋ ਜ਼ਰੂਰ ਹਨ, ਪਰ ਓਹਨਾਂ ਦਾ ਮਾਲਕ ਇੱਕੋ ਹੀ ਹੈ। ਮਾਲਕ ਦੋ ਨਹੀਂ ਹਨ । ਗੁਰੂ ਦੇ ਉਪਦੇਸ਼ ਦੁਆਰਾ ਹੀ ਉਸ ਦਾ ਹੁਕਮ ਪਛਾਣਿਆ ਜਾ ਸਕਦਾ ਹੈ । ਸ੍ਰੀ ਗੁਰੂ ਨਾਨਕ ਜ਼ੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਉਸੇ ਇੱਕੋਇਕ ਦੀ ਹੀ ਸਿਫ਼ਤ ਸਲਾਹ ਕਰ ਰਿਹਾ ਹਾਂ, ਜੋ ਸਾਰੇ ਰੂਪਾਂ, ਵਰਨਾਂ ਤੇ ਮਨਾਂ ਵਿਚ ਵਸ ਰਿਹਾ ਹੈ ।

ਸੋ ਗੱਲ ਕੀ, ਸ੍ਰੀ ਗੁਰੂ ਜੀ ਨੇ ਆਪਣੇ ਇਸ ਪਵਿੱਤਰ ਸ਼ਬਦ ਵਿਚ ਦੋ ਪ੍ਰਭੂ ਮੰਨਣ ਦੇ ਸਿਧਾਂਤ ਦਾ ਵੱਡੇ ਸੋਹਣੇ ਤੇ ਸੁਖੈਨ ਢੰਗ ਨਾਲ ਖੰਡਨ ਕੀਤਾ ਹੈ ਅਤੇ ਇਹ ਫ਼ਰਮਾਇਆ ਹੈ ਕਿ ਇਸ ਸਾਰੇ ਵਿਸ਼ਵ ਵਿਚ ਇੱਕੋ ਇਕ ਪ੍ਰਭੂ ਦਾ ਹੀ ਹੁਕਮ ਚਲ ਰਿਹਾ ਹੈ ਅਤੇ ਇਸ ਸਾਰੇ ਪ੍ਰਬੰਧ ਦੀ ਨੀਂਹ ਤੌਹੀਦ ਤੇ ਏਕਤਾ ਉੱਤੇ ਹੀ

Digitized by Panjab Digital Library | www.panjabdigilib.org

ਨਿਰਭਰ ਹੈ । ਹਾਂ, ਨੇਕੀ ਤੇ ਬਦੀ ਦੇ ਦੋ ਮਾਰਗ ਜ਼ਰੂਰ ਹਨ । ਤੇ ਹਰੇਕ ਚੀਜ਼ ਦੇ, ਅੰਨ੍ਹੇਰਾ ਤੇ ਚਾਨਣ; ਦੋ ਪਖ ਹਨ ਪਰ ਇਸ ਦੇ ਨਾਲ ਹੀ ਇਹ ਵੀ ਇਕ ਅਸਲੀਅਤ ਹੈ ਕਿ ਹਰੇਕ ਚੀਜ਼ ਵਿਚੋਂ ਉਸ ਦੀ ਤੌਹੀਦ ਦਾ ਪ੍ਰਕਾਸ਼ ਹੈ, ਕਿਉਂਕਿ ਕੋਈ ਇਕ ਚੀਜ਼ ਦੂਜੀ ਵਰਗੀ ਨਹੀਂ ਹੈ, ਅਰਥਾਤ ਸਗਲ ਰੂਪ ਮਨ ਮਾਹੀਂ ਦਾ ਇਹ ਭਾਵ ਵੀ ਲਿਆ ਜਾ ਸਕਦਾ ਹੈ ਕਿ ਹਰੇਕ ਸ਼ਕਲ ਤੇ ਸੂਰਤ ਵਿਚ ਉਸ ਦੀ ਤੌਹੀਦ ਹੀ ਪ੍ਰਕਾਸ਼ਮਈ ਹੈ, ਕਿਉਂਕਿ ਉਹ ਆਪਣੀ ਜਾਤ, ਗੁਣ, ਸੁਭਾਉ ਤੇ ਸ਼ਕਲ ਦੇ ਲਿਹਾਜ਼ ਨਾਲ ਇੱਕੋ ਇਕ ਹੀ ਹੈ, ਕੋਈ ਦੋ ਚੀਜ਼ਾਂ ਤੇ ਦੋ ਸ਼ਕਲਾਂ ਆਪਸ ਵਿਚ ਪੂਰਣ ਤੌਰ ਤੇ ਮੇਲ ਨਹੀਂ ਖਾਂਦੀਆਂ ।

ਇਸ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਹੋਰ ਸ਼ਬਦ ਤੋਂ ਵੀ ਹੋ ਜਾਂਦੀ ਹੈ, ਜਿਹਾ ਕਿ ਲਿਖਿਆ ਹੈ ਕਿ:—

ਮੇਰੇ ਪ੍ਰਭਿ ਸਾਚੈ ਇਕੁ ਖੇਲ ਰਚਾਇਆ ।
ਕੋਇ ਨ ਕਿਸ ਹੀ ਜੇਹਾ ਉਪਾਇਆ ।
ਆਪੇ ਫਰਕੁ ਕਰੇ ਵੇਖਿ ਵਿਗਸੈ ।
ਸਭਿ ਰਸ ਦੇਹੀ ਮਾਹਾ ਹੇ ॥

[ਮਾਰੂ, ਮ: 3, ਪੰਨਾ 1056

**ਅਰਥਾਤ** :— ਮੇਰੇ ਸੱਚੇ ਪ੍ਰਭੂ ਨੇ ਇਸ ਜਗ ਵਿਚ ਇਕ ਖੇਡ ਰਚੀ ਹੈ । ਉਸ ਨੇ ਕੋਈ ਵੀ ਵਿਅਕਤੀ ਕਿਸੇ ਦੂਜੇ ਵਿਅਕਤੀ ਜੇਹੀ ਨਹੀਂ ਬਣਾਈ । ਉਸ ਨੇ ਆਪ ਹੀ ਹਰੇਕ ਸ਼ਕਲ ਤੇ ਸੂਰਤ ਵਿਚ ਭੇਦਤਾ ਰੱਖੀ ਹੈ । ਹਾਂ, ਸਾਰੇ ਰਸ ਉਸੇ ਨੇ ਹੀ ਦੇਹੀ ਵਿਚ ਜ਼ਰੂਰ ਰਖ ਦਿੱਤੇ ਹਨ । ਸੋ ਸ਼ਕਲਾਂ ਸੂਰਤਾਂ ਤੇ ਸੁਭਾਵਾਂ ਦੀ ਭੇਦਤਾ ਤੇ ਵਿਲੱਖਣਤਾ ਵਾਸਤਵ ਵਿਚ ਇਸ ਸਸਾਰ ਦੀ ਸੁੰਦਰਤਾ ਤੇ ਸਜਾਵਟ ਹੈ ਤੇ ਇਸੇ ਤੇ ਹੀ ਸਾਰੇ ਅਮਨ, ਸ਼ਾਂਤੀ ਤੇ ਪ੍ਰਬੰਧ ਦੀ ਨੀਂਹ ਹੈ ।

ਇਕ ਹੋਰ ਥਾਂ ਇਹ ਵਰਣਨ ਹੈ ਕਿ:—

ਜਹ ਜਹ ਦੇਖਾ ਤਹ ਜੋਤਿ ਤੁਮਾਰੀ
ਤੇਰਾ ਰੂਪੁ ਕਿਨੇਹਾ ।
ਇਕਤੁ ਰੂਪਿ ਫਿਰਹਿ ਪਰਛੰਨਾ
ਕੋਇ ਨ ਕਿਸਹੀ ਜੇਹਾ ॥

Digitized by Panjab Digital Library | www.panjabdigilib.org

ਅੰਡਜ ਜੇਰਜ ਉਤਭੁਜ ਸੇਤਜ
ਤੇਰੇ ਕੀਤੇ ਜੰਤਾ ।
ਏਕੁ ਪੁਰਬੁ ਮੈਂ ਤੇਰਾ ਦੇਖਿਆ
ਤੂੰ ਸਭਨਾ ਮਹਿ ਵਰਤੰਤਾ ॥

[ਸੋਰਠ ਮ: 1, ਪੰਨਾ 596

**ਅਰਥਾਤ:**— ਮੈਂ ਜਿੱਥੇ ਕਿਤੇ ਵੀ ਝਾਤ ਮਾਰਦਾ ਹਾਂ, ਉਥੇ ਹੀ ਮੈਨੂੰ ਤੇਰਾ ਪ੍ਰਕਾਸ਼ ਦਿਸਦਾ ਹੈ। ਤੇਰਾ ਰੂਪ ਕੇਹੋ ਜੇਹਾ ਹੈ ? ਤੇਰਾ ਰੂਪ ਕੇਵਲ ਇੱਕੋ ਇਕ ਹੀ ਹੈ ਤੇ ਤੂੰ ਲੁਪਤ ਰਹਿ ਕੇ ਰਟਨ ਕਰਦਾ ਹੈਂ। ਤੇਰੀ ਰਚਨਾ ਵਿਚ ਕੋਈ ਚੀਜ਼ ਪੂਰਣ ਤੌਰ ਤੇ ਦੂਜੀ ਚੀਜ਼ ਨਾਲ ਮੇਲ ਨਹੀਂ ਖਾਂਦੀ। ਉਸ ਦੀ ਭੇਦਤਾ ਤੇ ਵਿਲੱਖਣਤਾ ਉਸ ਨੂੰ ਦੂਜੀ ਚੀਜ਼ ਤੋਂ ਅੱਡ ਕਰ ਦਿੰਦੀ ਹੈ। ਆਂਡਿਆਂ ਤੋਂ, ਜੇਰਜ ਤੋਂ, ਧਰਤੀ ਤੋਂ ਤੇ ਮੁੜਕੇ ਤੋਂ ਪੈਦਾ ਹੋਏ ਜੀਵ ਸਭ ਤੇਰੇ ਹੀ ਸਾਜੇ ਹੋਏ ਹਨ। ਮੈਂ ਤੇਰੀ ਇਹ ਇਕ ਵਡਿਆਈ ਵੇਖੀ ਹੈ ਕਿ ਤੂੰ ਸਾਰਿਆਂ ਵਿਚ ਸਮਾਇਆ ਹੋਇਆ ਹੈ; ਭਾਵ ਹਰੇਕ ਚੀਜ਼ ਦੀ ਵਿਲੱਖਣਤਾ ਤੇ ਭੇਦਤਾ ਤੇਰੀ ਤੌਹੀਦ ਤੇ ਏਕਤਾ ਦਾ ਪਰਗਟਾਅ ਕਰ ਰਹੀ ਹੈ।

ਇਸਲਾਮ ਧਰਮ ਨੇ ਇੱਕੋਇਕ ਪ੍ਰਭੂ ਦੀ ਉਪਾਸਨਾ ਬਾਰੇ ਇਹ ਸ਼ੁਭ ਸਿੱਖਿਆ ਦਿੱਤੀ ਹੈ ਕਿ:—

إِنَّمَا إِلَٰهُكُمْ إِلَٰهٌ وَاحِدٌ ۖ فَمَنْ كَانَ يَرْجُوا
لِقَاءَ رَبِّهِ فَلْيَعْمَلْ عَمَلًا صَالِحًا وَلَا
يُشْرِكْ بِعِبَادَةِ رَبِّهِ أَحَدًا ۝

**ਅਰਥਾਤ :**— ਬੇਸ਼ੱਕ ਤੁਹਾਡਾ ਇਸ਼ਟ ਇੱਕੋਇਕ ਹੀ ਹੈ। ਸੋ ਜਿਹੜਾ ਵੀ ਪ੍ਰਾਣੀ ਆਪਣੇ ਸਾਜਨਹਾਰ ਤੇ ਪਾਲਣਹਾਰ ਦੇ ਦਰਸ਼ਨ-ਦੀਦਾਰ ਕਰਨ ਦਾ ਚਾਹਵਾਨ ਹੈ, ਉਸ ਨੂੰ ਚਾਹੀਦਾ ਹੈ ਕਿ ਉਹ ਯਥਾਯੋਗ ਤੇ ਯਥਾਸ਼ਕਤ ਸ਼ੁਭਕਰਮ ਕਰਦਾ ਰਹੇ ਅਤੇ ਆਪਣੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦੀ ਉਪਾਸਨਾ ਵਿਚ ਕਿਸੇ ਦੂਜੇ ਨੂੰ ਭਾਈਵਾਲ ਨਾ ਬਣਾਵੇ।

ਗੁਰੂ ਨਾਨਕ ਜੀ ਨੇ ਇਸ ਬਾਰੇ ਇਹ ਫ਼ਰਮਇਆ ਹੈ ਕਿ:—

Digitized by Panjab Digital Library | www.panjabdigilib.org

ਹਿਕੋ ਸਾਹਿਬ ਹਿਕੋ ਰਦ ।
ਇਕੋ ਸੇਵੋ ਦੂਜਾ ਰਦ ।
ਦੂਜਾ ਕਾਹੇ ਸੇਵੀਐ ਜੋ ਜੰਮਹਿ ਤੇ ਮਰਿ ਜਾਇ ।
ਏਕੋ ਸਿਮਰੋ ਨਾਨਕਾ ਜੋ ਜਲ ਥਲ ਰਿਹਾ ਸਮਾਇ ।

[ਨਾਨਕ ਪ੍ਰਬੋਧ, ਪੰਨਾ 193,
[ਨਾਨਕ ਪ੍ਰਕਾਸ਼, ਪੰਨਾ 1040,
[ਤਵਾਰੀਖ ਗੁਰੂ ਖਾਲਸਾ, ਪੰਨਾ 481 ਆਦਿ

ਜਨਮਸਾਖੀ ਸੋਢੀ ਮਿਹਰਬਾਨ ਜੀ ਵਿਚ ਵਰਣਨ ਹੈ ਕਿ :—

"ਗੁਰੂ ਨਾਨਕ ਜੀ ਨੇ ਕਹਿਆ.........ਤੂੰ ਪੀਰ ਨੂੰ ਕਹੁ; ਕਿ ਜੀ, ਜਾਂ ਤੂੰ ਦੁਹੁ ਨੂੰ ਭਾਲਦਾ ਹੈਂ ਤਾਂ ਸਾਹਿਬ ਨਾਲਿ ਵਾਸਲੁ ਨਾਹੀਂ । ਹਿਕੋ ਸਾਹਿਬ ਹੀ, ਇਕਾ ਹਦ ਹੀ, ਹਿਕਸ ਕੀ ਸੇਵਾ ਕਰਿ ਦੂਜੇ ਕਉ ਰਦਿ ਦੂਰਿ ਕਰਿ । ਦੂਜਾ ਜੰਮਦਾ ਹੈ, ਜੰਮਿ ਕੈ ਮਰਿ ਜਾਂਦਾ ਹੈ ਜਿਸੁ ਕਾ ਬਿਨਾਸ ਨਾਹੀਂ ਸਦਾ ਸਰਬਦਾ ਹਿਕੋ ਜੇਹਾ ਹੈ, ਤਿਸੈ ਨੂੰ ਸੇਵਿ, ਜਿ ਸਭਨਾਂ ਜੀਆਂ ਦੇ ਨਾਲਿ ਰਵਿ ਰਹਿਆ ਹੈ ਤੂੰ ਤਿਸ ਨੂੰ ਸਿਮਰਿ, ਹੋਰੁ ਦੂਜਾ ਮਨਹਿ ਕਰਿ ।"

[ਜਨਮਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 489]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ :—

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ।
ਓਹ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ।
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ।
ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ
ਅਵਰੀ ਕਉ ਚਿਤੁ ਲਾਇ ॥
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ।

[ਵਾਰ ਗੁਜਰੀ ਸ: ਮ: 3, ਪੰਨਾ 508]

**ਅਰਥਾਤ** :—ਮੇਰਾ ਪ੍ਰਭੂ ਸਦਾ ਸਲਾਮਤਿ ਹੈ। ਉਹ ਸ਼ਬਦ ਦੀ ਕਮਾਈ

Digitized by Panjab Digital Library | www.panjabdigilib.org

ਕੀਤਿਅ ਦਿਸ ਪੈਂਦਾ ਹੈ। ਉਹ ਕਦੇ ਵੀ ਨਾਸਵਾਨ ਨਹੀਂ ਹੈ। ਉਹ ਜਨਮ ਮਰਨ ਤੋਂ ਰਹਿਤ ਹੈ। ਸਦਾ ਉਸੇ ਦਾ ਸਿਮਰਨ ਕਰਦੇ ਰਹੋ, ਜੋ ਸਭਨਾਂ ਵਿਚ ਸਮਾਇਆ ਹੋਇਆਂ ਹੈ। ਕਿਸੇ ਦੂਜੇ ਦੀ, ਜੋ ਜੰਮਦਾ ਤੇ ਮਰਦਾ ਹੈ, ਉਪਾਸਨਾ ਕਦੇ ਨਾ ਕਰੋ। ਓਹਨਾਂ ਪ੍ਰਾਣੀਆਂ ਦਾ ਜਨਮ ਨਿਹਫਲ ਹੀ ਰਹਿੰਦਾ ਹੈ, ਜੋ ਆਪਣੇ ਮਾਲਕ ਹਰੀ ਨੂੰ ਨਹੀਂ ਸਮਝਦੇ ਤੇ ਆਪਣੀ ਬਿਰਤੀ ਦੂਜਿਆ ਨਾਲ ਜੋੜਦੇ ਹਨ। ਗੁਰੂ ਅਮਰ ਦਾਸ ਜੀ ਫ਼ਰਮਾਉਂਦੇ ਹਨ ਕਿ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਸਾਜਨਹਾਰ ਪ੍ਰਭੂ ਓਹਨਾਂ ਨੂੰ ਕਿੰਨਾ ਡੰਡ ਦੇਵੇਗਾ।

ਇਕ ਹੋਰ ਥਾਂ ਇਹ ਵਰਣਨ ਹੈ ਕਿ :—

ਏਕੋ ਜਪਿ ਏਕੋ ਸਾਲਾਹਿ।
ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ।
ਮਨਿ ਤਨਿ ਜਾਪਿ ਏਕ ਭਗਵੰਤ।
ਏਕੋ ਏਕੁ ਏਕੁ ਹਰਿ ਆਪਿ।
ਪੂਰਨ ਪੂਰ ਰਹਿਓ ਪ੍ਰਭੁ ਬਿਆਪਿ।
ਅਨਿਕ ਬਿਸਥਾਰ ਏਕ ਤੇ ਭਏ।
ਏਕੁ ਅਰਾਧਿ ਪਰਾਛਤ ਗਏ।
ਮਨ ਤਨ ਅੰਤਿਰ ਏਕੁ ਪ੍ਰਭੁ ਰਾਤਾ।
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥

[ਗਉੜੀ, ਮ: 4, ਪੰਨਾ 289]

**ਅਰਥਾਤ** :—ਇੱਕੋ ਇਕ ਪ੍ਰਭੂ ਦੀ ਹੀ ਸਦਾ ਉਪਾਸਨਾ ਕਰਦੇ ਰਹੋ ਤੇ ਉਸੇ ਦੀ ਹੀ ਸਿਫ਼ਤ-ਸਲਾਹ ਵਿਚ ਰੁਝੇ ਰਹੋ। ਇੱਕੋ ਇਕ ਪ੍ਰਭੂ ਦਾ ਹੀ ਸਿਮਰਨ ਕਰਦੇ ਰਹੋ ਤੇ ਉਸੇ ਦੀ ਹੀ ਤਾਂਘ ਆਪਣੇ ਮਨ ਵਿਚ ਰਖਦੇ ਰਹੋ। ਇੱਕੋ ਇਕ ਪ੍ਰਭੂ ਦੇ ਗੁਣਾ ਦੀ ਗਾਇਨ ਕਰਦੇ ਰਹੋ। ਇੱਕੋ ਇਕ ਭਗਵੰਤ ਦਾ ਤਨ ਤੇ ਮਨ ਦੁਆਰਾ ਜਾਪ ਕਰਦੇ ਰਹੋ। ਪ੍ਰਭੂ ਆਪ ਇੱਕੋ ਇਕ ਹੀ ਤੇ ਕੱਲਮ ਕੱਲਾ ਹੀ ਹੈ। ਉਹ ਹਰ ਥਾਂ ਪਰੀ-ਪੂਰਣ ਹੈ, ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ ਹੈ। ਅਨੇਕਾਂ ਵਿਸਥਾਰ ਉਸੇ ਇੱਕੋ ਇਕ ਤੋਂ ਹੀ ਹੋਏ ਹਨ। ਉਸ ਇੱਕੋ ਇਕ ਦੀ ਅਰਾਧਨਾ ਕੀਤਿਆਂ ਪ੍ਰਾਣੀ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਮੇਰਾ ਮਨ ਤੇ ਤਨ ਇੱਕੋ

Digitized by Panjab Digital Library | www.panjabdigilib.org

ਇਕ ਪ੍ਰਭੂ ਅੰਦਰ ਰੰਗਿਆ ਹੋਇਆ ਹੈ। ਪੰਜਵੇਂ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੈਂ ਗੁਰੂ ਦੀ ਕਿਰਪਾ ਨਾਲ ਇੱਕੋ ਇਕ ਪ੍ਰਭੂ ਨੂੰ ਜਾਣ ਲਿਆ ਹੈ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਵੇਦਾਂਤ ਮਤਿ ਦੇ ਕਲਪੇ ਦੁਗੜੇ (ਦੋ ਪ੍ਰਭੂਆਂ) ਦੇ ਵਿਚਾਰ ਨੂੰ ਵੀ ਨਹੀਂ ਮੰਨਦੇ ਸਨ। ਗੁਰੂ ਜੀ ਦੇ ਵਿਚਾਰ ਅਨੁਸਾਰ ਕੋਈ ਵੀ ਦੂਜਾ ਪ੍ਰਭੂ ਨਹੀਂ ਹੋ ਸਕਦਾ। ਉਹ ਇੱਕੋ ਇਕ ਤੇ ਕੱਲਮ ਕੱਲਾ ਹੀ ਹੈ।

———

Digitized by Panjab Digital Library | www.panjabdigilib.org

# ਪਾਰਸੀ ਮਤਿ ਦਾ ਪ੍ਰਭੂ ਬਾਰੇ ਤਸੱਵਰ
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਪਾਰਸੀ ਮਤਿ ਦੇ ਸਿੱਧਾਂਤ ਅਨੁਸਾਰ ਨੇਕੀ ਤੇ ਬਦੀ ਦੇ ਦੋ ਅੱਡ ਅੱਡ ਪ੍ਰਭੂ ਹਨ। ਨੇਕੀ ਦੇ ਪ੍ਰਭੂ ਨੂੰ "ਯਜ਼ਦਾ" ਤੇ ਬਦੀ ਦੇ ਪ੍ਰਭੂ ਨੂੰ "ਅਹਿਰਮਨ" ਦਾ ਨਾਂ ਦਿੱਤਾ ਗਿਆ ਹੈ। ਇਸ ਬਾਰੇ ਪ੍ਰਸਿਧ ਸਿੱਖ ਵਿਦਵਾਨ ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਹ ਲਿਖਿਆ ਹੈ ਕਿ :—

> "ਅਹਰਮਨ—ਪਾਰਸੀ ਮਤ ਅਨੁਸਾਰ ਬੁਰਾਈ ਦਾ ਦੇਵਤਾ। ਇਸ ਦੇ ਵਿਰੁਧ ਨੇਕੀ ਦਾ ਦੇਵਤਾ ਯਜ਼ਦਾਨ ਹੈ।"

[ਮਹਾਨ ਕੋਸ਼, ਪੰਨਾ 99]

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਏਹ ਦੋ ਪ੍ਰਭੂ ਵੀ ਨਹੀਂ ਮੰਨਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਇਹ ਤਾਂ ਠੀਕ ਹੈ ਕਿ ਨੇਕੀ ਤੇ ਬਦੀ ਦੇ ਦੋ ਮਾਰਗ ਜ਼ਰੂਰ ਹਨ, ਪਰ ਇਸ ਦਾ ਇਹ ਭਾਵ ਉਕਾ ਹੀ ਨਹੀਂ ਕਿ ਏਹਨਾਂ ਦੋ ਮਾਰਗਾਂ ਦੇ ਪ੍ਰਭੂ ਵੀ ਦੋ ਹਨ। ਇਸ ਬਾਰੇ ਸ੍ਰੀ ਗੁਰੂ ਜੀ ਦਾ ਇਹ ਸਪਸ਼ਟ ਫ਼ਰਮਾਨ ਹੈ ਕਿ :—

ਏਕੋ ਹੁਕਮ ਵਰਤੈ ਸਭ ਕੋਈ।
ਏਕਸੁ ਤੇ ਸਭ ਓਪਤਿ ਹੋਈ।
ਰਾਹ ਦੋਵੈ ਖਸਮੁ ਏਕੋ ਜਾਣੁ।
ਗੁਰ ਕੈ ਸਬਦਿ ਹੁਕਮੁ ਪਛਾਣੁ॥

[ਗਉੜੀ, ਮ: 1, ਪੰਨਾ 223]

ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਦਾ ਏਹੋ ਹੀ ਭਾਵ ਹੈ ਕਿ ਸਾਰੇ ਵਿਸ਼ਵ



Digitized by Panjab Digital Library | www.panjabdigilib.org

ਵਿਚ ਦੋ ਪ੍ਰਭੂ ਦਾ ਨਹੀਂ; ਸਗੋਂ ਇੱਕੋ ਇਕ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ। ਕਿਸੇ ਦਾ ਇਹ ਕਹਿਣਾ ਕਿ ਨੇਕੀ ਤੇ ਬਦੀ ਦੇ ਦੋ ਅੱਡੋ ਅਡਰੇ ਦੋ ਪ੍ਰਭੂ ਹਨ, ਠੀਕ ਵਿਚਾਰ ਨਹੀਂ ਕਹਾ ਸਕਦਾ, ਕਿਉਂਕਿ ਇਸ ਤਰ੍ਹਾਂ ਤਾਂ ਫੇਰ ਵਿਸ਼ਵ ਵਿਚ ਦੋ ਪ੍ਰਭੂਆਂ ਦੇ ਹੁਕਮ ਦਾ ਵਰਤਾਰਾ ਵਰਤਣਾ ਮੰਨਣਾ ਪਵੇਗਾ, ਜੋ ਗੁਰੂ ਜੀ ਦੇ ਵਿਚਾਰ "ਏਕੋ ਹੁਕਮ ਵਰਤੇ ਸਭ ਲੋਈ" ਦੇ ਉਲਟ ਹੋਣ ਸਦਕਾ ਠੀਕ ਸਿੱਧਾਂਤ ਨਹੀਂ ਕਿਹਾ ਜਾ ਸਕਦਾ। ਸਾਰੇ ਵਿਸ਼ਵ ਦੀ ਸਰਬਤ ਰਚਨਾ ਇੱਕੋ ਇਕ ਪ੍ਰਭੂ ਨੇ ਕੀਤੀ ਹੈ। ਹਾਂ, ਇਹ ਠੀਕ ਹੈ ਕਿ ਨੇਕੀ ਤੇ ਬਦੀ ਦੇ ਦੋ ਮਾਰਗ ਜ਼ਰੂਰ ਹਨ, ਪਰ ਇਸ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਪ੍ਰਭੂ ਵੀ ਦੋ ਹਨ। "ਖਸਮੁ ਏਕੋ ਜਾਣ" ਦੁਆਰਾ ਗੁਰੂ ਜੀ ਨੇ ਲੋਕਾਈ ਨੂੰ ਏਹੋ ਉਪਦੇਸ਼ ਦਿੱਤਾ ਹੈ ਕਿ ਪ੍ਰਭੂ ਇਕੋ ਇਕ ਹੀ ਹੈ। ਉਸਦੀ ਪਛਾਣ ਸੱਚੇ ਗੁਰੂਦੁਆਰਾ ਸਹਿਜੇ ਹੀ ਹੋ ਸਕਦੀ ਹੈ। ਹਾਂ ਨੇਕੀ ਤੇ ਬਦੀ ਦੇ ਦੋ ਮਾਰਗ ਜ਼ਰੂਰ ਹਨ।

ਗੁਰਬਾਣੀ ਸਾਡੀ ਇਸ ਪਾਸੇ ਵੀ ਅਗਵਾਈ ਕਰਦੀ ਹੈ ਕਿ ਪ੍ਰਭੂ ਨੇ ਆਪ ਹੀ ਦੋਵੇਂ ਪਖ ਅੰਨ੍ਹੇਰਾ ਤੇ ਚਾਨਣ, ਅਰਥਾਤ ਅੰਮ੍ਰਿਤ ਤੇ ਜ਼ਹਿਰ-ਸਾਜੇ ਹਨ। ਇਹ ਨਹੀਂ ਕਿ ਅੰਨ੍ਹੇਰਾ ਕਿਸੇ ਹੋਰ ਨੇ ਸਾਜਿਆ ਹੈ ਤੇ ਚਾਨਣਾ ਕਿਸੇ ਹੋਰ ਦੁਆਰਾ ਹੋਂਦ ਵਿਚ ਆਇਆ ਹੈ, ਅਰਥਾਤ ਜ਼ਹਿਰ ਦਾ ਸਾਜਨਹਾਰ ਇਕ ਹੋਰ ਹੈ ਤੇ ਅੰਮ੍ਰਿਤ ਕਿਸੇ ਦੂਜੇ ਹੋਰ ਨੇ ਬਣਾਇਆ ਹੈ। ਇਸ ਬਾਰੇ ਗੁਰਬਾਣੀ ਵਿਚ ਇਹ ਵਰਣਨ ਹੈ ਕਿ :—

ਅੰਧੇਰਾ ਚਾਨਣੁ ਆਪੇ ਕੀਆ ।
ਏਕੋ ਵਰਤੈ ਅਵਰੁ ਨ ਬੀਆ ॥

[ਮਾਰੂ, ਮ: 3, ਪੰਨਾ 1056

**ਅਰਥਾਤ :—**

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ।
ਸੰਸਾਰ ਬਿਰਖ ਕਉ ਦੁਇ ਫਲ ਲਾਏ ।
ਆਪੇ ਕਰਤਾ ਕਰੇ ਕਰਾਏ ।
ਜੋ ਤਿਸੁ ਭਾਵੈ ਤਿਸੈ ਖਵਾਏ ।

[ਬਸੰਤ ਮ: 3, ਪੰਨਾ 1172

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਦੋ ਪ੍ਰਭੂਆਂ ਦੇ ਵਿਚਾਰ ਦਾ ਖੰਡਨ

Digitized by Panjab Digital Library | www.panjabdigilib.org

ਕਰਦਿਆਂ ਇਹ ਵੀ ਫ਼ਰਮਾਇਆ ਹੈ ਕਿ—

ਇਕਸੁ ਬਾਝਹੁ ਦੂਜਾ ਕੋ ਨਹੀ ।

ਕਿਸੁ ਅਗੈ ਕਰਹਿ ਪੁਕਾਰਾ ॥

[ਵਾਰ ਮਾਝ, ਮ: 1, ਪੰਨਾ 142

**ਅਰਥਾਤ** :—ਪ੍ਰਭੂ ਇਕੋ ਇਕ ਹੈ। ਉਸ ਤੋਂ ਬਿਨਾਂ ਕੋਈ ਦੂਜਾ ਪ੍ਰਭੂ ਨਹੀਂ ਹੈ। ਅਸੀਂ ਕਿਸਦੇ ਹਜ਼ੂਰ ਪੁਕਾਰ ਕਰੀਏ ?

ਸ੍ਰੀ ਗੁਰੂ ਜੀ ਨੇ ਇਕ ਹੋਰ ਥਾਂ ਇਸ ਬਾਰੇ ਫ਼ਰਮਾਇਆ ਹੈ ਕਿ :—

ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ

ਤੁਝ ਬਿਨੁ ਅਵਰੁ ਨ ਕੋਇ ਹਰੇ ।

ਸਰਬੀ ਰੰਗੀ ਰੂਪੀ ਤੂੰ ਹੈ

ਤਿਸੁ ਬਖਸੇ ਜਿਸੁ ਨਦਰਿ ਕਰੇ।

[ਆਸਾ ਮ: 1, ਪੰਨਾ 355

ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ।

ਤਿਸੁ ਬਿਨੁ ਅਵਰੁ ਨ ਦੂਜਾ ਕੋਈ ॥

[ਆਸਾ ਮ: 2, ਪੰਨਾ 355

**ਅਰਥਾਤ** :—

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਦਾ ਏਹੋ ਭਾਵ ਹੈ ਕਿ ਸਾਜਨਹਾਰ ਪ੍ਰਭੂ ਇਕੋ ਇਕ ਹੀ ਹੈ। ਉਸਦੇ ਨਾਲ ਕਿਸੇ ਦੂਜੇ ਨੂੰ ਰਲਾਕੇ ਦੋ ਪ੍ਰਭੂ ਮੰਨਣਾ ਠੀਕ ਸਿਧਾਂਤ ਨਹੀਂ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਏਹਨਾਂ ਵਿਚਾਰਾਂ ਨੂੰ ਮੁਖ ਰੱਖਕੇ ਗੁਰਬਾਣੀ ਵਿਚ ਕਈ ਥਾਈਂ ਦੋ ਪ੍ਰਭੂ ਮੰਨਣ ਦੇ ਸਿਧਾਂਤ ਦਾ ਖੰਡਨ ਕੀਤਾ ਗਿਆ ਹੈ ਅਤੇ ਏਹੋ ਹੀ ਪ੍ਰਚਾਰਿਆ ਗਿਆ ਹੈ ਕਿ ਇਸ ਦਿਸਦੇ ਜਗਤ ਦਾ ਸਾਜਨਹਾਰ ਤੇ ਪਾਲਨਹਾਰ ਇਕੋ ਇਕ ਪ੍ਰਭੂ ਹੀ ਹੈ, ਜਿਹਾ ਕਿ ਵਰਣਨ ਹੈ ਕਿ—

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ।

ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥

[ਆਸਾ ਮ: 4, ਪੰਨਾ 12
[ਆਸਾ ਮ: 5, ਪੰਨਾ 365

Digitized by Panjab Digital Library | www.panjabdigilib.org

**ਅਰਥਾਤ** :—

ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ ।
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ।

[ਵਾਰ ਬਿਹਾਗੜਾ ਮ: 4, ਪੰਨਾ 549

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਤੋਂ ਦੋ ਪ੍ਰਭੂ ਮੰਨਣ ਵਾਲੇ ਵਿਚਾਰ ਦਾ ਖੰਡਨ ਹੋ ਜਾਂਦਾ ਹੈ ।

ਇਸ ਸੰਬੰਧ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਪਵਿਤਰ ਸ਼ਬਦ ਵੀ ਮਿਲਦਾ ਹੈ ਕਿ—

ਸਰਬੀ ਸਚਾ ਏਕ ਹੈ ਦੂਜਾ ਨਾ ਹੀ ਕੋਇ ।
ਤਾਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ ।
ਤੁਧੁ ਬਾਝਹੁ ਪਿਆਰੇ ਕੇਵ ਰਹਾ ।
ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾ ।
ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ।

[ਧਨਾਸਰੀ, ਮ: 1, ਪੰਨਾ 660

**ਅਰਥਾਤ** :—ਸਾਰੇ ਵਿਸ਼ਵ ਵਿਚ ਇਕੋ ਇਕ ਸੱਚਾ ਪ੍ਰਭੂ ਹੀ ਹੈ । ਉਸ ਤੋਂ ਛੁੱਟ ਕੋਈ ਦੂਜਾ ਪ੍ਰਭੂ ਨਹੀਂ ਹੈ, ਜੋ ਲੋਕ ਦੋ ਪ੍ਰਭੂ ਮਿਥਦੇ ਹਨ, ਉਹ ਵੱਡੀ ਭੁੱਲ ਵਿਚ ਹਨ । ਜਿਸ ਤੇ ਉਸ ਇਕੋ ਇਕ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ, ਉਹੋ ਹੀ ਉਸਦੀ ਚਾਕਰੀ ਵਿਚ ਲਗ ਜਾਂਦਾ ਹੈ । ਹੇ ਮੇਰੇ ਪਿਆਰੇ ! ਮੈਂ ਤੇਰੇ ਬਿਨਾਂ ਕਿਵੇਂ ਜੀਵਨ ਬਤੀਤ ਕਰਾਂ । ਤੂੰ ਮੈਨੂੰ ਇਹ ਵਡਿਆਈ ਬਖਸ਼ ਕਿ ਮੈਂ ਤੇਰੇ ਨਾਲ ਹੀ ਜੁੜਿਆ ਰਹਾਂ । ਹੇ ਪਿਆਰੇ ! ਕੋਈ ਦੂਜਾ ਪ੍ਰਭੂ ਹੈ ਹੀ ਨਹੀਂ, ਮੈਂ ਜਿਸ ਅੱਗੇ ਜਾ ਕੇ ਆਪਣੀ ਵਿਥਿਆ ਵਰਣਨ ਕਰ ਸਕਾਂ ।

ਸ੍ਰੀ ਗੁਰੂ ਜੀ ਨੇ ਦੁਗੜੇ (ਦੋ ਪ੍ਰਭੂਆਂ) ਦੇ ਵਿਚਾਰ ਦਾ ਖੰਡਨ ਕਰਦਿਆਂ ਹੋਇਆਂ ਇਹ ਵੀ ਫ਼ਰਮਾਇਆ ਹੈ ਕਿ :—

ਏਕੋ ਏਕੁ ਕਹੈ ਸਭੁ ਕੋਈ
ਹਉਮੈ ਗਰਬੁ ਵਿਆਪੈ ।

Digitized by Panjab Digital Library | www.panjabdigilib.org

ਅੰਤਰਿ ਬਾਹਰਿ ਇਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ ।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ ।
ਏਕੰਕਰੁ ਅਵਰੁ ਨਹੀਂ ਦੂਜਾ
ਨਾਨਕ ਏਕੁ ਸਮਾਈ ॥

[ਰਾਮਕਲੀ, ਮ: 1, ਪੰਨਾ 930

**ਅਰਥਾਤ** :—ਇਹ ਗੱਲ ਮੂੰਹੋਂ ਤਾਂ ਹਰ ਇਕ ਕਹਿੰਦਾ ਹੈ ਕਿ ਸਾਜਨਹਾਰ ਪ੍ਰਭੂ ਇਕੋ ਇਕ ਹੈ । ਪਰ ਇਸਦੇ ਹੁੰਦਿਆਂ ਵੀ ਹਰ ਇਕ ਹਉਮੈ ਤੇ ਅਭਿਮਾਨ ਵਿਚ ਗਲਤਾਨ ਹੈ । ਜੇ ਇਕੋ ਇਕ ਪ੍ਰਭੂ ਨੂੰ ਅੰਦਰ ਤੇ ਬਾਰਰ ਪਛਾਣ ਲਿਆ ਜਾਏ, ਤਾਂ ਫਿਰ ਆਪਣੇ ਘਰ ਤੇ ਆਪਣੇ ਅੰਦਰ ਹੀ ਪ੍ਰਭੂ ਅਨੁਭਵ ਹੋ ਜਾਂਦਾ ਹੈ । ਉਹ ਪ੍ਰਭੂ ਹਰ ਇਕ ਦੇ ਨੇੜੇ ਹੈ, ਉਸਨੂੰ ਦੂਰ ਨਾ ਸਮਝੋ । ਉਹੋ ਹੀ ਸਾਰੇ ਵਿਸ਼ਵ ਵਿਚ ਸਮਾ ਰਿਹਾ ਹੈ । ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ ਹੈ । ਉਹ ਪ੍ਰਭੂ ਕੇਵਲ ਇਕੋ ਇਕ ਹੀ ਹੈ । ਉਸਦੇ ਨਾਲ ਕੋਈ ਦੂਜਾ ਭਾਈਵਾਲ ਨਹੀਂ ਹੈ । ਨਾਨਕ ਇਕੋ ਇਕ ਪ੍ਰਭੂ ਅੰਦਰ ਲੀਨ ਰਹਿੰਦਾ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਹੋਰ ਕਈ ਥਾਈਂ ਦੁਗੜੇ (ਦੋ ਪ੍ਰਭੂਆਂ ਦੇ ਵਿਚਾਰ) ਦਾ ਖੰਡਨ ਕੀਤਾ ਹੈ । ਆਪ ਨੇ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਇਸ ਸਾਰੇ ਵਿਸ਼ਵ ਦਾ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਇਕੋ ਇਕ ਹੀ ਪ੍ਰਭੂ ਹੈ । ਉਸੇ ਨੇ ਹੀ ਆਪਣੀ ਕੁਦਰਤ ਨਾਲ ਸਾਰੀ ਰਚਨਾ ਰਚਾਈ ਹੈ । ਉਸਦੇ ਨਾਲ ਕਿਸੇ ਦੂਜੇ ਨੂੰ ਰਲਾਉਣਾ, ਠੀਕ ਵਿਚਾਰ ਨਹੀਂ ਹੈ ।

ਇਸੇ ਤਰ੍ਹਾਂ ਇਕ ਥਾਂ ਇਸ ਬਾਰੇ ਸ੍ਰੀ ਗੁਰੂ ਜੀ ਮਹਾਰਾਜ ਨੇ ਇਹ ਫ਼ਰਮਾਇਆ ਹੈ ਕਿ :—

ਅਕੁਲ ਨਿਰੰਜਨ ਸਿਉ ਮਨੁ ਮਾਨਿਆ
ਮਨ ਹੀ ਤੇ ਮਨੁ ਮੂਆ ।

Digitized by Panjab Digital Library | www.panjabdigilib.org

ਅੰਤਰਿ ਬਾਹਰਿ ਹਰਿ ਏਕੋ ਜਾਨਿਆ
ਨਾਨਕ ਅਵਰੁ ਨ ਦੂਜਾ ॥

[ਭੈਰਉ, ਮ: 1, ਪੰਨਾ 1127

**ਅਰਥਾਤ** :—ਮੇਰਾ ਮਨ ਕੁਲ ਰਹਿਤ ਤੇ ਪਵਿੱਤਰ ਪ੍ਰਭੂ ਨਾਲ ਜੁੜਕੇ ਪ੍ਰਸੰਨ ਹੋ ਗਿਆ ਹੈ। ਹੁਣ ਮੇਰਾ ਮਨ ਮੇਰੇ ਮਨ ਦੁਆਰਾ ਹੀ ਮਰ ਗਿਆ ਹੈ। ਇਸਦੀ ਸਾਰੀ ਹਉਮੈ ਮਿਟ ਗਈ ਹੈ। ਮੈਂ ਅੰਦਰ ਤੇ ਬਾਹਰ ਇਕੋ ਇਕ ਪ੍ਰਭੂ ਨੂੰ ਹੀ ਜਾਣਦਾ ਹਾਂ। ਹੇ ਨਾਨਕ ! ਕੋਈ ਹੋਰ ਦੂਜਾ ਪ੍ਰਭੂ ਨਹੀਂ ਹੈ।

ਇਕ ਸਿੱਖ ਵਿਦਵਾਨ ਪ੍ਰੋ: ਸ਼ੇਰ ਸਿੰਘ ਜੀ ਲਿਖਦੇ ਹਨ ਕਿ—

'ਜ਼ਰਤੁਸ਼ਤ ਵਾਂਗ ਗੁਰੂ ਨਾਨਕ ਜੀ ਨੇ ਰੱਬ ਦੇ ਦੋ ਭਾਗ ਨਹੀਂ ਕੀਤੇ ਸਨ। ਇਕ ਨੇਕੀ ਦਾ ਮਾਲਕ ਅਹਿਰਜ਼ਮੁਦ ਤੇ ਦੂਜਾ ਬਦੀ ਦਾ ਮਾਲਕ ਅਹਿਰ ਮਨ।'

[ਗੁਰਮਤਿ ਦਰਸ਼ਨ, ਪੰਨਾ 138

ਇਕ ਹੋਟ ਸਿੱਖ ਵਿਦਵਾਨ ਜੀ ਨੇ ਪਾਰਸੀ ਮਤਿ ਬਾਰੇ ਵਿਚਾਰ ਪਰਗਟ ਕਰਦਿਆਂ ਇਹ ਲਿਖਿਆ ਹੈ ਕਿ :—

ਪਾਰਸੀ ਸਭ ਤੋਂ ਪੁਰਾਣਾ ਮਤਿ ਹੈ ਤੇ ਉਸਦਾ ਇਹ ਅਕੀਦਾ ਪੁਰਾਣਾ ਹੀ ਲਿਖਿਆ ਤੇ ਮੰਨਿਆ ਚਲਾ ਆਉਂਦਾ ਹੈ ਕਿ ਪਾਕ ਅਗਨੀ ਦੇ ਪੁਜਾਰੀ ਯਜੁਦਾਨ ਦੀ ਪਿਆਰੀ ਉੱਮਤ ਹਨ ਅਤੇ ਹੋਰ ਮਨੁੱਖਾਂ ਤੋਂ ਉਚੇਰੇ ਹਨ। ਉਹਨਾਂ ਦਾ ਕੁਲ ਅਭਿਮਾਨ ਇਹ ਆਗਿਆ ਹੀ ਨਹੀਂ ਦਿੰਦਾ ਕਿ ਉਹ ਕਿਸੇ ਨੂੰ ਆਪਣੇ ਸਮਾਨ ਪਦਵੀ ਦੇਣ।'

[ਰਸਾਲਾ ਅੰਮ੍ਰਿਤ, ਅੰਮ੍ਰਿਤਸਰ ਨਵੰਬਰ 1936

ਇਸ ਅਸਲੀਅਤ ਤੋਂ ਕਿਸੇ ਵੀ ਸੂਝਵਾਨ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਪ੍ਰਭੂ ਤੋਂ ਛੁੱਟ ਕਿਸੇ ਵਿਅਕਤੀ ਤੇ ਅਗਨੀ ਆਦਿ ਯੋਗ ਨਹੀਂ ਹੈ ਤੇ ਨਾ ਹੀ ਆਪਦੇ ਵਿਚਾਰ ਕੁਲ-ਅਭਿਮਾਨ ਹੀ ਠੀਕ ਹੈ। ਆਪਦੇ ਵਿਚਾਰ ਅਨੁਸਾਰ ਕਿਸੇ ਜਾਤਿ ਜਾਂ ਕੁਲ ਦਾ ਅਭਿਮਾਨ ਕਰਨਾ

Digitized by Panjab Digital Library | www.panjabdigilib.org

ਲਾਭਦਾਇਕ ਸਿਧ ਨਹੀਂ ਹੋ ਸਕਦਾ । ਗੁਰਬਾਣੀ ਨੇ ਕੇਹਾ ਸੋਹਣਾ ਸਿਧਾਂਤ ਅਪਣਾਇਆ ਹੈ ਕਿ :—

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ ।
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ ॥
[ਗਉੜੀ, ਮ: 5, ਪੰਨਾ 253

Digitized by Panjab Digital Library | www.panjabdigilib.org

# ਦਹਿਰੀਅਤ (ਨਾਸਤਕਤਾ)
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਇਸ ਜਗ ਵਿਚ ਅਜੇਹੇ ਲੋਕਾਂ ਦੀ ਵੀ ਘਟ ਗਿਣਤੀ ਨਹੀਂ ਹੈ, ਜੋ ਸਿਰੇ ਤੋਂ ਹੀ ਸਾਜਨਹਾਰ ਪ੍ਰਭੂ ਦੇ ਇਨਕਾਰੀ ਹਨ। ਓਹਨਾਂ ਦੇ ਵਿਚਾਰ ਅਨੁਸਾਰ ਪ੍ਰਭੂ ਦੀ ਹੋਂਦ ਦਾ ਇਨਕਾਰ ਅਗਿਆਨਤਾ ਦੇ ਜਗ ਦੀ ਇਕ ਯਾਦਗਾਰ ਹੈ। ਵਾਸਤਵ ਵਿਚ ਇਸ ਜਗ ਦਾ ਕੋਈ ਵੀ ਰਚਨਹਾਰ ਤੇ ਮਾਲਕ ਨਹੀਂ ਹੈ ਅਤੇ ਨਾ ਹੀ ਮਰਨ ਮਗਰੋਂ ਪ੍ਰਾਣੀ ਕਿਸੇ ਦੇ ਹਜ਼ੂਰ ਆਪਣੇ ਕਰਮਾਂ ਲਈ ਜਵਾਬ-ਦੇਹ ਹਨ; ਜਿਹਾ ਕਿ ਚਾਰਵਾਨ ਦਾ ਕਥਨ ਹੈ ਕਿ :—

'ਕੋਈ ਅਗਲੀ ਦੁਨੀਆ ਨਹੀਂ ਹੈ, ਮਰਨ ਤੋਂ ਮਗਰੋਂ ਸਭ ਕੁਝ ਸਮਾਪਤ ਹੋ ਜਾਂਦਾ ਹੈ। ਕੋਈ ਨਰਕ ਨਹੀਂ, ਨਾ ਕੋਈ ਸਵਰਗ ਹੀ ਹੈ।'

(ਮਰਨ ਤੋਂ ਪਿਛੋਂ, ਪੰਨਾ 7

ਭਾਰਤ ਵਿਚ ਦੇਵ ਸਮਾਜ ਨਾਂ ਦਾ ਇਕ ਮਤਿ ਨਾਸਤਕ ਮਤਿ ਹੈ। ਇਸ ਬਾਰੇ ਜਾਣ-ਪਛਾਣ ਕਰਾਉਂਦਿਆਂ ਹੋਇਆਂ ਅਕਾਲ ਤਖ਼ਤ ਦੇ ਸਾਬਕ ਜਥੇਦਾਰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਜੀ ਨੇ ਲਿਖਿਆ ਹੈ ਕਿ :—

'ਦੇਵ ਸਮਾਜ ਇਕ ਨਵੀਨ ਨਾਸਤਕ ਮਤ ਹੈ।.........ਦੇਵ ਸਮਾਜ ਦਾ ਗਰੰਥ ਪੰਡਤ ਅਗਨੀ ਹੋਤਰੀ ਦਾ ਦੇਵ ਸ਼ਾਸਤਰ ਹੈ। ਇਸ ਵਿਚ ਲਿਖਿਆ ਹੈ ਕਿ 'ਨੇਚਰ ਦੇ ਅਧਾਰ ਤੇ ਜੋ ਸਹੀ ਗਿਆਨ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਉਹੀ ਧਰਮ ਦਾ ਸੱਚਾ ਗਿਆਨ ਹੈ।'

[ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 472

ਇਸੇ ਤਰ੍ਹਾਂ ਸਿੰਘ ਸਾਹਿਬ ਜੀ ਇਹ ਵੀ ਲਿਖਦੇ ਹਨ ਕਿ :—



Digitized by Panjab Digital Library | www.panjabdigilib.org

'ਸ਼ਾਂਖ ਦੀ ਤਰ੍ਹਾਂ ਦੇਵ ਸਮਾਜ ਵੀ ਸ੍ਰਿਸ਼ਟੀ ਰਚਨਾ ਮਾਦੇ ਤੇ ਸ਼ਕਤੀ ਤੋਂ ਮੰਨਦਾ ਹੈ। ਨੇਚਰ (Nature) ਕੀ ਹੈ ? ਇਸ ਬਾਰੇ ਕਹਿੰਦਾ ਹੈ :—ਜੜ੍ਹ (ਮਾਦੇ) ਤੇ ਸ਼ਕਤੀ ਤੋਂ ਮਿਲਕੇ ਸਭ ਤਰ੍ਹਾਂ ਦੇ ਨਿੱਕੇ ਵੱਡੇ ਜਾਨ ਤੇ ਬੇਜਾਨ ਵਜੂਦਾਂ ਨੂੰ ਰੱਖਣ ਵਾਲੀ ਹਸਤੀ ਦਾ ਨਾਂ ਨੇਚਰ ਹੈ।'

'ਜੜ੍ਹ—ਚੇਤਨ ਰਾਹੀਂ ਬਣੇ ਹੋਏ ਰੂਪ ਬਦਲਣਹਾਰ ਹਨ। ਓਹ ਆਪਣੀ ਸ਼ਕਤੀ ਨਾਲ ਬਦਲਦੇ ਰਹਿੰਦੇ ਹਨ। ਕੋਈ ਹੋਰ ਹਸਤੀ ਓਹਨਾਂ ਵਿਚ ਪ੍ਰੀਵਰਤਨ ਨਹੀਂ ਕਰਦੀ। ਨੇਚਰ ਹੀ ਚੀਜ਼ਾਂ ਨੂੰ ਪਰਗਟ ਤੇ ਲੋਪ ਕਰਦੀ ਹੈ। ਇਸ ਤਬਦੀਲੀ ਨਾਲ ਉਸਦੀ ਮਿਣਤੀ ਵਿਚ ਕੋਈ ਘਾਟਾ—ਵਾਧਾ ਨਹੀਂ ਹੁੰਦਾ। ਇਹ ਅਨਾਦੀ ਹੈ।'

[ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 473

ਪੁਰਾਤਨ ਮਜ਼ਹਬਾਂ ਤੇ ਧਰਮਾਂ ਦੇ ਆਗੂਆਂ ਬਾਰੇ ਵੀ ਦੇਵ-ਸਮਾਜ ਦੇ ਕੋਈ ਚੰਗੇ ਵਿਚਾਰ ਨਹੀਂ ਹਨ; ਜਿਹਾ ਕਿ ਸਿੰਘ ਸਾਹਿਬ ਜੀ ਲਿਖਦੇ ਹਨ ਕਿ :—

'ਪੁਰਾਤਨ ਮਜ਼ਬਾਂ ਦੇ ਆਗੂ ਸੱਚੀ ਦੇਵ ਸ਼ਕਤੀਆਂ ਤੋਂ ਖਾਲੀ ਸਨ। ਓਹਨਾਂ ਵਿਚ ਦੇਵ ਤੇਜ ਤੇ ਦੇਵ ਜੋਤੀ ਦਾ ਪ੍ਰਕਾਸ਼ ਨਾ ਹੋਣ ਕਰਕੇ ਓਹਨਾਂ ਨੂੰ ਸਹੀ ਗਿਆਨ ਪ੍ਰਾਪਤ ਨਹੀਂ ਸੀ।'

[ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 473

ਨਰਕ—ਸਵਰਗ ਬਾਰੇ ਦੇਵ ਸਮਾਜ ਨੇ ਇਹ ਪਰਗਟ ਕੀਤੇ ਹਨ ਕਿ :—

'ਸਵਰਗ ਨਰਕ ਕੋਈ ਨਹੀਂ, ਇਹ ਝੂਠੀਆਂ ਗੱਪਾਂ ਹਨ।'

[ਸੰਸਾਰ ਦਾ ਧਾਰਮਿਕ ਇਤਿਹਾਸ, ਪੰਨਾ 473

ਸੋ ਗੱਲ ਕੀ ਦਹਿਰੀਏ ਜਾਂ ਨਾਸਤਕ ਪ੍ਰਭੂ ਤੋਂ ਇਨਕਾਰੀ ਹਨ ਤੇ ਇਸ ਦੇ ਨਾਲ ਹੀ ਓਹਨਾਂ ਦੇ ਵਿਚਾਰ ਅਨੁਸਾਰ ਨਰਕ—ਸਵਰਗ ਦਾ ਵਿਚਾਰ ਵੀ ਝੂਠੀਆਂ ਗੱਪਾਂ ਹੀ ਹਨ, ਅਸਲੀਅਤ ਨਾਲ ਇਸਦਾ ਕੋਈ ਵਾਸਤਾ ਨਹੀਂ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਦਾ ਗਹੁ ਨਾਲ ਪਾਠ ਕਰਨ ਵਾਲੇ ਜਾਣਦੇ ਹਨ ਕਿ ਆਪ ਪ੍ਰਭੂ ਦੀ ਹੋਂਦ ਦੇ ਇਕਰਾਰੀ ਸਨ। ਗੁਰੂ ਜੀ ਦੇ ਵਿਚਾਰ ਅਨੁਸਾਰ ਇਸ ਸਾਰੇ ਵਿਸ਼ਵ ਦੀ ਹਰੇਕ ਛੋਟੀ ਵੱਡੀ ਚੀਜ਼ ਦਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਹੈ। ਉਸਨੇ ਆਪਣੀ ਇੱਛਾ ਨਾਲ ਹੀ ਇਹ ਰਚਨਾ ਰਚਾਈ ਹੈ। ਇਸਦੇ ਨਾਲ ਹੀ

Digitized by Panjab Digital Library | www.panjabdigilib.org

ਗੁਰਬਾਣੀ ਵਿਚ ਨਰਕ ਸਵਰਗ ਦੀ ਹੋਂਦ ਵੀ ਮੰਨੀ ਗਈ ਹੈ । ਨਰਕ ਨੂੰ ਪਾਪੀਆਂ ਤੇ ਦੁਰਾਚਾਰੀਆਂ ਦਾ ਟਿਕਾਣਾ ਤੇ ਸਵਰਗ ਦਾ ਸੰਬੰਧ ਧਰਮੀਆਂ ਤੇ ਸਦਾਚਾਰੀਆਂ ਨਾਲ ਦੱਸਿਆ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

ਨਾਮੁ ਵਿਸਾਰਿ ਦੋਖ ਦੁਖ ਸਹੀਐ ।
ਹੁਕਮੁ ਭਇਆ ਚਲਣਾ ਕਿਉ ਰਹੀਐ ।
ਨਰਕ ਕੂਪ ਮਹਿ ਗੋਤੇ ਖਾਵੈ
ਜਿਉ ਜਲ ਤੇ ਬਾਹਰਿ ਮੀਨਾ ਹੇ ।

[ਮਾਰੂ, ਮ: 1, ਪੰਨਾ 1028

**ਅਰਥਾਤ :—**

ਓਥੈ ਸਚੋ ਹੀ ਸਚ ਨਿਬੜੈ ਚੁਣਿ ਵਖਿ ਕਢੇ ਜਜ ਮਾਲਿਆ ।
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ।

[ਵਾਰ ਆਸਾ, ਮ: 1, ਪੰਨਾ 463

ਗੁਰਬਾਣੀ ਵਿਚ ਵਰਣਨ ਹੈ ਕਿ :—

ਨਰਕ ਘੋਰੁ ਬਹੁ ਦੁਖ ਘਣੇ ਆਕਿਰਤ ਘਣਾ ਕਾ ਥਾਨੁ ।
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥

[ਵਾਰ ਗਉੜੀ. ਸ: ਮ: 5, ਪੰਨਾ 315

**ਅਰਥਾਤ :—**

ਜੇਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ।
ਹਰਿ ਛੋਡਨਿ ਸੇ ਦਰਜਨਾ ਪੜਹਿ ਦੋਜਕ ਕੈ ਸੂਲਿ ।

[ਵਾਰ ਗਉੜੀ, ਮ: 5, ਪੰਨਾ 322

ਗੁਰਬਾਣੀ ਦੇ ਏਹਨਾਂ ਉਕਤ ਪਵਿਤਰ ਵਾਕਾਂ ਵਿਚ ਨਰਕ ਦੀ ਹੋਂਦ ਸਪਸ਼ਟ ਅੱਖਰਾਂ ਵਿਚ ਮੰਨੀ ਗਈ ਹੈ ਅਤੇ ਇਸਨੂੰ ਪ੍ਰਭੂ ਦੇ ਇਨਕਾਰੀ, ਕੂੜਿਆਰ ਤੇ ਅਕਿਰਤਘਣ ਲੋਕਾਂ ਦਾ ਟਿਕਾਣਾ ਦੱਸਿਆ ਗਿਆ ਹੈ ।

ਇਸ ਤਰ੍ਹਾਂ ਸਵਰਗ ਜਾਂ ਬਹਿਸ਼ਤ ਬਾਰੇ ਇਹ ਵਿਚਾਰ ਪਰਗਟ ਕੀਤੇ ਗਏ ਹਨ ਕਿ :—

Digitized by Panjab Digital Library | www.panjabdigilib.org

ਗਾਵਨਿ ਤੁਧ ਨੋ ਮੋਹਣੀਆ ਮਨੁ ਮੋਹਨਿ
ਸੁਰਗਾਂ ਮਛ ਪਇਆਲੇ।

[ਜਪੁਜੀ, ਪੰਨਾ 6

**ਅਰਥਾਤ :—**

ਰਾਹ ਦਸਾਇ ਓਥੈ ਕੋ ਜਾਇ।
ਕਰਣੀ ਬਾਝਹੁ ਭਿਸਤ ਨ ਪਾਇ॥

[ਵਾਰ ਰਾਮਕਲੀ, ਮ: 1, ਪੰਨਾ 952

ਗੁਰਬਾਣੀ ਵਿਚ ਵਰਣਨ ਹੈ ਕਿ :—

ਸੁਰਗ ਪਇਆਲ ਮਿਰਤ ਭੂਅ ਮੰਡਲ
ਸਰਬ ਸਮਾਨੋ ਏਕੈ ਓਹੀ॥

[ਗਉੜੀ, ਮ: 5, ਪੰਨਾ 207

**ਅਰਥਾਤ :—**

ਪੀਰ ਪਛਾਣੈ ਭਿਸਤੀ ਸੋਈ
ਅਜਰਾਈਲ ਨ ਦੋਜ ਠਰਾ॥

[ਮਾਰੂ, ਮ: 5, ਪੰਨਾ 1084

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਪਵਿੱਤਰ ਬਾਣੀ ਸਾਡੀ ਇਸ ਗ਼ੱਲ ਦੀ ਅਗਵਾਈ ਕਰਦੀ ਹੈ ਕਿ ਜਿੱਥੇ ਨਾਸਤਕਾਂ ਦੇ ਵਿਚਾਰ ਅਨੁਸਾਰ ਨਰਕ—ਸਵਰਗ ਜਾਂ ਦੋਜ਼ਖ—ਬਹਿਸ਼ਤ ਨਿਰੋਲ ਗੱਪਾਂ ਹਨ, ਉਥੇ ਗੁਰੂ ਜੀ ਦੇ ਵਿਚਾਰ ਅਨੁਸਾਰ ਇਹ ਅਟੱਲ ਸਚਾਈ ਹਨ। ਹਰੇਕ ਪ੍ਰਾਣੀ ਨੂੰ ਆਪਣੇ ਕਰਮਾਂ ਅਨੁਸਾਰ ਨਰਕ—ਸਵਰਗ ਭੋਗਣਾ ਪਵੇਗਾ; ਜਿਹਾ ਕਿ ਗੁਰੂ ਜੀ ਦਾ ਫ਼ਰਮਾਨ ਹੈ ਕਿ—

ਅਮਲਾਂ ਪਿੱਛੇ ਹੈ ਦੋਜਕ ਭਿਸ਼ਤ ਵਿਚਾਰ॥

[ਤਵਾਰੀਖ ਗੁਰੂ ਖਾਲਸਾ ਪੰਨਾ 270

**ਅਰਥਾਤ :—**

'ਭਿਸ਼ਤ ਦੋਜਕ ਸਭ ਨੂੰ ਕਰਮਾਂ ਅਨੁਸਾਰ ਪ੍ਰਮੇਸ਼ਰ ਦਿੰਦਾ ਹੈ।'

[ਤਵਾਰੀਖ ਗੁਰੂ ਖਾਲਸਾ ਪੰਨਾ 282

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਕਹਿਰੀਆਂ ਬਾਰੇ ਆਪਣੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

Digitized by Panjab Digital Library | www.panjabdigilib.org

ਕਹਿਰੀਏ ਹਨ ਗੁਮਰਾਹ ਜੋ ਜਾਨਨ ਨਾਹੀ ਅੱਲਾਹ ।
ਫਿਟਿਆ ਦੁਧ ਨ ਕੰਮ ਕਿਸ ਰੋਗਨ ਹਥ ਨ ਆਹ ।
... ... ... ... ...
ਜੇ ਸੌ ਵਰ੍ਹਿਆ ਰਿੜਕੀਏ ਸੜ ਸੁਕ ਮੁਢੋਂ ਜਾਇ ।
ਨਾਨਕ ਆਖੇ ਸੁਣ ਪੀਰ ਜੀ ਬਾਝ ਸਚ ਗੁਮਰਾਹਿ ।

[ਜਨਮ ਸਾਖੀ ਭਾਂ: ਬਾਲਾ, ਪੰਨਾ 186

**ਅਰਥਾਤ** :—ਕਹਿਰੀਏ ਜਾਂ ਨਾਸਤਕ ਜੋ ਸਿਰੇ ਤੋਂ ਸਾਜਨਹਾਰ ਪ੍ਰਭੂ ਦੇ ਇਨਕਾਰੀ ਹਨ, ਵੱਡੇ ਕੁਰਾਹੀਏ ਤੇ ਗੁਮਰਾਹ ਹਨ। ਉਹ ਫਿਟਿਆ ਹੋਇਆ ਦੁਧ ਰਿੜਕ ਰਹੇ ਹਨ। ਉਹਨਾਂ ਨੂੰ ਕਦੇ ਵੀ ਮੱਖਣ ਜਾਂ ਘਿਉ ਹੱਥ ਨਹੀਂ ਲਗ ਸਕੇਗਾ; ਭਾਵੇਂ ਸੌ ਸਾਲ ਵੀ ਰਿੜਕਦੇ ਕਿਉਂ ਨਾ ਰਹਿਣ। ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ ਸੱਚੇ ਪ੍ਰਭੂ ਨੂੰ ਮੰਨਣ ਤੋਂ ਬਿਨਾਂ ਪ੍ਰਾਣੀ ਗੁਮਰਾਹ ਹਨ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਪ੍ਰਭੂ ਤੋਂ ਬੇਮੁਖ ਲੋਕਾਂ ਬਾਰੇ ਜੋ ਵਿਚਾਰ ਪਰਗਤ ਕੀਤੇ ਹਨ, ਓਹ ਬਿਲਕੁਲ ਸਪਸ਼ਟ ਹਨ; ਓਹਨਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਪ੍ਰਭੂ ਦੇ ਇਨਕਾਰੀਆਂ ਦਾ ਜੀਵਨ ਸਫਲ ਨਹੀਂ ਹੋ ਸਕਦਾ ਅਤੇ ਨਾ ਓਹਨਾਂ ਦੇ ਹਲਤ ਪਲਤ ਹੀ ਸੁਧਰ ਸਕਦੇ ਹ। ਗੁਰੂ ਜੀ ਦਾ ਇਹ ਫ਼ਰਮਾਨ ਹੈ ਕਿ—

ਸਗਲੀ ਰੈਣ ਸੋਵਤ ਗਲਿ ਫਾਹੀ
ਦਿਨਸੁ ਜੰਜਾਲਿ ਗਵਾਇਆ ।
ਖਿਨੁ ਪਲੁ ਘੜੀ ਨਹੀਂ ਪ੍ਰਭੁ ਜਾਨਿਆ
ਜਿਨਿ ਇਹੁ ਜਗਤੁ ਉਪਾਇਆ ।
ਮਨ ਰੇ ਕਿਉ ਛੂਟਸਿ ਦੁਖੁ ਭਾਰੀ ।
ਕਿਆ ਲੈ ਆਵਸਿ ਕਿਆ ਲੈ ਜਾਵਸਿ
ਰਾਮ ਜਪਹੁ ਗੁਣਕਾਰੀ ।
ਊਧਉ ਕਵਲੁ ਮਨਮੁਖ ਮਤਿ ਹੋਛੀ
ਮਨਿ ਅੰਧੈ ਸਿਰਿ ਧੰਧਾ ।
ਕਾਲੁ ਬਿਕਾਲੁ ਸਦਾ ਸਿਰਿ ਤੇਰੇ
ਬਿਨੁ ਨਾਵੈ ਗਲਿ ਫੰਧਾ ।

Digitized by Panjab Digital Library | www.panjabdigilib.org

ਖੋਇਓ ਮੂਲੁ ਲਾਭੁ ਕਹ ਪਾਵਸਿ
ਦੁਰਮਤਿ ਗਿਆਨ ਵਿਹੂਣੇ ।
ਸਬਦੁ ਬੀਚਾਰਿ ਰਾਮ ਰਸੁ ਚਾਖਿਆ
ਨਾਨਕ ਸਾਚਿ ਪਤੀਣੇ ।

[ਭੈਰਉ, ਮ: 1, ਪੰਨਾ 1126]

**ਅਰਥਾਤ :**—ਜੋ ਲੋਕ ਸਾਰੀ ਰਾਤ ਸੌਂ ਕੇ ਤੇ ਆਪਣੇ ਕੰਮਾਂ ਧੰਧਿਆਂ ਵਿਚ ਬਿਤਾ ਦਿੰਦੇ ਹਨ। ਓਹ ਇਕ ਪਲ ਵੀ ਆਪਣੇ ਸਾਜਨਹਾਰ ਤੇ ਪਾਲਨਹਾਰ ਨੂੰ ਜਾਣਨ-ਪਛਾਣਨ ਵਲ ਨਹੀਂ ਲਾਉਂਦੇ, ਜਿਸ ਨੇ ਇਹ ਜਗਤ ਸਾਜਿਆ ਹੈ। ਹੇ ਮੇਰੇ ਮਨ ! ਇਹ ਸਦਾ ਚੇਤੇ ਰੱਖ ਕਿ ਓਹ ਵੱਡੇ ਕਸ਼ਟ ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰ ਸਕਦਾ, ਇਕ ਨਾ ਇਕ ਦਿਨ ਉਹ ਵੱਡਾ ਕਸ਼ਟ ਓਹਨਾਂ ਨੂੰ ਆ ਦਬੋਚੇਗਾ। ਓਹ ਇਹ ਨਹੀਂ ਸੋਚਦੇ ਕਿ ਓਹ ਇਸ ਜਗ ਤੇ ਆਪਣੇ ਨਾਲ ਕੀ ਲੈ ਕੇ ਆਏ ਸਨ ? ਤੇ ਕੀ ਲੈ ਕੇ ਜਾਣਗੇ ? ਸਾਜਨਹਾਰ ਪ੍ਰਭੂ ਦਾ ਨਾਂ ਸਦਾ ਹੀ ਜਪਦੇ ਰਹੋ, ਏਹੋ ਹੀ ਗੱਲ ਵੱਡੀ ਗੁਣਕਾਰੀ ਸਿਧ ਹੋਵੇਗੀ। ਮਨਮੁਖਾਂ ਦਾ ਮਨ ਉਲਟਾ ਹੈ, ਤੇ ਓਹਨਾਂ ਦੀ ਮਤਿ ਵੀ ਹੋਛੀ ਹੈ, ਓਹਨਾਂ ਦਾ ਅੰਨ੍ਹਾ ਮਨ ਸੰਸਾਰੀ ਧੰਧਿਆਂ ਵਿਚ ਹੀ ਖੱਚਿਤ ਰਹਿੰਦਾ ਹੈ। ਕਾਲ ਤੇ ਬਿਕਾਲ ਸਦਾ ਹੀ ਓਹਨਾਂ ਦੇ ਸਿਰ ਤੇ ਸੁਆਰ ਰਹਿੰਦਾ ਹੈ, ਨਾਮ ਤੋਂ ਬਿਨਾਂ ਓਹਨਾਂ ਦੀ ਧੌਣ ਫਾਹੀ ਵਿਚ ਫਸ ਜਾਂਦੀ ਹੈ। ਗਿਆਨ ਤੋਂ ਬਿਹੂਣੇ ਤੇ ਖੋਟੀ ਮਤ ਵਾਲੇ ਪ੍ਰਾਣੀ ਆਪਣਾ ਮਨ ਵੀ ਗੁਆ ਬੈਠਦੇ ਹਨ, ਓਹਨਾਂ ਨੂੰ ਕੋਈ ਲਾਭ ਨਹੀਂ ਪੁਜ ਸਕਦਾ। ਸਾਜਨਹਾਰ ਪ੍ਰਭੂ ਦਾ ਨਾਮ ਸਿਮਰਨ ਨਾਲ ਪ੍ਰਾਣੀ ਪ੍ਰਭੂ ਦੇ ਅੰਮ੍ਰਿਤ (ਰਾਮ ਰਸ) ਨੂੰ ਪਾਨ ਕਰ ਲੈਂਦਾ ਹੈ ਤੇ ਗੁਰੂ ਨਾਨਕ ਜੀ ਆਖਦੇ ਹਨ ਕਿ ਫਿਰ ਉਹ ਸੱਚ ਨਾਲ ਪ੍ਰਸੰਨ ਹੋ ਜਾਂਦਾ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ।
ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ।

[ਭੈਰਉ, ਮ: 1, ਪੰਨਾ 1727]

**ਅਰਥਾਤ :**—ਪ੍ਰਭੂ ਦਾ ਇਨਕਾਰ ਕੀਤਿਆਂ ਪ੍ਰਾਣੀ ਦਾ ਜਗ ਤੇ ਜਨਮ ਧਾਰਨ ਕਰਨਾ ਹੀ ਬਿਰਥਾ ਹੋ ਜਾਂਦਾ ਹੈ। ਫੇਰ ਉਸ ਦਾ ਖਾਣਾ ਪੀਣਾ ਜ਼ਹਿਰ ਦਾ ਰੂਪ

Digitized by Panjab Digital Library | www.panjabdigilib.org

ਧਾਰਨ ਕਰ ਜਾਂਦਾ ਹੈ ਅਤੇ ਉਸ ਦੇ ਬੋਲ ਵੀ ਜ਼ਹਿਰ ਭਰੇ ਹੋ ਜਾਂਦੇ ਹਨ। ਉਸ ਦਾ ਜਨਮ ਨਿਹਫਲ ਹੋ ਜ਼ਾਂਦਾ ਹੈ ਅਤੇ ਉਸ ਦੀ ਭਟਕਣਾ ਕਦੇ ਮੁਕਦੀ ਹੀ ਨਹੀਂ। ਮੁਕਤੀ ਜਾਂ ਸਫਲਤਾ ਪ੍ਰਾਪਤ ਕਰਨ ਲਈ ਆਪਣੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਤੇ ਸ਼ਰਧਾ ਧਾਰਨ ਕਰਨਾ ਵੱਡਾ ਜ਼ਰੂਰੀ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਜੋ ਪ੍ਰਾਣੀ ਆਪਣੇ ਸਾਜਨਹਾਰ ਤੇ ਪਾਲਨਹਾਰ ਨੂੰ ਨਹੀਂ ਮੰਨਦੇ, ਓਹ ਮੂਰਖਾਂ ਦੇ ਸਰਦਾਰ ਹਨ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ।
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ।
ਬਾਬਾ ਮੂਮਖੁ ਹਾ ਨਾਵੈ ਬਲਿ ਜਾਉ।
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ।
ਮੂਰਖ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ।
ਮੂਰਖਾ ਸਿਰਿ ਮੂਰਖ ਹੈ ਜਿ ਮੰਨੇ ਨਾਹੀ ਨਾਉ॥

[ਮਾਰੂ ਮ: 1, ਪੰਨਾ 1015]

**ਅਰਥਾਤ** :—ਮੈਂ ਆਪਣੇ ਆਪ ਤੋਂ ਕਿਸੇ ਨੂੰ ਮੂਰਖ ਨਹੀਂ ਸਮਝਦਾ ਤੇ ਨਾ ਕਿਸੇ ਨੂੰ ਸਿਆਣਾ ਹੀ ਜਾਣਦਾ ਹਾਂ। ਮੈਂ ਸਦਾ ਹੀ ਸਾਜਨਹਾਰ ਪ੍ਰਭੂ ਦੇ ਰੰਗ ਵਿਚ ਰਤਿਆ ਹੋਇਆਂ ਹਾਂ ਅਤੇ ਦਿਨ ਰਾਤ ਉਸ ਦਾ ਸਿਮਰਨ ਕਰਦਾ ਰਹਿੰਦਾ ਹਾਂ। ਹੇ ਮੇਰੇ ਪਿਤਾ ਜੀਉ! ਮੈਂ ਮੂਰਖ ਹਾਂ ਤੇ ਸਦਾ ਤੇਰੇ ਨਾਮ ਉੱਤੋਂ ਵਾਰਨੇ ਜਾਂਦਾ ਹਾਂ। ਤੂੰ ਸਾਜਨਹਾਰ ਹੈਂ ਅਤੇ ਤੂੰ ਹੀ ਸਿਆਣਾ ਤੇ ਵੱਡਾ ਦੂਰ ਅੰਦੇਸ਼ ਹੈਂ। ਮੇਰਾ ਤੇਰੇ ਨਾਮ ਦੁਆਰਾ ਹੀ ਪਾਰ ਉਤਾਰਾ ਹੋ ਸਕਦਾ ਹੈ। ਵਾਸਤਵ ਵਿਚ ਤਾਂ ਮੂਰਖ ਤੇ ਸਿਆਣਾ ਇਕ ਸਮਾਨ ਹੀ ਹਨ, ਓਹਨਾਂ ਵਿਚ ਇੱਕੋ ਹੀ ਸਾਜਨਹਾਰ ਪ੍ਰਭੂ ਦੀ ਜੋਤ ਹੈ। ਹਾਂ, ਓਹਨਾਂ ਦੇ ਦੋ ਅੱਡੋ ਅੱਡਰੇ ਨਾਂ ਜ਼ਰੂਰ ਹਨ। ਪਰ ਉਹ ਪ੍ਰਾਣੀ ਮੂਰਖਾਂ ਦਾ ਸਰਦਾਰ ਹੈ, ਜੋ ਆਪਣੇ ਸਾਜਨਹਾਰ ਪ੍ਰਭੂ ਨੂੰ ਨਹੀਂ ਮੰਨਦਾ ਅਤੇ ਉਸ ਦਾ ਇਨਕਾਰ ਕਰਦਾ ਹੈ।

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਨੇ ਪ੍ਰਭੂ ਤੋਂ ਬੇਮੁਖ ਲੋਕਾਂ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਕੂੜਿ ਮੁਠੀ ਠਗੀ ਠਗਵਾੜੀ ।
ਜਿਉ ਵਾੜੀ ਓਜਾੜਿ ਉਜਾੜੀ ।
ਨਾਮ ਬਿਨਾ ਕਿਛੁ ਸਾਦਿ ਨ ਲਾਗੈ
ਹਰਿ ਬਿਸਰਿਐ ਦੁਖੁ ਪਾਈ ਹੇ ॥

[ਮਾਰੂ, ਮ: 1, ਪੰਨਾ 1024]

**ਅਰਥਾਤ** :—ਝੂਠਿਆਂ ਨੂੰ ਠਗਾਂ ਨੇ ਲੁਟ ਪੁਟ ਲਿਆ ਹੈ। ਓਹਨਾਂ ਦਾ ਈਸ਼ਵਰੀ ਬਾਗ ਉਜਾੜ ਦਾ ਰੂਪ ਧਾਰਨ ਕਰ ਗਿਆ ਹੈ ਤੇ ਉੱਜੜ ਪੁੱਜੜ ਗਿਆ ਹੈ। ਸਾਜਨਹਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਕੁਝ ਵੀ ਸੁਆਦ ਨਹੀਂ ਆਉਂਦਾ। ਪ੍ਰਭੂ ਨੂੰ ਵਿਸਾਰ ਕੇ ਤੇ ਉਸ ਤੋਂ ਬੇਮੁੱਖ ਹੋ ਕੇ ਪ੍ਰਾਣੀ ਨੂੰ ਵੱਡੇ ਕਸ਼ਟਾਂ ਵਿਚ ਫਸਣਾ ਪੈਂਦਾ ਹੈ।

ਗੁਰਬਾਣੀ ਵਿਚ ਵੀ ਪ੍ਰਭੂ ਦੇ ਇਨਕਾਰ ਨੂੰ ਵੱਡੇ ਦੁੱਖਾਂ ਤੇ ਕਸ਼ਟਾਂ ਦਾ ਕਾਰਨ ਦੱਸਿਆ ਗਿਆ ਹੈ ਤੇ ਇਹ ਵੀ ਕਿਹਾ ਗਿਆ ਹੈ ਕਿ ਦਹਿਰੀਅਤ ਵੱਡੇ ਉਜਾੜਿਆਂ ਦਾ ਸਬਬ ਬਣ ਜਾਂਦੀ ਹੈ, ਜਿਹਾ ਕਿ ਇਕ ਥਾਂ ਵਰਣਨ ਹੈ ਕਿ :—

ਜਿਥੈ ਨਾਮੁ ਜਪੀਐ ਪ੍ਰਭੂ ਪਿਆਰੇ ।
ਸੇ ਅਸਥਾਨ ਸੋਇਨ ਚਉਬਾਰੇ ।
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ
ਸੇਈ ਨਗਰ ਉਜਾੜੀ ਜੀਉ ॥

[ਮਾਝ, ਮ: 5, ਪੰਨਾ 105]

ਇਸੇ ਤਰ੍ਹਾਂ ਇਕ ਹੋਰ ਥਾਂ ਇਹ ਵਰਣਨ ਹੈ ਕਿ :—

ਪਰਮੇਸ਼ਰ ਤੇ ਭੁਲਿਆਂ ਵਿਆਪਣ ਸਭੇ ਰੋਗ ।
ਵੇਮੁਖ ਹੋਏ ਰਾਮ ਤੇ ਲਗਉ ਜਨਮ ਵਿਜੋਗ ।
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ।

[ਮਾਝ, ਮ: 5, ਪੰਨਾ 134]

Digitized by Panjab Digital Library | www.panjabdigilib.org

**ਅਰਥਾਤ** :—ਸਾਜਨਹਾਰ ਪ੍ਰਭੂ ਦਾ ਇਨਕਾਰ ਕਰਨ ਨਾਲ ਪ੍ਰਾਣੀ ਵੱਡੇ ਰੋਗਾਂ ਤੇ ਕਸ਼ਟਾਂ ਵਿਚ ਫਸ ਜਾਂਦੇ ਹਨ ਅਤੇ ਓਹਨਾਂ ਦਾ ਸਾਰਾ ਜੀਵਨ ਦੁੱਖਾਂ ਵਿਚ ਹੀ ਬੀਤਦਾ ਹੈ; ਸਗੋਂ ਓਹਨਾਂ ਦੇ ਮਾਇਆ ਦੇ ਸਾਰੇ ਭੋਗ ਵੀ ਓਹਨਾਂ ਲਈ ਕੌੜੇ ਜ਼ਹਿਰ ਹੋ ਜਾਂਦੇ ਹਨ, ਅਰਥਾਤ ਓਹਨਾਂ ਦੇ ਸੁੱਖ ਦੇ ਸਾਧਨ ਵੀ ਓਹਨਾਂ ਲਈ ਮਾਰੂ ਬਣ ਜਾਂਦੇ ਹਨ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ :—

كَيْفَ تَكْفُرُوْنَ بِاللّٰهِ وَكُنْتُمْ اَمْوَاتًا فَاَحْيَاكُمْ
ثُمَّ يُمِيْتُكُمْ ثُمَّ يُحْيِيْكُمْ ثُمَّ اِلَيْهِ تُرْجَعُوْنَ ۝
——فَوَيْلٌ لِّلْقٰسِيَةِ قُلُوْبُهُمْ مِّنْ ذِكْرِ
اللّٰهِ ۝ اُولٰٓئِكَ فِيْ ضَلٰلٍ مُّبِيْنٍ ۝

**ਅਰਥਾਤ** :—ਹੇ ਲੋਕੋ ! ਤੁਸੀਂ ਆਪਣੇ ਸਾਜਨਹਾਰ ਪ੍ਰਭੂ ਦਾ ਕਿਵੇਂ ਇਨਕਾਰ ਕਰ ਸਕਦੇ ਹੋ; ਹਾਲਾਂਕਿ ਤੁਸੀਂ ਨਿਰਜੀਵ ਸੀ, ਉਸ ਨੇ ਤੁਹਾਨੂੰ ਜੀਵਨ ਦਿੱਤਾ । ਉਹ ਤੁਹਾਨੂੰ ਫਿਰ ਮਾਰੇਗਾ ਤੇ ਫੇਰ ਸੁਰਜੀਤ ਕਰੇਗਾ । ਇਸ ਤੋਂ ਮਗਰੋਂ ਤੁਸੀਂ ਉਸ ਦੇ ਹਜ਼ੂਰ ਹੀ ਪਰਤਾਏ ਜਾਉਗੇ—ਸੋ ਓਹਨਾਂ ਲੋਕਾਂ ਤੇ ਵੱਡਾ ਸ਼ੋਕ ਹੈ, ਜਿਨ੍ਹਾਂ ਦੇ ਦਿਲ ਪ੍ਰਭੂ ਦਾ ਸਿਮਰਨ ਵੱਡਾ ਭਾਰੂ ਸਮਝਦੇ ਹਨ । ਉਹ ਸਪਸ਼ਟ ਕੁਰਾਹੀਏ ਹਨ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਤੇ ਸ਼ਰਧਾ ਧਾਰਨ ਕਰਨ ਦੀ ਪ੍ਰੇਰਨਾ ਦੇਣ ਦੇ ਨਾਲ ਹੀ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕਰ ਦਿੱਤੀ ਹੈ ਕਿ ਜੇ ਪ੍ਰਭੂ ਤੋਂ ਇਨਕਾਰ ਕਰ ਦਿੱਤਾ ਜਾਏ, ਤਾਂ ਫਿਰ ਲੋਕਾਈ ਕੋਲ ਸਦਾਚਾਰ ਜਾਂ ਹਰਾਮ ਹਲਾਲ ਦੀ ਕੋਈ ਘਸਵਟੀ ਨਹੀਂ ਰਹੇਗੀ ਤੇ ਮਨੁੱਖਾ-ਜੀਵਨ ਪਸ਼ੂਆਂ ਦੀ ਪਧਰ ਤੇ ਆ ਜਾਏਗਾ, ਜਿਹਾ ਕਿ ਸ੍ਰੀ ਗੁਰੂ ਜੀ ਨੇ ਫ਼ਰਮਾਇਆ ਹੈ ਕਿ :—

ਕਾਮੁ ਕ੍ਰੋਧ ਬਿਖੁ ਬਜਰ ਭਾਰੁ ।
ਨਾਮ ਬਿਨਾ ਕੈਸੇ ਗੁਨ ਚਾਰੁ ।

[ਬਸੰਤ, ਮ: 1, ਪੰਨਾ 1187]

Digitized by Panjab Digital Library | www.panjabdigilib.org

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਭੂਲ ਚੂਕ ਤੇਰੈ ਦਰਬਾਰਿ ।
ਨਾਮ ਬਿਨਾ ਕੈਸੇ ਆਚਾਰ ।

[ਪ੍ਰਭਾਤੀ, ਮ: 1, 1330]

**ਅਰਥਾਤ**:—ਪ੍ਰਭੂ ਦਾ ਇਨਕਾਰ ਕੀਤਿਆਂ ਲੋਕਾਂ ਕੋਲ ਸਦਾਚਾਰ ਜਾਂ ਦੁਰਾਚਾਰ ਲਈ ਕੋਈ ਘਸਵਟੀ ਨਹੀਂ ਰਹੇਗੀ । ਫਿਰ ਨਾ ਕਿਸੇ ਗੱਲ ਨੂੰ ਅਚਾਰ ਨਾ ਕਿਸੇ ਨੂੰ ਦੁਰਾਚਾਰ ਹੀ ਕਿਹਾ ਜਾ ਸਕੇਗਾ । ਇਸੇ ਤਰ੍ਹਾਂ ਹਰਾਮ-ਹਲਾਲ ਤੇ ਯੋਜ-ਅਯੋਗ ਦੀ ਵੀ ਲੋਕਾਂ ਕੋਲ ਕੋਈ ਘਸਵਟੀ ਨਹੀਂ ਰਹੇਗੀ ਤੇ ਇਸ ਤਰ੍ਹਾਂ ਮਨੁੱਖਾ ਜੀਵਨ ਪਸ਼ੂਆਂ ਦੀ ਪਧਰ ਤੂੰ ਪੁਜ ਜਾਏਗਾ ।

ਇਕ ਸਿੱਖ ਵਿਦਵਾਨ ਜੀ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ :—

"ਅਸੀਂ ਰੱਬ ਨੂੰ ਸਿਰਫ਼ ਤਜਰਬਾ, ਦਲੀਲ ਤੇ ਪੜਤਾਲ ਰਾਹੀਂ ਨਹੀਂ ਜਾਣ ਸਕਦੇ । ਰੱਬ ਇਕ ਐਸਾ ਭੇਤ ਹੈ ਜਿਸ ਦਾ ਇੰਦਰੀਆਂ ਰਾਹੀਂ ਕੋਈ ਸਬੂਤ ਨਹੀਂ ਮਿਲ ਸਕਦਾ । ਮਨੁੱਖ ਨੂੰ ਹਰ ਵੇਲੇ ਪਰਮਾਤਮਾ ਦੀ ਲੋੜ ਹੈ ਅਤੇ ਇਹ ਲੋੜ ਹੀ ਪਰਮਾਤਮਾ ਦਾ ਸਬੂਤ ਹੈ । **ਪਰਮਾਤਮਾ ਨੂੰ ਨਾ ਮੰਨਣ ਨਾਲ ਸਾਰੀ ਸਭਿਅਤਾ ਨੂੰ ਖਤਰਾ ਹੈ; ਕਿਉਂਕਿ ਸਭਿਅਤਾ ਦਾ ਅਧਾਰ ਨਿਰੀ ਪਦਾਰਥਕ ਉੱਨਤੀ ਨਹੀਂ, ਬਲਕਿ ਆਤਮਕ** ਜਤਨ, ਸ੍ਵੈ ਕਾਬੂ ਅਤੇ ਸਹਯੋਗ ਹਨ । ਇਹ ਸਭ ਚੀਜ਼ਾਂ ਪਰਮਾਤਮਾ ਦੇ ਯਕੀਨ ਵਿਚੋਂ ਪੈਦਾ ਹੁੰਦੀਆਂ ਹਨ । ਅਜ ਦੀ ਸਾਇੰਸ ਤਦ ਹੀ ਸਾਡੀ ਸਹਾਇਤਾ ਕਰ ਸਕਦੀ ਹੈ ਜੇ ਅਸੀਂ ਹਮੇਸ਼ਾ ਰੱਬ ਨੂੰ ਮੁਖ ਰਖੀਏ । ਸਾਰੀ ਸਾਇੰਸ ਦੇ ਪਿੱਛੇ ਜੋ ਭੇਤ ਛੁਪਿਆ ਹੋਇਆ ਹੈ, ਉਹੀ ਰੱਬ ਹੈ ਜੋ ਪ੍ਰਮਾਣੂ ਨਾਲੋਂ ਛੋਟਾ ਹੈ ਅਤੇ ਸਾਰੇ ਬ੍ਰਹਿਮੰਡ ਨਾਲੋਂ ਵਡਾ ਹੈ ।"

[ਸਿੱਖ ਵਿਚਾਰਧਾਰਾ ਪੰਨਾ 3]

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਦੇ ਵਿਚਾਰ ਅਨੁਸਾਰ ਦਹਿਰੀਅਤ ਜਾਂ ਪ੍ਰਭੂ ਦੀ ਹੋਂਦ ਤੋਂ ਇਨਕਾਰ ਦਾ ਵਿਚਾਰ ਸਾਡੀ ਸੱਭਿਤਾ ਤੇ ਸਦਾਚਾਰ ਲਈ

Digitized by Panjab Digital Library | www.panjabdigilib.org

ਇਕ ਮਹਾਨ ਜ਼ਹਿਰ ਹੈ । ਜੇ ਇਸ ਵਿਚਾਰ ਨੂੰ ਸਾਰੀ ਮਨੁੱਖ ਜਾਤੀ ਅਪਣਾ ਲਏ, ਤਾਂ ਫਿਰ ਉਸ ਕੋਲ ਸਦਾਚਾਰ ਤੇ ਦੁਰਾਚਾਰ ਦੀ ਪਰਖ ਲਈ ਕੋਈ ਘਸਵਟੀ ਨਹੀਂ ਰਹੇਗੀ ਤੇ ਨਾ ਹੀ ਫੇਰ ਕਿਸੇ ਚੀਜ਼ ਨੂੰ ਹਰਾਮ ਤੇ ਕਿਸੇ ਨੂੰ ਹਲਾਲ ਕਿਹਾ ਜਾ ਸਕੇਗਾ । ਸੋ ਗੁਰੂ ਜੀ ਦੇ ਵਿਚਾਰ ਅਨੁਸਾਰ ਦਹਿਰੀਅਤ ਜਾਂ ਪ੍ਰਭੂ ਤੋਂ ਬੇਮੁਖਤਾ ਵੱਡੇ ਕਸ਼ਟਾਂ, ਬੁਰਾਈਆਂ ਤੇ ਬਦ ਅਖਲਾਕੀਆਂ ਦਾ ਸੋਮਾ ਹੈ; ਇਸ ਲਈ ਸਾਰੀ ਮਨੁੱਖ ਜਾਤੀ ਨੂੰ ਸਦਾ ਹੀ ਇਸ ਤੋਂ ਬਚਦੇ ਰਹਿਣਾ ਚਾਹੀਦਾ ਹੈ । ਨਹੀਂ ਤਾਂ ਸਾਡਾ ਸਾਰਾ ਸਮਾਜ ਹੀ ਉਥਲ ਪੁਥਲ ਹੋ ਜਾਏਗਾ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# 2

# ਦੂਜਾ ਭਾਗ

## ਇਸਲਾਮ ਵਿਚ ਪ੍ਰਭੂ ਦਾ ਤਸੱਵਰ

ਤੇ

## ਸ੍ਰੀ ਗੁਰੂ ਨਾਨਕ ਜੀ ਮਹਾਰਾਜ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਇਸਲਾਮ ਵਿਚ ਪ੍ਰਭੂ ਦਾ ਤਸੱਵਰ
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਜਿਥੋਂ ਤਕ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਪਵਿੱਤਰ ਜੀਵਨ ਤੇ ਸ਼ੁਭ ਬਾਣੀ ਦਾ ਸੰਬੰਧ ਹੈ, ਇਹ ਗੱਲ ਸੂਰਜ ਵਤ ਰੋਸ਼ਨ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਇਸਲਾਮ ਵਿਚ ਵਰਣਨ ਕੀਤੇ ਪ੍ਰਭੂ ਦੇ ਸਰੂਪ ਤੋਂ ਵੱਡੇ ਪ੍ਰਭਾਵਿਤ ਸਨ। ਆਪ ਨੇ ਆਪਣੀ ਪਵਿੱਤਰ ਬਾਣੀ ਵਿਚ ਪ੍ਰਭੂ ਦਾ ਜੋ ਸਰੂਪ ਵਰਣਨ ਕੀਤਾ ਹੈ, ਉਹ ਵਾਸਤਵ ਵਿਚ ਇਸਲਾਮ ਦੇ ਪ੍ਰਭੂ—ਸਰੂਪ ਦਾ ਹੀ ਗੁਰਮੁਖੀ ਚਰਬਾ ਹੈ। ਫਾਰਸੀ ਦੇ ਪ੍ਰਸਿਧ ਵਿਦਵਾਨ ਮੁਹਸਨ ਫਾਨੀ ਨੇ, ਜੋ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਇਆ ਹੈ ਤੇ ਇਕ ਦੋ ਵਾਰ ਇਸਨੇ ਗੁਰੂ ਜੀ ਦੇ ਹਜ਼ੂਰ ਪੁਜਕੇ ਦਰਸ਼ਨ—ਦੀਦਾਰ ਕਰਨ ਦਾ ਮਾਣ ਵੀ ਪ੍ਰਾਪਤ ਕੀਤਾ ਸੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਬਾਰੇ ਇਹ ਹਾਮੀ ਭਰੀ ਹੈ ਕਿ—

"ਨਾਨਕ ਕਾਇਲ ਤੌਹੀਦ ਬਾਰੀ ਬੂਦ, ਬਅਮੂਰੇ ਕਿ ਮਨਤੂਕ ਸ਼ਰਹ ਮੁਹੰਮਦੀਸਤ।'

[ਦਬਿਸਤਾਨਿ ਮਜ਼ਾਹਬ, ਪੰਨਾ 223

ਅਰਥਾਤ :—

"ਨਾਨਕ ਰੱਬ ਦੀ ਏਕਤਾ ਦਾ ਕਾਇਲ ਸੀ ਤੇ ਓਹਨਾਂ ਗੱਲਾਂ ਨੂੰ ਮੰਨਦਾ ਸੀ ਜੋ ਸ਼ਰਹ ਮੁਹੰਮਦੀ ਦੇ ਅਨੁਕੂਲ ਸਨ।"

[ਰਸਾਲਾ "ਸੰਤ ਸਿਪਾਹੀ", ਅੰਮ੍ਰਿਤਸਰ ਨਵੰਬਰ 1956



Digitized by Panjab Digital Library | www.panjabdigilib.org

ਇਕ ਅੰਗਰੇਜ਼ ਵਿਦਵਾਨ ਸ: ਜਾਨ ਮੈਲਕਮ ਨੇ ਇਸ ਬਾਰੇ ਇਹ ਲਿਖਿਆ ਹੈ ਕਿ—

Nanak did not deny the mission of Muhammad the praphet was sent he said by god, to this world to do good, to this world, to do good, and disseminate the knowledge of one God through means of the Koran."

[Spetch of the sikhs page 160

**ਅਰਥਾਤ** :—ਗੁਰੂ ਨਾਨਕ ਜੀ ਮਹਾਰਾਜ ਨੇ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਮਿਸ਼ਨ ਦੀ ਵਿਰੋਧਤਾ ਨਹੀਂ ਕੀਤੀ; ਸਗੋਂ ਉਸੇ ਹੀ ਪ੍ਰਭੂ-ਸਰੂਪ ਨੂੰ ਅਪਣਾਇਆ, ਜੋ ਕੁਰਾਨ ਸ਼ਰੀਫ਼ ਵਿਚ ਪੇਸ਼ ਕੀਤਾ ਗਿਆ ਹੈ।

ਇਕ ਹਿੰਦੂ ਵਿਦਵਾਨ ਡਾ: ਤਾਰਾ ਸਿੰਘ ਜੀ ਇਸ ਬਾਰੇ ਇਹ ਵਰਣਨ ਕਰਦੇ ਹਨ ਕਿ—

It is clear that Nanak took the-prophet of eslam as his model, and his teaching was naturally deeply coloured by this fact.

[Ifluence of eslam an Indian culture P. 169

**ਅਰਥਾਤ** :—ਇਹ ਗੱਲ ਉੱਕੀ ਹੀ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੇ ਇਸਲਾਮ ਦਾ ਵੱਡਾ ਪ੍ਰਭਾਵ ਸੀ ਅਤੇ ਉਹ ਇਸਲਾਮੀ ਸਿੱਖਿਆ ਦੇ ਵੱਡੇ ਪ੍ਰੇਮੀ ਸਨ।

ਗੁਰਦੁਆਰਾ ਟ੍ਰਿਬਿਊਨਲ ਦੇ ਇਕ ਵਿਦਵਾਨ ਜੱਜ ਨੇ ਆਪਣੇ ਇਕ ਫੈਸਲੇ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਬਾਰੇ ਇਹ ਅਸਲੀਅਤ ਵਰਣਨ ਕੀਤੀ ਹੈ ਕਿ :—

"ਕੁਝ ਲੋਕਾਂ ਦੀ ਧਾਰਨਾ ਹੈ (ਦੇਖੋ ਹਿਊਜ਼ ਸਾਹਿਬ ਦੀ ਡਿਕਸ਼ਨਰੀ ਆਫ਼ ਇਸਲਾਮ) ਕਿ ਗੁਰੂ ਨਾਨਕ ਨੇ ਆਪਣੇ ਕੁਝ ਖਾਸ ਸਿਧਾਂਤ ਇਸਲਾਮ

Digitized by Panjab Digital Library | www.panjabdigilib.org

ਤੋਂ ਲਏ ਸਨ । ਪਰ ਇਹ ਪੱਕੀ ਗੱਲ ਹੈ ਕਿ ਓਹਨਾਂ ਨੇ ਆਪਣੇ ਆਪਨੂੰ ਇਸਲਾਮ ਦੇ ਵਿਰੁੱਧ ਪਰਗਟ ਨਹੀਂ ਕੀਤਾ ।''

[ਉਦਾਸੀ ਸਿੱਖ ਨਹੀਂ, ਪੰਨਾ 22

ਪ੍ਰਸਿਧ ਹਿੰਦੂ ਵਿਦਵਾਨ ਲਾਲਾ ਘਨਈਆ ਲਾਲ ਜੀ ਦਾ ਬਿਆਨ ਹੈ ਕਿ ਜਦ ਗੁਰੂ ਨਾਨਕ ਜੀ ਮਹਾਰਾਜ ਜੋਤੀ ਜੋਤਿ ਸਮਾਏ ਸਨ, ਤਾਂ ਮੁਸਲਮਾਨਾਂ ਨੇ ਆਪਦੀ ਪਵਿੱਤਰ ਦੇਹ ਨੂੰ ਇਸਲਾਮੀ ਢੰਗ ਨਾਲ ਦਫ਼ਨ ਕਰਣ ਦੀ ਮੰਗ ਕੇਵਲ ਇਸ ਅਧਾਰ ਤੇ ਕੀਤੀ ਸੀ ਕ੍ਰਿ ਓਹਨਾਂ ਦੇ ਵਿਚਾਰ ਅਨੁਸਾਰ ਸ੍ਰੀ ਗੁਰੂ ਜੀ ਦੀ ਪਵਿੱਤਰ ਬਾਣੀ ਕੁਰਾਨ ਸ਼ਰੀਫ਼ ਦੀਆਂ ਪਵਿੱਤਰ ਆਇਤਾਂ ਤੇ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀਆਂ ਹਦੀਸਾਂ ਵਿਚ ਵਰਣਿਤ ਵਿਚਾਰਾਂ ਤੇ ਆਧਾਰਤ ਸੀ । ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

''ਉਹਨਾਂ ਦੇ ਜੋਤੀ ਜੋਤ ਸਮਾਉਣ ਮਗਰੋਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਆਪਨੂੰ ਅਗਨ ਭੇਟ ਕਰਨ ਜਾਂ ਦਫ਼ਨ ਕਰਨ ਬਾਰੇ ਵੱਡਾ ਝਗੜਾ ਹੋਇਆ; ਕਿਉਂਕਿ ਮੁਸਲਮਾਨ ਆਪਨੂੰ ਜਾਣਦੇ ਸਨ ਕਿ ਆਪ ਖੁਦਾ-ਪ੍ਰਸਤ ਫਕੀਰ ਹਨ ਤੇ ਉਹਨਾਂ ਦੇ ਬਚਨ ਕੁਰਾਨ ਸ਼ਰੀਫ ਦੀਆਂ ਆਇਤਾਂ ਤੇ ਪੈਗੰਬਰ ਦੀਆਂ ਹਦੀਸਾਂ ਦੇ ਅਨੁਕੂਲ ਹਨ, ਇਸ ਲਈ ਏਹੋ ਜੇਹੀ ਸਿਆਣੀ ਵਿਅਕਤੀ ਨੂੰ ਅਗਨ ਭੇਟ ਕਰਨਾ ਯੋਗ ਨਹੀਂ ।''

[ਤਾਰੀਖਿ ਪੰਜਾਬ, ਭਾਗ 1, ਪੰਨਾ 12

ਇਕ ਹਿੰਦੂ ਵਿਦਵਾਨ ਦਾ ਕਥਨ ਹੈ ਕਿ—

''ਗੁਰੂ (ਨਾਨਕ) ਮੁਸਲਮ ਭਾਵਨਾਵਾਂ ਤੋਂ ਵੀ ਪ੍ਰਜਾਪਤ ਪ੍ਰਭਾਵਤ ਪ੍ਰਤੀਤ ਹੁੰਦੇ ਹਨ ।''

[ਹਮਾਰਾ ਹਿੰਦੀ ਸਾਹਿਤ ਔਰ ਭਾਸ਼ਾ ਪ੍ਰਵਾਰ, ਪੰਨਾ 84

**ਅਰਥਾਤ:—**

''ਨਾਨਕ ਕਾ ਮੁਸਲਮਾਨੋਂ ਕੀ ਓਰ ਅਧਿਕ ਝੁਕਾਓ ਥਾ.........ਕਹੀਂ ਕਹੀਂ ਤੋ ਨਾਨਕ ਕੁਰਾਨ ਹੀ ਕੇ ਸ਼ਬਦੋਂ ਕਾ ਉਪਯੋਗ ਕਰ ਬੈਠਤੇ ਹੈਂ; ਜੈਸਾ ਕਿ ਪ੍ਰਮਾਤਮਾ ਕਾ ਦੂਸਰਾ ਸਾਥੀ ਨਹੀਂ ਹੈ ।''

Digitized by Panjab Digital Library | www.panjabdigilib.org

[ਹਮਾਰਾ ਹਿੰਦੀ ਸਾਹਿਤ ਔਰ ਭਾਸ਼ਾ ਪਰਵਾਰ, ਪੰਨਾ 85

ਇਕ ਸਿੱਖ ਵਿਦਵਾਨ ਦਾ ਕਥਨ ਹੈ ਕਿ ਸੱਯਦ ਮੁਹੰਮਦ ਲਤੀਫ਼ ਨੇ ਗੁਰੂ ਨਾਨਕ ਜੀ ਬਾਰੇ ਇਹ ਵਰਣਨ ਕੀਤਾ ਹੈ ਕਿ—

"ਗੁਰੂ ਨਾਨਕ ਜੀ ਮੁਹੰਮਦ ਸਾਹਿਬ ਦੇ ਪਵਿੱਤਰ ਮਿਸ਼ਨ ਵਿਚ ਵਿਸ਼ਵਾਸ ਰਖਦੇ ਸਨ।.........ਆਪ ਇਸ ਗੱਲ ਦੇ ਕਾਇਲ ਸਨ ਕਿ ਮੁਹੰਮਦ ਰੱਬੀ ਦੂਤ ਸੀ, ਜੋ ਮਨੁੱਖ ਮਾਤਰ ਦੇ ਉਪਕਾਰ ਲਈ ਭੇਜਿਆ ਗਿਆ ਸੀ।"

[ਸੰਤ ਸਿਪਾਹੀ, ਅੰਮ੍ਰਿਤਸਰ, ਨਵੰਬਰ 1956

ਜਮਾਤ ਅਹਿਮਦੀਆਂ ਦੇ ਮੋਢੀ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਆਪਣੀ ਚੋਖੀ ਲੰਮੀ ਖੋਜ-ਵਿਚਾਰ ਮਗਰੋਂ[1] ਸ੍ਰੀ ਗੁਰੂ ਨਾਨਕ ਜੀ ਮਹਾਰਾਜ ਬਾਰੇ ਇਹ ਫ਼ਰਮਾਇਆ ਹੈ ਕਿ—

"ਅਸਲ ਵਿਚ ਸ੍ਰੀ ਗੁਰੂ ਜੀ ਜਿਸ ਪ੍ਰਭੂ ਵਲ ਆਪਣੀ ਬਾਣੀ ਵਿਚ ਲੋਕਾਂ ਨੂੰ ਸੱਦਾ ਦੇ ਰਹੇ ਹਨ, ਉਸ ਪਵਿੱਤਰ ਪ੍ਰਭੂ ਦਾ ਨਾ ਤਾਂ ਵੇਦਾਂ ਵਿਚੋਂ ਕੁਝ ਪਤਾ ਲਗਦਾ ਹੈ ਤੇ ਨਾ ਈਸਾਈਆਂ ਦੀਆਂ ਵਾਧਿਆਂ ਘਾਟਿਆਂ ਭਰਪੂਰ ਅੰਜੀਲਾਂ ਤੋਂ ਹੀ; ਉਹ ਪੂਰਣ ਪ੍ਰਭੂ ਕੁਰਾਨ ਸ਼ਰੀਫ ਦੀਆਂ ਪਵਿੱਤਰ ਆਇਤਾਂ ਵਿਚ ਜਲਵਾ-ਗਰ ਹੈ।"

[ਸਤਿ ਬਚਨ, ਪੰਨਾ 48

ਇਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ ਕਿ—

"ਗੁਰੂ ਜੀ ਨੇ ਥਾਂ ਥਾਂ ਵੇਦਾਂ ਦੀ ਵਿਰੋਧਤਾ ਕੀਤੀ ਹੈ, ਅਤੇ ਜਿਥੋਂ ਤਕ ਉਹਨਾਂ ਦੀ ਇਲਮੀ ਹੈਸੀਅਤ ਸੀ, ਉਹਨਾਂ ਨੇ ਇਸਲਾਮੀ ਧਰਮ ਦੇ

---

(1) ਸ੍ਰੀ ਮਿਰਜ਼ਾ ਸਾਹਿਬ ਜੀ ਮਹਾਰਾਜ ਦਾ ਆਪਣਾ ਹੀ ਕਥਨ ਹੈ ਕਿ :—

"ਵਿਦਤ ਹੋਵੇ ਕਿ ਸਾਨੂੰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਬਾਰੇ ਚੰਗੀ ਤਰ੍ਹਾਂ ਵਾਕਫੀ ਹੈ। ਅਸੀਂ ਲਗ ਭਗ 30 ਵਰ੍ਹੇ ਤਕ ਛਾਣ-ਬੀਣ ਕੀਤੀ ਹੈ।

[ਸਤਿ ਬਚਨ, ਪੰਨਾ 25, ਫੁਟਨੋਟ

Digitized by Panjab Digital Library | www.panjabdigilib.org

ਸਿਧਾਂਤਾਂ ਨੂੰ ਪਸੰਦ ਕੀਤਾ ਹੈ ।.........ਨਾਨਕ ਜੀ ਨੇ ਕੁਰਾਨ ਸ਼ਰੀਫ ਦੀ ਸਿੱਖਿਆ ਅਨੁਸਾਰ ਪ੍ਰਭੂ ਦੇ ਮਾਲਕ ਤੇ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੋਣ ਤੇ ਸ਼ਰਧਾ ਧਾਰਨ ਕਰ ਲਈ ਸੀ ।"

[ਸੁਰਮਾ ਚਸ਼ਮ ਆਰੀਆ, ਪੰਨਾ 132

ਇਸੇ ਤਰ੍ਹਾਂ ਇਕ ਥਾਂ ਆਪਦਾ ਇਹ ਫ਼ਰਮਾਨ ਵੀ ਮਿਲਦਾ ਹੈ ਕਿ :—

"ਬਾਬਾ ਜੀ ਦੀ ਬਾਣੀ ਇਕ ਅਜੇਹੇ ਮਹਾਂ ਪੁਰਖ ਦੀ ਬਾਣੀ ਭਾਸਦੀ ਹੈ, ਜਿਸਦੇ ਮਨ ਵਿਚ ਪ੍ਰਭੂ ਦੇ ਪ੍ਰੇਮ ਤੇ ਇਸ਼ਕ ਦਾ ਪੂਰਨ ਗ਼ਲਬਾ ਸੀ । ਉਹਨਾਂ ਦਾ ਹਰ ਇਕ ਪਵਿਤਰ ਵਾਕ ਤੌਹੀਦ ਦੀ ਸੁਗੰਧੀ ਦਾ ਭਰਿਆ ਹੋਇਆ ਹੈ ।.........ਬਾਬਾ ਜੀ ਦੀ ਪਵਿਤਰ ਬਾਣੀ ਪੁਰ ਝਾਤ ਮਾਰਿਆਂ ਇਹ ਯਕੀਨ ਹੋ ਜਾਂਦਾ ਹੈ ਕਿ ਆਪਦਾ ਮਨ ਅੱਖਰਾਂ ਦੀ ਖੁਸ਼ਕ ਬਿਆਨੀ ਤੋਂ ਲੰਘ ਕੇ ਪ੍ਰਭੂ ਪ੍ਰੇਮ ਦੇ ਡੂੰਘੇ ਸਾਗਰ ਵਿਚ ਗੋਤੇ ਲਾ ਰਿਹਾ ਸੀ ।"[1]

[ਸਤਿ ਬਚਨ, ਪੰਨਾ 117-18

**ਅਰਥਾਤ :—**

'ਅਸੀਂ ਇਹ ਸੱਚੋ ਸੱਚ ਆਖਦੇ ਹਾਂ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਪ੍ਰਭੂ ਦੀ ਏਕਤਾ ਦੇ ਵਰਣਨ ਵਿਚ ਜਿੰਨੇ ਸੋਹਣੇ ਸੋਹਣੇ ਮਜ਼ਮੂਨ ਵਿਦਮਾਨ ਹਨ, ਜੇ ਓਹ ਵਰਤਮਾਨ ਅੰਜੀਲਾਂ ਵਿਚ ਵੀ ਹੁੰਦੇ, ਤਾਂ ਸਾਨੂੰ ਇਸਦੀ ਵੱਡੀ ਖੁਸ਼ੀ ਹੁੰਦੀ ।'

[ਸਤਿ ਬਚਨ, ਪੰਨਾ 125

ਹਜ਼ੂਰ ਨੇ ਇਸ ਬਾਰੇ ਇਕ ਹੋਰ ਥਾਂ ਇਹ ਫ਼ਰਮਾਇਆ ਹੈ ਕਿ—

---

(1) ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਗੁਰੂ ਨਾਨਕ ਜੀ ਦੀ ਬਾਣੀ ਬਾਰੇ ਜੋ ਕੁਝ ਫ਼ਰਮਾਇਆ ਹੈ, ਉਹ ਆਪਦੀ 30 ਵਰ੍ਹਿਆਂ ਦੀ ਲੰਮੀ ਖੋਜ ਤੇ ਨਿਰਭਰ ਹੈ । ਆਪਦਾ ਫ਼ਰਮਾਨ ਹੈ ਕਿ—

"ਇਸ ਸਮੇਂ ਗੁਰੂ ਗਰੰਥ ਸਾਹਿਬ ਸਾਡੇ ਕੋਲ ਮੌਜੂਦ ਹੈ । ਨਾ ਅੱਜ ਤੋਂ ਹੀ; ਸਗੋਂ 30 ਵਰ੍ਹਿਆਂ ਤੋਂ ਅਸੀਂ ਬਾਬਾ ਜੀ ਦੇ ਅਸਲ ਵਿਚਾਰਾਂ ਦਾ ਪਤਾ ਲਾਉਣ ਲਈ ਜਿਥੋਂ ਤਕ ਮਨੁੱਖੀ ਬਲ ਹੈ, ਜਤਨ ਕਰ ਰਹੇ ਹਾਂ ।"

[ਸਤਿ ਬਚਨ, ਪੰਨਾ 28

Digitized by Panjab Digital Library | www.panjabdigilib.org

**'ਸਾਰੇ ਜੱਗ ਦੀਆਂ ਧਰਮ ਪੁਸਤਕਾਂ ਇਕੱਤਰ ਕਰਕੇ ਵੇਖ ਲਓ ਸ੍ਰੀ ਗੁਰੂ ਜੀ ਦੀ ਬਾਣੀ ਤੇ ਉਹਨਾਂ ਦੇ ਮੁਖਾਰਬਿੰਦ ਤੋਂ ਨਿਕਲੇ ਬਚਨ ਕੁਰਾਨ ਸ਼ਰੀਫ਼ ਤੋਂ ਛੁੱਟ ਕਿਸੇ ਹੋਰ ਪੁਸਤਕ ਨਾਲ ਮੇਲ ਨਹੀਂ ਖਾਂਦੇ।'**

[ਸਤਿ ਬਚਨ, ਪੰਨਾ 102

ਸਿੱਖ ਵਿਦਵਾਨ ਵੀ ਇਹ ਗੱਲ ਪਰਵਾਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਤੌਹੀਦ ਬਾਰੇ ਇਸਲਾਮੀ ਵਿਚਾਰਾਂ ਨੂੰ ਅਪਣਾਇਆ ਹੈ; ਜਿਹਾ ਕਿ ਪ੍ਰੋਫੈਸਰ ਸ਼ੇਰ ਸਿੰਘ ਜੀ ਨੇ ਵਰਣਨ ਕੀਤਾ ਹੈ ਕਿ—

"ਇਕ ਹੋਰ ਗੱਲ ਜਿਹੜੀ ਗੁਰੂ ਸਾਹਿਬ ਦੇ ਦਰਸਾਏ ਹੋਏ ਅਕਾਲ ਪੁਰਖ ਦੇ ਰੂਪ ਸੰਬੰਧੀ ਹੈ, ਉਹ ਹਿੰਦੂਆਂ ਵਿਚ ਨਹੀਂ.........ਕੇਵਲ ਮੁਸਲਮਾਨੀ ਨਿਸਚੇ ਨਾਲ ਹੀ ਮਿਲਦੀ ਹੈ।......'ਹੁਕਮ' ਤੇ 'ਰਜ਼ਾ' ਦਾ ਖਿਆਲ ਭੀ ਭਾਵੇਂ ਸਾਰੇ ਸ਼ਾਮੀ ਮਤਾਂ ਵਿਚ ਸਾਂਝਾ ਹੈ, ਪ੍ਰੰਤੂ ਮੁਸਲਮਾਨੀ ਧਰਮ ਵਿਚ ਵਿਸ਼ੇਸ਼ ਕਰਕੇ ਪ੍ਰਧਾਨ ਹੈ। 'ਹੁਕਮ' ਦਾ ਪਦ ਹੀ ਕੁਰਾਨ ਸ਼ਰੀਫ਼ ਤੋਂ ਲਿਆ ਗਿਆ ਹੈ। ਕੁਰਾਨ ਸ਼ਰੀਫ ਵਿਚ ਆਏ ਹੋਰ ਕਈ ਖ਼ਿਆਲ ਵੀ ਗੁਰੂ ਸਾਹਿਬ ਨੇ ਅਪਣਾਏ ਹਨ.........ਮੁਸਲਮਾਨੀ ਖ਼ਿਆਲ ਕਿ ਸ੍ਰਿਸ਼ਟੀ ਰਚਨਾ ਰੱਬ ਦੇ 'ਹੁਕਮ' ਨਾਲ ਇਕ ਅੱਖ ਦੇ ਫੋਰੇ ਵਿਚ 'ਕੁਨ' ਕਹਿਣ ਨਾਲ ਹੋ ਗਈ, ਗੁਰਬਾਣੀ ਦੀਆਂ ਕਈ ਤੁਕਾਂ ਵਿਚ ਝਲਕ ਮਾਰਦਾ ਦਿਸਦਾ ਹੈ।

[ਗੁਰਮਤਿ ਦਰਸ਼ਨ, ਪੰਨਾ 144

ਇਕ ਹੋਰ ਸਿੱਖ ਵਿਦਵਾਨ ਸ: ਹਰਿਚਰਨ ਸਿੰਘ ਜੀ ਨਿਰਮਾਣ ਐਮ. ਏ. ਨੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ :—

"ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਨਾਨਕ ਜੀ ਮਹਾਰਾਜ ਹਜ਼ਰਤ ਮੁਹੰਮਦ ਸਾਹਿਬ ਜੀ ਨੂੰ ਆਪਣਾ ਪੂਰਵ-ਅਧਿਕਾਰੀ Predisars ਮੰਨਦੇ ਸਨ।"

[ਚਿੱਠੀ, ਮਿਤੀ 9 ਫ਼ਰਵਰੀ, 1968

Digitized by Panjab Digital Library | www.panjabdigilib.org

ਇਕ ਹੋਰ ਸਿੱਖ ਵਿਦਵਾਨ ਪ੍ਰੋਫੈਸਰ ਕਰਤਾਰ ਸਿੰਘ ਜੀ ਐਮ. ਏ. ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਆਪ ਵੀ ਇਸ ਗੱਲ ਦੇ ਇਕਰਾਰੀ ਸਨ ਕਿ ਉਹ ਤੌਹੀਦ ਦੇ ਮਸਲੇ ਵਿਚ ਇਸਲਾਮ ਦੇ ਵਧੇਰੇ ਨੇੜੇ ਹਨ; ਜਿਹਾ ਕਿ ਉਹਨਾਂ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਬਗ਼ਦਾਦ ਦੇ ਮੁਸਲਮਾਨਾਂ ਨਾਲ ਬਚਨ—ਬਿਲਾਸ ਕਰਦਿਆਂ ਇਹ ਫ਼ਰਮਾਇਆ ਸੀ ਕਿ—

"ਕੇਵਲ ਇਸ ਕਰਕੇ ਕਿ ਮੈਂ ਉਸ ਇਕੋ ਇਕ ਦਾ ਉਪਾਸਕ ਹਾਂ, ਜਿਸ ਜੇਹਾ ਤੇ ਜਿਸ ਜਿੱਡਾ ਹੋਰ ਕੋਈ ਨਹੀਂ। ਉਸ ਇਕ ਦੇ ਨਾਲ ਕਿਸੇ ਦੂਜੇ ਨੂੰ ਰਲਾਉਣੋਂ ਨਾਂਹ ਕਰਨ ਕਰਕੇ ਮੈਂ ਮੁਸਲਮਾਨ ਕਹਿਲਾਉਣ ਵਾਲਿਆਂ ਨਾਲੋਂ ਇਸਲਾਮ ਦੀ ਨਿਰੋਲ ਵਹਿਦਾਨੀਅਤ (ਇਕ ਦੀ ਪੂਜਾ ਕਰਨ) ਦੇ ਅਸੂਲ ਦੇ ਵਧੇਰੇ ਨੇੜੇ ਹਾਂ।"

[ਜੀਵਨ ਕਥਾ ਗੁਰੂ ਨਾਨਕ ਦੇਵ ਜੀ, ਪੰਨਾ 322

ਇਕ ਸਿੱਖ ਵਿਦਵਾਨ ਡਾ: ਤਾਰਨ ਸਿੰਘ ਜੀ ਲਿਖਦੇ ਹਨ ਕਿ :—

"ਗੁਰੂ ਨਾਨਕ ਜੀ ਨੂੰ ਦ੍ਵੈਤ (ਪੁਰਸ਼–ਪ੍ਰਕ੍ਰਿਤੀ) ਵਾਲਾ ਸਿਧਾਂਤ ਪ੍ਰਵਾਨ ਨਹੀਂ ਸੀ। ਉਹਨਾਂ ਦਾ ਪ੍ਰਮਾਤਮਾ ਪ੍ਰਕਿਰਤੀ ਤੋਂ ਬਿਲਕੁਲ ਪਰ੍ਹੇ ਹੈ। .........ਇਸਲਾਮ ਧਰਮ ਵੀ ਇਕੇਸ਼ਵਰਵਾਦੀ।"

[ਵਿਚਾਰਧਾਰਾ, ਪੰਨਾ 38

ਇਕ ਸਿੱਖ ਵਿਦਵਾਨ ਸ: ਗੁਰਬਖਸ਼ ਸਿੰਘ ਜੀ ਐਡੀਟਰ ਰਸਾਲਾ 'ਪ੍ਰੀਤ ਲੜੀ' ਨੇ ਪੁਸਤਕ 'ਰੀਅਲ ਰਣਜੀਤ ਸਿੰਘ' ਦੇ ਹਵਾਲੇ ਨਾਲ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਕ ਵਾਰ ਕੁਰਾਨ ਸ਼ਰੀਫ਼ ਦੇ ਇਕ ਹਸਤ ਲਿਖਤ ਨੁਸਖੇ ਵਿਚੋਂ ਫ਼ਕੀਰ ਅਜੀਜ਼ਦੀਨ ਜੀ ਨੂੰ ਕੁਝ ਹਿੱਸਾ ਸੁਣਾਉਣ ਲਈ ਕਿਹਾ, ਤਾਂ—

"ਫਕੀਰ ਸਾਹਿਬ ਨੇ ਸੂਰਤ ਯੂਸਫ਼ (ਤਰਜਮੇ ਸਣੇ) ਪੜ੍ਹਕੇ ਸੁਣਾਈ। ਮਹਾਰਾਜ ਬੋਲੇ ਪਰ ਫ਼ਕੀਰ ਸਾਹਿਬ ਗੁਰੂ ਗਰੰਥ ਸਾਹਿਬ ਵਿਚ ਵੀ ਤਾਂ ਇਵੇਂ ਹੀ ਲਿਖਿਆ ਹੈ।"

[ਰਸਾਲਾ ਪ੍ਰੀਤ ਲੜੀ, ਸਤੰਬਰ 1968

ਇਸ ਤੋਂ ਇਹ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਕੁਰਾਨ ਸ਼ਰੀਫ਼ ਦਾ ਕੁਝ ਭਾਗ ਸੁਣਨ ਮਗਰੋਂ ਇਹ ਗਵਾਹੀ ਦਿੱਤੀ ਸੀ ਕਿ ਸ੍ਰੀ ਗੁਰੂ

Digitized by Panjab Digital Library | www.panjabdigilib.org

ਗ੍ਰੰਥ ਸਾਹਿਬ ਤੇ ਕੁਰਾਨ ਸ਼ਰੀਫ਼ ਦੀ ਸਿੱਖਿਆ ਦਾ ਆਪਸ ਵਿਚ ਵੱਡਾ ਮੇਲ ਹੈ।

ਇਕ ਸਿੱਖ ਬਜ਼ੁਰਗ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਨੇ ਇਹ ਵਰਣਨ ਕੀਤਾ ਹੈ ਕਿ—

"ਜੇ ਅਸਲ ਵਿਚ ਵੇਖਿਆ ਜਾਏ, ਤਾਂ ਅਕਾਲ ਪੁਰਖ ਦੀ ਏਕਤਾ, ਮੂਰਤੀ ਪੂਜਾ, ਅਵਤਾਰ ਵਾਦ, ਵਰਣਾਸ਼ਰਮ, ਸੰਗਤ, ਪੰਗਤ, ਜਮਾਤ ਉਪਾਸ਼ਨਾ ਤੇ ਪੰਥਕ ਜਥੇਬੰਦੀ ਆਦਿਕ ਬੁਨਿਆਦੀ ਅਸੂਲਾ ਵਿਚ ਸਿੱਖ ਮਤਿ ਇਸਲਾਮ ਦੇ ਜ਼ਿਆਦਾ ਨਜ਼ਦੀਕ ਹੈ।"

[ਗੁਰ ਆਸਾ, ਪੰਨਾ 55

ਇਕ ਹੋਰ ਸਿੱਖ ਸ: ਹਰਿਚਰਨ ਸਿੰਘ ਜੀ ਨੇ ਲਿਖਿਆ ਹੈ ਕਿ :—

"ਗੁਰੂ ਨਾਨਕ ਦਾ ਵਿਰਸੇ ਵਿਚ ਪ੍ਰਾਪਤ ਵਿਸ਼ਵ-ਦ੍ਰਿਸ਼ ਧਰਮ ਉੱਤੇ ਅਧਾਰਿਤ ਹੈ। ਈਸ਼ਵਰ ਧਰਮ ਖੇਤਰ ਦਾ ਨਾਇਕ ਹੈ ।.........ਈਸ਼ਵਰ ਦੀ ਹੋਂਦ ਨਾਲ ਸੰਬੰਧਤ ਈਸ਼ਵਰੀ ਉਦੇਸ਼ ਤੋਂ ਇਲਾਵਾ ਈਸ਼ਵਰੀ ਹੁਕਮ ਦੀ ਵਿਆਪਕਤਾ ਇਸ ਵਿਸ਼ਵ ਦ੍ਰਿਸ਼ ਦਾ ਇਕ ਹੋਰ ਵਿਸ਼ੇਸ਼ ਥੰਮ ਹੈ। ......ਈਸ਼ਵਰ ਦੀ ਹੋਂਦ ਤੇ ਈਸ਼ਵਰੀ ਉਦੇਸ਼ ਨੂੰ ਅਰਥ ਭਰਪੂਰ ਬਣਾਉਣ ਵਾਲਾ ਇਹੀ ਹੁਕਮ ਹੈ।"

ਗੁਰੂ ਨਾਨਕ ਦੇ ਹੁਕਮ ਸਿਧਾਂਤ ਦਾ ਸੰਬੰਧ ਕੁਰਾਨ ਸ਼ਰੀਫ਼ ਵਿਚ ਮਿਲਦੇ (ਇਲਾਹੀ) ਹੁਕਮ ਨਾਲ ਹੈ।"

['ਨਵਾਂ ਸਾਹਿਤ' ਦਿੱਲੀ, ਜੁਲਾਈ 1968

ਸੋ ਗੱਲ ਕੀ, ਇਹ ਗੱਲ ਸਾਰੇ ਹੀ ਸੂਝਵਾਨ-ਜਿਨ੍ਹਾਂ ਵਿਚ ਈਸਾਈ, ਹਿੰਦੂ, ਮੁਸਲਮਾਨ ਤੇ ਸਿਖ ਸ਼ਾਮਲ ਹਨ, ਮੰਨਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਦਾ ਜੋ ਸਰੂਪ ਪੇਸ਼ ਕੀਤਾ ਹੈ, ਉਹ ਇਸਲਾਮ ਧਰਮ ਨਾਲ ਮਿਲਦਾ ਜੁਲਦਾ ਹੀ ਹੈ। ਇਹ ਇਸਲਾਮ ਧਰਮ ਦੀ ਤੇ ਸ੍ਰੀ ਗੁਰੂ ਜੀ ਦੀ ਬਹੁਤ ਵੱਡੀ ਸਾਂਝ ਹੈ।

———

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਮੂਲ ਮੰਤਰ ਵਿਚ ਪ੍ਰਭੂ ਦਾ ਸਰੂਪ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਪ੍ਰਭੂ ਬਾਰੇ ਜੋ ਤਸੱਵਰ ਸੀ, ਉਹ ਉਹਨਾਂ ਦੇ ਮੂਲ ਮੰਤਰ ਤੋਂ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਆਦਿ ਵਿਚ ਵਿਦਮਾਨ ਹੈ, ਜਗ ਦੇ ਸਾਹਮਣੇ ਆ ਜਾਂਦਾ ਹੈ। ਆਪ ਦਾ ਉਹ ਮੂਲ ਮੰਤਰ ਇਹ ਹੈ :—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥[1]

[ਗੁਰੂ ਗ੍ਰੰਥ ਸਾਹਿਬ, ਪੰਨਾ 1

---

(1) ਭਾਈ ਮੋਹਨ ਦੀਆਂ ਪੋਥੀਆਂ ਵਿਚ—ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਉਹਨਾਂ ਦੀ ਨਿਗਰਾਨੀ ਵਿਚ ਲਿਖੀਆਂ ਗਈਆਂ ਮੰਨੀਆਂ ਜਾਂਦੀਆਂ ਹਨ— ਇਹ ਮੂਲ ਮੰਤਰ ਇਉਂ ਦਰਜ ਹੈ :—

ਬਾਬਾ ਨਾਨਕ ਬੇਦੀ ਬਾਦਸ਼ਾਹ ਦੀਨ ਦੁਨੀ ਦਾ ਟਿੱਕਾ

ੴ ਸਤਿਗੁਰ ਪ੍ਰਸਾਦਿ।

ਸਚ ਨਾਮ ਕਰਤਾਰ ਨਿਰਭਉ ਨਿਰੀਕਾਰ ਅਕਾਲ ਮੂਰਤਿ
ਅਜੂਨੀ ਸੈ ਭਉ ਗੁਰੂ ਪੂਰੇ ਕੇ ਪ੍ਰਸਾਦਿ।

[ਤਵਾਰੀਖ ਗੁਰੂ ਖਾਲਸਾ ਪੰਨਾ 741

ਕਈ ਵਿਦਵਾਨਾਂ ਦਾ ਕਥਨ ਹੈ ਗੁਰੂ ਤੇਗ ਬਹਾਦੁਰ ਜੀ ਨੇ ਸੰਮਤ 1732 ਬਿ: ਵਿਚ ਅਨੰਦਪੁਰ ਬੈਠਿਆਂ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਆਪਣੀ ਹੱਥੀਂ ਮੂਲ ਮੰਤਰ ਲਿਖਿਆ ਸੀ ਤੇ ਉਸ ਵਿਚ "ਅਜੂਨੀ ਸੈਭੰ" ਦੀ ਥਾਂ "ਅਜੂਨੀ ਸੰਭਉ" ਦਰਜ ਕੀਤਾ ਸੀ।

[ਵੇਖੋ ਗੁਰਦੁਆਰੇ ਦਰਸ਼ਨ ਪੰਨਾ 590
[ਗੁਰ ਤੀਰਥ ਸੰਗ੍ਰਹਿ ਪੰਨਾ 234 ਆਦਿ



Digitized by Panjab Digital Library | www.panjabdigilib.org

ਇਕ ਸਿੱਖ ਵਿਦਵਾਨ ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਨੇ ਗੁਰੂ ਜੀ ਦੇ ਵਰਣਨ ਕੀਤੇ ਮੂਲ ਮੰਤਰ ਦੀ ਇਹ ਵਿਆਖਿਆ ਕੀਤੀ ਹੈ ਕਿ—

ਗੁਰੂ ਨਾਨਕ ਜੀ ਮੂਲ ਮੰਤਰ ਵਿਚ ਫਰਮਾਂਦੇ ਹਨ ਕਿ......ਅਕਾਲ ਪੁਰਖ ਇਕ ਹੈ, ਉਹ ਇਕ ਰਸ ਵਿਆਪਕ ਹੈ, ਉਸਦਾ ਨਾਮ ਹੋਂਦ ਵਾਲਾ ਹੈ, ਉਹ ਸ੍ਰਿਸ਼ਟੀ ਦਾ ਰਚਨਹਾਰ ਹੈ ਅਤੇ ਆਪ ਸਾਰੀ ਸ੍ਰਿਸ਼ਟੀ ਵਿਚ ਰਚ ਰਿਹਾ ਹੈ, ਭਾਵ ਸਰਬ ਵਿਆਪਕ ਹੈ, ਉਹ ਭੈ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਉਸਦਾ ਸਰੀਰ ਨਾਸ ਰਹਿਤ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਉਹ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।"

[ਸਿੱਖ ਵਿਚਾਰਧਾਰਾ, ਪੰਨਾ 27-28

ਪ੍ਰਸਿਧ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਮੂਲ ਮੰਤਰ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ੴ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਸਿੱਖੀ ਦਾ ਮੂਲ ਮੰਤਰ ਹੈ, ਅਰਥਾਤ ਇਸ ਵਿਚ ਉਹ ਬੁਨਿਆਦੀ ਗੱਲਾਂ ਦੱਸੀਆਂ ਹਨ, ਜਿਨ੍ਹਾਂ ਉੱਤੇ ਸਿਖ ਧਰਮ ਦੇ ਨੇਮਾਂ ਦੀ ਨੀਂਹ ਰੱਖੀ ਗਈ ਹੈ।.........ਜੇ ਨੀਝ ਲਾ ਕੇ ਵੇਖੀਏ, ਤਾਂ ਸਿੱਖੀ ਧਰਮ ਦੇ ਜੋ ਵੱਡੇ ਵੱਡੇ ਨੇਮ ਹਨ ਕਿ ਸਭ ਦੇਵੀ ਦੇਵਤੇ ਛੱਡਕੇ ਇਕ ਰੱਬ ਨੂੰ ਮੰਨਣਾ, ਜੀਵ ਅਤੇ ਪ੍ਰਾਕਿਰਤੀ ਨੂੰ ਰੱਬ ਦੇ ਬਣਾਏ ਹੋਏ ਮੰਨਣਾ, ਰੱਬ ਦਾ ਅਵਤਾਰ ਹੋ ਕੇ ਜੰਮਣਾ ਮਰਨਾ ਨਾਹ ਮੰਨਣਾ, ਮੁਕਤੀ ਲਈ ਗੁਰੂ ਦੀ ਬਖਸ਼ਿਸ਼ ਜਾਂ ਫਜ਼ਲ ਦਾ ਪਾਤਰ ਹੋਣਾ ਜ਼ਰੂਰੀ ਮੰਨਣਾ, ਏਹਨਾਂ ਸਾਰਿਆਂ ਦੀ ਜੜ੍ਹ ਇਸ ਮੂਲ ਮੰਤਰ ਵਿਚ ਹੈ।"

[ਜਪੁਜੀ, ਸਟੀਕ, ਪੰਨਾ 35

ਅਰਥਾਤ :—

"ਇਸ ਤਰ੍ਹਾਂ ਇਹ ਸਾਰਾ ਮੂਲ ਮੰਤਰ ਇਕ ਮੰਗਲਾ ਚਰਨ ਬਣ ਜਾਂਦਾ ਹੈ ਅਤੇ ਅਰਥ ਇਹ ਹੋਣਗੇ—

"ਉਸ ਗੁਰੂ ਦੀ ਕਿਰਪਾ ਨਾਲ (ਅਰੰਭ ਕਰਦਾ ਹਾਂ)

Digitized by Panjab Digital Library | www.panjabdigilib.org

ਜਿਸਦੇ ਗੁਣ "੧ਓ" ਤੋਂ ਲੈ ਕੇ "ਸੈਭੰ" ਤਕ ਦਿੱਤੇ ਗਏ ਹਨ ।"

ਏਹਨਾਂ ਅਰਥਾਂ ਦੀ ਪੁਸ਼ਟੀ ਇਸ ਗੱਲ ਨਾਲ ਹੁੰਦੀ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਬਦਾਂ ਦੇ ਪਹਿਲੇ ਇਸੇ ਮੂਲ ਮੰਤਰ ਦੇ ਸ਼ੁਰੂ ਅਤੇ ਅੰਤ ਦੇ ਅੱਖਰ ਲੈ ਕੇ ੧ਓ ਸਤਿਗੁਰ ਪ੍ਰਸਾਦਿ ਬਣਾਕੇ ਮੰਗਲਾ ਚਰਣ ਕੀਤਾ ਹੈ। ਇਸੇ ਤਰ੍ਹਾਂ "ਤ੍ਵ ਪ੍ਰਸਾਦਿ" ਅਤੇ "ਬ-ਫ਼ਜ਼ਲੇ ਅਕਾਲ ਸ਼ਬਦ ਹਨ। ਮੁਸਲਮਾਨ ਪੁਸਤਕਾਂ ਵਿਚ ਬਿਸਮਿੱਲਾ ਦਾ ਭਾਵ ਭੀ ਮੰਗਲਾ ਚਰਣ ਵਾਲਾ ਹੈ ਅਤੇ ਅੱਖਰੀਂ ਅਰਥ "ਰੱਬ ਦੇ ਨਾਮ ਨਾਲ" ਹਨ। ਪਰ ਮੁਹਾਵਰੇ ਨਾਲ ਇਹ ਅਰਥ ਕੀਤੇ ਜਾਂਦੇ ਹਨ ਕਿ "ਰੱਬ ਦੇ ਨਾਮ ਨਾਲ ਸ਼ੁਰੂ ਕਰਦਾ ਹਾਂ" ।"

[ਜਪੁਜੀ, ਸਟੀਕ, ਪੰਨਾ 40

ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸਿੱਖ ਵਿਦਵਾਨਾਂ ਦੇ ਆਪਣੇ ਕਥਨ ਅਨੁਸਾਰ—ਜਿਸ ਤਰ੍ਹਾਂ ਕੁਰਾਨ ਸ਼ਰੀਫ਼ ਦਾ ਆਰੰਭ "ਬਿਸਮਿੱਲਾ" ਤੋਂ ਕੀਤਾ ਗਿਆ ਹੈ, ਗੁਰੂ ਨਾਨਕ ਜੀ ਨੇ ਵੀ ਉਸ ਅਨੁਸਾਰ ਆਪਣੀ ਪਵਿੱਤਰ ਬਾਣੀ ਦਾ ਇਸ ਮੂਲ ਮੰਤਰ ਤੋਂ ਕੀਤਾ ਹੈ । ਅਤੇ ਇਹ ਆਪਣੇ ਅੰਦਰ "ਬਿਸਮਿਲਾ" ਵਾਲਾ ਭਾਵ ਰਖਦਾ ਹੈ । ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਵਿਚਾਰ ਅਨੁਸਾਰ ਇਸ ਦਾ ਭਾਵ ਇਹ ਹੈ :—

"ਉਸ ਗੁਰੂ ਦੀ ਕਿਰਪਾ ਨਾਲ (ਅਰੰਭ ਕਰਦਾ ਹਾਂ) ਜਿਸ ਦੇ ਗੁਣ ੧ਓ ਤੋਂ ਲੈ ਸੈਭੰ ਤਕ ਦਿੱਤੇ ਹਨ ।"

ਇਕ ਹੋਰ ਸਿੱਖ ਵਿਦਵਾਨ ਪ੍ਰੋ: ਸ਼ੇਰ ਸਿੰਘ ਜੀ ਨੇ ਗੁਰੂ ਜੀ ਦੇ ਮੂਲ ਮੰਤਰ ਬਾਰੇ ਇਹ ਫਰਮਾਇਆ ਹੈ ਕਿ—

"ਜਿਸ ਤਰ੍ਹਾਂ ਮੁਸਲਮਾਨਾਂ ਦਾ ਯਕੀਨ ਹੈ ਕਿ ਫ਼ਾਤਿਹਾ ਦਾ ਭਾਵ ਸਾਰੇ ਕੁਰਾਨ ਵਿਚ ਪਸਰਿਆ ਹੋਇਆ ਹੈ, ਜਾਂ ਕਹੋ ਸਾਰਾ ਕੁਰਾਨ ਸ਼ਰੀਫ਼ ਫ਼ਾਤਿਹਾ ਦੀ ਤਫ਼ਸੀਰ ਹੈ। ਉਸੇ ਪਰ੍ਹਾਂ ਸਿੱਖਾਂ ਦਾ ਨਿਸਚਾ ਭੀ ਇਹੋ ਹੈ ਕਿ ਮੂਲ ਮੰਤਰ ਦਾ ਵਿਸਥਾਰ ਸਾਰਾ ਗੁਰੂ ਗ੍ਰੰਥ ਸਾਹਿਬ ਹੈ। ਭਾਵ ਇਹ ਕਿ ਸਾਰੀ

Digitized by Panjab Digital Library | www.panjabdigilib.org

ਕੁਰਾਨ ਦਾ ਤਤ ਫ਼ਾਤਿਹਾ ਹੈ ਤੇ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਮੂਲ ਮੰਤਰ।"

[ਗੁਰਮਿਤ ਦਰਸ਼ਨ, ਪੰਨਾ 142

ਜਾਣੋ, ਮੂਲ ਮੰਤਰ ਵਿਚ ਇਸਲਾਮੀ ਢੰਗ ਹੀ ਅਪਣਾਇਆ ਗਿਆ ਹੈ ਅਤੇ ਇਸਲਾਮ ਨਾਲ ਇਸ ਦੀ ਵੱਡੀ ਭਾਵਨਾਤਮਿਕ ਸਾਂਝ ਹੈ।

(1) ਜਦ ਅਸੀਂ ਸ੍ਰੀ ਗੁਰੂ ਨਾਨਕ ਜੀ ਦੇ ਇਸ ਮੂਲ ਮੰਤਰ ਵਿਚ ਪ੍ਰਭੂ-ਸਰੂਪ ਨੂੰ ਮੁਖ ਰੱਖ ਕੇ ਕੁਰਾਨ ਸ਼ਰੀਫ਼ ਵਲ ਝਾਤ ਮਾਰਦੇ ਹਾਂ, ਤਾਂ ਇਹ ਅਸਲੀਅਤ ਸਾਡੇ ਸਾਹਮਣੇ ਆਉਂਦੀ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਵਿਚ ਪ੍ਰਭੂ ਦਾ ਜੋ ਸਰੂਪ ਅੰਕਿਤ ਕੀਤਾ ਹੈ, ਉਹ ਇਸਲਾਮ ਧਰਮ ਵਿਚ ਪੇਸ਼ ਕੀਤੇ ਪ੍ਰਭੂ-ਸਰੂਪ ਦਾ ਹੀ ਇਕ ਗੁਰਮੁਖੀ ਚਰਬਾ ਹੈ। ਇਸ ਮੂਲ ਮੰਤਰ ਵਿਚ ਪਹਿਲੀ ਗੱਲ ਗੁਰੂ ਜੀ ਨੇ ਇਹ ਵਰਣਨ ਕੀਤੀ ਹੈ ਕਿ :—

ੴ ਓਅੰਕਾਰ

ਇਸ ਦਾ ਰੂਪਾਂਤ੍ਰ "ਏਕੰਕਾਰ" ਵੀ ਹੈ; ਜਿਹਾ ਕਿ ਗੁਰਬਾਣੀ ਵਿਚ ਇਸ ਦੇ ਦੋਵੇਂ ਰੂਪ ਵਰਤੇ ਗਏ ਹਨ, ਜਿਹਾ ਕਿ ਇਕ ਥਾਂ ਇਹ ਵਰਣਨ ਹੈ ਕਿ—

"ਓਅੰਕਾਰ" ਸਭਿ ਸ੍ਰਿਸਟੋ ਉਪਾਈ।

[ਮਾਰੂ ਮ: 3, ਪੰਨਾ 1062

**ਅਰਥਾਤ**—ਓਅੰਕਾਰ ਪ੍ਰਭੂ ਨੇ ਹੀ ਸਾਰੀ ਰਚਨਾ ਰਚਾਈ ਹੈ।

ਦੂਜੀ ਥਾਂ ਤੇ ਇਹ ਲਿਖਿਆ ਮਿਲਦਾ ਹੈ ਕਿ :—

"ਏਕੰਕਾਰੁ" ਅਵਰੁ ਨਹੀਂ ਦੂਜਾ ਨਾਨਕੁ ਏਕੁ ਸਮਾਈ।

[ਰਾਮਕਲੀ ਮ: 1, ਪੰਨਾ 930

**ਅਰਥਾਤ**—ਏਕੰਕਾਰ" ਪ੍ਰਭੂ ਤੋਂ ਛੁੱਟ ਕੋਈ ਦੂਜਾ ਸਾਜਨਹਾਰ ਨਹੀਂ ਹੈ।

ਸਿੱਖ ਵਿਦਵਾਨਾਂ ਨੇ ਇਕ 'ਓਅੰਕਾਰ' ਜਾਂ 'ਏਕੰਕਾਰ' ਦੇ ਇਹ ਅਰਥ ਕੀਤੇ ਹਨ ਕਿ ਉਹ ਪ੍ਰਭੂ ਇੱਕੋ ਇਕ ਹੈ, ਉਸ ਦਾ ਪ੍ਰਕਾਸ਼ ਲਗਾਤਾਰ ਹੁੰਦਾ ਰਹਿੰਦਾ ਹੈ, ਅਰਥਾਤ ਜਿਸ ਦਾ ਪ੍ਰਤਾਪ ਸਦਾ ਤੋਂ ਹੈ ਅਤੇ ਸਦਾ ਹੀ ਰਹੇਗਾ। ਉਸ ਦਾ ਆਦਿ-ਅੰਤ ਨਹੀਂ ਹੈ। ਉਸ ਵਿਚ ਕਦੇ ਵੀ ਕੋਈ ਤੋਟ ਜਾਂ ਘਾਟ ਨਹੀਂ ਆਉਂਦੀ।

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਤਾਂ ਪ੍ਰਭੂ ਬਾਰੇ ਇੱਥੋਂ ਤਕ ਵਰਣਨ ਕੀਤਾ ਗਿਆ ਹੈ ਕਿ—

كُلَّ يَوْمٍ هُوَ فِي شَأْنٍ ٥

**ਅਰਥਾਤ** :—ਸਾਡਾ ਸਾਜਨਹਾਰ ਪ੍ਰਭੂ ਸਦਾ ਹੀ ਨਵੀਂ ਸ਼ਾਨ ਵਿਚ ਪਰਗ ਹੁੰਦਾ ਹੈ ਅਤੇ ਸਦਾ ਪਰਗਟ ਹੁੰਦਾ ਰਹੇਗਾ। ਉਸ ਵਿਚ ਕਦੇ ਕੋਈ ਤੋਟ ਨਹੀਂ ਆਉਂਦੀ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ।

[ਧਨਾਸਰੀ, ਮ: 1 ਪੰਨਾ 660

**ਅਰਥਾਤ**—ਸਾਡਾ ਸਾਜਨਹਾਰ ਪ੍ਰਭੂ ਸਦਾ ਹੀ ਨਵੀਂ ਸ਼ਾਨ ਵਿਚ ਪਰਗਟ ਹੁੰਦਾ ਹੈ ਤੇ ਸਦਾ ਪਰਗਟ ਹੁੰਦਾ ਰਹੇਗਾ। ਉਸ ਵਿਚ ਕਦੇ ਕੋਈ ਤੋਟ ਨਹੀਂ ਆਉਂਦੀ।

ਭਾਰਤ ਦੇ ਪ੍ਰਾਚੀਨ ਲਿਟਰੇਚਰ ਵਿਚ "ਓਅੰਕਾਰ" ਪਦ ਨੂੰ ਕਈ ਅੱਡ ਅੱਡ ਅਰਥਾਂ ਵਿਚ ਵਰਤਿਆ ਗਿਆ ਹੈ। ਤੇ ਇਸ ਤੋਂ ਵੀ ਇਕ ਕਿਸਮ ਦਾ ਤਿਗੜਾ (ਤਸਲੀਸ) ਪਰਗਟ ਹੁੰਦੀ ਹੈ। ਪਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤਿੰਨਾਂ ਦੇ ਸਮੁਦਾਇ ਨੂੰ ਪ੍ਰਭੂ ਮੰਨਣ ਦੇ ਉੱਕਾ ਹੀ ਵਿਰੁਧ ਹਨ। ਇਕ ਸਿੱਖ ਵਿਦਵਾਨ ਦਾ ਕਥਨ ਹੈ ਕਿ:—

"ਉਅੰਕਾਰ ਦੇ ਕੋਸ਼ ਵਿਚ ਅਰਥ ਹਨ: ਓਹ ਜੋ "ਅਕਾਰ", "ਮਕਾਰ" ਤੇ "ਸਾਕਾਰ" ਹੈ, ਅਰਥਾਤ ਪੈਦਾਇਸ਼, ਰੋਜ਼ੀ ਤੇ ਮੌਤ ਦੇ ਫ਼ਰਿਸ਼ਤਿਆਂ ਦਾ ਸਮੁਦਾਇ ਹੈ। ਗੁਰੂ ਨਾਨਕ ਜੀ ਨੇ ਤਿਗੜੇ ਜਾਂ ਤ੍ਰੈ-ਮੂਰਤੀ ਤੋਂ ਇਨਕਾਰ ਕਰਕੇ ਤੇ ਇਕ ਹਿੰਦਸੇ ਵਾਲਾ ਲਾ ਕੇ ਉਸ ਨੂੰ ਵਹਿਦਾ ਹੂ ਲਾ ਸ਼ਰੀਕ ਮੰਨਿਆ ਹੈ; ਇਸ ਲਈ ਸੋਮਾ ਉਹ ਆਪ ਹੈ।"

[ਨਗ਼ਮਾ-ਇ-ਇਰਫ਼ਾਨ, ਫੁਟਨੋਟ ਪੰਨਾ 6

ਇਕ ਹੋਰ ਸਿੱਖ ਵਿਦਵਾਨ ਸ: ਬ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ:—

"ਸੰਸਕ੍ਰਿਤ ਦੇ ਵਿਦਵਾਨਾਂ ਨੇ ੳ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ

Digitized by Panjab Digital Library | www.panjabdigilib.org

ਵਿਸ਼ਨੂੰ ਸ਼ਿਵ ਮੰਨ ਕੇ ਓਨਾਂ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰਮਤਿ ਵਿਚ ਓ ਅ ਦੇ ਮੁਢ ਏਕਾ ਲਿਖ ਕੇ ਸਿਧ ਕੀਤਾ ਹੈ ਕਿ ਕਰਤਾਰ ਇਕ ਹੈ—

ਏਕਾ ਏਕੰਕਾਰ ਲਿਖ ਵੇਖਾਲਿਆ ।
ਊੜਾ ਉਅੰਕਾਰ ਪਾਸਿ ਬਹਾਲਿਆ ॥

[ਮਹਾਨ ਕੋਸ਼, ਪੰਨਾ 63

(2) ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮੂਲ ਮੰਤਰ ਵਿਚ ਦੂਜੀ ਗੱਲ ਇਹ ਵਰਣਨ ਕੀਤੀ ਹੈ ਕਿ:—

## ਸਤਿਨਾਮੁ

ਇਸ ਦਾ ਅਰਥ "ਅੱਲਹਕ ਹੈ, ਅਰਥਾਤ ਜੋ ਸੱਚਾਈ ਦਾ ਸੋਮਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸਤਿਨਾਮੁ" ਬਾਰੇ ਇਹ ਵਰਣਨ ਹੈ ਕਿ:—

ਕਿਰਤਮ ਨਾਮਕਰੇ ਤੇਰੇ ਜਿਹਬਾ
ਸਤਿਨਾਮ ਤੇਰਾ ਪੂਰਾ ਪੂਰਬਲਾ"

[ਮਾਰੂ ਮ: 5 ਪੰਨਾ 1083

**ਅਰਥਾਤ:**—"ਮੇਰੀ ਜ਼ਬਾਨ ਨੇ ਤੇਰੇ ਓਹ ਨਾਮ ਜਪੇ ਹਨ ਜੋ ਤੇਰੇ ਕੀਤੇ ਕੰਮਾਂ ਦੇ ਕਾਰਨ ਪਏ ਹਨ । ਪਰ 'ਸਤਿਨਾਮੁ' ਤੇਰਾ ਮੁਢਲਾ ਨਾਮ ਹੈ । ਜਦੋਂ ਤੂੰ ਸ਼ਰਗੁਣ ਹੋ ਕੇ ਆਪਣੇ ਆਪ ਨੂੰ ਜ਼ਾਹਿਰ ਕੀਤਾ; ਤੇ ਤੇਰੇ ਕਈ ਨਾਮ ਹੋ ਗਏ, ਪਰ ਇਹ ਨਾਮ ਕਿ ਤੂੰ ਸਦਾ ਹੈ, ਤੇਰਾ ਮੁਢਲਾ ਨਾਮ ਹੈ, ਜੋ ਹਰ ਸਮੇਂ ਰਹਿੰਦਾ ਹੈ ।"

[ਸ਼ਬਦਾਰਥ ਸ੍ਰੀ ਗੁਰੂ ਗਰੰਥ ਸਾਹਿਬ, ਪੰਨਾ 1083

ਪ੍ਰਸਿਧ ਸਿੱਖ ਵਿਦਵਾਨ ਸ: ਤੇਜਾ ਸਿੰਸ ਜੀ ਪ੍ਰੰਸੀਪਲ ਪ੍ਰਲੋਕ ਵਾਸੀ ਨੇ "ਸਤਿਨਾਮੁ" ਦੇ ਅਰਥ ਕਰਦਿਆਂ ਲਿਖਿਆ ਹੈ ਕਿ:—

"ਰੱਬ ਦਾ ਨਾਮ "ਸਤਿ" ਹੈ, ਅਰਥਾਤ ਉਹ ਸਦਾ ਇਕ ਰਸ ਰਹਿੰਦਾ ਹੈ ਅਤੇ ਉਹ ਅਸਲੀਅਤ ਜਾਂ ਸੱਚਾਈ ਹੈ, ਜੋ ਘਟਦੀ ਵਧਦੀ ਜਾਂ ਬਦਲਦੀ ਨਹੀਂ । ਇਹੋ ਰੂਪ ਦਾ ਮੁਢਲਾ ਹੈ ਇਸ ਤੋਂ ਹੀ ਵਿਸਥਾਰ ਹੋਰਨਾਂ ਗੁਣਾਂ ਦਾ ਹੋਇਆ ਹੈ । ........ਜਪੁਜੀ ਸਾਹਿਬ ਵਿਚ ਇਸੇ ਰੂਪ ਨੂੰ ਮੁਖ ਰਖਿਆ ਹੈ ।"

[ਜਪੁਜੀ ਸਟੀਕ, ਪੰਨਾ 38

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ:—

Digitized by Panjab Digital Library | www.panjabdigilib.org

فَتَعٰلَى اللّٰهُ الْمَلِكُ الْحَقُّ ۚ

**ਅਰਥਾਤ:**—ਅੱਲਾਹ ਵੱਡੀ ਵਡਿਆਈ ਵਾਲਾ ਤੇ ਸੱਚਾ ਪਾਤਸ਼ਾਹ ਹੈ। ਉਹ ਅਟਲ ਸੱਚਾਈ ਤੇ ਸਦੀਵੀ ਹਕੀਕਤ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਦੇ ਘਾਟੇ-ਵਾਧੇ ਤੋਂ ਰਹਿਤ ਹੋਣ ਦੀ ਵਿਆਖਿਆ ਹੇਠ ਲਿਖੇ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ:—

ਵਡਾ ਨ ਹੋਵੈ ਘਾਟਿ ਨ ਜਾਇ ।

[ਆਸਾ ਮ: 1, ਪੰਨਾ 9 ਤੇ 349

**ਅਰਥਾਤ**—ਸਾਜਨਹਾਰ ਪ੍ਰਭੂ ਵਧਣ-ਘਟਣ ਤੋਂ ਰਹਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਵਰਣਨ ਹੈ ਕਿ,—

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਯ੍ਤ੍ਰ ਗਗਨੰ ।
ਘਟੰਤ ਬਸੁਧਾ ਗਿਰਿ ਤਰ ਸਿਖੰਡੰ ।
ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥
ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ।
ਨਹ ਘਟੰਤ ਕੇਵਲ ਗੋਪਾਲ ਅਚੁਤ ।

[ਸਲੋਕ ਸਹਸਕ੍ਰਿਤੀ, ਪੰਨਾ 1354

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਪਵਿਤਰ ਸ਼ਬਦ ਵਿਚ ਜਗ ਦੀ ਹਰੇਕ ਚੀਜ਼ ਦਾ ਦਿਨੋ ਦਿਨ ਘਾਟੇ ਵਿਚ ਜਾਣਾ ਵਰਣਨ ਕੀਤਾ ਗਿਆ ਹੈ ਅਤੇ ਇਸ ਘਾਟੇ ਤੋਂ ਰਹਿਤ ਸਾਜਨਹਾਰ ਪ੍ਰਭੂ ਹੀ ਦੱਸਿਆ ਗਿਆ ਹੈ।

ਸ੍ਰੀ ਦਸਮ ਗ੍ਰੰਥ ਵਿਚ ਪ੍ਰਭੂ ਦੇ ਘਾਟੇ-ਵਾਧੇ ਤੋਂ ਰਹਿਤ ਹੋਣ ਬਾਰੇ ਇਹ ਵਰਣਨ ਕੀਤਾ ਗਿਆ ਹੈ, ਜਿਹਾ ਕਿ ਲਿਖਿਆ ਹੈ ਕਿ :—

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ।
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ।

Digitized by Panjab Digital Library | www.panjabdigilib.org

ਨ ਦੇਹ ਹੈ ਨ ਗੇ ਹੈ ਨ ਜਾਤ ਹੈ ਨ ਪਾਤ ਹੈ ।
ਨ ਮੰਤ੍ਰ ਹੈ ਨ ਮਿਤ੍ਰ ਹੈ ਨ ਤਾਤ ਹੈ ਨ ਮਾਤ ਹੈ ।
ਨ ਅੰਗ ਹੈ ਨ ਰੰਗ ਹੈ ਨ ਸੰਗ ਹੈ ਨ ਸਾਥ ਹੈ ।
ਨ ਦੇਖ ਹੈ ਨ ਦਾਗ ਹੈ ਨ ਵ੍ਰੈਖ ਹੈ ਨ ਦੇਹ ਹੈ ।

[ਦਸਮ ਗ੍ਰੰਥ ਹੈ, ਪੰਨਾ 24]

**ਅਰਥਾਤ :**—ਸਾਜਨਹਾਰ ਪ੍ਰਭੂ ਹਰ ਕਿਸਮ ਦੇ ਘਾਟੇ-ਵਾਧੇ ਤੋਂ ਰਹਿਤ ਹੈ । ਸਮਾਂ ਉਸ ਤੇ ਆਪਣਾ ਪ੍ਰਭਾਵ ਨਹੀਂ ਪਾ ਸਕਦਾ । ਉਹ ਮਾਤਾ-ਪਿਤਾ ਤੇ ਹੋਰ ਸਾਕ ਸੰਬੰਧੀਆਂ ਤੋਂ ਵੀ ਰਹਿਤ ਹੈ ।

(3) ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਮੂਲ ਮੰਤਰ ਵਿਚ ਤੀਜੀ ਗੱਲ ਇਹ ਵਰਣਨ ਕੀਤੀ ਹੈ ਕਿ :—

ਕਰਤਾ ਪੁਰਖੁ

**ਅਰਥਾਤ :**—ਉਹ ਰਚਨਹਾਰ ਹੈ ਅਤੇ ਉਸੇ ਨੇ ਹੀ ਸਾਰੀ ਰਚਨਾ ਰਚਾਈ ਹੈ ।

ਗੁਰਬਾਣੀ ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ ਕਿ :—

ਏਕੋ ਕਰਤਾ ਜਿਨਿ ਜਗੁ ਕੀਆ ।

[ਬਸੰਤ, ਮ: 1, ਪੰਨਾ 1888]

**ਅਰਥਾਤ :**—

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ ।
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
ਤੂੰ ਨਿਹਚਲੁ ਕਰਤਾ ਸੋਈ ।
ਤੁਧੁ ਆਪੇ ਭਾਵੈ ਸੋਈ ਵਰਤੈ ਜੀ
ਤੂੰ ਆਪੇ ਕਰਹਿ ਸੁ ਹੋਈ ।
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ ।

Digitized by Panjab Digital Library | www.panjabdigilib.org

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ
ਜੋ ਸਭਸੈ ਕਾ ਜਾਣੋਈ ॥

[ਆਸਾ ਮ: 4, ਪੰਨਾ 11 ਤੇ 348]

ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਕਰਤਾ ਪੁਰਖ ਦੀ ਵਿਆਖਿਆ ਕਰਦਿਆਂ ਹੋਇਆਂ ਇਹ ਵਰਣਨ ਕੀਤਾ ਹੈ ਕਿ :—

"ਉਹ ਸਾਰੀ ਸ੍ਰਿਸ਼ਟੀ ਦੇ ਬਣਾਣ ਵਾਲਾ ਹੈ। ਉਸ ਦੇ ਬਿਨਾਂ ਜੋ ਕੁਝ ਵੀ ਹੈ, ਉਹ ਸਭ ਉਸੇ ਦੀ ਰਚਨਾ ਹੈ। ਗੁਰੂ ਜੀ ਨੇ ਰਬ ਲਈ "ਪੁਰਖ ਪਦ" ਇਸ ਲਈ ਵਰਤਿਆ ਹੈ ਕਿ ਲੋਕੀ ਉਸ ਨੂੰ ਕੇਵਲ ਸਾਇੰਸਦਾਨਾਂ ਅਤੇ ਫਿਲਾਸਫ਼ਰਾਂ ਵਾਲੀ ਇਕ ਪਸਰੀ ਹੋਈ ਸ਼ਕਤੀ ਹੀ ਨ ਮੰਨ ਲੈਣ। ਉਹ ਇਕ ਸਮਰਥ ਅਤੇ ਚੈਤਨ ਸ਼ਖਸ਼ੀਅਤ ਹੈ, ਜਿਸ ਦੇ ਨਮੂਨੇ ਉੱਤੇ ਸਾਡੀਆਂ ਨਿੱਕੀਆਂ ਨਿੱਕੀਆਂ ਹਸਤੀਆਂ ਬਣਾਈਆਂ ਗਈਆਂ ਹਨ; ਇਸੇ ਲਈ ਸਾਨੂੰ ਵੀ ਪੁਰਖ ਆਖਦੇ ਹਨ।"

[ਜਪਜੀ, ਸਟੀਕ, ਪੰਨਾ 38]

ਗੁਰਬਾਣੀ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਗਈ ਹੈ ਕਿ ਕਰਤਾ ਪੁਰਖ ਪ੍ਰਭੂ ਆਪ ਤਾਂ ਗਿਣਤੀ ਮਿਣਤੀ ਤੋਂ ਉੱਚਾ ਹੈ, ਪਰ ਸਾਰੀ ਰਚਨਾ ਗਿਣਤੀ-ਮਿਣਤੀ ਦੇ ਅੰਦਰ ਹੈ, ਜਿਹਾ ਕਿ ਲਿਖਿਆ ਹੈ ਕਿ :—

ਤੂ ਕਰਤਾ ਆਪਿ ਅਗਣਤੁ ਹੈ
ਸਭੁ ਜਗੁ ਵਿਚਿ ਗਣਤੈ।

[ਵਾਰ ਗਉੜੀ, ਮ: 4, ਪੰਨਾ 314]

**ਅਰਥਾਤ** :—ਹੇ ਪ੍ਰਭੂ! ਤੂੰ ਗਿਣਤੀ-ਮਿਣਤੀ ਤੋਂ ਪਰੇ ਤੇ ਲਾ ਮਹਿਦੂਦ ਹੈ, ਪਰ ਤੇਰਾ ਸਾਜਿਆ ਸਾਰਾ ਵਿਸ਼ਵ ਮਹਿਦੂਦ ਤੇ ਗਿਣਤੀ-ਮਿਣਤੀ ਦੇ ਅੰਦਰ ਹੈ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਲਈ ਕਰਤਾ ਪੁਰਖ ਦੇ ਅੱਖਰਾਂ ਦੀ ਵਰਤੋਂ ਕਰ ਕੇ ਇਹ ਅਸਲੀਅਤ ਪਰਗਟਾਈ ਹੈ ਕਿ ਉਹ "ਖ਼ਾਲਿਕੁ ਕੁੱਲਾ ਸ਼ੈਇਨ" (ਹਰੇਕ ਚੀਜ਼ ਦਾ ਰਚਨਹਾਰ) ਹੈ ਤੇ ਉਸੇ ਨੇ ਹੀ ਸਭ ਰਚਨਾ

Digitized by Panjab Digital Library | www.panjabdigilib.org

ਰਚਾਈ ਹੈ ਅਤੇ ਉਸ ਨੂੰ ਇਹ ਰਚਨਾ ਰਚਾਉਣ ਲਈ ਕਿਸੇ ਪ੍ਰਕਿਰਤੀ ਆਦਿ ਦੀ ਮੁਹਤਾਜੀ ਨਹੀਂ ਹੈ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

هُوَ اللّٰهُ الْخَالِقُ — اَللّٰهُ خَالِقُ كُلِّ شَيْءٍ

**ਅਰਥਾਤ** :—ਰਚਨਹਾਰ ਪ੍ਰਭੂ ਨੇ ਹੀ ਰਚਨਾ ਰਚਾਈ ਹੈ । ਉਸ ਤੋਂ ਛੁੱਟ ਹੋਰ ਰਚਨਹਾਰ ਨਹੀਂ ਹੈ ।

ਇਕ ਸਿੱਖ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਨੇ ਕਰਤਾ ਪੁਰਖ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ :—

"ਉਹ ਪੁਰਖ ਕਰਤਾ- ਕਰਨ ਕਾਰਨ ਸਮਰਥ ਹੈ, ਜੋ ਚਾਹੇ ਸੋ ਕਰ ਸਕੇ । ਅਰਥਾਤ ਉਸ ਨੇ ਬਿਨਾ ਕਿਸੇ ਉਪਾਦਨ ਕਾਰਨ ਦੇ ਸਾਰੇ ਸੰਸਾਰ ਨੂੰ ਰਚਿਆ ਹੈ । ਜੀਵ ਅਤੇ ਵਾਹਿਗੁਰੂ ਵਿਚ ਏਹੀ ਫਰਕ ਹੈ, ਜੋ ਬਿਨਾ ਉਪਾਦਨ ਤੋਂ ਹੋਰ ਨਵੀਂ ਰਚਨਾਂ ਨਹੀਂ ਕਰ ਸਕਦਾ, ਪਰ ਵਾਹਿਗੁਰੂ ਕਰ ਸਕਦਾ ਹੈ । ਮੁਕਦੀ ਗੱਲ ਸੰਪੂਰਨ ਸ੍ਰਿਸ਼ਟੀ ਦਾ ਕਰਤਾ ਉਹ ਕੇਵਲ ਆਪ ਹੀ ਹੈ । ਯਥਾ

ਤੁਧੁ ਬਿਨੁ ਦੂਜਾ ਨਾਹੀ ਕੋਇ ।
ਤੂੰ ਕਰਤਾਰ ਕਰਹਿ ਸੋ ਹੋਇ ।

[ਜਪੁਜੀ, ਸਟੀਕ, ਪੰਨਾ 26]

(4) ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਮੂਲ ਮੰਤਰ ਵਿਚ ਚੌਥੀ ਗੱਲ ਇਹ ਵਰਣਨ ਹੈ ਕਿ :—

ਨਿਰਭਉ

**ਅਰਥਾਤ** :—ਸਾਜਨਹਾਰ ਪ੍ਰਭੂ ਨੂੰ ਕਿਸੇ ਦਾ ਕੋਈ ਡਰ-ਭਉ ਨਹੀਂ ਹੈ । ਉਹ ਜੋ ਚਾਹੁੰਦਾ ਹੈ, ਕਰਦਾ ਹੈ ਅਤੇ ਆਪਣੀ ਕਿਸੇ ਵੀ ਕਰਣੀ ਬਾਰੇ ਕਿਸੇ ਦੇ ਅੱਗੇ ਜਵਾਬ-ਦੇਹ ਨਹੀਂ ਹੈ; ਕਿਉਂਕਿ ਡਰ-ਭਉ ਉਸੇ ਨੂੰ ਹੀ ਹੁੰਦਾ ਹੈ, ਜਿਸ ਨੇ ਕਿਸੇ ਦੂਜੇ ਨੂੰ ਲੇਖਾ ਦੇਣਾ ਹੋਵੇ ।

Digitized by Panjab Digital Library | www.panjabdigilib.org

ਗੁਰੂ ਜੀ ਨੇ ਇਕ ਹੋਰ ਥਾਂ ਪ੍ਰਭੂ ਦੇ "ਨਿਰਭਉ" ਹੋਣ ਬਾਰੇ ਇਹ ਫ਼ਰਮਾਇਆ ਹੈ ਕਿ :—

ਨਿਰਭਉ ਨਿਰੰਕਾਰੁ ਸਚੁ ਨਾਮੁ ।
ਜਾ ਕਾ ਕੀਆ ਸਗਲ ਜਹਾਨੁ ।

[ਵਾਰ ਆਸਾ, ਸ: ਮ: 1, ਪੰਨਾ 46]

**ਅਰਥਾਤ** :—ਨਿਰਭਉ, ਨਿਰੰਕਾਰ ਤੇ ਸੱਚਾ ਨਾਮ ਉਹੋ ਹੀ ਹੈ ਜਿਸ ਨੇ ਸਾਰਾ ਜਹਾਨ ਹੋਂਦ ਵਿਚ ਆਂਦਾ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਇਹ ਫ਼ਰਮਾਉਂਦੇ ਹਨ ਕਿ :—

ਨਿਰਭਉ ਨਿਰੰਕਾਰੁ ਨਿਰਵੈਰੁ
ਪੂਰਨ ਜੋਤਿ ਸਮਾਈ ।

[ਸਲੋਕ ਮ:, 1, ਪੰਨਾ 596]

**ਅਰਥਾਤ** :—ਇੱਕੋ ਇਕ ਪ੍ਰਭੂ ਹੀ ਨਿਰਭਉ ਹੈ, ਉਸ ਨੂੰ ਕਿਸੇ ਦਾ ਵੀ ਕੋਈ ਡਰ-ਭਉ ਨਹੀਂ ਹੈ । ਉਸ ਦੀ ਪੂਰਣ ਜੋਤਿ ਹਰ ਥਾਂ ਸਮਾਈ ਹੋਈ ਹੈ । ਕੋਈ ਥਾਂ ਉਸ ਤੋਂ ਖ਼ਾਲੀ ਨਹੀਂ ਹੈ ।

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਭੈ ਵਿਚਿ ਨਿਰਭਉ ਪਾਇਆ ।
ਤਾ ਸਹਜੈ ਕੈ ਘਰਿ ਆਇਆ ।

[ਸੋਰਠ ਮ: 1, ਪੰਨਾ 599]

**ਅਰਥਾਤ**—ਜੋ ਲੋਕ ਸਾਜਨਹਾਰ ਪ੍ਰਭੂ ਤੋਂ ਡਰ ਡਰ ਕੇ ਜੀਵਨ ਬਤੀਤ ਕਰਦੇ ਹਨ ਓਹਨਾਂ ਨੂੰ ਨਿਰਭਉ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ । ਤੇ ਓਹ ਸਹਿਜ ਘਰ ਵਿਚ ਸਮਾਂ ਜਾਂਦੇ ਹਨ, ਭਾਵ ਇਹ ਕਿ ਮੁਕਤੀ ਨੂੰ ਪ੍ਰਾਪਤ ਹੋ ਜਾਂਦੇ ਹਨ । ਫੇਰ ਓਹਨਾਂ ਨੂੰ ਕਿਸੇ ਕਿਸਮ ਦਾ ਵੀ ਕੋਈ ਡਰ-ਭਉ ਨਹੀਂ ਹੁੰਦਾ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਵਰਣਨ ਕੀਤਾ ਗਿਆ ਹੈ ਕਿ :—

إِنَّ اللّٰهَ يَفْعَلُ مَا يُرِيْدُ ۝ —— إِنَّ اللّٰهَ
يَفْعَلُ مَا يَشَاءُ ۝ —— يَخْلُقُ اللّٰهُ مَا يَشَاءُ ۝
إِنَّ اللّٰهَ عَلٰى كُلِّ شَيْءٍ قَدِيْرٌ ۝

Digitized by Panjab Digital Library | www.panjabdigilib.org

**ਅਰਥਾਤ**—ਰਚਨਹਾਰ ਪ੍ਰਭੂ ਜੋ ਚਾਹੁੰਦਾ ਹੈ, ਕਰਦਾ ਹੈ, ਉਹ ਆਪਣੇ ਕਿਸੇ ਕਾਰਜ ਬਾਰੇ ਕਿਸੇ ਦੇ ਸਾਹਮਣੇ ਜਵਾਬ-ਦੇਹ ਨਹੀਂ ਹੈ ਤੇ ਨਾ ਹੀ ਉਸ ਨੂੰ ਰਚਨਾ ਰਚਾਉਣ ਸਮੇਂ ਕਿਸੇ ਨਾਲ ਕੋਈ ਸਲਾਹ-ਮਸ਼ਵਰਾ ਕਰਨ ਦੀ ਲੋੜ ਭਾਸਦੀ ਹੈ। ਉਹ ਰਚਨਾ ਰਚਾਉਣ ਵਿਚ ਪੂਰਣ ਸੁਤੰਤਰ ਹੈ। ਜੋ ਚਾਹੁੰਦਾ ਹੈ, ਸਾਜ ਦਿੰਦਾ ਹੈ। ਬੇਸ਼ੱਕ ਉਹ ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਹੈ। ਉਸ ਨੂੰ ਕਿਸੇ ਦਾ ਵੀ ਕੋਈ ਡਰ-ਭਉ ਨਹੀਂ ਹੈ।

ਇਸੇ ਹੀ ਗੱਲ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਹ ਫ਼ਰਮਾਇਆ ਹੈ ਕਿ :—

ਪੁਛਿ ਨ ਸਾਜੇ ਪੁਛਿ ਨ ਢਾਹੇ
ਪੁਛਿ ਨਾ ਦੇਵੈ ਲੇਇ।
ਆਪਣੀ ਕੁਦਰਤਿ ਆਪੇ ਸਾਜੇ
ਆਪੇ ਕਰਣੁ ਕਰੇਇ ॥
ਸਭਨਾ ਵੇਖੈ ਨਦਰਿ ਕਰਿ
ਜੋ ਭਾਵੈ ਤੈ ਦੇਇ ॥

[ਸਿਰੀਰਾਗ, ਮ: 1, ਪੰਨਾ 53]

**ਅਰਥਾਤ** :—ਸਾਜਨਹਾਰ ਪ੍ਰਭੂ ਕਿਸੇ ਦੇ ਸਲਾਹ-ਮਸ਼ਵਰੇ ਨਾਲ ਕੋਈ ਰਚਨਾ ਨਹੀਂ ਰਚਾਉਂਦਾ, ਅਤੇ ਨਾ ਹੀ ਕਿਸੇ ਤੋਂ ਪੁੱਛ ਕੇ ਰਚਾਉਂਦਾ ਹੈ, ਅਰਥਾਤ ਨ ਕਿਸੇ ਤੋਂ ਪੁਛ ਕੇ ਕਿਸੇ ਨੂੰ ਦਾਤਾਂ ਦਿੰਦਾ ਹੈ ਤੇ ਨਾ ਲੈਂਦਾ ਹੈ। ਆਪਣੀ ਕੁਦਰਤ ਉਹ ਆਪ ਹੀ ਜਾਣਦਾ ਹੈ ਤੇ ਆਪ ਹੀ ਹਰ ਚੀਜ਼ ਦਾ ਕਰਨਕਾਰਣ ਹੈ। ਉਹ ਸਭਨਾਂ ਤੇ ਆਪਣੀ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ ਅਤੇ ਜਿਸ ਨੂ ਚਾਹੁੰਦਾ ਹੈ, ਦਾਤਾਂ ਦਿੰਦਾ ਹੈ।

(5) ਗੁਰੂ ਜੀ ਦੇ ਇਸ ਮੂਲ ਮੰਤਰ ਵਿਚ ਪੰਜਵੀਂ ਗਲ ਇਹ ਵਰਣਨ ਹੈ ਕਿ ਪ੍ਰਭੂ ਨੂੰ ਕਿਸੇ ਨਾਲ ਕੋਈ ਵੈਰ ਜਾਂ ਦੁਸ਼ਮਣੀ ਨਹੀਂ ਹੈ। ਉਹ ਤਾਂ ਸਭਨਾਂ ਤੇ ਮੁੜ ਮੁੜ ਮਿਹਰ ਕਰਦਾ ਹੈ ਅਤੇ ਕਦੇ ਵੀ ਕਿਸੇ ਤੇ ਕੋਈ ਜ਼ੁਲਮ ਜਾਂ ਧੱਕਾ ਨਹੀਂ ਕਰਦਾ; ਜਿਹਾ ਕਿ ਗੁਰੂ ਜੀ ਨੇ ਮੂਲ ਮੰਤਰ ਵਿਚ ਫ਼ਰਮਾਇਆ ਹੈ :—

ਨਿਰਵੈਰੁ

ਨਿਰਵੈਰੁ ਉਸੇ ਨੂੰ ਹੀ ਕਿਹਾ ਜਾਂਦਾ ਹੈ, ਜਿਸ ਨੂੰ ਕਿਸੇ ਨਾਲ ਵੀ ਕੋਈ

Digitized by Panjab Digital Library | www.panjabdigilib.org

ਦੁਸ਼ਮਣੀ ਨਾ ਹੋਵੇ; ਸਗੋਂ ਹਰੇਕ ਤੇ ਮੁੜ ਮੁੜ ਮਿਹਰ ਹੀ ਕਰਦਾ ਹੋਵੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ "ਨਿਰਵੈਰ" ਦੀ ਵਿਆਖਿਆ ਕਰਦਿਆਂ ਇਹ ਫ਼ਰਮਾਇਆ ਹੈ ਕਿ :—

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ।
ਹਮ ਅਪਰਾਧੀ ਤੁਮ ਬਖਸਾਤੇ ।

[ਪ੍ਰਭਾਤੀ, ਮ: 5, ਪੰਨਾ 1142]

ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਲਿਖਿਆ ਮਿਲਦਾ ਹੈ ਕਿ :—

ਜਪਿ ਮਨ ਨਿਰਭਉ ।
ਸਤਿ ਸਤਿ ਸਦਾ ਸਤਿ ।
ਨਿਰਵੈਰੁ ਅਕਾਲ ਮੂਰਤਿ ।
ਆਜੂਨੀ ਸੰਭਉ ।
ਮੇਰੇ ਮਨ ਅਨਦਿਨੋ ਧਿਆਇ ।
ਨਿਰੰਕਾਰ ਨਿਰਹਾਰੀ ॥

[ਸਾਰੰਗ, ਮ: 4, ਪੰਨਾ 1202]

**ਅਰਥਾਤ** :—ਹੇ ਮਿਹਰਬਾਨ ਪ੍ਰਭੂ ! ਤੈਨੂੰ ਕਿਸੇ ਨਾਲ ਕੋਈ ਵੈਰ ਜਾਂ ਦੁਸ਼ਮਣੀ ਨਹੀਂ ਹੈ । ਤੂੰ ਸਭ ਦਾ ਦਾਤਾ ਹੈਂ ! ਅਸੀਂ ਗੁਨਹਗਾਰ ਹਾਂ ਤੇ ਤੂੰ ਬਖਸ਼ਣਹਾਰ ਹੈਂ । ਅਸੀਂ ਦਿਨ ਰਾਤ ਨਿਰਭਉ ਪ੍ਰਭੂ ਦਾ ਹੀ ਸਿਮਰਨ ਕਰਦੇ ਹਾਂ । ਉਹ ਪ੍ਰਭੂ ਅਬਿਨਾਸ਼ੀ ਤੇ ਅਰੂਪ ਹੈ ।

ਸ੍ਰੀ ਦਸਮ ਗ੍ਰੰਥ ਵਿਚ ਇਸ ਬਾਰੇ ਇਹ ਲਿਖਿਆ ਮਿਲਦਾ ਹੈ ਕਿ :—

ਤੁਮ ਜਗ ਕੇ ਕਾਰਨ ਕਰਤਾਰਾ ।
ਘਟਿ ਘਟਿ ਕੀ ਮਿਤਿ ਜਾਨਨਹਾਰਾ ।
ਨਿਰੰਕਾਰ ਨਿਰਵੈਰ ਨਿਰਾਲਮ ।
ਸਭ ਹੀ ਦੇ ਮਨ ਦੀ ਤੂ ਮਹਿ ਮਾਲਮ ।

[ਦਸਮ ਗ੍ਰੰਥ, ਪੰਨਾ 1226]

**ਅਰਥਾਤ** :—ਹੇ ਪ੍ਰਭੂ ! ਇਸ ਸਾਰੇ ਜਗ ਦਾ ਰਚਨਹਾਰ ਤੂੰ ਹੀ ਹੈਂ ਤੇ ਤੂੰ

Digitized by Panjab Digital Library | www.panjabdigilib.org

ਜਾਣਹਾਰ ਵੀ ਹੈਂ । ਤੂ ਅਰੂਪ ਹੈਂ, ਤੈਨੂੰ ਕਿਸੇ ਨਾਲ ਕੋਈ ਵੈਰ ਜਾਂ ਦੁਸ਼ਮਣੀ ਨਹੀਂ ਹੈ । ਤੂੰ ਹਰੇਕ ਪ੍ਰਾਣੀ ਦੇ ਮਨ ਦੀਆਂ ਗੱਲਾਂ ਦਾ ਵੀ ਜਾਣਨਹਾਰ ਹੈਂ ।

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਲਿਖਿਆ ਹੈ ਕਿ :—

إِنَّ اللّٰهَ عَلِيمٌ بِذَاتِ الصُّدُورِ ۝

**ਅਰਥਾਤ** :—ਬੇਸ਼ੱਕ ਪ੍ਰਭੂ ਘਟਿ ਘਟਿ ਦੀ ਮਿਤਿ ਜਾਣਨਹਾਰ ਹੈ । ਉਸ ਤੋਂ ਕੋਈ ਵੀ ਗੱਲ ਉਹਲੇ ਨਹੀਂ ਹੈ ।

ਕੁਰਾਨ ਸ਼ਰੀਫ਼ ਵਿਚ ਇਕ ਹੋਰ ਥਾਂ ਇਹ ਵਰਣਨ ਹੈ ਕਿ :—

وَرَبُّكَ يَعْلَمُ مَا تُكِنُّ صُدُورُهُمْ وَمَا يُعْلِنُونَ ۝

**ਅਰਥਾਤ** :—ਤੇਰਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਉਸ ਦਾ ਵੀ ਜਾਣਨਹਾਰ ਹੈ, ਜਿਸ ਨੂੰ ਓਹ ਆਪਣੇ ਮਨਾਂ ਵਿਚ ਲੁਕਾਉਂਦੇ ਹਨ ਅਤੇ ਉਸ ਦਾ ਵੀ, ਜਿਸ ਨੂੰ ਓਹ ਪਰਗਟ ਕਰਦੇ ਹਨ ।

(6) ਗੁਰੂ ਜੀ ਨੇ ਆਪਣੇ ਮੂਲ ਮੰਤਰ ਵਿਚ ਇਹ ਵਰਣਨ ਕੀਤਾ ਹੈ ਕਿ ਉਹ ਪ੍ਰਭੂ ਮੌਤ-ਰਹਿਤ ਹੈ, ਜਿਹਾ ਕਿ ਆਪ ਦਾ ਕਥਨ ਹੈ ਕਿ :—

ਅਕਾਲ ਮੂਰਤਿ

**ਅਰਥਾਤ** :—ਪ੍ਰਭੂ ਮੌਤ-ਰਹਿਤ ਹੈ, ਉਸ ਤੇ ਕਦੇ ਵੀ ਮੌਤ ਨਹੀਂ ਆ ਸਕਦੀ ਤੇ ਨਾ ਸਮਾਂ ਹੀ ਉਸ ਤੇ ਆਪਣਾ ਕੋਈ ਪ੍ਰਭਾਵ ਪਾ ਸਕਦਾ ਹੈ ।

ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਅਕਾਲ ਮੂਰਤਿ ਦੀ ਵਿਆਖਿਆ ਕਰਦਿਆਂ ਇਹ ਕਿਹਾ ਗਿਆ ਹੈ ਕਿ :—

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ।
ਅਬਿਨਾਸੀ ਅਬਿਸਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ ।

[ਮਾਰੂ, ਮ: 4, ਪੰਨਾ 1082]

**ਅਰਥਾਤ** :—ਅਭਿਗਤ ਤੇ ਅਗੋਚਰ ਪ੍ਰਭੂ ਮੌਤ-ਰਹਿਤ ਹੈ ਉਸ ਤੇ ਕਦੇ ਵੀ ਮੌਤ ਨਹੀਂ ਆ ਸਕਦੀ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਪ ਹੀ ਫ਼ਰਮਾਉਂਦੇ ਹਨ ਕਿ :—

ਤੂ ਅਕਾਲ ਪੁਰਖ ਨਾਹੀ ਸਿਰਿ ਕਾਲਾ ।
ਤੂ ਪੁਰਖ ਅਲੇਖ ਅਗੰਮ ਨਿਰਾਲਾ ।

[ਮਾਰੂ, ਮ: 1, ਪੰਨਾ 1038]

**ਅਰਥਾਤ** :—ਹੇ ਪ੍ਰਭੂ ! ਤੂੰ ਮੌਤ ਰਹਿਤ ਹੈਂ, ਤੈਨੂੰ ਕਦੇ ਵੀ ਮੌਤ ਨਹੀਂ ਆ ਸਕਦੀ ਤੇ ਨਾ ਕਾਲ (ਸਮਾਂ) ਹੀ ਤੇਰੇ ਤੇ ਆਪਣਾ ਕੋਈ ਪ੍ਰਭਾਵ ਪਾ ਸਕਦਾ ਹੈ । ਤੂੰ ਅਲੇਖ, ਅਗੰਮ ਤੇ ਨਿਰਾਲਾ ਹੈਂ ।

ਸ੍ਰੀ ਦਸਮ ਗ੍ਰੰਥ ਵਿਚ ਵਰਣਨ ਹੈ ਕਿ :—

ਔਰ ਸਕਾਲ ਸਭੈ ਬਸਿ ਕਾਲ ਕੇ
ਏਕ ਹੀ ਕਾਲ ਅਕਾਲ ਸਦਾ ਹੈ ।

[ਦਸਮ ਗ੍ਰੰਥ, ਪੰਨਾ 40]

**ਅਰਥਾਤ** :—ਜਗ ਦੀ ਹਰੇਕ ਚੀਜ਼ ਨਾਸਵਾਨ ਹੈ । ਇੱਕੋ ਹੀ ਅਕਾਲ ਪ੍ਰਭੂ ਹੀ ਮੌਤ-ਰਹਿਤ ਹੈ, ਜਿਸ ਤੇ ਸਮਾਂ ਵੀ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦਾ ।

ਇਸ ਬਾਰੇ ਕੁਰਾਨ ਸ਼ਰੀਫ ਦਾ ਇਹ ਕਥਨ ਹੈ ਕਿ—

وَتَوَكَّلْ عَلَى الْحَيِّ الَّذِىْ لَا يَمُوْتُ

**ਅਰਥਾਤ**:—ਸਦਾ ਸਲਾਮਤ ਸਾਜਨਹਾਰ ਪ੍ਰਭੂ ਹੀ ਹੈ, ਉਸ ਤੇ ਮੌਤ ਕਦੇ ਵੀ ਨਹੀਂ ਆ ਸਕਦੀ ।

ਇਕ ਹੋਰ ਥਾਂ ਇਹ ਵਰਣਨ ਹੈ ਕਿ :—

لَآ اِلٰهَ اِلَّا هُوَ يُحْيٖ وَيُمِيْتُ

**ਅਰਾਥਤ** :—ਮਰਨਾ-ਜੀਣਾ ਸਦਾ ਸਲਾਮਤਿ ਪ੍ਰਭੂ ਦੇ ਹੀ ਵਸ ਹੈ । ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ :—

ਤੁਝ ਹੀ ਕੀਆ ਜੰਮਣ-ਮਰਣਾ ।

[ਮਾਰੂ, ਮ: 1, ਪੰਨਾ 1022

Digitized by Panjab Digital Library | www.panjabdigilib.org

ਅਰਥਾਤ :—ਮਰਣ-ਜੀਵਣ ਪ੍ਰਭੂ ਦੁਆਰਾ ਹੀ ਹੋਂਦ ਵਿਚ ਆਇਆ ਹੈ। ਇਹ ਉਸੇ ਦੇ ਹੀ ਅਧੀਨ ਹੈ।

ਸਿੱਖ ਵਿਦਵਾਨਾਂ ਨੇ ਅਕਾਲ ਦਾ ਅਰਥ ਇਹ ਵੀ ਵਰਣਨ ਕੀਤਾ ਹੈ ਕਿ ਉਸ ਤੇ ਸਮਾਂ ਆਪਣਾ ਪ੍ਰਭਾਵ ਨਹੀਂ ਪਾ ਸਕਦਾ ਤੇ ਨਾ ਉਸ ਵਿਚ ਕੋਈ ਵਟਾਉ-ਸਟਾਉ ਹੀ ਆ ਸਕਦਾ ਹੈ; ਜਿਹਾ ਕਿ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਲਿਖਿਆ ਹੈ ਕਿ :—

"ਉਸ ਦੀ ਹਸਤੀ ਸਮੇਂ ਦੀ ਮਾਰ ਤੋਂ ਪਰੇ ਹੈ, ਅਰਥਾਤ ਉਹ ਬਾਲਪਣ, ਜਵਾਨੀ ਅਤੇ ਬੁਢੇਪੇ ਵਿਚ ਨਹੀਂ ਆਉਂਦਾ ਅਤੇ ਨਾ ਹੀ ਮਰਦਾ ਹੈ।"

[ਜਪੁਜੀ, ਸਟੀਕ, ਪੰਨਾ 39]

ਗੁਰੂ ਗ੍ਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ :—

ਦਾਨਾ ਦਾਤਾ ਸੀਲਵੰਤ ਨਿਰਮਲੁ ਰੂਪੁ ਅਪਾਰੁ।
ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ।
ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ।
ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ।

[ਸਿਰੀ ਰਾਗ, ਮ: 4, ਪੰਨਾ 47]

ਪ੍ਰੋ: ਸ਼ੇਰ ਸਿੰਘ ਜੀ ਨੇ ਅਕਾਲ ਪੁਰਖ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਹੈ ਕਿ :—

"ਅਕਾਲ ਪੁਰਖ ਸਮੇਂ ਤੇ ਕਾਲ ਦੀਆਂ ਮਨੁੱਖ ਕ੍ਰਿਤ ਵੰਡਾਂ ਤੋਂ ਪਰ੍ਹੇ ਹੈ।"

[ਗੁਰਮਤਿ ਦਰਸ਼ਨ, ਪੰਨਾ 142]

ਇਕ ਹੋਰ ਸਿੱਖ ਵਿਦਵਾਨ ਡਾ: ਤਾਰਨ ਸਿੰਘ ਜੀ ਲਿਖਦੇ ਹਨ ਕਿ :—

"ਅਕਾਲ ਮੂਰਿਤ—ਉਹ ਹਸਤੀ ਜੋ ਸਮੇਂ ਦੀ ਮਾਰ ਤੋਂ ਪਰ੍ਹੇ ਹੈ, ਉਹ ਸਦਾ ਇਕਸਾਰ ਹੈ।"

[ਗੁਰੂ ਨਾਨਕ ਬਾਣੀ ਪ੍ਰਕਾਸ਼. ਭਾਗ 1, ਪੰਨਾ 1]

ਗਿਆਨੀ ਨਿਹਾਲ ਸਿੰਘ ਜੀ "ਅਫੀਫ਼" ਐਮ. ਏ ਨੇ ਲਿਖਿਆ ਹੈ ਕਿ :—

Digitized by Panjab Digital Library | www.panjabdigilib.org

ਅਸਰਿ ਸ਼ਮਾਂ ਸੇ ਨਹੀਂ ਮਾਸੂਰ ਵੋਹ ।
ਮਰਗੋ ਪੈਦਾਇਸ਼ ਸੇ ਭੀ ਹੈ ਦੂਰ ਵੋਹ ॥
[ਨਗਮਾਇ ਇਰਫ਼ਨ ਪੰਨਾ 6]

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

اَللّٰهُ لَآ اِلٰهَ اِلَّا هُوَ الْحَيُّ الْقَيُّوْمُ ۚ

**ਅਰਥਾਤ** :—ਸਾਜਨਹਾਰ ਪ੍ਰਭੂ ਤੋਂ ਛੁੱਟ ਕੋਈ ਹੋਰ ਵਿਅਕਤੀ ਪੂਜਾ ਦੇ ਯੋਗ ਨਹੀਂ ਹੈ। ਊਹੋ ਹੀ ਸਦਾ ਸਲਾਮਤਿ ਤੇ ਅਵਿਨਾਸ਼ੀ ਹੈ। ਉਸ ਵਿਚ ਕੋਈ ਵਾਧ-ਘਾਟ ਜਹੇ ਵਟਾਉ-ਸਟਾਉ ਨਹੀਂ ਆ ਸਕਦਾ।

ਇਸਲਾਮ ਨੇ ਪ੍ਰਭੂ ਨੂੰ ਅਗੰਮ ਅਗੋਚਰ, ਅਰੂਪ ਤੇ ਰੂਪ ਰੇਖਾ ਤੋਂ ਸਦਾ ਸਲਾਮਤਿ ਤੇ ਨਿਰਲੇਪ ਮੰਨਿਆ ਹੈ। ਇਸ ਦਾ ਭਾਵ ਏਹੋ ਹੀ ਹੈ ਕਿ ਉਸ ਦੀ ਹਦਬੰਦੀ ਦੇ ਪ੍ਰਭਾਵ ਤੋਂ ਉੱਚਾ ਹੈ। ਉਹ ਨਾ ਕਦੇ ਬਾਲਕ ਹੁੰਦਾ ਨਾ ਬੁਢਾ, ਸਦਾ ਹੀ ਇੱਕੋ ਵੇਸ ਹੈ ਤੇ ਹਰੇਕ ਕਿਸਮ ਦੀ ਊਣਤਾਈ ਤੇ ਹੈ। ਉਸ ਤੇ ਕਦੇ ਵੀ ਮੌਤ ਨਹੀਂ ਆ ਸਕਦੀ। ਉਹ ਸਦਾ ਹੀ ਅਕਾਲ ਤੇ ਅਬਿਨਾਸ਼ੀ ਹੈ।

ਕੁਰਾਨਸ਼ਰੀਫ਼ ਵਿਚ ਵਰਣਨ ਹੈ ਕਿ:—

فَسُبْحٰنَ الَّذِيْ بِيَدِهٖ مَلَكُوْتُ كُلِّ شَيْءٍ وَّ
اِلَيْهِ تُرْجَعُوْنَ ۝

ਅਰਥਾਤ ਉਹ ਹਰੇਕ ਕਿਸਮ ਦੀ ਊਣਤਾਈ ਤੋਂ ਪਾਕ ਹੈ। ਹਰੇਕ ਚੀਜ਼ ਦਾ ਉਹੋ ਇੱਕੋਇਕ ਹੀ ਮਾਲਕ ਹੈ। ਸਾਰਿਆਂ ਨੇ ਹੀ ਉਸੇ ਦੀ ਹਜ਼ੂਰੀ ਪਰਤ ਕੇ ਜਾਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ:—

ਨਾ ਓਹੁ ਬਢੈ ਨ ਘਟਤਾ ਜਾਇ ।
ਅਕੁਲ ਨਿਰੰਜਨ ਏਕੈ ਭਾਇ ॥
[ਗਉੜੀ, ਕਬੀਰ, ਪੰਨਾ 343

Digitized by Panjab Digital Library | www.panjabdigilib.org

ਇਸ ਤੋਂ ਵੀ ਏਹੋ ਵਿਦਤ ਹੁੰਦਾ ਹੈ ਕਿ ਸਾਜਨਹਾਰ ਪ੍ਰਭੂ ਵਧਣ-ਘਟਣ ਤੋਂ ਉੱਚਾ ਹੈ ਤੇ ਸਦਾ "ਏਕੈ ਭਾਇ" ਅਰਥਾਤ ਇਕਸਾਰ ਹੈ।

(7) ਗੁਰੂ ਜੀ ਨੇ ਆਪਣੇ ਮੂਲ ਮੰਤਰ ਵਿਚ ਪ੍ਰਭੂ ਬਾਰੇ ਸੱਤਵੀਂ ਗੱਲ ਇਹ ਦੱਸੀ ਹੈ ਕਿ ਉਹ ਅਜੂਨੀ ਹੈ; ਅਤੇ ਉਹ ਕਿਸੇ ਪਾੜੂ ਜਾਨਵਰ, ਪਸ਼ੂ, ਪੰਛੀ ਜਾਂ ਮਨੁੱਖ ਦੇ ਰੂਪ ਵਿਚ ਜਨਮ ਧਾਰਨ ਨਹੀਂ ਕਰਦਾ। ਇਸ ਗੱਲ ਨੂੰ ਪਰਗਟ ਕਰਨ ਲਈ ਗੁਰੂ ਜੀ ਨੇ ਫ਼ਰਮਾਇਆ ਹੈ :—

ਅਜੂਨੀ

**ਅਰਥਾਤ**—ਉਹ ਕਿਸੇ ਵੀ ਜੂਨ ਵਿਚ ਨਹੀਂ ਆਂਉਂਦਾ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ਼ ਨੇ ਆਪ ਹੀ ਅਜੂਨੀ ਦੀ ਵਿਆਖਿਆ ਕਰਦਿਆਂ ਇਹ ਫ਼ਰਮਾਇਆ ਹੈ ਕਿ—

ਅਲਖ ਅਪਾਰ ਅਗੰਮ ਅਗੋਚਰਿ ਨ ਤਿਸੁ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨ ਤਿਸੁ ਕਾਮੁ ਨ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ।

[ਸੋਰਠ ਮ: 1, ਪੰਨਾ 597

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਏਕਮ ਏਕੰਕਾਰ ਨਿਰਾਲਾ।
ਅਮਰੁ ਅਜੋਨੀ ਜਾਤਿ ਨ ਜਾਲਾ।
ਅਗਮ ਅਗੋਚਰ ਰੂਪੁ ਨ ਰੇਖਿਆ।
ਖੋਜਤ ਖੋਜਤ ਘਟਿ ਘਟਿ ਦੇਖਿਆ।

[ਬਿਲਾਵਲ ਮ: 1, ਪੰਨਾ 838

**ਅਰਥਾਤ**—ਇਕੋ ਇਕ ਪ੍ਰਭੂ ਨਿਰਾਲਾ ਹੈ। ਉਸ ਜੇਹਾ ਕੋਈ ਹੋਰ ਨਹੀਂ ਹੈ। ਉਹ ਕਿਸੇ ਜੂਨ ਵਿਚ ਨਹੀਂ ਆਉਂਦਾ ਤੇ ਮੌਤ-ਰਹਿਤ ਹੈ। ਉਸਦਾ ਕੋਈ ਧੀ-ਪੁੱਤਰ ਜਾਂ ਮਾਤਾ-ਪਿਤਾ ਆਦਿ ਕੋਈ ਸਾਕ-ਸੰਬੰਧੀ ਨਹੀਂ ਹੈ। ਕੋਈ ਉਸ ਤਕ ਪਹੁੰਚ ਨਹੀਂ ਸਕਦਾ। ਜਦੋਂ ਉਸਦੀ ਢੂੰਡ ਕੀਤੀ ਗਈ, ਤਾਂ ਪਤਾ ਲੱਗਾ ਕਿ ਉਹ ਤਾਂ ਘਟ ਘਟ ਵਿਚ ਸਮਾਇਆ ਹੋਇਆ ਹੈ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਦੇ ਅਜੂਨੀ ਹੋਣ ਬਾਰੇ ਇਹ ਕਿਹਾ ਗਿਆ ਹੈ ਕਿ–

ਤੂ ਪਾਰ ਬ੍ਰਹਮ ਪਰਮੇਸਰੁ ਜੋਨਿ ਨ ਆਵਹੀ।
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ।
ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ।
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ।

[ਮਾਰੂ ਮ: 5, ਪੰਨਾ 109

**ਅਰਥਾਤ**—ਹੇ ਪ੍ਰਭੂ ਤੂੰ ਕਿਸੇ ਵੀ ਜੂਨ ਵਿਚ ਨਹੀਂ ਆਉਂਦਾ; ਤੂੰ ਸਭ ਕੁਝ ਆਪਣੇ ਹੁਕਮ ਦੁਆਰਾ ਹੋਂਦ ਵਿਚ ਲਿਆਉਂਦਾ ਹੈਂ ਤੇ ਫੇਰ ਆਪਣੇ ਹੁਕਮ ਦੁਆਰਾ ਹੀ ਉਸਨੂੰ ਸਮੇਟ ਲੈਂਦਾ ਹੈਂ। ਤੂੰ ਸਾਰਿਆਂ ਵਿਚ ਆਮ ਵਰਤ ਰਿਹਾ ਹੈਂ ਅਤੇ ਆਪਣੀ ਕੁਦਰਤ ਦੁਆਰਾ ਹੀ ਦਿਸਦਾ ਹੈਂ। ਤੇਰਾ ਰੂਪ ਮਨੁੱਖੀ ਬੁਧੀ ਵਿਚ ਨਹੀਂ ਆ ਸਕਦਾ।

ਦਸਮ ਗਰੰਥ ਵਿਚ ਵਰਣਨ ਹੈ ਕਿ :—

ਜੋ ਨ ਜਗਤ ਮੇ ਕਬਹੂੰ ਆਯਾ।
ਯਾ ਤੇ ਸਭੋ ਅਜੋਨ ਕਹਾਯਾ ॥

[ਦਸਮ ਗਰੰਥ, ਪੰਨਾ 142

**ਅਰਥਾਤ**—ਸਾਜਨਹਾਰ ਪ੍ਰਭੂ ਕਦੇ ਵੀ ਕਿਸੇ ਜੂਨ ਵਿਚ ਨਹੀਂ ਆਉਂਦਾ, ਇਸੇ ਕਰਕੇ ਹੀ ਉਸਨੂੰ ਅਜੂਨੀ ਕਹਿੰਦੇ ਹਨ।

ਸਿਖ ਵਿਦਵਾਨਾਂ ਨੇ "ਅਜੂਨੀ" ਦਾ ਅਰਥ ਜਨਮ-ਧਾਰਨ ਕਰਨ ਤੋਂ ਰਹਿਤ ਹੀ ਵਰਣਨ ਕੀਤਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅਜੂਨੀ ਬਾਰੇ ਇਹ ਵਰਣਨ ਹੈ ਕਿ—

ਅਮੋਘ ਦਰਸਨ "ਅਜੂਨੀ" ਸੰਭਉ।

[ਮਾਰੂ ਮ: 5, ਪੰਨਾ 1082

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਅਬਿਨਾਸੀ ਅਚਲੁ ਅਜੋਨੀ "ਸੰਭਉ" ਪੁਰਖੋਤਮੁ ਅਪਾਰ ਪਰੇ
ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧਾਇਉ।

[ਸਵਈਏ ਮ: 4, ਪੰਨਾ 1405

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਪ੍ਰਭੂ ਦਾ ਸਰੂਪ ਵਰਣਨ ਕਰਦਿਆਂ ਇਹ ਕਿਹਾ ਗਿਆ ਹੈ ਕਿ—

لَمْ يَلِدْ وَلَمْ يُوْلَدْ ○

**ਅਰਥਾਤ**—ਨਾ ਤਾਂ ਪ੍ਰਭੂ ਨੂੰ ਕਿਸੇ ਨੇ ਜਣਿਆ ਹੈ ਤੇ ਨਾ ਉਸਨੇ ਹੀ ਕਿਸੇ ਨੂੰ ਜਣਿਆ ਹੈ। ਉਹ ਪ੍ਰਭੂ ਧੀਆਂ-ਪੁੱਤਾਂ ਤੇ ਮਾਤਾ-ਪਿਤਾ ਤੋਂ ਰਹਿਤ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਸੰਕਟ ਨਹੀ ਪਰੇ ਜੋਨਿ ਨਹੀ ਆਵੈ ਨਾਮ ਨਿਰੰਜਨ ਜਾ ਕੋਰੇ।
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।

[ਗਉੜੀ, ਕਬੀਰ, ਪੰਨਾ 339

**ਅਰਥਾਤ**—ਪ੍ਰਭੂ ਕਿਸੇ ਸੰਕਟ ਵਿਚ ਨਹੀਂ ਪੈਂਦਾ ਤੇ ਨਾ ਕਿਸੇ ਜੂਨ ਵਿਚ ਹੀ ਆਉਂਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਮੇਰਾ ਪ੍ਰਭੂ ਮਾਤਾ-ਪਿਤਾ ਤੋਂ ਰਹਿਤ ਹੈ, ਅਰਥਾਤ ਉਹ "ਲਮ ਯਲਿਦ ਵਲਮ ਯੂਲਦ" ਹੈ।

ਇਕ ਸਿੱਖ ਵਿਦਵਾਨ ਨੇ ਮੂਲ ਮੰਤਰ ਵਿਚ ਵਰਤੇ ਗਏ ਅਜੂਨੀ ਪਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ—

"ਸ੍ਰੀ ਹਜ਼ੂਰ ਦੀ ਅਜੂਨੀ ਆਖਨ ਦਾ ਭਾਵ ਇਹ ਭੀ ਹੈ ਕਿ ਨਿਰੰਕਾਰ ਮਾਂ ਦੇ ਪੇਟ ਵਿਚ ਨਹੀਂ ਆਉਂਦਾ ਤੇ ਇਹ ਅਵਤਾਰਾਂ ਵਾਲਾ ਸਿਲਸਿਲਾ ਸਭ ਕਲਪਤ ਹੈ। ਉਹ ਸਦਾ ਪਵਿਤਰ ਤੇ ਨਿਰਬੰਧ ਹੈ ।.........ਵਾਹਿਗੁਰੂ ਇਹਨਾਂ ਕਲੇਸ਼ਾਂ ਤੋਂ ਪਰੇ ਹੈ ਤੇ ਅਜੂਨੀ ਹੈ।"

[ਪ੍ਰਤਖਯ ਦਰਸ਼ਨ ਪੰਨਾ 44

(8) ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਮੂਲ ਮੰਤਰ ਵਿਚ ਪ੍ਰਭੂ ਬਾਰੇ ਅੱਠਵੀਂ ਗੱਲ ਇਹ ਵਰਣਨ ਕੀਤੀ ਹੈ ਕਿ ਉਹ ਆਪਣੇ ਆਪ ਤੋਂ ਹੈ, ਅਰਥਾਤ ਉਸਨੂੰ ਕਿਸੇ ਹੋਰ ਨੇ ਨਹੀਂ ਸਾਜਿਆ। ਗੁਰੂ ਜੀ ਫਰਮਾਉਂਦੇ ਹਨ ਕਿ :

ਸੈਭੰ

ਇਸ ਦੇ ਅਰਥ ਸਿੱਖ ਵਿਦਵਾਨਾਂ ਨੇ ਇਹ ਕੀਤੇ ਹਨ ਕਿ ਜੋ ਕਿਸੇ ਦੂਜੇ ਰਾਹੀਂ ਹੋਂਦ ਵਿਚ ਨਾ ਆਇਆ ਹੋਵੇ; ਸਗੋਂ ਆਪਣੇ ਆਪ ਤੋਂ ਹੀ ਹੋਵੇ।

Digitized by Panjab Digital Library | www.panjabdigilib.org

ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰ ਵਦਗਾਰੋ ।
ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ।

[ਵਡ ਹੰਸ ਮ: 1, ਪੰਨਾ 580

**ਅਰਥਾਤ**—ਸਾਡਾ ਸੱਚਾ ਪ੍ਰਭੂ ਤੇ ਪਾਲਨਹਾਰ ਆਪਣੇ ਆਪ ਤੋਂ ਹੀ ਹੈ। ਉਸ ਸੱਚੇ ਅਲਖ ਅਪਾਰ ਨੂੰ ਕਿਸੇ ਨਹੀਂ ਸਾਜਿਆ ।

ਇਕ ਹੋਰ ਥਾਂ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਬਾਰੇ ਆਪ ਹੀ ਇਹ ਫ਼ਰਮਾਇਆ ਹੈ ਕਿ--

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ।
ਕਰਿ ਆਸਣੁ ਜਿਠੋ ਚਾਉ ।

[ਵਾਰ ਆਸਾ, ਪ: 1, ਪੰਨਾ 463

**ਅਰਥਾਤ**—ਹੇ ਪ੍ਰਭੂ ਤੂੰ ਆਪਣੇ ਆਪ ਤੋਂ ਹੀ ਹੈਂ । ਕਿਸੇ ਦੂਜੇ ਰਾਹੀਂ ਤੂੰ ਹੋਂਦ ਵਿਚ ਨਹੀਂ ਆਇਆ ਅਤੇ ਆਪ ਹੀ ਤੂੰ ਨਾਵਾਂ ਨੂੰ ਵੀ ਹੋਂਦ ਵਿਚ ਆਂਦਾ ਹੈ। ਦੂਜੀ ਤੂੰ ਆਪਣੀ ਕੁਦਰਤ ਸਾਜੀ ਹੈ ਅਤੇ ਉਸ ਵਿਚ ਬੈਠਕੇ ਤੂੰ ਖੁਸ਼ੀ ਨਾਲ ਵੇਖਦਾ ਹੈਂ । ਤੂੰ ਆਪ ਹੀ ਦਾਤਾਰ ਤੇ ਸਾਜਨਹਾਰ ਹੈਂ ਅਤੇ ਆਪ ਹੀ ਪ੍ਰਸੰਨ ਹੋ ਕੇ ਜੋ ਚਾਹੁੰਦਾ ਹੈਂ, ਦਿੰਦਾ ਹੈਂ ਤੇ ਕਿਰਪਾਲਤਾ ਕਰਦਾ ਹੈਂ। ਤੂੰ ਸਾਰਿਆਂ ਦਾ ਹੀ ਜਾਣਨਹਾਰ ਹੈਂ । ਇਕ ਅੱਖਰ ਨਾਲ ਹੀ ਜਿੰਦ ਦੀ ਸਾਜਨਾ ਕਰਦਾ ਹੈਂ ਤੇ ਇਕ ਅੱਖਰ ਨਾਲ ਹੀ ਮੁੜ ਜਿੰਦ ਨੂੰ ਲੈ ਲੈਂਦਾ ਹੈ। ਹਰੇਕ ਦੇ ਅੰਦਰ ਵਸ ਕੇ ਤੂੰ ਆਪਣੀ ਰਚਨਾ ਨੂੰ ਖੁਸ਼ੀ ਨਾਲ ਵੇਖਦਾ ਹੈਂ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ–

ਥਾਪਿਆ ਨ ਜਾਇ ਕੀਤਾ ਨ ਹੋਇ ।
ਆਪੇ ਆਪਿ ਨਿਰੰਜਨ ਸੋਇ ।

(ਜਪੁਜੀ, ਪੰਨਾ 2

Digitized by Panjab Digital Library | www.panjabdigilib.org

**ਅਰਥਾਤ**—ਸਾਜਨਹਾਰ ਪ੍ਰਭੂ ਕਿਸੇ ਦੂਜੇ ਰਾਹੀਂ ਹੋਂਦ ਵਿਚ ਨਹੀਂ ਆਇਆ। ਉਹ ਨਿਰੰਜਨ ਆਪਣੇ ਆਪ ਤੋਂ ਹੀ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

وَهُوَ الَّذِیْ خَلَقَ السَّمٰوٰتِ وَالْاَرْضَ بِالْحَقِّ ۖ
وَيَوْمَ يَقُوْلُ كُنْ فَيَكُوْنُ ۚ

**ਅਰਥਾਤ**—(ਸਾਜਨਹਾਰ ਪ੍ਰਭੂ) ਉਹੋ ਹੀ ਹੈ ਜਿਸਨੇ ਸਾਰੇ ਆਕਾਸ਼ ਤੇ ਪਾਤਾਲ ਸੱਚਾਈ ਤੇ ਯੁਕਤੀ ਦੁਆਰਾ ਸਾਜੇ ਹਨ। ਜਿਸ ਦਿਨ ਉਹ ਕਹਿੰਦਾ ਹੈ ਕਿ (ਮੇਰੀ ਇੱਛਾ ਅਨੁਸਾਰ) ਹੋ ਜਾਏ, ਤਾਂ (ਉਸੇ ਤਰ੍ਹਾਂ ਹੀ) ਹੋ ਜਾਂਦਾ ਹੈ।

ਕੁਰਾਨ ਸ਼ਰੀਫ਼ ਵਿਚ ਆਦਿ—ਅੰਤ ਰਹਿਤ (ਅਨਾਦੀ) ਸਾਜਨਹਾਰ ਪ੍ਰਭੂ ਨੂੰ ਹੀ ਮੰਨਿਆ ਗਿਆ ਹੈ। ਉਸਦੇ ਨਾਲ ਕਿਸੇ ਹੋਰ ਚੀਜ਼ ਨੂੰ ਅਨਾਦੀ ਨਹੀਂ ਪਰਗਟ ਕੀਤਾ ਗਿਆ। ਇਸਦਾ ਭਾਵ ਏਹੋ ਹੈ ਕਿ ਉਹੋ ਹੀ ਸਭ ਦਾ ਆਦਿ ਤੇ ਆਦਿ ਅੰਤ ਹੈ, ਜਿਹਾ ਕਿ ਵਰਣਨ ਹੈ ਕਿ—

هُوَ الْاَوَّلُ وَالْاٰخِرُ ـــــ هُوَ الَّذِیْ خَلَقَ
السَّمٰوٰتِ وَالْاَرْضَ

**ਅਰਥਾਤ**—ਸਭ ਦਾ ਆਦਿ ਤੇ ਅੰਤ ਪ੍ਰਭੂ ਹੀ ਹੈ, ਉਸੇ ਨੇ ਹੀ ਸਾਰੇ ਅਕਾਸ਼ਾਂ ਤੇ ਪਾਤਾਲਾਂ ਦੀ ਰਚਨਾ ਰਚਾਈ ਹੈ। ਪ੍ਰਭੂ ਸਭ ਦਾ ਰਚਨਹਾਰ ਹੈ, ਪਰ ਉਸਦਾ ਰਚਨਾਹਾਰ ਕੋਈ ਨਹੀਂ ਹੈ, ਉਹ ਆਪਣੇ ਆਪ ਤੋਂ ਹੈ ਤੇ ਸਭ ਦਾ ਆਦਿ ਤੇ ਅੰਤ ਉਸੇ ਰਾਹੀਂ ਹੀ ਹੋਇਆ ਹੈ। ਇਸੇ ਕਰਕੇ ਹੀ ਉਸਨੂੰ ਅਨਾਦੀ (ਆਦਿ-ਅੰਤ ਰਹਿਤ) ਆਖਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਪ੍ਰਭੂ ਨੂੰ ਸਭ ਦਾ ਆਦਿ ਤੇ ਅੰਤ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

ਆਦਿ ਅੰਤ ਪ੍ਰਭ ਅਗਮ ਅਗਾਹੀ।

[ਮਾਰੂ, ਮ: 5, ਪੰਨਾ 1005

**ਅਰਥਾਤ**—ਸਾਰੇ ਜੀਅ-ਜੰਤ ਦਾ ਆਦਿ-ਅੰਤ ਸਾਜਨਹਾਰ ਪ੍ਰਭੂ ਹੀ ਹੈ।

Digitized by Panjab Digital Library | www.panjabdigilib.org

(9) ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਮੂਲ ਮੰਤਰ ਦੇ ਅੰਤ ਵਿਚ ਇਹ ਵਰਣਨ ਕੀਤਾ ਹੈ ਕਿ—

ਗੁਰ ਪ੍ਰਸਾਦਿ ॥

ਪ੍ਰਸਿਧ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ (ਪਰਲੋਕ ਵਾਸੀ) ਨੇ "ਗੁਰ ਪ੍ਰਸਾਦਿ" ਨੂੰ "ਬਫ਼ਜ਼ਲਿ ਅਕਾਲ" (ਮੌਤ ਰਹਿਤ ਪ੍ਰਭੂ ਦੀ ਕਿਰਪਾ ਨਾਲ) ਅਤੇ "ਤ੍ਵ ਪ੍ਰਸਾਦਿ" ਦੇ ਭਾਵ-ਅਰਥ ਵਾਲਾ ਪਰਗਟ ਕੀਤਾ ਹੈ । ਇਸ ਲਿਹਾਜ਼ ਨਾਲ ਇਸਦੇ ਇਹ ਅਰਥ ਹੋਣਗੇ ਕਿ ਉਹ ਸਾਜਨਹਾਰ ਪ੍ਰਭੂ ਜਿਸਦੇ ਗੁਣ ਇਕ ਓਅੰਕਾਰ ਤੋਂ ਲੈ ਕੇ ਸੈਭੰ ਤਕ ਵਰਣਨ ਕੀਤੇ ਗਏ ਹਨ, ਮੈਂ ਉਸਦਾ ਨਾਂ ਲੈ ਕੇ ਤੇ ਉਸਦੀ ਕਿਰਪਾ ਨਾਲ ਅਰੰਭ ਕਰਦਾ ਹਾਂ । ਜੇ ਉਹ ਪ੍ਰਭੂ ਜਿਸਦਾ ਸਰੂਪ ਇਕ ਓਅੰਕਾਰ ਤੋਂ ਲੈ ਕੇ ਸੈਭੰ ਤਕ ਵਰਣਨ ਕੀਤਾ ਗਿਆ ਹੈ, ਆਪਣੀ ਕਿਰਪਾ ਨਾਲ ਹੀ ਮਨੁੱਖ ਤੇ ਪਰਗਟ ਹੁੰਦਾ ਹੈ । ਕੋਈ ਵੀ ਪ੍ਰਾਣੀ ਆਪਣੇ ਘੁਮੰਡ ਜਾਂ ਫੋਕੇ ਤਪੋ-ਬਨ ਨਾਲ ਉਸਨੂੰ ਪ੍ਰਾਪਤ ਨਹੀਂ ਹੋ ਸਕਦਾ ।[1]

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਲਿਖਿਆ ਮਿਲਦਾ ਹੈ ਕਿ—

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ।
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ।
ਤੁਝ ਬਿਨੁ ਦੂਜਾ ਅਵਰੁ ਨ ਕੋਈ ।
ਸਭ ਤੇਰਾ ਖੇਲੁ ਅਖਾੜਾ ਜੀਉ ।

[ਮਾਝ ਮ: 5, ਪੰਨਾ 103

---

1. ਚੇਤੇ ਰਹੇ ਕਿ ਕਈ ਸਿਖ ਵਿਦਵਾਨਾਂ ਦੇ ਵਿਚਾਰ ਅਨੁਸਾਰ "ਗੁਰ ਪ੍ਰਸਾਦਿ" ਦੇ ਇਹ ਅਰਥ ਹਨ ਕਿ ਉਹ ਪ੍ਰਭੂ ਜਿਸਦਾ ਮੂਲ ਮੰਤਰ ਵਿਚ ਵਰਣਨ ਕੀਤਾ ਗਿਆ ਹੈ, ਗੁਰੂ ਦੀ ਕਿਰਪਾ ਨਾਲ ਹੀ ਮਿਲ ਸਕਦਾ ਹੈ ।

(ਵੇਖੋ ਗੁਰੂ ਨਾਨਕ ਪ੍ਰਕਾਸ਼ ਬਾਣੀ, ਭਾਗ 1, ਪੰਨਾ 1 ਤੇ 2, ਗੁਰੂ ਨਾਨਕ ਦਰਸ਼ਨ, ਪੰਨਾ 1)

ਇਸੇ ਤਰ੍ਹਾਂ ਸੰਤ ਸੂਰਜ ਸਿੰਘ ਜੀ ਨੇ ਆਪਣੇ ਜਪੁਜੀ ਸਟੀਕ ਵਿਚ ਗੁਰ ਪ੍ਰਸਾਦਿ ਦੇ ਅਰਥ "ਸਭ ਤੋਂ ਵੱਡਾ ਅਨੰਦ ਸਰੂਪ" ਕੀਤੇ ਹਨ ।

(ਵੇਖੋ ਜਪੁਜੀ ਸਟੀਕ, ਪੰਨਾ 12)

Digitized by Panjab Digital Library | www.panjabdigilib.org

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਤੁਮਰੀ ਕ੍ਰਿਪਾ ਤੇ ਜਪੀਐ ਨਾਉ ।
ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥

[ਗਉੜੀ, ਮ: 5, ਪੰਨਾ 192

**ਅਰਥਾਤ**—ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ ਤੇਰੀ ਪਛਾਣ ਹੋ ਸਕਦੀ ਹੈ ਤੇ ਤੇਰੀ ਕਿਰਪਾ ਨਾਲ ਹੀ ਤੇਰੀ ਉਪਾਸਨਾ ਕੀਤੀ ਜਾ ਸਕਦੀ ਹੈ । ਇਸੇ ਤਰ੍ਹਾਂ ਤੇਰੇ ਦਰਬਾਰ ਵਿਚ ਆਦਰ ਤੇ ਸਤਿਕਾਰ ਦਾ ਅਸਥਾਨ ਵੀ ਤੇਰੀ ਕਿਰਪਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ।

ਇਸੇ ਹੀ ਅਧਾਰ ਤੇ ਕੁਰਾਨ ਸਰੀਫ਼ ਵਿਚ ਅਰਦਾਸ ਸਿਖਾਈ ਗਈ ਹੈ ਕਿ—

إِيَّاكَ نَعْبُدُ وَإِيَّاكَ نَسْتَعِينُ ۝

**ਅਰਥਾਤ**—ਹੇ ਪ੍ਰਭੂ ! ਅਸੀਂ ਤੇਰੀ ਬੰਦਗੀ ਕਰਨ ਲਈ ਤੇਰੇ ਪਾਸੋਂ ਹੀ ਸਹਾਇਤਾ ਮੰਗਦੇ ਹਾਂ, ਕਿਉਂਕਿ ਤੇਰੀ ਸਹਾਇਤਾ ਤੋਂ ਬਿਨਾਂ ਕੋਈ ਵੀ ਪ੍ਰਾਣੀ ਆਪਣੇ ਨਿਜ ਬਲ ਨਾਲ ਤੇਰੀ ਬੰਦਗੀ ਨਹੀਂ ਕਰ ਸਕਦਾ ਤੇ ਨਾ ਤੇਰੀ ਕਿਰਪਾ ਦਾ ਹੀ ਪਾਤਰ ਬਣ ਸਕਦਾ ਹੈ ।

## ਅੱਲਾਹ

ਇਸਲਾਮ ਧਰਮ ਨੇ ਇਸ ਸਾਰੇ ਵਿਸ਼ਵ ਦਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦਾ ਖਾਸ ਨਾਂ 'ਅੱਲਾਹ ਵਰਣਨ ਕੀਤਾ ਹੈ । ਇਸਦਾ ਇਹ ਅਰਥ ਹੈ ਕਿ ਉਹ ਪਰੀਪੂਰਣ ਵਿਅਕਤੀ ਜਿਸ ਵਿਚ ਸਾਰੇ ਹੀ ਸ਼ੁਭ ਗੁਣ ਹਨ ਤੇ ਕੋਈ ਵੀ ਊਣਤਾਈ ਨਹੀਂ ਹੈ । ਕੁਰਾਨ ਸ਼ਰੀਫ਼ ਦੀ ਅਰੰਭਕ ਆਇਤ ਇਹ ਹੈ ਕਿ--

بِسْمِ اللّٰهِ الرَّحْمٰنِ الرَّحِيْمِ ۝

**ਅਰਥਾਤ**—(ਮੈਂ) ਅਤਿ ਕਿਰਪਾਲੂ ਤੇ ਦਿਆਲੂ "ਅੱਲਾਹ" ਦਾ ਨਾਂ ਲੈ ਕੇ (ਅਰੰਭ ਕਰਦਾ) ਹਾਂ ।

ਕੁਰਾਨ ਸ਼ਰੀਫ਼ ਵਿਚ ਇਕ ਹੋਰ ਥਾਂ ਇਹ "ਅੱਲਾਹ" ਬਾਰੇ ਇਹ ਕਿਹਾ ਗਿਆ ਹੈ ਕਿ—

Digitized by Panjab Digital Library | www.panjabdigilib.org

وَلِلّٰهِ الْاَسْمَآءُ الْحُسْنٰى فَادْعُوْهُ بِهَا

**ਅਰਥਾਤ**—ਅੱਲਾਹ ਦੇ ਸਾਰੇ ਗੁਣ ਚੰਗੇ ਹਨ । ਸੋ ਤੁਸੀਂ ਉਸਨੂੰ ਉਹਨਾਂ ਦੁਆਰਾ ਸਿਮਰਦੇ ਰਹੋ ।

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵੀ ਕਿਹਾ ਗਿਆ ਹੈ ਕਿ—

هُوَ اللّٰهُ الَّذِىْ لَا اِلٰهَ اِلَّا هُوَ

ذٰلِكُمُ اللّٰهُ رَبُّكُمْ ۚ لَا اِلٰهَ اِلَّا هُوَ ۚ

**ਅਰਥਾਤ**—"ਅੱਲਾਹ" ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ ਹੈ । ਉਸੇ ਨੇ ਹੀ ਸਭ ਦੀ ਸਾਜਨਾ ਕੀਤੀ ਹੈ ਤੇ ਉਹੋ ਹੀ ਸਾਜਨਹਾਰ ਤੇ ਪਾਲਨਹਾਰ ਹੈ । ਉਸ ਤੋਂ ਛੁੱਟ ਹੋਰ ਕੋਈ ਵੀ ਸਾਜਨਹਾਰ ਤੇ ਪਾਲਨਹਾਰ ਨਹੀਂ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਕਈ ਥਾਈਂ ਸਾਜਨਹਾਰ ਪ੍ਰਭੂ ਦਾ ਖਾਸ ਨਾਂ "ਅੱਲਾਹ" ਵਰਣਨ ਕੀਤਾ ਹੈ, ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਨਾਉ ਖੁਦਾਈ "ਅਲਹੁ" ਭਇਆ ।

[ਵਾਰ ਆਸਾ, ਸ: ਮ: 1, ਪੰਨਾ 470

**ਅਰਥਾਤ**—ਹੁਣ ਸਾਜਨਹਾਰ ਪ੍ਰਭੂ ਦਾ ਨਾਂ "ਅੱਲਾਹ" ਪ੍ਰਸਿਧ ਹੋ ਗਿਆ ਹੈ । ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਆਦਿ ਪੁਰਖ ਕਉ "ਅਲਹੁ" ਕਹੀਐ
ਸੇਖਾ ਆਈ ਵਾਰੀ ॥

[ਬਸੰਤ ਮ: 1, ਪੰਨਾ 1191

**ਅਰਥਾਤ**—ਆਦਿ ਪੁਰਖ ਪ੍ਰਭੂ ਨੂੰ "ਅੱਲਾਹ" ਕਿਹਾ ਜਾਂਦਾ ਹੈ, ਕਿਉਂਕਿ ਹੁਣ ਸ਼ੇਖਾਂ (ਮੁਸਲਮਾਨਾਂ) ਦੀ ਵਾਰੀ ਆ ਗਈ ਹੈ ।

ਸ੍ਰੀ ਗੁਰੂ ਜੀ ਨੇ ਆਪਣੀ ਪਵਿਤਰ ਬਾਣੀ ਵਿਚ ਹੋਰ ਵੀ ਕਈ ਥਾਈਂ

Digitized by Panjab Digital Library | www.panjabdigilib.org

ਸਾਜਨਹਾਰ ਤੇ ਆਦਿ-ਅੰਤ ਰਹਿਤ (ਅਨਾਦੀ) ਪ੍ਰਭੂ ਨੂੰ "ਅੱਲਾਹ" ਦੇ ਨਾਂ ਨਾਲ ਯਾਦ ਕੀਤਾ ਹੈ ਤੇ **ਇਸਦੇ ਅਰਥਾਂ** ਦੀ ਵਿਸ਼ਾਲਤਾ ਨੂੰ ਵੀ ਮੁਖ ਰਖਿਆ ਹੈ, ਜਿਹਾ ਕਿ ਇਕ ਥਾਂ ਆਪ ਨੇ ਫ਼ਰਮਾਇਆ ਹੈ ਕਿ—

"ਅਲਾਹੁ' "ਅਲਖੁ ਅਗੰਮੁ ਕਾਦਰ ਕਰਣਹਾਰੁ ਕਰੀਮੁ ।
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ।

[ਸਿਰੀ ਰਾਗ, ਮ: 1, ਪੰਨਾ 64

**ਅਰਥਾਤ**—"ਅੱਲਾਹ" ਅਲਖ ਹੈ, ਮਨੁਖ ਦੀ ਬੁਧੀ ਉਸਨੂੰ ਆਪਣੇ ਘੇਰੇ ਵਿਚ ਨਹੀਂ ਲੈ ਸਕਦੀ। ਉਹ ਅਗੰਮ ਹੈ, ਕੋਈ ਵੀ ਉਸ ਤਕ ਪਹੁੰਚ ਨਹੀਂ ਸਕਦਾ। ਉਹ ਕਾਦਰ ਤੇ ਕਰਣਹਾਰੁ ਵੀ ਹੈ ਤੇ ਕਰੀਮ ਵੀ ਹੈ। ਹੋਰ ਸਾਰੀ ਦੁਨੀਆਂ ਮਰਨ-ਜੀਵਨ ਰਾਹੀਂ ਆਉਂਦੀ ਜਾਂਦੀ ਰਹਿੰਦੀ ਹੈ, ਉਹ ਮਰਨ-ਜੀਵਨ ਤੋਂ ਉੱਚਾ ਹੈ, ਤੇ ਉਹ ਰਹੀਮ ਵੀ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ "ਅੱਲਾਹ" ਬਾਰੇ ਇਹ ਫ਼ਰਮਾਇਆ ਹੈ ਕਿ—

ਬਾਬਾ ਅਲਹੁ ਅਗਮ ਅਪਾਰੁ ।
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ।
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ।
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ।
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ।

[ਸਿਰੀ ਰਾਗ, ਮ: 1, ਪੰਨਾ 53

**ਅਰਥਾਤ**—ਹੇ ਭਾਈ "ਅੱਲਾਹ" ਤਕ ਕਿਸੇ ਦੀ ਪਹੁੰਚ ਨਹੀਂ । ਉਸਦਾ ਪਾਰਾਵਾਰ (ਆਦਿ-ਅੰਤ) ਹੀ ਨਹੀਂ ਹੈ । ਉਸਦੀ ਵਡਿਆਈ ਇਹ ਹੈ ਕਿ ਉਹ ਪਾਕ ਹੈ ਤੇ ਉਸਦਾ ਅਸਥਾਨ ਵੀ ਪਵਿੱਤਰ ਹੈ। ਉਹੋ ਹੀ ਸੱਚਾ ਪਾਲਨਹਾਰ ਹੈ। ਹੇ ਪ੍ਰਭੂ ! ਤੂੰ ਜਿੰਨਾ ਅਪਾਰ ਹੈਂ, ਉਸਦਾ ਅਨੁਮਾਨ ਹੀ ਨਹੀਂ ਲਾਇਆ ਜਾ ਸਕਦਾ ਕੋਈ ਇਸਨੂੰ ਲਿਖਕੇ ਦਸ ਨਹੀਂ ਸਕਦਾ। ਜੇ ਸੈਂਕੜੇ ਕਵੀ ਵੀ ਇਕੱਤਰ ਕੀਤੇ ਜਾਣ, ਤਾਂ ਖਪ ਖਪ ਕੇ ਵੀ ਤਿਲ ਦੇ ਬਰਾਬਰ ਉਸਦਾ ਵਰਣਨ ਨਹੀਂ ਕਰ

Digitized by Panjab Digital Library | www.panjabdigilib.org

ਸਕਦੇ। ਤੇਰੀ ਕੀਮਤ ਕਿਸੇ ਨੇ ਵੀ ਨਹੀਂ ਪਾਈ। ਜੋ ਕੁਝ ਵੀ ਕੋਈ ਖਬਰ ਦਸਦਾ ਹੈ, ਉਹ ਸੁਣੀ ਸੁਣਾਈ ਹੀ ਹੁੰਦੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਅਨੇਕ ਥਾਈਂ ਪ੍ਰਭੂ ਦਾ ਨਾਂ ਅੱਲਾਹ ਵਰਣਨ ਕੀਤਾ ਗਿਆ ਹੈ।

(ਵੇਖੋ ਪੰਨਾ 342, 430, 480, 483, 488, 723, 724, 727, 885, 896, 897, 1082, 1083, 1084, 1136, 1149, 1350, 1374, 1383 ਆਦਿ)।

ਦਸਮ ਗਰੰਥ ਵਿਚ ਵਰਣਨ ਹੈ :—

ਅਲਾਹ ਹੈਂ । ਅਜਾਹ ਹੈਂ ॥

[ਦਸਮ ਗਰੰਥ, ਪੰਨਾ 2

———

Digitized by Panjab Digital Library | www.panjabdigilib.org

# ਵਾਹਿਗੁਰੂ ਪਦ ਤੇ ਗੁਰੂ ਨਾਨਕ ਜੀ

ਇਥੇ ਇਹ ਵਰਣਨ ਕਰ ਦੇਣਾ ਵੀ ਅਯੋਗ ਨਹੀਂ ਹੋਵੇਗਾ ਕਿ ਵਰਤਮਾਨ ਸਮੇਂ ਦੇ ਸਿਖ ਆਮ ਤੌਰ ਤੇ "ਅੱਲਾਹ" ਲਈ "ਵਾਹਿਗੁਰੂ" ਪਦ ਦੀ ਵਰਤੋਂ ਕਰਦੇ ਹਨ ਅਤੇ ਇਸਨੂੰ ਪ੍ਰਭੂ ਦਾ ਖਾਸ ਨਾਂ ਪਰਗਟ ਕਰਦੇ ਹਨ; ਜਿਹਾ ਕਿ ਇਕ ਸਿਖ ਵਿਦਵਾਨ ਦਾ ਕਥਨ ਹੈ ਕਿ : |

> "ਵਾਹਿਗੁਰੂ—ਇਕ ਅਜੇਹਾ ਨਾਉਂ ਹੈ, ਜਿਹੜਾ ਸਿਖ ਖਾਸ ਅਹਿਮੀਅਤ, ਅਪਣਤ ਤੇ ਪਿਆਰ ਨਾਲ ਵਰਤਦੇ ਹਨ । ਜਿਵੇਂ ਮੁਸਲਮਾਨਾਂ ਲਈ ਅੱਲਾ, ਹਿੰਦੂਆਂ ਲਈ ਰਾਮ, ਹਰੀ, ਕ੍ਰਿਸ਼ਨ ਤੇ ਯਹੂਦੀਆਂ ਲਈ ਯਾਹੋਵਾ, ਤਿਵੇਂ ਸਿਖਾਂ ਲਈ ਵਾਹਿਗੁਰੂ ਸਮਝਿਆ ਜਾਂਦਾ ਹੈ ।"

[ਗੁਰਮਤਿ ਦਰਸ਼ਨ, ਪੰਨਾ 161

ਕਈ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ "ਅੱਲਾਹ" ਦਾ ਨਾਂ "ਵਾਹਿਗੁਰੂ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪ ਹੀ ਨੀਅਤ ਕੀਤਾ ਹੈ; ਜਿਹਾ ਕਿ ਲਿਖਿਆ ਹੈ ਕਿ—

> "ਵਾਹਿਗੁਰੂ ਸ਼ਬਦ ਗੁਰੂ ਨਾਨਕ ਜੀ ਨੇ ਰਚਕੇ ਉਚਾਰਿਆ ਤੇ ਚਾਲੂ ਕੀਤਾ ਹੈ ।"

[ਰਸਾਲਾ ਸੰਤ ਸਿਪਾਹੀ, ਅੰਮ੍ਰਿਤਸਰ, ਫਰਵਰੀ 1960

ਜੋ ਵਿਦਵਾਨ ਇਹ ਮੰਨਦੇ ਹਨ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ "ਅੱਲਾਹ" ਦਾ ਖਾਸ ਨਾਂ "ਵਾਹਿਗੁਰੂ" ਨੀਅਤ ਕੀਤਾ ਹੈ, ਉਹ ਇਹ ਵੀ ਦਸਦੇ ਹਨ ਕਿ ਇਸ ਵਿਚ ਸ੍ਰੀ ਗੁਰੂ ਜੀ ਨੇ ਫਾਰਸੀ ਤੇ ਸੰਸਕ੍ਰਿਤ ਦੋਹਾਂ ਬੋਲੀਆਂ ਨੂੰ



Digitized by Panjab Digital Library | www.panjabdigilib.org

ਇਕੱਤਰ ਕਰ ਦਿਤਾ ਹੈ। ਉਹਨਾਂ ਦੇ ਵਿਚਾਰ ਅਨੁਸਾਰ "ਵਾਹ" ਫ਼ਾਰਸੀ ਦਾ ਪਦ ਹੈ, ਜਿਸਦਾ ਅਰਥ ਅਸਚਰਜ ਹਨ। ਅਤੇ "ਗੁਰੂ" ਪਦ ਦਾ ਸੰਬੰਧ ਸੰਸਕ੍ਰਿਤ ਬੋਲੀ ਨਾਲ ਹੈ, ਜਿਸਦਾ ਭਾਵ ਹੈ ਪ੍ਰਕਾਸ਼ ਰੂਪ, ਜਿਹਾ ਕਿ ਇਕ ਸਿਖ ਵਿਦਵਾਨ ਜੀ ਲਿਖਦੇ ਹਨ ਕਿ—

"ਵਾਹਿਗੁਰੂ ਦੋ ਸ਼ਬਦ ਵਾਹਿ ਤੇ ਗੁਰੂ ਤੋਂ ਬਣਿਆ ਹੈ। ਵਾਹ ਅਰਬੀ ਦਾ ਸ਼ਬਦ ਹੈ। (ਅਰਬੀ ਦਾ ਨਹੀਂ ਫਾਰਸੀ ਦਾ ਹੈ।—ਲੇਖਕ) ਪ੍ਰਾਕ੍ਰਿਤਕ ਵਿਚ ਵੀ ਮਿਲਦਾ ਹੈ। ਜਿਸਦੇ ਅਰਥ ਹਨ—ਅਸਚਰਜ।........ਗੁਰੂ ਸਬਦ ਸੰਸਕ੍ਰਿਤ ਦਾ ਹੈ, ਜਿਸਦੇ ਅਰਥ ਹਨ—ਆਤਮਿਕ ਪ੍ਰਕਾਸ਼ ਦੇਣ ਵਾਲਾ।"

[“ਗੁਰਮਤਿ ਫਲਾਸਫੀ” ਪੰਨਾ 136—37

'ਵਾਹ', ਫਾਰਸੀ 'ਗੁਰੂ' ਸੰਸਕ੍ਰਿਤ ਦੋਹਾਂ ਬੋਲੀਆਂ ਨੂੰ ਇਕੱਠਾ ਕੀਤਾ ਗਿਆ।...........ਵਾਹ ਦੇ ਅਰਥ ਅਸਚਰਜ ਤੇ ਗੁਰੂ ਦਾ ਅਰਥ ਪ੍ਰਕਾਸ਼ ਰੂਪ।"

[ਸੰਤ ਸਿਪਾਹੀ, ਅਕਤੂਬਰ **1956**

ਪ੍ਰਸਿਧ ਸਿਖ ਵਿਦਵਾਨ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 49ਵੀਂ ਪੌੜੀ ਵਿਚ "ਵਾਹਿਗੁਰੂ" ਪਦ ਦੀ ਬਣਤਰ ਬਾਰੇ ਇਹ ਲਿਖਿਆ ਮਿਲਦਾ ਹੈ ਕਿ--

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਮ ਜਪਾਵੈ।
ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ।
ਤਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੈ ਸੁਖ ਪਾਵੈ!
ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਬਿੰਦ ਨਾਮੁ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ।
ਜਹਾਂ ਤੇ ਉਪਜਿਆ ਫਿਰਿ ਤਹਾ ਸਮਾਵੈ।

[ਵਾਰ **1**, ਪੌੜੀ **49**

ਭਾਈ ਗੁਰਦਾਸ ਜੀ ਦੀ ਇਸ ਵਾਰ ਵਿਚ "ਵਾਹਿਗੁਰੂ" ਪਦ ਦੀ ਬਣਤਰ ਇਹ ਦੱਸੀ ਗਈ ਹੈ ਕਿ "ਵਾ" ਵਿਸ਼ਨੂੰ ਤੋਂ, "ਹਹਾ" ਹਰੀ ਕ੍ਰਿਸ਼ਨ ਤੋਂ, "ਰਾਰਾ" ਰਾਮ ਜੀ ਤੋਂ ਤੇ "ਗਗਾ" ਗੋਬਿੰਦ ਦੇ ਨਾਂ ਤੋਂ ਲੈ ਕੇ ਬਣਾਇਆ ਗਿਆ ਹੈ, ਪਰ

Digitized by Panjab Digital Library | www.panjabdigilib.org

ਜੇ ਏਹਨਾਂ ਅੱਖਰਾਂ ਨੂੰ ਇਸ ਤਰਤੀਬ ਨਾਲ ਜੋ ਵਾਰ ਵਿਚ ਵਰਣਨ ਹੈ, ਇਕੱਤਰ ਕੀਤਾ ਜਾਏ, ਤਾਂ ਫਿਰ ਵਾਹਿਗੁਰੂ ਨਹੀਂ, "ਵਹਰਾਗ" ਬਣਦਾ ਹੈ।

ਇਕ ਸਿਖ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ—

"ਕਈਆਂ ਨੇ ਵਾਹਿਗੁਰੂ ਨਾਲ ਹਾਸੋਹੀਣੀ ਕੀਤੀ ਹੈ । ਵ ਦਾ ਅਰਥ ਵਿਸ਼ਨੂੰ, ਹ ਦਾ ਹਰੀ, ਗ ਦਾ ਗੋਬਿੰਦ ਤੇ ਰ ਰਾਮ ਬਣਾ ਦਿਤਾ ਹੈ।"

[ਸਾਡਾ ਇਤਿਹਾਸ, ਪੰਨਾ 37

ਇਕ ਪ੍ਰਸਿਧ ਸਿਖ ਵਿਦਵਾਨ ਜੀ ਨੇ ਇਸ ਬਾਰੇ ਇਹ ਲਿਖਿਆ ਹੈ ਕਿ—

"ਇਹ ਪਉੜੀ ਭਾਈ ਗੁਰਦਾਸ ਜੀ ਦੀ ਨਹੀਂ ਜਾਪਦੀ।......ਇਹ ਪੌੜੀ ਕਿਸੇ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਪਾਈ ਹੈ, ਜੋ ਉਹਨਾਂ ਦੇ ਨਾਮ ਵਿਚੋਂ 'ਗ' ਅੱਖਰ ਲਿਆ ਹੈ।"

[ਵਾਰਾਂ ਭਾ: ਗੁਰਦਾਸ ਸਟੀਕ, ਪੰਨਾ 46 ਫੁਟਨੋਟ

**ਅਰਥਾਤ :—**

"ਪੰਡਿਤ ਕਰਤਾਰ ਸਿੰਘ ਜੀ ਦਾਖਾ ਇਸ ਪਉੜੀ ਨੂੰ ਭਾਈ ਸਾਹਿਬ ਕ੍ਰਿਤ ਨਹੀਂ ਮੰਨਦੇ।"

[ਵਾਰਾਂ ਭਾ: ਗੁਰਦਾਸ, ਸਟੀਕ, ਪੰਨਾ 48 ਫੁਟਨੋਟ

ਸੋ ਗੱਲ ਕੀ, ਵਾਹਿਗੁਰੂ ਪਦ ਦੀ ਜੋ ਬਣਤਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵਰਨਣ ਕੀਤੀ ਗਈ ਹੈ । ਉਹ ਸਿਖ ਵਿਦਵਾਨਾਂ ਦੇ ਆਪਣੇ ਹੀ ਕਥਨ ਅਨੁਸਾਰ ਭਾਈ ਜੀ ਦੀ ਰਚਨਾ ਨਹੀਂ; ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਿਸੇ ਹੋਰ ਦੀ ਮਿਲਾਵਟ ਹੈ। ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ—

"ਇਸ (ਪਹਿਲੀ) ਵਾਰ ਦੀ ਅਖੀਰਲੀ ਪਉੜੀ ਗੁਰਮਤਿ ਨੂੰ ਮੁੱਖ ਰਖਕੇ ਭਾਈ ਜੀ ਦੀ ਕ੍ਰਿਤ ਨਹੀਂ ਮੰਨੀ ਜਾ ਸਕਦੀ, ਮਗਰੋਂ ਕਿਸੇ ਦੀ ਪਾਈ ਹੋਈ ਹੈ।"

[ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 62

ਅਸਲੀਅਤ ਇਹ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ, ਜੋ ਉਨ੍ਹਾਂ ਦੇ ਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਵਿਚ ਕਿਸੇ ਥਾਂ ਵੀ "ਅਲਾਹ" ਲਈ "ਵਾਹਿਗੁਰੂ" ਪਦ ਦੀ ਵਰਤੋਂ ਨਹੀਂ ਕੀਤੀ ਗਈ। ਗੁਰੂ ਜੀ ਦੀ ਪਵਿੱਤਰ ਬਾਣੀ ਵਿਚ ਅਸੀਂ "ਨਾਉ ਖੁਦਾਈ ਅਲਹੁ ਭਇਆ," ਅਤੇ

Digitized by Panjab Digital Library | www.panjabdigilib.org

"ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ" ਤਾਂ ਪੜ੍ਹਦੇ ਹਾਂ,ਪਰ ਇਹ ਕਿਤੇ ਵੀ ਨਹੀਂ ਪੜ੍ਹਦੇ ਕਿ ਹੁਣ "ਅੱਲਾਹ" ਦਾ ਨਾਂ "ਵਾਹਿਗੁਰੂ" ਹੈ, ਤੇ ਉਸ ਦਾ ਸਿਮਰਨ "ਵਾਹਿਗੁਰੂ" ਦੇ ਨਾਂ ਨਾਲ ਕੀਤਾ ਜਾਏ। ਜਾਂ "ਵਾਹਿਗੁਰੂ" ਦਾ ਜਾਪ ਕੀਤਾ ਜਾਏ।

ਸਿੱਖ ਵਿਦਵਾਨ ਇਸ ਗੱਲ ਦੇ ਇਕਰਾਰੀ ਹਨ ਕਿ ਚੌਥੇ ਗੁਰੂ ਜੀ ਦੇ ਸਮੇਂ ਤਕ ਇਹ ਵਾਹਿਗੁਰੂ ਪਦ ਲਿਖਤ ਵਿਚ ਨਹੀਂ ਆਇਆ ਸੀ; ਜਿਹਾ ਕਿ ਸ: ਕਰਮ ਸਿੰਘ ਜੀ ਹਿਸਟੋਰੀਅਨ ਦਾ ਕਥਨ ਹੈ ਕਿ :—

"ਇਹ ਗੱਲ ਸਾਰੇ ਮੰਨਦੇ ਹਨ ਕਿ "ਵਾਹਿਗੁਰੂ" ਸ਼ਬਦ ਚੌਥੀ ਪਾਤਸ਼ਾਹੀ ਜੀ ਤੋਂ ਲਿਖਤ ਵਿਚ ਆਇਆ ਹੈ, ਪਹਿਲੀਆਂ ਪਾਤਸ਼ਾਹੀਆਂ ਦੇ ਵੇਲੇ ਇਹ ਸ਼ਬਦ ਲਿਖ਼ਤ ਦੁਆਰਾ ਕਿਤੇ ਪਰਗਟ ਨਹੀਂ ਸੀ ਹੋਇਆ।"

[ਕਤਕ ਕਿ ਵੈਸਾਖ, ਪੰਨਾ 200

ਇਹ 'ਵਾਹਿਗੁਰੂ" ਪਦ ਲਿਖਤ ਵਿਚ ਤਦੇ ਹੀ ਆਉਂਦਾ, ਜੇ ਇਸ ਦੀ ਵਰਤੋਂ ਦਾ ਰਿਵਾਜ ਹੁੰਦਾ ਅਸਲੀਅਤ ਇਹ ਹੈ ਕਿ ਸ੍ਰੀ ਗੁਰੂ ਨਾਨਕ ਜੀ ਦੇ ਸਮੇਂ ਪ੍ਰਭੂ ਲਈ "ਵਾਹਿਗੁਰੂ" ਪਦ ਦੀ ਵਰਤੋਂ ਹੀ ਨਹੀਂ ਕੀਤੀ ਜਾਂਦੀ ਸੀ, ਨਹੀਂ ਤਾਂ ਇਹ ਉਕਾ ਹੀ ਅਸੰਭਵ ਸੀ ਕਿ ਗੁਰੂ ਜੀ ਆਪਣੀ ਪਵਿੱਤਰ ਬਾਣੀ ਵਿਚ ਕਿਸੇ ਇਕ ਥਾਂ ਵੀ ਇਸ ਦੀ ਵਰਤੋਂ ਨਾ ਕਰਦੇ। ਅਤੇ ਇਸ ਤਰ੍ਹਾਂ ਇਹ ਪਦ ਲਿਖਤ ਵਿਚ ਆਉਣੋਂ ਰਹਿ ਜਾਂਦਾ।

ਇਕ ਹੋਰ ਸਿੱਖ ਵਿਦਵਾਨ ਜੀ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ ;—

"ਗੁਰਬਾਣੀ ਵਿਚ......ਵਾਹਿਗੁਰੂ ਨਾਮ ਸ਼ਪਸ਼ਟ ਸਿਵਾਇ ਭੱਟਾਂ ਦੇ ਸਵੈਈਆਂ ਦੇ ਕਿਧਰੇ ਨਹੀਂ ਆਇਆ।......ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਪਾਤਸ਼ਾਹੀ ਨੇ ਕਿਧਰੇ ਵਾਹਿਗੁਰੂ ਸ਼ਬਦ ਦਾ ਜਾਪ ਕਰਨ ਲਈ ਹੁਕਮ ਨਹੀਂ ਦਿੱਤਾ।"

[ਰਸਾਲਾ ਸੰਤ ਸਿਪਾਹੀ,ਅੰਮ੍ਰਿਤਸਰ
ਅਪ੍ਰੈਲ 1953

ਇਕ ਹੋਰ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :—

Digitized by Panjab Digital Library | www.panjabdigilib.org

"ਜਦ ਦਸਾਂ ਗੁਰਾਂ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਦਸਮ ਗੁਰੂ ਜੀ ਤੁਕ) ਦੀ ਮੁਖਵਾਕ ਬਾਣੀ ਪੂਰਨ ਖੋਜ ਨਾਲ ਵਿਚਾਰੀ ਜਾਂਦੀ ਹੈ, ਤਾਂ ਉਸ ਵਿਚ "ਵਾਹਿਗੁਰੂ" ਪਦ ਕਿਤੇ ਨਹੀਂ ਲੱਭਦਾ।"

[ਗੁਰਮੰਤ੍ਰ ਪ੍ਰਬੋਧ, ਪੰਨਾ 62

ਜੋ ਲੋਕ "ਵਾਹਿਗੁਰੂ" ਪਦ ਨੂੰ "ਅੱਲਾਹ" ਦਾ ਖਾਸ ਨਾਂ ਮੰਨਦੇ ਹਨ, ਉਹਨਾਂ ਵਿਚ ਇਸ ਦੇ ਉਚਾਰਣ ਬਾਰੇ ਵੀ ਚੋਖਾ ਮਤਿਭੇਦ ਹੈ। ਕਈ ਇਸ ਨੂੰ "ਵਾਹਿਗੁਰੂ" ਤੇ ਕਈ "ਵਾਹੁਗੁਰ" ਪੜ੍ਹਦੇ ਤੇ ਲਿਖਦੇ ਹਨ। ਇਸ ਤੋਂ ਛੁੱਟ ਇਸ ਦੇ ਹੋਰ ਵੀ ਕਈ ਰੂਪ ਹਨ: ਜਿਹਾ ਕਿ ਇਕ ਸਿੱਖ ਵਿਦਵਾਨ ਦਾ ਕਥਨ ਹੈ ਕਿ:—

"ਇਸ ਨਾਮ ਦੇ ਅਨੇਕਾਂ ਉਚਾਰਣ ਹੋ ਗਏ ਹਨ — ਵਾਹਗੁਰ, ਵਾਹਗੁਰ, ਵਾਹਗੁਰੂ, ਵਾਹ ਗੁਰ।[1]...........ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਵਾਹਗੁਰ" ਸ਼ਬਦ ਦਾ ਪਰਚਾਰ ਕੀਤਾ ਹੈ ......ਅੱਜ ਕਲ ਦੇ ਛਾਪੇ ਖਾਨਿਆਂ ਵਾਲੇ ਅਤੇ ਆਮ ਸਿੱਖ ਪਤਾ ਨਹੀਂ, ਕਿਉਂ "ਵਾਹਿਗੁਰੂ" ਛਾਪਦੇ ਅਤੇ ਲਿਖਦੇ ਹਨ।"

[ਗੁਰਮਤਿ ਮਾਰਤੰਡ, ਭਾਗ 2, ਪੰਨਾ 818

**ਅਰਥਾਤ** :— "ਲਿਖਤ ਦੇ ਗ੍ਰੰਥਾਂ ਵਿਚ ਜਿੱਥੇ ਵਾਹਗੁਰੂ ਪਾਠ ਹੈ, ਉੱਥੇ ਛਾਪਣ ਵਾਲਿਆਂ ਨੇ ਹਰ ਥਾਂ ਵਾਹਿਗੁਰੂ ਕਰ ਦਿੱਤਾ ਹੈ, ਅਕਾਲ ਬੁੰਗੇ ਦਸਮ ਗਰੰਥ ਦੀ ਕਲਮੀ ਵੱਡੀ ਬੀੜ ਵਿਚ ਹਰ ਜਗਹਿ ਵਾਹਗੁਰੂ ਜੀ ਕੀ ਫ਼ਤਹ ਪਾਠ ਹੈ। ਇਕ ਲਿਖਾਰੀ ਨੇ ਭੁਲ ਕੇ ਵਾਹਿਗੁਰੂ ਲਿਖਿਆ ਹੈ, ਜੋ ਸੋਧਣ ਵੇਲੇ ਸਿਆਹੀ ਤੇ ਹੜਤਾਲ ਲਾ ਕੇ ਮੁੜ ਵਾਹਗੁਰ ਕੀਤਾ ਗਿਆ ਹੈ।"

[ਗੁਰੂਮਤਿ ਮਾਰਤੰਡ, ਭਾਗ 3, ਪੰਨਾ 819

ਇਕ ਹੋਰ ਸਿੱਖ ਵਿਦਵਾਨ ਜੀ ਨੇ ਇਹ ਅਸਲੀਅਤ ਵਰਣਨ ਕੀਤੀ ਹੈ ਕਿ:—

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਬਾਣੀ ਵਿਚ ਇਸ ਦੇ "ਵਾਹਿਗੁਰੂ" (ਵੇਖੋ ਪੰਨਾ 1402) ਤੇ "ਵਾਹਗੁਰੂ" (ਵੇਖੋ ਪੰਨਾ 1403) ਦੋ ਰੂਪ ਆਏ ਹਨ।

Digitized by Panjab Digital Library | www.panjabdigilib.org

"ਵਾਹਿਗੁਰੂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਦੀ ਬਾਣੀ ਵਿਚ ਕਿਤੇ ਨਹੀਂ ਮਿਲਦਾ।"

[ਗੁਰਮਤਿ ਫ਼ਲਾਸਫੀ
ਪੰਨਾ 133

ਇਸ ਤੋਂ ਇਹ ਸੱਚਾਈ ਪਰਗਟ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਤੇ ਵੀ "ਵਾਹਿਗੁਰੂ" ਪਦ ਦੀ ਵਰਤੋਂ ਸਾਜਨਹਾਰ ਪ੍ਰਭੂ ਦੇ ਨਾਂ ਵਜੋਂ ਨਹੀਂ ਕੀਤੀ ਤੇ ਨਾ ਹੀ ਕਦੇ "ਵਾਹਿਗੁਰੂ" ਪਦ ਨੂੰ ਸਿਮਰਨ ਵਜੋਂ ਵਰਤਣ ਦੀ ਸਿੱਖਿਆ ਦਿੱਤੀ ਹੈ।

# ਰਹਿਮਾਨ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਦਾ ਇਕ ਗੁਣਵਾਚਕ ਨਾਂ "ਰਹਿਮਾਨ" ਵੀ ਵਰਣਨ ਕੀਤਾ ਗਿਆ ਹੈ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ—

ਨਾਨਕ ਨਾਉ ਭਇਆ "ਰਹਮਾਣੁ"।
ਕਰਿ ਕਰਤਾ ਤੂ ਏਕੋ ਜਾਣੁ"

[ਰਾਮਕਲੀ, ਮ:1, ਪੰਨਾ 903

**ਅਰਥਾਤ** :—ਪ੍ਰਭੂ ਦਾ ਗੁਣਵਾਚਕ ਨਾਂ "ਰਹਿਮਾਨ" ਵੀ ਹੈ ਅਤੇ ਕਰਤਾ ਪੁਰਖ ਤੇ "ਰਹਿਮਾਨ" ਇੱਕੋ ਹੀ ਵਿਅਕਤੀ ਦੇ ਦੋ ਨਾਂ ਹਨ।

ਜਨਮਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਜੀ ਦਾ ਇਹ ਵਾਕ ਦਰਜ ਹੈ ਕਿ–

ਸਾਚ ਮੂਰਤ "ਰਹਿਮਾਣ" ਪਾਕ ਸਚ ਸਿਰਜਣਹਾਰ।

[ਜਨਮਸਾਖੀ, ਭਾਈ ਬਾਲਾ, ਪੰਨਾ 222

**ਅਰਥਾਤ** :—"ਰਹਿਮਾਨ" ਪਾਕ ਤੇ ਸੱਚੇ ਸਾਜਨਹਾਰ ਪ੍ਰਭੂ ਦਾ ਹੀ ਇਕ ਗੁਣਵਾਚਕ ਨਾਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਵਰਣਨ ਹੈ ਕਿ—

ਦਾਸ ਕਬੀਰੁ ਤੇਰੀ ਪਨਹ ਸਮਾਨ।
ਭਿਸਤੁ ਨਜੀਕਿ ਰਾਖੁ "ਰਹਮਾਨਾ"।

[ਭੈਰਉ, ਕਬੀਰ, ਪੰਨਾ 1161

Digitized by Panjab Digital Library | www.panjabdigilib.org

**ਅਰਥਾਤ**—ਹੇ "ਰਹਿਮਾਨ" ਪ੍ਰਭੂ ! ਦਾਸ ਕਬੀਰ ਤੇਰੀ ਪਨਾਹ ਵਿਚ ਆਇਆ ਹੈ। ਤੂੰ ਮੈਨੂੰ ਆਪਣੇ ਬਹਿਸ਼ਤ ਦੇ ਲਾਗੇ ਹੀ ਰੱਖਣਾ।

"ਰਹਿਮਾਣ" ਦੇ ਅਰਥ ਅਣ ਮੰਗਿਆ ਦਾਨ ਦੇਣ ਵਾਲਾ ਤੇ ਕਿਸੇ ਦੀ ਮਿਹਨਤ ਤੇ ਕੋਸ਼ਿਸ਼ ਤੋਂ ਬਿਨਾਂ ਹੀ ਆਪਣੀ ਮਰਜ਼ੀ ਨਾਲ ਬਖਸ਼ਿਸ਼ ਕਰਨ ਵਾਲਾ ਵੀ ਹਨ। ਇਸ ਬਾਰੇ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸੁ ਸਾਲਾਹੀ ।
ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ ।

ਆਸਾ ਮ:1, ਪੰਨਾ 437

ਇਕ ਹੋਰ ਥਾਂ ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਹੈ ਕਿ—

ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ।
ਦਇਆ ਦਾਨੁ ਦਇਆਲ ਤੂੰ ਕਰਿ ਕਰਿ ਦੇਖਣਹਾਰੁ ।

[ਰਾਮਕਲੀ ਮ:1, ਪੰਨਾ 934

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਏਹਨਾਂ ਦੋਹਾਂ ਪਵਿੱਤਰ ਸ਼ਬਦਾਂ ਵਿਚ ਸਾਜਨਹਾਰ ਪ੍ਰਭੂ ਦਾ ਇਕ ਗੁਣ ਜਾਂ ਸਿਫ਼ਤ ਇਹ ਦੱਸੀ ਹੈ ਕਿ ਉਹ ਬਿਨਾਂ ਮੰਗਿਆਂ ਵੀ ਬਹੁਤ ਕੁਝ ਦਿਆ ਕਰਦਾ ਹੈ। ਬਿਨਾਂ ਮੰਗਿਆਂ ਦਾ ਇਹ ਭਾਵ ਵੀ ਹੈ ਕਿ ਮਨੁੱਖ ਨੂੰ ਬਿਨਾਂ ਉਸ ਦੀ ਕਿਸੇ ਮਿਹਨਤ ਜਾਂ ਮੰਗ ਦੇ ਹੀ ਪ੍ਰਭੂ ਦਾਤਾਂ ਕਰਦਾ ਰਹਿੰਦਾ ਹੈ।

ਕੁਰਾਨ ਸ਼ਰੀਫ਼ ਵਿਚ ਸਾਜਨਹਾਰ ਪ੍ਰਭੂ ਜਾਂ "ਅੱਲਾਹ" ਦਾ ਇਕ ਗੁਣਵਾਚਕ ਨਾਂ "ਰਹਿਮਾਨ" ਵੀ ਵਰਣਨ ਕੀਤਾ ਗਿਆ ਹੈ; ਸਗੋਂ ਇਸ ਗੁਣਵਾਚਕ ਨਾਂ ਨੂੰ ਦੂਜੇ ਸਾਰੇ ਹੀ ਗੁਣ ਵਾਚਕ ਨਾਵਾਂ ਵਿਚ ਪਹਿਲ ਦਿੱਤੀ ਗਈ ਹੈ। ਇਸ ਦਾ ਏਹੋ ਹੀ ਭਾਵ ਹੈ ਕਿ ਉਸ ਨੇ ਸਾਰੇ ਖੰਡ, ਬ੍ਰਹਿਮੰਡ ਤੇ ਮੰਡਲ ਆਦਿ ਅਪਣੀ ਸੁਤੰਤਰ ਇੱਛਾ ਨਾਲ ਹੀ ਹੋਂਦ ਵਿਚ ਆਂਦੇ ਹਨ। ਏਹਨਾਂ ਬਾਰੇ ਕਿਸੇ ਨੇ ਪ੍ਰਭੂ ਤੋਂ ਮੰਗ ਨਹੀਂ ਕੀਤੀ ਸੀ ਤੇ ਨਾ ਏਹਨਾਂ ਨੂੰ ਹੋਂਦ ਵਿਚ ਲਿਆਉਣ ਬਾਰੇ ਕੋਈ ਜਤਨ ਹੀ ਕੀਤਾ ਸੀ। ਕੁਰਾਨ ਸ਼ਰੀਫ਼ ਵਿਚ ਪ੍ਰਭੂ ਨੂੰ "ਹਰਿਮਾਨ" ਦੇ ਨਾਂ ਨਾਲ ਵੀ ਯਾਦ

Digitized by Panjab Digital Library | www.panjabdigilib.org

ਕੀਤਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ:—

هُوَالرَّحْمٰنُ ـــــ وَاِنَّ رَبَّكُمُ الرَّحْمٰنُ

**ਅਰਥਾਤ**—"ਅੱਲਾਹ" ਦਾ ਇਕ ਗੁਣਵਾਚਕ ਨਾਂ "ਰਹਿਮਾਨ" ਵੀ ਹੈ। ਉਹ ਕੇਵਲ ਕੀਤੀ ਦਾ ਫਲ ਹੀ ਨਹੀਂ ਦਿੰਦਾ; ਸਗੋਂ ਆਪਣੀ ਇੱਛਾ ਨਾਲ ਵੀ ਬਿਨਾਂ ਕਿਸੇ ਮੰਗ ਤੇ ਮਿਹਨਤ ਦੇ ਬਹੁਤ ਕੁਝ ਦੇ ਦਿਆ ਕਰਦਾ ਹੈ। ਉਹ ਬੇਅੰਤ ਮਿਹਰਬਾਨ ਹੈ। ਉਸ ਨੇ ਅੱਗ, ਪਾਣੀ, ਹਵਾ, ਸੂਰਜ ਚੰਨ ਤੇ ਲੱਖਾਂ ਤਾਰੇ ਆਦਿ— ਜਿਨ੍ਹਾਂ ਨਾਲ ਸਾਡੇ ਜੀਵਨ ਦਾ ਵੱਡਾ ਡੂੰਘਾ ਸੰਬੰਧ ਹੈ ਅਤੇ ਜਿਨ੍ਹਾਂ ਤੋਂ ਬਿਨਾਂ ਅਸੀਂ ਇਕ ਪਲ ਵੀ ਜੀਉਂਦੇ ਨਹੀਂ ਰਹਿ ਸਕਦੇ, ਸਾਜਨਹਾਰ ਪ੍ਰਭੂ ਨੇ ਸਾਨੂੰ ਬਿਨਾਂ ਕਿਸੇ ਸਾਡੀ ਮਿਹਨਤ ਤੇ ਮੰਗ ਦੇ ਆਪਣੀ ਸਿਫ਼ਤ "ਰਹਿਮਾਨੀਅਤ" (ਬਿਨਾਂ ਮੰਗਿਆਂ ਦੇਣ) ਅਨੁਸਾਰ ਹੀ ਸਾਡੇ ਲਈ ਹੋਂਦ ਵਿਚ ਆਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ:—

ਤੂ ਕਰਣ ਕਾਰਣ ਸਮਰਥੁ ਹੈ ਤੂੰ ਕਰਹਿ ਸੁ ਥੀਆ।
ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ।

[ਵਾਰ ਵਡਹੰਸ, ਮ: 4, ਪੰਨਾ 585

**ਅਰਥਾਤ**—ਸਾਜਨਹਾਰ ਪ੍ਰਭੂ ਹੀ ਕਰਣ ਕਾਰਣ ਹੈ, ਉਹ ਸਰਬ ਕਲਾ ਸਮਰਥ ਵੀ ਹੈ। ਉਸ ਨੂੰ ਰਚਨਾ ਰਚਾਉਣ ਲਈ ਕਿਸੇ ਮਾਦੇ ਆਦਿ ਦੀ ਸਹਾਇਤਾ ਦੀ ਲੋੜ ਨਹੀਂ ਪੈਂਦੀ। ਉਹ ਸਮਰਥ ਹੋਣ ਕਰਕੇ ਸਭ ਕੁਝ ਆਪਣੀ ਇੱਛਾ ਅਨੁਸਾਰ ਸਾਜਦਾ ਹੈ ਅਤੇ ਸਾਰਿਆਂ ਹੀ ਜੀਵਾਂ ਨੂੰ ਬਿਨ-ਮੰਗਿਆਂ ਦਾਤਾਂ ਦੇਣ ਤੇ ਵੀ ਸਮਰਥ ਹੈ।

ਇਸਲਾਮ ਨੇ "ਅੱਲਾਹ" ਦਾ ਸਭ ਤੋਂ ਪਹਿਲਾ ਗੁਣ ਵਾਚਕ ਨਾਂ "ਰਹਿਮਾਨ" ਹੀ ਵਰਣਨ ਕੀਤਾ ਹੈ; ਜਿਹਾ ਕਿ "ਬਿਸਮਿੱਲਾ ਹਿੱਰਹਿ ਮਾਨਿੱਰਹੀਮ" ਵਿਚ ਇਸ ਨੂੰ ਪਹਿਲ ਦਿੱਤੀ ਗਈ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਸਾਰੇ ਵਿਸ਼ਵ ਦੀ ਸਾਜਨਾ ਦਾ ਬਹੁਤ ਵੱਡਾ ਸੰਬੰਧ ਪ੍ਰਭੂ ਦੀ ਸਿਫ਼ਤ "ਰਹਿਮਾਨੀਅਤ" ਨਾਲ

Digitized by Panjab Digital Library | www.panjabdigilib.org

ਹੀ ਹੈ। ਇਹ ਸਭ ਕੁਝ "ਅੱਲਾਹ" ਨੇ ਬਿਨਾਂ ਕਿਸੇ ਮੰਗ ਦੇ ਕੇਵਲ ਆਪਣੀ ਮਰਜ਼ੀ ਨਾਲ ਹੀ ਪੈਦਾ ਕੀਤਾ ਹੈ। ਸ੍ਰੀ ਗੁਰੂ ਨਾਨਕ ਜੀ ਵੀ ਆਪਣੀ ਬਾਣੀ ਵਿਚ ਪ੍ਰਭੂ ਨੂੰ "ਰਹਿਮਾਨ" ਮੰਨਦੇ ਹਨ ਅਤੇ ਇਸੇ ਕਰਕੇ ਹੀ ਉਹਨਾਂ ਨੇ ਆਪਣੀ ਬਾਣੀ ਵਿਚ ਪ੍ਰਭੂ ਦੇ ਇਸ ਗੁਣਵਾਚਕ ਨਾਉਂ ਦੀ ਵਰਤੋਂ ਕੀਤੀ ਹੈ ਤੇ ਇਸ ਦੇ ਅਰਥ-ਭਾਵ ਨੂੰ ਵੀ ਵਰਣਨ ਕਰ ਕੇ ਇਹ ਦਸ ਦਿਤਾ ਹੈ ਕਿ ਸਾਜਨਹਾਰ ਪ੍ਰਭੂ ਬਿਨਾਂ ਕਿਸੇ ਮਿਹਨਤ ਜਾਂ ਮੰਗ ਦੇ ਆਪਣੀ ਇੱਛਾ ਨਾਲ ਬਹੁਤ ਕੁਝ ਦਿੰਦਾ ਰਹਿੰਦਾ ਹੈ।

ਸ੍ਰੀ ਗੁਰੂ ਜੀ ਨੇ ਇਸ ਸੰਬੰਧ ਵਿਚ ਇਹ ਵੀ ਫ਼ਰਮਾਇਆ ਹੈ ਕਿ:—

ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ।

[ਸੂਹੀ ਮ: 1 ਪੰਨਾ 766

**ਅਰਥਾਤ**—ਪ੍ਰਭੂ ਆਪਣੀ ਸਿਫ਼ਤ ਰਹਿਮਾਨਿਅਤ ਅਨੁਸਾਰ ਬਹੁਤ ਕੁਝ ਬਿਨਾਂ ਮੰਗਿਆਂ ਵੀ ਦਿੰਦਾ ਰਹਿੰਦਾ ਹੈ।

## ਰਹੀਮ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ "ਅਲਾਹ ਦਾ ਗੁਣਵਾਚਕ ਨਾਂ "ਰਹੀਮ" ਵੀ ਵਰਣਨ ਕੀਤਾ ਹੈ ਅਤੇ 'ਰਹੀਮ' ਦਾ ਅਰਥ ਹੈ, ਵੱਡਾ ਮਿਹਰਬਾਨ, ਜੋ ਕਿਸੇ ਦੀ ਘਾਲ ਕਮਾਈ ਨੂੰ ਅਜਾਈਂ ਨਾ ਗੁਆਉਣ ਵਾਲਾ ਤੇ ਉਸਦਾ ਵਧ ਚੜ੍ਹ ਕੇ ਵਟਾਂਦਰਾ ਦੇਨ ਵਾਲਾ। ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ:—

ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ "ਰਹੀਮੁ"।

]ਸਿਰੀਰਾਗ ਮ: 1. ਪੰਨਾ 64

**ਅਰਥਾਤ**—ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ, ਭਾਵ ਇਹ ਕਿ ਜਨਮ-ਮਰਨ ਦੇ ਅਧੀਨ ਹੈ। ਇਕੋ "ਰਹੀਮ" ਪ੍ਰਭੂ ਹੀ ਸਦਾ ਸਲਾਮਤਿ ਤੇ ਜਨਮ-ਮਰਨ ਤੋਂ ਰਹਿਤ ਹੈ।

ਸ੍ਰੀ ਗੁਰੂ ਗਰੰਥ ਵਿਚ ਕਈ ਥਾਈਂ ਅੱਲਾਹ ਦਾ ਗੁਣਵਾਚਨ ਨਾਂ 'ਰਹੀਮ" ਵ਼ਰਣਨ ਕੀਤਾ ਗਿਆ ਹੈ, ਜਿਹਾ ਕਿ ਲਿਖਿਆ ਹੈ ਕਿ—

Digitized by Panjab Digital Library | www.panjabdigilib.org

(1) ਕਰੀਮਾਂ "ਰਹੀਮਾਂ" ਅਲਾਹ ਤੂ ਗਨੀ ।

[ਤਿਲੰਗ, ਨਾਮਦੇਵ, ਪੰਨਾ 727

(2) ਕਰਣ ਕਾਰਣ ਕਰੀਮ ।
ਕਿਰਪਾ ਧਾਰਿ "ਰਹੀਮ" ।

[ਰਾਮਕਲੀ ਮ: 5, ਪੰਨਾ 885

(3) ਕਾਰਨ ਕਰਨ ਕਰੀਮ ।
ਸਰਬ ਪ੍ਰਤਿਪਾਲ "ਰਹੀਮ"

[ਰਾਮਕਲੀ ਮ: 5, ਪੰਨਾ 896

(4) ਕੁਦਰਤਿ ਕਾਦਰ ਕਰਣ ਕਰੀਮਾ ।
ਸਿਫਤਿ ਮੁਹਬਤਿ ਅਥਾਹ "ਰਹੀਮਾ" ।

[ਮਾਰੂ ਮ: 4, ਪੰਨਾ 1084

ਸ੍ਰੀ ਦਸਮ ਗਰੰਥ ਵਿਚ ਵਰਣਨ ਹੈ ਕਿ—

ਕਿ ਕਾਮਲ ਕਰੀਮ ਹੈ ।
ਕਿ ਰਾਜਨ 'ਰਹੀਮ" ਹੈ ।

[ਦਸਮ ਗਰੰਥ ਪੰਨਾ 7

**ਅਰਥਾਤ** :—

ਕਰਤਾ ਕਰੀਮ ਸੋਈ ਰਾਜਨ "ਰਹੀਮ" ਓਹੀ
ਦੂਸਰੋ ਨਾ ਭੇਦ ਕੋਈ ਭੂਲ ਭਰਮ ਮਾਨਬੋ ।

[ਦਸਮ ਗਰੰਥ, ਪੰਨਾ 17

"ਰਹੀਮ" ਦਾ ਅਰਥ ਕਿਸੇ ਦੂਜੇ ਦੀ ਘਾਲ ਕਮਾਈ ਨੂੰ ਅਜਾਈਂ ਨਾ ਜਾਣ ਦੇਣ ਵਾਲਾ । ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਬਾਰੇ ਇਹ ਵੀ ਵਰਣਨ ਹੈ ਕਿ—

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ।
ਸੋ ਕਿਉ ਬਿਸਰੈ ਜਿ ਕੀਆ ਜਾਨੈ ॥

[ਗਉੜੀ ਮ: 5, ਪੰਨਾ 289

**ਅਰਥਾਤ** :—ਉਸ ਨੂੰ ਕਿਉਂ ਵਿਸਾਰਿਆ ਜਾਏ, ਜੋ ਕਿਸੇ ਦੀ ਘਾਲ ਨੂੰ

Digitized by Panjab Digital Library | www.panjabdigilib.org

ਅਜਾਈਂ ਨਹੀਂ ਗੁਆਉਂਦਾ। ਉਸ ਨੂੰ ਕਿਉਂ ਵਿਸਾਰਿਆ ਜਾਏ, ਜੋ ਕੀਤਾ ਜਾਣਦਾ ਹੈ।

ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ—

ਘਾਲ ਨ ਭਾਨੈ ਅੰਤਰਿ ਬਿਧਿ ਜਾਨੈ
ਤਾ ਕੀ ਕਰਿ ਮਨ ਸੇਵਾ ॥

[ਸੋਰਠ, ਮ:5, ਪੰਨਾ 614

**ਅਰਥਾਤ** :—ਪ੍ਰਭੂ ਕਿਸੇ ਦੀ ਘਾਲ ਕਮਾਈ ਨੂੰ ਅਜਾਈਂ ਨਹੀਂ ਗੁਆਉਂਦਾ ਉਹ ਲੋਕਾਂ ਦੇ ਮਨਾਂ ਦੀਆਂ ਗੱਲਾਂ ਦਾ ਵੀ ਜਾਣਨਹਾਰ ਹੈ। ਉਸੇ ਦੀ ਹੀ ਉਪਾਸਨਾ ਸਦਾ ਕਰਦੇ ਰਹੋ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਨੂੰ "ਰਹੀਮ" ਵੀ ਪਰਗਟ ਕੀਤਾ ਹੈ। ਉਹਨਾਂ ਦੇ ਵਿਚਾਰ ਅਨੁਸਾਰ ਪ੍ਰਭੂ ਵੱਡਾ ਮਿਹਰਬਾਨ ਹੈ।

ਇਸਲਾਮ ਨੇ ਅੱਲਾਹ ਦੇ ਰਹੀਮ ਹੋਣ ਬਾਰੇ ਇਹ ਕਿਹਾ ਹੈ ਕਿ—

اِنَّ اللّٰهَ كَانَ بِكُمْ رَحِيْمًا ○ ـــ اِنَّ رَبِّيْ رَحِيْمٌ وَّدُوْدٌ ○

**ਅਰਥਾਤ** :—ਸਾਜਨਹਾਰ ਅੱਲਾਹ ਵੱਡਾ ਮਿਹਰਬਾਨ ਹੈ। ਉਹ ਕਿਸੇ ਦੀ ਘਾਲ ਕਮਾਈ ਨੂੰ ਅਜਾਈਂ ਨਹੀਂ ਗੁਆਉਂਦਾ, ਸਗੋਂ ਹਰ ਇਕ ਨੂੰ ਵਧ ਚੜ੍ਹ ਕੇ ਵਟਾਂਦਰਾ ਦਿੰਦਾ ਹੈ। ਅਸੀਂ ਇਕ ਦਾਣਾ ਉਗਾਉਂਦੇ ਹਾਂ ਤੇ ਉਹ "ਰਹੀਮ" ਹੋਣ ਦੇ ਨਾਤੇ ਤੇ ਉਹ ਇਕ ਵਿਚੋਂ ਅਨੇਕਾਂ ਦਾਣੇ ਪੈਦਾ ਕਰ ਦਿੰਦਾ ਹੈ।

ਇਸਲਾਮ ਦੀ ਸਿੱਖਿਆ ਅਨੁਸਾਰ ਅੱਲਾਹ ਦੀ ਦੂਜੀ ਵੱਡੀ ਸਿਫ਼ਤ "ਰਹੀਮੀਅਤ" ਹੀ ਹੈ, ਕਿਉਂਕਿ ਕੁਰਾਨ ਸ਼ਰੀਫ ਦੀ ਪਹਿਲੀ ਆਇਤ ਵਿਚ ਇਸ ਦਾ ਵਰਣਨ ਦੂਜੇ ਨੰਬਰ ਤੇ ਕੀਤਾ ਗਿਆ ਹੈ।

## ਰੱਬ

ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਅੱਲਾਹ ਨੂੰ "ਰੱਬ" ਦੇ ਗੁਣ ਵਾਚਕ ਨਾਂ ਨਾਲ ਵੀ ਯਾਦ ਕੀਤਾ ਹੈ, ਜਿਹਾ ਕਿ ਓਹਨਾਂ ਦਾ ਫ਼ਰਾਮਨ ਹੈ ਕਿ—

Digitized by Panjab Digital Library | www.panjabdigilib.org

ਹਕਾ ਕਬੀਰ ਕਰੀਮ ਤੂ ਬੇਐਬ "ਪਰਵਦਗਾਰ"।

[ਤਿਲੰਗ, ਮ:1, ਪੰਨਾ 721

**ਅਰਥਾਤ** :—ਹੇ ਪ੍ਰਭੂ ! ਤੂੰ ਸੱਚਾ ਹੈਂ, ਕਬੀਰ (ਵੱਡਾ ਹੈ), ਰਹੀਮ (ਮਿਹਰ ਕਰਨ ਵਾਲਾ) ਤੇ ਬੇਐਬ ਪਾਲਣਾ ਕਰਨ ਵਾਲਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਪ੍ਰਭੂ ਨੂੰ "ਰੱਬ" ਦੇ ਗੁਣ-ਵਾਚਕ ਨਾਂ ਨਾਲ ਯਾਦ ਕੀਤਾ ਗਿਆ ਹੈ। (ਵੇਖੋ ਪੰਨਾ 473, 948, 1378. 1379, 1380,1381,1382, ਤੇ 1383 ਆਦਿ)

ਇਸ ਤਰ੍ਹਾਂ ਪ੍ਰਭੂ ਲਈ ਪਰਵਰਦਗਾਰ (ਪਰਵਦਗਾਰ) ਪਦ ਦੀ ਵੀ ਕਈ ਥਾਂਈ ਵਰਤੋਂ ਕੀਤੀ ਗਈ ਹੈ। (ਵੇਖੋ ਪੰਨਾ 49, 488, 491, 724, 850, ਤੇ 1371 ਆਦਿ)।

ਕੁਰਾਨ ਸ਼ਰੀਫ਼ ਵਿਚ ਲਿਖਿਆ ਹੈ ਕਿ—

اَلْحَمْدُ لِلّٰهِ رَبِّ الْعَالَمِيْنَ ۝

اِنَّ اللّٰهَ رَبِّيْ وَرَبُّكُمْ فَاعْبُدُوْهُ هٰذَا صِرَاطٌ مُّسْتَقِيْمٌ ۝

**ਅਰਥਾਤ** :—ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜੋ ਸਾਰੇ ਜਹਾਨਾਂ ਦਾ ਸਾਜਣਹਾਰ ਤੇ ਪਾਲਨਹਾਰ ਹੈ। ਬੇਸ਼ੱਕ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਣਹਾਰ ਅੱਲਾਹ ਹੀ ਮੇਰਾ ਤੇ ਤੁਹਾਡਾ ਸਾਜਨਹਾਰ ਤੇ ਪਾਲਣਹਾਰ ਹੈ। ਸੋ ਤੁਸੀਂ ਸਾਰੇ ਹੀ ਉਸ ਇੱਕੋਇਕ ਪ੍ਰਭੂ ਦੀ ਉਪਾਸਨਾ ਕਰਦੇ ਰਹੋ। ਏਹੋ ਹੀ ਸਿੱਧਾ ਮਾਰਗ ਹੈ।

## ਕਬੀਰ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਅੱਲਾਹ ਨੂੰ "ਕਬੀਰ" ਦੇ ਨਾਂ ਨਾਲ ਵੀ ਯਾਦ ਕੀਤਾ ਹੈ, ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਹਕਾ "ਕਬੀਰ" ਕਰੀਮ ਤੂ ਬੇਐਬ ਪਰਵਦਗਾਰ।

[ਤਿਲੰਗ, ਮ:1 ਪੰਨਾ 712

Digitized by Panjab Digital Library | www.panjabdigilib.org

**ਅਰਥਾਤ:**—ਹੇ ਸਾਜਨਹਾਰ ਪ੍ਰਭੂ ਤੂੰ ਸੱਚ ਦਾ ਸੋਮਾ ਹੈਂ, ਕਬੀਰ (ਵੱਡਾ) ਹੈਂ, ਕਰੀਮ (ਵੱਡੀ ਬਖਸ਼ਿਸ਼ ਤੇ ਮਿਹਰ ਕਰਨ ਵਾਲਾ) ਹੈਂ ਤੇ ਬੇਐਬ ਪਾਲਨਹਾਰ ਵੀ ਹੈਂ।

ਕੋਸ਼ ਅਨੁਸਾਰ "ਕਬੀਰ" ਦੇ ਅਰਥ ਵੱਡਾ ਹਨ। ਗੁਰੂ ਜੀ ਨੇ ਏਹਨਾਂ ਅਰਥਾਂ ਨੂੰ ਮੁਖ ਰਖ ਕੇ ਸਾਜਨਹਾਰ ਪ੍ਰਭੂ ਨੂੰ ਵੱਡਾ ਵੀ ਕਿਹਾ ਹੈ; ਜਿਹਾ ਕਿ ਆਪ ਦਾ ਕਥਨ ਹੈ ਕਿ:—

ਵਡੇ ਮੇਰੇ ਸਾਹਿਬ ਗਹਿਰ ਗੰਭੀਰਾ ਗੁਣੀ ਗਹੀਰਾ।
ਕੋਟਿ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥

[ਆਸਾ, ਮ: 1 ਪੰਨਾ 9 ਤੇ 349

**ਅਰਥਾਤ:**—

ਤੂੰ ਵਡਾ ਤੂੰ ਊਚੋ ਊਚਾ।
ਤੂੰ ਬੇਅੰਤ ਅਤਿ ਮੂਚਾ ਮੂਚਾ।

ਮਾਝ ਮ: 5, ਪੰਨਾ 131

ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ:—

ਵਡਾ ਸਾਹਿਬੁ ਊਚਾ ਥਾਉ
ਊਚੇ ਊਪਰਿ ਊਚਾ ਨਾਉ।

[ਜਪੁਜੀ, ਪੰਨਾ 5

**ਅਰਥਾਤ**—ਅੱਲਾਹ ਕਬੀਰ ਹੈ ਤੇ ਉੱਚੇ ਤੋਂ ਉੱਚਾ ਤੇ ਵੱਡੇ ਤੋਂ ਵੱਡਾ ਹੈ।

إِنَّ اللّٰهَ كَانَ عَلِيًّا كَبِيرًا ۝

**ਅਰਥਾਤ**— ਅੱਲਾਹ ਉੱਚੇ ਤੋਂ ਉੱਚਾ ਤੇ ਕਬੀਰ (ਵੱਡਾ) ਹੈ। ਇਸਲਾਮ ਵਿਚ ਪ੍ਰਭੂ ਨੂੰ ਸਭ ਤੋਂ ਵੱਡਾ ਵੀ ਕਿਹਾ ਗਿਆ ਹੈ, ਤੇ ਇਸ ਲਈ "ਅਕਬਰ" ਪਦ ਦੀ ਵਰਤੋਂ ਕੀਤੀ ਹੈ ਜਿਸ ਦਾ ਅਰਥ ਏਹੋ ਹੈ ਕਿ ਇੱਕੋ ਇਕ ਅੱਲਾਹ ਹੀ ਸਭ ਤੋਂ ਵੱਡਾ ਹੈ ਤੇ ਉਸ ਤੋਂ ਵੱਡਾ ਹੋਰ ਕੋਈ ਨਹੀਂ, ਜਿਹਾ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ—

Digitized by Panjab Digital Library | www.panjabdigilib.org

فقال تقول سبحان الله والحمد لله والله اكبر

**ਅਰਥਾਤ:**—ਹਜ਼ਰਤ ਮੁਹੰਮਦ ਸਾਹਿਬ ਜੀ ਨੇ ਫ਼ਰਮਾਇਆ ਹੈ ਕਿ ਤੁਸੀਂ ਇਹ ਕਿਹਾ ਕਰੋ ਕਿ ਪ੍ਰਭੂ ਹਰੇਕ ਊਣਤਾਈ ਤੋਂ ਪਾਕ, ਹਰੇਕ ਉਪਮਾ ਦਾ ਅਧਿਕਾਰੀ ਤੇ ਸਭ ਤੋਂ ਵੱਡਾ ਹੈ, ਕੋਈ ਵੀ ਉਸ ਤੋਂ ਵੱਡਾ ਨਹੀਂ ਹੈ।

ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ—

ਤੁਝ ਤੇ ਵਡਾ ਨਾਹੀ ਕੋਇ ।
ਕਿਸੁ ਵਖਾਣੀ ਚੰਗਾ ਹੋਇ ॥

[ਆਸਾ, ਮ:1, ਪੰਨਾ 354

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ।

[ਵਾਰ ਆਸਾ, ਮ:1, ਪੰਨਾ 472

**ਅਰਥਾਤ:**—"ਵਡਿਆਂ ਤੋਂ ਵੱਡਾ ਹਰੀ ਆਪਣੀ ਵਡੀ ਸ੍ਰਿਸ਼ਟੀ
(ਦੇ ਜੀਵਾਂ) ਨੂੰ ਆਪੇ ਆਪਣੇ ਕੰਮ ਤੇ ਲਾ ਦਿੰਦਾ ਹੈ।"

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 472

ਗੁਰਬਾਣੀ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

ਵਡੀ ਤੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ ।

[ਵਾਰ ਗੁਜਰੀ, ਮ:5, ਪੰਨਾ 521

**ਅਰਥਾਤ:**—ਵਡੀ ਤੂੰ ਵਡਾ ਅਪਾਰੁ ਤੇਰਾ ਮਰਤਬਾ ।
ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ ।

[ਵਾਰ ਰਾਮਕਲੀ, ਮ:5, ਪੰਨਾ 965

# ਕਰੀਮ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਨੂੰ "ਕਰੀਮ" ਵੀ ਕਿਹਾ ਹੈ ਤੇ ਕਰੀਮ ਦੇ ਅਰਥ ਹਨ, ਵੱਡਾ ਕਰਮ ਤੇ ਕਰਨ ਵਾਲਾ । ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ:—

Digitized by Panjab Digital Library | www.panjabdigilib.org

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ "ਕਰੀਮੁ ।"

[ਸਿਰੀਰਾਗ, ਮ:1, ਪੰਨਾ 64

**ਅਰਥਾਤ:**—ਅੱਲਾਹ ਅਲਖ ਮਨੁੱਖ ਬੁਧੀ ਦੇ ਘੇਰੇ ਤੋਂ ਬਾਹਰ, ਕਾਦਰ ਸਮਰਥ ਤੇ ਕਰਣਹਾਰ ਹੋਣ ਦੇ ਨਾਲ ਹੀ "ਕਰੀਮ" ਵੀ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਸੋ ਕਰਤਾ ਕਾਦਰ "ਕਰੀਮੁ" ਦੇ ਜੀਆ ਰਿਜਕੁ ਸੰਬਾਹਿ ।

[ਵਾਰ ਆਸਾ, ਮ:1, ਪੰਨਾ 475

**ਅਰਥਾਤ:**—ਉਹ ਪ੍ਰਭੂ ਕਰਤਾ (ਸਾਜਨਹਾਰ) ਹੋਣ ਦੇ ਨਾਲ ਹੀ "ਕਰੀਮ" ਵੀ ਹੈ ਤੇ ਸਾਰਿਆਂ ਨੂੰ ਰਿਜ਼ਕ ਦੇ ਰਿਹਾ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਦਾ ਇਹ ਵਾਕ ਹੈ ਕਿ—

ਹਕਾ ਕਬੀਰ "ਕਰੀਮ" ਤੂ ਬੇਐਬ ਪਰਵਦਗਾਰ ।

[ਤਿਲੰਗ ਸ:1, ਪੰਨਾ 721

**ਅਰਥਾਤ:**—ਹੇ ਸਾਜਨਹਾਰ ਪ੍ਰਭੂ; ਤੂੰ ਸੱਚ ਦਾ ਸੋਮਾ ਹੈਂ ਕਬੀਰ (ਵੱਡਾ) ਹੈਂ ਕਰੀਮ (ਵੱਡੀ ਬਖਸ਼ਿਸ ਤੇ ਮਿਹਰ ਕਰਨ ਵਾਲਾ) ਹੈਂ ਤੇ ਬੇਐਬ ਪਾਲਨਹਾਰ ਵੀ ਹੈਂ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

فَإِنَّ رَبِّيْ غَنِيٌّ كَرِيْمٌ ۝

ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ—

"ਕਰੀਮਾਂ" ਰਹੀਮਾਂ ਅਲਾਹ ਤੂ ਗ਼ਨੀ ।

[ਤਿਲੰਗ ਨਾਮਦੇਵ, ਪੰਨਾ, 727

**ਅਰਥਾਤ:**—ਹੇ ਸਾਜਨਹਾਰ ਪ੍ਰਭੂ ਤੂੰ "ਰਹੀਮ", "ਕਰੀਮ" ਤੇ "ਗਨੀ" ਵੀ ਹੈਂ ।

ਗੁਰੂ ਗ੍ਰੰਥ ਸਾਹਿਬ ਦੇ ਹੋਰ ਵੀ ਕਈ ਸ਼ਬਦਾਂ ਵਿਚ ਸਾਜਨਹਾਰ ਪ੍ਰਭੂ ਨੂੰ "ਕਰੀਮ" ਵਰਣਨ ਕੀਤਾ ਗਿਆ ਹੈ । (ਵੇਖੋ ਪੰਨਾ 721,727, 885,896, 964, 1020 ਤੇ 1366 ਆਦਿ)

Digitized by Panjab Digital Library | www.panjabdigilib.org

# ਮਾਉਲਾ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਸ ਵਿਸ਼ਵ ਦੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਨੂੰ "ਮਉਲਾ" ਵੀ ਕਿਹਾ ਜਾਂਦਾ ਹੈ ਤੇ ਕੋਸ਼ਾਂ ਵਿਚ ਮਉਲਾ ਦੇ ਇਹ ਅਰਥ ਵਰਣਨ ਹਨ ਕਿ—

ਮਦਦਗਾਰ, ਮਾਲਕ ਤੇ ਸਰਦਾਰ ।

[ਫਰੰਗਿ ਅਮਰ, ਪੰਨਾ 629

**ਅਰਥਾਤ** :—(1) ਮਦਦਗਾਰ, (2) ਆਜ਼ਾਦ ਕਰਾਉਣ ਵਾਲਾ,
(3) ਸਾਹਿਬ, ਖ਼ੁਦਾਵੰਦ, ਆਕਾ, ਸਰਦਾਰ (4) ਰਫੀਕ
(ਸਾਥੀ)

[ਫ਼ੀਰੋਜ਼ੁੱਲ ਲੁਗਾਤ ਪੰਨਾ 463

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ :—

ਸੋਈ "ਮਉਲਾ" ਜਿਨਿ ਜਗੁ ਮਉਲਿਆ
ਹਰਿਆ ਕੀਆ ਸੰਸਾਰੋ ।

[ਸਿਰੀ ਰਾਗ, ਮ: 1, ਪੰਨਾ 24

ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

"ਮਉਲਾ" ਖੇਲ ਕਰੇ ਸਭਿ ਆਪੇ ।

[ਮਾਰੂ ਮ: 5, ਪੰਨਾ 1024

**ਅਰਥਾਤ**—ਇਸ ਸਾਰੇ ਵਿਸ਼ਵ ਦੀ ਸਾਜਨਾ "ਮਉਲਾ" ਪ੍ਰਭੂ ਨੇ ਕੀਤੀ ਤੇ ਊਹੋ ਹੀ ਇਸਦੀ ਪ੍ਰਫੁਲਤਾ ਦਾ ਵੱਡਾ ਕਾਰਨ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਪ੍ਰਭੂ ਨੂੰ "ਮਉਲਾ ਕਿਹਾ ਗਿਆ ਹੈ; ਜਿਹਾ ਕਿ ਇਕ ਥਾਂ ਲਿਖਿਆ ਹੈ ਕਿ—

ਮਿਹਰਵਾਨ "ਮਉਲਾ" ਤੂਹੀ ਏਕ ।

[ਰਾਮਕਲੀ, ਮ: 5, ਪੰਨਾ 897

**ਅਰਥਾਤ** :—

ਖਾਲਕੁ ਯਾਦਿ ਦਿਲੈ ਮਹਿ "ਮਉਲਾ" ।

[ਮਾਰੂ, ਮ: 5, ਪੰਨਾ 1085

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

هُوَ مَوْلٰكُمْ

ਇਹ ਅਸੀਂ ਦਸ ਚੁਕੇ ਹਾਂ ਕਿ ਕੋਸ਼ ਵਿਚ ਮਉਲਾ ਦਾ ਅਰਥ "ਮਦਦਗਾਰ" ਵੀ ਹੈ ਤੇ "ਮਦਦਗਾਰ" "ਸਹਾਈ" ਨੂੰ ਆਖਦੇ ਹਨ; ਜਿਹਾ ਕਿ ਵਰਣਨ ਹੈ ਕਿ--

"ਮਦਦਗਾਰ—ਸਹਾਇਕ" ।

[ਮਹਾਨ ਕੋਸ਼, ਪੰਨਾ 708

**ਅਰਥਾਤ** :—

"ਸਹਾਈ—ਸਹਾਯੀ, ਮਦਦ ਦੇਣ ਵਾਲਾ, ਸਹਾਇਕ ।"

[ਮਹਾਨ ਕੋਸ਼, ਪੰਨਾ 104

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਨੂੰ ਅਨੇਕ ਥਾਈਂ "ਸਹਾਈ" ਵੀ ਕਿਹਾ ਗਿਆ ਹੈ ਜਿਹਾ ਕਿ—

ਸਦਾ 'ਸਹਾਈ' ਸੰਗਿ ਪ੍ਰਭ ਅੰਮ੍ਰਿਤ ਗੁਣ ਰਹਨ ।

[ਬਿਲਾਵਲ ਮ: 5, ਪੰਨਾ 808

**ਅਰਥਾਤ** :—

ਅਪਨੇ ਦਾਸ ਕੋ ਭਇਓ ਸਹਾਈ ।

[ਸੋਰਠ, ਮ: 5, ਪੰਨਾ 625

(ਅ) "ਮਉਲਾ" ਦੇ ਅਰਥ ਕੋਸ਼ ਅਨੁਸ਼ਾਰ ਸਰਦਾਰ ਵੀ ਹਨ । ਸ੍ਰੀ ਦਸਮ ਗਰੰਥ ਵਿਚ ਪ੍ਰਭੂ ਨੂੰ 'ਸਰਦਾਰ' ਵੀ ਕਿਹਾ ਗਿਆ ਹੈ; ਜਿਹਾ ਕਿ ਇਕ ਥਾਂ ਵਰਣਨ ਹੈ ਕਿ—

ਔਰ ਮਹਾਨ ਨਿਦਾਨ ਕਛੂ ਨਹਿ
ਹੇ ਸੁਬਹਾਨ ਤੁਹੀ "ਸਰਦਾਰਾ" ।

[ਸ੍ਰੀ ਦਸਮ ਗਰੰਥ, ਪੰਨਾ 642

(ੲ) ਕੋਸ਼ ਵਿਚ "ਮਉਲਾ" ਦਾ ਅਰਥ ਅਜ਼ਾਦ ਕਰਾਉਣ ਵਾਲਾ ਵੀ ਹਨ ਗੁਰਬਾਣੀ ਵਿਚ ਇਸ ਅਰਥ ਨੂੰ ਮੁਖ ਰੱਖਕੇ ਸਾਜਨਹਾਰ ਪ੍ਰਭੂ ਨੂੰ ਬੰਦੀ ਛੋੜ ਵੀ ਕਿਹਾ ਗਿਆ ਹੈ ਅਤੇ ਬੰਦੀ ਛੋੜ ਦਾ ਅਰਥ ਆਜ਼ਾਦ ਕਰਾਉਣ ਵਾਲਾ ਹੀ ਹਨ;

Digitized by Panjab Digital Library | www.panjabdigilib.org

ਜਿਹਾ ਕਿ ਵਰਨਣ ਹੈ ਕਿ—

"ਬੰਦੀ ਛੋੜੁ--ਕੈਦ ਤੋਂ ਛੁਡਾਉਣ ਵਾਲਾ, ਰਿਹਾਈ ਦੇਣ ਵਾਲਾ, ਨਿਰਬੰਧ ਕਰਤਾ।"

[ਮਹਾਨ ਕੋਸ਼, ਪੰਨਾ 670

ਗੁਰਬਾਣੀ ਵਿਚ ਪ੍ਰਭੂ ਨੂੰ ਕਈ ਥਾਂ ਬੰਦੀ ਛੋੜ ਤੇ ਬੰਦੀ ਮੋਚ ਵੀ ਕਿਹਾ ਹੈ ਤੇ ਇਸਦੇ ਅਰਥ ਆਜ਼ਾਦ ਕਰਾਉਣ ਵਾਲਾ ਹੀ ਹਨ, ਜਿਹਾ ਕਿ ਵਰਣਨ ਹੈ ਕਿ---

ਗਈ ਬਹੋੜ "ਬੰਦੀ ਛੋੜੁ"
ਨਿਰੰਕਾਰੁ ਦੁਖ ਦਾਰੀ ।

[ਸੋਰਠ ਮ: 5, ਪੰਨਾ 624

ਅਰਥਾਤ :---

"ਵਿਗੜੀ ਹੋਈ ਹਾਲਤ ਨੂੰ ਮੁੜ ਕੇ ਸਵਾਰਨ ਵਾਲਾ, ਕੈਦ ਨੂੰ ਕਟ ਦੇਣ ਵਾਲਾ, ਸ਼ਕਲ ਰੂਪ ਤੋਂ ਰਹਿਤ ਹਰੀ ਜੋ ਦੁੱਖਾਂ ਨੂੰ ਕਟਣ ਵਾਲਾ ਹੈ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 624

ਇਸੇ ਤਰ੍ਹਾਂ ਇਕ ਹੋਰ ਥਾਂ ਇਹ ਲਿਖਿਆ ਹੈ ਕਿ---

ਨਾਨਕ ਕਉ ਪ੍ਰਭ ਰਾਖਿ ਲੇਹਿ
ਮੇਰੇ ਸਾਹਿਬ "ਬੰਦੀ ਮੋਚ' ॥[1]

[ਮਾਝ, ਮ: 5, ਪੰਨਾ 135

(ਸ) ਕੋਸ਼ ਵਿਚ "ਮਉਲਾ" ਪਦ ਦਾ ਅਰਥ ਸਾਹਿਬ ਵੀ ਹੈ, ਗੁਰਬਾਣੀ ਵਿਚ ਇਹ ਪਦ ਅਨੇਕਾਂ ਵਾਰ ਵਰਤਿਆ ਗਿਆ ਹੈ; ਸਗੋਂ ਕਈ ਵਾਰ ਤਾਂ ਇਕ ਇਕ ਪੰਨੇ ਤੇ ਇਸ ਨੂੰ ਪ੍ਰਭੂ ਦੇ ਲਈ ਕਈ ਵਾਰ ਵਰਤਿਆਂ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

---

1. ਬੰਦੀ ਮੋਚ—"ਬੰਦਨ ਕਟਣ ਵਾਲੇ, ਬੰਦੀ ਛੋੜ ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 135

Digitized by Panjab Digital Library | www.panjabdigilib.org

"ਸਾਹਿਬੁ" ਸਿਮਰਿਹੁ ਮੇਰੇ ਭਾਈ ਹੋ
ਸਭਨਾ ਏਹੁ ਪਇਆਣਾ ॥
[ਵਡਹੰਸ ਮ: 1, ਪੰਨਾ 579]

**ਅਰਥਾਤ :—**

ਕਹੁ ਨਾਨਕ ਜਿਨਿ ਹੁਕਮੁ ਪਛਾਤਾ ।
ਪ੍ਰਭੂ "ਸਾਹਿਬ" ਕਾ ਤਿਨਿ ਭੇਤੁ ਜਾਤਾ ।
[ਰਾਮਕਲੀ, ਮ: 1, ਪੰਨਾ 885]

(ਹ) ਮਉਲਾ ਦਾ ਇਕ ਅਰਥ "ਖ਼ੁਦਾਵੰਦ" ਵੀ ਹੈ । ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਪ੍ਰਭੂ ਨੂੰ ਖ਼ੁਦਾਵੰਦ ਵੀ ਕਿਹਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

ਨ ਸਾਜ਼ੋ ਨ ਬਾਜ਼ੋ ਨ ਫ਼ਉਜੋ ਨ ਫ਼ਰਸ਼ ।
"ਖ਼ੁਦਾਵੰਦ" ਬਖਸ਼ਿੰਦਾ ਓ ਐਸ਼ੁ ਅਰਸ਼ ।
[ਸ੍ਰੀ ਦਸਮ ਗ੍ਰੰਥ, ਪੰਨਾ 1247]

ਅਰਥਾਤ :—

"ਖ਼ੁਦਾਵੰਦ" ਬਖਸ਼ਿੰਦਾ ਏ ਮੁਲਕੁ ਮਾਲ ।
[ਸ੍ਰੀ ਦਸਮ ਗ੍ਰੰਥ, ਪੰਨਾ 1240]

(ਕ) ਕੋਸ਼ ਵਿਚ 'ਮਉਲਾ' ਪਦ ਦਾ ਇਕ ਅਰਥ "ਆਕਾ" ਵੀ ਵਰਣਨ ਕੀਤਾ ਗਿਆ ਹੈ ਤੇ "ਆਕਾ" "ਸੁਆਮੀ" ਤੇ "ਮਾਲਕ" ਨੂੰ ਆਖਦੇ ਹਨ: ਜਿਹਾ ਕਿ ਵਰਣਨ ਹੈ ਕਿ :—

"ਆਕਾ–ਸੁਆਮੀ, ਮਾਲਕ ।"

[ਮਹਾਨ ਕੋਸ਼, ਪੰਨਾ 70]

ਗੁਰਬਾਣੀ ਵਿਚ ਪ੍ਰਭੂ ਨੂੰ ਸੁਆਮੀ ਵੀ ਤੇ ਮਾਲਕ ਵੀ ਕਿਹਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

ਪ੍ਰਭ "ਸੁਆਮੀ" ਕੰਤ ਵਿਹੂਣੀਆ
ਮੀਤ ਸਜਣ ਸਭਿ ਜਾਮ ॥
[ਮਾਝ, ਮ: 5, ਪੰਨਾ 133]

Digitized by Panjab Digital Library | www.panjabdigilib.org

ਅਰਥਾਤ :—

ਅਪੁਨਾ ਸਿਮਰਨ ਦੇ ਪ੍ਰਤਿ ਮਾਲਿਆ
ਓਹੁ ਸਗਲ ਘਟਾ ਕਾ "ਮਾਲਕਾ" ॥
[ਮਾਰੂ, ਮ: 5, ਪੰਨਾ 1084]

(ਖ) ਕੋਸ਼ ਵਿਚ "ਮਉਲਾ" ਪਦ ਰਫ਼ੀਕ ਸਾਥੀ ਦੇ ਅਰਥਾਂ ਵਿਚ ਵੀ ਆਇਆ ਹੈ। ਗੁਰਬਾਣੀ ਵਿਚ ਪ੍ਰਭੂ ਨੂੰ ਸਾਥੀ ਦੇ ਨਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ; ਜਿਹਾ ਕਿ :—

"ਸਾਥੀਅੜਾ" ਪ੍ਰਭੂ ਏਕੁ ਦੂਸਰ ਨਾਹਿ ਕੋਇ।
ਥਾਨ ਥਨੰਤਰਿ ਪਸਪਿ ਜਲਿ ਥਲਿ ਪੂਰ ਸੋਇ।
[ਜੈਤਸਰੀ ਮ: 5, ਪੰਨਾ 104]

ਸੋ ਗਲ ਕੀ ਮਉਲਾ ਪਦ ਦੇ ਜਿੰਨੇ ਵੀ ਅਰਥ ਹਨ, ਓਹਨਾਂ ਨੂੰ ਮੁਖ ਰਖ ਕੇ ਗੁਰਬਾਣੀ ਵਿਚ ਸਾਰੇ ਪਦ ਵਰਤੇ ਗਏ ਹਨ।

## ਖ਼ਾਲਕ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਦਾ ਪਾਠ ਕੀਤਿਆਂ ਸਾਨੂੰ ਇਹ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਨੇ ਸਾਜਨਹਾਰ ਪ੍ਰਭੂ ਦਾ ਇਕ ਗੁਣਵਾਚਕ ਨਾਂ "ਖ਼ਾਲਕ" ਵੀ ਦੱਸਿਆ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

"ਖਾਲਕ" ਕਉ ਆਦੇਸੁ ਢਾਢੀ ਗਾਵਣਾ।
[ਵਾਰ ਮਾਝ, ਮ: 1, ਪੰਨਾ 148]

ਅਰਥਾਤ :—"ਖ਼ਾਲਕ" ਪ੍ਰਭੂ ਦੀ ਸਿਫ਼ਤ ਸਲਾਹ ਸਦਾ ਹੀ ਗਾਇਨ ਕਰਦੇ ਰਹੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਈਂ ਪ੍ਰਭੂ ਨੂੰ "ਖ਼ਾਲਕ" ਕਿਹਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

1. ਹਕੁ ਸਚੁ "ਖ਼ਾਲਕ" ਖਲਕ ਮਿਆਨੇ ਸਿਆਮ ਮੂਰਤਿ ਨਾਹਿ।
[ਬਿਲੰਗ ਕਬੀਰ, ਪੰਨਾ 727]

2. ਖਾਲਕ ਰਵਿ ਰਹਿਆ ਸਰਬ ਠਾਈ।
[ਰਾਮਕਲੀ ਮ: 5, ਪੰਨਾ 897]

Digitized by Panjab Digital Library | www.panjabdigilib.org

3. "ਖਾਲਕ" ਥਾਵਹੁ ਭੁਲਾ ਮੁਠਾ ।
4. "ਖਾਲਕ" ਯਾਦਿ ਦਿਲੈ ਮਹਿ ਮਉਲਾ ।

[ਮਾਰੂ ਮ: 5, ਪੰਨਾ 1084]

5. ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣ ਬੇਨੰਤੀ "ਖਾਲਕਾ" ।

[ਮਾਰੂ ਮ: 5. ਪੰਨਾ 1084]

6. "ਖਾਲਿਕੁ" ਖਲਕ ਖਲਕ ਮਹਿ ਖਾਲਿਕੁ"
ਪੂਰ ਰਹਿਓ ਸਰਬ ਠਾਈ ॥

[ਪ੍ਰਭਾਤੀ, ਮ: 5, ਪੰਨਾ 1350]

ਕੁਰਾਨ ਸ਼ਰੀਫ ਵਿਚ ਲਿਖਿਆ ਹੈ ਕਿ :—

قُلِ اللّٰهُ خَالِقُ كُلِّ شَيْءٍ

ਅਰਥਾਤ :—ਅੱਲਾਹ ਦਾ ਇਕ ਗੁਣ ਵਾਚਕ ਨਾਂ "ਖ਼ਾਲਕ" ਵੀ ਹੈ। ਉਸੇ ਨੇ ਹੀ ਸਾਰੀ ਰਚਨਾ ਰਚਾਈ ਹੈ ਤੇ ਉਸ ਤੋਂ ਛੁੱਟ ਕੋਈ ਹੋਰ ਰਚਨਹਾਰ ਨਹੀਂ ਹੈ।

ਗੁਰਬਾਣੀ ਵਿਚ ਪ੍ਰਭੂ ਨੂੰ ਥਾਪਨਹਾਰ, ਰਚਨਹਾਰ, ਕਰਤਾਰ, ਕਰਤਾ, ਚਿਤਰਕਾਰ, ਕਰਨਹਾਰ, ਤੇ ਸਾਜਨਹਾਰ ਵੀ ਕਿਹਾ ਗਿਆ ਹੈ ਤੇ ਇਹ ਖ਼ਾਲਕ ਦੇ ਹੀ ਅਰਥ ਹਨ; ਜਿਹਾ ਕਿ ਵਰਣਨ ਹੈ ਕਿ :—

(ੳ) **ਥਾਪਨਹਾਰ :—**

ਕਵਨ ਬਸੇਰੇ ਦਾਸ ਦਾਸਨ ਕੋ
ਥਾਪਿਓ "ਥਾਪਨਹਾਰੇ" ।

[ਸਾਰੰਗ ਮ: 5, ਪੰਨਾ 1214]

(ਅ) **ਰਚਨਹਾਰ :—**

"ਰਚਨਹਾਰੇ" ਨਹ ਸਿਮਰਿਓ
ਮਨਿ ਨ ਬੀਚਾਰਿ ਬਿਬੇਕ ।

[ਗਉੜੀ, ਮ: 5, ਪੰਨਾ 297]

Digitized by Panjab Digital Library | www.panjabdigilib.org

(ੲ) **ਕਰਤਾਰ :—**

ਭਲਣ ਅੰਦਰਿ ਸਭੁ ਕੋ
ਅਭੁਲੁ ਗੁਰੂ "**ਕਰਤਾਰ**"।

[ਸਿਰੀਰਾਗ, ਮ: 1, ਪੰਨਾ]

(ਸ) **ਚਿਤਰਕਾਰ :—**

ਤਜਿ ਚਿਤੁ ਚੇਤਹੁ "**ਚਿਤਰਕਾਰੀ**"

[ਗਉੜੀ, ਕਬੀਰ, ਪੰਨਾ]

(ਹ) **ਕਰਨਹਾਰ :—**

"**ਕਰਣੈਹਾਰੁ**" ਨ ਭੂਲਨਹਾਰਾ ॥

[ਗਉੜੀ, ਮ: 5, ਪੰਨਾ 253]

(ਕ) **ਕਰਤਾ :—**

ਤੂ ਆਪੇ ਆਪ ਆਪਿ ਸਭ "**ਕਰਤਾ**"
ਕੋਈ ਦੂਜਾ ਹੋਇ ਸੁ ਅਵਰੋ ਕਹੀਐ।

[ਵਾਰ ਵਡ ਹੰਸ ਮ: 4, ਪੰਨਾ 594]

(ਅ) ਤੂੰ ਆਦਿ ਪੁਰਖੁ ਅਪਰੰਪਰੁ "**ਕਰਤਾ**"
ਤੇਰਾ ਪਾਰੁ ਨ ਪਾਇਆ ਜਾਇ ਜੀਉ।

[ਆਸਾ, ਮ: 5, ਪੰਨਾ]

(ਖ) **ਸਾਜਨਹਾਰ ਜਾਂ ਸਿਰਜਨਹਾਰ :—**

(ੳ) ਮਾਈ ਏਕ ਅਨੇਕ ਭਾਂਤ ਕਰਿ
ਸਾਜੀ "**ਸਾਜਨਹਾਰੇ**"

[ਪ੍ਰਭਾਤੀ, ਕਬੀਰ, ਪੰਨਾ 1350]

(ਅ) ਹਉ ਕੁਰਬਾਨੀ ਗੁਰ ਆਪਣੇ
ਜਿਨਿ ਵਿਛੁੜਿਆ ਮੇਲਿਆ ਮੇਰਾ "**ਸਿਰਜਣਹਾਰਾ**"

[ਗਉੜੀ, ਮ: 4, ਪੰਨਾ 167]

ਸੋ ਗੱਲ ਕੀ, ਗੁਰਬਾਣੀ ਵਿਚ ਖ਼ਾਲਕ ਪਦ ਦੇ ਅਰਥਾਂ ਨੂੰ ਮੁਖ ਰਖ ਕੇ ਪ੍ਰਭੂ ਨੂੰ ਥਾਪਨਹਾਰ, ਰਚਨਹਾਰ, ਕਰਤਾਰ, ਕਰਤਾ, ਕਰਨਹਾਰ ਤੇ ਜਾਂ ਸਾਜਨਹਾਰ ਸਿਰਜਨਹਾਰ ਵੀ ਵਰਣਨ ਕੀਤਾ ਗਿਆ ਹੈ।

————

Digitized by Panjab Digital Library | www.panjabdigilib.org

# ਪ੍ਰਭੂ ਬੇਅੰਤ ਜਹਾਨਾਂ ਦਾ ਸਾਜਨਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਸਾਜਨਹਾਰ ਪ੍ਰਭੂ ਨੇ ਬੇਅੰਤ ਜਹਾਨ ਸਾਜੇ ਹੋਏ ਹਨ। ਅਸੀਂ ਓਹਨਾਂ ਦੀ ਗਿਣਤੀ ਵੀ ਨਹੀਂ ਕਰ ਸਕਦੇ। ਉਸਨੇ ਲੱਖਾਂ ਅਕਾਸ਼ ਤੇ ਪਾਤਾਲ ਹੋਂਦ ਵਿਚ ਆਂਦੇ ਹੋਏ ਹਨ; ਜਿਹਾ ਕਿ ਗੁਰੂ ਨਾਨਕ ਜੀ ਮਹਾਰਾਜ ਨੇ ਫ਼ਰਮਾਇਆ ਹੈ ਕਿ—

ਪਤਾਲਾ ਪਾਤਾਲ ਲਖ ਅਗਾਸਾ ਆਗਾਸ।

[ਜਪੁਜੀ, ਪੰਨਾ 5

**ਅਰਥਾਤ** :—ਸਾਜਨਹਾਰ ਪ੍ਰਭੂ ਨੇ ਲੱਖਾਂ ਹੀ ਅਕਾਸ਼ ਤੇ ਪਤਾਲ ਹੋਂਦ ਵਿਚ ਆਂਦੇ ਹੋਏ ਹਨ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।

[ਜਪੁਜੀ, ਪੰਨਾ 7

**ਅਰਥਾਤ** :—ਪ੍ਰਭੂ ਨੇ ਆਪਣੀ ਕੁਦਰਤ ਦੁਆਰਾ ਇਸ ਸਾਰੇ ਵਿਸ਼ਵ ਵਿਚ ਬਹੁਤ ਸਾਰੇ ਖੰਡ, ਮੰਡਲ ਤੇ ਬ੍ਰਹਿਮੰਡ ਸਾਜੇ ਹਨ, ਜਿਨ੍ਹਾਂ ਵਿਚ ਲੱਖਾਂ ਹੀ ਅਕਾਸ਼ ਤੇ ਪਤਾਲ ਹਨ। ਇਸੇ ਤਰ੍ਹਾਂ ਬੇਅੰਤ ਚੰਨ ਤੇ ਸੂਰਜ ਵੀ ਸਾਜੇ ਹਨ। ਉਸਨੇ ਬੇਅੰਤ ਜਹਾਨ ਪੈਦਾ ਕੀਤੇ ਹਨ ਤੇ ਉਹ ਓਹਨਾਂ ਸਾਰਿਆਂ ਦਾ ਹੀ ਖ਼ਾਲਕ ਤੇ ਮਾਲਕ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ—



Digitized by Panjab Digital Library | www.panjabdigilib.org

ਕਈ ਕੋਟਿ ਪਵਣ ਪਾਣੀ ਬੈਸੰਤਰ ।
ਕਈ ਕੋਟਿ ਦੇਸ ਭੂ ਮੰਡਲ ।
ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ ।
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ।
... ... ... ...
ਕਈ ਕੋਟਿ ਖਾਣੀ ਅਰੁ ਖੰਡ
ਕਈ ਕੋਟਿ ਆਕਾਸ਼ ਬ੍ਰਹਿਮੰਡ ॥

[ਗਉੜੀ, ਮ: 5, ਪੰਨਾ 276

ਇਕ ਹੋਰ ਥਾਂ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ :—

ਕੋਟ ਸੂਰਜ ਜਾ ਕੇ ਪਰਗਾਸ ।

[ਭੈਰਉ, ਕਬੀਰ ਪੰਨਾ 1162

ਅਰਥਾਤ :—

ਕੋਟਿ ਚੰਦ੍ਰਮੇ ਕਰਹਿ ਚਰਾਕ ।

[ਭੈਰਉ, ਕਬੀਰ, ਪੰਨਾ 1163

ਅਰਥਾਤ—ਸਾਜਨਹਾਰ ਪ੍ਰਭੂ ਨੇ ਚਾਨਣੀ ਦੇਣ ਵਾਲੇ ਕਰੋੜਾਂ ਸੂਰਜ ਸਾਜੇ ਹਨ ਤੇ ਕਰੋੜਾਂ ਹੀ ਚਾਨਣਾ ਦੇਣ ਵਾਲੇ ਚੰਨ ਹੋਂਦ ਵਿਚ ਆਂਦੇ ਹਨ ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ—

ਅਨਿਕ ਸੂਰ ਸਸੀਅਰ ਨਖਿਆਤ ।

[ਸਾਰੰਗ, ਮ: 5, ਪੰਨਾ 1236

ਅਰਥਾਤ—ਇਸ ਵਿਸ਼ਵ ਵਿਚ ਪ੍ਰਭੂ ਨੇ ਬੇਅੰਤ ਸੂਰਜ, ਚੰਨ ਤੇ ਨਖਤ੍ਰ ਤਾਰੇ ਆਦਿ ਸਾਜੇ ਹਨ ।

ਸ੍ਰੀ ਗੁਰੂ ਨਾਨਕ ਜੀ ਦਾ ਇਸ ਬਾਰੇ ਇਹ ਫ਼ਰਮਾਨ ਵੀ ਹੈ ਕਿ—

ਅੰਤੁ ਨ ਜਾਪੈ ਕੀਤਾ ਆਕਾਰੁ ।
ਅੰਤੁ ਨ ਜਾਪੈ ਪਾਰਾਵਾਰੁ ।

[ਜਪੁਜੀ, ਪੰਨਾ 5

Digitized by Panjab Digital Library | www.panjabdigilib.org

**ਅਰਥਾਤ**—ਪ੍ਰਭੂ ਦੀ ਰਚਨਾ ਦਾ ਅੰਤ ਨਹੀਂ ਹੈ। [ਕੋਈ ਵੀ ਪ੍ਰਾਣੀ ਇਸਦੇ ਪਾਰਾਵਾਰ ਦਾ ਅੰਤ ਨਹੀਂ ਪਾ ਸਕਦਾ।

ਕੁਰਾਨ ਸ਼ਰੀਫ਼ ਵਿਚ ਇਹ ਲਿਖਿਆ ਮਿਲਦਾ ਹੈ ਕਿ—

اَلْحَمْدُ لِلّٰهِ رَبِّ الْعَالَمِیْنَ ۝ — رَبُّ
السَّمٰوٰتِ وَالْاَرْضِ وَمَا بَیْنَهُمَا وَرَبُّ الْمَشَارِقِ ۝

**ਅਰਥਾਤ**—ਹਰੇਕ ਉਪਮਾ ਦਾ ਅਧਿਕਾਰੀ ਸਾਜਨਹਾਰ ਤੇ ਪਾਲਨਹਾਰ ਅੱਲਾਹ ਹੀ ਹੈ, ਜਿਸਨੇ ਬੇਅੰਤ ਜਹਾਨਾਂ ਦੀ ਸਾਜਨਾ ਕੀਤੀ ਹੈ। ਉਸਨੇ ਇਸ ਵਿਸ਼ਵ ਵਿਚ ਅਨੇਕਾਂ ਸੂਰਜ ਸਾਜੇ ਹਨ, ਜਿਨ੍ਹਾਂ ਰਾਹੀਂ ਪੂਰਬਾਂ ਤੇ ਪੱਛਮਾਂ ਦੀਆਂ ਹੱਦਾਂ ਹੋਂਦ ਵਿਚ ਆਈਆਂ ਹਨ। "ਰੱਬੁਲ ਮਸ਼ਾਰਕ" ਦਾ ਅਰਥ ਅਨੇਕਾਂ ਪੂਰਬਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ ਅਤੇ "ਰੱਬੁਲ ਆਲਮੀਨ" ਦਾ ਭਾਵ ਅਨੇਕਾਂ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ। ਇਸ ਤੋਂ ਇਹ ਅਸਲੀਅਤ ਪਰਗਟ ਹੋ ਜਾਂਦੀ ਹੈ ਕਿ ਸਾਜਨਹਾਰ ਪ੍ਰਭੂ ਨੇ ਅਨੇਕਾਂ ਜਹਾਨ ਤੇ ਅਨੇਕਾਂ ਸੂਰਜ ਹੋਂਦ ਵਿਚ ਲਿਆਕੇ ਅਨੇਕਾਂ ਪੂਰਬਾਂ ਤੇ ਅਨੇਕਾਂ ਪੱਛਮਾਂ ਦਾ ਸਿਲਸਿਲਾ ਤੋਰਿਆ ਹੈ; ਕਿਉਂਕਿ ਪੂਰਬ ਦਾ ਸੰਬੰਧ ਸੂਰਜ ਨਾਲ ਹੀ ਹੈ। ਅਨੇਕਾਂ ਪੂਰਬ ਤਦੇ ਹੀ ਹੋਂਦ ਵਿਚ ਆ ਸਕਦੇ ਹਨ, ਜੇ ਅਨੇਕਾਂ ਸੂਰਜ ਹੋਣ।

ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਸ ਗੱਲ ਦਾ ਵੀ ਪਰਗਟਾਵਾ ਕੀਤਾ ਹੈ ਕਿ ਸਾਜਨਹਾਰ ਪ੍ਰਭੂ ਨੇ ਸਾਡੇ ਮੰਡਲ ਵਿਚ ਇਕ ਸੂਰਜ ਸਾਜਿਆ ਹੈ ਤੇ ਇਸ ਤੋਂ ਛੁਟ ਇਸ ਮੰਡਲ ਦੇ ਸੱਤ ਅਕਾਸ਼ ਤੇ ਸੱਤ ਪਤਾਲ ਵੀ ਹਨ; ਜਿਹਾ ਕਿ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਸੂਰਜੁ ਏਕੋ ਰੁਤਿ ਅਨੇਕ।
ਨਾਨਕ ਕਰਤੇ ਕੇ ਕੇਤੇ ਵੇਸ।

[ਆਸਾ, ਮ: 1, ਪੰਨਾ 12 ਤੇ 357

**ਅਰਥਾਤ**—ਪ੍ਰਭੂ ਨੇ ਸ਼ਾਡੇ ਮੰਡਲ ਦਾ ਪ੍ਰਬੰਧ ਚਲਾਉਣ ਲਈ ਇਕੋ ਸੂਰਜ ਸਾਜਿਆ ਹੈ ਅਤੇ ਉਸ ਇਕੋ ਸੂਰਜ ਦੁਆਰਾ ਹੀ ਅਨੇਕਾਂ ਰੁਤਾਂ ਹੋਂਦ ਵਿਚ ਆਂਦੀਆਂ ਹਨ।

Digitized by Panjab Digital Library | www.panjabdigilib.org

ਹੁਣ ਕੋਈ ਵੀ ਸੱਜਣ ਇਹ ਆਖਣ ਦਾ ਹੀਆ ਨਹੀਂ ਕਰ ਸਕਦਾ ਕਿ "ਏਕੋ ਸੂਰਜ" ਵਰਣਨ ਕਰਕੇ ਗੁਰੂ ਜੀ ਨੇ ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਇਕੋ ਸੂਰਜ ਮੰਨਿਆਂ ਹੈ; ਸਗੋਂ ਇਸਦਾ ਕੇਵਲ ਤੇ ਕੇਵਲ ਏਹੋ ਹੀ ਭਾਵ ਹੈ ਕਿ ਸਾਡੇ ਮੰਡਲ ਦਾ ਇਕੋ ਸੂਰਜ ਹੈ, ਜਿਸ ਤੇ ਸਾਰਾ ਪ੍ਰਬੰਧ ਅਧਾਰਤ ਹੈ। ਨਹੀਂ ਤਾਂ ਇਸ ਸਾਰੇ ਵਿਸ਼ਵ ਵਿਚ ਪ੍ਰਭੂ ਨੇ ਬੇਅੰਤ ਸੂਰਜ ਤੇ ਬੇਅੰਤ ਚੰਨ ਆਦਿ ਸਾਜੇ ਹਨ, ਜੋ ਆਪੋ ਆਪਣੇ ਮੰਡਲਾਂ ਨਾਲ ਸੰਬੰਧਤ ਹਨ।

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ।
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕੀ ਵਾਰੀ॥

[ਬਸੰਤ, ਮ: 1, ਪੰਨਾ 1190

ਗੁਰੂ ਨਾਨਕ ਜੀ ਦੇ ਇਸ ਸ਼ਬਦ ਵਿਚ ਵਰਣਿਤ ਪਦ "ਚਉਦਾ" ਦੇ ਅਰਥ ਸਾਰੇ ਹੀ ਵਿਦਵਾਨਾਂ ਨੇ ਚਉਦਾ ਤਬਕ ਕੀਤੇ ਹਨ, ਅਰਥਾਤ ਸਤ ਅਕਾਸ਼ ਤੇ ਸਤ ਪਤਾਲ।

ਜਨਮ ਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਨਾਨਕ ਜੀ ਦਾ ਇਹ ਫ਼ਰਮਾਨ ਹੈ ਕਿ :—

"ਚਉਦਾ ਤਬਕ ਹਨ, ਸਤ ਤਬਕ ਉਪਰ ਸਤ ਤਬਕ ਹੇਠਾਂ ਜ਼ਮੀਨ ਦੇ।"

[ਜਨਮ ਸਾਖੀ, ਭਾ: ਬਾਲਾ, ਪੰਨਾ 133

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਦਾ ਸੁੰਨ ਅਵਸਥਾ ਤੋਂ ਸਤ ਪਾਤਾਲ ਸਾਜਣਾ ਵੀ ਵਰਣਨ ਕੀਤਾ ਹੈ; ਜਿਹਾ ਕਿ :—

ਸੁੰਨਹੁ ਸਪਤ ਪਾਤਾਲ ਉਪਾਏ।

[ਮਾਰੂ ਮ: 1, ਪੰਨਾ 10.8

ਸ੍ਰੀ ਦਸਮ ਗਰੰਥ ਵਿਚ ਵਰਣਨ ਹੈ ਕਿ—

ਸਤੋ ਅਕਾਸ ਸਾਤੋ ਪਤਾਰ।
ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰ।

(ਦਸਮ ਗ੍ਰੰਥ, ਪੰਨਾ 35

Digitized by Panjab Digital Library | www.panjabdigilib.org

ਸ੍ਰੀ ਦਸਮ ਗਰੰਥ ਦੇ ਇਸ ਵਾਕ ਤੇ ਵੀ ਸਤ ਅਕਾਸ਼ ਤੋਂ ਸਤ ਪਤਾਲ ਸਿਧ ਹਨ, ਜੋ ਇਸ ਮੰਡਲ ਨਾਲ ਸੰਬੰਧਤ ਹਨ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ :—

ਸਾਤ ਅਕਾਸ਼ ਪਤਾਲਨ ਸਾਤਨ।
ਫੈਲ ਰਹਯੋ ਜਸ ਨਾਮ ਇਸੀ ਕੋ।
(ਦਸਮ ਗਰੰਥ, ਪੰਨਾ 319

ਅਰਥਾਤ—ਸੱਤਾਂ ਅਕਾਸ਼ਾਂ ਤੇ ਸੱਤਾਂ ਪਤਾਲਾਂ ਵਿਚ ਹੀ ਸਾਜਨਹਾਰ ਪ੍ਰਭੂ ਦਾ ਜਸ ਪਸਰਿਆ ਹੋਇਆ ਹੈ ਤੇ ਕੀਰਤੀ ਫੈਲੀ ਹੋਈ ਹੈ ।

ਸ੍ਰੀ ਦਸਮ ਗਰੰਥ ਵਿਚ ਹੋਰ ਵੀ ਕਈ ਥਾਈਂ ਚੌਦਹ ਲੋਕ ਵਰਨਣ ਕੀਤੇ ਗਏ ਹਨ ।

(ਵੇਖੋ ਪੰਨਾ 114, 601 ਤੇ 1245 ਆਦਿ)

ਪ੍ਰਸਿਧ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ :—

ਸਤ ਅਕਾਸ਼ ਪਤਾਲ ਸਤ।
ਵਸਗਤਿ ਕਰ ਉਪਰੇਰੈ ਚਲਿਆ।
(ਵਾਰ, 7 ਪੌੜੀ 7,

ਏਹਨਾਂ ਹਵਾਲਿਆਂ ਤੋਂ ਇਹ ਪਰਗਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਹੀ ਮਹਾਰਾਜ ਦੀ ਬਾਣੀ ਤੇ ਦੂਜੀਆਂ ਸਿੱਖ ਪੁਸਤਕਾਂ ਵਿਚ ਇਹ ਗਲ ਸਪਸ਼ਟ ਅੱਖਰਾਂ ਵਿਚ ਮੰਨੀ ਗਈ ਹੈ ਕਿ ਪ੍ਰਭੂ ਨੇ ਲੱਖਾਂ ਅਕਾਸ਼ਾਂ ਤੇ ਪਤਾਲਾਂ ਦੀ ਸਾਜਨਾ ਕਰਨ ਦੇ ਨਾਲ ਹੀ ਸਾਡੇ ਮੰਡਲ ਦੇ ਸੱਤ ਅਕਾਸ਼ ਤੇ ਸੱਤ ਪਤਾਲ ਹੋਂਦ ਵਿਚ ਆਂਦੇ ਹਨ। ਜਾਣੋ, ਜਿੱਥੇ ਤਕ ਸਾਡੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਸੰਬੰਧ ਹੈ, ਉਨ੍ਹਾਂ ਵਿਚ ਤਾਂ ਲੱਖਾਂ ਹੀ ਅਕਾਸ਼ ਤੇ ਪਤਾਲ ਹਨ, ਪਰ ਸਾਡੇ ਮੰਡਲ ਦਾ ਕਾਰ-ਵਿਹਾਰ ਚਲਾਉਣ ਲਈ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਨੇ ਸੱਤ ਅਕਾਸ਼ ਤੇ ਸੱਤ ਪਤਾਲ ਸਾਜੇ ਹਨ, ਜਿਨ੍ਹਾਂ ਨੂੰ ਚੌਦਾਂ ਤਬਕ ਜਾਂ ਚੌਦਾਂ ਲੋਕ ਵੀ ਕਿਹਾ ਜਾਂਦਾ ਹੈ।

ਇਕ ਸਿੱਖ ਵਿਦਵਾਨ ਨੇ ਇਸੇ ਹੀ ਗੱਲ ਨੂੰ ਮੁਖ ਰੱਖ ਕੇ ਇਹ ਲਿਖਿਆ ਹੈ ਕਿ :—

Digitized by Panjab Digital Library | www.panjabdigilib.org

"ਕਿਉਂ ਜੀ ਉਪਰ ਲਿਖੀਆਂ ਪੰਗਤੀਆਂ ਵਿਚ ਜੋ ਚੌਦਾਂ ਲੋਕ ਲਿਖੇ ਹਨ, ਸੋ ਆਪ ਦੀ ਨਿਗਾਹ ਕਿਉਂ ਨ ਪੜੀਆਂ। ਅਰ ਜੋ ਜਪੁਜੀ ਸਾਹਿਬ ਮੇਂ ਲਖਾਂ ਅਕਾਸ਼ ਦੱਸੇ ਹਨ, ਸੋ ਅਕਾਲ ਪੁਰਖ ਦੀ ਬਿਅੰਤਤਾ ਦੱਸੀ ਹੈ, ਅਰ ਜੋ ਚੌਦਾਂ ਲੋਕ ਦੱਸੇ ਹਨ, ਸੋ ਇਕ ਬ੍ਰਹਿਮੰਡ ਦੇ ਦੱਸੇ ਹਨ।'

[ਦਸਮ ਗੁਰ ਗਿਰਾਂ ਪ੍ਰਕਾਸ਼
ਗ੍ਰੰਥ ਪੰਨਾ 8 ਤੇ 9

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਲਿਖਿਆ ਹੈ ਕਿ :—

الله الذي خلق سبع سموت ومن الارض
مثلهن يتنزل الامر بينهن لتعلموا ان
الله على كل شيء قدير

**ਅਰਥਾਤ**—ਪ੍ਰਭੂ ਨੇ ਇਸ ਮੰਡਲ ਵਿਚ ਸੱਤ ਅਕਾਸ਼ ਤੇ ਉੱਨੇ ਹੀ ਪਤਾਲ ਬਣਾਏ ਹਨ ਅਤੇ ਏਹਨਾ ਤੇ ਰਾਜ ਵੀ ਉਸੇ ਦਾ ਹੀ ਹੈ। ਉਹ ਪ੍ਰਭੂ ਸਰਬ ਕਲਾ ਸਮਰਥ ਹੈ।

ਜਾਣੋ, ਜਿਥੋਂ ਤਕ ਸਾਰੇ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਸੰਬੰਧ ਹੈ, ਉਸ ਵਿਚ ਪ੍ਰਭੂ ਨੇ ਬੇਅੰਤ ਅਕਾਸ਼, ਪਤਾਲ, ਸੂਰਜ, ਚੰਨ ਤੇ ਤਾਰੇ ਆਦਿ ਸਾਜੇ ਹਨ, ਇਸੇ ਕਰਕੇ ਹੀ ਉਸ ਨੂੰ "ਰੱਬਲ ਆਲਮੀਨ' ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਕਿਹਾ ਗਿਆ ਹੈ। ਪਰ ਸਾਡੇ ਇਸ ਮੰਡਲ ਦਾ ਕਾਰ-ਵਿਹਾਰ ਚਲਾਉਣ ਲਈ ਪ੍ਰਭੂ ਨੇ ਇਕ ਸੂਰਜ, ਇਕ ਚੰਨ, ਅਤੇ ਸੱਤ ਅਕਾਸ਼ ਤੇ ਸੱਤ ਪਤਾਲ ਸਾਜੇ ਹਨ, ਇਸੇ ਹੀ ਭਾਵ ਨੂੰ ਮੁਖ ਰਖਕੇ ਕੁਰਾਨ ਸ਼ਰੀਫ਼ ਵਿਚ "ਸੱਬਅ ਸਮਾਵਾਤ" ਕਿਹਾ ਗਿਆ ਹੈ।

---

Digitized by Panjab Digital Library | www.panjabdigilib.org

# ਕੁਨ ਇਕ (ਕਵਾਉ) ਤੋਂ ਰਚਨਾ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦੀ ਇਹ ਸ਼ਾਨ ਵਰਣਨ ਕੀਤੀ ਹੈ ਕਿ ਉਹ ਇਕ ਕਵਾਉ (ਕੁਨ) ਦੁਆਰਾ ਹੀ ਸਾਰੀ ਰਚਨਾ ਰਚਾਉਂਦਾ ਹੈ। "ਕੁਨ" ਅਰਬੀ ਭਾਸ਼ਾ ਦਾ ਪਦ ਹੈ ਤੇ ਇਸ ਦਾ ਅਰਥ ਹੈ ਹੋ ਜਾ। ਪ੍ਰਭੂ ਜਿਸ ਚੀਜ਼ ਨੂੰ ਸਾਜਣਾ ਚਾਹੁੰਦਾ ਹੈ, ਉਸ ਨੂੰ ਹੋਂਦ ਵਿਚ ਲਿਆਉਣ ਲਈ ਉਹ ਮਾਦੇ ਤੇ ਤੇਸੀਆਂ ਕਾਂਡੀਆਂ ਆਦਿ ਦੀ ਭਾਲ ਨਹੀਂ ਕਰਦਾ; ਸਗੋਂ ਉਹ ਆਪਣੇ ਹੁਕਮ ਦੁਆਰਾ ਹੀ ਉਸ ਨੂੰ ਹੋਂਦ ਵਿਚ ਲਿਆਉਂਦਾ ਹੈ। ਸਾਰੇ ਹੀ ਵਿਸ਼ਵ ਦਾ ਕਰਣਕਾਰਣ ਇੱਕੋ ਇਕ ਪ੍ਰਭੂ ਹੀ ਹੈ।

ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ:—

ਕੀਤਾ ਪਸਾਉ ਏਕੋ 'ਕਵਾਉ।'
ਤਿਸਤੇ ਹੋਇ ਲਖ ਦਰੀਆਉ।

[ਜਪੁਜੀ, ਪੰਨਾ 3

**ਅਰਥਾਤ:**—ਪ੍ਰਭੂ ਨੇ ਸਾਰੀ ਰਚਨਾ ਇਕ ਕਵਾਉ (ਜਿਸ ਨੂੰ ਅਸੀਂ "ਕੁਨ" ਹੀ ਕਹਿ ਸਕਦੇ ਹਾਂ), ਦੁਆਰਾ ਰਚਾਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਿਆਖਿਆ ਕਰਦਿਆਂ ਇਹ ਕਿਹਾ ਗਿਆ ਹੈ ਕਿ—

ਖੰਡ ਦੀਪ ਸਭਿ ਲੋਅ।
ਏਕ "ਕਵਾਵੈ" ਤੇ ਸਭਿ ਹੋਆ॥

[ਮਾਰੂ, ਮ:1, ਪੰਨਾ 1003



Digitized by Panjab Digital Library | www.panjabdigilib.org

ਇਸ ਦਾ ਵੀ ਏਹੋ ਭਾਵ ਹੈ ਕਿ ਪ੍ਰਭੂ ਨੇ ਸਾਰੀ ਸਾਜਨਾ ਇਕ ਕਵਾਉ (ਕੁਨ) ਰਾਹੀਂ ਕੀਤੀ ਹੈ ।

ਗੁਰੂ ਨਾਨਕ ਜੀ ਮਹਾਰਾਜ ਨੇ ਇਕ ਥਾਂ ਇਹ ਫ਼ਰਮਾਇਆ ਹੈ ਕਿ—

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ "ਕਵਾਉ ॥"

[ਵਾਰ ਆਸਾ, ਸ: ਮ:1, ਪੰਨਾ 463

ਅਰਥਾਤ:—

"ਕਵਾਉ ਦੇ ਜਿੰਦੁ ਲੈਸਹਿ=ਹੁਕਮ ਦੇ ਕੇ ਜਿੰਦ
ਲੈ ਲਵੇਂਗਾ (ਪ੍ਰਾਣ ਕਢ ਲਵੇਂਗਾ)"

[ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ
ਪੰਨਾ 463

ਜਾਣੋ, ਪ੍ਰਭੂ ਦਾ ਕਿਸੇ ਚੀਜ਼ ਨੂੰ ਸਾਜਣਾ ਜਾਂ ਸਮਾਣਾ ਉਸ ਦੇ ਹੁਕਮ (ਕੁਨ) ਦੀ ਹੀ ਖੇਡ ਹੈ ।

ਇਕ ਸਿੱਖ ਵਿਦਵਾਨ ਪ੍ਰੋ: ਸ਼ੇਰ ਸਿੰਘ ਜੀ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ਮੁਸਲਮਾਨੀ ਖਿਆਲ ਕਿ ਸ੍ਰਿਸ਼ਟੀ ਰਚਨਾ ਰੱਬ ਦੇ ਹੁਕਮ...... "ਕੁਨ" ਕਹਿਣ ਨਾਲ ਹੋ ਗਈ, ਗੁਰਬਾਣੀ ਦੀਆਂ ਕਈ ਤੁਕਾਂ ਵਿਚ ਝਲਕ ਮਾਰਦਾ ਦਿਸਦਾ ਹੈ । ਸ੍ਰੀ ਜਪੁਜੀ ਵਿਚ ਹੈ :—ਕੀਤਾ ਪਸਾਉ ਏਕੋ ਕਵਾਉ ।.........ਹੁਕਮੀ ਹੋਵਨਿ ਆਕਾਰ । ਵਾਰ ਮਲਾਰ ਵਿਚ ਫ਼ਰਮਾਂਦੇ ਹਨ ।......ਹੁਕਮੇ ਹੀ ਸਭ ਸਾਜੀਅਨ ।"

[ਗੁਰਮਤਿ ਦਰਸ਼ਨ, ਪੰਨਾ 143

ਅਰਥਾਤ :—

"ਪੱਛਮੀ ਮਤਾਂ ਦਾ ਇਹ ਪ੍ਰਸਿਧ ਖਿਆਲ ਹੈ ਕਿ ਰੱਬ ਨੇ ਹੁਕਮ ਕੀਤਾ ਕਿ ਸ੍ਰਿਸ਼ਟੀ ਬਣ ਗਈ "ਕੁਨ ਕੇ ਕਹਿਨੇ ਸੇ ਦੀਆਂ ਆਲਮ ਬਪਾ" ਗੁਰਬਾਣੀ ਇਸੇ ਖਿਆਲ ਨੂੰ ਅਪਨਾਣ ਵਾਲੀ ਤੁਕ ਦਾ ਜਪੁਜੀ ਸਾਹਿਬ ਵਿਚੋਂ ਪ੍ਰਮਾਣ ਦਿੱਤਾ ਜਾਂਦਾ ਹੈ, ਕੀਤਾ ਪਸਾਉ ਏਕੋ ਕਵਾਉ ਤਿਸਤੇ ਹੋਇ ਲਖ

Digitized by Panjab Digital Library | www.panjabdigilib.org

ਦਰੀਆਉ ।........ਹੁਕਮ ਦਾ ਭਾਵ ਇੱਛਾ ਜਾਂ ਇਰਾਦਾ ਹੈ । ਇਸ ਦਾ ਭਾਵ ਰੱਬੀ ਫੁਰਨਾ ਹੈ । ਇਹ ਈਸ਼ਵਰੀ ਫੁਰਨਾ ਹੀ ਸਾਰੇ ਸੰਸਾਰ ਦੀ ਹੋਂਦ ਦਾ ਕਾਰਨ ਹੈ ।"

[ਗੁਰਮਤਿ ਦਰਸ਼ਨ, ਪੰਨਾ 235

ਇਕ ਹੋਰ ਸਿੱਖ ਵਿਦਵਾਨ ਦਾ ਕਥਨ ਹੈ ਕਿ—

"ਸ੍ਰਿਸ਼ਟੀ ਰਚਨਾ ਬਾਰੇ ਗੁਰੂ ਜੀ ਦਾ ਵਿਚਾਰ ।"—"ਕੀਤਾ ਪਸਾਉ ਏਕੋ ਕਵਾਉ ।" ਇਸਲਾਮੀ ਦ੍ਰਿਸ਼ਟੀ ਕੋਣ ਨਾਲ ਮਿਲਦਾ ਹੈ, ਜਿਸ ਅਨੁਸਾਰ—

"ਕੁਨ" ਕੇ ਕਹਿਨੇ ਸੇ ਕੀਆ ਆਲਮ ਬਪਾ ।

["ਕੌਮੀ ਏਕਤਾ, ਨਵੀਂ ਦਿੱਲੀ
[24 ਨਵੰਬਰ 1969

ਕੁਰਾਨ ਸ਼ਰੀਫ਼ ਦਾ ਕਥਨ ਹੈ ਕਿ—

إِذَا قَضَىٰ أَمْرًا فَإِنَّمَا يَقُولُ لَهُ كُن فَيَكُونُ ۝

**ਅਰਥਾਤ** :—ਜਦ ਉਹ (ਪ੍ਰਭੂ) ਕਿਸੇ ਗੱਲ ਦੀ ਇੱਛਾ ਕਰਦਾ ਹੈ, ਤਾਂ ਕੁਨ (ਹੋ ਜਾ) ਕਹਿਣ ਨਾਲ ਹੀ ਹਚਨਾ ਰਚਾ ਦਿੰਦਾ ਹੈ । ਉਸ ਨੂੰ ਕਿਸੇ ਚੀਜ਼ ਦੇ ਹੋਂਦ ਵਿਚ ਲਿਆਉਣ ਲਈ ਮਾਦੇ ਜਾਂ ਤੇਸੀਆਂ ਕਾਂਡੀਆਂ ਦੀ ਲੋੜ ਨਹੀਂ ਪੈਂਦੀ ।

ਇਕ ਸਿੱਖ ਵਿਵਾਦਨ ਡਾ: ਤਾਰਨ ਸਿੰਘ ਜੀ ਲਿਖਦੇ ਹਨ ਕਿ—

"ਇਕ ਥਾਂ ਗੁਰੂ ਜੀ ਨੇ ਅਵਸ਼ ਸੰਕੇਤ ਕੀਤਾ ਹੈ ਕਿ ਇਸ ਪ੍ਰਕਾਰ ਦਾ ਵਿਸਥਾਰ ਜਾਂ ਹੋਂਦ ਕੇਵਲ ਇਕ ਵਾਕ ਨਾਲ ਹੋਈ ਹੈ"—"ਕੀਤਾ ਪਸਾਉ ਏਕੋ ਕਵਾਉ ।" ਮੁਸਲਮਾਨਾਂ ਦਾ 'ਕੁਨ' ਸਿਧਾਂਤ ਵੀ ਕੁਝ ਇਸੇ ਕਿਸਮ ਦਾ ਹੈ ।"

[ਵਿਚਾਰਧਾਰਾ ਪੰਨਾ 43

ਇਸ ਤੋਂ ਸਿਧ ਹੈ ਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਸਾਰੀ ਰਚਨਾ ਦਾ ਰਚਾਉਣਾ ਤੇ ਫਿਰ ਉਸ ਨੂੰ ਸਪੇਟਣਾ ਪ੍ਰਭੂ ਦੇ ਹੁਕਮ ਕਵਾਉ (ਕੁਨ) ਦੀ ਹੀ ਖੇਡ ਹੈ ।

Digitized by Panjab Digital Library | www.panjabdigilib.org

# ਸੂਰਜ ਚੰਨ ਤੇ ਤਾਰਿਆਂ ਦੀ ਰਚਨਾ
# ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਵਿਚਾਰ ਵੀ ਸੀ ਕਿ ਸੂਰਜ, ਚੰਨ ਤੇ ਤਾਰਿਆਂ ਦੀ ਰਚਨਾ ਸਾਜਨਹਾਰ ਪ੍ਰਭੂ ਨੇ ਹੀ ਕੀਤੀ ਹੈ ਤੇ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਏਹਨਾਂ ਦੀ ਅਣਹੋਂਦ ਸੀ। ਸ੍ਰੀ ਗੁਰੂ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ—

ਅਰਬਦ ਨਰਬਦ ਧੁੰਧੂਕਾਰਾ।
ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥

[ਮਾਰੂ, ਮ:1 ਪੰਨਾ 1035

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿੱਤਰ ਵਾਕ ਦਾ ਏਹੋ ਹੀ ਭਾਵ ਹੈ ਕਿ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਅਕਾਸ਼ ਤੇ ਪਤਾਲ ਹੋਂਦ ਵਿਚ ਨਹੀਂ ਆਏ ਸਨ। ਉਸ ਸਮੇਂ ਦਿਨ ਤੇ ਰਾਤ ਦਾ ਸਿਲਸਲਾ ਵੀ ਸ਼ੁਰੂ ਨਹੀਂ ਹੋਇਆ ਸੀ, ਕਿਉਂ ਜੁ ਉਦੋਂ ਚੰਨ ਤੇ ਸੂਰਜ ਵੀ ਨਹੀਂ ਸਾਜੇ ਗਏ ਸਨ। ਉਦੋਂ ਇਕੋਇਕ ਪ੍ਰਭੂ ਹੀ ਜਲਵਾਗਰ ਸੀ: ਇਸ ਨੂੰ ਇਸਲਾਮੀ ਪੁਸਤਕਾਂ ਵਿਚ ਦੌਰਿ-ਵਹਿਦਤ ਕਿਹਾ ਗਿਆ ਹੈ।

ਸ੍ਰੀ ਗੁਰੂ ਜੀ ਨੇ ਇਕ ਹੋਰ ਥਾਂ ਸੂਰਜ ਤੇ ਚੰਨ ਆਦਿ ਦਾ ਪ੍ਰਭੂ ਦੁਆਰਾ ਹੋਂਦ



Digitized by Panjab Digital Library | www.panjabdigilib.org

ਵਿਚ ਆਉਣਾ ਇਉਂ ਵਰਣਨ ਕੀਤਾ ਹੈ ਕਿ—

ਸੁੰਨਹੁ ਚੰਦੁ ਸੂਰਜ ਗੈਣਾਰੇ ।
ਤਿਸ ਕੀ ਜੋਤਿ ਤ੍ਰਿਭਵਣ ਸਾਰੇ ।

[ਮਾਰੂ ਮ:1, ਪੰਨਾ 1037

**ਅਰਥਾਤ** :—ਸਾਜਨਹਾਰ ਪ੍ਰਭੂ ਨੇ ਸੂਰਜ ਤੇ ਚੰਨ ਨੂੰ ਹੋਂਦ ਵਿਚ ਆਂਦਾ ਹੈ । ਏਹ ਉਸ ਸੱਚੇ ਰਚਨਹਾਰ ਦੀ ਰਚਨਾ ਹਨ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਫ਼ਰਮਾਇਆ ਹੈ ਕਿ—

ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰ ਅੰਧਾਰੋ ।
ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤ ਵੀਚਾਰੋ ॥

[ਵਡਹੰਸ, ਮ:1, ਪੰਨਾ 580

**ਅਰਥਾਤ** :—ਸੂਰਜ ਤੇ ਚੰਦ ਦੀ ਸਾਜਨਾ ਸਾਜਨਹਾਰ ਪ੍ਰਭੂ ਨੇ ਹੀ ਕੀਤੀ ਹੈ ਅਤੇ ਉਸੇ ਨੇ ਹੀ ਦਿਨ-ਰਾਤ ਦੀ ਰੀਤੀ ਤੋਰੀ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ:—

"ਤੁਧੁ ਆਪੇ ਧਰਤੀ ਸਾਜੀਐ
ਚੰਦੁ ਸੂਰਜੁ ਦੁਇ ਦੀਵੇ ।"

[ਵਾਰ ਸਿਰੀਰਾਗ, ਮ: 4, ਪੰਨਾ 83

**ਅਰਥਾਤ** :—

ਆਪੇ ਸ੍ਰਿਸ਼ਟਿ ਉਪਾਇਦਾ ਪਿਆਰਾ
ਕਰਿ ਸੂਰਜੁ ਚੰਦੁ ਚਾਨਾਣੁ" ॥

[ਸੋਰਠ ਮ: 4, ਪੰਨਾ 606

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਕ ਸਮਾਂ ਅਜੇਹਾ ਵੀ ਸੀ ਕਿ ਜਦ ਸੂਰਜ ਤੇ ਚੰਦ ਦੀ ਸਾਜਨਾ ਨਹੀਂ ਹੋਈ ਸੀ; ਜਿਹਾ ਕਿ ਵਰਣਨ ਹੈ ਕਿ —

ਚੰਦੁ ਨ ਹੋਤਾ ਸੂਰ ਨ ਹੋਤਾ
ਪਾਨੀ ਪਵਨੁ ਮਿਲਾਇਆ ॥

[ਰਾਮਕਲੀ, ਨਾਮਦੇਵ, ਪੰਨਾ 373

Digitized by Panjab Digital Library | www.panjabdigilib.org

**ਅਰਥਾਤ:**—ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਚੰਦ ਵੀ ਨਹੀਂ ਸੀ ਤੇ ਸੂਰਜ ਵੀ ਨਹੀਂ ਸੀ ।

ਇਕ ਸਿੱਖ ਵਿਦਵਾਨ ਜੀ ਨੇ ਲਿਖਿਆ ਹੈ ਕਿ—

ਹੋਂਦ ਤੋਂ ਪਹਿਲਾਂ ਕੇਵਲ ਸੁੰਨ "ਹਸਤੀ" ਸੀ; ਜਦੋਂ ਨਾ ਬ੍ਰਹਿਮੰਡ ਸੀ, ਨਾ ਸੂਰਜ, ਨਾ ਪ੍ਰਿਥਵੀ, ਨਾ ਕੁਦਰਤ ਦਾ ਕੋਈ ਹੋਰ ਜਲਵਾ । ਤਦੋਂ —

ਝਿਲਮਿਲਿ ਝਿਲਕੈ ਚੰਦੁ ਨ ਤਾਰਾ,
ਸੂਰਜ ਕਿਰਣਿ ਨ ਬਿਜਲਿ ਗੈਣਾਰਾ ।

[ਨਾਨਕ ਪ੍ਰਕਾਸ਼ ਪਤ੍ਰਿਕਾ ਪਟਿਆਲਾ
ਮਾਰਚ 1969

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਵਰਣਨ ਹੈ ਕਿ ਸੂਰਜ ਤੇ ਚੰਦ ਆਦਿ ਸਾਜਨਹਾਰ ਪ੍ਰਭੂ ਦੀ ਹੀ ਰਚਨਾ ਹਨ; ਜਿਹਾ ਕਿ ਲਿਖਿਆ ਹੈ ਕਿ—

تَبَارَكَ الَّذِي جَعَلَ فِي السَّمَاءِ بُرُوجًا وَجَعَلَ
فِيهَا سِرَاجًا وَقَمَرًا مُنِيرًا ○

**ਅਰਥਾਤ:**—ਸਾਜਨਹਾਰ ਪ੍ਰਭੂ ਵੱਡੀਆਂ ਬਰਕਤਾਂ ਵਾਲਾ ਹੈ । ਉਸੇ ਨੇ ਹੀ ਅਕਾਸ਼ ਵਿਚ ਅਨੇਕਾਂ ਤਾਰੇ, ਲਿਸ਼ਕਦਾ ਹੋਇਆ ਸੂਰਜ ਤੇ ਚਾਨਣੀ ਵਾਲਾ ਚੰਦ ਬਣਾਇਆ ਹੈ । ਇਸ ਤੋਂ ਸਿਧ ਹੈ ਕਿ ਇਕ ਸਮੇਂ ਏਹਨਾਂ ਦੀ ਅਣਹੋਂਦ ਸੀ ।

———

Digitized by Panjab Digital Library | www.panjabdigilib.org

# ਸੂਰਜ, ਚੰਨ ਤੇ ਤਾਰੇ ਪ੍ਰਭੂ ਦੀ ਆਗਿਆਕਾਰੀ ਕਰਦੇ ਹਨ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਪਵਿੱਤਰ ਬਾਣੀ ਤੋਂ ਸਾਨੂੰ ਇਹ ਅਗਵਾਈ ਵੀ ਮਿਲਦੀ ਹੈ ਕਿ ਸੂਰਜ, ਚੰਦ ਤੇ ਤਾਰੇ ਆਦਿ ਹਰੇਕ ਚੀਜ਼ ਸਾਜਨਹਾਰ ਪ੍ਰਭੂ ਦੀ ਆਗਿਆ ਵਿਚ ਹੀ ਵਿਚਰ ਰਹੀ ਹੈ ਅਤੇ ਉਸੇ ਦੇ ਹੁਕਮ ਅਨੁਸਾਰ ਹੀ ਚਲ ਰਹੀ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਭੈ ਵਿਚਿ ਪਵਣੁ ਵਹੈ ਸਦ ਵਾਉ ।
ਭੈ ਵਿਚਿ ਚਲਹਿ ਲਖ ਦਰੀਆਉ ।
ਭੈ ਵਿਚਿ ਅਗਨਿ ਕਢੈ ਵੇਗਾਰਿ ।
ਭੈ ਵਿਚਿ ਧਰਤੀ ਦਬੀ ਭਾਰਿ ।
ਭੈ ਵਿਚਿ ਇੰਦੁ ਫਿਰੈ ਸਿਰਿ ਭਾਰਿ ।
ਭੈ ਵਿਚਿ ਰਾਜਾ ਧਰਮ ਦੁਆਰੁ ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ।
ਕੋਹ ਕਰੋੜੀ ਚਲਤ ਨ ਅੰਤੁ ।

[ਵਾਰ ਆਸਾ, ਸ: ਮ: 1, ਪੰਨਾ **464**

**ਅਰਥਾਤ**—ਸੂਰਜ, ਚੰਦ ਤੇ ਤਾਰੇ ਆਦਿ ਸਾਰੀਆਂ ਹੀ ਚੀਜ਼ਾਂ ਸਾਜਨਹਾਰ ਪ੍ਰਭੂ ਦੀ ਆਗਿਆ ਵਿਚ ਹੀ ਵਿਚਰ ਰਹੀਆਂ ਹਨ ਅਤੇ ਉਸੇ ਦੇ ਡਰ ਤੇ ਭਉ ਵਿਚ ਹੀ ਆਪੋ ਆਪਣਾ ਕੰਮ ਕਰ ਰਹੀਆਂ ਹਨ । ਕਿਸੇ ਵੀ ਚੀਜ਼ ਦੀ ਮਜਾਲ਼ ਨਹੀਂ ਕਿ ਉਹ ਆਪਣੀ ਮਰਜ਼ੀ ਜਾਂ ਇੱਛਾ ਨਾਲ ਏਧਰ ਓਧਰ ਹੋ ਸਕੇ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਕ ਥਾਂ ਇਹ ਵਰਣਨ ਹੈ ਕਿ—



Digitized by Panjab Digital Library | www.panjabdigilib.org

ਸਿਮਰੈ ਧਰਤੀ ਅਰੁ ਆਕਾਸਾ ।
ਸਿਮਰਹਿ ਚੰਦ ਸੂਰਜੁ ਗੁਣਤਾਸਾ ।
ਪਉਣ ਪਾਣੀ ਬੈਸੰਤਰ ਸਿਮਰਹਿ
ਸਿਮਰੈ ਸਗਲ ਉਪਾਰਜਨਾ ।

[ਮਾਰੂ, ਮ: 5, ਪੰਨਾ 1078

**ਅਰਥਾਤ** :— ਅਕਾਸ਼ ਪਤਾਲ ਤੇ ਚੰਨ ਸੂਰਜ ਆਦਿ ਚੀਜ਼ਾਂ ਅਰਥਾਤ ਹਵਾ ਪਾਣੀ ਤੇ ਅੱਗ ਸਭ ਸਾਜਨਹਾਰ ਪ੍ਰਭੂ ਦੀ ਆਗਿਆਕਾਰੀ ਵਿਚ ਵਿਚਰ ਰਹੀਆਂ ਹਨ ।

ਪ੍ਰਸਿਧ ਬਜ਼ੁਰਗ ਭਾਈ ਨੰਦ ਲਾਲ ਜੀ ਨੇ ਤਾਂ ਸੂਰਜ ਤੇ ਚੰਨ ਨੂੰ ਪ੍ਰਭੂ ਦੇ ਮਜ਼ਦੂਰ ਤੇ ਸੇਵਕ ਵਰਣਨ ਕੀਤਾ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਈਂ ਦੋ ਆਲਮ ਜੁਮਲਾ ਪੁਰ ਅਜ਼ ਨੂਰੇ ਓਸਤ ।
ਮਿਹਰੋ ਮਾਰ ਮਸ਼ਅਲ ਕਸ਼ੇ ਮਜ਼ਦੂਰੇ ਓਸਤ ।

[ਜ਼ਿੰਦਗੀ ਨਾਮਾ

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

إِنَّ رَبَّكُمُ الَّذِيْ خَلَقَ السَّمٰوٰتِ وَالْاَرْضَ ـــــ
وَالشَّمْسَ وَالْقَمَرَ وَالنُّجُوْمَ مُسَخَّرٰتٍ بِاَمْرِهٖ ۔
اَلَا لَهُ الْخَلْقُ وَالْاَمْرُ تَبٰرَكَ اللّٰهُ رَبُّ الْعٰلَمِيْنَ ٥

ਇਕ ਹੋਰ ਥਾਂ ਇਹ ਵਰਣਨ ਹੈ ਕਿ—

وَهُوَ الَّذِيْ خَلَقَ الَّيْلَ وَالنَّهَارَ
وَالشَّمْسَ وَالْقَمَرَ ۔ كُلٌّ فِيْ
فَلَكٍ يَّسْبَحُوْنَ ٥

Digitized by Panjab Digital Library | www.panjabdigilib.org

**ਅਰਥਾਤ** :—ਉਸੇ ਪ੍ਰਭੂ ਨੇ ਹੀ ਦਿਨ ਤੇ ਰਾਤ ਦੀ ਸਾਜਨਾ ਕੀਤੀ ਹੈ[1] ਅਤੇ ਸੂਰਜ ਤੇ ਚੰਦ ਹੋਂਦ ਵਿਚ ਆਂਦੇ ਹਨ, ਜੋ ਆਪੋ ਆਪਣੇ 'ਮਹਵਰ' ਵਿਚ ਭੌਂ ਰਹੇ ਹਨ ਤੇ ਕਰੋੜਾਂ ਮੀਲਾਂ ਦਾ ਚੱਕਰ ਲਾਉਂਦੇ ਰਹਿੰਦੇ ਹਨ ।

---

(1) ਵਰਤਮਾਨ ਸਾਇੰਸ ਨੇਤਾ ਇਹ ਮੰਨਦੇ ਹਨ ਕਿ ਜਦ ਵੀ ਕੋਈ ਸ੍ਰਿਸ਼ਟੀ ਜਾਂ ਮੰਡਲ ਹੋਂਦ ਵਿਚ ਆਉਂਦਾ ਹੈ, ਤਾਂ ਪਹਿਲਾਂ ਉਹ ਅੰਡੇ ਸਮਾਨ ਗੋਲ ਹੁੰਦਾ ਹੈ । ਫੇਰ ਅੰਦਰੂਨੀ ਚੱਕਰ ਨਾਲ ਉਸਦੇ ਹਿੱਸੇ ਦੂਰ ਦੂਰ ਜਾ ਡਿਗਦੇ ਹਨ ਤੇ ਮੰਡਲ ਬਣਦੇ ਜਾਂਦੇ ਹਨ । ਇਸ ਬਾਰੇ ਗੁਰਬਾਣੀ ਵਿਚ ਇਹ ਵਰਣਨ ਹੈ ਕਿ—

ਆਪੇ ਸਚੁ ਕੀਆ ਕਰ ਜੋੜਿ ।
ਮੰਡਲ ਫੋੜਿ ਜੋੜਿ ਵਿਛੋੜਿ ।
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ।
ਰਾਤਿ ਦਿਨੰਤ ਕੀਏ ਭਉ ਭਾਉ ।
ਜਿਨਿ ਕਰਿ ਕੀਏ ਵੇਖਣਹਾਰਾ ।
ਅਵਰੁ ਨ ਦੂਜਾ ਸਿਰਜਣਹਾਰਾ ।

[ਬਿਲਾਵਲੁ ਮ: 1, ਪੰਨਾ 839

ਸ੍ਰੀ ਗੁਰੂ ਜੀ ਦੇ ਇਸ ਪਵਿਤਰ ਸ਼ਬਦ ਤੋਂ ਵੀ ਏਹੋ ਪਤਾ ਲਗਦਾ ਹੈ ਕਿ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਏਹ ਅਕਾਸ਼ ਤੇ ਪਤਾਲ ਅੰਡੇ ਸਮਾਨ ਸਨ, ਜਿਨ੍ਹਾਂ ਨੂੰ ਤੋੜਕੇ ਪ੍ਰਭੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਸੀ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

أَوَلَمْ يَرَ الَّذِينَ كَفَرُوا أَنَّ السَّمٰوٰتِ وَالْأَرْضَ
كَانَتَا رَتْقًا فَفَتَقْنٰهُمَا

**ਅਰਥਾਤ**—ਕੀ ਇਨਕਾਰੀਆਂ ਨੇ ਇਹ ਨਹੀਂ ਵੇਖਿਆ ਕਿ ਇਕ ਸਮੇਂ ਅਕਾਸ਼ ਪਤਾਲ ਦੋਵੇਂ ਹੀ (ਅੰਡੇ ਸਮਾਨ) ਬੰਦ ਸਨ । ਫੇਰ ਅਸਾਂ ਏਹਨਾਂ ਨੂੰ ਖੋਲ੍ਹ ਦਿੱਤਾ ਸੀ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸੂਰਜ ਤੇ ਚੰਦ ਦੇ ਹੋਂਦ ਵਿਚ ਆਉਣ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਹੋਇਆਂ ਇਹ ਅਸਲੀਅਤ ਵੀ ਜਗ ਦੇ ਸਾਹਮਣੇ ਲਿਆਂਦੀ ਹੈ ਕਿ ਪ੍ਰਭੂ ਨੇ ਸੂਰਜ ਨੂੰ ਚਾਨਣੇ ਦਾ ਸੋਮਾ ਬਣਾਇਆ ਹੈ ਅਤੇ ਚੰਨ ਦੀ ਚਾਨਣੀ ਆਪਣੀ ਨਹੀਂ ਹੈ; ਸਗੋਂ ਉਹ ਸੂਰਜ ਦੇ ਚਾਨਣੇ ਨਾਲ ਚਮਕਦਾ ਹੈ ਤੇ ਲੋਕਾਂ ਨੂੰ ਚਾਨਣਾ ਵੰਡਦਾ ਹੈ; ਜਿਹਾ ਕਿ ਆਪਦਾ ਫ਼ਰਮਾਨ ਹੈ ਕਿ :—

ਸਬਦੁ ਭਾਖਤ ਸਸਿ ਜੋਤਿ ਅਪਾਰਾ ।
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ।

[ਰਾਮਕਲੀ, ਮ: 1, ਪੰਨਾ 943

ਅਰਥਾਤ:—

ਚੰਦੁ ਸੂਰ ਦਇ ਦੀਪਕ ਰਾਖੇ
ਸਸਿ ਘਰਿ ਸੂਰੁ ਸਮਾਇਦਾ ॥

[ਮਾਰੂ, ਮ: 1, ਪੰਨਾ 1033

ਸ੍ਰੀ ਗੁਰੂ ਜੀ ਦੇ ਏਹਨਾਂ ਦੋਹਾਂ ਪਵਿਤਰ ਵਾਕਾਂ ਤੋਂ ਚੰਦ ਦਾ ਸੂਰਜ ਤੋਂ ਚਾਨਣਾ ਲੈ ਕੇ ਲੋਕਾਂ ਨੂੰ ਚਾਨਣੀ ਵੰਡਣਾ ਸਿਧ ਹੈ । ਸੋ ਗੁਰੂ ਜੀ ਦੇ ਵਿਚਾਰ ਅਨੁਸਾਰ ਚੰਦ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ । ਸਾਰੇ ਚਾਨਣ ਦਾ ਸੋਮਾ ਸੂਰਜ ਹੀ ਹੈ ।

ਇਸ ਬਾਰੇ ਕੁਰਾਨ ਸ਼ਰੀਫ਼ ਦਾ ਇਹ ਕਥਨ ਹੈ ਕਿ—

هُوَ الَّذِي جَعَلَ الشَّمْسَ ضِيَاءً وَالْقَمَرَ نُورًا
وَقَدَّرَهُ مَنَازِلَ لِتَعْلَمُوا عَدَدَ السِّنِينَ وَالْحِسَابَ
—— تَبَارَكَ الَّذِي جَعَلَ فِي السَّمَاءِ بُرُوجًا
وَجَعَلَ فِيهَا سِرَاجًا وَقَمَرًا مُنِيرًا ۝

ਅਰਥਾਤ :—

"ਸਿਰਾਜ ਦਾ ਅਰਥ ਦੀਵਾ ਹੈ, ਦੀਵੇ ਵਿਚ ਤੇਲ ਪੈਂਦਾ ਹੈ, ਤਾਂ

Digitized by Panjab Digital Library | www.panjabdigilib.org

ਉਸਦਾ ਆਪਣਾ ਚਾਨਣਾ ਨਿਕਲਦਾ ਹੈ । ਇਸੇ ਤਰ੍ਹਾਂ ਸੂਰਜ ਦਾ ਚਾਨਣਾ ਆਪਣਾ ਨਿਕਲਦਾ ਹੈ, ਪਰ ਚੰਦ ਬਾਹਰੋਂ ਅਰਥਾਤ ਸੂਰਜ ਤੋਂ ਚਾਨਣਾ ਪ੍ਰਾਪਤ ਕਰਦਾ ਹੈ ।"

[ਤਫ਼ਸੀਰਿ ਸਗ਼ੀਰ
ਪੰਨਾ **465**

ਸੋ ਗੱਲ ਕੀ, ਇਸਲਾਮੀ ਵਿਚਾਰ ਵੀ ਏਹੋ ਹੀ ਹੈ ਕਿ ਸੂਰਜ ਦਾ ਚਾਨਣਾ ਆਪਣਾ ਨਿਜੀ ਹੈ, ਪਰ ਚੰਦ ਸੂਰਜ ਦੇ ਚਾਨਣੇ ਚਮਕਦਾ ਤੇ ਚਾਨਣੀ ਦਿੰਦਾ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸੂਰਜ, ਚੰਦ ਆਦਿ ਦੀ ਰਚਨਾ ਬਾਰੇ ਸਾਨੂੰ ਵਾਕਫ਼ੀ ਦਿੰਦਿਆਂ ਹੋਇਆਂ ਸਾਡੀ ਇਹ ਅਗਵਾਈ ਵੀ ਕੀਤੀ ਹੈ ਕਿ ਇਸ ਦਿਸਦੇ ਜਗਤ ਦੀ ਰਚਨਾ ਸਮੇਂ ਪਹਿਲਾਂ ਸਾਜਨਹਾਰ ਪ੍ਰਭੂ ਨੇ ਗੈਸ (ਪਵਣ) ਹੋਂਦ ਵਿਚ ਆਂਦੀ ਸੀ ਤੇ ਫ਼ਿਰ ਉਸਨੂੰ ਪਾਣੀ ਦਾ ਰੂਪ ਦਿੱਤਾ ਸੀ ਤੇ ਉਸ ਤੋਂ ਮਗਰੋਂ ਉਹ ਪਾਣੀ (ਸੱਯਾਲ ਮਾਦਾ) ਠੋਸ ਸ਼ਕਲ ਧਾਰਨ ਕਰਕੇ ਧਰਤੀ ਨੂੰ ਹੋਂਦ ਵਿਚ ਲਿਆਉਣ ਦਾ ਕਾਰਨ ਬਣਿਆ ਸ਼ੀ; ਜਿਹਾ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ :—

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ ।

[ਸਿਰੀ ਰਾਗ, ਮ: **1**, ਪੰਨਾ **19**

ਸਾਇੰਸ ਨੇਤਾ ਵੀ ਸ੍ਰਿਸ਼ਟੀ ਰਚਨਾ ਬਾਰੇ ਕੁਝ ਏਹੋ ਜੇਹੇ ਹੀ ਵਿਚਾਰ ਰਖਦੇ ਹਨ ਤੇ ਕੁਰਾਨ ਸ਼ਰੀਫ਼ ਵਿਚ ਵੀ ਏਹੋ ਵਰਣਨ ਹੈ ਕਿ ਇਸ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਇਕ ਸਮੇਂ ਧੂੰਧ ਹੀ ਧੂੰਧ ਸੀ; ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

ثُمَّ اسْتَوٰى إِلَى السَّمَآءِ وَهِيَ دُخَانٌ

**ਅਰਥਾਤ**—ਏਹਨਾਂ ਅਕਾਸ਼ਾਂ ਤੇ ਪਤਾਲਾਂ ਦੇ ਹੋਣ ਤੋਂ ਪਹਿਲਾਂ ਧੂੰਧ ਹੀ ਧੂੰਧ ਸੀ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਅਵਸਥਾ ਦਾ ਵਰਣਨ ਕਰਦਿਆਂ ਇਹ ਫ਼ਰਮਾਇਆ ਹੈ ਕਿ—

ਅਰਬਦ ਨਰਬਦ ਧੁੰਧੂਕਾਰਾ ।[1]
ਧਰਣਿ ਗਗਨਾ ਹੁਕਮੁ ਅਪਾਰਾ ।
ਨਾ ਦਿਨੁ ਰੈਨਿ ਨ ਚੰਦ ਨ ਸੂਰਜ
ਸੁੰਨ ਸਮਾਧਿ ਲਗਾਇਦਾ ॥

[ਮਾਰੂ, ਮ: 1, ਪੰਨਾ 1035

ਸ੍ਰੀ ਗੁਰੂ ਜੀ ਨੇ ਇਹ ਵੀ ਦੱਸਿਆ ਹੈ ਕਿ ਪ੍ਰਭੂ ਨੇ ਜ਼ਿੰਦਗੀ ਪਾਣੀ ਤੋਂ ਸਾਜੀ ਹੈ ਤੇ ਪਾਣੀ ਨਾਲ ਹੀ ਇਹ ਸੰਬੰਧਤ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ ॥

[ਵਾਰ ਆਸਾ ਸ: ਮ: 1, ਪੰਨਾ 472

ਸ੍ਰੀ ਗੁਰੂ ਜੀ ਦੇ ਇਸ ਵਾਕ ਤੋਂ ਜ਼ਿੰਦਗੀ ਦਾ ਪਾਣੀ ਨਾਲ ਸਬੰਧਤ ਹੋਣਾ ਸਿਧ ਹੈ। ਸਾਇੰਸਵੇਤਾ ਵੀ ਏਹੋ ਵਿਚਾਰ ਰਖਦੇ ਹਨ ਅਤੇ ਅਸਲੀਅਤ ਵੀ ਏਹੋ ਹੀ ਹੈ।

ਇਸ ਬਾਰੇ ਕੁਰਾਨ ਸ਼ਰੀਫ ਦਾ ਇਹ ਕਥਨ ਹੈ ਕਿ—

وَجَعَلْنَا مِنَ الْمَاءِ كُلَّ شَيْءٍ حَيٍّ ط
أَفَلَا يُؤْمِنُونَ ٥

(1) ਗੁਰਬਾਣੀ ਤੋਂ ਸਾਨੂੰ ਇਹ ਅਗਵਾਈ ਵੀ ਮਿਲਦੀ ਹੈ ਕਿ ਇਕ ਸਮੇਂ ਧੁੰਧ ਵੀ ਨਹੀਂ ਸੀ ਜਿਹਾ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ—

ਧੁੰਧੂਕਾਰਿ ਨਿਰਾਲਮੁ ਬੈਠਾ
ਨ ਤਦਿ ਧੰਧੁ ਪਸਾਰਾ ਹੇ ।

[ਮਾਰੂ ਮ: 1, ਪੰਨਾ 1026

Digitized by Panjab Digital Library | www.panjabdigilib.org

**ਅਰਥਾਤ**—ਅਸੀਂ ਪਾਣੀ ਦੁਆਰਾ ਹੀ ਹਰੇਕ ਚੀਜ਼ ਨੂੰ ਜੀਵਨ ਦਿੱਤਾ ਹੈ। ਸੋ ਕੀ ਓਹ ਸ਼ਰਧਾ ਧਾਰਨ ਨਹੀਂ ਕਰਦੇ ?

ਗੱਲ ਕੀ, ਇਸ ਤੋਂ ਵੀ ਏਹੋ ਸਿਧ ਹੈ ਕਿ ਜ਼ਿੰਦਗੀ ,ਪਾਣੀ ਨਾਲ ਹੀ ਸੰਬੰਧਤ ਹੈ।

ਗੁਰਬਾਣੀ ਤੋਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਸਰਬ ਸ਼ਕਤੀਮਾਨ ਪ੍ਰਭੂ ਅੱਖ ਫਰਕਣ ਦੇ ਸਮੇਂ ਵਿਚ ਰਚਨਾ ਰਚਾਉਣ ਤੇ ਸਮੇਟਣ ਤੇ ਸਮਰਥ ਹੈ; ਜਿਹਾ ਕਿ ਲਿਖਿਆ ਹੈ ਕਿ :—

ਹਰਨ ਭਰਨ ਜਾ ਕਾ ਨੇਤ੍ਰ ਫੋਰ।

[ਗਉੜੀ, ਮ: 5, ਪੰਨਾ 284

**ਅਰਥਾਤ**—ਸਾਜਨਹਾਰ ਤੇ ਪਾਲਨਹਾਰ ਪ੍ਰਭੂ ਅੱਖ ਦੇ ਫੋਰ ਵਿਚ ਰਚਨਾ ਰਚਾਉਣ ਤੇ ਸਮੇਟਣ ਤੇ ਸਮਰਥ ਹੈ। ਕੋਈ ਵੀ ਪ੍ਰਾਣੀ ਇਸਨੂੰ ਰੋਕ ਨਹੀਂ ਪਾ ਸਕਦਾ।

ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ—

ਅਟਲ ਅਡੋਲੁ ਅਤੋਲੁ ਮੁਰਾਰੇ।
ਖਿਨ ਮਹਿ ਢਾਹੇ ਫੇਰਿ ਉਸਾਰੇ।

[ਮਾਰੂ, ਮ: 1, ਪੰਨਾ 1034

ਕੁਰਾਨ ਸ਼ਰੀਫ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

مَآ اَمْرُنَآ اِلَّا وَاحِدَةٌ كَلَمْحٍ بِالْبَصَرِ ○

**ਅਰਥਾਤ**—ਸਾਡਾ ਹੁਕਮ ਅੱਖ ਦੇ ਫੋਰ ਵਿਚ ਪੂਰਾ ਹੋ ਜਾਂਦਾ ਹੈ। ਕੋਈ ਵੀ ਉਸ ਵਿਚ ਵਿਘਨ ਪਾਉਣ ਤੇ ਸਮਰਥ ਨਹੀਂ ਹੋ ਸਕਦਾ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਦੁਆਰਾ ਇਸ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਬਾਰੇ ਜੋ ਵਿਚਾਰ ਪਰਗਟ ਕੀਤੇ ਹਨ, ਓਹ ਇਸਲਾਮੀ ਵਿਚਾਰਾਂ ਦੇ ਅਨੁਕੂਲ ਹਨ ਤੇ ਇਸ ਤੋਂ ਵੀ ਗੁਰੂ ਜੀ ਦੀ ਇਸਲਾਮ ਨਾਲ ਵੱਡੀ ਸਿਧਾਂਤਕ ਸਾਂਝ ਹੁੰਦੀ ਹੈ।

————

Digitized by Panjab Digital Library | www.panjabdigilib.org

# ਪ੍ਰਭੂ ਦਿਨ ਨੂੰ ਰਾਤ ਵਿਚ
# ਤੇ
# ਰਾਤ ਨੂੰ ਦਿਨ ਵਿਚ ਬਦਲਦਾ ਰਹਿੰਦਾ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਬਾਰੇ ਇਹ ਵੀ ਫ਼ਰਮਾਇਆ ਹੈ ਕਿ ਉਹ ਰਾਤ ਨੂੰ ਦਿਨ ਵਿਚ ਤੇ ਦਿਨ ਨੂੰ ਰਾਤ ਵਿਚ ਬਦਲਦਾ ਰਹਿੰਦਾ ਹੈ। ਕਦੇ ਦਿਨ ਹੁੰਦਾ ਹੈ ਤੇ ਕਦੇ ਰਾਤ ਆਉਂਦੀ ਹੈ। ਜਦ ਤਕ ਇਹ ਸੰਸਾਰ ਮੌਜੂਦ ਹੈ, ਰਾਤ ਤੇ ਦਿਨ ਦੇ ਆਉਣ ਜਾਣ ਦੀ ਰੀਤਿ ਤੁਰੀ ਹੀ ਰਹੇਗੀ। ਗੁਰੂ ਜੀ ਨੇ ਫ਼ਰਮਾਇਆ ਹੈ ਕਿ—

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ
ਉਸਨ ਸੀਤ ਬਿਧਿ ਸੋਈ ॥

[ਰਾਮ ਕਲੀ, ਮ: 1, ਪੰਨਾ 879

**ਅਰਥਾਤ**—ਹਰ ਦਿਨ ਮਗਰੋਂ ਰਾਤ ਤੇ ਹਰ ਰਾਤ ਮਗਰੋਂ ਦਿਨ ਦੇ ਆਉਣ ਜਾਣ ਦੀ ਰੀਤਿ ਇਸ ਜਗ ਦੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਨੇ ਪੂਰੀ ਵਿਓਂਤ ਨਾਲ ਤੋਰੀ ਹੋਈ ਹੈ। ਏਹ ਇਕ ਦੂਜੇ ਦੇ ਅੱਗੇ ਪਿਛੇ ਆਉਂਦੇ ਜਾਂਦੇ ਹੀ ਰਹਿਣਗੇ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਫਰਮਾਉਂਦੇ ਹਨ ਕਿ—

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ।
ਰਾਤਿ ਦਿਨੰਤੁ ਕੀਏ ਭਉ ਭਾਉ ॥

[ਬਿਲਾਵਲ, ਮ: 1, ਪੰਨਾ 839



Digitized by Panjab Digital Library | www.panjabdigilib.org

ਗੁਰਬਾਣੀ ਵਿਚ ਇਸ ਬਾਰੇ ਇਹ ਵੀ ਵਰਣਨ ਹੈ ਕਿ—

ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ :
ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥

[ਵਾਰ ਰਾਮਕਲੀ, ਮ: 3, ਪੰਨਾ 948

ਇਸੇ ਤਰ੍ਹਾਂ ਇਕ ਹੋਰ ਥਾਂ ਹਰ ਦਿਨ ਦੇ ਮਗਰੋਂ ਰਾਤ ਦਾ ਆਉਣਾ ਤੇ ਹਰ ਰਾਤ ਮਗਰੋਂ ਦਿਨ ਦਾ ਚੜ੍ਹਨਾ ਇਉਂ ਵਰਣਨ ਕੀਤਾ ਗਿਆ ਹੈ ਕਿ—

ਦਿਨ ਤੇ ਸਰਪਰ ਪਉਸੀ ਰਾਤਿ ।
ਰੈਣਿ ਗਈ ਫਿਰਿ ਹੋਇ ਪਰਭਾਤਿ ।

[ਆਸਾ, ਮ: 5, ਪੰਨਾ 375

ਬੇਸ਼ੱਕ ਤੁਹਾਡਾ ਸਾਜਨਹਾਰ ਪ੍ਰਭੂ ਹੀ ਹੈ, ਜਿਸ ਨੇ ਸਾਰੇ ਅਕਾਸ਼ ਤੇ ਪਤਾਲ ਸਾਜੇ ਹਨ ।.........ਅਤੇ ਸੂਰਜ, ਚੰਨ ਤੇ ਤਾਰਿਆਂ ਨੂੰ ਵੀ ਉਸੇ ਨੇ ਹੀ ਹੋਂਦ ਵਿਚ ਆਂਦਾ ਹੈ ਅਤੇ ਓਹ ਸਾਰੇ ਹੀ ਉਸਦੇ ਟਹਿਲੂਏ ਹਨ ਤੇ ਟਹਿਲ ਕਮਾ ਰਹੇ ਹਨ ।

ਇਕ ਹੋਰ ਥਾਂ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

أَلَمْ تَرَ أَنَّ اللَّهَ يَسْجُدُ لَهُ مَنْ فِي السَّمٰوٰتِ وَ
مَنْ فِي الْأَرْضِ وَالشَّمْسُ وَالْقَمَرُ وَالنُّجُومُ وَ
الْجِبَالُ وَالشَّجَرُ وَالدَّوَابُّ وَكَثِيرٌ مِّنَ النَّاسِ ط

ਅਰਥਾਤ :—ਕੀ ਤੁਸੀਂ ਇਹ ਨਹੀਂ ਵੇਖਿਆ ਕਿ ਜੋ ਕੁਝ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ ਹੈ, ਉਹ ਸਭ ਸਾਜਨਹਾਰ ਪ੍ਰਭੂ ਦੀ ਆਗਿਆ ਵਿਚ ਹੀ ਵਿਚਰ ਰਿਹਾ ਹੈ, ਅਰਥਾਤ ਸੂਰਜ, ਚੰਦ, ਸਿਤਾਰੇ, ਪਹਾੜ, ਦਰਖਤ, ਪਸ਼ੂ ਤੇ ਬੇਅੰਤ ਮਨੁੱਖ ਵੀ ।

Digitized by Panjab Digital Library | www.panjabdigilib.org

# ਸੂਰਜ, ਚੰਦ ਤੇ ਤਾਰਿਆਂ ਦੀ ਪੂਜਾ
# ਤੇ
# ਗੁਰੂ ਨਾਨਕ ਜੀ ਮਹਾਰਾਜ

ਕਈ ਧਰਮਾਂ ਤੇ ਜਾਤੀਆਂ ਨਾਲ ਸੰਬੰਧਿਤ ਲੋਕ ਸੂਰਜ, ਚੰਦ ਤੇ ਤਾਰਿਆਂ ਆਦਿ ਦੀ ਪੂਜਾ ਕਰਨਾ ਵੀ ਜ਼ਰੂਰੀ ਸਮਝਦੇ ਹਨ। ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਇਕੋ ਇਕ ਪ੍ਰਭੂ ਹੀ ਪੂਜਾ ਦੇ ਯੋਗ ਹੈ। ਇਸ ਬਾਰੇ ਗੁਰੂ ਜੀ ਦਾ ਇਹ ਫ਼ਰਮਾਨ ਹੈ ਕਿ ਸੂਰਜ ਚੰਦ ਤਾਂ ਆਪ ਸਾਜਨਹਾਰ ਦੀ ਰਚਨਾ ਹਨ, ਇਸ ਲਈ ਇਹ ਇਸ਼ਟ ਦੇਣ ਨਹੀਂ ਹੋ ਸਕਦੇ। ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਸੂਰਜੁ ਚੰਦੁ ਉਪਾਇ ਜੋਤ ਸਮਾਣਿਆ।
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ।

[ਵਾਰ ਮਲਾਰ ਮ: 1, ਪੰਨਾ 1279

**ਅਰਥਾਤ**—ਸੂਰਜ ਤੇ ਚੰਦ ਰਚਨਹਾਰ ਦੀ ਰਚਨਾ ਹਨ ਤੇ ਉਸੇ ਨੇ ਹੀ ਏਹਨਾਂ ਦੁਆਰਾ ਦਿਨ ਤੇ ਰਾਤ ਦੀ ਰੀਤਿ ਤੋਰੀ ਹੈ।

ਗੁਰੂ ਨਾਨਕ ਜੀ ਮਹਾਰਾਜ ਨੇ ਇਕ ਥਾਂ ਇਹ ਵੀ ਫ਼ਰਮਾਇਆ ਹੈ ਕਿ—

ਦਿਵਸੁ ਰਾਤੁ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥

[ਜਪੁਜੀ, ਪੰਨਾ 8

ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਰੈਣਿ ਦਿਨਸੁ ਦੁਇ ਦਾਈ ਦਾਇਆ
ਜਗੁ ਖੇਲੈ ਖੇਲਾਈ ਹੇ।

[ਮਾਰੂ ਮ: 1, ਪੰਨਾ 1021



Digitized by Panjab Digital Library | www.panjabdigilib.org

**ਅਰਥਾਤ**—ਪ੍ਰਭੂ ਨੇ ਦਿਨ ਤੇ ਰਾਤ ਨੂੰ ਪ੍ਰਾਣੀ ਮਾਤਰ ਦੀ ਸੇਵਾ ਕਰਨ ਲਈ ਸਾਜਿਆ ਹੈ ਤੇ ਓਹ ਸਭ ਦੀ ਸੇਵਾ ਕਮਾ ਰਹੇ ਹਨ।

ਕੁਰਾਨ ਸ਼ਰੀਫ ਵਿਚ ਇਹ ਵਰਣਨ ਹੈ ਕਿ—

وَسَخَّرَ لَكُمُ الشَّمْسَ وَالْقَمَرَ دَآئِبَيْنِ ۚ وَسَخَّرَ
لَكُمُ الَّيْلَ وَالنَّهَارَ ۝

**ਅਰਥਾਤ**—ਪ੍ਰਭੂ ਨੇ ਸੂਰਜ ਤੇ ਚੰਦ ਨੂੰ ਤੁਹਾਡੀ ਟਹਿਲ ਸੇਵਾ ਤੇ ਲਾਇਆ ਹੋਇਆ ਹੈ ਅਤੇ ਰਾਤ ਤੇ ਦਿਨ ਵੀ ਤੁਹਾਡੇ ਲਈ ਦਾਇਆ ਹੀ ਹਨ।

ਇਸ ਅਸਲੀਅਤ ਤੋਂ ਕਿਸੇ ਨੂੰ ਵੀ ਇਨਕਾਰ ਨਹੀਂ ਹੋ ਸਕਦਾ ਕਿ ਦਿਨ-ਰਾਤ ਸੂਰਜ-ਚੰਦ ਨਾਲ ਹੀ ਸੰਬੰਧਤ ਹਨ। ਏਹਨਾਂ ਤੋਂ ਬਿਨਾਂ ਏਹਨਾਂ ਦੀ ਕੋਈ ਹਕੀਕਤ ਹੀ ਨਹੀਂ ਹੈ। ਗੁਰੂ ਜੀ ਦਾ ਦਿਨ ਤੇ ਰਾਤ ਨੂੰ ਪ੍ਰਾਣੀ ਮਾਤਰ ਦੇ ਟਹਿਲੂਏ ਦੱਸਣਾ ਤੇ ਏਹਨਾਂ ਦਾ ਟਹਿਲ-ਸੇਵਾ ਕਰਦੇ ਰਹਿਣਾ ਏਹੋ ਹੀ ਭਾਵ ਰਖਦਾ ਹੈ ਕਿ ਸੂਰਜ ਤੇ ਚੰਦ ਪ੍ਰਾਣੀ ਮਾਤਰ ਦੇ ਟਹਿਲੂਏ ਹਨ, ਸੁਆਮੀ ਜਾਂ ਇਸ਼ਟ ਨਹੀਂ ਹਨ; ਇਸ ਲਈ ਏਹਨਾਂ ਦੀ ਪੂਜਾ ਯੋਗ ਨਹੀਂ ਹੋ ਸਕਦੀ।

ਗੱਲ ਕੀ, ਸਿੱਖ ਧਰਮ ਵਿਚ ਪ੍ਰਭੂ ਤੋਂ ਛੁੱਟ ਕਿਸੇ ਹੋਰ ਚੀਜ਼ ਨੂੰ ਇਸ਼ਟ ਮੰਨਣਾ ਤੇ ਉਸਦੀ ਪੂਜਾ ਕਰਨਾ ਯੋਗ ਨਹੀਂ ਹੈ। ਇਸ ਬਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਪਸ਼ਟ ਹੁਕਮ ਹੈ ਕਿ :—

ਬਿਨ ਕਰਤਾਰ ਨ ਕਿਰਤਮ ਮਾਨੋ।
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ।
[ਦਸਮ ਗ੍ਰੰਥ, 640

**ਅਰਥਾਤ**—ਕਰਤਾਰ ਨੂੰ ਛੱਡਕੇ ਕਿਰਤਮ ਚੀਜ਼ਾਂ ਨੂੰ ਕਦੇ ਵੀ ਇਸ਼ਟ ਨਾ ਮੰਨੋ। ਜੋ ਆਦਿ, ਐਜਨੀ, ਅਜੈ ਤੇ ਅਬਿਨਾਸ਼ੀ ਹੈ, ਉਸੇ ਨੂੰ ਹੀ ਪ੍ਰਮੇਸ਼ਰ ਮੰਨੋ।

ਦਸਮ ਗ੍ਰੰਥ ਵਿਚ ਸੂਰਜ ਚੰਦ ਦੀ ਪੂਜਾ ਕਰਨ ਵਾਲਿਆਂ ਨੂੰ ਮੂਰਖ ਤਕ ਕਹਿਣ ਤੋਂ ਸੰਕੋਚ ਨਹੀਂ ਕੀਤਾ ਗਿਆ, ਜਿਹਾ ਕਿ ਇਕ ਥਾਂ ਵਰਣਨ ਹੈ ਕਿ—

ਕਈ ਮੂੜ ਪਤ੍ਰ ਪੂਜਾ ਕਰੰਤ।
ਕਈ ਸਿਧ ਸਾਧ ਸੂਰਜ ਸਿਵੰਤ।

Digitized by Panjab Digital Library | www.panjabdigilib.org

ਕਈ ਪਲਟ ਸੂਰਜ ਸਿਜਦਾ ਕਰਾਇ ।
ਪ੍ਰਭ ਏਕ ਰੂਪ ਦ੍ਵੈ ਕੈ ਲਖਾਇ ।

[ਦਸਮ ਗ੍ਰੰਥ, ਪੰਨਾ 30

ਇਕੋ ਹੋਰ ਥਾਂ ਇਹ ਕਿਹਾ ਗਿਆ ਹੈ ਕਿ—

ਪਰਮ ਤਤ ਕੋ ਜਿਨ ਨ ਪਛਾਨਾ ।
ਤਿਨ ਕਰਿ ਈਸਰ ਤਿਨ ਕਹੁ ਮਾਨਾ ।
ਕੇਤੇ ਸੂਰ ਚੰਦ ਕਹੁ ਮਾਨੈ ।
ਅਗਨੀ ਹੋਤ੍ਰ ਕਈ ਪਵਨ ਪ੍ਰਮਾਨੈ ।

[ਦਸਮ ਗ੍ਰੰਥ, ਪੰਨਾ 40

**ਅਰਥਾਤ**—ਅਨੇਕਾਂ ਮੂਰਖ ਲੋਕ ਸੂਰਜ ਤੇ ਚੰਦ ਦੀ ਪੂਜਾ ਕਰਦੇ ਹਨ ਅਤੇ ਅਗਨੀ ਹੋਤ੍ਰ ਤੇ ਹਵਾ ਦੇ ਪੁਜਾਰੀ ਹਨ, ਉਨ੍ਹਾਂ ਲੋਕਾਂ ਨੂੰ ਸਾਜਨਹਾਰ ਪ੍ਰਭੂ ਦਾ ਗਿਆਨ ਨਹੀਂ ਹੈ, ਓਹ ਏਹਨਾਂ ਦੀ ਪੂਜਾ ਕਰਦੇ ਹਨ ।

ਪ੍ਰਸਿਧ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਕੋਈ ਪੂਜੇ ਚੰਦ੍ਰ ਸੂਰ ਕੋਈ ਧਰਤਿ ਅਕਾਸ਼ ਮਨਾਵੈ ।
ਫੋਕਟ ਧਰਮੀ ਭਰਮ ਭੁਲਾਵੈ ।

[ਵਾਰ 1, ਪੌੜੀ 18

**ਅਰਥਾਤ**—ਜੋ ਪ੍ਰਾਣੀ ਸੂਰਜ ਤੇ ਚੰਦ ਦੀ ਪੂਜਾ ਕਰਦੇ ਹਨ ਜਾਂ ਧਰਤੀ ਤੇ ਅਕਾਸ਼ ਦੇ ਪੁਜਾਰੀ ਹਨ, ਓਹ ਆਪਣਾ ਸਮਾਂ ਨਿਰਮੂਲ ਗੁਆ ਰਹੇ ਹਨ ਤੇ ਓਹ ਭਰਮਾਂ ਵਿਚ ਫਸੇ ਹੋਏ ਹਨ ।

ਇਸ ਬਾਰੇ ਇਸਲਾਮ ਧਰਮ ਦੀ ਇਹ ਸਿਖਿਆ ਹੈ ਕਿ—

وَمِنْ اٰيٰتِهِ الَّيْلُ وَالنَّهَارُ وَالشَّمْسُ وَالْقَمَرُ
لَا تَسْجُدُوْا لِلشَّمْسِ وَلَا لِلْقَمَرِ وَاسْجُدُوْا
لِلّٰهِ الَّذِىْ خَلَقَهُنَّ اِنْ كُنْتُمْ اِيَّاهُ تَعْبُدُوْنَ ۝

Digitized by Panjab Digital Library | www.panjabdigilib.org

ਅਰਥਾਤ :—

ਉਸਦੇ ਚਿੰਨ੍ਹਾਂ ਵਿਚੋਂ ਰਾਤ ਵੀ ਹੈ ਤੇ ਦਿਨ ਵੀ ਹੈ ਤੇ ਸੂਰਜ ਵੀ ਹੈ ਤੇ ਚੰਦ ਵੀ। ਤੁਸੀਂ ਕਦੇ ਭੁੱਲਕੇ ਵੀ ਸੂਰਜ ਤੇ ਚੰਦ ਦੀ ਪੂਜਾ ਨਾ ਕਰੋ; ਸਗੋਂ ਕੇਵਲ ਤੇ ਕੇਵਲ ਇਕੋ ਪ੍ਰਭੂ ਦੀ ਹੀ ਸਦਾ ਉਪਾਸਨਾ ਕਰਦੇ ਰਹੋ। ਉਸੇ ਨੇ ਏਹਨਾਂ ਦੋਹਾਂ—ਸੂਰਜ ਤੇ ਚੰਦ—ਨੂੰ ਸਾਜਿਆ ਹੈ। ਜੇ ਤੁਸੀਂ ਪ੍ਰਭੂ ਦੇ ਸੱਚੇ ਪੁਜਾਰੀ ਹੋ, ਤਾਂ ਇਸ ਤੋਂ ਬਚਦੇ ਰਹੋ। ਭਾਵ ਇਹ ਕਿ ਸੂਰਜ—ਚੰਦ ਦੀ ਪੂਜਾ ਕਦੇ ਨਾ ਕਰੋ।

ਇਕ ਸਿੱਖ ਵਿਦਵਾਨ ਸ: ਕਾਨ੍ਹ ਸਿੰਘ ਜੀ ਨਾਭਾ ਨੇ ਵਰਣਨ ਕੀਤਾ ਹੈ ਕਿ—

"ਕਈ ਅਗਿਆਨੀ ਸਿੱਖ, ਸੂਰਜ ਨੂੰ ਪਾਣੀ ਦਿੰਦੇ ਅਤੇ 'ਨਵੇਂ ਚੰਦ ਦੀ ਰਾਮ ਰਾਮ' ਆਖਕੇ ਪੱਗ ਅਥਵਾ ਸਾਫੇ ਦਾ ਤਾਗਾ ਕੱਢਕੇ ਚੰਦ ਨੂੰ ਅਰਪਦੇ, ਅਰ ਅਰਥ ਸਮਝੇ ਬਿਨਾਂ, 'ਨਮੋ ਸੂਰਜ ਸੂਰਜੇ, ਨਮੋ ਚੰਦਰ ਚੰਦਰੇ' ਪੜ੍ਹਦੇ ਦੇਖੇ ਜਾਂਦੇ ਹਨ। ਜੋ ਮਨਮੁਖਤਾ ਦਾ ਕਰਮ ਹੈ।"

[ਗੁਰਮਤਿ ਮਾਰਤੰਡ ਪੰਨਾ 409

ਸੋ ਗੱਲ ਕੀ, ਸਿੱਖ ਧਰਮ ਦੀ ਸ਼ੁਭ ਸਿਖਿਆ ਅਨੁਸਾਰ ਸੂਰਜ ਤੇ ਚੰਦ ਨੂੰ ਇਸ਼ਟ ਦੇਵ ਮਿਥਕੇ ਏਹਨਾਂ ਦੀ ਪੂਜਾ ਕਰਨਾ, ਵੱਡੀ ਮੂਰਖਤਾ ਹੈ। ਕੋਈ ਸੂਝਵਾਨ ਨਿਰਤਮ ਚੀਜ਼ਾਂ ਨੂੰ ਰਚਨਹਾਰ ਦਾ ਦਰਜਾ ਦੇ ਕੇ ਆਪਣੇ ਇਸ਼ਟ ਨਹੀਂ ਬਣਾ ਸਕਦਾ।

ਕੁਰਾਨ ਸ਼ਰੀਫ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

تُولِجُ اللَّيْلَ فِي النَّهَارِ وَتُولِجُ النَّهَارَ فِي اللَّيْلِ

ਅਰਥਾਤ :—

يُولِجُ اللَّيْلَ فِي النَّهَارِ وَيُولِجُ النَّهَارَ فِي اللَّيْلِ

ਕੁਰਾਨ ਸ਼ਰੀਫ਼ ਦੀਆਂ ਏਹਨਾਂ ਦੋਹਾਂ ਆਇਤਾਂ ਤੋਂ ਸਾਜਨਹਾਰ ਪ੍ਰਭੂ ਦਾ ਹਰ ਦਿਨ ਮਗਰੋਂ ਰਾਤ ਤੇ ਹਰ ਰਾਤ ਮਗਰੋਂ ਦਿਨ ਚੜ੍ਹਾਉਣਾ ਸਿਧ ਹੈ।

————

Digitized by Panjab Digital Library | www.panjabdigilib.org

# ਮਨੁੱਖ ਦੀ ਰਚਨਾ
## ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਸ੍ਰੀ ਗੁਰੂ ਨਾਨਕ ਜੀ ਮਹਾਹਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਹੈ ਕਿ ਸਾਜਨਹਾਰ ਪ੍ਰਭੂ ਨੇ ਅਰੰਭ ਕਾਲ ਵਿਚ ਮਨੁੱਖਾਂ ਦੀ ਰਚਨਾ ਮਾਤਾ-ਪਿਤਾ ਤੋਂ ਬਿਨਾਂ ਆਪਣੀ ਕੁਦਰਤ ਦੁਆਰਾ ਹੀ ਕੀਤੀ ਸੀ ਤੇ ਫਿਰ ਅੱਗੋਂ ਓਹਨਾਂ ਦੀ ਰਕਤ-ਬਿੰਦ ਤੋਂ ਓਹਨਾਂ ਦੀ ਬੰਸ ਦਾ ਸਿਲਸਿਲਾ ਤੋਰਿਆ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਹ ਵੀ ਸਪਸ਼ਟ ਅੱਖਰਾਂ ਵਿਚ ਕਿਹਾ ਹੈ ਕਿ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਅਜੇ ਤੀਵੀਂ ਤੇ ਪੁਰਖ ਵੀ ਹੋਂਦ ਵਿਚ ਨਹੀਂ ਆਏ ਸਨ, ਓਹਨਾਂ ਦੀ ਵੀ ਅਣਹੋਂਦ ਹੀ ਸੀ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਬ੍ਰਹਮਾ ਬਿਸਨੁ ਮਹੇਸੁ ਨ ਕੋਈ।
ਅਵਰੁ ਨ ਦੀਸੈ ਏਕੋ ਸੋਈ।
ਨਾਰਿ ਪੁਰਖ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ॥

[ਮਾਰੂ ਮ: 1, ਪੰਨਾ 1035

ਸ੍ਰੀ ਗੁਰੂ ਜੀ ਦੇ ਇਸ ਸ਼ਬਦ ਤੋਂ ਇਹ ਸਾਫ਼ ਸਿਧ ਹੈ ਕਿ ਇਕ ਸਮਾ ਅਜੇਹਾ ਸੀ, ਜਦ ਕਿ ਇਸ ਜਗ ਤੇ ਦੌਰਿ—ਵਹਦਤ ਸੀ। ਉਦੋਂ ਨਾਰ ਜਾਂ ਪੁਰਖ ਵੀ ਹੋਂਦ ਵਿਚ ਨਹੀਂ ਆਏ ਸਨ। ਇਸ ਸੂਰਤ ਵਿਚ ਅਰੰਭਕ ਮਨੁੱਖਾਂ ਦਾ ਮਾਤਾ-ਪਿਤਾ ਤੋਂ ਬਿਨਾਂ ਹੋਂਦ ਵਿਚ ਆਉਣਾ ਸਿਧ ਹੈ।



Digitized by Panjab Digital Library | www.panjabdigilib.org

ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਲਿਖਿਆ ਹੈ ਕਿ—

ਮਾਇ ਨ ਹੋਤੀ ਬਾਪੁ ਨ ਹੋਤਾ
ਕਰਮ ਨ ਹੋਤੀ ਕਾਇਆ।
ਹਮ ਨਹੀ ਹੋਤੇ ਤੁਮ ਨਹੀ ਹੋਤੇ
ਕਵਨ ਕਹਾ ਤੇ ਆਇਆ ॥

[ਰਾਮਕਲੀ, ਨਾਮਦੇਵ, ਪੰਨਾ 973

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਤੋਂ ਵੀ ਅਰੰਭਕ ਮਨੁੱਖਾਂ ਦਾ ਮਾਤਾ-ਪਿਤਾ ਤੋਂ ਬਿਨਾ ਹੋਂਦ ਵਿਚ ਆਉਣਾ ਸਿਧ ਹੈ।

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਇਕ ਸ੍ਰਿਸ਼ਟੀ ਦੇ ਅਰੰਭ ਕਾਲ ਵਿਚ ਨਾ ਤਾਂ ਕੋਈ ਪੁਰਖ ਹੀ ਉਤਪੰਨ ਹੋਇਆ ਸੀ ਤੇ ਨਾ ਤੀਵੀਂ। ਸਾਜਨਹਾਰ ਪ੍ਰਭੂ ਨੇ ਅਰੰਭਕ ਮਨੁੱਖਾਂ ਨੂੰ ਮਾਤਾ ਤੋਂ ਬਿਨਾਂ ਹੀ ਆਪਣੀ ਕੁਦਰਤ ਦੁਆਰਾ ਹੋਂਦ ਵਿਚ ਆਂਦਾ ਸੀ। ਏਹੋ ਕਾਰਨ ਹੈ ਕਿ ਗੁਰਬਾਣੀ ਵਿਚ ਅਰੰਭਕ ਮਨੁੱਖਾਂ ਨੂੰ "ਕੁਦਰਤ ਦੇ ਸਭ ਬੰਦੇ" ਜਾਂ "ਮਾਟੀ ਕੇ ਭਾਂਡੇ ਕਿਹਾ ਹੈ; ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

ਅਵਲਿ ਅਲਹ ਨੂਰੁ ਉਪਾਇਆ "**ਕੁਦਰਤਿ ਕੇ ਸਭ ਬੰਦੇ।**"
... ... ... ... ... ...
ਮਾਟੀ ਏਕ ਅਨੇਕ ਭਾਂਤ ਕਰਿ ਸਾਜੀ ਸਾਜਨਹਾਰੈ ॥
ਨ ਕਛੁ ਪੋਚ "**ਮਾਟੀ ਕੇ ਭਾਂਡੇ**" ਨ ਕਛੁ ਪੋਚ ਕੁੰਭਾਰੈ ॥

[ਪ੍ਰਭਾਤੀ, ਕਬੀਰ ਪੰਨਾ 1250

ਸੋ ਸਾਡੇ ਵਿਚਾਰ ਅਨੁਸਾਰ ਇਸ ਪਵਿੱਤਰ ਵਾਕ ਵਿਚ ਵਰਣਿਤ "ਕੁਦਰਤਿ ਕੇ ਸਭ ਬੰਦੇ" ਤੇ ਮਾਟੀ ਕੇ ਭਾਂਡੇ" ਉਹੋ ਹੀ ਮਨੁੱਖ ਹਨ, ਜੋ ਅਰੰਭਕ ਸਮੇਂ ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਪ੍ਰਭੂ ਨੇ ਆਪਣੀ ਕੁਦਰਤ ਨਾਲ ਮਾਤਾ-ਪਿਤਾ ਤੋਂ ਬਿਨਾਂ ਹੋਂਦ ਵਿਚ ਆਂਦੇ ਸਨ ਤੇ ਓਹਨਾਂ ਦਾ ਮਾਤਾ-ਪਿਤਾ ਸਾਜਨਹਾਰ ਪ੍ਰਭੂ ਆਪ ਹੀ ਸੀ। ਇਸੇ ਹੀ ਅਧਾਰ ਤੇ ਇਹ ਕਿਹਾ ਗਿਆ ਹੈ ਕਿ—

ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ
... ... ... ...

Digitized by Panjab Digital Library | www.panjabdigilib.org

ਕਹੈ ਨਾਨਕ ਸਿਸਟ ਕਾ ਮੂਲ ਰਚਿਆ
ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ।

[ਰਾਮਕਲੀ, ਮ: 3, ਪੰਨਾ 921

ਹੋ ਸਕਦਾ ਹੈ ਕਿ ਸਰਬ ਸਾਧਾਰਨ ਲੋਕਾਂ ਵਿਚ ਧਰਤੀ ਨੂੰ ਧਰਤੀ ਮਾਤਾ ਕਹਿਣ ਦੀ ਰੀਤਿ ਇਸੇ ਅਧਾਰ ਤੇ ਹੀ ਤੁਰੀ ਹੋਵੇ ਕਿ ਅਰੰਭਕ ਮਨੁੱਖਾਂ ਦੀ ਮਾਂ (ਜ਼ਮੀਨ) ਹੀ ਸੀ ਅਤੇ ਓਹ ਮਾਤਾ ਪਿਤਾ ਤੋਂ ਬਿਨਾਂ ਮਿੱਟੀ ਤੋਂ ਹੀ ਸਾਜੇ ਗਏ ਸਨ । ਗੁਰਬਾਣੀ ਵਿਚ ਵੀ ਸ਼ਾਇਦ ਇਸੇ ਕਰਕੇ ਹੀ ਧਰਤੀ ਨੂੰ ਧਰਤੀ ਮਾਤਾ ਕਿਹਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਮਾਤਾ ਧਰਤਿ ਮਹੁਤ ।

ਜਪੁਜੀ, ਪੰਨਾ ਤੇ ਵਾਰ ਮਾਝ ਮ: 2, ਪੰਨਾ 146

**ਅਰਥਾਤ** :—

ਉਦਰ ਸੰਜੋਗੀ ਧਰਤੀ ਮਾਤਾ ।

[ਮਾਰੂ, ਮ: 1, ਪੰਨਾ 1021

**ਅਰਥਾਤ** :—ਧਰਤੀ ਮਨੁੱਖਾਂ ਦੀ ਮਾਤਾ ਹੈ ।

ਸੋ ਇਸ ਤੋਂ ਇਹ ਮੰਨਣਾ ਕੋਈ ਭੁਲ ਨਹੀਂ ਸਮਝੀ ਜਾਏਗੀ ਕਿ ਅਰੰਭਕ ਮਨੁੱਖ ਇਸ ਧਰਤੀ ਵਿਚੋਂ ਹੀ ਸਾਜੇ ਗਏ ਸਨ ਤੇ ਇਸੇ ਕਰਕੇ ਧਰਤੀ ਨੂੰ ਧਰਤੀ ਮਾਤਾ ਕਹਿਣ ਦੀ ਰੀਤਿ ਤੁਰ ਪਈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਤਾ ਦੀ ਦੁਖ ਤੋਂ ਉਤਪੰਨ ਹੋਣ ਵਾਲੇ ਮਨੁੱਖਾਂ ਨੂੰ "ਮਾਸ ਦੇ ਭਾਂਡੇ" ਕਿਹਾ ਗਿਆ; ਜਿਹਾ ਕਿ ਗੁਰੂ ਨਾਨਕ ਜੀ ਮਹਾਰਾਜ ਨੇ ਆਪ ਹੀ ਇਹ ਫ਼ਰਮਾਇਆ ਹੈ ਕਿ

ਮਾਸਹੁ ਨਿੰਮੇ ਮਾਸਹੁ ਜੰਮੇ
ਹਮ "ਮਾਸੈ ਕੇ ਭਾਂਡੇ ।"

[ਵਾਰ ਮਲਾਰ, ਸ: ਮ: 1 ਪੰਨਾ 1290

**ਅਰਥਾਤ** :—

ਮਾਤਾ ਪਿਤਾ ਸੰਜੋਗਿ ਉਪਾਏ
ਰਕਤ ਬਿੰਦੁ ਮਿਲਿ ਪਿੰਡੁ ਕਰੇ ।

[ਮਾਰੂ ਮ: 1, ਪੰਨਾ 1013

Digitized by Panjab Digital Library | www.panjabdigilib.org

ਸੋ ਗੱਲ ਕੀ, ਗੁਰਬਾਣੀ ਵਿਚ ਵਰਤੇ ਗਏ ਪਦਾਂ "ਮਾਂਟੀ ਕੇ ਭਾਂਡੇ" ਤੇ "ਮਾਸ ਕੇ ਭਾਂਡੇ ਤੇ ਗਹੁ ਨਾਲ ਵਿਚਾਰ ਕੀਤਾ ਜਾਏ ਤਾਂ ਫ਼ਿਰ ਇਹ ਮੰਨਣਾ ਪਵੇਗਾ ਕਿ "ਮਾਟੀ ਦੇ ਭਾਂਡੇ" ਤਾਂ ਓਹ ਮਨੁੱਖ ਹਨ, ਜੋ ਸਾਜਨਹਾਰ ਪ੍ਰਭੂ ਨੇ ਅਰੰਭ ਕਾਲ ਵਿਚ, ਜਦ ਕਿ ਕੋਈ ਮਨੁੱਖ ਹੋਂਦ ਵਿਚ ਨਹੀਂ ਆਇਆ ਸੀ, ਆਪਣੀ ਕੁਦਰਤ ਨਾਲ ਸਾਜੇ ਸਨ ਤੇ ਓਹਨਾਂ ਨੂੰ ਇਸੇ ਲਈ ਹੀ "ਕੁਦਰਤ ਕੇ ਸਭ ਬੰਦੇ" ਵੀ ਕਿਹਾ ਗਿਆ ਹੈ। ਚੂੰਕਿ ਓਹਨਾਂ ਦੀ ਰਚਨਾ ਧਰਤੀ ਵਿਚੋਂ ਹੋਈ ਸੀ; ਇਸ ਲਈ ਓਹਨਾਂ ਨੂੰ ਮਿੱਟੀ ਦੇ ਭਾਂਡੇ ਕਿਹਾ ਗਿਆ। ਅਤੇ ਧਰਤੀ ਨੂੰ ਧਰਤੀ ਮਾਤਾ ਕਹਿਣ ਦਾ ਰਿਵਾਜ਼ ਵੀ ਇਸੇ ਕਰਕੇ ਹੀ ਪਿਆ ਜਾਪਦਾ ਹੈ; ਕਿਉਂ ਜੁ ਅਰੰਭਕ ਮਨੁੱਖਾਂ ਦੀ ਇਕ ਤਰ੍ਹਾਂ ਨਾਲ ਧਰਤੀ ਹੀ ਮਾਤਾ ਸੀ। ਇਸ ਤੋਂ ਮਗਰੋਂ ਸਾਜਨਹਾਰ ਪ੍ਰਭੂ ਨੇ ਓਹਨਾਂ ਦੀ ਬੰਸ ਓਹਨਾਂ ਦੀ ਰਕਤ-ਬਿੰਦੂ ਤੋਂ ਤੋਰੀ; ਇਸ ਲਈ ਉਹਨਾਂ ਮਨੁਖਾਂ ਨੂੰ ਜੋ ਮਾਤਾ-ਪਿਤਾ ਦੁਆਰਾ ਹੋਂਦ ਵਿਚ ਆਏ। "ਮਾਸ ਦੇ ਭਾਂਡੇ" ਕਿਹਾ ਗਿਆ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

الَّذِيْٓ اَحْسَنَ كُلَّ شَيْءٍ خَلَقَهٗ وَبَدَاَ خَلْقَ
الْاِنْسَانِ مِنْ طِيْنٍ ۝ ثُمَّ جَعَلَ نَسْلَهٗ مِنْ
سُلٰلَةٍ مِّنْ مَّآءٍ مَّهِيْنٍ ۝

**ਅਰਥਾਤ**—ਪ੍ਰਭੂ ਨੇ ਹਰੇਕ ਚੀਜ਼ ਨੂੰ ਸੋਹਣੇ ਢੰਗ ਨਾਲ ਬਣਾ ਸੁਆਰ ਕੇ ਸਾਜਿਆ ਹੈ ਅਤੇ ਮਨੁੱਖ ਨੂੰ ਗਿੱਲੀ ਮਿੱਟੀ ਤੋਂ ਹੋਂਦ ਵਿਚ ਆਂਦਾ ਹੈ। ਫੇਰ ਉਸ ਤੋਂ ਮਗਰੋਂ ਉਸ ਦੀ ਬੰਸ ਨੂੰ ਰਕਤ-ਬਿੰਦ ਤੋਂ ਉਤਪੰਨ ਕੀਤਾ ਹੈ।

ਕੁਰਾਨ ਸ਼ਰੀਫ਼ ਦੀ ਇਸ ਆਇਤ ਤੋਂ ਵੀ ਅਰੰਭਕ ਮਨੁੱਖ ਦਾ ਮਾਤਾ ਤੇ ਪਿਤਾ ਤੋਂ ਬਿਨਾਂ ਮਿੱਟੀ ਤੋਂ ਹੋਂਦ ਵਿਚ ਆਉਣਾ ਤੇ ਫ਼ਿਰ ਉਸ ਦੀ ਵੰਸ ਦਾ ਰਕਤ ਬਿੰਦ ਤੋਂ ਉਤਪੰਨ ਹੋਣਾ ਵਰਣਨ ਕੀਤਾ ਗਿਆ ਹੈ।

ਇਸ ਬਾਰੇ ਇਕ ਹੋਰ ਥਾਂ ਇਹ ਵਰਣਨ ਹੈ ਕਿ :—

وَاللّٰهُ اَنْۢبَتَكُمْ مِّنَ الْاَرْضِ نَبَاتًا ۝

Digitized by Panjab Digital Library | www.panjabdigilib.org

**ਅਰਥਾਤ**—ਸਾਜਨਹਾਰ ਪ੍ਰਭੂ ਨੇ ਆਦਿ ਕਾਲ ਵਿਚ ਅਨੇਕਾਂ ਮਨੁੱਖਾਂ ਨੂੰ ਧਰਤੀ ਵਿਚ ਬਨਾਸਪਤੀ ਵਾਂਗ ਹੋਂਦ ਵਿਚ ਆਂਦਾ ਸੀ ਅਤੇ ਆਪਣੀ ਕੁਦਰਤ ਨਾਲ ਸਾਜਿਆ ਸੀ।

ਜਨਮਸਾਖੀ ਭਾਈ ਬਾਲਾ ਵਿਚ ਇਕ ਥਾਂ ਆਦਿ ਕਾਲ ਦੇ ਮਨੁੱਖ ਦੀ ਸਾਜਨਾ ਵਰਣਨ ਕਰਦਿਆਂ ਇਹ ਕਿਹਾ ਗਿਆ ਹੈ ਕਿ—

ਅਰਬਾਨਸਰ ਮੇਲ ਕਰ
ਆਦਮ ਸਿਰਜਿਆ ਖ਼ੁਦਾਇ''

[ਜਨਮਸਾਖੀ ਭਾ: ਬਾਲਾ, ਪੰਨਾ 202

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਕ ਥਾਂ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਇਕ ਸਮਾਂ ਅਜੇਹਾ ਵੀ ਸੀ ਜਦ ਕਿ ਮਨੁੱਖ ਦੀ ਜੀਂਵਾਤਮਾ ਵੀ ਹੋਂਦ ਵਿਚ ਨਹੀਂ ਆਈ ਸੀ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।

[ਮਾਰੂ, ਮ: 1 ਪੰਨਾ 1035

**ਅਰਥਾਤ**—ਤੂੰ ਇਹ ਕਹਿ ਦੇ ਕਿ ਜੀਵਾਤਮਾ ਮੇਰੇ ਸਾਜਨਹਾਰ ਪ੍ਰਭੂ ਦੇ ਹੁਕਮ ਦੁਆਰਾ ਹੋਂਦ ਵਿਚ ਆਈ ਹੈ। ਇਸ ਬਾਰੇ ਤੁਹਾਡਾ ਗਿਆਨ ਉੱਕਾ ਹੀ ਅਧੂਰਾ ਤੇ ਅਪੂਰਾ ਹੈ। ਜੇ ਇਹ ਅਨਾਦੀ ਹੁੰਦੀ, ਤਾਂ ਇਸ ਦਾ ਗਿਆਨ ਅਧੂਰਾ ਨਾ ਹੁੰਦਾ।

ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਇਸਲਾਮ ਧਰਮ ਦੀ ਸ਼ੁਭ ਸਿਖਿਆ ਅਨੁਸਾਰ ਵੀ ਇਕ ਸਮਾਂ ਅਜੇਹਾ ਸੀ, ਜਦ ਕਿ ਜੀਵਾਤਮਾ ਦੀ ਅਣਹੋਂਦ ਸੀ।

ਇਕ ਸਿੱਖ ਵਿਦਵਾਨ ਡਾਕਟਰ ਤਾਰਾ ਸਿੰਘ ਜੀ ਲਿਖਦੇ ਹਨ ਕਿ—

''ਜੀਵ–ਇਹ ਸ੍ਰਿਸ਼ਟੀ ਦੀ ਸਭ ਤੋਂ ਅਧਿਕ ਚੇਤਨਾਸ਼ੀਲ ਹੈ। ਗੁਰੂ ਜੀ ਨੇ ਜਪੁਜੀ ਵਿਚ 'ਹੁਕਮ' ਦੁਆਰਾ ਇਸ ਦੀ ਉਤਪਤੀ ਮੰਨੀ ਹੈ ਅਤੇ ਹੁਕਮ ਦੁਆਰਾ ਹੀ ਸੰਸਾਰ ਵਿਚ ਵਡਿਆਈ ਪ੍ਰਪਤ ਕਰਦੇ ਹਨ।''—

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।

Digitized by Panjab Digital Library | www.panjabdigilib.org

ਜੀਵਾਂ ਦੀਆਂ ਅਨੇਕ ਜਾਤੀਆਂ ਤੇ ਅਨੇਕ ਰੰਗਾਂ ਅਤੇ ਨਾਵਾਂ ਆਦਿ ਦੀਆਂ ਕਿਸਮਾਂ ਪ੍ਰਮਾਤਮਾ ਦੇ ਹੁਕਮ ਅਧੀਨ ਹੀ ਹਨ—

ਜੀਅ ਜਾਤਿ ਰੰਗਾਂ ਕੇ ਨਾਵ ।
ਸਭਨਾ ਲਿਖਿਆ ਵੁੜੀ ਕਲਾਮ ।

ਇਹ ਜੀਵ ਅਨੇਕ ਭਾਂਤ ਦੇ ਤੇ ਅਨੇਕ ਨਾਵਾਂ ਵਾਲੇ ਹਨ—

ਤਿਸੁ ਵਿਚਿ ਜੀਅ ਜੁਗਤ ਕੇ ਰੰਗ ।
ਤਿਨ ਕੇ ਨਾਮ ਅਨੇਕ ਅਨੰਤ ।

[ਵਿਚਾਰਧਾਰਾ ਪੰਨਾ 43

ਇਕ ਹੋਰ ਵਿਦਵਾਨ ਜੀ ਨੇ ਜੀਵਾਤਮਾ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਇਉਂ ਵਰਣਨ ਕੀਤਾ ਹੈ ਕਿ—

"ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਵਾਹਿਗੁਰੂ ਨੂੰ ਕਰਤਾ ਤੇ ਕਾਦਰ ਦੱਸਿਆ ਹੈ । ਸ੍ਰਿਸ਼ਟੀ ਉਸ ਦੀ ਕ੍ਰਿਤ ਦੱਸੀ ਹੈ । ਜੀਵ ਉਸੇ ਦੇ ਤੇ ਉਸ ਦੇ ਬਚੇ ਦੱਸੇ ਹਨ ।"

[ਗੁਰਮਤਿ ਦਰਸ਼ਨ ਪੰਨਾ 267

**ਅਰਥਾਤ:**—ਸੁੰਨ ਅਵਸਥਾ ਸਮੇਂ ਜਦ ਈਸ਼ਵਰ ਤੋਂ ਛੁੱਟ ਹਰੇਕ ਚੀਜ਼ ਦੀ ਅਣਹੋਂਦ ਸੀ ਤੇ ਇੱਕੋਇਕ ਪ੍ਰਭੂ ਹੀ ਜਲਵਾਗਰ ਸੀ, ਓਦੋਂ ਜੀਵਾਤਮ ਵੀ ਨਹੀਂ ਸਾਜੀ ਗਈ ਸੀ ਤੇ ਨਾ ਰਕਤ ਬਿੰਦ ਦਾ ਹੀ ਕਿਤੇ ਨਾਂ ਨਿਸ਼ਾਨ ਸੀ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਹ ਵੀ ਫ਼ਰਮਾਇਆ ਹੈ ਕਿ ਪ੍ਰਭੂ ਨੇ ਜੀਵਾਤਮਾ ਨੂੰ ਬਿਨਾਂ ਕਿਸੇ ਉਪਾਦਾਨ ਕਾਰਨ ਦੇ ਕੇਵਲ ਆਪਣੇ ਹੁਕਮ ਦੁਆਰਾ ਹੀ ਹੋਂਦ ਵਿਚ ਆਂਦਾ ਸੀ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।

[ਜਪੁਜੀ, ਪੰਨਾ 1

**ਅਰਥਾਤ :**—ਸਾਜਨਹਾਰ ਪ੍ਰਭੂ ਦੇ ਹੁਕਮ ਤੋਂ ਹੀ ਸ਼ਕਲਾਂ ਵਾਲੀਆਂ ਚੀਜ਼ਾਂ ਬਣਦੀਆਂ ਹਨ । ਉਸ ਦਾ ਹੁਕਮ ਵਰਣਨ ਨਹੀਂ ਕੀਤਾ ਦਾ ਸਕਦਾ । ਉਸੇ ਦੇ

Digitized by Panjab Digital Library | www.panjabdigilib.org

ਹੁਕਮ ਤੋਂ ਹੀ ਜੀਵਾਤਮਾ ਹੋਂਦ ਵਿਚ ਆਉਂਦੀ ਹੈ ਅਤੇ ਉਸ ਨੂੰ ਵਡਿਆਈ ਵੀ ਪ੍ਰਭੂ ਦੇ ਹੁਕਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਨਾ ਤਾਂ ਜੀਵਾਤਮਾ ਦੇ ਹੋਂਦ ਵਿਚ ਆਉਣ ਲਈ ਕਿਸੇ ਪਿਛਲੇ ਜਨਮ ਦੇ ਕਿਸੇ ਕਰਮ ਦਾ ਕੋਈ ਦਖਲ ਹੈ ਤੇ ਨਾ ਹੀ ਉਸ ਨੂੰ ਵਡਿਆਈ ਕਿਸੇ ਕਰਮ ਦੇ ਸਿੱਟੇ ਵਿਚ ਮਿਲੀ ਹੈ। ਜਦ ਅਸਲੀਅਤ ਇਹ ਹੈ ਕਿ ਇਕ ਸਮੇਂ ਜੀਵਾਤਮਾ ਦੀ ਵੀ ਅਣਹੋਂਦ ਸੀ, ਤਾਂ ਉਸ ਦੇ ਕਰਮ ਕਿੱਥੋਂ ਆ ਸਕਦੇ ਹਨ। ਇਸੇ ਹੀ ਭਾਵ ਨੂੰ ਮੁਖ ਰੱਖ ਕੇ ਗੁਰਬਾਣੀ ਵਿਚ ਇਹ ਕਿਹਾ ਗਿਆ ਹੈ ਕਿ—

ਕਰਮ ਬੰਧੁ ਤੁਮ ਜੀਉ ਕਹਤ ਹੌ
ਕਰਮਹਿ ਕਿਨਿ ਜੀਉ ਕੀਨੁ ਰੇ।

[ਗੋਂਡੇ, ਕਬੀਰ, ਪੰਨਾ 970

**ਅਰਥਾਤ :—**

"ਤੁਸੀਂ ਜੀਵ ਨੂੰ ਕਰਮਾਂ ਦਾ ਬਧਾ ਹੋਇਆ ਕਹਿੰਦੇ ਹੋ, ਪਰ ਕਰਮਾਂ ਦੇ ਵਸ ਜੀਵ ਨੂੰ ਕਿਸ ਨੇ ਕੀਤਾ ?"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ
ਪੰਨਾ 970

ਕੁਰਾਨ ਸ਼ਰੀਫ਼ ਵਿਚ ਇਹ ਲਿਖਿਆ ਮਿਲਦਾ ਹੈ ਕਿ—

قُلِ الرُّوحُ مِنْ أَمْرِ رَبِّي وَمَا أُوتِيتُم مِّنَ
الْعِلْمِ إِلَّا قَلِيلًا ۝

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਜਿਥੇ ਜੀਵਾਤਮਾ ਦਾ ਪ੍ਰਭੂ ਦੇ ਹੁਕਮ ਦੁਆਰਾ ਹੋਂਦ ਵਿਚ ਆਉਣਾ ਦਸਿਆ ਹੈ ਅਤੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਇਸਦੀ ਉੱਕੀ ਹੀ ਅਣਹੋਂਦ ਸੀ, ਉਥੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਸਨੂੰ ਜੋ ਵੀ ਵਡਿਆਈ ਮਿਲੀ ਹੈ, ਉਹ ਵੀ ਪ੍ਰਭੂ ਦੇ ਹੁਕਮ ਨਾਲ ਹੀ ਸੰਬੰਧਤ ਹੈ ਅਤੇ ਸਾਜਨਹਾਰ ਪ੍ਰਭੂ ਨੇ ਆਪਣੇ ਹੁਕਮ ਦੁਆਰਾ ਹੀ ਕਿਸੇ ਪ੍ਰਾਣੀ ਨੂੰ ਉੱਤਮ ਤੇ ਕਿਸੇ ਨੂੰ ਨੀਚ ਅਤੇ ਕਿਸੇ ਨੂੰ ਦੁੱਖ ਤੇ ਕਿਸੇ ਨੂੰ ਸੁੱਖ ਦਿਤੇ ਹਨ; ਜਿਹਾ ਕਿ ਗੁਰੂ ਜੀ ਦਾ ਫ਼ਰਮਾਨ ਹੈ ਕਿ—

Digitized by Panjab Digital Library | www.panjabdigilib.org

ਹੁਕਮੀ ਉਤਮ ਨੀਚੁ ਹੁਕਮਿ ਲਿਖਿ ਦੁਖੁ ਸੁਖ ਪਾਈਅਹਿ ।[1]
ਇਕਨਾ ਹੁਕਮੀ ਬਖਸੀਸਿ ਇਕਿ ਹੁਕਮੀ ਸਦਾ ਭਵਾਈਅਹਿ ।

[ਜਪੁਜੀ, ਪੰਨਾ

ਉਥੇ ਇਹ ਗੱਲ ਵੀ ਸਪਸ਼ਟ ਕਰ ਦਿਤੀ ਹੈ ਕਿ ਇਸਨੂੰ ਸਾਜਨਹਾਰ ਪ੍ਰਭੂ ਵਲੋਂ ਜੋ ਕੁਝ ਵੀ ਮਿਲਿਆ ਹੈ, ਉਹ ਇਕੋ ਵਾਰ ਹੀ ਹੈ । ਮੁੜ ਮੁੜ ਉਸਨੂੰ ਨਹੀਂ ਮਿਲ ਸਕਦਾ । ਮਨੁੱਖ ਦੇ ਜੀਵਨ ਤੋਂ ਲੈ ਕੇ ਸਰੀਰ ਦੇ ਅੰਗਾਂ ਤਕ ਅਸੀਂ ਏਹੋ ਨੇਮ ਤੇ ਵਰਤਾਰਾ ਵਰਤ ਰਿਹਾ ਵੇਖਦੇ ਹਾਂ ਕਿ ਕੋਈ ਇਕ ਚੀਜ਼ ਵੀ ਮੁੜ ਨਹੀਂ ਮਿਲਦੀ । ਸ੍ਰੀ ਗੁਰੂ ਜੀ ਨੇ ਵਡੇ ਸੋਹਣੇ ਸੁਖੈਨ ਅੱਖਰਾਂ ਵਿਚ ਇਹ ਗੱਲ ਇਉ ਵਰਣਨ ਕਰ ਦਿਤੀ ਹੈ ਕਿ—

ਜੋ ਕਿਛੁ ਪਾਇਆ ਸੋ ਏਕਾ ਵਾਰੁ ।
ਕਰਿ ਕਰਿ ਵੇਖੈ ਸਿਰਜਣਹਾਰੁ ।

[ਜਪੁਜੀ, ਪੰਨਾ 1

ਅਸੀਂ ਜਗ ਵਿਚ ਨਿਤ ਏਹੋ ਵਰਤਾਰਾ ਵਰਤ ਰਿਹਾ ਵੇਖਦੇ ਹਾਂ ਕਿ ਕਿਸੇ ਦੀ ਬਾਂਹ ਕੱਟੀ ਜਾਏ, ਲੱਤ ਵੱਢੀ ਜਾਏ, ਪੈਰ ਅੱਡ ਹੋ ਜਾਏ, ਅੱਖ ਨਿਕਲ ਜਾਏ ਤਾਂ ਉਹ ਦੂਜੀ ਵਾਰ ਨਹੀਂ ਉਗਾਦੀ ਜਾਂ ਆਪਣੇ ਆਪ ਨਹੀਂ ਬਣ ਜਾਂਦੀ । ਪ੍ਰਭੂ ਨੇ ਸਾਨੂੰ, ਸਣੇ ਜੀਵਨ ਦੇ, ਜੋ ਕੁਝ ਵੀ ਦਿਤਾ ਹੈ, ਇਕੋ ਵਾਰ ਹੀ ਦਿੱਤਾ ਹੈ । ਇਸੇ ਹੀ ਭਾਵ ਨੂੰ ਮੁਖ ਰਖਕੇ ਗੁਰਬਾਣੀ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ—

ਕਬੀਰ ਮਾਨਸ ਜਨਮੁ ਦੁਲੰਭ ਹੈ ਹੋਇ ਨ ਬਾਰੈ ਬਾਰ ।
ਜਿਉ ਬਨ ਫਲ ਪਾਕੈ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ।

[ਸਲੋਕ, ਕਬੀਰ, ਪੰਨਾ 1366

---

(1) ਚੇਤੇ ਰਹੇ ਕਿ ਗੁਰਬਾਣੀ ਅਨੁਸਾਰ ਦੁਖੁ ਸੁਖ ਮਨੁੱਖਤਾ ਦਾ ਲਿਬਾਸ ਤੇ ਜੀਨਤ ਹਨ : ਜਿਹਾ ਕਿ ਵਰਣਨ ਹੈ ਕਿ—

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ।
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ।
(ਰਾਗ ਮਾਝ)

Digitized by Panjab Digital Library | www.panjabdigilib.org

ਇਸ ਸੰਬੰਧ ਵਿਚ ਗੁਰਬਾਣੀ ਸਾਡੀ ਇਹ ਅਗਵਾਈ ਵੀ ਕਰਦੀ ਹੈ ਕਿ—

ਜੋ ਦੀਨੋ ਸੋ ਏਕਹਿ ਬਾਰ।
ਮਨ ਮੂਰਖ ਕਹ ਕਰਹਿ ਪੁਕਾਰ ॥

[ਗਉੜੀ, ਮ: 5, ਪੰਨਾ 258

**ਅਰਥਾਤ :—**

ਨਹੀ ਹੋਤ ਕਛੁ ਦੋਊ ਬਾਰਾ।
ਕਰਨੈਹਾਰੁ ਨ ਭੁਲਨਹਾਰਾ ॥

[ਗਉੜੀ, ਮ: 5, ਪੰਨਾ 253

ਗੁਰਬਾਣੀ ਦੇ ਏਹਨਾਂ ਉਕਤ ਪ੍ਰਮਾਣਾਂ ਤੋਂ ਸਾਨੂੰ ਏਹੋ ਪਤਾ ਲਗਦਾ ਹੈ ਕਿ ਮਨੁੱਖ ਨੂੰ ਮਨੁੱਖਾ ਜੀਵਨ ਤੋਂ ਲੈਕੇ ਸਰੀਰ ਦੇ ਅੰਗਾਂ ਆਦਿ ਤਕ ਜੋ ਕੁਝ ਵੀ ਪ੍ਰਭੂ ਵਲੋਂ ਮਿਲਿਆ ਹੈ, ਉਸਦੇ ਦੂਜੀ ਵਾਰ ਮਿਲਣ ਦੀ ਕੋਈ ਸੰਭਾਵਨਾ ਹੀ ਨਹੀਂ ਕੀਤੀ ਜਾ ਸਕਦੀ। ਇਹ ਸਭ ਕੁਝ ਇਕੋ ਵਾਰ ਹੀ ਮਿਲਿਆ ਹੈ।

ਇਕ ਸਿਖ ਵਿਦਵਾਨ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ਜੋ ਪ੍ਰਾਣੀ ਇਸ ਅਸਾਰ ਸੰਸਾਰ ਨੂੰ ਛਡਕੇ ਪਰਲੋਕ ਗਿਆ, ਉਹ ਵਾਪਸ ਨਹੀਂ ਮੁੜਿਆ, ਜੋ ਉਹ ਅਸਾਂ ਪਿਛੇ ਰਹਿ ਗਿਆਂ ਨੂੰ ਦਸ ਸਕੇ ਕਿ ਭਲਿਓ ਲੋਕੋ ! ਮੈਂ ਪਰਲੋਕ ਵਿਚ ਜਾ ਕੇ ਕੀ ਵੇਖਿਆ ਅਤੇ ਮੇਰੇ ਨਾਲ ਮਰਨ ਪਿਛੋਂ ਵੀ ਕੁਝ ਬੀਤਿਆ।"

[ਗੁਰਮਤਿ ਪ੍ਰਕਾਸ਼ ਅਪਰੈਲ 1963

ਇਸਦੇ ਨਾਲ ਹੀ ਗੁਰਬਾਣੀ ਸਾਨੂੰ ਇਹ ਵੀ ਦਸਦੀ ਹੈ ਕਿ ਇਕ ਪ੍ਰਾਣੀ ਜਦ ਤਕ ਸੱਚੇ ਗੁਰੂ ਨੂੰ ਧਾਰਨ ਕਰਕੇ ਸੁਆਰਥ ਵਲ ਨਹੀਂ ਲਗ ਜਾਂਦਾ, ਉਸਦਾ ਜੀਵਨ ਪਸ਼ੂਆਂ ਸਮਾਨ ਹੁੰਦਾ ਹੈ; ਜਿਹਾ ਕਿ ਲਿਖਿਆ ਹੈ ਕਿ—

ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।
ਕੂਕਰਹ ਸੂਕਰਹ ਗਰਧਭਤ ਕਾਕਹ ਸਰਪ ਨਹ ਤੁਲਿ ਖਲਹ।

[ਸਲੋਕ ਸਹਸ ਕ੍ਰਿਤੀ ਮ: 5, ਪੰਨਾ 1356

Digitized by Panjab Digital Library | www.panjabdigilib.org

**ਅਰਥਾਤ**—ਜਿਸ ਪ੍ਰਾਣੀ ਨੇ ਗੁਰ ਮੰਤਰ ਨਹੀਂ ਲਿਆ, ਉਸਦਾ ਮਨੁੱਖਾ ਜਨਮ ਭ੍ਰਿਸ਼ਟ ਹੋ ਜਾਂਦਾ ਹੈ। ਉਹ ਕੁੱਤਾ, ਸੂਰ, ਖੋਤਾ, ਕਾਂ ਤੇ ਸੱਪ ਹੀ ਸਮਝਣਾ ਚਾਹੀਦਾ ਹੈ।

ਇਸ ਭਟਕਣਾ ਤੋਂ ਬਚਣ ਦਾ ਇਲਾਜ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਸੱਚੇ ਗੁਰੂ ਨੂੰ ਧਾਰਨ ਕਰਕੇ ਉਸਦੇ ਘਰ ਆਤਮਕ ਜ਼ਨਮ ਲੈਣਾ ਦੱਸਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।
ਅਨਹਤਿ ਰਾਤੇ ਇਹੁ ਮਨੁ ਲਾਇਆ।

[ਰਾਮਕਲੀ, ਮ: 1, ਪੰਨਾ 940

ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿਤਰ ਵਾਕ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਹੈ ਕਿ—

"ਸਤਿਗੁਰੂ ਦੇ ਘਰ ਆ ਕੇ ਜਨਮ ਲਿਆ ਤਾਂ ਆਵਾਗਵਨ ਮਿਟਾ ਦਿਤਾ। ਸਤਿਗੁਰੂ ਦੇ ਘਰ ਜੰਮਣ ਤੋਂ ਭਾਵ ਹੈ, ਪਿਛਲੀ ਕਿਰਤ ਮਿਟਾ ਕੇ ਨਵੇਂ ਸਿਰਿਓਂ ਗੁਰੂ ਦੀ ਮਤ ਅਨੁਸਾਰ ਜੀਵਨ ਬਣਾਉਣਾ।

[ਸ਼ਬਦਾਰਥ ਸ੍ਰੀ ਗੁਰੂ ਗਰੰਥ ਸਾਹਿਬ ਪੰਨਾ 940

ਇਕ ਹੋਰ ਥਾਂ ਇਸੇ ਹੀ ਵਿਦਵਾਨ ਜੀ ਨੇ ਇਹ ਲਿਖਿਆ ਹੈ ਕਿ—

"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।......ਇਥੇ ਭੀ ਏਹੋ ਭਾਵ ਹੈ ਕਿ ਸਤਿਗਰੂ ਦੇ ਘਰ ਧਾਰਮਿਕ ਜਨਮ ਲੈਣ ਨਾਲ ਭਟਕਣਾ ਮੁਕ ਗਈ ਇਕ ਰਸ ਸ਼ਬਦ ਦੀ ਗੂੰਜ ਵਿਚ ਲਿਵ ਜੁੜਕੇ ਮਨ ਟਿਕ ਗਿਆ।"

[ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁਝੇ ਭੇਦ, ਪੰਨਾ 24-25

ਇਸ ਤੋਂ ਇਹ ਗੱਲ ਨਿਤਰ ਕੇ ਸਾਹਮਣੇ ਆ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਤਮਕ ਤੌਰ ਆਵਾਗਵਨ ਨੂੰ ਵੀ ਮੰਨਦੇ ਸਨ ਅਤੇ ਉਹਨਾਂ ਦੇ ਵਿਚਾਰ ਅਨੁਸਾਰ ਜਦ ਤਕ ਇਕ ਪ੍ਰਾਣੀ ਸੱਚੇ ਗੁਰੂ ਨੂੰ ਧਾਰਨ ਕਰਕੇ ਉਸ ਤੋਂ ਗੁਰ ਮੰਤਰ ਨਹੀਂ ਲੈ ਲੈਂਦਾ, ਉਸਦਾ ਜੀਵਨ ਪਸ਼ੂਆਂ ਸਾਮਾਨ ਹੁੰਦਾ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਸੱਚੇ ਗੂਰੂ ਦੇ ਘਰ ਆਤਮਕ ਤੌਰ ਤੇ

Digitized by Panjab Digital Library | www.panjabdigilib.org

ਨਵਾਂ ਜੀਵਨ ਲੈਣ ਦੀ ਵੱਡੀ ਲੋੜ ਹੈ । ਇਸ ਤੋਂ ਬਿਨਾਂ ਇਸ ਭਟਕਣਾ ਤੋਂ ਛੁਟਕਾਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਮਨੁੱਖਾ ਜੀਵਨ ਦੀ ਸਫਲਤਾ ਹੀ ਪ੍ਰਾਪਤ ਹੋ ਸਕਦੀ ਹੈ ।

ਗੁਰਬਾਣੀ ਵਿਚ ਸਤਿਗੁਰੂ ਤੋਂ ਦੂਰ ਲੋਕਾਂ ਨੂੰ ਪਸ਼ੂ ਕਿਹਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

ਜਿਨ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ।
ਓਇ ਮਾਣਸ ਜੂਨਿ ਨ ਆਖੀਅਨ ਪਸੂ ਢੋਰ ਗਵਾਰ ।

[ਸਲੋਕ ਵਾਰਾਂ ਤੇ ਵਧੀਕ, ਮ: 3, ਪੰਨਾ 1418

**ਅਰਥਾਤ :—**

ਮਨਮੁਖ ਵਿਣੁ ਨਾਵੈ ਕੂੜਿਆਰ
ਫਿਰਹਿ ਬੇਤਾਲਿਆ ।
ਪਸੂ ਮਾਣਸ ਚੰਮ ਪਲੇਟੇ
ਅੰਦਰਹੁ ਕਾਲਿਆ ।

[ਵਾਰ ਮ: 1, ਪੰਨਾ 1284

ਗੁਰਬਾਣੀ ਦੇ ਏਹਨਾਂ ਵਿਚਾਰਾਂ ਤੋਂ ਏਹੋ ਹੀ ਸਿਧ ਹੁੰਦਾ ਹੈ ਕਿ ਜਿਹੜੇ ਪ੍ਰਾਣੀ ਸੱਚੇ ਗੁਰੂ ਨੂੰ ਧਾਰਨ ਕਰਕੇ ਸੁਮਾਰਗ ਵਲ ਨਹੀਂ ਲਗਦੇ ਤੇ ਆਪਣੀ ਮਨਮੁਖਤਾ ਵਿਚ ਹੀ ਗਲਤਾਨ ਰਹਿੰਦੇ ਹਨ, ਓਹ ਪਸ਼ੂ ਹਨ ਭਾਵੇਂ ਓਹਨਾਂ ਦੇ ਸਰੀਰ ਮਨੁੱਖਾ ਜੇਹੇ ਹੀ ਹਨ । ਇਸੇ ਕਰਕੇ ਹੀ ਓਹਨਾਂ "ਪਸੂ ਮਾਣਸ ਚੰਮ ਪਲੇਟੇ' ਕਿਹਾ ਗਿਆ ਹੈ ।

ਇਹ ਅਸੀਂ ਦਸ ਆਏ ਹਾਂ ਕਿ ਗੁਰਬਾਣੀ ਅਨੁਸਾਰ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਇਸ ਜਗ ਦੀ ਕੋਈ ਇਕ ਵੀ ਚੀਜ਼ ਹੋਂਦ ਵਿਚ ਨਹੀਂ ਆਈ ਸੀ; ਇਥੋਂ ਤਕ ਕਿ ਉਦੋਂ ਜੀਵਾਤਮਾ ਦੀ ਵੀ ਚੀਜ਼ ਹੋਂਦ ਵਿਚ ਨਹੀਂ ਆਈ ਸੀ; ਇਥੋਂ ਤਕ ਕਿ ਉਦੋਂ ਜੀਵਾਤਮਾ ਦੀ ਵੀ ਅਣਹੋਂਦ ਸੀ ਅਤੇ ਪ੍ਰਕਿਰਤੀ ਦਾ ਵੀ ਕੋਈ ਨਾਂ ਨਿਸ਼ਾਨ ਨਹੀਂ ਸੀ । ਸਾਜਨਹਾਰ ਪ੍ਰਭੂ ਨੇ ਆਪਣੀ ਕੁਦਰਤ ਨਾਲ ਬਿਨਾਂ ਕਿਸੇ ਉਤਪਾਦਨ ਕਾਰਨ ਦੇ ਆਪਣੇ ਹੁਕਮ ਦੁਆਰਾ ਸਭ ਕੁਝ ਹੋਂਦ ਵਿਚ ਆਂਦਾ ਸੀ । ਇਸ ਤਰ੍ਹਾਂ "ਦੌਰਿ—ਵਹਦਤ" ਨੂੰ "ਦੌਰਿ-ਖਲਕ" ਵਿਚ ਬਦਲ ਦਿੱਤਾ ਸੀ ।

Digitized by Panjab Digital Library | www.panjabdigilib.org

ਗੁਰਬਾਣੀ ਸਾਡੀ ਇਹ ਵੀ ਅਗਵਾਈ ਕਰਦੀ ਹੈ ਕਿ ਪ੍ਰਭੂ ਨੇ ਇਸ ਵਿਸ਼ਵ ਦੀ ਰਚਨਾ ਕੇਵਲ ਇਕ ਵਾਰ ਹੀ ਨਹੀਂ ਕੀਤੀ, ਸਗੋਂ ਅਨੇਕਾਂ ਵਾਰ ਉਸਨੇ ਰਚਨਾ ਰਚਾਈ ਹੈ ਤੇ ਅਨੇਕਾਂ ਵਾਰ ਸਮੇਟੀ ਹੈ। ਸੋ ਕਦੇ ਇਸ ਜਗ ਤੇ "ਦੌਰਿ—ਖ਼ਲਕ" ਹੁੰਦਾ ਹੈ ਤੇ ਕਦੇ "ਦੌਰਿ—ਵਹਿਦਤ"; ਜਿਹਾ ਕਿ ਗੁਰਬਾਣੀ ਵਿਚ ਵਰਣਨ ਹੈ ਕਿ—

ਕਈ ਬਾਰ ਪਸਰਿਓ ਪਾਸਾਰ।
ਸਦਾ ਸਦਾ ਇਕੁ ਏਕੰਕਾਰ ॥

[ਪਉੜੀ, ਮ: 5, ਪੰਨਾ 276

**ਅਰਥਾਤ**—ਪ੍ਰਭੂ ਨੇ ਕਈ ਵਾਰ ਰਚਨਾ ਰਚਾਈ ਹੈ ਤੇ ਕਈ ਵਾਰ ਸਮੇਟੀ ਹੈ। ਜਦੋਂ ਉਹ ਇਸਨੂੰ ਸਮੇਟ ਲੈਂਦਾ ਹੈ, ਉਦੋਂ ਕੱਲਮ-ਕੱਲਾ ਤੇ ਇਕੋ ਇਕ ਪ੍ਰਭੂ ਹੀ ਜਲਵਾ-ਗਰ ਹੁੰਦਾ ਹੈ।

ਇਕ ਸਿੱਖ ਵਿਦਵਾਨ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ਸੰਸਾਰ ਭੀ ਤਾਂ ਅਨੇਕ ਵਾਰ ਪਸਰਿਆ ਤੇ ਲੈ ਹੋਇਆ ਹੈ :—

ਕਈ ਬਾਰ ਪਸਰਿਓ ਪਾਸਾਰੁ।
ਸਦਾ ਸਦਾ ਇਕ ਏਕੰਕਾਰੁ।

ਸੰਸਾਰ ਦੇ ਪ੍ਰਵਾਹ ਅਤੇ ਆਦਿ ਬਾਰੇ ਕੋਈ ਕਹਿ ਨਹੀਂ ਸਕਦਾ ਕਿ ਸੰਸਾਰ ਦੀ ਉਤਪਤੀ ਦੀ ਮਰਯਾਦਾ ਜਾਂ ਪਰਪਾਟੀ ਮਰਯਾਦੀ, ਸਭ ਤੋਂ ਪਹਿਲਾਂ, ਕਦੋਂ ਤੇ ਕਿਸ ਤਰ੍ਹਾਂ ਸ਼ੁਰੂ ਹੋਈ।"

[ਗੁਰਮਤਿ ਪ੍ਰਕਾਸ਼, ਅਪਰੈਲ 1963

ਇਸ ਬਾਰੇ ਇਸਲਾਮ ਧਰਮ ਦੀ ਵੀ ਏਹੋ ਸਿਖਿਆ ਹੈ। ਇਸਲਾਮੀ ਪੁਸਤਕਾਂ ਵਿਚ ਰਚਨਾ ਦੇ ਦੌਰ ਨੂੰ "ਦੌਰਿ—ਖ਼ਲਕ" ਤੇ ਇਕੋ ਇਕ ਤੇ ਕੱਲਮ—ਕੱਲੇ ਪ੍ਰਭੂ ਹੋਣ ਦੇ ਸਮੇਂ ਨੂੰ "ਦੌਰਿ ਵਹਿਦਤ" ਦਾ ਨਾਂ ਦਿਤਾ ਗਿਆ ਹੈ।

ਜਮਾਤ ਅਹਿਮਦੀਆ ਦੇ ਮੋਢੀ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਇਸ ਬਾਰੇ ਵਿਚਾਰ ਪਰਗਟ ਕਰਦਿਆਂ ਹੋਇਆਂ ਇਹ ਫ਼ਰਮਾਇਆ ਹੈ ਕਿ—

"ਹਾਂ, ਇਹ ਗੱਲ ਸੱਚ ਹੈ ਕਿ ਅਨਾਦੀ ਪ੍ਰਭੂ ਦੇ ਸਾਰੇ ਨਿਜੀ ਗੁਣ,

Digitized by Panjab Digital Library | www.panjabdigilib.org

ਸਾਜਨਹਾਰ ਤੇ ਪਾਲਨਹਾਰ ਆਦਿ, ਹੋਣਾ ਅਨਾਦੀ ਹਨ। ਏਹਨਾਂ ਦਾ ਨਾ ਆਦਿ ਹੈ ਤੇ ਨਾ ਅੰਤ ਹੈ। ਸੋ ਪ੍ਰਭੂ ਦੇ ਗੁਣ ਅਨਾਦੀ ਹੋਣ ਕਰਕੇ ਰਚਨਾ ਦੀ ਹੋਂਦ ਵੀ ਕੋਈ ਤੌਰ ਤੇ ਅਨਾਦੀ ਮੰਨਣੀ ਪਵੇਗੀ; ਨਾ ਕਿ ਸ਼ਖਸੀ (ਨਿਜੀ) ਤੌਰ ਤੇ, ਅਰਥਾਤ ਰਚਨਾ ਦੀ ਨੌਅ ਅਨਾਦੀ ਹੈ। ਇਕ ਨੌਅ ਤੋਂ ਮਗਰੋਂ ਦੂਜੀ ਨੌਅ ਪ੍ਰਭੂ ਸਾਜਦਾ ਤੁਰਿਆ ਆ ਰਿਹਾ ਹੈ। ਸੋ ਇਸ ਤਰ੍ਹਾਂ ਅਸੀਂ ਇਹ ਵਿਸ਼ਵਾਸ ਰਖਦੇ ਹਾਂ ਅਤੇ ਏਹੋ ਹੀ ਕੁਰਾਨ ਸਾਨੂੰ ਸਿਖਿਆ ਦਿੰਦਾ ਹੈ। **ਅਸੀਂ ਇਹ ਨਹੀਂ ਜਾਣਦੇ ਕਿ ਮਨੁੱਖਾਂ ਤੋਂ ਪਹਿਲਾਂ ਪ੍ਰਭੂ ਨੇ ਕੀ ਕੀ ਸਾਜਿਆ ਸੀ।** ਪਰ ਇਹ ਜ਼ਰੂਰ ਜਾਣਦੇ ਹਾਂ ਕਿ ਪ੍ਰਭੂ ਦੇ ਸਾਰੇ ਗੁਣ ਕਦੇ ਵੀ ਸਦੀਵੀ ਤੌਰ ਤੇ ਮੁਅੱਤਲ ਨਹੀਂ ਹੁੰਦੇ। ਸੋ ਪ੍ਰਭੂ ਦੇ ਅਨਾਦੀ ਗੁਣਾਂ ਨੂੰ ਵੇਖਕੇ ਰਚਨਾ ਲਈ "ਕਦਾਮਤਿ ਨੌਈ" ਜ਼ਰੂਰੀ ਹੈ, ਪਰ "ਕਦਾਮਤਿ ਸ਼ਖਸੀ" ਨਹੀਂ।"

[ਚਸ਼ਮਾ ਮਾਰਫ਼ਤ, ਪੰਨਾ 160

ਸੋ ਇਹ ਇਕ ਅਸਲੀਅਤ ਹੈ ਕਿ ਪ੍ਰਭੂ ਦਾ ਸਾਜਨਹਾਰ ਤੇ ਪਾਲਨਹਾਰ ਹੋਣਾ ਕਿਸੇ ਖਾਸ ਯੁਗ ਜਾਂ ਸਮੇਂ ਨਾਲ ਸੰਬੰਧਤ ਨਹੀਂ ਕੀਤਾ ਜਾ ਸਕਦਾ[1], ਸਗੋਂ ਏਹੋ ਹੀ ਕਹਿਣਾ ਪਵੇਗਾ ਕਿ ਪ੍ਰਭੂ ਅਨਾਦੀ ਹੈ ਤੇ ਉਸਦੇ ਸਾਜਨਹਾਰ ਤੇ ਪਾਲਨਹਾਰ ਹੋਣ ਦਾ ਵੀ ਆਦਿ—ਅੰਤ ਨਹੀਂ ਹੈ। ਉਹ ਰਚਨਾ ਰਚਾਉਂਦਾ ਤੇ ਸਮੇਟਦਾ ਤੁਰਿਆ ਆ ਰਿਹਾ ਹੈ।

ਅਸੀਂ ਇਹ ਵੀ ਨਹੀਂ ਆਖ ਸਕਦੇ ਕਿ ਉਸਨੇ ਕਿੰਨੀ ਕੁ ਕਿਸਮਾਂ ਦੀ ਰਚਨਾ ਰਚਾਈ ਹੈ। ਗੁਰਬਾਣੀ ਸਾਡੀ ਇਸ ਪਾਸੇ ਅਗਵਾਈ ਕਰਦੀ ਹੈ ਕਿ ਸਾਡੇ ਇਸ ਸੰਸਾਰ ਵਿਚ ਪ੍ਰਭੂ ਨੇ ਜੀਅ—ਜੰਤ ਦੀ ਪੈਦਾਇਸ਼ ਦੀਆਂ ਚਾਰ

---

(1) ਇਕ ਸਿਖ ਵਿਦਵਾਨ ਦਾ ਕਥਨ ਹੈ ਕਿ—

"ਵਾਹਿਗੁਰੂ ਸ੍ਰਿਸ਼ਟੀ ਦੇ ਬਨਾਵਣ ਕਰਕੇ ਕਰਤਾ ਹੈ ਤੇ ਜੇ ਸ੍ਰਿਸ਼ਟੀ ਨੂੰ ਨਾ ਬਣਾਵੇਗਾ, ਤਾਂ ਕਰਤਾ ਨਹੀਂ ਰਹੇਗਾ।"

[ਪ੍ਰਤਖਜ ਦਰਸ਼ਨ, ਪੰਨਾ 38

ਸੋ ਗੱਲ ਕੀ, ਸਾਜਨਹਾਰ ਪ੍ਰਭੂ ਰਚਨਾ ਰਚਾਉਂਦਾ ਤੇ ਸਮੇਟਦਾ ਤੁਰਿਆ ਆ ਰਿਹਾ ਹੈ। ਉਹ ਨਿਹਚਲ ਕਰਤਾ ਹੈ—

Digitized by Panjab Digital Library | www.panjabdigilib.org

ਖਾਣੀਆਂ—ਅੰਡਜ, ਜੇਰਜ, ਸੇਤਜ ਤੇ ਉਤਭੁਜ—ਨੀਅਤ ਕੀਤੀਆਂ ਹਨ; ਜਿਹਾ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਅੰਡਜ ਜੇਰਜ ਉਤਭੁਜ ਸਤੇਜ
ਤੇਰੇ ਕੀਤੇ ਜੰਤਾ ।
ਏਕ ਪੁਰਬ ਮੈ ਤੇਰਾ ਦੇਖਿਆ
ਤੂੰ ਸਭਨਾ ਮਹਿ ਵਰਤੰਤਾ ।
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਨਿਆ
ਮੈ ਮੂਰਖ ਕਿ ਕਿਛੁ ਕੀਜੈ ।
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ
ਡੁਬਦਾ ਪਥਰ ਲੀਜੈ ॥

[ਸੋਰਠ, ਮ: 1, ਪੰਨਾ 596

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿਤਰ ਸ਼ਬਦ ਤੋਂ ਪਤਾ ਲਗਦਾ ਹੈ ਕਿ ਇਸ ਜਗਤ ਵਿਚ ਸਾਜਨਹਾਰ ਪ੍ਰਭੂ ਨੇ ਸਾਰੇ ਜੀਅ—ਜੰਤ ਦੇ ਹੋਂਦ ਵਿਚ ਆਉਣ ਲਈ ਚਾਰ ਢੰਗ (ਅੰਡਜ—ਅੰਡਿਆਂ ਤੋਂ ਉਤਪੰਨ ਹੋਣਾ, ਜੇਰਜ ਰਨਤ—ਬਿੰਦ ਤੋਂ ਪੈਦਾ ਹੋਣਾ; ਸੇਤਜ—ਪਸੀਨੇ ਦੁਆਰਾ ਹੋਂਦ ਵਿਚ ਆਉਣਾ ਤੇ ਉਤਭੁਜ ਧਰਤੀ ਵਿਚੋਂ ਉੱਗਣੀ ਨੀਅਤ ਕੀਤੇ ਹੋਏ ਹਨ । ਪਰ ਕੌਣ ਇਹ ਕਹਿ ਸਕਦਾ ਹੈ ਕਿ ਏਹਨਾਂ ਚਾਰ ਢੰਗਾਂ ਤੋਂ ਬਿਨਾਂ ਪ੍ਰਭੂ ਨੇ ਕਦੇ ਕੋਈ ਹੋਰ ਢੰਗ ਹੋਂਦ ਵਿਚ ਨਹੀਂ ਆਂਦਾ ਸੀ, ਜਾਂ ਅਗੋਂ ਨਹੀਂ ਲਿਆ ਸਕਦਾ ! ਗੁਰੂ ਜੀ ਨੇ ਆਪਣੇ ਇਸੇ ਹੀ ਪਵਿਤਰ ਸ਼ਬਦ ਵਿਚ ਆਪਣੇ ਸਾਜਨਹਾਰ ਪ੍ਰਭੂ ਦੇ ਬਹੁਤ ਸਾਰੇ ਗੁਣ ਵੀ ਸਵੀਕਾਰ ਕੀਤੇ ਹਨ ?

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਹੋਇਆਂ ਇਹ ਅਸਲੀਅਤ ਵੀ ਵਰਣਨ ਕੀਤੀ ਹੈ ਕਿ—

ਕੇਤੇ ਦੇਵ ਦਾਨਵ ਮੁਨਿ ਕੇਤੇ
ਕੇਤੇ ਰਤਨ ਸਮੁੰਦ ।
ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ ॥

Digitized by Panjab Digital Library | www.panjabdigilib.org

ਕੇਤੀਆ ਸੁਰਤੀ ਸੇਵਕ ਕੇਤ
ਨਾਨਕ ਅੰਤੁ ਨ ਅੰਤੁ ॥

[ਜਪੁਜੀ, ਪੰਨਾ 7

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਫ਼ਰਮਾਨ ਤੋਂ ਸਾਨੂੰ ਏਹੋ ਹੀ ਅਗਵਾਈ ਮਿਲਦੀ ਹੈ ਕਿ ਪ੍ਰਭੂ ਨੇ ਆਪਣੀ ਰਚਨਾ ਰਚਾਉਣ ਲਈ ਕੇਵਲ ਚਾਰ ਖਾਣਿਆਂ—ਅੰਡਜ, ਜੇਰਜ, ਸੇਤਜ ਤੇ ਉਤਭੁਜ ਤੇ ਹੀ ਸੰਕੋਚ ਨਹੀਂ ਕੀਤਾ, ਸਗੋਂ ਅਨੇਕਾਂ ਖਾਣੀਆਂ ਦੁਆਰਾ ਰਚਨਾ ਰਚਾਈ ਹੈ ਤੇ ਕੋਈ ਨਹੀਂ ਕਹਿ ਸਕਦਾ ਕਿ ਅਗੋਂ ਹੋਰ ਕਿੰਨੀਆਂ ਕੁ ਖਾਣੀਆਂ ਪ੍ਰਭੂ ਹੋਂਦ ਵਿਚ ਲਿਆਵੇਗਾ।

ਗੁਰੂ ਜੀ ਨੇ ਤਾਂ

ਨਾਨਕ ਅੰਤੁ ਨ ਅੰਤੁ

ਕਹਿ ਕੇ ਸਾਰੀ ਗਲ ਹੀ ਮੁਕਾ ਦਿਤੀ ਹੈ।

ਇਕ ਸਿਖ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਨੇ ਗੁਰੂ ਜੀ ਦੇ ਇਸ ਫ਼ਰਮਾਨ ਨੂੰ ਮੁਖ ਰਖਕੇ ਇਹ ਲਿਖਿਆ ਹੈ ਕਿ—

"ਭਾਵੇਂ ਸਾਡੇ ਵਿਚ ਚਾਰ ਖਾਣੀਆਂ ਪ੍ਰਸਿਧ ਹਨ, ਪਰ......ਪਤਾ ਨਹੀਂ ਕਿ ਬੇਅੰਤ ਬ੍ਰਹਿਮੰਡਾਂ ਵਿਚ ਕਿਤਨੀਆਂ ਖਾਣੀਆਂ ਹੋਣਗੀਆਂ।"

[ਨਿਤਨੇਮ, ਸਟੀਕ, ਪੰਨਾ 170

ਇਕ ਹੋਰ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ਵਿਚਾਰ ਦੀਆਂ ਅੱਖਾਂ ਖੁਲ੍ਹ ਜਾਣ ਨਾਲ ਦੇਸ ਤੇ ਕਾਲ ਦਾ ਦਾਇਰਾ ਹੋਰ ਭੀ ਖੁਲ੍ਹਾ ਦਿੱਸਣ ਲਗ ਪੈਂਦਾ ਹੈ। ਅੱਗੇ ਤਾਂ ਇਕੋ ਧਰਤੀ ਵਿਚ ਥੋੜੇ ਜੇਹੇ ਤਤ ਕੰਮ ਕਰਦੇ ਦਿਸਦੇ ਸਨ। ਹੁਣ ਉਸ ਧਰਤੀ ਤੋਂ ਬਿਨਾਂ ਹੋਰ ਕਈ ਕਰਮ ਭੂਮੀਆਂ ਅਤੇ ਓਹਨਾਂ ਵਿਚ ਕੰਮ ਕਰਦੇ ਕਈ ਤੱਤਾਂ ਦੀ ਸੋਝੀ ਹੋ ਜਾਂਦੀ ਹੈ। ਕਈ ਤਰ੍ਹਾਂ ਦੀ ਰਚਨਾ ਦੇ ਕਈ ਸਿਲਸਿਲੇ, ਅਤੇ ਓਹ ਦੇ ਘੜਨ ਵਾਲੀਆਂ ਕਈ ਸ਼ਕਤੀਆਂ ਦਿਸਣ ਲਗ ਪੈਂਦੀਆਂ ਹਨ ਅਤੇ ਭਰਮ ਦੂਰ ਹੋ ਜਾਂਦੇ ਹਨ।"

[ਜਪੁਜੀ ਸਟੀਕ ਪੰਨਾ 183

Digitized by Panjab Digital Library | www.panjabdigilib.org

ਸੋ ਗੱਲ ਕੀ, ਅਨਾਦੀ ਪ੍ਰਭੂ ਨੇ ਹੁਣ ਤਕ ਕੀ ਕੀ ਸਾਜਿਆ ਹੈ ਤੇ ਅਗੋਂ ਕੀ ਕੀ ਸਾਜੇਗਾ ? ਇਸ ਬਾਰੇ ਕੋਈ ਵੀ ਕੁਝ ਨਹੀਂ ਕਹਿ ਸਕਦਾ ਤੇ ਉਸਨੂੰ ਇਹੋ ਮੰਨਣਾ ਪਵੇਗਾ ਕਿ ਇਹ ਇਕ ਅਟੱਲ ਸਚਾਈ ਹੈ ਕਿ—

"ਅਸੀਂ ਇਹ ਨਹੀਂ ਜਾਣਦੇ ਕਿ ਮਨੁੱਖਾਂ ਤੋਂ ਪਹਿਲਾਂ ਪ੍ਰਭੂ ਨੇ ਕੀ ਕੀ ਸਾਜਿਆ ਸੀ।"

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਇਸ ਵਿਸ਼ੇ ਬਾਰੇ ਜੋ ਇਸਲਾਮੀ ਸਿਖਿਆ ਪੇਸ਼ ਕੀਤੀ ਹੈ, ਉਸ ਵਿਚ ਇਹ ਵੀ ਵਰਣਨ ਕੀਤਾ ਹੈ ਕਿ ਅਨਾਦੀ ਤੇ ਆਦਿ—ਅੰਤ ਰਹਿਤ ਪ੍ਰਭੂ ਨੇ ਕਈ ਵਾਰ "ਦੌਰਿ—ਖਲਕ" ਸ਼ੁਰੂ ਕੀਤਾ ਹੈ ਤੇ ਕਈ ਵਾਰ ਰਚਨਾ ਨੂੰ ਸਮੇਟ ਕੇ "ਦੌਰਿ—ਵਹਿਦਤ" ਵੀ ਅਰੰਭਿਆ ਹੈ। ਉਸ ਸਮੇਂ ਪ੍ਰਭੂ ਆਪ ਹੀ ਕੱਲਮਕੱਲਾ ਜਲਵਾਗਰ ਹੁੰਦਾ ਹੈ। ਰਚਨਾ ਦੀ ਕੋਈ ਚੀਜ਼ ਵੀ ਬਾਕੀ ਨਹੀਂ ਰਹਿੰਦੀ। ਜਿਹਾ ਕਿ ਆਪਦਾ ਕਥਨ ਹੈ ਕਿ—

"ਪ੍ਰਭੂ ਦੇ ਗੁਣਾਂ ਵਿਚੋਂ ਇਕ ਗੁਣ ਵਹਿਦਤ (ਇਕੋ ਇਕ) ਹੋਣਾ ਵੀ ਹੈ, ਕਿਉਂਕਿ ਉਸਦੀ ਵਹਿਦਤ ਲਈ ਕਿਸੇ ਦੂਜੀ ਚੀਜ਼ ਦਾ ਹੋਣਾ ਜ਼ਰੂਰੀ ਨਹੀਂ, ਇਸ ਲਈ ਉਹ ਵੀ ਸਮਾਂ ਆਏਗਾ ਕਿ ਪ੍ਰਭੂ ਸਾਰੀ ਦੀ ਸਾਰੀ ਰਚਨਾ ਨੂੰ ਨਸ਼ਟ ਕਰ ਦੇਵੇਗਾ, ਤਾਂ ਜੁ ਆਪਣੀ ਵਹਿਦਤ (ਕੱਲਮਕੱਲਾ) ਹੋਣ ਦੇ ਗੁਣ ਨੂੰ ਸਿਧ ਕਰੇ। ਅਜੇਹਾ ਸਮਾਂ ਪਹਿਲਾਂ ਵੀ ਆ ਚੁਕਾ ਹੈ।"

[ਚਸ਼ਮਾ ਮਾਰਫ਼ਤ ਪੰਨਾ 160

ਚੇਤੇ ਰਹੇ ਕਿ ਗੁਰਬਾਣੀ ਵਿਚ ਇਸ "ਦੌਰਿ ਵਹਿਦਤ" ਦਾ ਵੀ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਕਈ ਕੋਟਿ ਕੀਨੇ ਬਹੁ ਭਾਤਿ
ਪ੍ਰਭ ਤੇ ਹੋਇ ਪ੍ਰਭ ਮਾਹਿ ਸਮਾਤਿ।
ਤਾ ਕਾ ਅੰਤੁ ਨ ਜਾਨੈ ਕੋਇ।
ਆਪੇ ਆਪਿ ਨਾਨਕ ਪ੍ਰਭ ਸੋਇ।

[ਗਉੜੀ, ਮ: 5, ਪੰਨਾ 276

ਗੁਰਬਾਣੀ ਦੇ ਇਸ ਪਵਿਤਰ ਸ਼ਬਦ ਵਿਚ "ਦੌਰਿ ਵਹਿਦਤ" ਤੇ "ਦੌਰਿ-

Digitized by Panjab Digital Library | www.panjabdigilib.org

ਖ਼ਲਕ" ਦਾ ਹੀ ਵਰਣਨ ਕੀਤਾ ਹੈ ਤੇ ਦਸਿਆ ਹੈ ਕਿ ਇਹ ਕਰੋੜਾਂ ਵਾਰ ਆਏ ਹਨ ਤੇ ਕਰੋੜਾਂ ਵਾਰ ਆਉਣਗੇ ।

ਗੁਰਬਾਣੀ ਵਿਚ "ਦੌਰਿ ਵਹਿਦਤ" ਦਾ ਵਰਨਣ ਕਰਦਿਆਂ ਹੋਇਆਂ ਇਹ ਅਸਲੀਅਤ ਵੀ ਬਿਆਨੀ ਗਈ ਹੈ ਕਿ—

ਜਬ ਹੋਵਤ ਪ੍ਰਭ ਕੇਵਲ ਧਨੀ ।
ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ।
ਜਬ ਏਕਹਿ ਹਰਿ ਅਗਮ ਅਪਾਰ ।
ਤਬ ਨਰਕ ਸੁਰਗ ਕਹੁ ਕਉਨ ਅਉਤਾਰ ।
ਜਬ ਨਿਰਗੁਨ ਪ੍ਰਭ ਸਹਜ ਸੁਭਾਇ ।
ਤਬ ਸਿਵ ਸਕਤਿ ਕਹਹੁ ਕਿਤੁ ਠਾਇ ।
... ... ...
ਅਬਿਨਾਸੀ ਸੁਖ ਆਪਨ ਆਸਨ ।
ਤਹ ਜਨਮ ਮਰਨ ਕਹਹੁ ਕਹਾ ਬਿਨਾਸਨ ।
ਜਬ ਪੂਰਨ ਕਰਤਾ ਪ੍ਰਭੁ ਸੋਇ ।
ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ।
ਜਬ ਅਬਿਗਤ ਅਗੋਚਰ ਪ੍ਰਭ ਏਕਾ ।
ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ।
... ... ...
ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ।
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ।
ਜਹ ਸਰਬ ਕਲਾ ਆਪਹਿ ਪਰਬੀਨ ।
ਤਹ ਬੇਦ ਕਤੇਬ ਕਹਾ ਕੋਊ ਚੀਨ ।
... ... ...
ਜਹ ਏਕਹਿ ਏਕ ਏਕ ਭਗਵੰਤਾ ।
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ।
... ... ...

Digitized by Panjab Digital Library | www.panjabdigilib.org

ਆਪਨੁ ਖੇਲੁ ਆਪਿ ਕਰਿ ਦੇਖੈ ।
ਖੇਲੁ ਸੰਕੋਚੈ ਤਉ ਨਾਨਕ ਏਕੈ ॥
... ... ...
ਆਪਿ ਕਥੈ ਆਪਿ ਸੁਨਨੈਹਾਰੁ ।
ਆਪਹਿ ਏਕੁ ਆਪਿ ਬਿਸਥਾਰੁ ।
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ।
ਆਪਣੈ ਭਾਣੈ ਲਏ ਸਮਾਏ ।

[ਗਉੜੀ, ਮ: 5, ਪੰਨਾ 291—92

ਗੁਰੂ ਗਰੰਥ ਸਾਹਿਬ ਨੇ ਇਸ ਪਵਿਤਰ ਸ਼ਬਦ ਵਿਚ "ਦੌਰਿ ਵਹਿਦਤ" ਦਾ ਵਡੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ ਤੇ ਇਹ ਦਸਿਆ ਗਿਆ ਹੈ ਕਿ ਉਦੋਂ ਕੱਲਮਕੱਲਾ ਪ੍ਰਭੂ ਹੀ ਜਲਵਾਗਰ ਹੁੰਦਾ ਹੈ ਅਤੇ ਉਸਦੇ ਨਾਲ ਕੋਈ ਹੋਰ ਦੂਜੀ ਚੀਜ਼ ਨਹੀਂ ਹੁੰਦੀ ਉਦੋਂ ਜਗ ਤੇ

ਖੇਲੁ ਸੰਕੋਚੈ ਤਉ ਨਾਨਕ ਏਕੈ ।

ਦਾ ਵਰਤਾਰਾ ਹੀ ਵਰਤ ਰਿਹਾ ਹੁੰਦਾ ਹੈ । ਇਹ "ਦੌਰਿ ਵਹਿਦਤ" ਕਦ ਆਉਂਦਾ ਹੈ ! ਇਸ ਬਾਰੇ ਅਸੀਂ ਕੋਈ ਸਮਾਂ ਨੀਅਤ ਨਹੀਂ ਕਰ ਸਕਦੇ; ਕਿਉਂ ਜੁ ਇਹ ਤਾਂ—

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ।
ਆਪਨੈ ਭਾਣੈ ਲਏ ਸਮਾਏ ॥

ਅਨੁਸਾਰ ਹੀ ਵਰਤਦਾ ਰਹਿੰਦਾ ਹੈ ।

ਇਸਦੇ ਨਾਲ ਹੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ "ਦੌਰਿ ਵਹਿਦਤ" ਬਾਰੇ ਸਾਡੀ ਇਹ ਅਗਵਾਈ ਵੀ ਕੀਤੀ ਹੈ ਕਿ ਕੋਈ ਮਨੁੱਖ ਇਸਦਾ ਸਮਾਂ ਨੀਅਤ ਕਰਨ ਤੇ ਸਮਰਥ ਨਹੀਂ ਹੋ ਸਕਦਾ । ਇਹ ਸਾਜਨਹਾਰ ਪ੍ਰਭੂ ਦੀ ਆਪਣੀ ਖੇਡ ਹੈ । ਇਸ ਬਾਰੇ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਕੇਤੇ ਜੁਗ ਵਰਤੇ ਗੁਬਾਰੈ ।
ਤਾੜੀ ਲਾਈ ਅਪਰ ਅਪਾਰੈ ।

Digitized by Panjab Digital Library | www.panjabdigilib.org

ਧੁੰਧੂਕਾਰਿ ਨਿਰਾਲਮ ਬੈਠਾ
ਨਾ ਤਦਿ ਧੰਧੁ ਪਸਾਰਾ ਹੇ ।

[ਮਾਰੂ, ਮ: 1, ਪੰਣਾ 1026

**ਅਰਥਾਤ** :—

ਕੇਤੜਿਆ ਜੁਗ ਧੁੰਧੂਕਾਰੈ ।
ਤਾੜੀ ਲਾਈ ਸਿਰਜਨਹਾਰੈ ।
ਸਚੁ ਨਾਮੁ ਸਚੀ ਵਡਿਆਈ
ਸਾਚੈ ਤਖਤਿ ਵਡਾਈ ਹੇ ।

[ਮਾਰੂ, ਮ: 1, ਪੰਨਾ 1023

ਇਕ ਸਿਖ ਵਿਦਵਾਨ ਜੀ ਨੇ ਇਸਦਾ ਇਹ ਭਾਵ ਵਰਣ ਕੀਤਾ ਹੈ ਕਿ—

"ਸ੍ਰਿਸ਼ਟੀ ਬਣਨ ਤੋਂ ਪਹਿਲਾਂ ਵੀ ਯੁਗਾਂ ਤੀਕ ਹਨੇਰਾ ਹੀ ਹਨੇਰਾ ਸੀ । ਉਸ ਵਕਤ ਹਰੀ ਨਿਰਗੁਣ ਰੂਪ ਵਿਚ ਆਪਣੇ ਅੰਦਰ ਸਮਾਧੀ ਲਾਈ ਬੈਠਾ ਸੀ ।"

[ਗੁਰੂ ਨਾਨਕ ਦਰਸ਼ਨ ਪੰਨਾ 255

———

Digitized by Panjab Digital Library | www.panjabdigilib.org

# ਰਜ਼ਾਕ

ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਵਿਚ ਪ੍ਰਭੂ ਨੂੰ "ਰਜ਼ਾਕ" ਵੀ ਮੰਨਿਆ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਉਹ ਸਾਰੇ ਹੀ ਜੀਅ-ਜੰਤ ਨੂੰ "ਰਿਜ਼ਕ" ਪਹੁੰਚਾ ਰਿਹਾ ਹੈ ਤੇ ਇਸ ਤਰ੍ਹਾਂ ਸਾਰਿਆਂ ਦੀ ਹੀ ਬਿਨਾਂ ਕਿਸੇ ਭਿੰਨ ਭੇਦ ਦੇ ਪਾਲਣਾ ਕਰ ਰਿਹਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਕੁਦਰਤਿ ਕਰਨੈਹਾਰ ਅਪਾਰਾ ।
ਕੀਤੇ ਕਾ ਨਾਹੀ ਕਿਹੁ ਚਾਰਾ ।
ਜੀਅ ਉਪਾਇ "ਰਿਜ਼ਕੁ" ਦੇ ਆਪੇ
ਸਿਰਿ ਸਿਰਿ ਹੁਕਮੁ ਚਲਾਇਆ ।

[ਮਾਰੂ, ਮ:1, ਪੰਨਾ 1042

**ਅਰਥਾਤ**—ਸਾਰੇ ਵਿਸ਼ਵ ਦਾ ਰਚਨਹਾਰ ਇੱਕੋਇਕ ਪ੍ਰਭੂ ਹੀ ਹੈ ਤੇ ਉਹੋ ਹੀ ਹਰੇਕ ਜੀਅ-ਜੰਤ ਨੂੰ "ਰਿਜਕ" ਪਹੁੰਚਾ ਰਿਹਾ ਹੈ । ਹਰੇਕ ਚੀਜ਼ ਉੱਤੇ ਉਸੇ ਦਾ ਹੀ ਹੁਕਮ ਚਲ ਰਿਹਾ ਹੈ । ਕੋਈ ਵੀ ਚੀਜ਼ ਉਸ ਦੇ ਹਕਮ ਤੋਂ ਬਾਹਰ ਨਹੀਂ ਹੈ ।

ਇਕ ਹੋਰ ਥਾਂ ਇਹ ਵਰਣਨ ਹੈ ਕਿ —

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ "ਰਿਜਕੁ" ਸੰਬਾਹਿ ॥

[ਵਾਰ ਆਸਾ, ਸ: ਮ:1, ਪੰਨਾ 472

**ਅਰਥਾਤ**—ਹਰੇਕ ਪ੍ਰਾਣੀ ਦਾ ਖਾਨ ਪਾਨ ਪਵਿੱਤਰ ਹੋਣਾ ਚਾਹੀਦਾ ਹੈ । ਸਾਜਨਹਾਰ ਪ੍ਰਭੂ ਹੀ ਸਾਰੇ ਜੀਅ-ਜੰਤ ਨੂੰ "ਰਿਜ਼ਕ" ਦਿੰਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਇਹ ਵਰਣਨ ਕੀਤਾ ਗਿਆ ਹੈ ਕਿ—



Digitized by Panjab Digital Library | www.panjabdigilib.org

ਸੈਲ ਪਥਰ ਮਹਿ ਜੰਤ ਉਪਾਏ
ਤਾਕਾ "ਰਿਜਕੁ" ਆਗੈ ਕਰਿ ਧਰਿਆ ।
ਜਨਨਿ ਲੋਕ ਸੁਤ ਬਨਿਤਾ
ਕੋਇ ਨ ਕਿਸਹੀ ਧਰਿਆ ।
ਸਿਰਿ "ਰਿਜਕੁ" ਸੰਬਾਹੇ ਠਾਕੁਰੁ
ਕਾਹੇ ਮਨ ਭਾਉ ਕਰਿਆ ॥

[ਗੂਜਰੀ, ਮ:5, ਪੰਨਾ 495

**ਅਰਥਾਤ**—ਪਹਾੜਾਂ ਤੇ ਪੱਥਰਾਂ ਵਿਚ ਵੀ ਸਾਜਨਹਾਰ ਪ੍ਰਭੂ ਨੇ ਜੀਅ-ਜੰਤ ਸਾਜੇ ਹਨ ਅਤੇ ਓਹਨਾਂ ਸਾਰਿਆ ਨੂੰ "ਰਿਜ਼ਕ" ਵੀ ਦਿੰਦਾ ਹੈ।

ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਸਾਜਨਹਾਰ ਪ੍ਰਭੂ ਬਾਰੇ ਇਹ ਕਿਹਾ ਗਿਆ ਹੈ ਕਿ ਉਹ ਸਾਰੇ ਜੀਅ ਜੰਤ ਨੂੰ "ਰਿਜ਼ਕ" ਦੇ ਰਿਹਾ ਹੈ (ਵੇਖੋ ਪੰਨਾ 605, 640, 785, 912, 1045, 1104, 1334 ਤੇ 1337 ਆਦਿ)

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

إِنَّ اللَّهَ هُوَ الرَّزَّاقُ ذُو الْقُوَّةِ الْمَتِينُ

اَللّٰهُ الَّذِي خَلَقَكُمْ ثُمَّ رَزَقَكُمْ -

**ਅਰਥਾਤ**—ਸਾਜਨਹਾਰ ਪ੍ਰਭੂ ਦਾ ਇਕ ਗੁਣ ਵਾਚਕ ਨਾਂ "ਰਜ਼ਾਕ" ਵੀ ਹੈ ਤੇ ਉਹ ਹਰੇਕ ਜੀਅ-ਜੰਤ ਨੂੰ ਬਿਨਾ ਕਿਸੇ ਵਿਤਕਰੇ ਦੇ "ਰਿਜ਼ਕ" ਪਹੁੰਚਾ ਰਿਹਾ ਹੈ। ਉਸੇ ਨੇ ਹੀ ਸਾਰਿਆਂ ਨੂੰ ਰਚਿਆ ਹੈ ਅਤੇ ਉਹੋ ਹੀ ਸਭ ਨੂੰ "ਰਿਜ਼ਕ" ਦੇ ਰਿਹਾ ਹੈ, ਅਰਥਾਤ ਜਿਨ੍ਹਾਂ ਧਰਮਾਂ ਦੇ ਮੰਨਣ ਵਾਲਿਆਂ ਨੇ ਇਹ ਕਲਪਿਆ ਹੈ ਕਿ ਬ੍ਰਹਮਾ ਸਾਜਨਹਾਰ ਹੈ ਤੇ ਵਿਸ਼ਨੂੰ ਪਾਲਨਹਾਰ ਹੈ । ਓਹ ਵੱਡੀ ਭੁਲ ਵਿਚ ਹਨ। ਇੱਕੋਇਕ ਪ੍ਰਭੂ ਹੀ ਸਭ ਦਾ ਰਚਨਹਾਰ ਹੈ ਤੇ ਪਾਲਨਹਾਰ ਹੈ। ਉਹੋ ਹੀ ਜੀਅ ਜੰਤ ਦੀ ਸਾਜਨਾ ਕਰਕੇ ਉਹਨਾਂ ਨੂੰ "ਰਿਜ਼ਕ" ਵੀ ਦਿੰਦਾ ਹੈ।

Digitized by Panjab Digital Library | www.panjabdigilib.org

ਦਸਮ ਗਰੰਥ ਵਿਚ ਵਰਣਨ ਹੈ ਕਿ—

ਕਿ ਕਾਰਨ ਕੁਨਿੰਦ ਹੈਂ ।
ਕਿ ਰੋਜ਼ੀ ਕਹਿੰਦ ਹੈਂ ।
ਕਿ "ਰਾਜ਼ਕੈ" ਰਹੀਮ ਹੈਂ ।
ਕਿ ਕਰਮ ਕਰੀਮ ਹੈਂ ।

[ਦਸਮ ਗਰੰਥ, ਪੰਨਾ 6

**ਅਰਥਾਤ**—ਇਸ ਜਗ ਦਾ ਉਪਾਦਾਨ ਕਾਰਨ ਸਾਜਨਹਾਰ ਪ੍ਰਭੂ ਹੀ ਹੈ ਅਤੇ ਊਹੋ ਹੀ ਸਾਰੇ ਜੀਅ ਜੰਤ ਨੂੰ "ਰਿਜ਼ਕ" ਦੇ ਰਿਹਾ ਹੈ ਤੇ ਇਸੇ ਕਰਕੇ ਹੀ ਉਹ "ਰਾਜ਼ਕ" ਤੇ ਰਹੀਮ ਵੀ ਕਹਾਉਂਦਾ ਹੈ ।

ਦਸਮ ਗਰੰਥ ਵਿਚ ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ ਪ੍ਰਭੂ ਅਜੇਹਾ "ਰਾਜ਼ਕ ਹੈ ਕਿ ਜੇ ਉਹ ਕਿਸੇ ਤੇ ਗੁੱਸੇ ਵੀ ਹੋ ਜਾਵੇ, ਤਾਂ ਉਸ ਦੀ ਰੋਜ਼ੀ ਬੰਦ ਨਹੀਂ ਕਰਦਾ, ਸਗੋਂ ਉਸ ਨੂੰ ਵੀ "ਰਿਜ਼ਕ" ਦਿੰਦਾ ਰਹਿੰਦਾ ਹੈ, ਕਿਉਂਜੁ "ਰਾਜਕ" ਹੋਣ ਦੇ ਨਾਲ ਹੀ ਉਹ ਰਹੀਮ ਵੀ ਹੈ । ਇਸੇ ਹੀ ਗਲ ਨੂੰ ਮੁਖ ਰੱਖ ਕੇ ਇਹ ਕਿਹਾ ਗਿਆ ਹੈ ਕਿ—

ਰੋਜ ਹੀ ਰਾਜ ਬਿਲੋਕਤ "ਰਾਜਿਕ"
ਰੋਖ ਰੂਹਾਨ ਕੀ ਰੋਜੀ ਨ ਟਾਰੈ ।

[ਦਸਮ ਗਰੰਥ ਪੰਨਾ 50

**ਅਰਥਾਤ**—

ਕਰਤਾ ਕਰੀਮ ਸੋਈ "ਰਾਜ਼ਕ" ਰਹੀਮ ਓਹੀ
ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ ।

[ਦਸਮ ਗਰੰਥ, ਪੰਨਾ 17

**ਅਰਥਾਤ**—ਉਹ ਪ੍ਰਭੂ "ਰਾਜ਼ਕ" ਹੋਣ ਦੇ ਨਾਤੇ ਤੇ ਹਰੇਕ ਜੀਅ-ਜੰਤ ਦੇ ਮਨ ਦੀਆਂ ਗੱਲਾਂ ਦਾ ਵੀ ਜਾਣਨਹਾਰ ਹੈ । ਉਹ ਕਿਸੇ ਤੇ ਗੁੱਸੇ ਹੋ ਜਾਨ ਤੇ ਵੀ ਉਸ ਦੀ ਰੋਜ਼ੀ ਬੰਦ ਨਹੀਂ ਕਰਦਾ; ਸਗੋਂ ਹਰੇਕ ਭਲੇ ਤੇ ਬੁਰੇ ਦੀ ਪਾਲਨਾ ਕਰਨ ਲਈ ਓਹਣਾਂ ਨੂੰ "ਰਿਜ਼ਕ" ਦੇ ਰਿਹਾ ਹੈ ਅਤੇ ਕਿਸੇ ਨਾਲ ਵੀ ਕੋਈ ਵਿਤਕਰਾ

Digitized by Panjab Digital Library | www.panjabdigilib.org

ਨਹੀਂ ਕਰਦਾ । ਉਹ "ਰਾਜ਼ਕ" ਹੋਣ ਦੇ ਨਾਲ ਹੀ ਰਹੀਮ ਤੇ ਕਰੀਮ ਵੀ ਹੈ।

ਗੁਰਬਾਣੀ ਵਿਚ ਇਹ ਕਿਹਾ ਗਿਆ ਹੈ ਕਿ—

ਅਕਿਰਤਘਣਾ ਨੋ ਪਾਲਦਾ
ਪ੍ਰਭੁ ਨਾਨਕ ਬਖਸਿੰਦ ॥

[ਸਿਰੀਰਾਗ, ਮ 5, ਪੰਨਾ 47

**ਅਰਥਾਤ**— ਸਾਜਨਹਾਰ ਪ੍ਰਭੂ ਤਾਂ ਅਜੇਹਾ ਰਹੀਮ-ਕਰੀਮ ਹੈ ਕਿ ਉਹ ਅਕਿਰਤਘਣਾ ਨੂੰ ਵੀ ਪਾਲਣ ਤੋਂ ਸੰਕੋਚ ਨਹੀਂ ਕਰਦਾ ਅਤੇ ਓਹਨਾਂ ਤੋਂ ਸੰਕੋਚ ਨਹੀਂ ਕਰਦਾ ਅਤੇ ਓਹਨਾਂ ਨੂੰ ਵੀ "ਰਿਜ਼ਕ" ਦਿੰਦਾ ਰਹਿੰਦਾ ਹੈ ।

ਇਸ ਸੰਬੰਧ ਵਿਚ ਇਹ ਵੀ ਵਰਣਨ ਹੈ ਕਿ—

ਜਾਨ ਕੋ ਦੇਤ ਅਜਾਨ ਕੋ ਦੇਤ
ਜਮੀਨ ਕੋ ਦੇਤ ਜਮਾਨ ਕੋ ਦੇ ਹੈ।
ਕਾਹੇ ਕੋ ਡੋਲਤ ਹੋ ਤੁਮਰੀ ਸੁਧ
ਸੁੰਦਰ ਸ੍ਰੀ ਪਦਮ ਪਤਿ ਲੈ ਹੈ ॥

[ਦਸਮ ਗਰੰਥ, ਪੰਨਾ 31

**ਅਰਥਾਤ**—ਪ੍ਰਭੂ ਅਜੇਹਾ ਰਹੀਮ ਤੇ ਕਰੀਮ "ਰਾਜ਼ਕ" ਹੈ ਕਿ ਉਹ ਵਿਦਵਾਨ ਤੇ ਅਜਾਨ (ਅਨਪੜ੍ਹ) ਨੂੰ ਵੀ "ਰਿਜ਼ਕ" ਦਿੰਦਾ ਹੈ ਅਤੇ ਉਹ ਸਭ ਨੂੰ "ਰਿਜ਼ਕ" ਦਿੰਦਾ ਹੈ ਤੇ ਸਭ ਦਾ "ਰਾਜ਼ਕ" ਹੈ। ਹਰ ਯੁਗ ਵਿਚ ਉਹੋ ਹੀ ਸਭਨੂੰ "ਰਿਜ਼ਕ" ਦਿੰਦਾ ਹੈ। ਹੇ ਪ੍ਰਾਣੀ ! ਫਿਰ ਤੂੰ ਕਿਉਂ ਡੋਲ ਰਿਹਾ ਹੈਂ, ਜਦ ਕਿ ਸਭ ਦੀ ਸੁਧ ਉਹੋ ਇਕੋ ਇਕ ਪ੍ਰਭੂ ਹੀ ਲੈ ਰਿਹਾ ਹੈ।

ਕੁਰਾਨ ਸ਼ਰੀਫ਼ ਦੀ ਅਰੰਭਕ ਆਇਤ ਵਿਚ ਇਹ ਵਰਣਨ ਹੈ ਕਿ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਹੀ ਹਰੇਕ ਜੀਅ ਜੰਤ ਤੇ ਸਾਰੇ ਜਹਾਨਾਂ ਦੀ ਪਾਲਨਾ ਕਰ ਰਿਹਾ ਹੈ; ਜਿਹਾ ਕਿ ਲਿਖਿਆ ਹੈ ਕਿ—

اَلْحَمْدُ لِلّٰهِ رَبِّ الْعَالَمِيْنَ ۝

Digitized by Panjab Digital Library | www.panjabdigilib.org

**ਅਰਥਾਤ**—ਹਰੇਕ ਉਪਮਾ ਦਾ ਅਧਿਕਾਰੀ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਅੱਲਾਹ ਹੀ ਹੈ।

ਸਾਜਨਹਾਰ ਪ੍ਰਭੂ ਦਾ ਵਰਤਾਰਾ ਇਹੋ ਸਿਧ ਕਰ ਰਿਹਾ ਹੈ ਕਿ ਉਹ ਸਾਰੇ ਹੀ ਜੀਅ—ਜੰਤ ਦੀ ਬਿਨਾਂ ਕਿਸੇ ਵਿਤਕਰੇ ਦੇ ਇਕ ਸਮਾਨ ਪਾਲਨਾ ਕਰ ਰਿਹਾ ਹੈ। ਉਹ ਕਿਸੇ ਦੇ ਦੇਸ, ਧਰਮ, ਜਾਤੀ, ਕਬੀਲੇ, ਘਰਾਣੇ ਜਾਂ ਬੰਸ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰਦਾ। ਊਹੋ ਸਭ ਦਾ ਖਾਲਕ ਤੇ ਪ੍ਰਤਿਪਾਲਕ ਹੈ।

ਸੱਚ ਹੈ :—

ਕਿ ਕਾਮਲ ਕਰੀਮ ਹੈਂ।
ਕਿ "ਰਾਜ਼ਕ" ਰਹੀਮ ਹੈਂ।
ਕਿ ਰੋਜੀ ਦਹਿੰਦ ਹੈਂ।
ਕਿ "ਰਾਜ਼ਿਕ" ਰਹਿੰਦ ਹੈਂ॥

[ਦਸਮ ਗਰੰਥ, ਪੰਨਾ 30

ਸ੍ਰੀ ਦਸਮ ਗਰੰਥ ਦੇ ਇਸ ਵਾਕ ਤੋਂ ਵੀ ਏਹੋ ਹੀ ਸਿਧ ਹੈ ਕਿ ਪ੍ਰਭੂ ਸਭ ਨੂੰ ਰੋਜ਼ੀ ਦੇ ਰਿਹਾ ਹੈ ਤੇ ਊਹੋ ਹੀ "ਰਾਜ਼ਕ" ਹੈ। ਉਹ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ।

Digitized by Panjab Digital Library | www.panjabdigilib.org

# ਪ੍ਰਭੂ ਜਿਸਨੂੰ ਚਾਹੁੰਦਾ ਹੈ
# ਖੁਲ੍ਹਾ ਡੁਲ੍ਹਾ ਰਿਜ਼ਕ ਦਿੰਦਾ ਹੈ
# ਤੇ
# ਜਿਸਨੂੰ ਚਾਹੁੰਦਾ ਹੈ
# ਨੰਗ–ਭੁੱਖ ਦਿੰਦਾ ਹੈ

ਸ੍ਰੀ ਗੁਰੂ ਨਾਨਕ ਜੀ ਨੇ ਆਪਣੀ ਬਾਣੀ ਵਿਚ ਇਹ ਅਸਲੀਅਤ ਵੀ ਅੰਕਿਤ ਕੀਤੀ ਹੈ ਕਿ ਸਾਜਨਹਾਰ ਪ੍ਰਭੂ ਆਪਣੀ ਇਛਾ ਨਾਲ ਹੀ ਜਿਸਨੂੰ ਚਾਹੁੰਦਾ ਹੈ; ਖੁਲ੍ਹਾ-ਡੁਲ੍ਹਾ "ਰਿਜ਼ਕ" ਦਿੰਦਾ ਹੈ ਅਤੇ ਜਿਸਨੂੰ ਚਾਹੁੰਦਾ ਨੰਗ ਭੁੱਖ ਵਿਚ ਫਸਾ ਦਿੰਦਾ ਹੈ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ—

ਇਕਿ ਆਵਹਿ ਇਕਿ ਜਾਹਿ ਉਠਿ
ਰਖੀਅਹਿ ਨਾਵ ਸਲਾਰ ।
ਇਕਿ ਉਪਾਏ ਮੰਗਤੇ
ਇਕਨਾ ਵਡੇ ਦਰਵਾਰ ।
ਅਗੈ ਗਇਆ ਜਾਣੀਐ
ਵਿਣੁ ਨਾਵੈ ਵੇਕਾਰ ॥

[ਸਿਰੀ ਰਾਗ, ਮ: 1, ਪੰਨਾ 16

**ਅਰਥਾਤ**—ਇਸ ਜਗ ਵਿਚ ਇਕ ਆ ਰਿਹਾ ਹੈ ਤੇ ਦੂਜਾ ਜਾ ਰਿਹਾ ਹੈ। ਸਾਜਨਹਾਰ ਪ੍ਰਭੂ ਨੇ ਕਈ ਤਾਂ ਮੰਗਤੇ ਬਣਾਏ ਹਨ ਤੇ ਕਈਆਂ ਦੇ ਵੱਡੇ ਵੱਡੇ



Digitized by Panjab Digital Library | www.panjabdigilib.org

ਦਰਬਾਰ ਹਨ। ਪ੍ਰਭੂ ਦੇ ਦਰਬਾਰ ਵਿਚ ਜਿਨ੍ਹਾਂ ਨੂੰ ਮਾਣ ਤੇ ਸਤਿਕਾਰ ਮਿਲੇਗਾ ਉਹੋ ਹੀ ਸਫਲ ਹੋਣਗੇ। ਇਸ ਤੋਂ ਬਿਨਾਂ ਕਿਸੇ ਦਾ ਕੰਗਾਲ ਹੋਣਾ ਜਾਂ ਕਿਸੇ ਦਾ ਧਨਾਢ ਹੋਣਾ, ਬੇਅਰਥ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਆਪੇ ਭਾਂਡੇ ਸਾਜੀਅਨੁ ਆਪੇ ਪੂਰਣੁ ਦੇਇ।
ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ ਚੜੇ।
ਇਕ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ।
ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ।

[ਵਾਰ ਆਸਾ, ਸ: ਮ: 1, ਪੰਨਾ 475

**ਅਰਥਾਤ** :—ਸਾਜਨਹਾਰ ਪ੍ਰਭੂ ਨੇ ਸਾਰੇ ਜੀਆ—ਜੰਤ ਆਪ ਹੀ ਸਾਜੇ ਹਨ ਤੇ ਆਪ ਹੀ ਓਹਨਾਂ ਨੂੰ ਪੂਰਣ ਕੀਤਾ ਹੈ। ਕਈਆਂ ਵਿਚ ਤਾਂ ਬਹੁਤ ਦੁਧ ਹੈ। ਭਾਵ ਵਡੇ ਧਨਾਢ ਹਨ ਅਤੇ ਇਕ ਚੁਲੇ ਚੜਕੇ ਸਦਾ ਸੜਦੇ ਰਹਿੰਦੇ ਹਨ। ਇਕ ਨਿਹਾਲੀਆਂ ਵਿਚ ਪਏ ਸੁਖ ਨਾਲ ਰਾਤਾਂ ਬਿਤਾਉਂਦੇ ਹਨ ਅਤੇ ਇਕ ਓਹਨਾਂ ਤੇ ਖੜੇ ਪਹਿਰੇ ਦਿੰਦੇ ਹਨ। ਜਿਨ੍ਹਾਂ ਉਤੇ ਸਾਜਨਹਾਰ ਦੀ ਮਿਹਰ ਹੋ ਜਾਂਦੀ ਹੈ, ਉਹੋ ਹੀ ਸੌਰ ਜਾਂਦੇ ਹਨ। ਪ੍ਰਭੂ ਦਾ ਨਿਕਟਵਰਤੀ ਬਣਨ ਲਈ ਧਨਾਢ ਹੋਣਾ ਜ਼ਰੂਰੀ ਨਹੀਂ।

ਇਸ ਬਾਰੇ ਗੁਰੂ ਜੀ ਦਾ ਇਹ ਫ਼ਰਮਾਨ ਵੀ ਹੈ ਕਿ—

ਪਉਣੈ ਪਾਣੀ ਅਗਨੀ ਜਾਉ।
ਤਿਨ ਕਿਆ ਖੁਸੀਆ ਕਿਆ ਪੀੜ।
ਧਰਤੀ ਪਾਤਾਲੀ ਅਕਾਸੀ ਇਕਿ ਦਰਿ ਰਹਨ ਵਜੀਰ।
ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ।
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ।
ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ।
ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ।
ਵਰਨਾ ਚਿਹਰਾ ਬਾਹਣਾ ਲੇਖੇ ਬਾਝੁ ਅਲਖੁ

Digitized by Panjab Digital Library | www.panjabdigilib.org

ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ।
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ।

[ਵਾਰ ਮਲਾਰ, ਸ: ਮ: 1, ਪੰਨਾ 128

**ਅਰਥਾਤ**—ਸਾਜਨਹਾਰ ਪ੍ਰਭੂ ਜਿਸਨੂੰ ਚਾਹੁੰਦਾ ਹੈ, ਖੁਲ੍ਹਾ—ਡੁਲ੍ਹਾ "ਰਿਜ਼ਕ" ਦਿੰਦਾ ਹੈ ਤੇ ਜਿਸਨੂੰ ਚਾਹੁੰਦਾ ਹੈ, ਨੰਗ ਭੁਖ ਦੇ ਵਸ ਪਾ ਦਿੰਦਾ ਹੈ । ਉਹ ਪ੍ਰਭੂ ਆਪ ਵਰਨਾਂ, ਚਿਹਨਾਂ ਤੇ ਲੇਖੇ ਆਦਿ ਤੋਂ ਬਾਹਰ ਹੈ ।

ਗੁਰੂ ਨਾਨਕ ਜੀ ਮਹਾਰਾਜ ਨੇ ਇਸ ਸੰਬੰਧ ਵਿਚ ਇਹ ਅਸਲੀਅਤ ਵੀ ਵਰਣਨ ਕਰ ਦਿਤੀ ਹੈ ਕਿ—

ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਇਆ ।
ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਮੰਗਾਇਆ ।

[ਵਡਹੰਸ ਮ: 1, ਪੰਨਾ 566

ਅਰਥਾਤ :—ਹੇ ਪ੍ਰਭੂ ! ਤੂੰ ਸਭ ਥਾਂ ਵਿਆਪਕ ਹੈਂ, ਕੋਈ ਵੀ ਥਾਂ ਤੇਰੇ ਬਿਨਾਂ ਖਾਲੀ ਨਹੀਂ ਹੈ । ਤੂੰ ਹੀ ਸਾਰੀ ਰਜਨਾ ਰਚਾ ਕੇ ਸਭ ਨੂੰ ਧੰਧੇ ਲਾਇਆ ਹੈ । ਤੂੰ ਆਪਣੀ ਇਛਾ ਨਾਲ ਹੀ ਕਈਆਂ ਨੂੰ ਰਾਜੇ ਬਣਾਇਆ ਹੈ ਤੇ ਕਈਆਂ ਕੋਲੋਂ ਤੂੰ ਹੀ ਭਿਖਿਆ ਮੰਗਵਾ ਰਿਹਾ ਹੈਂ ।

ਗੁਰੂ ਜੀ ਨੇ ਆਪਣੇ ਏਹਨਾਂ ਪਵਿਤਰ ਸ਼ਬਦਾਂ ਵਿਚ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕਰ ਦਿਤੀ ਹੈ ਕਿ ਸਾਜਨਹਾਰ ਪ੍ਰਭੂ ਜਿਸਨੂੰ ਚਾਹੁੰਦਾ ਹੈ, ਖੁਲ੍ਹਾ ਡੁਲ੍ਹਾ ਰਿਜ਼ਕ ਦਿੰਦਾ ਹੈ ਤੇ ਜਿਸਨੂੰ ਚਾਹੁੰਦਾ ਭੁੱਖਾ—ਨੰਗਾ ਬਣਾ ਦਿੰਦਾ ਹੈ । ਭਾਵੇਂ ਕਿਸੇ ਪ੍ਰਾਣੀ ਨੂੰ ਖੁਲ੍ਹਾ ਡੁਲ੍ਹਾ ਰਿਜ਼ਕ ਮਿਲੇ ਤੇ ਭਾਵੇਂ ਭੁਖ—ਨੰਗ, ਉਸਦਾ ਪਰਮ ਧਰਮ ਏਹੋ ਹੈ ਕਿ ਉਹ ਆਪਣੇ ਸਾਜਨਹਾਰ ਪ੍ਰਭੂ ਨਾਲ ਜੁੜਕੇ ਹੀ ਆਪਣਾ ਜੀਵਨ ਬਤੀਤ ਕਰੇ ਅਤੇ ਉਸਦਾ ਪੱਲੂ ਕਿਸੇ ਹਾਲਤ ਵਿਚ ਵੀ ਨਾ ਛੱਡੇ । ਮਨੁੱਖਾ ਜੀਵਨ ਦਾ ਅਸਲ ਮਨੋਰਥ ਨਾ ਤਾਂ ਬਹੁਤਾ ਧਨ ਖਟਣਾ ਹੈ ਅਤੇ ਨਾ ਹੀ ਭੁੱਖ ਨੰਗ ਹੈ । ਅਸਲ ਗੱਲ ਤਾਂ ਪ੍ਰਭੂ ਦੀ ਆਗਿਆ ਵਿਚ ਵਿਚਰਨਾ ਹੈ ਤੇ ਉਸ ਲਈ ਧਨ ਦਾ ਹੋਣਾ ਜਾਂ ਨਾ ਹੋਣਾ ਕੋਈ ਅਰਥ ਨਹੀਂ ਰਖਦਾ । ਰੱਬੀ ਜੀਉੜਿਆਂ ਦਾ ਨਿਸ਼ਾਨਾ ਗੁਰਬਾਣੀ ਅਨੁਸਾਰ ਇਹ ਹੁੰਦਾ ਹੈ ਕਿ—

Digitized by Panjab Digital Library | www.panjabdigilib.org

ਜੇ ਰਾਜਿ ਬਹਾਲੇ ਤਾ ਹਰਿ ਗੁਲਾਮੀ ਘਾਸੀ ਕਉ ਹਰਿਨਾਮੁ ਕਢਾਈ ।
ਜਨੁ ਨਾਨਕ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ।

[ਗਉੜੀ, ਮ: 4, ਪੰਨਾ 166

**ਅਰਥਾਤ** :—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖ ਭੀ ਤੁਝੈ ਧਿਆਈ ।
ਜੇ ਭੁਖ ਦੇਹਿ ਤ ਇਤਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥

[ਸੂਹੀ ਮ: 4, ਪੰਨਾ 757

ਕੁਰਾਨ ਸ਼ਰੀਫ਼ ਵਿਚ ਇਹ ਵਰਨਣ ਹੈ ਕਿ—

قُلْ إِنَّ رَبِّي يَبْسُطُ الرِّزْقَ لِمَنْ يَشَاءُ مِنْ
عِبَادِهِ وَيَقْدِرُ لَهُ ۚ وَمَا أَنْفَقْتُمْ مِنْ شَيْءٍ
فَهُوَ يُخْلِفُهُ ۖ وَهُوَ خَيْرُ الرَّازِقِينَ ○

**ਅਰਥਾਤ**—ਤੁਸੀਂ ਇਹ ਸਾਰੇ ਜਗ ਨੂੰ ਸੁਣਾ ਦਿਓ ਕਿ ਮੇਰਾ ਸਾਜਨਹਾਰ ਤੇ ਪਾਲਣਹਾਰ ਆਪਣੇ ਬੰਦਿਆਂ ਵਿਚੋਂ ਜਿਸਨੂੰ ਚਾਹੁੰਦਾ ਹੈ, ਖੁਲ੍ਹਾ—ਡੁਲ੍ਹਾ ਰਿਜ਼ਕ ਦਿੰਦਾ ਹੈ, ਜਿਸਨੂੰ ਚਾਹੁੰਦਾ ਹੈ, ਭੁਖ ਨੰਗ ਦੇ ਵਸ ਪਾ ਦਿੰਦਾ ਹੈ। ਤੁਸੀਂ ਜੋ ਕੁਝ ਵੀ ਖ਼ਰਚ ਕਰਦੇ ਹੋ, ਉਸਦਾ ਉਹ ਚੰਗਾ ਸਿੱਟਾ ਜ਼ਰੂਰ ਕਢੇਗਾ । ਉਹ ਸਾਰੇ ਹੀ "ਰਿਜ਼ਕ" ਦੇਣ ਵਾਲਿਆਂ ਨਾਲੋਂ ਚੰਗਾ "ਰਿਜ਼ਕ" ਦੇਣ ਵਾਲਾ ਹੈ; ਇਸ ਲਈ ਉਸਨੂੰ "ਰਾਜ਼ਕ—ਰਹੀਮ" ਕਿਹਾ ਗਿਆ ਹੈ ।

———

Digitized by Panjab Digital Library | www.panjabdigilib.org

# ਪ੍ਰਭੂ ਵਲੀ (ਮਿੱਤਰ) ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਇਹ ਗੱਲ ਵੀ ਵਰਣਨ ਕੀਤੀ ਹੈ ਕਿ ਸਾਜਨਹਾਰ ਪ੍ਰਭੂ ਸਾਡਾ ਮਿਤਰ ਤੇ ਸੱਜਣ ਭਾਵ ਵਲੀ ਵੀ ਹੈ। ਇਸ ਬਾਰੇ ਗੁਰੂ ਅਰਜਨ ਜੀ ਦਾ ਇਹ ਫ਼ਰਮਾਨ ਹੈ ਕਿ—

"ਵਲੀ" ਨਿਆਮਤਿ ਬਿਰਾਦਰਾ
ਦਰਬਾਰ ਮਿਲਕ ਖਾਨਾਇ ॥

[ਤਿਲੰਗ, ਮ: 5, ਪੰਨਾ 723

ਸ਼ਬਦਾਰਥ ਗੁਰੂ ਗਰੰਥ ਸਾਹਿਬ ਵਿਚ ਸ੍ਰੀ ਗੁਰੂ ਜੀ ਦੇ ਇਸ ਪਵਿਤਰ ਵਾਕ ਦੇ ਇਹ ਅਰਥ ਕੀਤੇ ਗਏ ਹਨ ਕਿ—

"ਵਲੀ ਨਿਆਮਤਿ [ਅ. ਬਖਸ਼ਿਸ਼ ਦਾ ਮਾਲਕ] ਦਾਤਾਂ ਦੇਣ ਵਾਲਾ ਸਰਪਰਸਤ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ ਪੰਨਾ 723

ਕੋਸ਼ਾਂ ਵਿਚ "ਵਲੀ" ਦਾ ਅਰਥ ਮਿੱਤਰ ਤੇ ਸੱਜਣ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਪ੍ਰਭੂ ਦਾ ਇਕ ਗੁਣ ਵਾਚਕ ਨਾਂ ਮਿਤਰ ਤੇ ਸੱਜਣ ਵੀ ਵਰਣਨ ਕੀਤਾ ਹੈ, ਜਿਹਾ ਕਿ ਉਹਨਾਂ ਦਾ ਬਚਨ ਹੈ ਕਿ—

ਤੂੰ ਹੈ "ਸਾਜਨੁ" ਤੂੰ ਸੁਜਾਣੁ
ਤੂੰ ਆਪੇ ਮੇਲਣਹਾਰੁ ॥

[ਸਿਰੀ ਰਾਗ, ਮ: 1 ਪੰਨਾ 55

ਇਸੇ ਤਰ੍ਹਾਂ ਇਕ ਥਾਂ ਇਹ ਵਰਣਨ ਹੈ ਕਿ—



Digitized by Panjab Digital Library | www.panjabdigilib.org

"ਮੀਤੁ" ਹਮਾਰਾ ਸੋਈ ਸੁਆਮੀ ।
ਥਾਨ ਥਨੰਤਰਿ ਅੰਤਰਜਾਮੀ ॥

[ਮਾਰੂ, ਮ: ਪੰਨਾ 5, 1072

**ਅਰਥਾਤ**—ਸਾਡਾ ਮਿੱਤਰ ਤੇ ਸਜਣ ਇਕੋ ਇਕ ਪ੍ਰਭੂ ਹੀ ਹੈ ਤੇ ਉਹ ਹਰ ਥਾਂ ਵਿਆਪਕ ਹੋਣ ਦੇ ਨਾਲ ਹੀ ਅੰਤਰਜਾਮੀ ਹੈ ।

ਗੁਰਬਾਣੀ ਵਿਚ ਪ੍ਰਭੂ ਨੂੰ "ਸੱਜਣ" ਤੇ "ਪ੍ਰੀਤਮ" ਵੀ ਕਿਹਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਹਰਿ ਹਰਿ "ਸਜਣੁ" ਮੇਰਾ "ਪ੍ਰੀਤਮੁ" ਰਾਇਆ ।

[ਮਾਝ, ਮ: 4, ਪੰਨਾ 94

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਤੂੰ ਮੇਰਾ ਸਖਾ ਤੂੰਹੀ ਮੇਰਾ "ਮੀਤੁ" ।
ਤੂੰ ਮੇਰਾ "ਪ੍ਰੀਤਮੁ" ਤੁਮ ਸੰਗਿ ਹੇਤੁ ।

[ਗਉੜੀ, ਮ: 5, ਪੰਨਾ 181

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਨੂੰ "ਮਿੱਤਰ" ਦੇ ਨਾਂ ਨਾਲ ਵੀ ਯਾਦ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣ ਜੀਉ ।
ਮੇਰਾ ਪ੍ਰੀਤਮੁ "ਮਿਤ੍ਰੁ" ਹਰਿ ਪੁਰਖ ਸੁਜਾਣ ਜੀਉ ।

[ਗਉੜੀ, ਮ: 4, ਪੰਨਾ 175

ਸ੍ਰੀ ਦਸਮ ਗਰੰਥ ਸਾਹਿਬ ਵਿਚ ਵੀ ਪ੍ਰਭੂ ਨੂੰ "ਮਿੱਤਰ" ਕਿਹਾ ਗਿਆ ਹੈ; ਜਿਹਾ ਕਿ—

"ਮਿਤ੍ਰ" ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥

[ਸ੍ਰੀ ਦਸਮ ਗਰੰਥ, ਪੰਨਾ 640

ਗੁਰਬਾਣੀ ਵਿਚ "ਮਿਤਰ" ਦਾ ਸੰਖੇਪ "ਮਿਤ" ਪਦ ਵੀ ਪ੍ਰਭੂ ਲਈ ਵਰਤਿਆ ਗਿਆ ਹੈ; ਜਿਹਾ ਕਿ—

Digitized by Panjab Digital Library | www.panjabdigilib.org

ਮੈ ਹਰਿਨਾਮੈ ਹਰਿ ਬਿਰਹੁ ਲਗਾਈ ਜੀਉ ।
ਮੇਰਾ ਹਰਿ ਪ੍ਰਭੁ "ਮਿਤੁ" ਮਿਲੈ ਸੁਖੁ ਪਾਈ ਜੀਉ ।

[ਗਉੜੀ, ਮ: 4, ਪੰਨਾ 175

ਏਹਨਾਂ ਪ੍ਰਮਾਣਾਂ ਤੋਂ ਇਹ ਪਤਾ ਲਗਦਾ ਹੈ ਕਿ ਗੁਰਬਾਣੀ ਵਿਚ ਪ੍ਰਭੂ ਲਈ "ਮੀਤੁ", "ਸੱਜਣ", "ਪ੍ਰੀਤਮ", "ਮਿੱਤਰ" ਤੇ "ਮਿਤ" ਪਦਾਂ ਦੀ ਵਰਤੋਂ ਵੀ ਕੀਤੀ ਗਈ ਹੈ । ਏਹ ਸਾਰੇ ਪਦ "ਵਲੀ" ਦੇ ਅਰਥਾਂ ਦਾ ਹੀ ਪ੍ਰਗਟਾਵਾ ਕਰ ਰਹੇ ਹਨ ।

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

وَهُوَ الْوَلِيُّ الْحَمِيْدُ ٥ ـــــ مَا لَكُمْ مِّنْ دُوْنِ
اللّٰهِ مِنْ وَّلِيٍّ وَّلَا نَصِيْرٍ ٥.

**ਅਰਥਾਤ**—ਅੱਲਾਹ ਹੀ ਤੁਹਾਡਾ "ਮਿੱਤਰ" ਹੈ । ਉਸ ਤੋਂ ਛੁੱਟ ਤੁਹਾਡਾ ਕੋਈ ਵੀ "ਮਿੱਤਰ" ਤੇ ਮਦਦਗਾਰ ਨਹੀਂ ਹੋ ਸਕਦਾ ।

—————

Digitized by Panjab Digital Library | www.panjabdigilib.org

# ਸੁਬਹਾਨ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਨੂੰ "ਸੁਬਹਾਨ" ਵੀ ਵਰਣਨ ਕੀਤਾ ਹੈ; ਜਿਹਾ ਕਿ ਉਨ੍ਹਾਂ ਦਾ ਫ਼ਰਮਾਨ ਹੈ ਕਿ—

ਤੁਧੁ ਸਚੇ "ਸੁਬਹਾਨੁ" ਸਚ ਕਲਾਣਿਆ ॥

[ਵਾਰ, ਮਾਝ, ਮ: 1, ਪੰਨਾ 150

**ਅਰਥਾਤ**—ਹੇ ਪ੍ਰਭੂ ! ਸੱਚਾ ਤੇ ਸੁਬਹਾਨ (ਪਵਿਤਰ ਰੂਪ ਆਤਮਾ) ਤੂੰ ਹੀ ਹੈਂ। ਮੈਂ ਸਦਾ ਹੀ ਤੇਰੀ ਉਸਤਤੀ ਗਾਇਨ ਕਰਦਾ ਹਾਂ।

ਗੁਰੂ ਨਾਨਕ ਜੀ ਨੇ ਆਪਣੀ ਪਵਿਤਰ ਬਾਣੀ ਵਿਚ ਹੋਰ ਵੀ ਕਈ ਥਾਈਂ ਸਾਜਨਹਾਰੁ ਪ੍ਰਭੂ ਨੂੰ ਪਵਿਤਰ ਰੂਪ—ਆਤਮਾ ਤੇ ਪਾਕ ਵਰਣਨ ਕੀਤਾ ਹੈ; ਤੇ ਦਸਿਆ ਹੈ ਕਿ ਉਸ ਵਿਚ ਕੋਈ ਵੀ ਊਣਤਾਈ ਨਹੀਂ ਹੈ। ਉਹ ਗੁਣ ਨਿਧਾਨ ਹੈ।

ਗੁਰੂ ਜੀ ਨੇ ਇਕ ਹੋਰ ਥਾਂ ਫ਼ਰਮਾਇਆ ਹੈ ਕਿ—

ਮਨਮੁਖਿ ਸੁਖੁ ਨ ਪਾਈਐ<br>
ਗੁਰਮੁਖਿ ਸੁਖੁ "ਸੁਭਾਨੁ"

[ਸਿਰੀ ਰਾਗ ਮ: 1, ਪੰਨਾ 21

---

(1) ਗੁਰੂ ਨਾਨਕ ਜੀ ਨੇ ਫ਼ਰਮਾਇਆ ਹੈ ਕਿ—

ਸਾਚੇ ਸਾਹਿਬ ਸਭਿ ਗੁਣ ਅਉਗਣ ਸਭ ਅਸਾਹ।

[ਸਿਰੀ ਰਾਗ, ਮ: 1, ਪੰਨਾ 17

**ਅਰਥਾਤ** :—

ਗੁਣ ਨਿਧਾਨ ਤੇਰਾ ਅੰਤੁ ਨ ਪਾਇਆ।<br>
ਸਾਚ ਸਬਦਿ ਤੁਝ ਮਾਹਿ ਸਮਝਾਇਆ ॥

[ਪ੍ਰਭਾਤੀ ਮ: 1, ਪੰਨਾ 1342



Digitized by Panjab Digital Library | www.panjabdigilib.org

**ਅਰਥਾਤ**—ਮਨਮੁਖਤਾ ਵਿਚ ਫ਼ਸਕੇ ਪ੍ਰਾਣੀ ਨੂੰ ਸੁਖ ਨਹੀਂ ਮਿਲਦਾ । ਸੁਖ ਤਾਂ "ਸੁਬਹਾਨ" ਪ੍ਰਭੂ ਤੋਂ ਹੀ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ ।

ਸ੍ਰੀ ਗੁਰੂ ਜੀ ਨੇ ਆਪਣੀ ਪਵਿਤਰ ਬਾਣੀ ਵਿਚ ਪ੍ਰਭੂ ਨੂੰ "ਸੁਬਹਾਨ" ਪਰਗਟ ਕਰਨ ਲਈ "ਸੁਹਾਣੁ" ਪਦ ਦੀ ਵਰਤੋਂ ਵੀ ਕੀਤੀ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਸਤਿ "ਸੁਹਾਣੁ" ਸਦਾ ਮਨਿ ਚਾਉ ॥

[ਜਪੁਜੀ, ਪੰਨਾ 4

**ਅਰਥਾਤ**—ਹੇ ਪ੍ਰਭੂ ਤੂੰ ਸੱਚਾਈ ਦਾ ਸੋਮਾ ਤੇ ਸੁਬਹਾਨ ਹੈਂ ਮੇਰੇ ਮਨ ਵਿਚ ਸਦਾ ਤੇਰਾ ਹੀ ਚਾਉ ਹੈ । ਜਾਂ ਤੂੰ ਅਨੰਦ ਸਰੂਪ ਹੈਂ ।

ਜਨਮ ਸਾਖੀ ਭਾਈ ਬਾਲਾ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਦਰਜ ਹੈ ਕਿ—

ਥਾਨ ਥਨਤਰ ਰਵਿ ਰਹਿਆ
ਸਭ ਖਾਲਕ "ਸੁਬਹਾਨ" ॥

[ਜਨਮ ਸਾਖੀ ਭਾ: ਬਾਲਾ, ਪੰਨਾ 222

**ਅਰਥਾਤ** :—

ਆਦਿ ਅੰਤ ਮਧ ਏਕ ਹੀ
ਸਚ ਖਾਲਕ "ਸੁਬਹਾਨ" ।

[ਜਨਮ ਸਾਖੀ, ਭਾ: ਬਾਲਾ, ਪੰਨਾ 225

ਸ੍ਰੀ ਦਸਮ ਗਰੰਥ ਵਿਚ ਇਹ ਵਰਣਨ ਹੈ ਕਿ—

ਔਰ ਮਹਾਨ ਨਿਦਾਨ ਕਛੂ ਨਹਿ
ਹੇ "ਸੁਬਹਾਨ" ਤੁਹੀ ਸਿਰਦਾਰਾ ॥

[ਦਸਮ ਗਰੰਥ, ਪੰਨਾ 642

ਇਹ ਅਸੀਂ ਦਸ ਚੁਕੇ ਹਾਂ ਕਿ "ਸੁਬਹਾਨ" ਅਰਬੀ ਬੋਲੀ ਦਾ ਪਦ ਹੈ ਤੇ ਇਸਦਾ ਅਰਥ ਪਵਿਤਰ ਰੂਪ-ਆਤਮਾ, ਗੁਣਾਂ ਦਾ ਭੰਡਾਰ ਤੇ ਹਰੇਕ ਊਣਤਾਈ ਤੇ ਕਮਜ਼ੋਰੀ ਤੋਂ ਪਾਕ ਹੈ ।

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

Digitized by Panjab Digital Library | www.panjabdigilib.org

وسبحان الله رب العالمين ۝ — سبحانه
هو الله الواحد القهار ۝

**ਅਰਥਾਤ**—ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ "ਸੁਬਹਾਨ" ਹੈ ਅਤੇ ਉਸ ਵਿਚ ਕੋਈ ਵੀ ਊਣਤਾਈ ਨਹੀਂ ਹੈ । ਉਹ ਇਕੋ ਇਕ ਹੈ ਅਤੇ ਸਭ ਤੇ ਪ੍ਰਬਲ ਹੈ । ਕੋਈ ਵੀ ਹੋਰ ਵਿਅਕਤੀ "ਸੁਬਹਾਨ" ਕਹਾਉਣ ਦੇ ਅਧਿਕਾਰੀ ਨਹੀਂ ਹੈ ।

———

Digitized by Panjab Digital Library | www.panjabdigilib.org

# ਕਾਦਰ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਨੂੰ "ਕਾਦਰ" ਵੀ ਵਰਣਨ ਕੀਤਾ ਹੈ ਤੇ ਕਾਦਰ ਸਰਬ ਕਲਾ ਸਮਰਥ ਨੂੰ ਆਖਦੇ ਹਨ। ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਸਭ ਤੇਰੀ ਕੁਦਰਤਿ ਤੂੰ "ਕਾਦਿਰੁ" ਕਰਤਾ
ਪਾਕੀ ਨਾਈ ਪਾਕੁ ॥

[ਵਾਰ ਆਸਾ, ਸ: ਮ: 1, ਪੰਨਾ 464

ਸ੍ਰੀ ਗੁਰੂ ਜੀ ਨੇ ਇਕ ਹੋਰ ਥਾਂ ਇਹ ਫ਼ਰਮਾਇਆ ਹੈ ਕਿ—

ਅਲਾਹੁ ਅਲਖ ਅਗੰਮ "ਕਾਦਰੁ" ਕਰਣਹਾਰੁ ਕਰੀਮੁ।

[ਸਿਰੀ ਰਾਗ, ਮ: 1, ਪੰਨਾ 64

**ਅਰਥਾਤ :—**

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ।
ਸੋ ਕਰਤਾ "ਕਾਦਰ" ਕਰੀਮੁ ਦੇ ਜੀਆ ਰਿਜ਼ਕੁ ਸੰਬਾਹਿ।

[ਵਾਰ ਆਸਾ, ਮ: 1, ਪੰਨਾ 475

ਇਸੇ ਤਰ੍ਹਾਂ ਗੁਰਬਾਣੀ ਵਿਚ ਇਕ ਥਾਂ ਇਹ ਕਿਹਾ ਗਿਆ ਹੈ ਕਿ—

ਗੈਬਾਨ ਹੈਬਾਨ ਹਰਾਮ ਕੁਸਤਨੀ ਮੁਰਦਾਰ ਵਖੋਰਾਇ।
ਦਿਲ ਕਬਜ ਕਬਜਾ "ਕਾਦਰੋ" ਦੋਜਕ ਸਜਾਇ ॥

[ਤਿਲੰਗ, ਮ:5, ਪੰਨਾ 723

**ਅਰਥਾਤ :—**

ਕੁਦਰਤਿ "ਕਾਦਰ" ਕਰਣ ਕਰੀਮਾ।
ਸਿਫਤਿ ਮੁਹਬਤਿ ਅਥਾਹ ਰਹੀਮਾ ॥

[ਮਾਰੂ, ਮ: 5, ਪੰਨਾ 1084



Digitized by Panjab Digital Library | www.panjabdigilib.org

ਗੁਰਬਾਣੀ ਦੇ ਏਹਨਾਂ ਸਾਰੇ ਪ੍ਰਮਾਣਾਂ ਵਿਚ ਸਾਜਨਹਾਰ ਪ੍ਰਭੂ ਨੂੰ "ਕਾਦਰ" ਦੇ ਨਾਂ ਨਾਲ ਯਾਦ ਕੀਤਾ ਗਿਆ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਉਸ ਨੂੰ ਸਾਰੀਆਂ ਹੀ ਕੁਦਰਤਾਂ ਹਾਸਲ ਹਨ ਤੇ ਉਹ ਸਰਬ ਕਲਾ ਸਮਰਥ ਹੈ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ —

إِنَّ اللّٰهَ قَادِرٌ ـــــــ إِنَّا لَقٰدِرُوْنَ ۝

**ਅਰਥਾਤ**— ਪ੍ਰਭੂ "ਕਾਦਰ" ਹੈ ਤੇ ਉਸ ਨੂੰ ਸਾਰੀਆਂ ਕੁਦਰਤਾਂ ਤੇ ਤਾਕਤਾਂ ਪ੍ਰਾਪਤ ਹਨ। ਉਹ ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਕ ਥਾਂ ਪ੍ਰਭੂ ਦੀ ਸ਼ਨਾਖਤ ਤੇ ਪਛਾਣ ਬਾਰੇ ਇਹ ਫ਼ਰਮਾਇਆ ਹੈ ਕਿ—

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।

[ਵਾਰ ਮਾਝ, ਮ:1, ਪੰਨਾ 142

ਪ੍ਰਸਿਧ ਬਜ਼ੁਰਗ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ—

ਕਾਦਿਰਿ ਮੁਤਲਕ ਬਕੁਦਰਤ ਜ਼ਾਹਰਸਤ।
ਦਰਮਿਆਨੇ ਕੁਦਰਤੇ ਖ਼ੁਦ ਕਾਦਰਸਤ॥

[ਜ਼ਿੰਦਗੀਨਾਮਾ

**ਅਰਥਾਤ** —"ਕਾਦਰਿ-ਮੁਤਲਕ", ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਪ੍ਰਭੂ ਆਪਣੀਆਂ ਕੁਦਰਤਾਂ ਤੋਂ ਪਰਗਟ ਹੋ ਰਿਹਾ ਹੈ। ਉਸ ਦੀ ਪਛਾਣ ਉਸ ਦੀਆਂ ਕੁਦਰਤਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ।

— — — —

Digitized by Panjab Digital Library | www.panjabdigilib.org

# ਪ੍ਰਭੂ ਹਰ ਚੀਜ਼ ਤੇ ਕਾਦਰ (ਸਮਰਥ) ਹੈ

ਸਾਜਨਹਾਰ ਪ੍ਰਭੂ ਨੂੰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਰਬ ਕਲਾ ਸਮਰਥ ਵੀ ਮੰਨਿਆ ਹੈ। ਜਿਸ ਦਾ ਭਾਵ ਏਹੋ ਹੈ ਕਿ ਉਸ ਦੀ ਕੁਦਰਤ ਦੇ ਪਰਗਟਾਵੇ ਵਿਚ ਕੋਈ ਵੀ ਸ਼ਕਤੀ ਜਾਂ ਚੀਜ਼ ਰੋਕ ਨਹੀਂ ਬਣ ਸਕਦੀ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਸ ਬਾਰੇ ਇਹ ਫ਼ਰਮਾਨ ਹੈ ਕਿ—

ਸਰਬ ਕਲਾ ਸਾਚੇ ਭਰਪੂਰਾ।

[ਮਾਰੂ, ਮ:1, ਪੰਨਾ 1021

**ਅਰਥਾਤ**— ਸੱਚੇ ਸਾਜਨਹਾਰ ਪ੍ਰਭੂ ਵਿਚ ਸਾਰੀ ਸਮਰਥਾ ਹੈ। ਉਹ ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਹੈ।

ਗੁਰਬਾਣੀ ਵਿਚ ਸਾਜਨਹਾਰ ਪ੍ਰਭੂ ਦੇ ਸਰਬ ਕਲਾ ਸਮਰਥ ਹੋਣ ਦੀ ਇਉਂ ਹਾਮੀ ਭਰੀ ਗਈ ਹੈ ਕਿ

ਤੂ ਬੇਅੰਤ ਸਰਬ ਕਲਾ ਪੂਰਾ
ਕਿਛੁ ਕੀਮਤਿ ਕਹੀ ਨ ਜਾਇ।

[ਬੈਰਾੜੀ, ਮ: 4, ਪੰਨਾ 720

ਇਸੇ ਤਰ੍ਹਾਂ ਇਕ ਥਾਂ ਇਹ ਵਰਣਨ ਹੈ ਕਿ—

ਡੰਡਉਤ ਬੰਦਨਾ ਅਨਿਕ ਬਾਰ ਸਰਬ ਕਲਾ ਸਮਰਥ।
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।

[ਗਉੜੀ ਮ: 5, ਪੰਨਾ 256

**ਅਰਥਾਤ**— ਹੇ ਪ੍ਰਭੂ! ਤੂੰ ਹੀ ਇੱਕੋ ਇਕ ਸਰਬ ਕਲਾ ਸਮਰਥ ਹੈਂ। ਇਸ ਲਈ ਸਾਨੂੰ ਡੋਲਣ ਤੋਂ ਆਪਣਾ ਹੱਥ ਦੇ ਕੇ ਬਚਾ ਲੈਣਾ ਤੂੰ ਬੇਅੰਤ ਹੈਂ ਤੇ ਤੇਰਾ ਮੁੱਲ ਕੋਈ ਨਹੀਂ ਪਾ ਸਕਦਾ।



Digitized by Panjab Digital Library | www.panjabdigilib.org

ਗੁਰੂ ਗਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ—

ਤੁਮਰੀ ਕ੍ਰਿਪਾ ਤੇ ਛੁਟੀਐ ਬਿਨਸੇ ਅਹੰਮਵੇ ।
ਸਰਬ ਕਲਾ ਸਮਰਥ ਪ੍ਰਭੂ ਪੂਰੇ ਗੁਰਦੇਵ ।

[ਬਿਲਾਵਲ, ਮ: 5, ਪੰਨਾ 811

**ਅਰਥਾਤ**— ਹੇ ਸਾਜਨ ਪ੍ਰਭੂ ! ਅਸੀਂ ਤੇਰੀ ਕਿਰਪਾ ਨਾਲ ਹੀ ਛੁਟਕਾਰਾ ਪਾ ਸਕਦੇ ਹਾਂ ਤੇ ਤੇਰੀ ਕਿਰਪਾ ਨਾਲ ਹੀ ਸਾਡੀ ਹਉਮੈ ਦੂਰ ਹੋ ਸਕਦੀ ਹੈ । ਤੂੰ ਸਰਬ ਕਲਾ ਸਮਰਥ ਤੇ ਅਧੰਕਾਰ ਨੂੰ ਦੂਰ ਕਰਕੇ ਪ੍ਰਕਾਸ਼ ਦੇਣ ਵਾਲਾ ਹੈਂ ।

ਇਕ ਥਾਂ ਇਹ ਵਰਣਨ ਹੈ ਕਿ—

ਕਰਣਕਾਰਣ ਸਮਰਥ ਪ੍ਰਭੂ ਜੋ ਕਰੇ ਸੋ ਹੋਈ ।।
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀਂ ਕੋਈ ।

[ਵਾਰ ਜੈਤਸਰੀ, ਮ: 2,ਪੰਨਾ 706

**ਅਰਥਾਤ** :—ਕਰਣਕਾਰਣ ਸਰਬ ਕਲਾ ਸਮਰਥ ਪ੍ਰਭੂ ਹੀ ਹੈ । ਉਸ ਤੋਂ ਬਿਨਾਂ ਹੋਰ ਕੋਈ ਸਰਬ ਕਲਾ ਸਮਰਥ ਨਹੀਂ ਹੈ । ਉਹ ਪਲ ਵਿਚ ਜੋ ਚਾਹੁੰਦਾ ਹੈ, ਰਚਨਾ ਰਚਾ ਲੈਂਦਾ ਹੈ । ਕੋਈ ਉਸ ਵਿਚ ਵਿਘਨ ਨਹੀਂ ਪਾ ਸਕਦਾ ਤੇ ਫੇਰ ਪਲ ਵਿਚ ਹੀ ਸਮੇਟਣ ਤੇ ਵੀ ਸਮਰਥ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਵੀ ਕਿਹਾ ਗਿਆ ਹੈ ਕਿ—

ਜੀਅ ਜੰਤ ਕਉ ਰਿਜਕੁ ਸੰਬਾਹੇ ।
ਕਰਣ ਕਾਰਣ ਸਮਰਥ ਆਪਾਹੇ ।
ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ ।

[ਮਾਰੂ ਮ: 5, ਪੰਨਾ 1072

**ਅਰਥਾਤ**— ਸਾਰੇ ਜੀਅ-ਜੰਤ ਨੂੰ ਉਹੋ ਹੀ ਰਿਜ਼ਕ ਦਿੰਦਾ ਹੈ । ਉਹੋ ਹੀ ਸਰਬ ਕਲਾ ਸਮਰਥ ਇਸ ਸਾਰੇ ਵਿਸ਼ਵ ਦਾ ਕਰਣਕਾਰਣ ਹੈ । ਉਹ ਪਲ ਵਿਚ ਰਚਨਾ ਰਚਾਉਣ ਤੇ ਉਸ ਨੂੰ ਨਸ਼ਟ ਕਰਨ ਤੇ ਸਮਰਥ ਹੈ । ਉਹੋ ਹੀ ਤੇਰਾ ਸਹਾਈ ਤੇ ਮਦਦਗਾਰ ਹੋ ਸਕਦਾ ਹੈ ।

Digitized by Panjab Digital Library | www.panjabdigilib.org

ਕੁਰਾਨ ਸਰੀਫ਼ ਵਿਚ ਵਰਣਨ ਹੈ ਕਿ —

إِنَّ اللّٰهَ عَلٰى كُلِّ شَيْءٍ قَدِيْرٌ ۝ —— وَاللّٰهُ
عَلٰى كُلِّ شَيْءٍ قَدِيْرٌ ۝

**ਅਰਥਾਤ**— ਹੇ ਪ੍ਰਭੂ ਤੂੰ ਹੀ ਹਰੇਕ ਚੀਜ਼ ਤੇ ਕਾਦਰ ਤੇ ਸਰਬ ਕਲਾ ਸਮਰਥ ਹੈਂ । ਤੈਨੂੰ ਸਾਰੀਆਂ ਕੁਦਰਤਾਂ ਤੇ ਬਲ ਪ੍ਰਾਪਤ ਹਨ ।

————

Digitized by Panjab Digital Library | www.panjabdigilib.org

# ਹੱਕ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਦਾ ਇਕ ਗੁਣ ਵਾਚਕ ਨਾਂ "ਹੱਕ" ਵੀ ਵਰਣਨ ਕੀਤਾ ਹੈ, ਹੱਕ ਆਖਦੇ ਹਨ ਸੱਚਾਈ ਦੇ ਸੋਮੇ ਨੂੰ। ਇਸ ਨੂੰ ਗੁਰਬਾਣੀ ਵਿਚ ਸਤਿਨਾਮ ਵੀ ਕਿਹਾ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਫ਼ਰਮਾਨ ਹੈ ਕਿ—

"ਹਕਾ" ਕਬੀਰ ਕਰੀਮ ਤੂ ਬੇਐਬ ਪਰਵਦਗਾਰ।

[ਤਿਲੰਗ ਮ: 1, ਪੰਨਾ 721

**ਅਰਥਾਤ** :—ਹੇ ਪ੍ਰਭੂ ! ਤੂੰ ਹੀ ਹੱਕ (ਸੱਚਾਈ ਦਾ ਸੋਮਾ) ਕਬੀਰ (ਵੱਡਾ) ਕਰੀਮ (ਵੱਡੀਆਂ ਬਖਸ਼ਿਸ਼ਾਂ ਤੇ ਮਿਹਰਾ ਕਰਨ ਵਾਲਾ) ਬੇਐਬ ਪਾਲਨਹਾਰ ਹੈਂ।

ਜਨਮਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ—

ਰੋਜ ਕਿਆਮਤ ਡੇਹੜੇ ਤਖਤ ਬਹੇਗੁ "ਅਲਹੱਕ"।
ਹਕੋ ਹੀ ਘਰ ਰਬ ਦੇ ਕਰਗ ਨਹੀਂ ਅਨਹੱਕ।

[ਜਨਮਸਾਖੀ ਭ: ਬਾਲਾ, ਪੰਨਾ 225

**ਅਰਥਾਤ** :—ਕਿਆਮਤ ਦੇ ਦਿਹਾੜੇ ਪ੍ਰਭੂ ਤਖਤ ਤੇ ਬਿਰਾਜਮਾਨ ਹੋਵੇਗਾ ਤੇ ਕਿਸੇ ਨਾਲ ਵੀ ਕੋਈ ਬੇਇਨਸਾਫ਼ੀ ਜਾਂ ਧੱਕਾ ਨਹੀਂ ਕਰੇਗਾ। ਸਭ ਨੂੰ ਪੂਰਣ ਇਨਸਾਫ਼ ਮਿਲੇਗਾ।

ਗੁਰੂ ਗਰੰਥ ਸਾਹਿਬ ਵਿਚ ਵੀ ਪ੍ਰਭੂ ਨੂੰ "ਹੱਕ" ਕਿਹਾ ਗਿਆ ਹੈ ਕਿ—

"ਹਕੁ" ਸਚ ਖਾਲਕੁ ਖਲਕੁ ਮਿਆਨੇ
ਸਿਆਮ ਮੂਰਤਿ ਨਾਹਿ ॥

[ਤਿਲੰਗ ਕਬੀਰ, ਪੰਨਾ 727



Digitized by Panjab Digital Library | www.panjabdigilib.org

**ਅਰਥਾਤ :—**

"ਹਕੁ" ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ ॥

[ਮਾਰੂ, ਮ: 5, ਪੰਨਾ 1094

ਗੁਰੂ ਗਰੰਥ ਸਾਹਿਬ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਵਿਚ ਸਾਜਨਹਾਰ ਪ੍ਰਭੂ ਦਾ ਗੁਣਵਾਚਕ ਨਾਂ "ਹੱਕ" ਵਰਣਨ ਕੀਤਾ ਗਿਆ ਹੈ।

ਇਸ ਬਾਰੇ ਕੁਰਾਨ ਸ਼ਰੀਫ਼ ਦਾ ਇਹ ਫ਼ਰਮਾਨ ਹੈ ਕਿ—

فَتَعٰلَى اللّٰهُ الْمَلِكُ الْحَقُّ ؏ ـــــ اِنَّ اللّٰهَ هُوَ الْحَقُّ الْمُبِيْنُ ○

**ਅਰਥਾਤ :**—ਸਾਜਨਹਾਰ ਪ੍ਰਭੂ ਵੱਡੀਆਂ ਸ਼ਾਨਾ ਵਾਲਾ ਤੇ ਵੱਡੀਆਂ ਵਡਿਆ-ਈਆਂ ਵਾਲਾ ਹੈ ਅਤੇ ਉਹ "ਹੱਕ" (ਸੱਚਾਈ ਦਾ ਸੋਮਾ) ਵੀ ਹੈ।

ਗੁਰਬਾਣੀ ਵਿਚ ਪ੍ਰਭੂ ਨੂੰ ਸਤਿਨਾਮ ਵੀ ਕਿਹਾ ਗਿਆ ਹੈ । ਇਹ ਵੀ "ਹੱਕ" ਦਾ ਦੂਜਾ ਰੂਪ ਹੀ ਹੈ: ਜਿਹਾ ਕਿ—

ਸਤਿਨਾਮ ਪ੍ਰਭੂ ਕਾ ਸੁਖਦਾਈ ।
ਬਿਵਾਸੁ ਸਤਿ ਨਾਨਕ ਗੁਰ ਤੇ ਪਾਈ ।

[ਗਉੜੀ, ਮ: 5, ਪੰਨਾ 284

———

Digitized by Panjab Digital Library | www.panjabdigilib.org

# ਪ੍ਰਭੂ ਬੇਪਰਵਾਹ (ਗ਼ਨੀ) ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਦਾ ਇਕ ਗੁਣਵਾਚਕ ਨਾਂ ਬੇਪਪਰਵਾਹ (ਗ਼ਨੀ) ਵੀ ਪਰਗਟ ਕੀਤਾ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਸਤਿਗੁਰੁ "ਵੇਪਰਵਾਹੁ" ਸਿਰੰਦਾ ॥

[ਮਾਰੂ, ਮ: 1, ਪੰਨਾ 1024

**ਅਰਥਾਤ** :—ਮੇਰਾ ਪ੍ਰਭੂ-ਸਤਿਗੁਰ ਵੱਡਾ ਬੇਪਰਵਾਹ ਹੈ ।

ਇਕ ਹੋਰ ਥਾਂ ਆਪ ਨੇ ਫ਼ਰਮਾਇਆ ਹੈ ਕਿ—

ਵਡੀ ਵਡਿਆਈ "ਵੇਪਰਵਾਹੇ" ।
ਆਖਿ ਉਪਾਏ ਦਾਨੁ ਸਮਾਹੇ ।
ਆਪਿ ਦਇਆਲੁ ਦੂਰਿ ਨਹੀਂ ਦਾਤਾ
ਮਿਲਿਆ ਸਹਜਿ ਰਜਾਈ ਹੇ ॥

[ਮਾਰੂ ਮ: 1, ਪੰਨਾ 1025

---

(1) ਚੇਤੇ ਰਹੇ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਗੁਰੂ ਪਦ ਸਾਜਨਹਾਰ ਪ੍ਰਭੂ ਲਈ ਵੀ ਵਰਤਿਆ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਅਪਰੰਪਾਰ ਪਾਰਬ੍ਰਹਮ ਪਰਮੇਸਰੁ
ਨਾਨਕ ਗੁਰ ਮਿਲਿਆ ਸੋਈ ਜੀਉ ॥

[ਸੋਰਠ, ਮ: 1, ਪੰਨਾ 599



Digitized by Panjab Digital Library | www.panjabdigilib.org

**ਅਰਥਾਤ :—**

ਸਾਚਾ ਸਾਹਿਬ ਸਿਰਜਣਹਾਰੇ ।
ਜਿਨਿ ਧਰ ਚਕ੍ਰ ਧਰੇ ਵੀਚਾਰੇ ।
ਆਪੇ ਕਰਤਾ ਕਰਿ ਕਰਿ ਵੇਖੈ ।
ਸਾਚਾ "ਵੇਪਰਵਾਹਾ" ਹੇ ॥

[ਮਾਰੂ ਮ: 1, ਪੰਨਾ 1032

ਸ੍ਰੀ ਗੁਰੂ ਜੀ ਦੇ ਏਹਨਾ ਪਵਿੱਤਰ ਵਾਕਾਂ ਵਿਚ ਸਾਜਨਹਾਰ ਪ੍ਰਭੂ ਨੂੰ ਵੇਪਰਵਾਹ ਵਰਣਨ ਕੀਤਾ ਗਿਆ ਹੈ । ਇਸ ਬਾਰੇ ਗੁਰੂ ਜੀ ਦਾ ਇਹ ਵਾਕ ਵੀ ਹੈ ਕਿ—

"ਵੇਪਰਵਾਹੁ" ਅਖੁਟ ਭੰਡਾਰੇ ।
ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ
ਆਪੇ ਖੇਲਿ ਖਿਲਾਇਦਾ ॥

[ਮਾਰੂ, ਮ: 1, ਪੰਨਾ 1034

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ—

ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ।
ਨਾਨਕ ਧੰਨੁ ਸੋਹਾਗਣੀ ਜੋ ਭਾਵਹਿ 'ਬੇਪਰਵਾਹ' ।

[ਵਾਰ ਮਾਰੂ ਸ: ਮ: 1, ਪੰਨਾ 1088

**ਅਰਥਾਤ :—**

ਏਕੋ ਤਖੁਤ ਏਕੋ ਪਾਤਿਸਾਹੁ ।
ਸਰਬੀ ਥਾਈ "ਬੇਪਰਵਾਹੁ" ।

[ਬਸੰਤ, ਮ: 1, ਪੰਨਾ 1188

ਗੁਰਬਾਣੀ ਵਿਚ ਵੀ ਪ੍ਰਭੂ ਨੂੰ "ਬੇਪਰਵਾਹ" ਕਿਹਾ ਗਿਆ ਹੈ, ਜਿਹਾ ਕਿ ਇਕ ਥਾਂ ਵਰਣਨ ਹੈ ਕਿ—

"ਵੇਪਰਵਾਹੁ" ਅਗੋਚਰੁ ਆਪਿ ।
ਆਠ ਪਹਰ ਮਨ ਤਾਕਉ ਜਾਪੁ ।

[ਰਾਮਕਲੀ, ਮ: 5, ਪੰਨਾ 896

Digitized by Panjab Digital Library | www.panjabdigilib.org

ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ—

ਵਡਾ ਸਾਹਿਬੁ ਅਗਮ ਅਥਾਹਾ ।
ਕਿਉ ਮਿਲੀਐ ਪ੍ਰਭ "ਵੇਪਰਵਾਹਾ" ।

[ਮਾਰੂ ਮ: 5, ਪੰਨਾ 1076

ਇਕ ਥਾਂ ਇਹ ਵੀ ਦਰਜ ਹੈ ਕਿ—

ਹਰਿ ਜੀਉ ਦਾਤਾ ਅਗਮ ਅਥਾਹਾ ।
ਓਸੁ ਤਿਲੁ ਨ ਤਮਾਇ "ਵੇਪਰਵਾਹਾ" ।

[ਮਾਰੂ, ਮ: 3, ਪੰਨਾ 106

**ਅਰਥਾਤ :—**

ਨਾਮੁ ਹਮਾਰੈ ਪੂਰਾ ਸਾਹੁ ।
ਨਾਮੁ ਹਮਾਰੈ "ਬੇਪਰਵਾਹੁ ।"

[ਭੈਰਉ ਮ: 5, ਪੰਨਾ 1144

ਇਸੇ ਤਰ੍ਹਾਂ ਇਕ ਥਾਂ ਇਹ ਵੀ ਵਰਣਨ ਹੈ ਕਿ—

ਗੁਰਮੁਖਿ ਖੋਜੇ "ਬੇਪਰਵਾਹ"॥

[ਮਾਰੂ, ਮ: 3, ਪੰਨਾ 106

ਗੁਰਬਾਣੀ ਦੇ ਏਹਨਾਂ ਪਵਿੱਤਰ ਵਾਕਾਂ ਵਿਚ ਸਾਜਨਹਾਰ ਪ੍ਰਭੂ ਨੂੰ "ਬੇਪਰਵਾਹ" ਕਿਹਾ ਗਿਆ ਹੈ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

وَاعْلَمُوْٓا اَنَّ اللّٰهَ غَنِيٌّ حَمِيْدٌ ۝ — فَاِنَّ
رَبِّيْ غَنِيٌّ كَرِيْمٌ ۝

**ਅਰਥਾਤ :**—ਤੁਸੀਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਓ ਕਿ ਸਾਜਨਹਾਰ ਪ੍ਰਭੂ ਹੀ "ਗ਼ਨੀ" ਤੇ ਵੱਡਾ "ਬੇਪਰਵਾਹ" ਹੈ ਅਤੇ ਉਹੋ ਹੀ ਉਪਮਾ ਦਾ ਅਧਿਕਾਰੀ ਹੈ :

ਗੁਰਬਾਣੀ ਵਿਚ ਵਰਣਨ ਹੈ ਕਿ :—

ਕਰੀਮਾਂ ਰਹੀਮਾਂ ਅਲਾਹ ਤੂ ਗਨੀ ।
ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀ ।

[ਤਿਲੰਗ ਨਾਮਦੇਵ, ਪੰਨਾ 727

Digitized by Panjab Digital Library | www.panjabdigilib.org

# ਪ੍ਰਭੂ ਸੁਣਨਹਾਰ ਤੇ ਜਾਣਨਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਨੂੰ ਸੁਣਨਹਾਰ ਤੇ ਜਾਨਣਹਾਰੁ ਵੀ ਪਰਗਟ ਕੀਤਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚ ਕੀਆ ।
ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ।

[ਆਸਾ, ਮ: 1, ਪੰਨਾ 433

**ਅਰਥਾਤ**—ਸਾਜਨਹਾਰ ਪ੍ਰਭੂ ਨੇ ਹੀ ਸਾਰੀ ਰਚਨਾ ਰਚਾਈ ਹੈ ਤੇ ਉਹ ਸਭ ਕੁਝ ਵੇਖਦਾ ਤੇ ਸੁਣਦਾ ਹੈ ਅਤੇ ਜਾਣਦਾ ਵੀ ਹੈ ।

ਗੁਰੂ ਗਰੰਥ ਸਾਹਿਬ ਵਿਚ ਵੀ ਕਈ ਥਾਈਂ ਸਾਜਨਹਾਰ ਪ੍ਰਭੂ ਨੂੰ ਸੁਣਨਹਾਰ ਤੇ ਜਾਣਨਹਾਰ ਵਰਣਨ ਕੀਤਾ ਗਿਆ ਹੈ; ਜਿਹਾ ਕਿ :—

ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ।
ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ।

[ਸਿਰੀ ਰਾਗ, ਮ: 5, ਪੰਨਾ 48

**ਅਰਥਾਤ** :—

ਆਪਿ ਕਥੈ ਆਪਿ ਸੁਨਨੈਹਾਰੁ ।
ਆਪਹਿ ਏਕੁ ਆਪਿ ਬਿਸਥਾਰੁ ।

[ਗਉੜੀ, ਮ: 5, ਪੰਨਾ 292

ਸ੍ਰੀ ਗੁਰੂ ਗਰੰਥ ਸਾਹਿਬ ਦੇ ਏਹਨਾਂ ਪਵਿਤਰ ਵਾਕਾਂ ਤੋਂ ਸਾਜਨਹਾਰ ਪ੍ਰਭੂ ਦਾ ਸੁਣਨਹਾਰ ਤੇ ਜਾਣਨਹਾਰ ਹੋਣਾ ਸਿਧ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਪ੍ਰਭੂ ਨੂੰ ਜਾਣਨਹਾਰ



Digitized by Panjab Digital Library | www.panjabdigilib.org

ਵਰਣਨ ਕੀਤਾ ਗਿਆ ਹੈ; ਜਿਹਾ ਕਿ—

ਜਾਨਣਹਾਰ ਪ੍ਰਭੂ ਪਰਬੀਨ ।

[ਗਉੜੀ ਮ: 5, ਪੰਨਾ 269

**ਅਰਥਾਤ** :—

ਜਾਣਨਹਾਰੁ ਰਹਿਆ ਪ੍ਰਭੁ ਜਾਨਿ ।

[ਰਾਮਕਲੀ, ਮ: 5, ਪੰਨਾ 892

**ਅਰਥਾਤ** :—ਸਾਜਨਹਾਰ ਪ੍ਰਭੂ ਸਭ ਕੁਝ ਜਾਣਦਾ ਹੈ; ਕਿਉਂ ਜੁ ਉਹ ਪੁਣਨਹਾਰ ਵੀ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਬਾਰੇ ਇਹ ਵੀ ਕਿਹਾ ਗਿਆ ਹੈ ਕਿ—

ਨਾਨਕ ਕਰਤਾ ਸਭ ਕਿਛੁ ਜਾਣਦਾ
ਜਿਦੂ ਕਿਛੁ ਗੁਝਾ ਨ ਹੋਇ ॥

[ਵਾਰ ਗਉੜੀ, ਮ: 4, ਪੰਨਾ 302

إِنَّ اللّٰهَ سَمِيعٌ عَلِيمٌ ۝ —— إِنَّكَ أَنْتَ السَّمِيعُ الْعَلِيمُ ۝

**ਅਰਥਾਤ**—ਬੇਸ਼ਕ ਹੇ ਪ੍ਰਭੂ ! ਤੂੰ ਹੀ ਸੁਣਨਹਾਰ ਤੇ ਜਾਣਨਹਾਰ ਵੀ ਹੈਂ । ਹੋਰ ਕੋਈ ਵੀ ਸੱਚੇ ਅਰਥਾਂ ਵਿਚ ਸੁਣਨਹਾਰ ਤੇ ਜਾਣਨਹਾਰ ਨਹੀਂ ਹੈ !

Digitized by Panjab Digital Library | www.panjabdigilib.org

# ਪ੍ਰਭੂ ਸੁਣਨਹਾਰ ਤੇ ਵੇਖਣਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਨੂੰ ਸੁਣਨਹਾਰ ਤੇ ਵੇਖਣਹਾਰ ਵੀ ਵਰਣਨ ਕੀਤਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਆਪੇ ਵੇਖੈ ਸੁਣੈ ਆਪੇ
ਆਪੇ ਹੀ ਕੁਦਰਤਿ ਕਰੇ ਜਹਾਨੋ ।

[ਸਿਰੀ ਰਾਗ, ਮ: 1, ਪੰਨਾ 25

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਜਿਨਿ ਕੀਏ ਕਰਿ ਵੇਖਣਹਾਰਾ ।
ਅਵਰੁ ਨ ਦੂਜਾ ਸਿਰਜਣਹਾਰਾ ।

[ਬਿਲਾਵਲ ਮ: 1, ਪੰਨਾ 839

**ਅਰਥਾਤ**—ਜਿਸ ਸਾਜਨਹਾਰ ਪ੍ਰਭੂ ਨੇ ਸਾਰੀ ਰਚਨਾ ਰਚਾਈ ਹੈ, ਉਹੀ ਸੁਣਨਹਾਰ ਤੇ ਜਾਣਨਹਾਰ ਹੈ । ਉਸ ਤੋਂ ਛੁੱਟ ਸੱਚੇ ਅਰਥਾਂ ਵਿਚ ਨਾ ਕੋਈ ਸਾਜਨਹਾਰ ਹੈ, ਨਾ ਕੋਈ ਸੁਣਨਹਾਰ ਹੈ ਤੇ ਨਾ ਹੀ ਵੇਖਣਹਾਰ ।

ਇਸ ਬਾਰੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ—

ਤੁਧੁ ਬਿਨੁ ਦੂਜਾ ਅਵਰੁ ਨ ਕੋਇ ।
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ।

[ਆਸਾ, ਮ: 4, ਪੰਨਾ 365

**ਅਰਥਾਤ**—ਤੇਥੋਂ ਬਿਨਾਂ ਕੋਈ ਹੋਰ ਨਹੀਂ ਹੈ । ਤੂੰ ਹੀ ਸੁਣਨਹਾਰ ਤੇ ਵੇਖਣਹਾਰ ਹੈਂ ।



Digitized by Panjab Digital Library | www.panjabdigilib.org

ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਵੀ ਹੈ ਕਿ—

ਜਿਸੁ ਕਰਣਾ ਸੋ ਕਰਿ ਕਰਿ ਵੇਖੈ ॥

[ਮਾਰੂ ਮ: 1, ਪੰਨਾ 1021

**ਅਰਥਾਤ** :—

ਦਇਆ ਦਾਨੁ ਦਇਆਲ ਤੂ ਕਰਿ ਕਰਿ ਦੇਖਣਹਾਰ ।

[ਰਾਮਕਲੀ, ਮ: 1, ਪੰਨਾ 934

ਸ੍ਰੀ ਗੁਰੂ ਜੀ ਦੇ ਏਹਨਾਂ ਦੋਹਾਂ ਪ੍ਰਮਾਣਾਂ ਤੋਂ ਪ੍ਰਭੂ ਦਾ ਵੇਖਣਹਾਰ ਹੋਣਾ ਸਿਧ ਹੈ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

إِنَّ ٱللَّهَ هُوَ ٱلسَّمِيعُ ٱلْبَصِيرُ ۝

**ਅਰਥਾਤ**—ਸਾਜਨਹਾਰ ਪ੍ਰਭੂ ਹੀ ਸੱਚੇ ਅਰਥਾਂ ਵਿਚ ਸੁਣਨਹਾਰ ਤੇ ਵੇਖਣਹਾਰ ਹੈ । ਉਸਨੂੰ ਸੁਣਨ ਲਈ ਕੰਨਾਂ ਤੇ ਵੇਖਣ ਲਈ ਅੱਖਾਂ ਜਾਂ ਚਾਨਣੇ ਆਦਿ ਦੀ ਲੋੜ ਨਹੀਂ ਹੈ ।

———

Digitized by Panjab Digital Library | www.panjabdigilib.org

# ਪ੍ਰਭੂ ਅੰਤਰਜਾਮੀ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਪਣੇ ਸਾਜਨਹਾਰ ਪ੍ਰਭੂ ਨੂੰ ਅੰਤਰਜਾਮੀ ਵੀ ਮੰਨਦੇ ਸਨ। ਅੰਤਰਜਾਮੀ ਦਾ ਅਰਥ ਦਿਲਾਂ ਦੀਆਂ ਜਾਣਨ ਵਾਲਾ ਹੈ। ਇਸ ਬਾਰੇ ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਆਪੇ ਜਾਣੈ ਅੰਤਰਜਾਮੀ ॥

[ਮਾਰੂ, ਮ: 1, ਪੰਨਾ 1027

**ਅਰਥਾਤ**—ਪ੍ਰਭੂ ਅੰਤਰਜਾਮੀ ਹੈ। ਉਹ ਲੋਕਾਂ ਦੇ ਦਿਲਾਂ ਦੀ ਵੀ ਜਾਣਦਾ ਹੈ। ਕੋਈ ਵੀ ਗੱਲ ਉਸ ਤੋਂ ਉਹਲੇ ਨਹੀਂ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਫ਼ਰਮਾਇਆ ਹੈ ਕਿ—

ਹਟ ਪਟਣ ਬਿਜ ਮੰਦਰ ਭੰਨੈ
ਕਰਿ ਚੋਰੀ ਘਰਿ ਆਵੈ।
ਅਗਹੁ ਦੇਖੈ ਪਿਛਹੁ ਦੇਖੈ
ਤੁਝ ਤੇ ਕਹਾ ਛਪਾਵੈ ॥

[ਗਉੜੀ ਮ: 1, ਪੰਨਾ 156

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਜਾਣਹਿ ਬਿਰਥਾ ਸਭ ਮਨ ਕੀ
ਹੋਰ ਕਿਸੁ ਪਹਿ ਆਖਿ ਸੁਣਾਈਐ ॥

[ਵਾਰ ਆਸਾ, ਸ: ਮ: 5, ਪੰਨਾ 382



Digitized by Panjab Digital Library | www.panjabdigilib.org

ਅਰਥਾਤ :—

ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ।
ਸਗਲ ਘਟਾ ਕਾ ਅੰਤਰਜਾਮੀ ।

[ਸੂਹੀ ਮ: 5, ਪੰਨਾ 742

ਗੁਰਬਾਣੀ ਦੇ ਏਹਨਾਂ ਪਵਿਤਰ ਵਾਕਾਂ ਦਾ ਏਹੋ ਹੀ ਭਾਵ ਹੈ ਕਿ ਕੋਈ ਵੀ ਪ੍ਰਾਣੀ ਆਪਣੇ ਕਰਮ ਜਾਂ ਆਪਣੇ ਦਿਲ ਦੀਆਂ ਗੱਲਾਂ ਅੰਤਰਜਾਮੀ ਪ੍ਰਭੂ ਤੋਂ ਲੁਕਾ ਨਹੀਂ ਸਕਦਾ ।

ਗੁਰਬਾਣੀ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕਰ ਦਿਤੀ ਗਈ ਹੈ ਕਿ ਇਕੋ ਇਕ ਪ੍ਰਭੂ ਹੀ ਅੰਤਰਜਾਮੀ ਹੈ; ਜਿਹਾ ਕਿ ਲਿਖਿਆ ਹੈ ਕਿ—

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ
ਅੰਤਰਜਾਮੀ ਏਕ ॥

[ਸੋਰਠ, ਮ: 5, ਪੰਨਾ 640

ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਅਨੇਕ ਥਾਈਂ ਸਾਜਨਹਾਰ ਪ੍ਰਭੂ ਨੂੰ ਅੰਤਰਜਾਮੀ ਅਰਥਾਤ ਦਿਲਾਂ ਦੀਆਂ ਜਾਣਨ ਵਾਲਾ ਪਰਗਟ ਕੀਤਾ ਗਿਆ ਹੈ; ਜਿਹਾ ਕਿ ਕੁਝ ਉਦਾਹਰਣਾਂ ਏਹ ਹਨ :—

1. "ਅੰਤਰਜਾਮੀ" ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ।

[ਗਉੜੀ, ਮ: ਪੰਨਾ 13 ਤੇ 205

2. "ਅੰਤਰਜਾਮੀ" ਸਦਾ ਸੰਗਿ ਕਰਣੈਹਾਰੁ ਪਛਾਨੁ ।

[ਸਿਰੀ ਰਾਗ ਮ: 5, ਪੰਨਾ 46

3. "ਅੰਤਰਜਾਮੀ" ਪ੍ਰਭੁ ਸੁਜਾਨੁ ।
ਨਾਨਕ ਤਕੀਆ ਤੁਹੀ ਤਾਣੁ ।

[ਗਉੜੀ ਮ: 5, ਪੰਨਾ 212

4. "ਅੰਤਰਜਾਮੀ" ਰਹਿਓ ਬਿਆਪਿ
ਪ੍ਰਤਿਪਾਲੈ ਜੀਅਨ ਬਹੁ ਭਾਤਿ ।

[ਗਉੜੀ, ਮ: 5, ਪੰਨਾ 292

Digitized by Panjab Digital Library | www.panjabdigilib.org

5. "ਅੰਤਰਜਾਮੀ" ਪੁਰਖੁ ਪ੍ਰਧਾਨੁ ।

[ਗਉੜੀ, ਮ: 5, ਪੰਨਾ 293

6. "ਅੰਤਰਜਾਮੀ" ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ।
ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ।

[ਗਉੜੀ, ਮ: 5, ਪੰਨਾ 300

ਏਹਨਾਂ ਸਾਰੇ ਪਵਿਤਰ ਵਾਕਾਂ ਵਿਚ ਪ੍ਰਭੂ ਅੰਤਰਜਾਮੀ ਅਰਥਾਤ ਦਿਲਾਂ ਦੀਆਂ ਜਾਣਨ ਵਾਲਾ ਮੰਨਿਆ ਗਿਆ ਹੈ ।

ਇਸ ਤੋਂ ਛੁੱਟ ਹੋਰ ਵੀ ਕਈ ਥਾਈਂ ਸਾਜਨਹਾਰ ਪ੍ਰਭੂ ਨੂੰ ਅੰਤਰਜਾਮੀ ਪਰਗਟ ਕੀਤਾ ਗਿਆ ਹੈ । (ਵੇਖ ਪੰਨਾ 300, 343, 381, 563, 609, 621, 625, 683, 780, 812, 828, 861, 866, 869, 916, 956, 966, 1000, 1079, 1140, 1147, 1152, 1183, 1269 ਤੇ 1350 ਆਦਿ) ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

إِنَّ اللّٰهَ عَلِيمٌ بِذَاتِ الصُّدُورِ ۝ ـــــ وَهُوَ
عَلِيمٌ بِذَاتِ الصُّدُورِ ۝

**ਅਰਥਾਤ**—ਬੇਸ਼ੱਕ ਜਾਣਨਹਾਰ ਪ੍ਰਭੂ ਲੋਕਾਂ ਦੇ ਦਿਲਾਂ ਦੀਆਂ ਵੀ ਜਾਣਦਾ ਹੈ । ਉਸ ਤੋਂ ਕੋਈ ਵੀ ਗੱਲ ਉਹਲੇ ਨਹੀਂ; ਕਿਉਂ ਜੁ ਉਹ ਅੰਤਰਜਾਮੀ ਹੈ ।

ਦਸਮ ਗਰੰਥ ਵਿਚ ਵਰਣਨ ਹੈ ਕਿ—

ਤੁਮ ਜਗ ਕੇ ਕਾਰਨ ਕਰਤਾਰਾ ।
ਘਟਿ ਘਟਿ ਮਿਤਿ ਜਾਨਨਹਾਰਾ ।
ਨਿਰੰਕਾਰ ਨਿਰਵੈਰ ਨਿਰਾਲਮ ।
ਸਭ ਹੀ ਕੇ ਮਨ ਕੀ ਤੁਹਿ ਮਾਲੁਮ ।

[ਦਸਮ ਗਰੰਥ, ਪੰਨਾ 226

**ਅਰਥਾਤ**—ਹੇ ਪ੍ਰਭੂ ! ਤੂੰ ਹੀ ਇਸ ਸਾਰੇ ਵਿਸ਼ਵ ਦਾ ਸਾਜਨਹਾਰ ਤੇ ਕਰਣਹਾਰ ਹੈਂ । ਤੂੰ ਹਰ ਇਕ ਦੇ ਦਿਲ ਦੀਆਂ ਗੱਲਾਂ ਦਾ ਜਾਣਨਹਾਰ ਹੈਂ । ਤੂੰ ਨਿਰੰਕਾਰ ਤੇ ਨਿਰਵੈਰ ਹੈਂ । ਤੂੰ ਸਭ ਤੋਂ ਅੱਡਰਾ ਹੈਂ, ਪਰ ਸਭ ਦੇ ਦਿਲਾਂ ਦੀਆਂ ਜਾਣਦਾ ਹੈਂ ।

Digitized by Panjab Digital Library | www.panjabdigilib.org

# ਪ੍ਰਭੂ ਬਖਸ਼ਣਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਨੂੰ ਬਖਸ਼ਣਹਾਰ ਵੀ ਮੰਨਿਆ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਜੇ ਕੋਈ ਪ੍ਰਾਣੀ ਸੱਚੇ ਦਿਲ ਨਾਲ ਆਪਣੇ ਕੀਤੇ ਤੇ ਪਸ਼ਚਾਤਾਪ ਕਰਕੇ ਅੱਗੋਂ ਲਈ ਸੁਧਰ ਜਾਏ, ਤਾਂ ਸਾਜਨਹਾਰ ਪ੍ਰਭੂ ਉਸਦੇ ਸਾਰੇ ਪਾਪ ਬਖਸ਼ ਦਿੰਦਾ ਹੈ; ਜਿਹਾ ਕਿ ਗੁਰੂ ਜੀ ਫ਼ਰਮਾਉਂਦੇ ਹਨ ਕਿ—

ਆਪਿ ਕਰੇ ਸਚੁ ਅਲਖ ਅਪਾਰੁ।
ਹਉ ਪਾਪੀ ਤੂੰ ਬਖਸਣਹਾਰੁ।

[ਆਸਾ, ਮ: 1, ਪੰਨਾ 356

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਸਰਬ ਨਿਰੰਤਰਿ ਆਪੇ ਆਪਿ।
ਕਿਸੈ ਨ ਪੁਛੇ ਬਖਸੇ ਆਪਿ।

[ਆਸਾ, ਮ: 1, ਪੰਨਾ 412

**ਅਰਥਾਤ :—**

ਸਰਬੀ ਰੰਗੀ ਰੂਪੀ ਤੂੰ ਹੈ
ਤਿਸੁ ਬਖਸੇ ਜਿਸੁ ਨਦਰਿ ਕਰੇ ॥

[ਆਸਾ ਮ: 1, ਪੰਨਾ 355

ਇਕ ਹੋਰ ਥਾਂ ਸ੍ਰੀ ਗੁਰੂ ਜੀ ਦਾ ਇਹ ਪਵਿਤਰ ਵਾਕ ਦਰਜ ਹੈ ਕਿ—

ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ।
ਗੁਨਹਾਂ ਬਖਸ਼ਣਹਾਰੁ ਸਬਦੁ ਕਮਾਵਹੀ।

[ਆਸਾ ਮ: 1, ਪੰਨਾ 420



Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਨੇ ਆਪਣੇ ਏਹਨਾਂ ਪਵਿੱਤਰ ਵਾਕਾਂ ਵਿਚ ਸਾਜਨਹਾਰ ਪ੍ਰਭੂ ਨੂੰ ਬਖਸ਼ਣਹਾਰ ਵਰਣਨ ਕੀਤਾ ਹੈ ਅਤੇ ਇਹ ਦਸਿਆ ਹੈ ਕਿ ਉਹ ਜਿਸਨੂੰ ਚਾਹੁੰਦਾ ਹੈ, ਬਖਸ਼ ਦਿੰਦਾ ਹੈ, ਇਸ ਲਈ ਉਸਨੂੰ ਕਿਸੇ ਤੋਂ ਕੁਝ ਪੁਛਣ ਜਾਂ ਸਲਾਹ-ਮਸ਼ਵਰਾ ਕਰਨ ਦੀ ਕੋਈ ਲੋੜ ਨਹੀਂ ਹੈ।

ਗੁਰੂ ਗਰੰਥ ਸਾਹਿਬ ਵਿਚ ਵੀ ਕਈ ਥਾਈਂ ਪ੍ਰਭੂ ਨੂੰ ਬਖਸ਼ਣਹਾਰ ਵਰਣਨ ਕੀਤਾ ਗਿਆ ਹੈ; ਜਿਹਾ ਕਿ—

ਅਜਹਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ।
ਗੁਨਾਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ।

[ਤਿਲੰਗ, ਮ: 5, ਪੰਨਾ 724

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਤੂੰ ਦਾਨਾਂ ਤੂੰ ਬੀਨਾ ਮੈਂ ਬੀਚਾਰੁ ਕਿਆ ਕਰੀ ।
ਨਾਮੇ ਚੇ ਸੁਆਮੀ ਬਖਸਿੰਦ ਹਰੀ ॥

[ਤਿਲੰਗ, ਨਾਮਦੇਵ, ਪੰਨਾ 727

ਗੁਰੂ ਗਰੰਥ ਸਾਹਿਬ ਵਿਚ ਤਾਂ ਅੱਲਾਹ ਦੇ ਹਜ਼ੂਰ ਇਸ ਪਰਕਾਰ ਦੀਅ ਅਰਦਾਸਾਂ ਵੀ ਕੀਤੀਆਂ ਗਈਆਂ ਹਨ ਕਿ—

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰੁ ।
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰਿ ।

[ਗਉੜੀ ਮ: 5, ਪੰਨਾ 261

**ਅਰਥਾਤ** :—

ਅਸੀਂ ਖਤੇ ਬਹੁਤੁ ਕਮਾਵਦੇ ਅੰਤ ਨ ਪਾਰਾਵਾਰੁ ।
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ।

[ਸਲੋਕ ਵਾਰਾਂ ਤੇ ਵਧੀਕ, ਮ: 3, ਪੰਨਾ 1416

**ਅਰਥਾਤ**—ਹੇ ਬਖਸ਼ਣਹਾਰ ਪ੍ਰਭੂ! ਜੇ ਤੂੰ ਸਾਡੇ ਨਾਲ ਲੇਖਾ ਕਰਨ ਲੱਗਾ, ਤਾਂ ਸਾਡਾ ਕੋਈ ਠਿਕਾਣਾ ਨਹੀਂ। ਤੂੰ ਆਪਣੀ ਕਿਰਪਾ ਨਾਲ ਹੀ ਸਾਨੂੰ ਬਖਸ਼ ਲੈ। ਅਸੀਂ ਤਾਂ ਪੈਰ ਪੈਰ ਤੇ ਭੁੱਲਾਂ ਕਰਦੇ ਹਾਂ।

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

فَاِنَّ اللّٰهَ غَفُوْرٌ رَّحِيْمٌ ○

**ਅਰਥਾਤ**—ਬੇਸ਼ੱਕ ਪ੍ਰਭੂ ਬਖਸ਼ਨਹਾਰ ਤੇ ਵੱਡਾ ਮਿਹਰਬਾਨ ਹੈ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ—

اِنَّ اللّٰهَ لَعَفُوٌّ غَفُوْرٌ ○

ਬੇਸ਼ਕ ਅੱਲਾਹ ਮਾਫ਼ ਕਰਨ ਵਾਲਾ ਤੇ ਬਖ਼ਸ਼ਣਹਾਰ ਹੈ।

ਸ੍ਰੀ ਦਸਮ ਗਰੰਥ ਵਿਚ ਲਿਖਿਆ ਹੈ ਕਿ—

ਕਿ ਅਫ਼ਵੁਲ ਗੁਨਾਹ ਹੈ।
ਕਿ ਸ਼ਾਹਾਨ ਸ਼ਾਹ ਹੈ।

[ਸ੍ਰੀ ਦਸਮ ਗਰੰਥ, ਪੰਨਾ 6

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਜਨਹਾਰ ਪ੍ਰਭੂ ਬਖਸ਼ਣਹਾਰ ਹੈ। ਉਹ ਹਰੇਕ ਉਸ ਪ੍ਰਾਣੀ ਦੇ, ਜੋ ਸੱਚੇ ਦਿਲੋਂ ਪਸਚਾਤਾਪ ਕਰਕੇ ਆਪਣਾ ਸੁਧਾਰ ਕਰ ਲਏ ਸਾਰੇ ਪਿਛਲੇ ਪਾਪ, ਅਪਰਾਧ ਤੇ ਭੁੱਲਾਂ ਮਾਫ ਕਰ ਦਿੰਦਾ ਹੈ।

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵੀ ਵਰਣਨ ਹੈ ਕਿ—

اَنَّهٗ مَنْ عَمِلَ مِنْكُمْ سُوْٓءً بِجَهَالَةٍ ثُمَّ
تَابَ مِنْ بَعْدِهٖ وَاَصْلَحَ فَاَنَّهٗ غَفُوْرٌ رَّحِيْمٌ ○

ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਜੈਸਾ ਬਾਲਕ ਭਾਇ ਸੁਭਾਈ ਲਖ ਅਪਰਾਧ ਕਮਾਵੈ।
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।
ਪਿਛਲੇ ਅਉਗਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ।

[ਸੋਰਠ, ਮ: 5, ਪੰਨਾ 624

**ਅਰਥਾਤ**—ਜੇ ਕੋਈ ਪ੍ਰਾਣੀ ਆਪਣੀ ਅਗਿਆਨਤਾ ਦੇ ਕਾਰਨ ਕੋਈ ਭੁੱਲ ਜਾਂ ਪਾਪ ਕਰ ਬੈਠੇ ਤੇ ਫੇਰ ਮਗਰੋਂ ਸੱਚੇ ਦਿਲੋਂ ਪਸਚਾਤਾਪ ਕਰਕੇ ਆਪਣਾ ਸੁਧਾਰ ਕਰ ਲਏ, ਤਾਂ ਬਖਸ਼ਣਹਾਰ ਪ੍ਰਭੂ ਉਸਦੇ ਸਾਰੇ ਪਾਪ ਮਾਂਫ ਕਰ ਦਿੰਦਾ ਹੈ।

Digitized by Panjab Digital Library | www.panjabdigilib.org

# ਪ੍ਰਭੂ ਨੇੜੇ ਤੋਂ ਨੇੜੇ ਹੈ

ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਸਾਜਨਹਾਰ ਪ੍ਰਭੂ ਬਾਰੇ ਇਹ ਅਸਲੀਅਤ ਵੀ ਵਰਣਨ ਕੀਤੀ ਹੈ ਕਿ ਉਹ ਨੇੜੇ ਤੋਂ ਨੇੜੇ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ--

ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮਾਲੇ ।
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ।

[ਗੂਜਰੀ ਮ: 1, ਪੰਨਾ 489

**ਅਰਥਾਤ**—ਸਾਜਨਹਾਰ ਪ੍ਰਭੂ ਨੇੜੇ ਹੈ; ਉਸਨੂੰ ਦੂਰ ਨਾ ਸਮਝੋ । ਉਹ ਸਭ ਦਾ ਰਖਵਾਲਾ ਹੈ ਤੇ ਸਭ ਨੂੰ ਰਿਜ਼ਕ ਦਿੰਦਾ ਹੈ ।

ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਬੋਲਹੁ ਨਾਚੁ ਪਛਾਣਹੁ ਅੰਦਰਿ
ਦੂਰਿ ਨਾਹੀ ਦੇਖਹੁ ਕਰਿ ਨੰਦਰਿ ।

[ਮਾਰੂ, ਮ: 1, ਪੰਨਾ 1026

**ਅਰਥਾਤ** :—

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ।

[ਸਾਰੰਗ ਮ: 1, ਪੰਨਾ 1197

ਇਸੇ ਤਰ੍ਹਾਂ ਇਕ ਥਾਂ ਇਹ ਵਰਣਨ ਹੈ ਕਿ—

ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ।
ਏ ਮਾਣਸ ਜਾਣਹਿ ਦੂਰ ਤੂ ਵਰਤਹਿ ਜਾਹਰਾ ।

[ਵਾਰ ਮਾਰੂ ਮ: 5, ਪੰਨਾ 1096



Digitized by Panjab Digital Library | www.panjabdigilib.org

ਗੁਰਬਾਣੀ ਦੇ ਏਹਨਾਂ ਤਿੰਨਾਂ ਪਵਿਤਰ ਵਾਕਾਂ ਵਿਚ ਏਹੋ ਦਸਿਆ ਗਿਆ ਹੈ ਕਿ ਸਾਜਨਹਾਰ ਪ੍ਰਭੂ ਜਾਤਾਂ ਤੇ ਵਰਣਾਂ ਤੋਂ ਬਾਹਰ ਹੈ। ਲੋਕ ਉਸਨੂੰ ਦੂਰ ਸਮਝਦੇ ਹਨ, ਪਰ ਉਹ ਹਰ ਥਾਂ ਵਿਆਪਕ ਹੋਣ ਦੇ ਕਾਰਨ ਨੇੜੇ ਤੋਂ ਨੇੜੇ ਹੈ।

ਇਸ ਸੰਬੰਧ ਵਿਚ ਇਹ ਵੀ ਵਰਣਨ ਕੀਤਾ ਗਿਆ ਹੈ ਕਿ—

ਨਿਵਰੈ ਦੂਰਿ ਦੂਰਿ ਫੁਨਿ ਨਿਵਰੈ
ਜਨਿ ਜੈਸਾ ਕਰਿ ਮਾਨਿਆ ॥

[ਗਉੜੀ, ਕਬੀਰ, ਪੰਨਾ 333

**ਅਰਥਾਤ** :—

ਲੁਕ ਕਰਤ ਬਿਕਾਰ ਬਿਖੜੇ
ਪ੍ਰਭ ਨੇਰਹੂ ਤੇ ਨੇਰਿਆ !

[ਜੈਤਸਰੀ, ਮ: 5, ਪੰਨਾ 704

**ਅਰਥਾਤ**—ਸ਼ਾਜਨਹਾਰ ਪ੍ਰਭੂ ਦੂਰ ਵੀ ਹੈ ਤੇ ਨੇੜੇ ਵੀ ਹੈ; ਸਗੋਂ ਉਹ ਨੇੜੇ ਤੋਂ ਨੇੜੇ ਹੈ, ਜਿਸ ਤਰ੍ਹਾਂ ਕੋਈ ਸਮਝ ਲਏ। ਕਈ ਲੋਕ ਲੁਕ ਕੇ ਭੈੜੇ ਕਰਮ ਕਰਦੇ ਹਨ, ਪਰ ਓਹ ਇਹ ਨਹੀਂ ਜਾਣਦੇ ਕਿ ਸਾਜਨਹਾਰ ਪ੍ਰਭੂ ਨੇੜੇ ਤੋਂ ਨੇੜੇ ਹੈ ਤੇ ਉਹ ਸਭ ਕੁਝ ਜਾਣਦਾ ਹੈ।

ਗੁਰਬਾਣੀ ਵਿਚ ਹੋਰ ਵੀ ਕਈ ਥਾਈਂ ਪ੍ਰਭੂ ਦੇ ਨੇੜੇ ਤੋਂ ਨੇੜੇ ਹੋਣ ਦੀ ਹਾਮੀ ਭਰੀ ਗਈ ਹੈ; ਜਿਹਾ ਕਿ ਵਰਣਨ ਹੈ ਕਿ—

ਸੋ ਪ੍ਰਭੁ ਨੇਰੈ ਹੂ ਤੇ ਨੇਰੈ।
ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਝ ਸਵੇਰੈ ॥

[ਦੇਵ ਗੰਧਾਰੀ, ਮ: 5, ਪੰਨਾ 530

**ਅਰਥਾਤ**—ਸਾਜਨਹਾਰ ਪ੍ਰਭੂ ਨੇੜੇ ਤੋਂ ਨੇੜੇ ਹੈ, ਇਸ ਲਈ ਦਿਨ ਰਾਤ ਤੇ ਸਵੇਰੇ--ਸਵੇਰੇ ਉਸਦੇ ਗੁਣ ਗਾਇਨ ਕਰਦੇ ਰਹੋ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ—

Digitized by Panjab Digital Library | www.panjabdigilib.org

ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ।
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ।
[ਬਿਹਾਗੜਾ ਮ: 5, ਪੰਨਾ 547

**ਅਰਥਾਤ**—ਸਾਜਨਹਾਰ ਪ੍ਰਭੂ ਸੁਣਨਹਾਰ ਤੇ ਵੇਖਣਹਾਰ ਹੋਣ ਦੇ ਨਾਲ ਹੀ ਨੇੜੇ ਤੋਂ ਨੇੜੇ ਵੀ ਹੈ । ਪੰਜਵੇਂ ਨਾਨਕ ਗੁਰੂ ਅਰਜਨ ਦੀ ਇਹ ਅਰਦਾਸ ਹੈ ਕਿ ਸਾਨੂੰ ਆਪਣੇ ਘਰ ਦੇ ਚੇਲੇ ਸਮਝ ਕੇ ਸਾਡੀ ਰਖਿਆ ਕਰੋ ।

ਇਸੇ ਤਰ੍ਹਾਂ ਇਕ ਥਾਂ ਇਹ ਵੀ ਵਰਣਨ ਹੈ ਕਿ—

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ
ਸਰਬ ਘਟਾ ਭਰਪੂਰੀ ਰੇ ।
ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ ।
[ਸੋਰਠ, ਮ: 4, ਪੰਨਾ 612

**ਅਰਥਾਤ**—ਦਿਆਲ ਤੇ ਕ੍ਰਿਪਾਲ ਪ੍ਰਭੂ ਸੁਖਾਂ ਦਾ ਸਾਗਰ ਤੇ ਹਰ ਥਾਂ ਵਿਆਪਕ ਹੈ ! ਉਹ ਸੁਣਨਹਾਰ ਤੇ ਵੇਖਣਹਾਰ ਹੈ ਤੇ ਸਦਾ ਹੀ ਅੰਗ ਸੰਗ ਹੈ, ਪਰ ਮੂਰਖ ਉਸਨੂੰ ਦੂਰ ਸਮਝਦੇ ਹਨ ।

ਪ੍ਰਸਿਧ ਬਜ਼ੁਰਗ ਭਾਈ ਨੰਦ ਲਾਲ ਜੀ ਵਰਣਨ ਕਰਦੇ ਹਨ ਕਿ—

ਚੂੰ ਜ਼ ਸ਼ਹਿ ਰਗ ਹਸਤ ਜ਼ਹ ਨਜ਼ਦੀਕ ਤਰ ।
ਚੂੰ ਬਸਹਿਰਾ ਮੇਰਵੀ ਐ ਬੇਖ਼ਬਰ ।
[ਜ਼ਿੰਦਗੀ ਨਾਮਾ

**ਅਰਥਾਤ**—ਹੇ ਬੇਖਬਰ ਪ੍ਰਾਣੀ ! ਸਾਜਨਹਾਰ ਪ੍ਰਭੂ ਤਾਂ ਸ਼ਾਹ ਰਗ ਤੋਂ ਵੀ ਵਧੇਰੇ ਨੇੜੇ ਹੈ । ਤੂੰ ਉਸਨੂੰ ਜੰਗਲਾਂ ਤੇ ਬੇਲਿਆਂ ਵਿਚ ਢੂੰਡਦਾ ਫਿਰਦਾ ਹੈਂ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

لَقَدْ خَلَقْنَا الْاِنْسَانَ وَنَعْلَمُ مَا تُوَسْوِسُ
بِهٖ نَفْسُهٗ وَنَحْنُ اَقْرَبُ اِلَيْهِ مِنْ حَبْلِ الْوَرِيْدِ

Digitized by Panjab Digital Library | www.panjabdigilib.org

**ਅਰਥਾਤ**—ਅਸੀਂ ਹੀ ਮਨੁੱਖ ਦੀ ਸਾਜਨਾ ਕੀਤੀ ਹੈ। ਉਸਦੇ ਮਨ ਵਿਚ ਜੋ ਭਰਮ ਉਤਪੰਨ ਹੁੰਦੇ ਹਨ, ਅਸੀਂ ਓਹਨਾਂ ਦੇ ਜਾਣਨਹਾਰ ਹਾਂ। ਅਸੀਂ ਮਨੁੱਖ ਦੀ ਸ਼ਾਹ ਰਗ ਤੋਂ ਵੀ ਨੇੜੇ ਹਾਂ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ—

اِنَّ رَبِّیْ قَرِیْبٌ مُّجِیْبٌ ٥

**ਅਰਥਾਤ**—ਬੇਸ਼ਕ ਮੇਰਾ ਸਾਜਨਹਾਰ ਤੇ ਪਾਲਨਹਾਰ ਨੇੜੇ ਹੈ ਤੇ ਅਰਦਾਸਾਂ ਪਰਵਾਨ ਕਰਦਾ ਹੈ।

ਗੁਰਬਾਣੀ ਵਿਚ ਪ੍ਰਭੂ ਨੂੰ ਭਗਤ-ਜਨਾਂ ਦੀਆਂ ਅਰਦਾਸਾਂ ਪਰਵਾਨ ਕਰਨ ਵਾਲਾ ਵੀ ਮੰਨਿਆਂ ਗਿਆ, ਜਿਹਾ ਕਿ ਵਰਣਨ ਹੈ ਕਿ—

ਮੇਰਾ ਪ੍ਰਭੁ ਹੋਆ ਸਦਾ ਦਇਆਲਾ।
ਅਰਦਾਸ ਸੁਣੀ ਭਗਤ ਅਪੁਨੇ ਕੀ,
ਸਭ ਜੀਅ ਭਇਆ ਕਿਰਪਾਲਾ।

**ਅਰਥਾਤ** :—

[ਸੋਰਠ, ਮ: 5, ਪੰਨਾ 627

ਬਿਰਥੀ ਕਦੇ ਨ ਹੋਵਈ ਜਨ ਦੀ ਅਰਦਾਸਿ।

[ਬਿਲਾਵਲ ਮ: 5, ਪੰਨਾ 819

————

Digitized by Panjab Digital Library | www.panjabdigilib.org

# ਪ੍ਰਭੂ ਹੀ ਨਿਗਰਾਨ ਤੇ ਰਖਵਾਲਾ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਸਾਜਨਹਾਰ ਪ੍ਰਭੂ ਹੀ ਸਭ ਦਾ ਨਿਗਰਾਨ ਤੇ ਰਖਵਾਲਾ ਹੈ; ਜਿਹਾ ਕਿ ਉਨ੍ਹਾਂ ਨੇ ਫ਼ਰਮਾਇਆ ਹੈ ਕਿ

ਅੰਤਰਿ ਸਾਚੁ ਸਭੇ ਸੁਖ ਨਾਲਾ ।
ਨਦਰਿ ਕਰੈ ਰਾਖੈ ਰਖਵਾਲਾ ।

[ਆਸਾ, ਮ: 1, ਪੰਨਾ 412

**ਅਰਥਾਤ**—ਜਿਸਦੇ ਮਨ ਵਿਚ ਉਹ ਸੱਚਾ ਪ੍ਰਭੂ ਵਸ ਰਿਹਾ ਹੈ, ਉਸਨੂੰ ਸਦੀਵੀ ਸੁਖ ਤੇ ਅਨੰਦ ਪ੍ਰਾਪਤ ਹੁੰਦਾ ਹੈ। ਉਸਦੀ ਮਿਹਰ ਦੀ ਨਜ਼ਰ ਜਿਸ ਤੇ ਹੋ ਜਾਂਦੀ ਹੈ, ਉਸਦਾ ਉਹ ਰਖਵਾਲਾ ਬਣ ਜਾਂਦਾ ਹੈ। ਸੰਸਾਰੀ ਜੀਵ ਉਸਨੂੰ ਹਾਣ ਪਹੁੰਚਾਉਣ ਤੇ ਸਫ਼ਲ ਨਹੀਂ ਹੋ ਸਕਦੇ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਹਹਿ ਬਾਝੁ ਰਾਖਾ ਕੋਇ ਨਾਹੀ
ਸੋਇ ਤੁਝਹਿ ਬਿਸਾਰਿਆ ॥

[ਆਸਾ, ਮ: 1, ਪੰਨਾ 439

**ਅਰਥਾਤ**—ਹੇ ਪ੍ਰਾਣੀ ! ਪ੍ਰਭੂ ਤੋਂ ਛੁਟ ਹੋਰ ਕੋਈ ਰਖਵਾਲਾ ਨਹੀਂ ਹੈ ਤੇ ਤੂੰ ਉਸੇ ਨੂੰ ਹੀ ਵਿਸਾਰ ਦਿਤਾ ਹੋਇਆ ਹੈ ।

ਗੁਰਬਾਣੀ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

ਇਕੁ ਪਛਾਣੁ ਜੀਅ ਕਾ ਇਕੋ ਰਖਣਹਾਰੁ ।
ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ।

[ਸਿਰੀ ਰਾਗ, ਮ: 5, ਪੰਨਾ 45



Digitized by Panjab Digital Library | www.panjabdigilib.org

**ਅਰਥਾਤ :—**

ਰਾਖਾ ਏਕੁ ਹਮਾਰਾ ਸੁਆਮੀ ।
ਸਗਲ ਘਟਾ ਕਾ ਅੰਤਰਜਾਮੀ ।

[ਭੈਰਉ, ਮ: 5, ਪੰਨਾ **1136**

**ਅਰਥਾਤ**—ਸਾਡਾ ਰਖਵਾਲਾ ਇਕੋ ਇਕ ਰਾਖਨਹਾਰ ਪ੍ਰਭੂ ਹੀ ਹੈ ਅਤੇ ਉਹ ਅੰਤਰਜਾਮੀ ਹੋਣ ਕਰਕੇ ਸਾਰੇ ਪ੍ਰਾਣੀਆਂ ਦੇ ਦਿਲਾਂ ਦੀਆਂ ਜਾਣਦਾ ਹੈ । ਕੋਈ ਗੱਲ ਉਸ ਤੋਂ ਲੁਕੀ ਹੋਈ ਨਹੀਂ । ਹਰ ਚੀਜ਼ ਉਸਦੀ ਨਿਗਰਾਨੀ ਹੇਠ ਹੈ ।

ਇਸ ਬਾਰੇ ਇਹ ਵੀ ਵਰਣਨ ਹੈ ਕਿ—

ਜਿਸੁ ਤੂ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ।
ਸੁਖ ਦਾਤਾ ਗੁਰ ਸੇਵੀਐ ਸਭਿ ਅਵਗਣ ਕਢੈ ਧੋਇ ।

[ਸਿਰੀ ਰਾਗ, ਮ: 5, ਪੰਨਾ **43**

**ਅਰਥਾਤ**—ਹੇ ਪ੍ਰਭੂ ! ਜਿਸਦਾ ਤੂੰ ਰਖਵਾਲਾ ਹੋ ਜਾਂਦਾ ਹੈਂ, ਉਸਨੂੰ ਕੋਈ ਵੀ ਨਹੀਂ ਮਾਰ ਸਕਦਾ । ਸੁਖਦਾਤਾ ਪ੍ਰਭੂ ਹੀ ਹੈ । ਉਸਦਾ ਸਿਮਰਨ ਕੀਤਿਆਂ ਪ੍ਰਾਣੀ ਦੇ ਸਾਰੇ ਔਗੁਣ ਧੋਤੇ ਜਾਂਦੇ ਹਨ ਤੇ ਉਹ ਨਵਾਂ ਨਰੋਆ ਹੋ ਜਾਂਦਾ ਹੈ ।

ਗੁਰੂ ਗਰੰਥ ਸਾਹਿਬ ਵਿਚ ਇਹ ਵੀ ਲਿਖਿਆ ਹੈ ਕਿ—

ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ ।

[ਮਾਝ ਮ: 5, ਪੰਨਾ **103**

**ਅਰਥਾਤ**—ਹੇ ਸਾਜਨਹਾਰ ਪ੍ਰਭੂ ! ਜਦ ਤੂੰ ਮੇਰਾ ਹਰ ਥਾਂ ਰਖਵਾਲਾ ਹੈਂ, ਤਾਂ ਫ਼ਿਰ ਮੈਨੂੰ ਕੋਈ ਚਿੰਤਾ ਕਿਉਂ ਹੋਵੇ ?

ਗੁਰੂ ਗਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ—

ਜਿਸ ਕੋ ਤੂ ਰਖਵਾਲਾ ਮਾਰੈ ਤਿਸੁ ਕਉਣੁ ।
ਜਿਸ ਕੋ ਤੂ ਰਖਵਾਲਾ ਜਿਤਾ ਤਿਨੈ ਭੈਣੁ ।

[ਵਾਰ ਰਾਮਕਲੀ, ਮ: 5, ਪੰਨਾ **962**

**ਅਰਥਾਤ**—ਹੇ ਪ੍ਰਭੂ ਜਿਸਦਾ ਤੂੰ ਰਖਵਾਲਾ ਹੋ ਜਾਂਦਾ ਹੈਂ, ਉਸਨੂੰ ਮਾਰਨ ਤੇ ਕੋਈ ਸਮਰਥ ਨਹੀਂ ਹੋ ਸਕਦਾ । ਜਿਸਦਾ ਤੂੰ ਰਖਵਾਲਾ ਹੋ ਜਾਂਦਾ ਹੈ, ਉਹ ਸਾਰੇ

Digitized by Panjab Digital Library | www.panjabdigilib.org

ਸੰਸਾਰ ਤੇ ਜਿਤ ਪ੍ਰਾਪਤ ਕਰਦਾ ਹੈ। ਕੋਈ ਉਸਨੂੰ ਹਾਰ ਨਹੀਂ ਦੇ ਸਕਦਾ।

ਕੁਰਾਨ ਸ਼ਰੀਫ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

اِنَّ رَبِّىْ عَلٰى كُلِّ شَيْءٍ حَفِيْظٌ ○

**ਅਰਥਾਤ**—ਬੇਸ਼ਕ ਮੇਰਾ ਸਾਜਨਹਾਰ ਤੇ ਪਾਲਨਹਾਰ ਹਰ ਚੀਜ਼ ਦਾ ਰਖਵਾਲਾ ਹੈ। ਇਕ ਹੋਰ ਥਾਂ ਇਹ ਵਰਣਨ ਹੈ ਕਿ—

وَرَبُّكَ عَلٰى كُلِّ شَيْءٍ حَفِيْظٌ ○

**ਅਰਥਾਤ**—ਤੇਰਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਹੀ ਹਰ ਚੀਜ਼ ਦਾ ਰਖਵਾਲਾ ਹੈ। ਗੁਰੂ ਗਰੰਥ ਸਾਹਿਬ ਵਿਚ ਇਹ ਲਿਖਿਆ ਹੈ ਕਿ—

ਤੁਮ ਤਉ ਰਾਖਨਹਾਰ ਦਇਆਲ।  
ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭ ਕਿਰਪਾਲ।

[ਧਨਾਸਰੀ, ਮ: 5, ਪੰਨਾ 680

**ਅਰਥਾਤ**—ਹੇ ਪ੍ਰਭੂ! ਤੂੰ ਰਾਖਨਹਾਰ ਤੇ ਮਿਹਰਬਾਨ ਹੈਂ। ਤੂੰ ਸਾਡਾ ਰਖਵਾਲਾ ਹੈਂ। ਤੂੰ ਅਤਿ ਸੁੰਦਰ ਤੇ ਸੁਘੜ ਹੈਂ ਤੇ ਬੇਅੰਤ ਵੀ ਹੈਂ। ਸਾਡੇ ਤੇ ਆਪਣੀ ਕਿਰਪਾ ਸਦਾ ਹੀ ਕਰਦਾ ਰਹੁ। ਤੂੰ ਹੀ ਕਿਰਪਾਲ ਵੀ ਹੈਂ।

ਸੰਸਾਰ ਦਾ ਸਾਰਾ ਧਾਰਮਿਕ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਪ੍ਰਭੂ ਆਪਣੇ ਭਗਤ-ਜਨਾਂ ਦਾ ਸਦਾ ਹੀ ਰਖਵਾਲਾ ਬਣਦਾ ਰਿਹਾ ਹੈ। ਏਹੋ ਕਾਰਨ ਹੈ ਕਿ ਓਹਨਾਂ ਦੇ ਦੋਖੀ ਓਹਨਾਂ ਨੂੰ ਹਾਣ ਪਹੁੰਚਾਉਣ ਤੇ ਸਫਲ ਨਹੀਂ ਹੋ ਸਕੇ।

———

Digitized by Panjab Digital Library | www.panjabdigilib.org

# ਪ੍ਰਭੂ ਸੂਖਸ਼ਮ ਤੇ ਜਾਣਨਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਦਾ ਜੋ ਸਰੂਪ ਵਰਣਨ ਕੀਤਾ ਹੈ, ਉਸ ਤੋਂ ਇਹ ਗਲ ਵੀ ਪਰਗਟ ਹੋ ਜਾਂਦੀ ਹੈ ਕਿ ਪ੍ਰਭੂ ਕੋਈ ਸਥੂਲ ਚੀਜ ਨਹੀਂ, ਸਗੋਂ ਸੂਖਸ਼ਮ ਤੋਂ ਸੂਖਸ਼ਮ ਹੈ। ਇਸਦੇ ਨਾਲ ਹੀ ਉਹ ਜਾਣਨਹਾਰ ਵੀ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਸੂਖਮ ਮੂਰਤ ਨਾਮੁ ਨਿਰੰਜਨ
ਕਾਇਆ ਕਾ ਆਕਾਰੁ ।

... ... ...

ਤਿਇ ਜਿ ਆਖਹਿ ਸੁ ਤੂੰ ਹੈ ਜਾਣਹਿ
ਤਿਨਾ ਭਿ ਤੇਰੀ ਸਾਰ ॥

[ਵਾਰ ਆਸਾ, ਸ: ਮ: 1, ਪੰਨਾ 466

**ਅਰਥਾਤ**—ਪ੍ਰਭੂ ਸੂਖਮ ਤੇ ਨਿਰਾਕਾਰ ਹੈ। ਉਸਦੀ ਕੋਈ ਰੂਪ ਰੇਖਾ ਨਹੀਂ ਹੈ। ਜੋ ਕੁਝ ਲੋਕ ਆਖਦੇ ਹਨ, ਉਹ ਉਸਦਾ ਜਾਣਨਹਾਰ ਹੈ ।

ਕੁਰਾਨ ਸ਼ਰੀਫ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

وَهُوَ اللَّطِيفُ الْخَبِيرُ ۝

**ਅਰਥਾਤ**—ਸਾਜਨਹਾਰ ਪ੍ਰਭੂ ! ਸੂਖਮ (ਲਤੀਫ਼) ਤੇ ਜਾਣਨਹਾਰ (ਖ਼ਬੀਰ) ਵੀ ਹੈ ।ਉਸ ਤੋਂ ਕੋਈ ਵੀ ਗੱਲ ਉਹਲੇ ਨਹੀਂ ਹੈ ।

ਇਕ ਹੋਰ ਥਾਂ ਵਰਣਨ ਹੈ ਕਿ—

إِنَّ اللَّهَ لَطِيفٌ خَبِيرٌ ۝



Digitized by Panjab Digital Library | www.panjabdigilib.org

**ਅਰਥਾਤ**—ਬੇਸ਼ਕ ਸਾਜਨਹਾਰ ਪ੍ਰਭੂ ਸੂਖਮ (ਲਤੀਫ਼) ਤੇ ਜਾਣਨਹਾਰ (ਖ਼ਬੀਰ) ਹੈ।

ਸ੍ਰੀ ਦਸਮ ਗਰੰਥ ਵਿਚ ਪ੍ਰਭੂ ਬਾਰੇ ਇਹ ਕਿਹਾ ਗਿਆ ਹੈ ਕਿ—

ਭੂਤ ਭਵਿਖ ਭਵਾਨ ਕਹਾਨੀ
ਘਟ ਘਟ ਕੇ ਪਟ ਕੀ ਜਾਨੀ।

[ਦਸਮ ਗਰੰਥ, ਪੰਨਾ 10

ਗੁਰਬਾਣੀ ਵਿਚ ਵਰਣਨ ਹੈ ਕਿ—

ਸੂਖਮ ਮਹਿ ਜਾਨੈ ਅਸਥੂਲੁ ।

[ਗਉੜੀ ਮ: 5, ਪੰਨਾ 274

ਅਰਥਾਤ :—

ਇਹ ਸਮਝੇ ਕਿ ਅਸਥੂਲ ਦ੍ਰਿਸ਼ਟਮਾਨ
ਸੰਸਾਰ ਉਸ ਸੂਖਮ (ਹਰੀ) ਦੇ ਵਿਚ ਹੀ ਹੈ।

[ਸ਼ਬਦਾਰਥ ਗੁਰੂ ਗਰੰਥ ਸਾਹਿਬ ਪੰਨਾ 274

————

Digitized by Panjab Digital Library | www.panjabdigilib.org

# ਪ੍ਰਭੂ ਸਥੂਲ ਨੇਤਰਾਂ ਨਾਲ ਨਹੀਂ ਦਿਸਦਾ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਨੂੰ ਸੂਖਮ ਪਰਗਟ ਕਰਨ ਦੇ ਨਾਲ ਹੀ ਇਹ ਵੀ ਦਸਿਆ ਹੈ ਕਿ ਉਹ ਸਥੂਲ ਨੇਤਰਾਂ ਦਾ ਵਿਸ਼ਾ ਨਹੀਂ ਹੈ। ਕੋਈ ਵੀ ਪ੍ਰਾਣੀ ਉਸਨੂੰ ਏਹਨਾਂ ਸਰੀਰਕ ਅੱਖਾਂ ਨਾਲ ਨਹੀਂ ਵੇਖ ਸਕਦਾ। ਉਹ ਗਿਆਨ-ਨੇਤਰਾਂ ਦੁਆਰਾ ਹੀ ਵੇਖਿਆ ਜਾ ਸਕਦਾ ਹੈ। ਪਰ ਸਾਜਨਹਾਰ ਪ੍ਰਭੂ ਸਭ ਕੁਝ ਵੇਖ ਰਿਹਾ ਹੈ, ਉਸ ਤੋਂ ਕੋਈ ਇਕ ਵੀ ਗੱਲ ਜਾਂ ਚੀਜ਼ ਉਹਲੇ ਨਹੀਂ ਹੈ। ਸ੍ਰੀ ਗੁਰੂ ਜੀ ਦਾ ਫ਼ਰਮਾਨ ਹੈ ਕਿ—

ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥

[ਜਪੁਜੀ, ਪੰਨਾ 7

**ਅਰਥਾਤ**—ਪ੍ਰਭੂ ਆਪ ਸਭ ਕੁਝ ਵੇਖ ਰਿਹਾ ਹੈ, ਪਰ ਉਹ ਆਪ ਲੋਕਾਂ ਨੂੰ ਸਰੀਰਕ ਅੱਖਾਂ ਦੁਆਰਾ ਨਹੀਂ ਦਿਸਦਾ। ਇਹ ਗੱਲ ਵੱਡੀ ਹੀ ਅਸਚਰਜ ਹੈ।

ਜਨਮਸਾਖੀ ਭਾ: ਬਾਲਾ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਅੰਕਿਤ ਹੈ ਕਿ—

ਸਾਹਿਬ ਕਿਸੇ ਨ ਵੇਖਿਆ ਸਭ ਕੁਦਰਤ ਨੂੰ ਨਿਪਟਾਏ।
ਕੁਦਰਤ ਅੰਤ ਨ ਪਾਵਨੀ ਫਿਰ ਫਿਰ ਧਕੇ ਖਾਏ।

[ਜਨਮ ਸਾਖੀ ਭਾ: ਬਾਲਾ, ਪੰਨਾ 137

**ਅਰਥਾਤ**—ਪ੍ਰਭੂ ਏਹਨਾਂ ਸਰੀਰਕ ਨੇਤਰਾਂ ਨਾਲ ਨਹੀਂ ਦਿਸਦਾ। ਉਸਦੀ ਪਛਾਣ ਉਸ ਦੀਆਂ ਕੁਦਰਤਾਂ ਤੋਂ ਹੋ ਜਾਦੀ ਹੈ। ਸੱਚ ਹੈ :—

ਨਾਨਕੁ ਸਚੁ ਦਾਤਾਰ ਸਿਨਾਖਤ ਕੁਦਰਤੀ।

[ਵਾਰ ਮਾਝ, ਮ; 1, ਪੰਨਾ 141



Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

لَا تُدْرِكُهُ الْأَبْصَارُ وَهُوَ يُدْرِكُ الْأَبْصَارُ

**ਅਰਥਾਤ**—ਮਨੁੱਖ ਦੇ ਸਰੀਰਕ ਨੇਤਰ ਉਸ ਤਕ ਨਹੀਂ ਪਹੁੰਚ ਸਕਦੇ, ਭਾਵ ਇਹ ਕਿ ਪ੍ਰਭੂ ਨੂੰ ਏਹਨਾਂ ਸਰੀਰਕ ਨੇਤਰਾਂ ਨਾਲ ਨਹੀਂ ਵੇਖਿਆ ਜਾ ਸਕਦਾ। ਪਰ ਉਹ ਸਭ ਕੁਝ ਵੇਖ ਰਿਹਾ ਹੈ। ਕੋਈ ਵੀ ਗੱਲ ਜਾਂ ਚੀਜ਼ ਉਸ ਤੋਂ ਉਹਲੇ ਨਹੀਂ ਹੈ।

ਇਕ ਸਿੱਖ ਵਿਦਵਾਨ ਦਾ ਕਥਨ ਹੈ ਕਿ—

"ਵਾਹਿਗੁਰੂ ਏਹਨਾਂ (ਸਥੂਲ) ਨੇਤਰਾਂ ਦਾ ਵਿਸ਼ਾ ਨਹੀਂ ਹੈ।"

[ਗੁਰਮਤਿ ਸੁਧਾਰਕ, ਪੰਨਾ 371

ਗੁਰਬਾਣੀ ਵਿਚ ਇਕ ਥਾਂ ਇਹ ਗੱਲ ਸਪਸ਼ਟ ਅਖਰਾਂ ਵਿਚ ਵਰਣਨ ਕੀਤੀ ਗਈ ਹੈ ਕਿ ਸਾਜਨਹਾਰ ਪ੍ਰਭੂ ਨੂੰ ਗਿਆਨ-ਨੇਤਰਾਂ ਦੁਆਰਾ ਹੀ ਵੇਖਿਆ ਜਾ ਸਕਦਾ ਹੈ; ਜਿਹਾ ਕਿ—

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ।
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।

[ਵਡਹੰਸ, ਮ: 4, ਪੰਨਾ 577]

**ਅਰਥਾਤ:**—

"ਏਹਨਾਂ ਅੱਖਾਂ ਨਾਲ ਮੇਰਾ ਮਾਲਕ ਨਹੀਂ ਦਿਖਾਈ ਦਿੰਦਾ; ਕਿਉਂਕਿ ਓਹ ਅੱਖਾਂ (ਪ੍ਰੇਮ ਦੀਆਂ) ਹੋਰ ਹਨ, ਜਿਨ੍ਹਾਂ ਨਾਲ ਮਾਲਕ ਦਿਸਦਾ ਹੈ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 577]

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਪਵਿੱਤਰ ਬਾਣੀ ਤੋਂ ਸਾਨੂੰ ਇਹ ਅਗਵਾਈ ਵੀ ਮਿਲਦੀ ਹੈ ਕਿ ਪ੍ਰਭੂ ਦੇ ਪਿਆਰਿਆਂ ਨੂੰ ਸੁਪਨੇ ਵਿਚ ਵੀ ਪ੍ਰਭੂ ਦੇ ਦਰਸ਼ਨ ਹੋ ਜਾਇਆ ਕਰਦੇ ਹਨ; ਅਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪ ਵੀ ਇਕ ਵਾਰ ਪ੍ਰਭੂ ਦੇ ਸੁਪਨੇ ਵਿਚ ਦਰਸ਼ਨ ਕੀਤੇ ਸਨ; ਜਿਹਾ ਕਿ ਉਹਨਾਂ ਨੇ ਆਪ ਹੀ ਫ਼ਰਮਾਇਆ ਹੈ ਕਿ :—

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ।
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਨ ਸਕਾ ਕੋਇ।

Digitized by Panjab Digital Library | www.panjabdigilib.org

ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
[ਵਡਹੰਸ, ਮ: 1 ਪੰਨਾ 558]

**ਅਰਥਾਤ** :—

ਹੇ ਭਾਗਾਂ ਵਾਲੀਏ ਨੀਂਦੇ! ਤੂੰ ਹੀ ਆ ਜਾ, ਅਤੇ ਸੁੱਤੇ ਪਿਆਂ ਹੀ, ਸੁਪਨੇ ਵਿਚ ਹੀ, ਪਤੀ ਦੇ ਦਰਸ਼ਨ ਹੋ ਜਾਣ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 558

ਗੁਰਬਾਣੀ ਤੋਂ ਸਾਨੂੰ ਇਹ ਅਗਵਾਈ ਵੀ ਮਿਲਦੀ ਹੈ ਕਿ ਪ੍ਰਾਣੀ ਸੱਚੇ ਗੁਰੂ ਰਾਹੀਂ ਗਿਆਨ ਨੇਤਰਾਂ ਨਾਲ ਵੀ ਪ੍ਰਭੂ ਦੇ ਦਰਸ਼ਨ ਕਰ ਸਕਦਾ ਹੈ; ਜਿਹਾ ਕਿ ਇਕ ਥਾਂ ਵਰਣਨ ਹੈ ਕਿ :—

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ
ਸੋ ਦੇਖਿਆ ਗੁਰਮਖਿ ਆਖੀ ॥
[ਵਾਰ ਸਿਰੀਰਾਗ, ਮ: 4, ਪੰਨਾ 88]

ਸੋ ਗੱਲ ਕੀ, ਗੁਰੂ ਨਾਨਕ ਜੀ ਦੇ ਵਿਚਾਰ ਅਨੁਸਾਰ ਸਾਜਨਹਾਰ ਪ੍ਰਭੂ ਏਹਨਾਂ ਸਥੂਲ ਨੇਤਰਾਂ ਨਾਲ ਨਹੀਂ ਵੇਖਿਆ ਜਾ ਸਕਦਾ। ਉਹ ਸੂਖਮ ਹੈ। ਹਾਂ, ਗਿਆਨ-ਨੇਤਰਾਂ ਦੁਆਰਾ ਜਾਂ ਸੁਪਨੇ ਰਾਹੀਂ ਉਸ ਦੇ ਦਰਸ਼ਨ ਦੀਦਾਰ ਕੀਤੇ ਜਾ ਸਕਦੇ ਹਨ ਤੇ ਉਹ ਸਰੂਪ ਉਸ ਦਾ ਲਿੰਗ'ਸਰੂਪ ਹੀ ਹੋਇਆ ਕਰਦਾ ਹੈ, ਜੋ ਮਨ ਦੀਆਂ ਅੱਖਾਂ ਨੂੰ ਹੀ ਦਿੱਸਿਆ ਕਰਦਾ ਹੈ ' ਲਿੰਗ ਸਰੂਪ ਹੱਡ ਚੰਮ ਵਾਲਾ ਸਰੀਰ ਨਹੀਂ ਹੁੰਦਾ।

[ਵੇਖੋ ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ 1188]

Digitized by Panjab Digital Library | www.panjabdigilib.org

# ਪ੍ਰਭੂ ਦੀ ਹੀ ਰਚਨਾ ਹੈ
ਤੇ
# ਰਾਜ ਵੀ ਪ੍ਰਭੂ ਦਾ ਹੀ ਹੈ

ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਰਬ ਕਲਾ ਸਮਰਥ ਤੇ ਸਰਬ ਸ਼ਕਤੀਮਾਨ ਪ੍ਰਭੂ ਬਾਰੇ ਇਹ ਵੀ ਫਰਮਾਇਆ ਹੈ ਕਿ ਉਹ ਇਸ ਸਾਰੇ ਵਿਸ਼ਵ ਦਾ ਸਾਜਨਹਾਰ ਵੀ ਹੈ ਤੇ ਇਸ ਵਿਸ਼ਵ ਤੇ ਰਾਜ ਵੀ ਉਸੇ ਦਾ ਹੀ ਹੈ; ਜਿਹਾ ਕਿ ਆਪ ਦਾ ਕਥਨ ਹੈ ਕਿ :—

ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ ।
ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥
ਜੋ ਤਿਸੁ ਭਾਵੈ ਸੋਈ ਕਰਸੀ
ਫਿਰ ਹੁਕਮੁ ਨਾ ਕਰਣਾ ਜਾਈ
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥

[ਆਸਾ. ਮ: 1, ਪੰਨਾ 347]

**ਅਰਥਾਤ** :—ਸਾਜਨਹਾਰ ਪ੍ਰਭੂ ਆਪ ਵੀ ਸੱਚਾ ਹੈ। ਉਸ ਦਾ ਨਾਂ ਵੀ ਸਤਿਨਾਮ ਹੈ । ਉਹ ਹੁਣ ਵੀ ਮੌਜੂਦ ਹੈ । ਅੱਗੋਂ ਵੀ ਊਹੋ ਹੀ ਰਹੇਗਾ। ਜਿਸ ਨੇ ਇਹ ਸਾਰੀ ਰਚਨਾ ਰਚਾਈ ਹੈ, ਉਹ ਮੌਤ-ਰਹਿਤ ਹੈ । ਜੋ ਉਸ ਦੀ ਮਰਜ਼ੀ ਹੁੰਦੀ ਹੈ, ਊਹੋ ਹੀ ਹੁੰਦਾ ਹੈ। ਉਸ ਵਿਚ ਕਿਸੇ ਦੂਜੇ ਦਾ ਕੋਈ ਦਖਲ ਜਾਂ ਅਧਿਕਾਰ



Digitized by Panjab Digital Library | www.panjabdigilib.org

ਨਹੀਂ ਹੈ । ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ ਤੇ ਉਸੇ ਦਾ ਰਾਜ ਹੀ ਸਦਾ ਅਟੱਲ ਹੈ। ਸਾਨੂੰ ਤਾਂ ਉਸ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰਨ ਦੀ ਲੋੜ ਹੈ ।

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਹਉ ਬਲਿਹਾਰੀ ਸਾਚੇ ਨਾਵੈ ।
ਰਾਜੁ ਤ ਤੇਰਾ ਕਬਹੁ ਨ ਜਾਵੈ ।
ਰਾਜ ਤ ਤੇਰਾ ਸਦਾ ਨਿਹਚਲੁ
ਏਹੁ ਕਬਹੁ ਨਾ ਜਾਵਏ ॥

[ਆਸਾ, ਮ: 1, ਪੰਨਾ 567]

**ਅਰਥਾਤ** :—ਮੈਂ ਸੱਚੇ ਨਾਮ ਤੋਂ ਬਲਿਹਾਰ ਜਾਂਦਾ ਹਾਂ । ਹੇ ਪ੍ਰਭੂ ! ਤੇਰਾ ਰਾਜ ਕਦੇ ਵੀ ਨਹੀਂ ਜਾ ਸਕਦਾ । ਉਹ ਸਦਾ ਹੀ ਨਿਹਚਲ ਹੈ ।

ਗੁਰੂ ਗ੍ਰੰਥ ਸਾਹਿਬ ਦੇ ਹੋਰ ਵੀ ਕਈ ਸ਼ਬਦਾਂ ਵਿਚ ਸਦੀਵੀ ਰਾਜ ਪ੍ਰਭੂ ਦਾ ਹੀ ਦੱਸਿਆ ਗਿਆ ਹੈ । ਹੋਰ ਸਾਰੇ ਰਾਜ ਆਉਣੇ-ਜਾਣੇ ਹਨ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

أَلَا لَهُ الْخَلْقُ وَالْأَمْرُ ۗ تَبَارَكَ اللَّهُ رَبُّ الْعَالَمِينَ ۝

**ਅਰਥਾਤ** :— ਇਹ ਸਾਰੀ ਰਚਨਾ ਸਾਜਨਹਾਰ ਪ੍ਰਭੂ ਦੀ ਹੀ ਰਚਾਈ ਹੋਈ ਹੈ ਅਤੇ ਇਸ ਤੇ ਉਸੇ ਦਾ ਹੀ ਰਾਜ ਹੈ ।। ਉਹ ਵੱਡੀਆਂ ਬਰਕਤਾਂ ਵਾਲਾ ਤੇ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਰਾਜ ਨੂੰ ਹੀ ਸੱਚਾ ਤੇ ਸਦੀਵੀ ਕਿਹਾ ਗਿਆ ਹੈ; ਹੋਰ ਸਾਰੇ ਰਾਜੇ ਮਹਾਰਾਜੇ ਤੇ ਓਹਨਾਂ ਦੇ ਰਾਜ ਨਾਸਵਾਨ ਤੇ ਝੂਠੇ ਹਨ; ਜਿਨ੍ਹਾਂ ਦੀ ਕੋਈ ਵੀ ਬੁਨਿਆਦ ਨਹੀਂ ਹੈ ਜਿਹਾ ਕਿ ਵਰਣਨ ਹੈ ਕਿ :—

ਰਾਣਾ ਰਾਉ ਰਾਜ ਭਏ ਰੰਕਾ
ਉਨ ਝੂਠੇ ਕਹਣੁ ਕਹਾਇਓ ।
ਹਮਰਾ ਰਾਜਨ ਸਦਾ ਸਲਾਮਤਿ ਤਾਕੋ
ਸਗਲ ਘਟਾ ਜਸੁ ਗਾਇਓ ।

Digitized by Panjab Digital Library | www.panjabdigilib.org

ਉਪਮਾ ਸੁਨਹੁ ਰਾਜਨ ਕੀ ਸੰਤਹੁ
ਕਹਤ ਜੇਤ ਪਾਹੂਚਾ ।
ਬੇਸੁਮਾਰ ਵਡ ਸਾਹ ਦਾਤਾਰਾ
ਊਚੇ ਹੀ ਤੇ ਊਚਾ ॥
ਘਟਿ ਘਟਿ ਕਥਾ ਰਾਜਨ ਕੀ ਚਾਲੇ
ਘਰਿ ਘਰਿ ਤੁਝਹਿ ਉਮਾਹਾ ।
ਜੀਅ ਜੰਤ ਸਭਿ ਪਾਛੈ ਕਰਿਆ
ਪ੍ਰਥਮੇ ਰਿਜਕੁ ਸਮਾਹਾ ॥

[ਸਾਰਗ, ਮ: 5, ਪੰਨਾ 1235]

**ਅਰਥਾਤ** :—ਸਾਡਾ ਰਾਜਾ (ਪ੍ਰਭੂ) ਅਜੇਹਾ ਹੈ ਕਿ ਉਸ ਦਾ ਰਾਜ ਸਦਾ ਸਲਾਮਿਤ ਹੈ । ਬਾਕੀ ਸਾਰੇ ਰਾਜੇ ਮਹਾਰਾਜੇ ਤੇ ਓਹਨਾਂ ਦੇ ਰਾਜ ਨਾਸਵਾਨ ਹਨ । ਉਹ ਸਾਜਨਹਾਰ ਵੀ ਹੈ ਤੇ ਉਸ ਨੇ ਪਹਿਲਾਂ ਜੀਅ-ਜੰਤ ਦਾ ਰਿਜ਼ਕ ਹੋਂਦ ਵਿਚ ਆਂਦਾ ਹੈ ਤੇ ਮਗਰੋਂ ਓਹਨਾਂ ਦੀ ਸਾਜਨਾਂ ਕੀਤੀ ਹੈ । ਜਾਣੋ ਊਹੋ ਹੀ ਸਾਜਨਹਾਰ ਤੇ ਪਾਲਨਹਾਰ ਹੈਤੇ ਉਸੇ ਦਾ ਹੀ ਸਭ ਤੇ ਰਾਜ ਤੇ ਪੂਰਣ ਅਧਿਕਾਰ ਹੈ ।

Digitized by Panjab Digital Library | www.panjabdigilib.org

# ਸਾਰੀ ਤੰਗੀ ਤੇ ਖੁਲ੍ਹ ਡੁਲ੍ਹ ਪ੍ਰਭੂ ਦੇ ਹੱਥ ਹੈ

ਗੁਰੂ ਨਾਨਕ ਜੀ ਦੇ ਈਸ਼ਵਰ ਵਾਦ ਵਿਚ ਇਹ ਗੱਲ ਵੀ ਸ਼ਾਮਲ ਹੈ ਕਿ ਸਾਰੀ ਤੰਗੀ ਤੇ ਖੁਲ-ਡੁਲ੍ਹ ਸਾਜਨਹਾਰ ਪ੍ਰਭੂ ਦੇ ਹੀ ਹੱਥ ਵਿਚ ਹੈ। ਉਹ ਜਿਸ ਨੂੰ ਚਾਹੁੰਦਾ ਹੈ, ਸ਼ਾਹੀ ਤਖਤ ਤੇ ਬਿਠਾ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਫ਼ਰਸ਼ ਤੇ ਸੁੱਟ ਦਿੰਦਾ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਫ਼ਰਮਾਇਆ ਹੈ ਕਿ :—

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।

[ਵਾਰ ਮਾਝ, ਸ: ਮ: 1, ਪੰਨਾ 144]

**ਅਰਥਾਤ** :—ਹੇ ਸਾਜਨਹਾਰ ਪ੍ਰਭੂ! ਤੂੰ ਜਦ ਚਾਹੁੰਦਾ ਹੈਂ ਜਲ ਨੂੰ ਥਲ ਤੇ ਥਲ ਨੂੰ ਜਲ ਦੇ ਰੂਪ ਵਿਚ ਬਦਲ ਦਿੰਦਾ ਹੈਂ। ਇਕ ਕਮਜ਼ੋਰ ਤੇ ਨਿਰਬਲ ਨੂੰ ਬਾਦਸ਼ਾਹ ਬਣਾ ਦਿੰਦਾ ਹੈਂ ਤੇ ਉਸ ਦੇ ਟਾਕਰੇ ਤੇ ਆਏ ਵੱਡੇ ਵੱਡੇ ਲਸ਼ਕਰ ਨਸ਼ਟ ਕਰ ਦੇਣ ਤੇ ਸਮਰਥ ਹੈਂ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਵਡਹੁ ਵਡਾ ਵਡ ਮੇਦਨੀ ਸਿਰੇ ਸਿਰ ਧੰਧੈ ਲਾਇਦਾ।
ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।
ਦਰਿ ਮੰਗਨਿ ਭਿਖ ਨਾ ਪਾਇਦਾ।

[ਵਾਰ ਆਸਾ, ਮ: 1, ਪੰਨਾ 472]

**ਅਰਥਾਤ** :—ਪ੍ਰਭੂ ਹੀ ਸਭ ਤੋਂ ਵੱਡਾ ਹੈ, ਹੋਰ ਕੋਈ ਉਸ ਤੋਂ ਵੱਡਾ ਨਹੀਂ ਹੈ। ਉਸੇ ਨੇ ਸਭ ਨੂੰ ਧੰਧੇ ਲਾਇਆ ਹੋਇਆ ਹੈ। ਜੇ ਕਿਸੇ ਤੇ ਉਸ ਦੀ ਨਜ਼ਰ ਪੁੱਠੀ ਹੋ ਜਾਏ, ਤਾਂ ਉਹ ਬਾਦਸ਼ਾਹ ਨੂੰ ਵੀ ਕੰਗਾਲ ਤੇ ਘਾਹੀ ਬਣਾ ਦਿੰਦਾ



Digitized by Panjab Digital Library | www.panjabdigilib.org

ਹੈ ਤੇ ਫ਼ਿਰ ਉਹ ਦਰ ਦਰ ਮੰਗਣ ਲਗ ਪੈਂਦੇ ਹਨ ਤੇ ਕੋਈ ਓਹਨਾਂ ਨੂੰ ਭਿੱਖਿਆ ਵੀ ਨਹੀਂ ਦਿੰਦਾ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ :

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੈ।
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੈ ॥

[ਵਿਹਾਗੜਾ, ਮ: 9, ਪੰਨਾ 534]

**ਅਰਥਾਤ** :—ਪ੍ਰਭੂ ਇਕ ਪਲ ਵਿਚ ਕੰਗਾਲ ਨੂੰ ਰਾਜਾ ਤੇ ਰਾਜੇ ਨੂੰ ਕੰਗਾਲ ਬਣਾਉਣ ਤੇ ਸਮਰਥ ਹੈ। ਉਹ ਖਾਲੀ ਥਾਵਾਂ ਨੂੰ ਭਰ ਦਿੰਦਾ ਹੈ ਤੇ ਭਰੀਆਂ ਹੋਈਆਂ ਨੂੰ ਖਾਲੀ ਕਰ ਦਿੰਦਾ ਹੈ।

ਗੁਰਬਾਣੀ ਵਿਚ ਇਹ ਵੀ ਕਿਹਾ ਗਿਆ ਹੈ ਕਿ :—

ਖਿਨ ਮਹਿ ਥਾਪ ਉਥਾਪਨਹਾਰਾ ਕੀਮਤਿ ਜਾਇ ਨ ਕਰੀ।
ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ।

[ਗੂਜਰੀ, ਮ: 1, ਪੰਨਾ 499]

**ਅਰਥਾਤ** :—

ਸੁਲਤਾਨ ਖਾਨ ਕਰੇ ਖਿਨ ਕੀਰੇ।
ਗਰੀਬ ਨਿਵਾਜ ਕਰੇ ਪ੍ਰਭ ਮੀਰੇ।
ਗਰਬ ਨਿਵਾਰਣ ਸਰਬ ਸਧਾਰਣ
ਕਿਛੁ ਕੀਮਤਿ ਕਹੀ ਨ ਜਾਈ ਹੇ।

[ਮਾਰੂ, ਮ: 5, ਪੰਨਾ 1072]

ਗੁਰੂ ਗ੍ਰੰਥ ਸਾਹਿਬ ਦੇ ਏਹਨਾਂ ਦੋਹਾਂ ਸ਼ਬਦਾਂ ਵਿਚ ਏਹੋ ਹੀ ਗਲ ਵਰਣਨ ਕੀਤੀ ਗਈ ਹੈ ਕਿ ਸਾਜਨਹਾਰ ਪ੍ਰਭੂ ਰਾਜੇ ਨੂੰ ਕੰਗਾਲ ਤੇ ਕੰਗਾਲ ਨੂੰ ਰਾਜਾ ਬਣਾਉਣ ਦੇ ਸਮਰਥ ਹੈ ਅਤੇ ਉਸ ਦੀ ਇਸ ਸਮਰਥਾ ਨੂੰ ਕੋਈ ਵੀ ਚੈਲੰਜ ਨਹੀਂ ਕਰ ਸਕਦਾ।

ਇਕਿ ਖਾਵਹਿ ਬਖਸ ਤੋਟਿ ਨਾ ਆਵੈ
ਇਕਨਾ ਫਕਾ ਪਾਇਆ ਜੀਉ।

Digitized by Panjab Digital Library | www.panjabdigilib.org

ਇਕਿ ਰਾਜੇ ਤਖਤ ਬਹਹਿ ਨਿਤ ਸੁਖੀਏ
ਇਕਨਾ ਭਿਖ ਮੰਗਾਇਆ ਜੀਉ !

[ਗਉੜੀ, ਮ: 4, ਪੰਨਾ 173]

ਸੱਚ ਹੈ :—

ਹਾਥ ਮੇ ਤੇਰੇ ਹੈ ਹਰ ਖ਼ੁਸਰਾਨੋ ਨਫ਼ਾ ਉਸਰੋ ਯਸੁਰ,
ਤੂੰ ਹੀ ਕਰਤਾ ਹੈ ਕਿਸੀ ਕੋ ਬੇਨਵਾ ਬਖਤਿਆਰਾ
ਜਿਸ ਕੋ ਚਾਹੇ ਤਖਤ ਸ਼ਾਹੀ ਪਰ ਬਿਠਾ ਦੇਤਾ ਹੂ ਤੂੰ,
ਜਿਸ ਕੋ ਚਾਹੇ ਤਖਤ ਸੇ ਨੀਚੇ ਗਿਰਾ ਕੇ ਕਰ ਦੇ ਖ਼ੁਆਰ ।

[ਦੁੱਰਿ ਸਮੀਨ, ਪੰਨਾ 78]

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

قُلِ اللّٰهُمَّ مٰلِكَ الْمُلْكِ تُؤْتِي الْمُلْكَ مَنْ
تَشَاءُ وَتَنْزِعُ الْمُلْكَ مِمَّنْ تَشَاءُ وَتُعِزُّ
مَنْ تَشَاءُ وَتُذِلُّ مَنْ تَشَاءُ بِيَدِكَ الْخَيْرُ
اِنَّكَ عَلٰى كُلِّ شَيْءٍ قَدِيْرٌ

**ਅਰਥਾਤ** :—ਤੂੰ ਇਹ ਐਲਾਨ ਕਰ ਦੇ ਕਿ ਸਾਰੇ ਰਾਜ-ਭਾਗ ਦਾ ਮਾਲਕ ਪ੍ਰਭੂ ਹੀ ਹੈ। ਉਹ ਜਿਸ ਨੂੰ ਚਾਹੁੰਦਾ ਹੈ, ਰਾਜਾ ਬਣਾ ਦਿੰਦਾ ਹੈ, ਤੇ ਜਿਸ ਨੂੰ ਚਾਹੁੰਦਾ ਹੈ ਕੰਗਾਲ ਕਰ ਸਕਦਾ ਹੈ । ਜਿਸ ਨੂੰ ਚਾਹੁੰਦਾ ਹੈ, ਸਤਿਕਾਰ ਦਿੰਦਾ ਹੈ ਅਤੇ ਜਿਸ ਨੂੰ ਚਾਹੁੰਦਾ ਹੈ ਅਪਮਾਨ । ਉਸ ਦੇ ਹੱਥੋਂ ਜੋ ਕੁਝ ਵੀ ਹੁੰਦਾ ਹੈ, ਉਹ ਭਲਾ ਹੀ ਹੁੰਦਾ ਹੈ। ਉਹ ਸਰਬ ਕਲਾ ਸਮਰਥ ਹੈ ।

ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ :—

ਤੁਮ ਕਰਤੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ ॥

[ਸੋਰਠ, ਮ: 5, ਪੰਨਾ 613]

———

Digitized by Panjab Digital Library | www.panjabdigilib.org

# ਪ੍ਰਭੂ ਰਾਜ ਦੇ ਯੋਗ ਸੱਜਣਾਂ ਨੂੰ ਹੀ ਰਾਜ ਦਿੰਦਾ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਪ੍ਰਭੂ ਬਾਰੇ ਇਹ ਵੀ ਫ਼ਰਮਾਇਆ ਹੈ ਕਿ ਉਹ ਯੋਗ ਸੱਜਣਾਂ ਨੂੰ ਹੀ ਰਾਜ ਕਰਨ ਦਾ ਸਮਾ ਦਿਆ ਕਰਦਾ ਹੈ, ਜਿਹਾ ਕਿ ਆਪ ਦਾ ਕਥਨ ਹੈ ਕਿ :—

ਤਖਤਿ ਬਹੈ ਤਖਤੈ ਕੀ ਲਾਇਕ ।

[ਮਾਰੂ, ਮ: 1, ਪੰਨਾ 1039]

**ਅਰਥਾਤ** :—ਸਾਜਨਹਾਰ ਪ੍ਰਭੂ ਤਖਤੇ ਦੇ ਲਾਇਕ ਤੇ ਯੋਗ ਸੱਜਣ ਨੂੰ ਹੀ ਰਾਜ-ਭਾਗ ਦਿੰਦਾ ਹੈ । ਅਯੋਗ ਬੰਦੇ ਨੂੰ ਕਦੇ ਵੀ ਰਾਜ-ਭਾਗ ਨਹੀਂ ਮਿਲਦਾ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਰਾਜਾ ਤਖ਼ਤ ਟਿਕੈ ਗੁਣੀ ਭੈ ਪੰਚਾਇਣ ਰਤੁ ।[1]

[ਮਾਰੂ ਮ: 1, ਪੰਨਾ 992]

**ਅਰਥਾਤ** :—

---

1. ਗੁਰਬਾਣੀ ਅਨੁਸਾਰ ਇਕ ਰਾਜੇ ਦਾ ਧਰਮ ਨਿਆ ਇਕਾਰੀ ਹੈ; ਜਿਹਾ ਕਿ ਲਿਖਿਆ ਹੈ ਕਿ :—

ਰਾਜੇ ਚੁਲੀ ਨਿਆਵ ਕੀ
ਪੜਿਆ ਸਚੁ ਧਿਆਨੁ ॥

[ਵਾਰ ਸਾਰੰਗ, ਸ: ਮ: 1, ਪੰਨਾ 1240]

**ਅਰਥਾਤ** :—ਰਾਜੇ ਨੂੰ ਨਿਆਂ ਕਰਨ ਦੀ ਪ੍ਰਤਗਿਆ ਕਰਨੀ ਚਾਹੀਦੀ ਹੈ ।



Digitized by Panjab Digital Library | www.panjabdigilib.org

"ਗੁਣੀ ਅਤੇ ਪ੍ਰਧਾਨ-ਪੁਰਖਾਂ ਦੇ ਸਮਾਜ ਦਾ ਭੈ ਮੰਨਣ ਵਾਲਾ ਰਾਜਾ ਹੀ ਤਖ਼ਤ ਤੇ ਟਿਕ ਸਕਦਾ ਹੈ।"

[ਮਹਾਨ ਕੋਸ਼, ਪੰਨਾ 3038]

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵੀ ਵਰਣਨ ਕੀਤਾ ਗਿਆ ਹੈ ਕਿ :—

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।

[ਵਾਰ ਮਾਰੂ ਮ: 3, ਪੰਨਾ 1088]

**ਅਰਥਾਤ** :—ਹਕੂਮਤ ਦਾ ਤਖਤ ਉਸੇ ਨੂੰ ਹੀ ਮਿਲਦਾ ਹੈ, ਜੋ ਉਸ ਦੇ ਯੋਗ ਹੋਵੇ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

اِنَّ الْاَرْضَ يَرِثُهَا عِبَادِيَ الصّٰلِحُوْنَ ۝

**ਅਰਥਾਤ**:—ਪ੍ਰਭੂ ਜ਼ਮੀਨ ਦੇ ਵਾਰਸ ਤੇ ਹੁਕਮਰਾਨ ਓਹਨਾਂ ਲੋਕਾਂ ਨੂੰ ਹੀ ਬਣਾਇਆ ਕਰਦਾ ਹੈ, ਜੋ ਉਸ ਦੇ ਯੋਗ ਹੋਣ।

———

Digitized by Panjab Digital Library | www.panjabdigilib.org

# ਪ੍ਰਭੂ ਭੁੱਲ ਤੋਂ ਰਹਿਤ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਪ੍ਰਭੂ ਨੂੰ ਭੁੱਲ ਤੋਂ ਰਹਿਤ ਵੀ ਦੱਸਿਆ ਹੈ; ਜਿਹਾ ਕਿ ਉਹਨਾਂ ਨੇ ਫ਼ਰਮਾਇਆ ਹੈ ਕਿ :—

ਭੁਲਣ ਅੰਦਰ ਸਭੁ ਕੋ ਅਭੁਲੁ ਗੁਰੁ ਕਰਤਾਰੁ ।

[ਸਿਰੀਰਾਗ, ਮ: 1, ਪੰਨਾ 61]

ਇਕ ਸਿੱਖ ਵਿਦਵਾਨ ਨੇ ਗੁਰੂ ਜੀ ਦੇ ਇਸ ਵਾਕ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਹੈ ਕਿ :—

ਇਸ ਸ਼ਬਦ ਵਿਚ ਗੁਰੂ ਤੇ ਕਰਤਾਰ ਨੂੰ ਵੱਖੋ ਵੱਖ ਕਰ ਕੇ ਅਭੁੱਲ ਮੰਨਣਾ ਗਲਤ ਅਰਥ ਹੈ । ਗੁਰੂ ਜੀ ਨੇ ਆਪ ਹੀ ਇਸ ਵਾਕ ਦੀ ਵਿਆਖਿਆ ਕਰ ਦਿੱਤੀ ਹੈ :—

ਭੁਲਣ ਵਿਚਿ ਕੀਆ ਸਭੁ ਕੋਈ
ਕਰਤਾ ਆਪਿ ਨਾ ਭੁਲੈ ॥

[ਗੁਰਮਤਿ, ਅੰਮ੍ਰਿਤਸਰ, ਅਕਤੂਬਰ 1955]

ਇਕ ਹੋਰ ਥਾਂ ਗੁਰੂ ਜੀ ਨੇ ਫ਼ਰਮਾਇਆ ਹੈ ਕਿ :—

ਕਰਤਾ ਆਪਿ ਅਭੁਲ ਹੈ ਨ ਭੁਲੈ ਕਿਸੈ ਦਾ ਭੁਲਾਇਆ ।

[ਵਾਰ, ਮਾਝ, ਮ: 1, ਪੰਨਾ 145]

**ਅਰਥਾਤ :—**

ਆਪਿ ਅਭੁਲੁ ਨ ਕਬਹੂ ਭੁਲਾ ।

[ਮਾਰੂ ਮ: 1, ਪੰਨਾ 1022]

ਗੁਰੂ ਜੀ ਦੇ ਏਹਨਾਂ ਪਵਿੱਤਰ ਵਾਕਾਂ ਤੋਂ ਏਹੋ ਹੀ ਸਿਧ ਹੈ ਕਿ ਇੱਕੋ ਇਕ



Digitized by Panjab Digital Library | www.panjabdigilib.org

ਪ੍ਰਭੂ ਹੀ ਭੁੱਲ ਤੋਂ ਰਹਿਤ ਹੈ। ਉਸ ਤੋਂ ਛੁੱਟ ਹੋਰ ਕਿਸੇ ਵੀ ਵਿਅਕਤੀ ਨੂੰ ਭੁੱਲ ਤੋਂ ਰਹਿਤ ਨਹੀਂ ਕਿਹਾ ਜਾ ਸਕਦਾ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਕਈ ਥਾਈਂ ਪ੍ਰਭੂ ਨੂੰ ਭੁਲ ਤੋਂ ਰਹਿਤ ਵਰਨਣ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

ਆਪਿ ਅਭੁਲੁ ਨ ਭੁਲਈ ਪਿਆਰਾ
ਅਵਰੁ ਨ ਦੂਜਾ ਜਾਪੈ ॥

[ਸੋਰਠ, ਮ: 4, ਪੰਨਾ 605]

**ਅਰਥਾਤ** :—ਉਹ ਪਿਆਰਾ ਪ੍ਰਭੂ ਅਭੁਲ ਹੈ, ਉਸ ਤੋਂ ਕਿਸੇ ਵੀ ਭੁੱਲ ਦੀ ਸੰਭਾਵਨਾ ਨਹੀਂ ਕੀਤੀ ਜਾ ਸਕਦੀ। ਕੋਈ ਦੂਜਾ ਅਭੁਲ ਨਹੀਂ ਹੈ।

ਇਕ ਹੋਰ ਥਾਂ ਇਹ ਵਰਣਨ ਹੈ ਕਿ :—

ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ।
ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥

[ਵਾਰ ਗਉੜੀ, ਮ: 4, ਪੰਨਾ 302]

ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ :—

ਤੂ ਅਭੁਲੁ ਨ ਭੂਲੋ ਕਦੇ ਨਾਹਿ ॥

[ਬਸੰਤ ਮ; 1, ਪੰਨਾ 1288]

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

مَا كَانَ رَبُّكَ نَسِيًّا ○ — لَا يَضِلُّ رَبِّي وَلَا يَنسَى ○

**ਅਰਥਾਤ** :—ਤੇਰਾ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਹਰੇਕ ਭੁੱਲ-ਚੁਕ ਤੋਂ ਰਹਿਤ ਹੈ! ਉਸ ਤੋਂ ਕਿਸੇ ਵੀ ਭੁੱਲ ਦੀ ਸੰਭਾਵਨਾ ਨਹੀਂ ਕੀਤੀ ਜਾ ਸਕਦੀ।

———

Digitized by Panjab Digital Library | www.panjabdigilib.org

# ਪ੍ਰਭੂ ਖਾਣ-ਪੀਣ ਤੋਂ ਰਹਿਤ ਹੈ

ਗੁਰੂ ਨਾਨਕ ਜੀ ਦੇ ਵਿਚਾਰ ਅਨੁਸਾਰ ਸਾਜਨਹਾਰ **ਪ੍ਰਭੂ** ਖਾਣ-ਪੀਣ ਤੋਂ ਵੀ ਰਹਿਤ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ :—

ਨਿਰਮਲੁ ਨਿਰਾਹਾਰ ਨਿਹਕੇਵਲੁ ।
ਸੂਚੈ ਸਾਚੇ ਨਾ ਲਾਗੈ ਮਲੁ ।

[ਬਿਲਾਵਲ, ਮ: 1, ਪੰਨਾ 840]

**ਅਰਥਾਤ** :—

"ਹਰੀ ਪਵਿੱਤਰ, ਖਾਣ ਪੀਣ ਦੀ ਲੋੜ ਨਾ ਰੱਖਣ ਵਾਲਾ ਅਤੇ ਨਿਰਲੇਪ ਹੈ, ਐਹੋ ਜੇਹੇ **ਸੁਚੇ** ਹਰੀ ਦੁਆਰਾ ਜੋ ਮਨੁੱਖ ਸੁੱਚਾ ਹੁੰਦਾ ਹੈ, ਉਸ ਨੂੰ ਮੈਲ ਨਹੀਂ ਲਗਦੀ"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 840]

ਇਕ ਹੋਰ ਥਾਂ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ ।

[ਵਾਰ ਮਲਾਰ, ਮ: 1, ਪੰਨਾ 1279]

**ਅਰਥਾਤ** :—ਪ੍ਰਭੂ ਰੂਪ ਰੇਖਾ ਤੋਂ ਰਹਿਤ ਹੈ ਅਤੇ ਉਸ ਨੂੰ ਖਾਣ ਪੀਣ ਦੀ ਵੀ ਕੋਈ ਲੋੜ ਨਹੀਂ ਭਾਸਦੀ ।

ਸ੍ਰੀ ਗੁਰੂ ਨਾਨਕ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਨਾ ਤਿਸੁ ਭੁਖ ਪਿਆਸੁ ਮਨੁ ਮਾਨਿਆ ।
ਸਰਬ ਨਿਰੰਜਨੁ ਘਟਿ ਘਟਿ ਜਾਨਿਆ ।

[ਮਾਰੂ; ਮ: 1, ਪੰਨਾ 1039]



Digitized by Panjab Digital Library | www.panjabdigilib.org

ਗੁਰੂ ਗ੍ਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ :—

ਨਾ ਉਸੁ ਭੂਖ ਨਾ ਹਮ ਕਉ ਤ੍ਰਿਸ਼ਨਾ ।

[ਆਸਾ, ਮ: 5, ਪੰਨਾ 391]

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ :—

قُلْ اَغَيْرَ اللّٰهِ اَتَّخِذُ وَلِيًّا فَاطِرِ السَّمٰوٰتِ
وَالْاَرْضِ وَهُوَ يُطْعِمُ وَلَا يُطْعَمُ ط

**ਅਰਥਾਤ** :—ਤੂੰ ਇਹ ਕਹਿ ਦੇ ਕਿ ਪ੍ਰਭੂ ਤੋਂ ਛੁੱਟ-ਕਿਸੇ ਹੋਰ ਵਿਅਕਤੀ ਨੂੰ ਆਪਣਾ ਮਿੱਤਰ ਨਾ ਬਣਾਓ । ਉਹੋ ਹੀ ਸਾਰੇ ਅਕਾਸ਼ਾਂ ਤੇ ਪਤਾਲਾਂ ਦਾ ਸਾਜਨਹਾਰ ਹੈ । ਉਹ ਸਾਰਿਆਂ ਨੂੰ ਖੁਆਉਂਦਾ-ਪਿਆਉਂਦਾ ਹੈ । ਉਹ ਆਪ ਖਾਣ-ਪੀਣ ਤੋਂ ਰਹਿਤ ਹੈ ।

————

Digitized by Panjab Digital Library | www.panjabdigilib.org

# ਪ੍ਰਭੂ ਨੀਂਦ ਤੋਂ ਰਹਿਤ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਬਾਰੇ ਇਹ ਵੀ ਦੱਸਿਆ ਹੈ ਕਿ ਉਹ ਨੀਂਦ ਤੋਂ ਰਹਿਤ ਹੈ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ :—

ਜਾਗਸਿ ਜੀਵਣ ਜਾਗਣਹਾਰਾ ।
ਸੁਖ ਸਾਗਰ ਅੰਮ੍ਰਿਤ ਭੰਡਾਰਾ ।

[ਪ੍ਰਭਾਤੀ, ਮ: 1, ਪੰਨਾ 1330

**ਅਰਥਾਤ** :—

"ਹਰੀ ਸਭ ਦਾ ਜੀਵਣ ਸਦਾ ਜਾਗਦਾ ਹੈ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 1330

ਸ੍ਰੀ ਗੁਰੂ ਜੀ ਨੇ ਆਪਣੇ ਇਸ ਪਵਿੱਤਰ ਵਾਕ ਵਿਚ ਪ੍ਰਭੂ ਦਾ ਇਕ ਗੁਣ-ਵਾਚਕ ਨਾ "ਜਾਗਣਹਾਰ" ਵਰਣਨ ਕੀਤਾ ਹੈ । ਇਸ ਦਾ ਭਾਵ ਏਹੋ ਹੀ ਹੈ ਕਿ ਉਹ ਨੀਂਦ ਤੋਂ ਰਹਿਤ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ ਕਿ—

ਸਤਿਗੁਰ[1] ਜਾਗਤਾ ਹੈ ਦੇਉ ।

[ਆਸਾ, ਕਬੀਰ, ਪੰਨਾ 479

---

1. ਚੇਤੇ ਰਹੇ ਕਿ ਗੁਰਬਾਣੀ ਵਿਚ "ਸਤਿਗੁਰੂ" ਪਦ ਪ੍ਰਭੂ ਲਈ ਵੀ ਵਰਤਿਆ ਗਿਆ ਹੈ; ਜਿਹਾ ਕਿ :—

ਐਥੈ ਓਥੈ ਰਖਵਾਲਾ ।
ਪ੍ਰਭ ਸਤਿਗੁਰ ਦੀਨ ਦਇਆਲਾ ।

[ਸੋਰਠ. ਮ: 5, ਪੰਨਾ 628



Digitized by Panjab Digital Library | www.panjabdigilib.org

**ਅਰਥਾਤ:**—ਸਾਡਾ ਸਤਿਗੁਰੂ, ਪ੍ਰਭੂ, ਸਦਾ ਹੀ ਜਾਗਦਾ ਹੈ। ਉਸ ਨੂੰ ਕਦੇ ਵੀ ਨੀਂਦ ਨਹੀਂ ਆਉਂਦੀ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ ਇੱਕੋ ਇਕ ਪ੍ਰਭੂ ਹੀ ਹੈ, ਜੋ ਨੀਂਦ ਰਹਿਤ ਹੈ। ਉਸ ਤੋਂ ਛੁੱਟ ਹੋਰ ਕੋਈ ਵੀ ਨੀਂਦ ਰਹਿਤ ਨਹੀਂ ਹੈ; ਜਿਹਾ ਕਿ :—

ਇਕੋ ਸਤਿਗੁਰ ਜਾਗਤਾ
ਹੋਰੁ ਜਗੁ ਸੂਤਾ ਮੋਹਿ ਪਿਆਸ।

[ਵਾਰ ਵਡਹੰਸ, ਸ: ਮ: 3, ਪੰਨਾ 592

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

لَا تَأْخُذُهٗ سِنَةٌ وَّلَا نَوْمٌ ؕ

**ਅਰਥਾਤ** :—ਸਾਜਨਹਾਰ ਪ੍ਰਭੂ ਊਂਘ ਤੇ ਨੀਂਦ ਤੋਂ ਰਹਿਤ ਹੈ।

———

Digitized by Panjab Digital Library | www.panjabdigilib.org

# ਪ੍ਰਭੂ ਅਕਾਸ਼ ਵਿਚ ਵੀ ਹੈ ਤੇ ਪਤਾਲ ਵਿਚ ਵੀ

ਗੁਰੂ ਨਾਨਕ ਜੀ ਨੇ ਆਪਣੇ ਸਾਜਨਹਾਰ ਪ੍ਰਭੂ ਬਾਰੇ ਇਹ ਗੱਲ ਵੀ ਵਰਣਨ ਕੀਤੀ ਹੈ ਕਿ ਉਹ ਅਸਾਂ ਮਨੁੱਖਾਂ ਵਾਂਗ ਕਿਸੇ ਇਕ ਅਸਥਾਨ ਤੇ ਨਹੀਂ ਵਸਦਾ; ਸਗੋਂ ਉਹ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ ਵਿਆਪਕ ਹੈ। ਕੋਈ ਥਾਂ ਉਸ ਤੋਂ ਖ਼ਾਲੀ ਨਹੀਂ ਹੈ; ਜਿਹਾ ਕਿ ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ :—

ਆਕਾਸ਼ੀ ਪਾਤਾਲਿ ਤੂੰ ਤ੍ਰਿਭਵਣ ਰਹਿਆ ਸਮਾਇ।

[ਸਿਰੀਰਾਗ, ਮ: 1, ਪੰਨਾ 62

**ਅਰਥਾਤ**—ਹੇ ਪ੍ਰਭੂ ! ਤੂੰ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ ਵਿਆਪਕ ਹੈਂ। ਸਾਨੂੰ ਤੇਰੇ ਬਗੈਰ ਕੋਈ ਜਗਾ ਨਹੀਂ ਦਿੱਸਦੀ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ।<br>
ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ।

[ਸਿਰੀਰਾਗ, ਮ: 5, ਪੰਨਾ 45

**ਅਰਥਾਤ** :—ਪ੍ਰਭੂ ਹਰ ਥਾਂ ਵਿਆਪਕ ਹੈ। ਕੋਈ ਦੂਜਾ ਅਜੇਹਾ ਨਹੀਂ ਹੈ। ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ :—

ਸੋ ਅੰਤਰਿ ਸੋ ਬਾਹਰਿ ਅਨੰਤ।<br>
ਘਟਿ ਘਟਿ ਬਿਆਪਿ ਰਹਿਆ ਭਗਵੰਤ<br>
ਧਰਨਿ ਮਾਹਿ ਆਕਾਸ਼ ਪਇਆਲ।<br>
ਸਰਬ ਲੋਕ ਪੂਰਨ ਪ੍ਰਤਿਪਾਲ॥

[ਗਉੜੀ, ਮ: 5, ਪੰਨਾ 293



Digitized by Panjab Digital Library | www.panjabdigilib.org

ਗੁਰੂ ਗ੍ਰੰਥ ਸਾਹਿਬ ਦੇ ਇਸ ਪਵਿੱਤਰ ਵਾਕ ਵਿਚ ਵੀ ਏਹੋ ਕਿਹਾ ਗਿਆ ਹੈ ਕਿ ਸਾਜਨਹਾਰ ਪ੍ਰਭੂ ਕਿਸੇ ਇਕ ਥਾਂ ਨਹੀਂ; ਸਗੋਂ ਸਾਰੇ ਥਾਂ ਹੀ ਵਿਆਪਕ ਹੈ। ਉਹ ਅਕਾਸ਼ਾਂ ਵਿਚ ਵੀ ਤੇ ਪਤਾਲਾਂ ਵਿਚ ਵੀ ਵਿਆਪਕ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਲਿਖਿਆ ਮਿਲਦਾ ਹੈ ਕਿ :—

وَهُوَ اللّٰهُ فِي السَّمٰوٰتِ وَفِي الْاَرْضِ ۚ يَعْلَمُ
سِرَّكُمْ وَجَهْرَكُمْ وَيَعْلَمُ مَا تَكْسِبُوْنَ ۝

**ਅਰਥਾਤ**—ਸਾਜਨਹਾਰ ਪ੍ਰਭੂ ਅਕਾਸ਼ਾਂ ਤੇ ਪਤਾਲਾਂ ਵਿਚ ਹੈ। ਉਹ ਤੁਹਾਡੀਆਂ ਗੁਪਤ ਤੇ ਪਰਗਟ ਗੱਲਾਂ ਦਾ ਜਾਣਨਹਾਰ ਹੈ ਤੇ ਉਸ ਦਾ ਵੀ ਜਾਣਨਹਾਰ ਹੈ, ਜੋ ਤੁਸੀਂ ਕਰਦੇ ਹੋ।

ਇਕ ਹੋਰ ਥਾਂ ਇਹ ਲਿਖਿਆ ਹੈ ਕਿ :—

وَهُوَ الَّذِيْ فِي السَّمَآءِ اِلٰهٌ وَّفِي الْاَرْضِ اِلٰهٌ ۚ
وَهُوَ الْحَكِيْمُ الْعَلِيْمُ ۝

**ਅਰਥਾਤ** :—ਉਹ ਅੱਲਾਹ ਹੀ ਅਕਾਸ਼ ਤੇ ਪਤਾਲ ਵਿਚ ਇਕੋ ਇਕ ਇਸ਼ਟ ਹੈ ਤੇ ਉਹੋ ਹੀ ਵੱਡੀਆਂ ਯੁਕਤੀਆਂ ਵਾਲਾ ਤੇ ਜਾਣਨਹਾਰ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸੇ ਹੀ ਭਾਵ ਨੂੰ ਮੁਖ ਰੱਖ ਕੇ ਇਹ ਫ਼ਰਮਾਇਆ ਹੈ ਕਿ :—

ਪਤਾਲੀ ਅਕਾਸਿ ਤੂ ਭਾਈ ਘਟਿ ਘਟਿ ਤੂ ਗੁਣ ਗਿਆਨੁ।

[ਸੋਰਠ, ਮ: 1, ਪੰਨਾ 637

— — — —

Digitized by Panjab Digital Library | www.panjabdigilib.org

# ਸੁਮਾਰਗ ਤੇ ਕੁਮਾਰਗ ਪ੍ਰਭੂ ਦੇ ਹੀ ਹੱਥ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਦਾ ਜੋ ਸਰੂਪ ਪੇਸ਼ ਕੀਤਾ ਹੈ, ਉਸ ਵਿਚ ਇਹ ਵੀ ਦਾਖਲ ਹੈ ਕਿ ਕੁਮਾਰਗ ਤੇ ਸੁਮਾਰਗ ਪ੍ਰਭੂ ਦੇ ਹੀ ਹੱਥ ਹੈ, ਉਹ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਸੁਮਾਰਗ ਵਲ ਲਾਉਂਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਕੁਮਾਰਗ ਵਲ ਲਾ ਦਿੰਦਾ ਹੈ। ਕੋਈ ਵੀ ਪ੍ਰਾਣੀ ਆਪਣੇ ਘੁਮੰਡ ਜਾਂ ਨਿਜ ਬਲ ਨਾਲ ਸੁਮਾਰਗ ਵਲ ਨਹੀਂ ਲਗ ਸਕਦਾ ਤੇ ਨਾ ਕੁਮਾਰਗ ਤੋਂ ਹੀ ਬਚ ਸਕਦਾ ਹੈ। ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ :—

ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ।
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ।

[ਵਾਰ ਰਾਮਕਲੀ, ਸ: ਮ: 1, ਪੰਨਾ 652

ਅਰਥਾਤ :—ਜਿਸ ਨੂੰ ਸਾਜਨਹਾਰ ਪ੍ਰਭੂ ਸੁਮਾਰਗ ਵਲ ਲਾ ਦੇਵੇ, ਉਸ ਨੂੰ ਕੋਈ ਕੁਰਾਹੇ ਨਹੀਂ ਪਾ ਸਕਦਾ ਅਤੇ ਜਿਸ ਨੂੰ ਪ੍ਰਭੂ ਆਪ ਕੁਰਾਹੀਆ ਕਰਾਰ ਦੇ ਦੇਵੇ, ਉਸ ਨੂੰ ਕੋਈ ਸੁਮਾਰਗ ਵਲ ਲਾਉਣ ਤੇ ਸਮਰਥ ਨਹੀਂ ਹੋ ਸਕਦਾ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ :—

ਬਿਨੁ ਗੁਰ ਅੰਤੁ ਨ ਪਾਇ ਅਭੇਵੇ ।
ਆਪਿ ਭੁਲਾਇ ਆਪੇ ਮਤਿ ਦੇਵੈ ॥

[ਗਉੜੀ, ਮ: 1, ਪੰਨਾ 224

ਇਸੇ ਤਰ੍ਹਾਂ ਇਕ ਥਾਂ ਇਹ ਕਿਹਾ ਗਿਆ ਹੈ ਕਿ :—

ਆਪਿ ਭੁਲਾਏ ਕਿਸੁ ਕਹਉ ਲਾਇ ।
ਗੁਰ ਮੇਲੇ ਬਿਰਥਾ ਕਹਉ ਮਾਇ ॥

[ਬਸੰਤ ਮ: 1, ਪੰਨਾ 1188



Digitized by Panjab Digital Library | www.panjabdigilib.org

ਅਰਥਾਤ :—

ਭੂਲੇ ਚੂਕੇ ਮਾਰਗਿ ਪਾਵਹਿ ।
ਆਪਿ ਭੁਲਾਇ ਤੂ ਹੈ ਸਮਝਾਵਹਿ ॥
[ਮਾਰੂ ਮ: 1, ਪੰਨਾ 1021

ਗੁਰਬਾਣੀ ਵਿਚ ਇਹ ਵਰਣਨ ਹੈ ਕਿ :—

ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ।
ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ ॥
[ਸਲੋਕ ਵਾਰਾਂ ਤੇ ਵਧੀਕ, ਮ: 3,
[ਪੰਨਾ 1413

ਕੁਰਾਨ ਸ਼ਰੀਫ਼ ਵਿਚ ਇਸ ਸੰਬੰਧੀ ਇਹ ਕਿਹਾ ਗਿਆ ਹੈ ਕਿ—

وَمَنْ يُّضْلِلِ اللّٰهُ فَمَا لَهٗ مِنْ هَادٍ ۝ وَمَنْ
يَّهْدِ اللّٰهُ فَمَا لَهٗ مِنْ مُّضِلٍّ ـــــ وَمَنْ
يُّضْلِلِ اللّٰهُ فَمَا لَهٗ مِنْ هَادٍ

**ਅਰਥਾਤ**—ਜਿਸ ਨੂੰ ਸ਼ਾਜਨਹਾਰ ਪ੍ਰਭੂ ਸੁਮਾਰਗ ਵਲ ਲਾ ਦੇਵੇ, ਉਸ ਨੂੰ ਕੋਈ ਕੁਰਾਹੇ ਨਹੀਂ ਪਾ ਸਕਦਾ ਅਤੇ ਜਿਸ ਨੂੰ ਪ੍ਰਭੂ ਆਪ ਕੁਰਾਹੀਆ ਕਰਾਰ ਦੇ ਦੇਵੇ, ਉਸ ਨੂੰ ਕੋਈ ਸੁਮਾਰਗ ਵਲ ਲਾਉਣ ਤੇ ਸਮਰਥ ਨਹੀਂ ਹੋ ਸਕਦਾ ।

Digitized by Panjab Digital Library | www.panjabdigilib.org

# ਮਰਨ-ਜੀਵਨ ਪ੍ਰਭੂ ਦੇ ਅਧੀਨ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਬਾਰੇ ਵਾਕਫ਼ੀ ਦਿੰਦਿਆਂ ਹੋਇਆਂ ਇਹ ਗੱਲ ਵੀ ਵਰਣਨ ਕੀਤੀ ਹੈ ਕਿ ਮਰਨ-ਜੀਵਨ ਪ੍ਰਭੂ ਦੇ ਅਧਿਕਾਰ ਵਿਚ ਹੀ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਜ਼ਿੰਦਗੀ ਅਜੇ ਹੋਂਦ ਵਿਚ ਨਹੀਂ ਆਈ ਸੀ ਤੇ ਜਦ ਜ਼ਿੰਦਗੀ ਹੀ ਨਹੀਂ ਸੀ, ਤਾਂ ਮੌਤ ਦੀ ਅਣਹੋਂਦ ਵੀ ਆਪਣੇ ਆਪ ਹੀ ਸਿਧ ਹੋ ਜਾਂਦੀ ਹੈ। ਗੁਰੂ ਜੀ ਨੇ ਫਰਮਾਇਆ ਹੈ ਕਿ--

ਨਰਕੁ ਸੁਰਗ ਨਹੀ ਜੰਮਣੁ ਮਰਣਾ
ਨਾ ਕੋ ਆਇ ਨਾ ਜਾਇਦਾ ॥

[ਮਾਰੂ, ਮ: 1, ਪੰਨਾ 1035

**ਅਰਥਾਤ** :—ਇਕ ਸਮਾਂ ਅਜੇਹਾ ਵੀ ਸੀ, ਜਦ ਕਿ ਜਨਮ-ਮਰਨ ਦੀ ਵੀ ਅਣਹੋਂਦ ਸੀ, ਉਦੋਂ ਨਾਂ ਕੋਈ ਇਸ ਜਗ ਤੇ ਆਉਂਦਾ ਸੀ ਤੇ ਨਾ ਜਾਂਦਾ ਸੀ।

ਗੁਰੂ ਜੀ ਨੇ ਜਨਮ-ਮਰਨ ਦਾ ਪ੍ਰਭੂ ਦੁਆਰਾ ਹੋਂਦ ਵਿਚ ਆਉਣਾ ਮੰਨਿਆ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਤੁਝ ਹੀ ਕੀਆ ਜੰਮਣ ਮਰਣਾ ॥

[ਮਾਰੂ, ਮ: 1, ਪੰਨਾ 1022

**ਅਰਥਾਤ** :—

ਜੰਮਣਾ ਮਰਣਾ ਆਖੀਐ ਤਿਨਿ ਕਰਤੇ ਕੀਆ।

[ਆਸਾ, ਮ: 2, ਪੰਨਾ 420

**ਅਰਥਾਤ**—ਹੇ ਸਾਜਨਹਾਰ ਪ੍ਰਭੂ ! ਜਨਮ-ਮਰਨ ਤੇਰੇ ਦੁਆਰਾ ਹੀ ਹੋਂਦ ਵਿਚ ਆਇਆ ਹੈ।



Digitized by Panjab Digital Library | www.panjabdigilib.org

ਇਕ ਹੋਰ ਥਾਂ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਤੂੰ ਮਾਰਿ ਜੀਵਾਲਹਿ ਬਖਸਿ ਮਿਲਾਇ ।

[ਗਉੜੀ, ਮ: 1, ਪੰਨਾ 154

**ਅਰਥਾਤ** :—

ਜੀਆ ਮਾਰਿ ਜੀਵਾਲੇ ਸੋਈ
ਅਵਰੁ ਨ ਕੋਈ ਰਖੈ ॥

ਵਾਰ, ਮਾਝ, ਮ: ੫, ਪੰਨਾ 150

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਜੀਉ ਪਿੰਡੁ ਸਭ ਰਾਸਿ ਤਿਸੈ ਕੀ
ਮਾਰਿ ਆਪੇ ਜੀਵਾਲੇ ॥

[ਗਉੜੀ ਮ: 1 ਪੰਨਾ 155

**ਅਰਥਾਤ**—ਮਰਣ-ਜੀਵਣ ਸਾਜਨਹਾਰ ਪ੍ਰਭੂ ਦੇ ਅਧੀਨ ਹੈ। ਉਹੋ ਹੀ ਮਾਰਨਹਾਰ ਤੇ ਜੀਵਾਲਨਹਾਰ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਮਰਨਾ-ਜੀਣਾ ਪ੍ਰਭੂ ਦੇ ਅਧੀਨ ਵਰਣਨ ਕੀਤਾ ਹੈ; ਜਿਹਾ ਕਿ ਇਕ ਥਾਂ ਲਿਖਿਆ ਹੈ ਕਿ :—

ਆਪੇ ਮਾਰਿ ਜੀਵਾਇਦਾ ਪਿਆਰਾ
ਸਾਹ ਲੈਂਦੇ ਸਭਿ ਲਵਾਇਆ ।

[ਸੋਰਠ, ਮ: 4, ਪੰਨਾ 606

**ਅਰਥਾਤ** :—

ਅਵਰ ਨ ਕੋਊ ਮਾਰਨਵਾਰਾ ।
ਜੀਅਹੁ ਹਮਾਰਾ ਜੀਉ ਦੇਨਹਾਰਾ ।

ਆਸਾ, ਮ: 5, ਪੰਨਾ 391

ਗੁਰਬਾਣੀ ਦੇ ਏਹਨਾਂ ਦੋਹਾਂ ਵਾਕਾਂ ਦਾ ਏਹੋ ਹੀ ਭਾਵ ਹੈ ਕਿ ਮਰਣਾ-ਜੀਉਣਾ ਸਾਜਨਹਾਰ ਪ੍ਰਭੂ ਦੇ ਹੀ ਅਧੀਨ ਹੈ। ਉਹੋ ਇਕੋ ਇਕ ਹੀ ਮਾਰਨਹਾਰ ਤੇ ਜੀਵਲਾਨਹਾਰ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਹੁਕਮ ਦੁਆਰਾ ਹੀ ਮਰਣ-ਜੀਉਣਾ ਹੋਂਦ

Digitized by Panjab Digital Library | www.panjabdigilib.org

ਵਿਚ ਆਉਣਾ ਵਰਣਨ ਕੀਤਾ ਗਿਆ ਹੈ; ਜਿਹਾ ਕਿ—

ਤੁਧੁ ਆਪੇ ਕਾਰਣੁ ਆਪੇ ਕਰਣਾ ।
ਹੁਕਮੇ ਜੰਮਣੁ ਹੁਕਮੇ ਮਰਣਾ ॥

[ਵਡਹੰਸ, ਮ: 5, ਪੰਨਾ 564

**ਅਰਥਾਤ**—ਹੇ ਪ੍ਰਭੂ ! ਤੂੰ ਹੀ ਇਸ ਸਾਰੇ ਵਿਸ਼ਵ ਦਾ ਕਾਰਣ ਕਰਣ ਹੈ ਤੇ ਮਰਣਾ-ਜੀਉਣਾ ਵੀ ਤੇਰੇ ਹੁਕਮ ਵਿਚ ਹੀ ਵਰਤ ਰਿਹਾ ਹੈ ।

ਕਈ ਧਰਮਾਂ ਦੇ ਲੋਕਾਂ ਨੇ ਆਪਣੇ ਬਜ਼ੁਰਗਾਂ ਬਾਰੇ ਇਹ ਵਿਚਾਰ ਅਪਣਾਇਆ ਹੋਇਆ ਹੈ ਕਿ ਉਹ ਮੁਹਦੇ ਜੀਉਂਦੇ ਕੀਤਾ ਕਰਦੇ ਸਨ । ਗੁਰਬਾਣੀ ਇਸ ਵਿਚਾਰ ਦਾ ਖੰਡਨ ਕਰਦੀ ਹੈ ਤੇ ਸਪਸ਼ਟ ਅੱਖਰਾਂ ਵਿਚ ਇਹ ਐਲਾਨ ਕਰਦੀ ਹੈ ਕਿ :—

ਹਰਿ ਬਿਨੁ ਕੋ ਮਾਰਿ ਜੀਵਾਲਿਨ ਸਾਕੈ
ਤਾ ਮੇਰੇ ਮਨ ਕਾਇਤੁ ਕੜਈਐ ।

[ਗੋਂਡ, ਮ: 4, ਪੰਨਾ 861

**ਅਰਥਾਤ** :—

ਹਰਿ ਵਿਨੁ ਕੋਈ ਮਾਰਿ ਜੀਵਲਿਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

[ਵਾਰ ਵਡਹੰਸ, ਮ: 4, ਪੰਨਾ 594

ਗੁਰਬਾਣੀ ਦੇ ਏਹਨਾਂ ਦੋਹਾਂ ਹੀ ਪਵਿੱਤਰ ਵਾਕਾਂ ਤੋਂ ਸਾਨੂੰ ਇਹ ਅਗਵਾਈ ਮਿਲਦੀ ਹੈ ਕਿ ਪ੍ਰਭੂ ਤੋਂ ਛੁਟ ਹੋਰ ਕੋਈ ਵੀ ਵਿਅਕਤੀ ਮਾਰਨ ਤੇ ਜੀਵਾਲਣ ਤੇ ਸਮਰਥ ਨਹੀਂ; ਇੱਕੋਇਕ ਪ੍ਰਭੂ ਹੀ ਮਾਰਨਹਾਰ ਤੇ ਜੀਵਾਲਨਹਾਰ ਹੈ ।

ਇੱਥੇ ਅਸੀਂ ਇਹ ਵੀ ਦਸ ਦੇਣਾ ਚਾਹੁੰਦੇ ਹਾਂ ਕਿ ਜਦੋਂ ਇਹ ਕਿਹਾ ਜਾਏ ਕਿ ਪ੍ਰਭੂ ਹੀ ਮਾਰਨਹਾਰ ਜੀਵਾਨਹਾਰ ਹੈ, ਤਾਂ ਇਹ ਗੱਲ ਵੀ ਸਿਧਾਂਤ ਨਾਲ ਹੀ ਸੰਬੰਧ ਰਖਦੀ ਹੈ । ਅਸੀਂ ਸਿਧਾਂਤਿਕ ਤੌਰ ਤੇ ਹੀ ਇਹ ਮੰਨਦੇ ਹਾਂ ਕਿ ਸਾਜਨਹਾਰ ਪ੍ਰਭੂ ਮਾਰਨ ਤੇ ਜੀਵਾਲਨ ਤੇ ਸਮਰਥ ਹੈ, ਨਹੀਂ ਤਾਂ ਵਰਤੋਂ ਵਿਚ ਪ੍ਰਭੂ ਨੇ ਆਪ ਵੀ ਇਹ ਗੱਲ ਕਦੇ ਨਹੀਂ ਕੀਤੀ ਕਿ ਕਿਸੇ ਵਿਅਕਤੀ ਦਾ ਕੱਟਿਆ ਹੋਇਆ ਸਿਰ ਜੋੜ ਕੇ ਤੇ ਉਸ ਨੂੰ ਸੁਰਜੀਤ ਕਰਕੇ ਇਸ ਜਗ ਤੇ ਮੁੜ ਭੇਜ ਦਿੱਤਾ ਹੋਵੇ । ਇਸ ਜਗ ਦਾ ਸਾਰਾ ਪ੍ਰਬੰਧ ਬਝਵੇਂ ਨਿਯਮਾਂ ਅਨੁਸਾਰ ਚਲ ਰਿਹਾ ਹੈ । ਪ੍ਰਭੂ ਆਪ ਵੀ

Digitized by Panjab Digital Library | www.panjabdigilib.org

ਅਜੇਹੇ ਨਾਟਕਾਂ ਚੇਟਕਾਂ ਤੋਂ ਉੱਚਾ ਹੈ ਤੇ ਉਸ ਦੇ ਭਗਤ-ਜਨ ਵੀ ਨਾਟਕਾਂ-ਚੇਟਕਾਂ ਦੇ ਕਰਤਵ ਨਹੀਂ ਵਿਖਾਇਆ ਕਰਦੇ ।

ਇਹ ਠੀਕ ਹੈ ਕਿ ਪ੍ਰਭੂ ਹੀ ਮਾਰਨਹਾਰ ਤੇ ਜੀਵਾਲਨਹਾਰ ਹੈ । ਉਸ ਤੋਂ ਛੁੱਟ ਕੋਈ ਵਿਅਕਤੀ ਮਾਰ ਕੇ ਜੀਵਾਲਣ ਤੇ ਸਮਰਥ ਨਹੀਂ । ਇਸ ਦਾ ਇਨਕਾਰ ਕਰਨਾ ਵੱਡਾ ਕੁਫਰ ਹੋਵੇਗਾ । ਪਰ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਭੂ ਨੇ ਆਪ ਵੀ ਇਸ ਜਗ ਤੇ ਕਦੇ ਅਜੇਹਾ ਨਹੀਂ ਕੀਤਾ ਕਿ ਕਿਸੇ ਮੁਰਦੇ ਨੂੰ ਮੁੜ ਸੁਰਜੀਤ ਕਰ ਦਿੱਤਾ ਹੋਵੇ । ਇਹ ਗੱਲ ਉਸ ਦੇ ਕੁਦਰਤੀ ਨਿਯਮਾਂ, ਮਰਯਾਦਾ ਤੇ ਸ਼ਾਨ ਦੇ ਉਲਟ ਹੈ ।[1] ਸੋ ਜੋ ਕੰਮ ਕਦੇ ਪ੍ਰਭੂ ਨੇ ਆਪ ਨਹੀਂ ਕੀਤਾ, ਉਸ ਦੀ ਕਿਸੇ ਦੂਜੇ ਤੋਂ ਆਸ ਨਹੀਂ ਕੀਤੀ ਜਾ ਸਕਦੀ ।

---

1. ਗੁਰਬਾਣੀ ਸਾਡੀ ਇਸ ਪਾਸੇ ਵੀ ਅਗਵਾਈ ਕਰਦੀ ਹੈ ਕਿ ਪ੍ਰਭੂ ਦੇ ਭਗਤ ਜਨ ਆਤਮਕ ਮੁਰਦਿਆਂ ਨੂੰ ਸੁਰਜੀਤ ਕੀਤਾ ਕਰਦੇ ਹਨ । ਗੁਰਬਾਣੀ ਵਿਚ ਆਤਮਿਕ ਮੁਰਦਿਆਂ ਦਾ ਵਰਣਨ ਕਰਦਿਆਂ ਇਹ ਕਿਹਾ ਗਿਆ ਹੈ ਕਿ—

ਹਰਿ ਕੇ ਨਾਮ ਵਿਟਹੁ ਬਲਿ ਜਾਉ ।
ਤੂੰ ਵਿਸਰਹਿ ਤਦਿ ਹੀ ਮਰਿ ਜਾਉ ।

[ਗਉੜੀ ਮ: 3, ਪੰਨਾ 159

ਅਰਥਾਤ :—

ਸਤਿਗੁਰ ਕੀ ਸੇਵ ਨ ਕੀਨੀਆ ਹਰਿਨਾਮਿ ਨ ਲਗੋ ਪਿਆਰੁ ।
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪ ਮਾਰੇ ਕਰਤਾਰਿ ।
ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ।
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ।

[ਵਾਰ ਵਡਹੰਸ ਸ: ਮ: 3, ਪੰਨਾ 589

ਇਸੇ ਤਰ੍ਹਾਂ ਏਹਨਾਂ ਆਤਮ ਮੁਰਦਿਆਂ ਬਾਰੇ ਗੁਰਬਾਣੀ ਵਿਚ ਇਹ ਵੀ ਵਰਣਨ ਕੀਤਾ ਗਿਆ ਹੈ ਕਿ—

ਅਤਿ ਸੁੰਦਰ ਕਲੀਨ ਚਤੁਰ ਮੁਖਿ ਙਿਆਨੀ ਧਨਵੰਤ ।
ਮਿਰਤਕ ਕਹੀਐ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ ॥

[ਗਉੜੀ, ਮ: 5, ਪੰਨਾ 253

(ਬਾਕੀ ਦੇਖੋ ਅਗਲੇ ਪੰਨੇ 308 ਤੇ)

Digitized by Panjab Digital Library | www.panjabdigilib.org

ਸਕਦੀ ।

ਕ਼ੁਰਾਨ ਸ਼ਰੀਫ਼ ਵਿਚ ਲਿਖਿਆ ਹੈ ਕਿ :—

وَاللّٰهُ يُحْيِ وَيُمِيْتُ ـــــ وَاِنَّا لَنَحْنُ نُحْيِ
وَنُمِيْتُ وَنَحْنُ الْوٰرِثُوْنَ ○

ਅਰਥਾਤ :—ਬੇਸ਼ੱਕ ਸਾਜਨਹਾਰ ਪ੍ਰਭੂ ਹੀ ਮਾਰਨਹਾਰ ਤੇ ਜੀਵਾਲਨਹਾਰ ਹੈ ਤੇ ਉਹੋ ਹੀ ਹਰੇਕ ਦਾ ਵਾਰਸ ਵੀ ਹੈ । ਕੋਈ ਦੂਜਾ ਵਿਅਕਤੀ ਮਾਰਨ ਤੇ ਜੀਵਾ-ਲਨਹਾਰ ਤੇ ਸਮਰਥ ਨਹੀਂ ਹੋ ਸਕਦਾ । ਹਾਂ, ਰੱਬੀ ਜੀਉੜੇ 'ਲਿਮਾ ਯੁਹਯੀਕਮ' ਦੇ ਕਥਨ ਅਨੁਸਾਰ ਆਤਮਕ ਮੁਰਦੇ ਜ਼ਰੂਰ ਜ਼ਿੰਦਾ ਕੀਤਾ ਕਰਦੇ ਹਨ ।

---

(307 ਦਾ ਬਾਕੀ ਫੁਟ ਨੋਟ)

ਅਰਥਾਤ :—

ਗੁਰਮੁਖਿ ਮੁਏ ਜੀਵਦੇ ਪਰਵਾਣ ਹਰਿ ਮਨਮੁਖ ਜਨਮ ਮਰਾਹਿ ।
ਨਾਨਕ ਮੁਏ ਨ ਆਖੀਅਹਿ ਜਿਗੁਰ ਕੈ ਸਬਦਿ ਸਮਾਹਿ ॥

[ਵਾਰ ਸੋਰਠ, ਸ: ਮ: : 3, ਪੰਨਾ 643

ਇਸੇ ਤਰ੍ਹਾਂ ਇਹ ਵੀ ਵਰਣਨ ਕੀਤਾ ਗਿਆ ਹੈ ਕਿ—

ਆਪਿ ਜਗਾਏ ਸੋਇ ਜਾਗੇ ਗੁਰ ਕੈ ਸਬਦਿ ਵੀਚਾਰੀ ।
ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ ਭਗਤ ਜੀਵੈ ਵੀਚਾਰੀ ।

[ਰਾਮਕਲੀ ਮ: 3, ਪੰਨਾ 911

**ਅਰਥਾਤ** :—

ਮਰਣੰ ਬਿਸਰਣੰ ਗੋਬਿੰਦਹ ।
ਜੀਵਣੰ ਹਰਿਨਾਮ ਧ੍ਯਾਵਣਹ ॥

[ਗਾਥਾ, ਮ: 5, ਪੰਨਾ 1361

ਸੋ ਗੁਰਬਾਣੀ ਅਨੁਸਾਰ ਰੱਬ ਤੋਂ ਬੇਮੁਖ ਲੋਕ ਤੁਰਦੀਆ ਫਿਰਦੀਆਂ ਲੋਥਾਂ ਹਨ । ਭਗਤ ਜਨ ਤੇ ਰੱਬੀ ਜੀਉੜ ਓਹਨਾਂ ਨੂੰ ਪ੍ਰਭੂ ਨਾਲ ਜੋੜ ਕੇ ਜੀਆ-ਦਾਨ ਦਿਆ ਕਰਦੇ ਹਨ । ਏਹੋ ਓਹ ਰੂਹਾਨੀ ਮੁਰਦੇ ਹਨ, ਜੋ ਨਵੇਂ ਸਿਰਿਉਂ ਸੁਰਜੀਤ ਹੋਇਆ ਕਰਦੇ ਹਨ । ਸੱਚ ਹੈ—

ਇਹ ਮਿਰਤਕ ਮੜਾ ਸਰੀਰੁ ਹੈ ਸਭ ਜਗੁ ਜਿਤੁ ਰਾਮ ਨਾਮ ਨਹੀਂ ਵਸਿਆ ।
ਰਾਮ ਨਾਮ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ।

[ਬਸੰਤ, ਮ: ਪੰਨਾ 1191

Digitized by Panjab Digital Library | www.panjabdigilib.org

# ਪ੍ਰਭੂ ਇੱਕੋ ਇਕ ਹੀ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਬਾਰੇ ਇਹ ਵਿਚਾਰ ਵੀ ਪਰਗਟ ਕੀਤਾ ਹੈ ਕਿ ਉਹ ਇੱਕੋ ਇਕ ਹੈ ਅਤੇ ਉਸ ਜੇਹਾ ਕੋਈ ਹੋਰ ਨਹੀਂ ਹੈ, ਅਰਥਾਤ ਉਸ ਦਾ ਕੋਈ ਸ਼ਰੀਕ ਨਹੀਂ ਹੈ। ਕੁਰਾਨ ਸ਼ਰੀਫ਼ ਵਿਚ ਪ੍ਰਭੂ ਨੂੰ "ਅਹਦ" ਕਿਹਾ ਗਿਆ ਹੈ ਤੇ "ਅਹਦ" ਦਾ ਅਰਥ ਹੈ, ਜੋ ਆਪਣੀ ਜਾਤ, ਗੁਣਾਂ ਤੇ ਕਰਤਬਾਂ ਵਿਚ ਇੱਕੋ ਇਕ ਹੋਵੇ ਤੇ ਉਸ ਦਾ ਸਾਨੀ ਕੋਈ ਨਾ ਹੋਵੇ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਦੀ ਏਕਤਾ ਦਾ ਵਰਣਨ ਕਰਦਿਆਂ ਇਹ ਫ਼ਰਮਾਇਆ ਹੈ ਕਿ—

ਸਾਹਿਬੁ ਮੇਰਾ ਏਕੋ ਹੈ।
ਏਕੋ ਹੈ ਭਾਈ ਏਕੋ ਹੈ।

[ਆਸਾ ਮ: 1, ਪੰਨਾ 350

ਇਕ ਹੋਰ ਥਾਂ ਗੁਰੂ ਜੀ ਦਾ ਇਹ ਫ਼ਰਮਾਨ ਦਰਜ ਹੈ ਕਿ :—

ਏਕ ਨਿਰੰਜਨੁ ਗੁਰਮੁਖਿ ਜਾਤਾ।
ਦੂਜਾ ਮਰਿ ਸਬਦਿ ਪਛਾਤਾ।
ਏਕੋ ਹੁਕਮੁ ਵਰਤੈ ਸਭ ਲੋਈ।
ਏਕਸੁ ਤੇ ਸਭ ਓਪਤਿ ਹੋਈ।

[ਗਉੜੀ, ਮ: 1, ਪੰਨਾ 223

**ਅਰਥਾਤ :—**

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ।

[ਆਸਾ ਮ: 1, ਪੰਨਾ 420



Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਏਹਨਾਂ ਪਵਿੱਤਰ ਵਾਕਾਂ ਵਿਚ ਪ੍ਰਭੂ ਦੀ ਏਕਤਾ ਹੀ ਵਰਣਨ ਕੀਤੀ ਗਈ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਉਸ ਜੇਹਾ ਕੋਈ ਹੋਰ ਨਹੀਂ ਹੈ। ਉਹ ਆਪਣੇ ਜ਼ਾਤੀ ਗੁਣਾ ਤੇ ਕਰਤਬਾਂ ਅਨੁਸਾਰ ਇੱਕੋ ਇਕ ਹੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਵਰਣਨ ਹੈ ਕਿ :—

ਪਾਰਬ੍ਰਹਮ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ।
ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥
[ਸਿਰੀਰਾਗ, ਮ: 5, ਪੰਨਾ 45

**ਅਰਥਾਤ** :—

ਸਚੇ ਬਾਝਹੁ ਕੋ ਅਵਰੁ ਨ ਦੂਆ।
ਦੂਜੈ ਲਾਗਿ ਜਗੁ ਖਪਿ ਖਪਿ ਮੂਆ।
ਗੁਰਮੁਖਿ ਹੋਵੈ ਸੁ ਏਕੋ ਜਾਣੈ
ਏਕੋ ਸੇਵਿ ਸੁਖੁ ਪਾਵਣਿਆ ॥
[ਮਾਝ, ਮ: 3, ਪੰਨਾ 270

ਗੁਰਬਾਣੀ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਵਿਚ ਪ੍ਰਭੂ ਦੀ ਏਕਤਾ ਵਰਣਨ ਕੀਤੀ ਹੈ ਤੇ ਇਹ ਦੱਸਿਆ ਗਿਆ ਹੈ ਕਿ ਉਸ ਜੇਹਾ ਕੋਈ ਹੋਰ ਨਹੀਂ ਹੈ।

ਪ੍ਰਭੂ ਦੀ ਏਕਤਾ ਦਾ ਸਬੂਤ ਸਾਰੇ ਵਿਸ਼ਵ ਦੀ ਹਰੇਕ ਚੀਜ਼ ਤੋਂ ਮਿਲ ਰਿਹਾ ਹੈ: ਕਿਉਂ ਜੁ ਪ੍ਰਭੂ ਦੀ ਸਾਜੀ ਹਰੇਕ ਚੀਜ਼ ਆਪਣੇ ਅਕਾਰ, ਗੁਣ ਤੇ ਸੁਭਾਓ ਅਨੁਸਾਰ ਇੱਕੋ ਇਕ ਹੀ ਹੈ। ਕੋਈ ਵੀ ਦੂਜੀ ਚੀਜ਼ ਉਸ ਨਾਲ ਪੂਰਣ ਤੌਰ ਤੇ ਮੇਲ ਨਹੀਂ ਖਾਂਦੀ। ਉਸ ਦੇ ਰਚਨਹਾਰ ਨੇ ਉਸ ਵਿਚ ਕੋਈ ਨਾ ਕੋਈ ਫ਼ਰਕ ਜ਼ਰੂਰ ਰੱਖ ਦਿੱਤਾ ਹੋਇਆ ਹੈ। ਇਕ ਰੁਖ ਨਾਲ ਲੱਗੇ ਹਜ਼ਾਰਾਂ ਪੱਤੇ ਆਪਸ ਵਿਚ ਨਹੀਂ ਮਿਲਦੇ ਤੇ ਨਾ ਕੋਈ ਦੋ ਮਨੁੱਖ ਹੀ ਆਪਣੀ ਸ਼ਕਲ ਸੂਰਤ, ਕਦ ਤੇ ਗੁਣਾਂ ਅਨੁਸਾਰ ਪੂਰਣ ਤੌਰ ਤੇ ਇਕ ਸਮਾਨ ਹਨ। ਸਾਜਨਹਾਰ ਪ੍ਰਭੂ ਨੇ ਓਹਨਾਂ ਦੀਆਂ ਸ਼ਕਲਾਂ-ਸੂਰਤਾਂ ਤੇ ਸੁਭਾਵਾਂ ਆਦਿ ਵਿਚ ਵੱਡਾ ਫਰਕ ਰੱਖਿਆਂ ਹੋਇਆ ਹੈ ਤੇ ਇਹ ਫ਼ਰਕ ਹੀ ਵਾਸਤਵ ਵਿਚ ਇਸ ਜਗ ਦੀ ਸਜਾਵਟ ਤੇ ਪ੍ਰਬੰਧ ਨੂੰ ਕਾਇਮ ਰੱਖਣ ਦਾ ਮੂਲ ਕਾਰਣ ਹੈ। ਜੇ ਕੋਈ ਦੋ ਬੰਦੇ ਆਪਸ ਵਿਚ ਪੂਰਣ ਤੌਰ ਤੇ ਮਿਲਦੇ ਹੁੰਦੇ, ਤਾਂ

Digitized by Panjab Digital Library | www.panjabdigilib.org

ਇਕ ਦੇ ਬਦਲੇ ਦੂਜਾ ਫੜਿਆ ਜਾਂਦਾ ਅਤੇ ਇਕ ਦਾ ਲਹਿਣੇਦਾਰ ਦੂਜੇ ਦੇ ਜਾ ਗੱਲ ਪੈਂਦਾ ਤੇ ਸਾਰੇ ਸਮਾਜ ਵਿਚ ਵੱਡਾ ਵਿਗਾੜ ਪੈ ਜਾਂਦਾ। ਗੁਰਬਾਣੀ ਵਿਚ ਇਸੇ ਹੀ ਭਾਵ ਨੂੰ ਮੁਖ ਰਖ ਕੇ ਇਹ ਕਿਹਾ ਗਿਆ ਹੈ ਕਿ :—

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ।
ਕੋਇ ਨ ਕਿਸਹੀ ਜੇਹਾ ਉਪਾਇਆ।
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ।

[ਮਾਰੂ, ਮ: 3, ਪੰਨਾ 1056

ਸ੍ਰੀ ਗੁਰੂ ਜੀ ਨੇ ਆਪ ਹੀ ਫ਼ਰਮਾਇਆ ਹੈ ਕਿ :—

ਇਕਤੁ ਰੂਪਿ ਫਿਰਹਿ ਪਰਛੰਨਾ
ਕੋਇ ਨ ਕਿਸਹੀ ਜੇਹਾ ॥

[ਸੋਰਠ ਮ; 1, ਪੰਨਾ 596

**ਅਰਥਾਤ** :—

ਜਹ ਦੇਖਉ ਤਹ ਏਕੋ ਏਕਾ।
ਹੋਰਿ ਜੀਅ ਉਪਾਏ ਵੇਕੋ ਵੇਕਾ।

[ਬਿਲਾਵਲ, ਮ: 1, ਪੰਨਾ 840

ਇਸੇ ਤਰ੍ਹਾਂ ਇਕ ਥਾਂ ਇਹ ਵਰਣਨ ਹੈ ਕਿ—

ਨਵਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ।
ਵੇਕੀ ਜੰਤ ਓਪਾਇ ਅੰਤਰਿ ਕਲ ਧਾਰਿਆ।
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣ ਹਾਰਿਆ।
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ।

[ਮਾਰੂ, ਮ: 5, ਪੰਨਾ 1034

**ਅਰਥਾਤ** :—

ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ।
ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ ॥
... ... ...
ਤੁਧੁ ਜੇਵਡੁ ਮੈ ਨਹੀ ਕੋ ਕਿਸੁ ਆਖਿ ਸੁਣਾਈ।

[ਵਾਰ ਰਾਮਕਲੀ, ਮ: 3, ਪੰਨਾ 347

Digitized by Panjab Digital Library | www.panjabdigilib.org

ਗੁਰਬਾਣੀ ਦੇ ਇਹਨਾਂ ਸਾਰੇ ਪਵਿਤਰ ਵਾਕਾਂ ਦਾ ਸਾਰ ਏਹੋ ਹੀ ਹੈ ਕਿ ਸਾਜਣਹਾਰ ਪ੍ਰਭੂ ਆਪ ਇਕੋ ਇਕ ਹੈ ਤੇ ਉਸਨੇ ਹਰੇਕ ਚੀਜ਼ ਇਕੋ ਇਕ ਹੀ ਸਾਜੀ ਹੈ। ਕੋਈ ਇਕ ਚੀਜ਼ ਦੂਜੀ ਨਾਲ ਨਹੀਂ ਮਿਲਦੀ।

ਮਸ਼ਹੂਰ ਸਿੱਖ ਬਜ਼ੁਰਗ ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਇਹ ਫ਼ਰਮਾਇਆ ਹੈ ਕਿ—

ਰਚਨਾ ਚਰਿਤ੍ਰ ਬਿਸਮ ਬਚਿਤ੍ਰ ਮਨ
ਕਾਹੂ ਸੋ ਨ ਕੋਊ ਕੀਨੋ ਏਕ ਹੀ ਅਨੇਕ ਹੈ।

... ... ...

ਰੂਪ ਰੇਖ ਲੇਖ ਭੇਖ ਨਾਦਬਾਦ ਨਾਨਾ ਬਿਧਿ
ਅਗਮ ਅਗਾਧ ਬੋਧਿ ਬ੍ਰਹਮ ਬਿਬੇਕ ਹੈ।

[ਕਬਿਤ ਸਵੈਈਏ 342

**ਅਰਥਾਤ :—**

"ਸਾਰੀ ਸ੍ਰਿਸ਼ਟੀ ਤੇ ਉਸਦਾ ਸਭ ਕੁਝ ਇਕੋ ਇਕ ਹੀ ਹੈ। ਦੂਈ ਕਿਤੇ ਹੈ ਈ ਨਹੀਂ। ਜੋ ਕੁਝ ਦਿਸਦਾ ਹੈ, ਉਸਦੀ ਬਾਹਰਲੀ ਰੂਪ ਰੇਖਾ ਭਾਵੇਂ ਕੁਝ ਹੋਵੇ, ਵਾਸਤਵ ਵਿਚ ਉਹ ਸਭ ਕੁਝ ਇਕੋ ਇਕ ਵਾਹਿਗੁਰੂ ਦਾ ਹੀ ਚਮਤਕਾਰ ਹੈ।"

[ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ, ਪੰਨਾ 196

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

قُلْ هُوَ اللّٰهُ اَحَدٌ

**ਅਰਥਾਤ**—ਤੁਸੀਂ ਇਸ ਗੱਲ ਦਾ ਐਲਾਨ ਕਰ ਦਿਓ ਕਿ ਪ੍ਰਭੂ ਇਕੋ ਇਕ ਹੀ ਹੈ। ਉਸ ਜੇਹਾ ਕੋਈ ਵੀ ਹੋਰ ਨਹੀਂ ਹੈ।

ਇਕ ਹੋਰ ਥਾਂ ਇਹ ਵਰਣਨ ਹੈ ਕਿ—

قُلْ اِنَّمَآ اَدْعُوْا رَبِّيْ وَلَآ اُشْرِكُ بِهٖٓ اَحَدًا

**ਅਰਥਾਤ**—ਤੂੰ ਇਹ ਵੀ ਐਲਾਨ ਕਰ ਦੇ ਕਿ ਮੈਂ ਤਾਂ ਕੇਵਲ ਆਪਣੇ ਇਕੋ ਇਕ ਪ੍ਰਭੂ ਦੀ ਹੀ ਬੰਦਗੀ ਕਰਦਾ ਹਾਂ ਅਤੇ ਕਿਸੇ ਨੂੰ ਵੀ ਉਸਦੀ ਬਰਾਬਰੀ ਨਹੀਂ ਦਿੰਦਾ।

———

Digitized by Panjab Digital Library | www.panjabdigilib.org

# ਪ੍ਰਭੂ ਬੇ-ਮੁਹਤਾਜ ਹੈ
# ਤੇ
# ਸਾਰੇ ਉਸਦੇ ਮੁਹਤਾਜ ਹਨ

ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਨੂੰ ਬੇਮੁਹਤਾਜ ਵੀ ਵਰਣਨ ਕੀਤਾ ਹੈ ਅਤੇ ਇਹ ਵੀ ਦਸਿਆ ਹੈ ਕਿ ਸਾਰੇ ਹੀ ਉਸਦੇ ਮੁਹਤਾਜ ਹਨ; ਜਿਹਾ ਕਿ ਆਪਦਾ ਫ਼ਰਮਾਨ ਹੈ ਕਿ—

ਬੇਮੁਹਤਾਜ ਬੇਅੰਤ ਅਪਾਰਾ ।
ਸਚ ਪਤੀਜੈ ਕਰਣੈਹਾਰਾ ॥

[ਬਸੰਤ ਮ: 1, ਪੰਨਾ 119

ਗੁਰਬਾਣੀ ਵਿਚ ਇਹ ਵਰਣਨ ਹੈ ਕਿ—

ਸਭ ਸਾਹਾ ਸਿਰਿ ਸਾਚਾ ਸਾਹੁ ।
ਵੇਮੁਹਤਾਜੁ ਪੂਰਾ ਪਾਤਿਸਾਹੁ ।

[ਰਾਮਕਲੀ, ਮ: 5, ਪੰਨਾ 893

**ਅਰਥਾਤ**---ਸਾਜਨਹਾਰ ਪ੍ਰਭੂ ਪਾਤਸ਼ਾਹਾਂ ਦਾ ਪਾਤਸ਼ਾਹ ਹੈ ਤੇ ਪਾਤਸ਼ਾਹ ਵੀ ਉਸਦੇ ਮੁਹਤਾਜ ਹਨ । ਉਹ ਆਪ ਬੇਮੁਹਤਾਜ ਹੈ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ---

اَللّٰهُ الصَّمَدُ ○

**ਅਰਥਾਤ**---ਪ੍ਰਭੂ ਆਪ ਬੇਮੁਹਤਾਜ ਹੈ ਤੇ ਹੋਰ ਸਾਰੇ ਹੀ ਉਸਦੇ ਮੁਹਤਾਜ ਹਨ ।



Digitized by Panjab Digital Library | www.panjabdigilib.org

# ਪ੍ਰਭੂ ਮਾਤਾ-ਪਿਤਾ ਤੇ ਧੀਆਂ-ਪੁੱਤਰਾਂ ਤੋਂ ਰਹਿਤ ਹੈ

ਕਈ ਧਰਮਾਂ ਦੇ ਅਨੁਯਾਈਆਂ ਨੇ ਪ੍ਰਭੂ ਦੇ ਪੁੱਤਰ ਵੀ ਕਲਪੇ ਹੋਏ ਹਨ। ਇਸ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਵਿਚਾਰ ਸੀ ਕਿ ਸਾਜਨਹਾਰ ਪ੍ਰਭੂ ਮਾਤਾ-ਪਿਤਾ ਤੇ ਧੀਆਂ-ਪੁੱਤਰਾਂ ਆਦਿ ਸਾਕ-ਸੰਬੰਧੀਆਂ ਤੋਂ ਰਹਿਤ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨ ਤਿਸੁ ਕਾਮੁ ਨਾ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ॥

[ਸੋਰਠ, ਮ: 1, ਪੰਨਾ 597

**ਅਰਥਾਤ :—**

ਜਗੁ ਤਿਸ ਕੀ ਛਾਇਆ ਤਿਸੁ ਬਾਪੁ ਨ ਮਾਇਆ।
ਨਾ ਤਿਸੁ ਭੈਣ ਨ ਭਰਾਉ ਕਮਾਇਆ।

[ਮਾਰੂ ਮ: 1, ਪੰਨਾ 1038

ਸ੍ਰੀ ਗੁਰੂ ਜੀ ਨੇ ਏਹਨਾਂ ਦੋਹਾਂ ਪਵਿਤਰ ਸ਼ਬਦਾਂ ਵਿਚ ਸਾਜਨਹਾਰ ਪ੍ਰਭੂ ਨੂੰ ਮਾਤ–ਪਿਤਾ, ਧੀਆਂ-ਪੁੱਤਰਾਂ ਤੇ ਹੋਰ ਸਾਕ-ਸੰਬੰਧੀਆਂ ਤੋਂ ਰਹਿਤ ਵਰਣਨ ਕੀਤਾ ਹੈ। ਇਸਦੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਉਹ ਅਗਮ ਅਗੋਚਰ ਤੇ ਨਿਰੰਜਨ ਵੀ ਹੈ। ਸਾਰਾ ਵਿਸ਼ਵ ਉਸੇ ਦੁਆਰਾ ਹੀ ਹੋਂਦ ਵਿਚ ਆਇਆ ਹੈ। ਹਰੇਕ ਚੀਜ਼ ਵਿਚ ਉਸੇ ਦੀ ਜੋਤਿ ਦਾ ਪ੍ਰਕਾਸ਼ ਹੋ ਰਿਹਾ ਹੈ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ।
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ।

[ਵਾਰ ਮਲਾਰ ਮ: 1, ਪੰਨਾ 1279



Digitized by Panjab Digital Library | www.panjabdigilib.org

ਗੁਰੂ ਜੀ ਦੇ ਇਸ ਪਵਿਤਰ ਵਾਕ ਵਿਚ ਏਹੋ ਵਿਚਾਰ ਅੰਕਿਤ ਹੈ ਕਿ ਸਾਜਨਹਾਰ ਤੇ ਅਰੂਪ ਪ੍ਰਭੂ ਮਾਤਾ-ਪਿਤਾ ਤੋਂ ਰਹਿਤ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਵੀ ਵਰਣਨ ਹੈ ਕਿ—

ਸੰਕਟਿ ਨਹੀ ਪਰੈ ਯੋਨਿ ਨਹੀ ਆਵੈ ਨਾਮ ਨਿਰੰਜਨ ਜਾ ਕੋ ਰੇ ।
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੇ ਮਾਈ ਨ ਬਾਪੋ ਰੇ ।

[ਗਉੜੀ, ਕਬੀਰ, ਪੰਨਾ 339

**ਅਰਥਾਤ**—ਸਾਜਨਹਾਰ ਪ੍ਰਭੂ ਕਿਸੇ ਵੀ ਸੰਕਟ ਵਿਚ ਨਹੀਂ ਆਉਂਦਾ ਤੇ ਉਹ ਮਾਤ-ਪਿਤਾ ਤੋਂ ਰਹਿਤ ਹੈ ।

ਸ੍ਰੀ ਦਸਮ ਗਰੰਥ ਵਿਚ ਇਹ ਲਿਖਿਆ ਹੈ ਕਿ—

ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ।

[ਸ੍ਰੀ ਦਸਮ ਗਰੰਥ, ਪੰਨਾ 4

**ਅਰਥਾਤ** :—

ਤਾਤ ਮਾਤ ਤਿਹ ਜਾਤ ਨ ਮਾਤਾ ।
ਏਕ ਰੰਗ ਕਾਹੂ ਨਹੀ ਰਾਤਾ ।

[ਸ੍ਰੀ ਦਸਮ ਗਰੰਥ, ਪੰਨਾ 10

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਨ ਕਰਮੰ ਨ ਭਰਮੰ ਨ ਜਾਤੰ ਨ ਜਨਮੰ ।
ਨ ਮਿਤ੍ਰੰ ਨ ਸਤ੍ਰੰ ਨ ਪਿਤ੍ਰੰ ਨ ਮਾਤੰ ॥
ਨ ਨੇਹੰ ਨ ਗੇਹੰ ਨ ਕਾਮੰ ਨ ਧਾਮੰ ॥
ਨ ਪੁਤ੍ਰੰ ਨ ਮਿਤ੍ਰੰ ਨ ਸੰਤ੍ਰੰ ਨ ਧਾਮੰ ॥

[ਸ੍ਰੀ ਦਸਮ ਗਰੰਥ, ਪੰਨਾ 18

ਇਸੇ ਤਰ੍ਹਾਂ ਦਸਮ ਗਰੰਥ ਵਿਚ ਇਹ ਵੀ ਵਰਣਨ ਹੈ ਕਿ—

ਨ ਦੇਹ ਹੈ ਨ ਗੇਹ ਹੈ ਨ ਜਾਤ ਹੈ ਨ ਪਾਤ ਹੈ ।
ਨ ਮੰਤ੍ਰ ਹੈ ਨ ਮਿਤ੍ਰ ਹੈ ਨ ਤਾਤ ਹੈ ਨ ਮਾਤ ਹੈ ।

[ਦਸਮ ਗਰੰਥ, ਪੰਨਾ 24

Digitized by Panjab Digital Library | www.panjabdigilib.org

ਸ੍ਰੀ ਦਸਮ ਗਰੰਥ ਦੇ ਏਹਨਾਂ ਸ੍ਰੀ ਮੁਖਵਾਕਾਂ ਤੋਂ ਵੀ ਏਹੋ ਸਿਧ ਹੈ ਕਿ ਸਾਜਨਹਾਰ ਪ੍ਰਭੂ ਮਾਤਾ-ਪਿਤਾ, ਧੀਆਂ-ਪੁੱਤਰਾਂ ਤੇ ਹੋਰ ਸਾਕ-ਸੰਬੰਧੀਆਂ ਤੋਂ ਰਹਿਤ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

لَمْ يَلِدْ وَلَمْ يُوْلَدْ ۝

اَنّٰى يَكُوْنُ لَهٗ وَلَدٌ وَّلَمْ تَكُنْ لَّهٗ صَاحِبَةٌ
وَخَلَقَ كُلَّ شَيْءٍ وَهُوَ بِكُلِّ شَيْءٍ عَلِيْمٌ ۝

**ਅਰਥਾਤ**— ਸਾਜਨਹਾਰ ਪ੍ਰਭੂ ਮਾਤਾ-ਪਿਤਾ ਤੇ ਧੀਆਂ-ਪੁੱਤਰਾਂ ਤੋ ਰਹਿਤ ਹੈ। ਨ ਉਸਨੂੰ ਕਿਸੇ ਨੇ ਜਣਿਆ ਹੈ ਤੇ ਨਾ ਹੀ ਉਸਨੂੰ ਕਿਸੇ ਨੇ ਸਾਜਿਆ ਹੈ। ਉਹ ਆਪਣੇ ਆਪ ਤੋਂ ਹੀ ਹੈ।

ਗੁਰੂ ਨਾਨਕ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕਿ—

ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ।

[ਮਾਰੂ ਮ: 1, ਪੰਨਾ 1021

**ਅਰਥਾਤ** :—

ਇਕੋ ਇਕ ਖ਼ੁਦਾਇ ਹੈ ਜਿਸਦਾ ਮਾਇ ਨ ਬਾਪ ਾ।

[ਜਨਮ ਸਾਖੀ ਭਾ: ਬਾਲਾ, ਪੰਨਾ 134

———

Digitized by Panjab Digital Library | www.panjabdigilib.org

# ਪ੍ਰਭੂ ਜੇਹਾ ਹੋਰ ਕੋਈ ਨਹੀਂ

ਸ੍ਰੀ ਗੁਰੂ ਨਾਨਕ ਜੀ ਨੇ ਆਪਣੀ ਪਵਿਤਰ ਬਾਣੀ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਪ੍ਰਭੂ ਜੇਹਾ ਹੋਰ ਕੋਈ ਨਹੀਂ ਹੈ, ਉਹ ਆਪਣੇ ਜੇਹਾ ਆਪ ਹੀ ਹੈ; ਜਿਹਾ ਕਿ ਆਪਦਾ ਫ਼ਰਮਾਨ ਹੈ ਕਿ—

ਭਰਪੁਰਿ ਧਾਰਿ ਰਹੇ ਮਨ ਮਾਹੀ ।
ਤੁਮ ਸਮਸਰਿ ਅਵਰੁ ਕੋ ਨਾਹੀ ॥

[ਆਸਾ, ਮ: 1, ਪੰਨਾ 416

**ਅਰਥਾਤ**—ਸਾਜਨਹਾਰ ਪ੍ਰਭੂ ਜੇਹਾ ਹੋਰ ਕੋਈ ਨਹੀਂ ਹੈ, ਉਸ ਜੇਹਾ ਉਹੋ ਹੀ ਹੈ । ਇਕ ਹੋਰ ਥਾਂ ਗੁਰੂ ਜੀ ਦਾ ਇਹ ਵਾਕ ਹੈ ਕਿ—

ਅਵਰੁ ਨ ਦੀਸੈ ਕਿਸੁ ਸਾਲਾਹੀ
ਤਿਸਹਿ ਸਰੀਕੁ ਨ ਕੋਈ ।!

[ਸੋਰਠ, ਮ: 1, ਪੰਨਾ 597

**ਅਰਥਾਤ**—ਪ੍ਰਭੂ ਜੇਹਾ ਹੋਰ ਕੋਈ ਵੀ ਨਹੀਂ ਹੈ । ਉਸ ਜੇਹਾ ਉਹ ਆਪ ਹੀ ਹੈ । ਸ੍ਰੀ ਗੁਰੂ ਜੀ ਦਾ ਇਹ ਫ਼ਰਮਾਨ ਵੀ ਹੈ ਕਿ—

ਗੁਣੁ ਏਹੋ ਹੋਰੁ ਨਾਹੀ ਕੋਇ ।
ਨਾ ਕੋ ਹੋਆ ਨਾ ਕੋ ਹੋਇ ।

[ਆਸਾ ਮ: 1 ਪੰਨਾ 349

**ਅਰਥਾਤ**—ਪ੍ਰਭੂ ਜੇਹਾ ਨਾ ਕੋਈ ਹੋਇਆ ਤੇ ਨਾ ਹੋਵੇਗਾ । ਉਸ ਜੇਹਾ ਉਹ ਆਪ ਹੀ ਹੈ ।

ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—



Digitized by Panjab Digital Library | www.panjabdigilib.org

ਤੇਰੀ ਵਡਿਆਈ ਤੂਹੈ ਜਾਣਦਾ ਤੁਧ ਜੇਵਡੁ ਅਵਰੁ ਨ ਕੋਈ ।
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ।

[ਵਾਰ ਵਿਹਾਗੜਾ, ਮ: 4, ਪੰਨਾ 549

**ਅਰਥਾਤ**—ਪ੍ਰਭੂ ਜੇਹਾ ਹੋਰ ਕੋਈ ਨਹੀਂ ਹੈ । ਉਹੋ ਇਕੋ ਇਕ ਰਚਨਹਾਰ ਤੇ ਅਨਾਦੀ ਹੈ । ਉਹ ਹਰ ਥਾਂ ਹਾਜ਼ਰ-ਨਾਜ਼ਰ ਹੈ ਤੇ ਅਬਿਨਾਸੀ ਵੀ ਹੈ ।

ਗੁਰੂ ਗਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ—

ਕਹੁ ਨਾਨਕ ਗੁਰਿ ਖੋਏ ਭਰਮ ।
ਏਕੋ ਅਲਾਹੁ ਪਾਰ ਬ੍ਰਹਮ ।

[ਰਾਮਕਲੀ, ਮ: 5, ਪੰਨਾ 897

ਕੁਰਾਨ ਸ਼ਰੀਫ਼ ਵਿਚ ਲਿਖਿਆ ਹੈ ਕਿ—

لَمْ يَكُنْ لَهُ كُفُوًا اَحَدٌ — لَا شَرِيكَ لَهُ
— لَيْسَ كَمِثْلِهِ شَيْءٌ

**ਅਰਥਾਤ**—ਸਾਜਨਹਾਰ ਪ੍ਰਭੂ ਜੇਹਾ ਕੋਈ ਹੋਰ ਨਹੀਂ ਹੈ । ਉਸਦਾ ਕੋਈ ਵੀ ਸ਼ਰੀਕ ਨਹੀਂ ਹੈ ਤੇ ਨਾ ਹੀ ਉਸ ਜੇਹੀ ਕੋਈ ਹੋਰ ਚੀਜ਼ ਹੈ । ਉਹ ਆਪਣੇ ਨਿਜ ਸਰੂਪ ਤੇ ਗੁਣਾਂ ਅਨੁਸਾਰ ਇਕੋ ਇਕ ਹੀ ਹੈ ।

ਗੁਰੂ ਗਰੰਥ ਸਾਹਿਬ ਵਿਚ ਰੱਬ ਦੇ ਸ਼ਰੀਕ ਹੋਣ ਦਾ ਇਨਕਾਰ ਕਰਦਿਆਂ ਹੋਇਆਂ ਇਹ ਕਿਹਾ ਗਿਆ ਹੈ ਕਿ—

ਤੇਰਾ ਸਰੀਕੁ ਕੋ ਨਾਹੀ ਜਿਸ ਕੋ ਲਵੈ ਲਾਇ ਸੁਣਾਇਆ ।
ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ ਤੂ ਹੈ ਸਚੁ ਮੇਰੇ ਮਨਿ ਭਾਇਆ ।

[ਗਉੜੀ, ਮ: 5, ਪੰਨਾ 301

**ਅਰਥਾਤ**—ਇਹ ਅਸਲੀਅਤ ਮੇਰੇ ਮਨ ਨੂੰ ਪਸੰਦ ਆ ਗਈ ਹੈ ਕਿ ਤੇਰੇ ਜੇਹਾ ਹੋਰ ਕੋਈ ਵੀ ਨਹੀਂ ਹੈ । ਆਪਣੇ ਜੇਹਾ ਤੂੰ ਆਪ ਹੀ ਹੈਂ ।

ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ।

[ਮਾਰੂ ਮ: 1, ਪੰਨਾ 102

Digitized by Panjab Digital Library | www.panjabdigilib.org

**ਅਰਥਾਤ**—ਉਸਦਾ ਕੋਈ ਹੋਰ ਸ਼ਰੀਕ ਨਹੀਂ ਹੈ। ਉਹ ਅਪਰ ਅਪਾਰ ਹੈ। ਮਨੁੱਖ ਦੀ ਬੁਧੀ ਉਸਦਾ ਘੇਰਾ ਨਹੀਂ ਕਰ ਸਕਦੀ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ---

ਤੁਮ ਸਰ ਅਵਰੁ ਨ ਕੋਇ ਆਇਆ ਜਾਇਸੀ ਜੀਉ।

[ਧਨਾਸਰੀ ਮ: 1, ਪੰਨਾ 688

ਜਨਮਸਾਖੀ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਦਰਜ ਹੈ ਕਿ—

ਵਹਦਾ ਹੂ ਲਾ ਸ਼ਰੀਕ ਹੈ ਇਕ ਕਾਦਰ ਆਪ ਅਲਾਹ।

[ਜਨਮ ਸਾਖੀ, ਭਾ: ਬਾਲਾ, ਪੰਨਾ 134

ਵਹਦਾ ਹੂ ਲਾ ਸ਼ਰੀਕ ਹੈ ਦੂਜਾ ਹੋਆ ਨ ਹੋਇ ॥

[ਜਨਮ ਸਾਖੀ ਭਾ: ਬਾਲਾ, ਪੰਨਾ 134

Digitized by Panjab Digital Library | www.panjabdigilib.org

# ਪ੍ਰਭੂ ਆਦਿ ਅੰਤ ਰਹਿਤ ਅਨਾਦੀ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਨੂੰ ਅਨਾਦੀ ਤੇ ਆਦਿ ਅੰਤ ਰਹਿਤ ਮੰਨਿਆ ਹੈ । ਗੁਰੂ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਤੋਂ ਛੁੱਟ ਬਾਕੀ ਸਾਰੀਆਂ ਚੀਜ਼ਾਂ ਆਦਿ-ਅੰਤ ਵਾਲੀਆਂ ਹਨ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ—

ਅਗਮ ਅਗੋਚਰੁ ਅਪਰ ਅਪਾਰਾ ਪਾਰ ਬ੍ਰਹਮ ਪਰਧਾਨੋ ।
ਆਦਿ[1] ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ।

[ਆਸਾ, ਮ: 1, ਪੰਨਾ 437

ਗੁਰੂ ਜੀ ਨੇ ਆਪਣੀ ਪ੍ਰਸਿਧ ਬਾਣੀ—ਜਪੁਜੀ—ਵਿਚ ਆਪਣੇ ਪ੍ਰਭੂ ਬਾਰੇ ਇਹ ਫ਼ਰਮਾਇਆ ਹੈ ਕਿ—

ਆਦੇਸ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।

[ਜਪੁਜੀ, ਪੰਨਾ 6

---

(1) ਪ੍ਰਿੰਸੀਪਲ ਤੇਜਾ ਸਿੰਘ ਜੀ ਲਿਖਦੇ ਹਨ ਕਿ—

"ਰੱਬ ਦੇ ਆਦਿ ਹੋਣ ਤੋਂ ਸਿਧ ਹੁੰਦਾ ਹੈ ਕਿ ਲੋਕਾਂ ਨੇ ਜੋ ਪ੍ਰਮਾਤਮਾ ਦੇ ਨਾਲ ਜੀਵ ਤੇ ਪ੍ਰਕਿਰਤੀ ਨੂੰ ਵੀ ਅਨਾਦੀ ਮੰਨਿਆਂ ਹੋਇਆ ਸੀ, ਉਹ ਠੀਕ ਨਹੀਂ ।"

[ਜਪੁਜੀ, ਸਟੀਕ, ਪੰਨਾ 167



Digitized by Panjab Digital Library | www.panjabdigilib.org

**ਅਰਥਾਤ**—ਇਸ ਸ੍ਰਿਸ਼ਟੀ ਵਿਚ ਉਸੇ ਸਾਜਨਹਾਰ ਪ੍ਰਭੂ ਦਾ ਹੀ ਹੁਕਮ ਚਲ ਰਿਹਾ ਹੈ, ਜੋ ਅਨਾਦੀ ਹੈ ਤੇ ਜਿਸ ਦਾ ਆਦਿ-ਅੰਤ ਨਹੀਂ ਹੈ ਅਤੇ ਜੁਗੁ ਜੁਗੁ ਏਕੋ ਵੇਸ ਹੈ ਉਸ ਵਿਚ ਕੋਈ ਵਟਾਉ-ਸਟਾਉ ਨਹੀਂ ਹੈ।

ਜਨਮਸਾਖੀ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਹੈ ਕਿ :—

ਅਵਲ ਆਖਰ ਇਕ ਹੈ ਵਿਚ ਵਿਚ ਫਾਨੀ ਜਾਨ।

[ਜਨਮਸਾਖੀ, ਭਾ: ਬਾਲਾ, ਪੱਨਾ 176

ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਪਵਿੱਤਰ ਵਾਕ ਹੈ ਕਿ :—

ਆਦਿ ਅੰਤ ਦਇਆਲ ਪੂਰਨ
ਤਿਸੁ ਬਿਨੁ ਨਹੀ ਕੋਇ ॥

[ਧਨਾਸਰੀ ਮ: 5, ਪੰਨਾ 675

**ਅਰਥਾਤ**—ਹਰੇਕ ਚੀਜ਼ ਦਾ ਆਦਿ ਤੇ ਅੰਤ ਪ੍ਰਭੂ ਹੀ ਹੈ; ਕਿਉਂਕਿ ਉਹੋ ਇੱਕੋ ਇਕ ਹੀ ਆਦਿ-ਅੰਤ ਰਹਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਵਰਣਨ ਹੈ ਕਿ—

ਆਦਿ ਅੰਤ ਪ੍ਰਭ ਅਗਮ ਅਗਾਹੀ।

[ਮਾਰੂ, ਮ: 5, ਪੰਨਾ 1005

**ਅਰਥਾਤ**—ਆਦਿ-ਤੇ-ਅੰਤ ਸਾਜਨਹਾਰ ਪ੍ਰਭੂ ਹੀ ਹੈ।

ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭਿ ਬੰਦੇ।

[ਪ੍ਰਭਾਤੀ, ਕਬੀਰ, ਪੰਨਾ 1349

**ਅਰਥਾਤ**—ਆਦਿ ਪੁਰਖ ਅੱਲਾਹ ਨੇ ਸਭ ਤੋਂ ਪਹਿਲਾਂ ਨੂਰ ਦੀ ਸਾਜਨਾ ਕੀਤੀ ਸੀ ਤੇ ਫੇਰ ਉਸ ਤੋਂ ਆਪਣੀ ਕੁਦਰਤ ਨਾਲ ਮਨੁੱਖਾਂ ਦੀ ਰਚਨਾ ਕੀਤੀ ਸੀ।

ਦਸਮ ਗ੍ਰੰਥ ਵਿਚ ਵੀ ਪ੍ਰਭੂ ਨੂੰ ਅਨਾਦੀ-(ਆਦਿ-ਅੰਤ-ਰਹਿਤ) ਵਰਣਨ ਕੀਤਾ ਗਿਆ ਹੈ; ਜਿਹਾ ਕਿ :—

ਆਦਿ ਅਨਾਦਿ ਅਗਾਧਿ ਸਦਾ ਪ੍ਰਭ
ਸਿਧ ਸ੍ਰੂਪ ਸਬੋ ਪਹਚਾਨਯੋ।

[ਸ੍ਰੀ ਦਸਮ ਗ੍ਰੰਥ, ਪੰਨਾ 642

Digitized by Panjab Digital Library | www.panjabdigilib.org

**ਅਰਥਾਤ**—ਆਦਿ—ਅੰਤ ਰਹਿਤ ਅਨਾਦੀ ਪ੍ਰਭੂ ਇੱਕੋ ਇਕ ਹੀ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

هُوَ الْاَوَّلُ وَالْاٰخِرُ

**ਅਰਥਾਤ**— ਇਕੋ ਇਕ ਪ੍ਰਭੂ ਹੀ ਅਨਾਦੀ ਹੈ ਤੇ ਹਰੇਕ ਚੀਜ਼ ਦਾ ਆਦਿ ਤੇ ਅੰਤ ਵੀ ਹੈ। ਉਸੇ ਦੁਆਰਾ ਹੀ ਸਭ ਕੁਝ ਹੋਂਦ ਵਿਚ ਆਇਆ ਹੈ ਤੇ ਹੋਰ ਕੋਈ ਚੀਜ਼ ਅਨਾਦੀ ਨਹੀਂ।

———

Digitized by Panjab Digital Library | www.panjabdigilib.org

# ਪ੍ਰਭੂ ਹੀ ਅੰਦਰ ਤੇ ਬਾਹਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਨੂੰ ਅੰਦਰ ਵੀ ਤੇ ਬਾਹਰ ਵੀ ਪਰਗਟ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਅੰਤਰਿ ਬਾਹਰਿ ਅਵਰੁ ਨ ਕੋਇ ।
ਜੋ ਤਿਸੁ ਭਾਵੈ ਸੋ ਫੁਨਿ ਹੋਇ ॥

ਆਸਾ, ਮ: 1, ਪੰਨਾ 412

**ਅਰਥਾਤ**—ਸਾਜਨਹਾਰ ਪ੍ਰਭੂ ਤੋਂ ਛੁੱਟ ਹੋਰ ਕੋਈ ਵੀ ਅੰਦਰ ਤੇ ਬਾਹਰ ਨਹੀਂ ਹੈ। ਇਸ ਦੇ ਨਾਲ ਹੀ ਉਹੋ ਕੁਝ ਵਰਤਦਾ ਹੈ, ਜੋ ਉਸ ਦੀ ਇੱਛਾ ਹੁੰਦੀ ਹੈ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ :—

ਅੰਤਰ ਬਾਹਿਰ ਪੁਰਖ ਨਿਰੰਜਨੁ
ਆਦਿ ਪੁਰਖ ਆਦੇਸੋ ।

[ਭੈਰਉ, ਮ: 1, ਪੰਨਾ 1127

**ਅਰਥਾਤ**—ਅੰਦਰ ਤੇ ਬਾਹਰ ਆਦਿ ਪੁਰਖ ਪ੍ਰਭੂ ਹੀ ਹੈ ।

ਗੁਰਬਾਣੀ ਵਿਚ ਇਸ ਵਾਰੇ ਇਹ ਵਰਣਨ ਹੈ ਕਿ—

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਦੂਜਾ ਅਵਰੁ ਨ ਕੋਈ ।

[ਆਸਾ, ਮ: 5, ਪੰਨਾ 445

**ਅਰਥਾਤ**—ਅੰਦਰ ਤੇ ਬਾਹਰ ਇੱਕੋ ਇਕ ਪ੍ਰਭੂ ਹੀ ਹੈ, ਦੂਜਾ ਕੋਈ ਨਹੀਂ ਹੈ ।

ਇਸ ਬਾਰੇ ਇਹ ਵੀ ਕਿਹਾ ਗਿਆ ਹੈ ਕਿ—



Digitized by Panjab Digital Library | www.panjabdigilib.org

ਅੰਤਿਰ ਬਾਹਰਿ ਸੋ ਪ੍ਰਭ ਜਾਣੈ ;
ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹ ਲੋਈ
ਸਚੁ ਨਾਨਕ ਅੰਮ੍ਰਿਤ ਦਸੁ ਪਾਇਆ ।

[ਮਾਰੂ, ਮ: 1, ਪੰਨਾ 1042

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਫਰਮਾਇਆ ਹੈ ਕਿ ਅੰਦਰ ਤੇ ਬਾਹਰ ਇੱਕੋ ਇਕ ਪ੍ਰਭੂ ਹੀ ਹੈ, ਜੋ ਅਲਿਪਤ ਹੈ, ਪ੍ਰਾਣੀ ਆਪਣੇ ਤੋੜਦੇ ਮਨ ਨੂੰ ਉਸ ਨਾਲ ਹੀ ਜੋੜੇ । ਉਹ ਪ੍ਰਭੂ ਸਭ ਤੋਂ ਉੱਤੇ ਤੇ ਸਭ ਦਾ ਆਦਿ ਹੈ ਅਤੇ ਤਿੰਨਾ ਲੋਕਾਂ ਵਿਚ ਹੀ ਵਿਆਪਕ ਹੈ । ਕੋਈ ਥਾਂ ਉਸ ਤੋਂ ਖਾਲੀ ਨਹੀਂ । ਉਸ ਤੇ ਸ਼ਰਧਾ ਧਾਰਨ ਕੀਤਿਆਂ ਮਿੱਠਾ ਰਸ ਮਿਲਦਾ ਹੈ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

وَالظَّاهِرُ وَالْبَاطِنُ وَهُوَ بِكُلِّ شَيْءٍ عَلِيمٌ ○

**ਅਰਥਾਤ** :—ਉਹ ਪ੍ਰਭੂ ਹੀ ਅੰਦਰ ਤੇ ਬਾਹਰ ਹੈ ਤੇ ਹਰੇਕ ਚੀਜ਼ ਦਾ ਜਾਣਨਹਾਰ ਹੈ । ਕੋਈ ਚੀਜ਼ ਜਾਂ ਗਲ ਉਸ ਤੋਂ ਉਹਲੇ ਨਹੀਂ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਹਰਿ ਅੰਦਰਿ ਬਾਹਰਿ ਇਕ ਤੂੰ ਤੂੰ ਜਾਨਹਿ ਭੇਤੁ ।
ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨਿ ਹਰਿ ਚੇਤ ।

[ਵਾਰ ਸਿਰੀਰਾਗ, ਮ: 4, ਪੰਨਾ 84

**ਅਰਥਾਤ**—ਉਹ ਇਕੋ ਇਕ ਪ੍ਰਭੂ ਹੀ ਅੰਦਰ ਤੇ ਬਾਹਰ ਹੈ, ਸਾਰੇ ਭੇਤਾਂ ਦਾ ਜਾਣਨਹਾਰ ਹੈ । ਜੋ ਅਸੀਂ ਕਰਦੇ ਹਾਂ, ਉਸ ਦਾ ਵੀ ਉਸ ਨੂੰ ਪੂਰਣ ਗਿਆਨ ਹੈ । ਹੇ ਮਨ ! ਤੂੰ ਉਸੇ ਦਾ ਸਿਮਰਨ ਕਰਦਾ ਰਹੁ ।

———

Digitized by Panjab Digital Library | www.panjabdigilib.org

# ਪ੍ਰਭੂ ਹੀ ਗੁਪਤ ਤੇ ਪਰਗਟ ਦਾ ਜਾਨਣਹਾਰ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਨੂੰ ਗੁਪਤ ਤੇ ਪਰਗਟ ਦਾ ਜਾਣਨਹਾਰ ਵੀ ਪਰਗਟ ਕੀਤਾ ਹੈ, ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

ਤੂ ਆਪੇ ਗੁਪਤਾ ਆਪੇ ਪਰਗਟੁ<br>
ਆਪੇ ਹਰਿ ਰੰਗ ਮਾਣੇ ॥

[ਰਾਮਕਲੀ ਮ: 1, ਪੰਨਾ 1, ਪੰਨਾ 949

**ਅਰਥਾਤ**—ਹੇ ਪ੍ਰਭੂ ਤੂੰ ਆਪ ਹੀ ਗੁਪਤ ਤੇ ਆਪ ਹੀ ਪਰਗਟ ਵੀ ਹੈਂ ਅਤੇ ਤੂੰ ਹੀ ਸਾਰੇ ਰੰਗ ਮਾਣ ਰਿਹਾ ਹੈਂ ।

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫੁਰਮਾਇਆ ਹੈ ਕਿ—

ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ<br>
ਵਰਤੈ ਤਾਕੁ ਸਬਾਇਆ ।

[ਮਾਰੂ, ਮ: 1, ਪੰਨਾ 1042

ਸ੍ਰੀ ਗੁਰੂ ਜੀ ਦੇ ਇਸ ਪਵਿੱਤਰ ਵਾਕ ਤੋਂ ਸਾਜਨਹਾਰ ਪ੍ਰਭੂ ਦਾ ਗੁਪਤ ਪਰਗਟ ਹੋਣਾ ਸਿਧ ਹੈ ।

ਇਸ ਸੰਬੰਧ ਵਿਚ ਇਹ ਵੀ ਵਰਨਣ ਹੈ ਕਿ—

ਤੂੰ ਠਾਕੁਰੁ ਸੇਵਕੁ ਫੁਨਿ ਆਪੇ ।<br>
ਤੂੰ ਗੁਪਤੁ ਪਰਗਟੁ ਪ੍ਰਭ ਆਪੇ ।<br>
ਨਾਨਕ ਦਾਸੁ ਸਦਾ ਗੁਣ ਗਾਵੈ<br>
ਇਕ ਭੋਰੀ ਨਦਰਿ ਨਿਹਾਲੀਐ॥

[ਮਾਝ ਮ: 5, ਪੰਨਾ 102



Digitized by Panjab Digital Library | www.panjabdigilib.org

ਅਰਥਾਤ—

ਗੁਪਤ ਪਰਗਟ ਤੂੰ ਸਭਨੀ ਥਾਈ ।
ਗੁਰ ਪਰਸਾਦੀ ਮਿਲਿ ਸੋਝੀ ਪਾਈ ।

[ਮਾਝ, ਮ: 3, ਪੰਨਾ 124

ਗੁਰਬਾਣੀ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਵਿਚ ਪ੍ਰਭੂ ਨੂੰ ਗੁਪਤ-ਪਰਗਟ ਵਰਨਣ ਕੀਤਾ ਗਿਆ ਹੈ ਅਤੇ ਇਹ ਵੀ ਦਸਿਆ ਗਿਆ ਹੈ ਕਿ ਉਹ ਸਭਨੀਂ ਥਾਈਂ ਹੈ । ਕੋਈ ਥਾਂ ਉਸ ਤੋਂ ਖਾਲੀ ਨਹੀਂ ।

ਇਸੇ ਤਰ੍ਹਾਂ ਗੁਰਬਾਣੀ ਵਿਚ ਇਹ ਵੀ ਵਰਣਨ ਹੈ ਕਿ—

ਗੁਪਤ ਪਰਗਟੁ ਵਰਤੈ ਸਭ ਥਾਈ
ਜੋਤੀ ਜੋਤਿ ਮਿਲਾਵਣਿਆ ॥

[ਮਾਝ, ਮ: 3, ਪੰਨਾ 120

ਸੋ ਗੱਲ ਕੀ, ਗੁਰਬਾਣੀ ਅਨੁਸਾਰ ਸਾਜਨਹਾਰ ਪ੍ਰਭੂ ਗੁਪਤ ਤੇ ਪਰਗਟ ਵੀ ਹੈ । ਉਹ ਹਰ ਥਾਂ ਹੈ । ਕੋਈ ਥਾਂ ਉਸ ਤੋਂ ਖਾਲੀ ਨਹੀਂ । ਉਹ ਘਟ ਘਟ ਦਾ ਜਾਣਨਹਾਰ ਹੈ ।

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਕਿਹਾ ਗਿਆ ਹੈ ਕਿ —

ذٰلِكَ عٰلِمُ الْغَيْبِ وَالشَّهَادَةِ الْعَزِيْزُ الرَّحِيْمُ ۝
—— عٰلِمُ الْغَيْبِ وَالشَّهَادَةِ وَهُوَ
الْحَكِيْمُ الْخَبِيْرُ ۝

**ਅਰਥਾਤ**—ਸਾਜਨਹਾਰ ਤੇ ਪਾਲਨਹਾਰ ਪ੍ਰਭੂ ਗੁਪਤ ਤੇ ਪਰਗਟ ਦਾ ਜਾਣਨਹਾਰ ਹੈ । ਉਸ ਤੋਂ ਕੋਈ ਵੀ ਗੱਲ ਜਾਂ ਚੀਜ਼ ਉਹਲੇ ਨਹੀਂ ਹੈ । ਉਹ ਬਲਵਾਨ, ਕਿਰਪਾਨਿਧਾਨ, ਯੁਕਤੀਮਾਨ ਤੇ ਜਾਣਨਹਾਰ ਹੈ ।

———

Digitized by Panjab Digital Library | www.panjabdigilib.org

# ਪ੍ਰਭੂ ਜੋ ਚਾਹੁੰਦਾ ਹੈ, ਕਰਦਾ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਸਾਜਨਹਾਰ ਪ੍ਰਭੂ ਬਾਰੇ ਇਹ ਵਿਚਾਰ ਵੀ ਸਨ ਕਿ ਉਹ ਜੋ ਚਾਹੁੰਦਾ ਹੈ, ਕਰਦਾ ਹੈ। ਉਸ ਦੀ ਮਰਜ਼ੀ ਕਿਸੇ ਹੋਰ ਦੇ ਅਧੀਨ ਨਹੀਂ ਹੈ। ਉਹ ਜਿਸ ਗਲ ਦੀ ਵੀ ਇੱਛਾ ਕਰੇ ਉਸ ਦੀ ਪੂਰਣਤਾ ਵਿਚ ਕੋਈ ਵੀ ਰੋਕ ਨਹੀਂ ਬਣ ਸਕਦਾ। ਉਹ ਸਰਬ ਕਲਾ ਸਮਰਥ ਤੇ ਸ਼ਕਤੀਮਾਨ ਹੈ। ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ—

ਜੋ ਤਿਸੁ ਭਾਵੈ ਸੋਈ ਕਰਸੀ
ਫਿਰਿ ਹੁਕਮੁ ਨ ਕਰਣਾ ਜਾਈ।

[ਆਸਾ, ਮ: 1, ਪੰਨਾ 348

ਅਰਥਾਤ—

ਪੁਛਿ ਨ ਸਾਜੇ ਪੁਛਿਨ ਢਾਹੇ ਪੁਛਿਨ ਦੇਵੈ ਲੇਇ।
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਨ ਕਰੇਇ॥

[ਸਿਰੀਰਾਗ ਮ: 1, ਪੰਨਾ 53

ਸ੍ਰੀ ਗੁਰੂ ਜੀ ਦੇ ਏਹਨਾਂ ਦੋਹਾਂ ਪਵਿੱਤਰ ਵਾਕਾਂ ਦਾ ਏਹੋਭਾਵ ਹੈ ਕਿ ਸਾਜਨਹਾਰ ਪ੍ਰਭੂ ਭਾਣੇ ਦਾ ਸਾਹਿਬ ਹੈ। ਉਹ ਜੋ ਚਾਹੁੰਦਾ ਹੈ, ਕਰਦਾ ਹੈ। ਇਸ ਬਾਰੇ ਉਸ ਨੂੰ ਕਿਸੇ ਤੋਂ ਕੁਝ ਪੁਛਣ ਜਾਂ ਸਲਾਹ-ਮਸ਼ਵਰੇ ਦੀ ਲੋੜ ਨਹੀਂ ਹੈ। ਉਹ ਆਪ ਹੀ ਆਪਣੀ ਇਛਾ ਨਾਲ ਜੋ ਚਾਹੁੰਦਾ ਹੈ ਸਾਜਦਾ ਹੈ ਤੇ ਜੋ ਚਾਹੁੰਦਾ ਹੈ ਢਾਹ ਦਿੰਦਾ ਹੈ। ਉਹ ਆਪਣੇ ਕਰਤਬਾਂ ਵਿਚ ਪੂਰਣ ਤੌਰ ਤੇ ਸੁਤੰਤਰ ਹੈ।

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ੁਰਮਾਇਆ ਹੈ ਕਿ—



Digitized by Panjab Digital Library | www.panjabdigilib.org

ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ।
ਨਾਨਕ ਸਚਾ ਸਾਚੀ ਨਾਂਈ ਸਚੁ ਪਵੈ ਧੁਰਿ ਲੇਖੈ ।

[ਵਾਰ ਸਾਰੰਗ, ਸ: ਮ: 1, ਪੰਨਾ 1242

**ਅਰਥਾਤ**—ਸਾਜਨਹਾਰ ਪ੍ਰਭੂ ! ਆਪਣੀ ਇੱਛਾ ਨਾਲ ਹੀ ਪ੍ਰਾਣੀਆਂ ਨੂੰ ਇਸ ਜਗ ਤੇ ਭੇਜਦਾ ਹੈ ਅਤੇ ਆਪਣੀ ਮਰਜ਼ੀ ਨਾਲ ਹੀ ਓਹਨਾਂ ਨੂੰ ਸਦ ਲੈਂਦਾ ਹੈ। ਇਸ ਬਾਰੇ ਉਸ ਨੂੰ ਕਿਸੇ ਨਾਲ ਕੋਈ ਸਲਾਹ-ਮਸ਼ਵਰਾ ਕਰਨ ਦੀ ਕੋਈ ਲੋੜ ਨਹੀਂ ਪੈਂਦੀ । ਉਹ ਪ੍ਰਭੂ ਆਪ ਵੀ ਸੱਚਾ ਹੈ ਤੇ ਉਸ ਦਾ ਨਾਂ ਵੀ ਸੱਚਾ ਹੈ। ਸੱਚ ਹੀ ਲੇਖੇ ਪੈਂਦਾ ਹੈ

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

إِنَّ اللّٰهَ يَفْعَلُ مَا يُرِيْدُ ○ —— إِنَّ اللّٰهَ يَفْعَلُ
مَا يَشَاءُ ○ —— فَعَّالٌ لِّمَا يُرِيْدُ ○
—— يَخْلُقُ مَا يَشَاءُ ۰

**ਅਰਥਾਤ**—ਸਾਜਨਹਾਰ ਪ੍ਰਭੂ ਜਿਸ ਗੱਲ ਦੀ ਇੱਛਾ ਕਰਦਾ ਹੈ, ਉਸ ਵਿਚ ਕੋਈ ਰੋਕ ਪੈਦਾ ਨਹੀਂ ਹੋ ਸਕਦੀ ਤੇ ਉਹ ਗੱਲ ਹੋ ਕੇ ਹੀ ਰਹਿੰਦੀ ਹੈ । ਪ੍ਰਭੂ ਆਪਣੀ ਮਰਜ਼ੀ ਤੇ ਇਛਾ ਨਾਲ ਜੋ ਚਾਹੁੰਦਾ ਹੈ, ਪੈਦਾ ਕਰਦਾ ਰਹਿੰਦਾ ਹੈ ।

ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ—

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇ ।

[ਤਿਲੰਗ, ਮ: 1, ਪੰਨਾ 722

————

Digitized by Panjab Digital Library | www.panjabdigilib.org

# ਪ੍ਰਭੂ ਹੀ ਬੰਦਗੀ ਦੇ ਯੋਗ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਦਾ ਸਰੂਪ ਪੇਸ਼ ਕਰਦਿਆਂ ਹੋਇਆਂ ਇਹ ਗਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਪੂਜਾ ਜਾਂ ਬੰਦਗੀ ਦੇ ਯੋਗ ਇਕੋ ਇਕ ਪ੍ਰਭੂ ਹੀ ਹੈ। ਪ੍ਰਭੂ ਤੋਂ ਛੁਟ ਕਿਸੇ ਹੋਰ ਦੀ ਪੂਜਾ ਕਰਨਾ, ਠੀਕ ਨਹੀਂ 'ਜੋ ਪ੍ਰਾਣੀ ਪ੍ਰਭੂ ਤੋਂ ਛੁਟ ਦੂਜਿਆਂ ਅਗੇ ਆਪਣੇ ਮਥੇ ਰਗੜਦੇ ਹਨ, ਉਹ ਵਡੀ ਭੁੱਲ ਵਿਚ ਹਨ।

ਸ੍ਰੀ ਗੁਰੂ ਜੀ ਦਾ ਫ਼ਰਮਾਨ ਹੈ ਕਿ—

ਗਰਿ ਕਹਿਆ ਅਵਰੁ ਨਹੀਂ ਦੂਜਾ ॥
ਕਿਸੁ ਕਹਉ ਦੇਖਿ ਕਰਉ ਅਨ ਪੂਜਾ।

[ਗਉੜੀ ਮ: 1, ਪੰਨਾ 224

**ਅਰਥਾਤ**—ਮੇਰੇ ਗੁਰੂ ਨੇ ਮੈਨੂੰ ਇਹ ਉਪਦੇਸ਼ ਕੀਤਾ ਹੈ ਕਿ ਪ੍ਰਭੂ ਤੋਂ ਛੁੱਟ ਕੋਈ ਵੀ ਵਿਅਕਤੀ ਪੂਜਾ ਦੇ ਯੋਗ ਨਹੀਂ ਹੈ; ਇਸ ਲਈ ਕਿਸੇ ਹੋਰ ਦੀ ਪੂਜਾ ਠੀਕ ਨਹੀਂ ਹੈ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਹੁਕਮ ਹੈ ਕਿ—

ذٰلِكُمُ اللّٰهُ رَبُّكُمْ ۚ لَآ اِلٰهَ اِلَّا هُوَ ۚ خَالِقُ
كُلِّ شَيْءٍ فَاعْبُدُوْهُ ۚ وَهُوَ عَلٰى كُلِّ شَيْءٍ
وَّكِيْلٌ ۝ ــــ وَلَا يُشْرِكْ بِعِبَادَةِ رَبِّهٖٓ اَحَدًا ۝

**ਅਰਥਾਤ**—ਤੁਹਾਡਾ ਸਭ ਦਾ ਸਾਜਨਹਾਰ ਤੇ ਪਾਲਨਹਾਰ ਇੱਕੋ ਇਕ ਪ੍ਰਭੂ ਹੀ ਹੈ, ਜੋ ਹਰੇਕ ਚੀਜ਼ ਦਾ ਰਚਨਹਾਰ ਹੈ। ਸੋ ਉਸੇ ਦੀ ਹੀ ਪੂਜਾ ਕਰਦੇ ਰਹੋ।



Digitized by Panjab Digital Library | www.panjabdigilib.org

ਉਹੋ ਹੀ ਹਰੇਕ ਚੀਜ਼ ਦਾ ਨਿਗਰਾਨ ਹੈ। ਉਸ ਦੀ ਪੂਜਾ ਵਿਚ ਕਿਸੇ ਵੀ ਵਿਅਕਤੀ ਨੂੰ ਭਾਈਵਾਲ ਨਾ ਬਣਾਓ ਉਹ ਇੱਕੋ ਇਕ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਜਨਹਾਰ ਪ੍ਰਭੂ ਦੀ ਬੰਦਗੀ ਬਾਰੇ ਪ੍ਰੇਰਨਾ ਦਿੰਦਿਆਂ ਇਹ ਕਿਹਾ ਗਿਆ ਹੈ ਕਿ—

ਸਚੇ ਬਾਝਹੁ ਕੋ ਅਵਰੁ ਨ ਦੂਆ।
ਦੂਜੇ ਲਾਗਿ ਜਗੁ ਖਪਿ ਖਪਿ ਮੂਆ।
ਗੁਰਮੁਖਿ ਹੋਵੈ ਸੋ ਏਕੋ ਜਾਣੈ
ਏਕੋ ਸੇਵਿ ਸੁਖੁ ਪਾਵਣਿਆ ॥

[ਮਾਝ, ਮ: 3, ਪੰਨਾ 113

**ਅਰਥਾਤ** :—ਇਸ ਵਿਸ਼ਵ ਦਾ ਕਰਣਕਾਰਣ ਇੱਕੋ ਇਕ ਪ੍ਰਭੂ ਹੀ ਹੈ। ਉਸ ਨੂੰ ਤਿਆਗ ਕੇ ਜੋ ਲੋਕ ਦੂਜਿਆਂ ਦੀ ਪੂਜਾ ਕਰਦੇ ਹਨ, ਓਹ ਖਪ ਖਪ ਕੇ ਮਰਦੇ ਹਨ। ਉਹ ਆਪਣਾ ਜੀਵਨ ਸਫ਼ਲ ਨਹੀਂ ਕਰ ਸਕਦੇ। ਹੇ ਮੇਰੇ ਮਨ! ਉਸੇ ਇੱਕੋ ਇਕ ਦੀ ਪੂਜਾ ਵਿਚ ਲੱਗਿਆਂ ਹੀ ਪ੍ਰਾਣੀ ਸਦੀਵੀ ਸੁੱਖ ਨੂੰ ਪ੍ਰਾਪਤ ਹੋ ਸਕਦਾ ਹੈ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

يَاَيُّهَا النَّاسُ اعْبُدُوْا رَبَّكُمُ الَّذِيْ خَلَقَكُمْ
وَالَّذِيْنَ مِنْ قَبْلِكُمْ ـــــ فَلَا تَجْعَلُوْا
لِلّٰهِ اَنْدَادًا وَّاَنْتُمْ تَعْلَمُوْنَ ٥

**ਅਰਥਾਤ**—ਹੇ ਲੋਕੋ! ਤੁਸੀਂ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹੀ ਪੂਜਾ ਕਰਦੇ ਰਹੋ। ਉਸੇ ਨੇ ਹੀ ਤੁਹਾਨੂੰ ਤੇ ਤੁਹਾਥੋਂ ਪਹਿਲੇ ਲੋਕਾਂ ਨੂੰ ਰਚਿਆ ਹੈ। ਸੋ ਉਸ ਦੀ ਪੂਜਾ ਵਿਚ ਕਿਸੇ ਨੂੰ ਵੀ ਭਾਈਵਾਲ ਨਾ ਬਣਾਓ। ਜੇ ਤੁਹਾਨੂੰ ਕੁਝ ਵੀ ਗਿਆਨ ਪ੍ਰਾਪਤ ਹੈ।

ਗੁਰਬਾਣੀ ਵਿਚ ਵਰਣਨ ਹੈ ਕਿ—

ਕਰਣਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ।
ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ।

[ਸਿਰੀਰਾਗ ਮ: 5, ਪੰਨਾ 52

Digitized by Panjab Digital Library | www.panjabdigilib.org

**ਅਰਥਾਤ** :—ਕਰਣਕਾਰਨ ਇੱਕੋ ਇਕ ਪ੍ਰਭੂ ਹੀ ਹੈ, ਜਿਸ ਨੇ ਸਾਰੀ ਰਚਨਾ ਰਚਾਈ ਹੈ। ਉਸੇ ਦੀ ਹੀ ਸਦਾ ਪੂਜਾ ਕਰਦੇ ਰਹੋ ! ਕਿਉਂਕਿ ਉਹੋ ਹੀ ਸਭ ਦਾ ਆਸਰਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੀ ਬੰਦਗੀ ਬਾਰੇ ਇਹ ਪ੍ਰੇਰਨਾ ਵੀ ਦਿੱਤੀ ਗਈ ਹੈ ਕਿ ਪ੍ਰਾਣੀ ਮਾਤਰ ਨੂੰ ਉਠਦੇ-ਬੈਠਦੇ ਤੇ ਸੌਂਦੇ ਜਾਗਦੇ ਆਪਣੇ ਪ੍ਰਭੂ ਦੀ ਬੰਦਗੀ ਕਰਦੇ ਰਹਿਣਾ ਚਾਹੀਦਾ ਹੈ; ਜਿਹਾ ਕਿ ਵਰਣਨ ਹੈ ਕਿ :—

ਕਾਹੇ ਏਕੁ ਬਿਨਾ ਚਿਤੁ ਲਾਈਐ ।
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ।

[ਆਸਾ, ਮ: 5, ਪੰਨਾ 379

**ਅਰਥਾਤ** :—

ਊਠਤ ਬੈਠਤ ਸੋਵਤ ਧਿਆਈਐ ।
ਮਾਰਗਿ ਚਲਤ ਹਰੇ ਹਰਿ ਗਾਈਐ ।

[ਆਸਾ, ਮ: 5, ਪੰਨਾ 386

ਅਰਥਾਤ ਉਠਦਿਆਂ ਬੈਠਦਿਆਂ ਤੇ ਤੁਰਦਿਆਂ-ਫਿਰਦਿਆਂ ਸਾਜਨਹਾਰ ਪ੍ਰਭੂ ਦਾ ਭਜਨ-ਸਿਮਰਨ ਕਰਦੇ ਰਿਹਾ ਕਰੋ ! ਸਗੋਂ ਗੁਰਬਾਣੀ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੰਸਾਰੀ ਧੰਧੇ ਕਰਦੇ ਹੋਏ ਵੀ ਆਪਣਾ ਮਨ ਸਦਾ ਪ੍ਰਭੂ ਨਾਲ ਜੋੜੀ ਰੱਖੋ; ਜਿਹਾ ਕਿ :—

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

[ਸਲੋਕ, ਨਾਮਦੇਵ, ਪੰਨਾ 1376

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਲਿਖਿਆ ਹੈ ਕਿ—

اَلَّذِيْنَ يَذْكُرُوْنَ اللّٰهَ قِيَامًا وَّقُعُوْدًا وَّعَلٰى
جُنُوْبِهِمْ

ਕੁਰਾਨ ਸਰੀਫ਼ ਵਿਚ ਸੂਝਵਾਨਾਂ ਦਾ ਇਹ ਕਰਤਵ ਦੱਸਿਆ ਗਿਆ ਹੈ ਕਿ

Digitized by Panjab Digital Library | www.panjabdigilib.org

ਓਹ ਉਠਦੇ-ਬੈਠਦੇ ਤੇ ਸੌਂਦੇ-ਜਾਗਦੇ ਆਪਣੇ ਸਾਜਨਹਾਰ ਤੇ ਪਾਲਨਹਾਰ ਪ੍ਰਭੂ ਦਾ ਸਿਮਰਨ ਕਰਦੇ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਮੱਥਾ ਟੇਕਣ ਤੇਸ ਜਦਾ ਕਰਨ ਬਾਰੇ ਇਹ ਕਿਹਾ ਗਿਆ ਹੈ ਕਿ :—

ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ।
ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ।

[ਵਾਰ ਜੈਤਸਰੀ, ਮ: 5, ਪੰਨਾ 709

ਮੈਂ ਓਹਨਾਂ ਲੋਕਾਂ ਤੋਂ ਸੌ ਸੌ ਵਾਰ ਜਾਂ ਸਦਾ ਹੀ ਬਲਿਹਾਰ ਜਾਂਦਾ ਹਾਂ, ਜੋ ਪ੍ਰਭੂ ਦੀ ਕਥਾ ਸੁਣਦੇ ਹਨ। ਉਹੋ ਹੀ ਲੋਕ ਪਰਵਾਨ ਚੜ੍ਹਦੇ ਹਨ ਤੇ ਪਰਧਾਨ ਹੁੰਦੇ ਹਨ, ਜੋ ਆਪਣਾ ਮੱਥਾ ਇੱਕੋ ਇਕ ਪ੍ਰਭੂ ਅੱਗੇ ਝੁਕਾਉਂਦੇ ਹਨ ਤੇ ਕਿਸੇ ਹੋਰ ਅੱਗੇ ਸਜਦੇ ਨਹੀਂ ਕਰਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਈਂ ਸ਼ਿਰਕ ਦਾ ਖੰਡਨ ਕੀਤਾ ਗਿਆ ਹੈ ਤੇ ਇਹ ਦੱਸਿਆ ਗਿਆ ਹੈ ਕਿ ਇੱਕੋ ਇਕ ਪ੍ਰਭੂ ਹੀ ਪੂਜਾ ਦੇ ਯੋਗ ਹੈ; ਜੋ ਜਨਮ-ਮਰਨ ਤੋਂ ਰਹਿਤ ਤੇ ਸਭ ਥਾਂ ਵਿਆਪਕ ਹੈ; ਜਿਹਾ ਕਿ ਲਿਖਿਆ ਹੈ ਕਿ :—

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥

[ਸਿਰੀਰਾਗ, ਮ:, ਪੰਨਾ 46

**ਅਰਥਾਤ** :—

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ ॥

[ਵਾਰ ਜੈਤਸਰੀ, ਸ: ਮ: 3, ਪੰਨਾ 509

**ਅਰਥਾਤ**—ਸਦਾ ਹੀ ਸਭ ਥਾਂ ਵਿਆਪਕ ਸਾਜਨਹਾਰ ਪ੍ਰਭੂ ਦੀ ਹੀ ਪੂਜਾ ਤੇ ਸਿਮਰਨ ਕਰਦੇ ਰਹੋ। ਕੋਈ ਅਜੇਹੀ ਵਿਅਕਤੀ, ਜੋ ਇਸ ਜਗ ਤੇ ਜਨਮ-ਧਾਰਨ ਕਰਦੀ ਤੇ ਮਰ ਜਾਂਦੀ ਹੈ, ਪੂਜਾ ਦੇ ਯੋਗ ਨਹੀਂ ਹੋ ਸਕਦੀ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ ਕਿ—

ਬਿਨ ਕਰਤਾਰ ਨਾ ਕਿਰਤਮ ਮਾਨੋ ।
ਆਦਿ ਅਜੋਨਿ ਅਜੈ ਅਬਿਨਾਸੀ ।
ਤਿਹ ਪਰਮੇਸਰ ਜਾਨੋ ॥

[ਸ੍ਰੀ ਦਸਮ ਗ੍ਰੰਥ, ਪੰਨਾ 640

**ਅਰਥਾਤ** :—ਕਿਸੇ ਵੀ ਕਿਰਤਮ ਤੇ ਰਚੀ ਗਈ ਚੀਜ਼ ਦੀ ਪੂਜਾ ਯੋਗ ਨਹੀਂ ਹੈ । ਪੂਜਾ ਲਈ ਯੋਗ ਆਦਿ, ਅਜੋਨੀ, ਅਜੈ ਤੇ ਅਬਿਨਾਸ਼ੀ ਪ੍ਰਭੂ ਹੀ ਹੈ ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

لَا تَدْعُ مَعَ اللّٰهِ اِلٰهًا اٰخَرَ لَا اِلٰهَ اِلَّا هُوَ
كُلُّ شَيْءٍ هَالِكٌ اِلَّا وَجْهَهٗ لَهُ الْحُكْمُ
وَاِلَيْهِ تُرْجَعُوْنَ ۝

**ਅਰਥਾਤ**—ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਬੰਦਗੀ ਕਦੇ ਨਾ ਕੀਤਾ ਕਰੋ । ਉਸ ਤੋਂ ਛੁੱਟ ਕੋਈ ਵੀ ਵਿਅਕਤੀ ਪੂਜਾ ਦੇ ਯੋਗ ਨਹੀਂ ਹੈ । ਹਰੇਕ ਚੀਜ਼ ਨਾਸਵਾਨ ਹੈ । ਉਸੇ ਦਾ ਹੀ ਹੁਕਮ ਸਭ ਥਾਂ ਪਰਧਾਨ ਹੈ । ਅਸੀਂ ਸਾਰੇ ਹੀ ਉਸ ਦੀ ਹਜ਼ੂਰੀ ਪਰਤਾਏ ਜਾਵਾਂਗੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ।
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਫਲ ਪਾਈਐ ।
ਜੇ ਦੂਜੇ ਪਾਸਹੁ ਮੰਗੀਐ ਤਾਂ ਲਾਜ ਮਕਾਈਐ ।

[ਵਾਰ ਵਡ ਹੰਸ ਮ: 4, ਪੰਨਾ 480

**ਅਰਥਾਤ**—ਇੱਕੋ ਇਕ ਪ੍ਰਭੂ ਦੀ ਹੀ ਸਦਾ ਉਪਾਸਨਾ ਕਰਦੇ ਰਹੋ ਤੇ ਉਸੇ ਤੋਂ ਹੀ ਸਭ ਕੁਝ ਮੰਗਦੇ ਰਹੋ । ਉਸ ਤੋਂ ਛੁੱਟ ਕਿਸੇ ਹੋਰ ਤੋਂ ਮੰਗਿਆਂ ਪ੍ਰਾਣੀ ਨੂੰ ਹੀਣਤਾ ਹੀ ਪ੍ਰਾਪਤ ਹੁੰਦੀ ਹੈ ।

————

Digitized by Panjab Digital Library | www.panjabdigilib.org

# ਨਿਮਾਜ਼

ਇਸਲਾਮ ਧਰਮ ਦੀ ਸਿੱਖਿਆ ਅਨੁਸਾਰ ਨਿਮਾਜ਼ ਪ੍ਰਭੂ ਦੀ ਬੰਦਗੀ ਹੈ। ਹਰੇਕ ਮੁਸਲਮਾਨ ਤੀਵੀਂ ਤੇ ਮਰਦ ਲਈ ਇਕ ਦਿਨ ਵਿਚ ਪੰਜ ਵਾਰ ਨਿਮਾਜ਼ ਪੜ੍ਹਨਾ ਜ਼ਰੂਰੀ ਹੈ: ਜਿਹਾ ਕਿ ਲਿਖਿਆ ਹੈ ਕਿ —

اَقِيْمُوا الصَّلٰوةَ وَلَا تَكُوْنُوْا مِنَ الْمُشْرِكِيْنَ ۝

**ਅਰਥਾਤ**—ਨਿਮਾਜ਼ (ਜਮਾਤ ਨਾਲ) ਸਦਾ ਪੜ੍ਹਦੇ ਰਿਹਾ ਕਰੋ, ਨਹੀਂ ਤਾਂ ਤੁਸੀਂ ਮੁਸ਼ਰਿਕ ਬਣ ਜਾਉਗੇ।

ਇਕ ਸਿੱਖ ਵਿਦਵਾਨ ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਸਲਾਮੀ ਨਿਮਾਜ਼ ਬਾਰੇ ਇਹ ਲਿਖਿਆ ਹੈ ਕਿ :—

> "ਸਲਾਤ—ਨਿਮਾਜ਼ ਇਸਲਾਮ ਦਾ ਦੂਜਾ ਉਸੂਲ ਹੈ। ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਮੁਸਲਮਾਨ ਨੂੰ ਪੰਜ ਨਮਾਜ਼ਾਂ ਦਾ ਪੜ੍ਹਨਾ ਜ਼ਰੂਰੀ ਹੈ।"

[ਮਹਾਨ ਕੋਸ਼, ਪੰਨਾ 2043

ਇਕ ਹੋਰ ਸਿੱਖ ਵਿਦਵਾਨ ਨੇ ਏਹਨਾਂ ਪੰਜਾਂ ਨਿਮਾਜ਼ਾਂ' ਦੇ ਇਹ ਸਮੇਂ ਵਰਣਨ ਕੀਤੇ ਹਨ ਕਿ :—

1. "ਫਜਰ ਦੀ—ਸੂਰਜ ਨਿਕਲਣ ਤੋਂ ਪਹਿਲਾਂ।
2. ਜ਼ੁਹਰ ਦੀ—ਦਿਨ ਢਲੇ ਤੋਂ ਪਿੱਛੋਂ।
3. ਅਸਰ ਦੀ—ਸੂਰਜ ਡੁੱਬਣ ਤੋਂ ਪਹਿਲਾਂ।



Digitized by Panjab Digital Library | www.panjabdigilib.org

4. ਮਗਰਬ ਦੀ—ਸੂਰਜ ਡੁੱਬਣ ਤੋਂ ਮਗਰੋਂ।
5: ਇਸ਼ਾ ਦੀ—ਸੌਣ ਵੇਲੇ।"

[ਬਾਣੀ ਪ੍ਰਕਾਸ਼, ਪੰਨਾ 959

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਨਿਮਾਜ਼ ਬਾਰੇ ਇਹ ਫ਼ਰਮਾਇਆ ਹੈ ਕਿ—
ਆਖਣੁ ਸੁਨਣਾ ਪਾਉਣ ਦੀ ਬਾਣੀ ਇਹੁ ਮਨੁ ਰਤਾ ਮਾਇਆ।
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।
'ਤੀਹ' ਕਰਿ ਰਖੇ "ਪੰਜ" ਕਰਿ ਸਾਥੀ ਨਾਉ ਸੈਤਾਨੁ ਮਤਿ ਕਟਿ ਜਾਈ।
ਨਾਨਕੁ ਆਖੈ ਰਾਹ ਪੈ ਚਲਣਾ ਮਾਲ ਧਨੁ ਕਿਤਕੁ ਸੰਜਿਆਹੀ।

[ਸਿਰੀਰਾਗ, ਮ: 1, ਪੰਨਾ 24

ਇਸ ਸ਼ਬਦ ਵਿਚ ਵਰਣਿਤ "ਤੀਹ" ਤੇ "ਪੰਜ" ਦੇ ਅਰਥ ਸਿੱਖ ਵਿਦਵਾਨਾਂ ਨੇ ਤੀਹ ਰੋਜ਼ੇ ਤੇ ਪੰਜ ਨਿਮਾਜ਼ਾਂ ਹੀ ਵਰਣਨ ਕੀਤੇ ਹਨ। (ਵੇਖੋ ਮਹਾਨ ਕੋਸ਼, ਪੰਨਾ 2369, ਗੁਰੂ ਗ੍ਰੰਥ ਸਾਹਿਬ ਸਟੀਕ, ਟੀਕਾਕਾਰ ਪੰਡਿਤ ਨਾਰਾਇਣ ਸਿੰਘ, ਪੰਨਾ 71, ਜਿਲਦ 17 ਟੀਕਾਕਰੇ ਗਿਆਨੀ ਵਿਸ਼ਨ ਸਿੰਘ ਪੰਨਾ 146-47, ਸਿਰੀਰਾਗ ਸਟੀਕ, ਟੀਕਾਕਾਰ ਪੰਡਿਤ ਤਾਰਾ ਸਿੰਘ ਨਰੋਤਮ, ਪੰਨਾ 94 ਆਦਿ। ਪੰਡਤ ਤਾਰਾ ਸਿੰਘ "ਨਰੋਤਮ ਵਾਲਾ" ਪੰਨਾ 94; ਬਾਣੀ ਪ੍ਰਕਾਸ਼ ਪੰਨਾ 25, ਗੁਰੂ ਨਾਨਕ (ਦਰਸ਼ਨ, ਪੰਨਾ 24 ਆਦਿ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਰਦੂ ਟੀਕੇ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਇਸ ਪਵਿੱਤਰ ਸ਼ਬਦ ਦੇ ਏਹ ਅਰਥ ਕੀਤੇ ਗਏ ਹਨ ਕਿ—

"ਉਹੋ ਹੀ ਲੋਕ ਉੱਚੇ ਸਾਹਿਬ ਦੀਆਂ ਨਜ਼ਰਾਂ ਵਿਚ ਪਰਵਾਣ ਹਨ ਤੇ ਉਹੋ ਹੀ ਉਸ ਨੂੰ ਮਕਬੂਲ ਹਨ, ਜੋ ਇੱਕੋ ਇਕ ਪ੍ਰਭੂ ਦੀ ਉਪਾਸਨਾ ਕਰਦੇ ਹਨ। ਤੀਹ ਰੋਜ਼ੇ ਰਖਦੇ ਹਨ। ਪੰਜ ਨਿਮਾਜ਼ਾਂ ਪੜ੍ਹਦੇ ਹਨ।[1] ਇਸ ਨੀਅਤ ਨਾਲ ਕਿ ਸ਼ੈਤਾਨੀ ਭਰਮਾਂ ਤੋਂ ਪ੍ਰਭੂ ਓਹਨਾ ਨੂੰ ਬਚਾਈ ਰੱਖੇ। ਗੁਰੂ ਨਾਨਕ

---

1. ਪ੍ਰਸਿਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ, ਸਿੱਖ ਰਾਜ ਸਮੇਂ—ਅਨੇਕਾਂ ਹਿੰਦੂ ਵੀ ਰੋਜ਼ੇ ਰੱਖਦੇ ਨਿਮਾਜ਼ਾਂ ਪੜ੍ਹਿਆ ਕਰਦੇ ਸਨ। (ਵੇਖੋ ਪੰਥ ਪ੍ਰਕਾਸ਼ ਪੰਨਾ 33 ਤੇ 488)

Digitized by Panjab Digital Library | www.panjabdigilib.org

ਜੀ ਫ਼ਰਮਾਉਂਦੇ ਹਨ ਕਿ ਅਸੀਂ ਤਾਂ ਰਾਹ ਚਲਦੇ ਮੁਸਾਫ਼ਰ ਹਾਂ। ਅਸੀਂ ਇਕ ਕੰਮ ਲਈ ਇੱਥੇ ਠਹਿਰ ਸਕਦੇ ਹਾਂ। ਸਾਨੂੰ ਕਦੋਂ ਵਿਹਲ ਹੈ ਕਿ ਅਸੀਂ ਆਪਣੇ ਕਰਮਾਂ ਜਾਂ ਧਨ-ਪਦਾਰਥਾਂ ਦਾ ਲੇਖਾ ਸਮਝ ਸਕੀਏ।"

[ਗੁਰੂ ਗ੍ਰੰਥ ਸਾਹਿਬ ਸਟੀਕ, ਪੰਨਾ 42

ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਆਪਣੀ ਇਕ ਹਦੀਸ ਵਿਚ ਨਿਮਾਜ਼ ਨੂੰ ਮੋਮਨ ਮੁਸਲਮਾਨਾਂ ਦਾ ਮਿਅਰਾਜ (ਪ੍ਰਭੂ ਤਕ ਪੁੱਜਣ ਵਾਲੀ ਪੌੜੀ) ਵਰਣਨ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

الصَّلٰوةُ مِعْرَاجُ الْمُؤْمِنِ.

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਸੱਚੇ ਕਾਜ਼ੀ ਦੇ ਇਹ ਲੱਛਣ ਵਰਣਨ ਕੀਤੇ ਹਨ ਕਿ —

ਸੋਈ ਕਾਜ਼ੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ।<br>
ਹੈ ਭੀ ਹੋਸੀ ਜਾਇ ਨਾ ਜਾਸੀ ਸਚਾ ਸਿਰਜਣਹਾਰੋ।<br>
ਪੰਜ ਵਖਤ ਨਿਵਾਜ਼ ਗੁਜਾਰਹਿ ਪੜਹਿ ਕਤੇਬ ਕੁਰਾਣਾ।<br>
ਨਾਨਕ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥

[ਸਿਰੀਰਾਗ, ਮ: 1, ਪੰਨਾ 24

**ਅਰਥਾਤ**—ਸੱਚਾ ਕਾਜ਼ੀ ਉਹੋ ਹੀ ਹੈ, ਜੋ ਆਪਣਾ ਆਪ ਤਜ ਕੇ ਇੱਕੋ ਇਕ ਪ੍ਰਭੂ ਨੂੰ ਹੀ ਆਪਣਾ ਆਧਾਰ ਬਣਾਉਂਦਾ ਹੈ, ਉਹ ਪ੍ਰਭੂ ਹੁਣ ਵੀ ਹੈ, ਅੱਗੋਂ ਵੀ ਉਹੋ ਹੀ ਹੋਵੇਗਾ, ਉਹ ਸਦਾ ਸਿਰਜਣਹਾਰ ਅਬਿਨਾਸ਼ੀ ਹੈ। ਉਹ ਕਾਜ਼ੀ ਪੰਜ ਨਿਮਾਜ਼ਾ ਪੜ੍ਹਦਾ ਰਹਿੰਦਾ ਹੈ ਤੇ ਕੁਰਾਨ ਸ਼ਰੀਫ਼ ਦਾ ਪਾਠ ਵੀ ਕਰਦਾ ਰਹਿੰਦਾ ਹੈ। ਗੁਰੂ ਨਾਨਕ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਦਾ ਕਬਰ ਨੂੰ ਚੇਤੇ ਰਖੋ, ਤੁਹਾਡਾ ਇਹ ਖਾਣਾ ਪੀਣਾ ਇਥੇ ਹੀ ਧਰਿਆ ਧਰਾਇਆ ਰਹਿ ਜਾਏਗਾ।

ਕੁਰਾਨ ਸ਼ਰੀਫ਼ ਵਿਚ ਸੱਚੇ ਕਾਜ਼ੀ ਤੇ ਵਿਦਵਾਨ ਬਾਰੇ ਇਹ ਵਰਣਨ ਹੈ ਕਿ—

إِنَّمَا يَخْشَى اللّٰهَ مِنْ عِبَادِهِ الْعُلَمٰٓؤُا إِنَّ اللّٰهَ<br>
عَزِيْزٌ غَفُوْرٌ ۝ إِنَّ الَّذِيْنَ يَتْلُوْنَ كِتٰبَ اللّٰهِ<br>
وَأَقَامُوا الصَّلٰوةَ وَأَنْفَقُوْا مِمَّا رَزَقْنٰهُمْ

Digitized by Panjab Digital Library | www.panjabdigilib.org

**ਅਰਥਾਤ**—ਪ੍ਰਭੂ ਦੇ ਬੰਦਿਆਂ ਵਿਚੋਂ ਕੇਵਲ ਗਿਆਨੀ ਜਨ ਹੀ ਉਸ ਤੋਂ ਡਰਦੇ ਹਨ। ਪ੍ਰਭੂ ਵੱਡਾ ਬਲਵਾਨ ਤੇ ਬਖਸ਼ਣਹਾਰ ਹੈ। ਓਹ (ਕਾਜ਼ੀ) ਲੋਕ ਜੋ ਪ੍ਰਭੂ ਦੀ ਪੁਸਤਕ (ਕੁਰਾਨ ਸ਼ਰੀਫ਼) ਪੜ੍ਹਦੇ ਹਨ ਤੇ ਨਿਮਾਜ਼ਾਂ ਅਦਾ ਕਰਦੇ ਰਹਿੰਦੇ ਹਨ, ਅਤੇ ਅਸੀਂ ਓਹਨਾਂ ਨੂੰ ਜੋ ਕੁਝ ਦਿੱਤਾ ਹੈ, ਉਸ ਵਿਚੋਂ ਪ੍ਰਭੂ ਦੇ ਲੇਖੇ ਵੀ ਖਰਚ ਕਰਦੇ ਰਹਿੰਦੇ ਹਨ।

ਪ੍ਰਭੂ ਦੇ ਲੇਖੇ ਖ਼ਰਚ ਕਰਨ ਬਾਰੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਵਿਚਾਰ ਹੈ ਕਿ—

ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ ॥

[ਵਾਰ ਸਾਰੰਗ, ਮ: 1, ਪੰਨਾ 1245

**ਅਰਥਾਤ**—ਜੋ ਲੋਕ ਆਪਣੀ ਘਾਲ ਕਮਾਈ ਵਿਚੋਂ ਪ੍ਰਭੂ ਦੇ ਲੇਖੇ ਖ਼ਰਚ ਕਰਦੇ ਰਹਿੰਦੇ ਹਨ; ਉਹੋ ਹੀ ਉਸਦੇ ਮਾਰਗ ਦੀ ਪਛਾਣ ਕਰ ਸਕਦੇ ਹਨ।

ਸ੍ਰੀ ਗੁਰੂ ਜੀ ਨੇ ਨਿਮਾਜ਼ਾਂ ਨਾ ਪੜ੍ਹਨ ਵਾਲੇ ਬਾਰੇ ਇਹ ਫ਼ਰਮਾਇਆ ਹੈ ਕਿ—

ਲਾਮ ਲਾਨਤ ਬਰਸੇ ਤਿਨ੍ਹਾਂ ਜੋ ਤਰਕ ਨਿਮਾਜ਼ ਕਰੇਨਿ।
ਕੁਛ ਥੋੜਾ ਬਹੁਤਾ ਖਟਿਆ ਆਪਣਾ ਆਪ ਵੰਞੇਨਿ।

[ਜਨਮ ਸਾਖੀ ਭਾ: ਬਾਲਾ ਪੰਨਾ 247

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਬੇਨਿਮਾਜ਼ੀਆਂ ਬਾਰੇ ਇਹ ਕਿਹਾ ਗਿਆ ਹੈ ਕਿ—

ਫਰੀਦਾ ਬੇਨਿਵਾਜਾ ਕੁਤਿਆ ਏਹਿ ਨ ਭਲੀ ਰੀਤਿ।
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।
ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਈ ਨ ਨਿਵੈ ਸੋ ਸਿਰਿ ਕਪਿ ਉਤਾਰਿ।

[ਸ਼ਲੋਕ ਫ਼ਰੀਦ, ਪੰਨਾ 1382

ਇਕ ਸਿੱਖ ਵਿਦਵਾਨ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਏਹਨਾਂ ਸ਼ਲੋਕਾਂ ਦੀ ਵਿਆਖਿਆ ਕਰਦਿਆਂ ਇਹ ਲਿਖਿਆ ਹੈ ਕਿ—

Digitized by Panjab Digital Library | www.panjabdigilib.org

"ਉਕਤ ਸਲੋਕਾਂ ਵਿਚ ਫ਼ਰੀਦ ਜੀ ਇਸਲਾਮੀ ਨਿਮਾਜ਼ਾਂ ਨੂੰ ਪੜ੍ਹਨ ਦਾ ਉਪਦੇਸ਼ ਦਿੰਦੇ ਹਨ। ਬੇਨਿਮਾਜ਼ਾਂ ਨੂੰ ਕੁੱਤੇ ਦੇ ਬਰਾਬਰ ਦਸਦੇ ਹਨ ਅਤੇ ਪੰਜ ਨਿਮਾਜ਼ਾਂ ਨੂੰ ਪੜ੍ਹਨਾ ਲਾਜ਼ਮੀ ਦਸਦੇ ਹਨ। ਨਾ ਪੜ੍ਹਨ ਵਾਲੇ ਦਾ ਸਿਰ ਮਸਜਿਦ ਦੇ ਕੁੰਨੇ ਹੇਠ ਜਲਾਉਣ ਦਾ ਦੰਡ ਦਸਿਆ ਹੈ।"

[ਸਤਿਗੁਰ ਬਿਨਾਂ ਹੋਰ ਕਚੀ ਹੈ ਬਾਣੀ, ਪੰਨਾ 115

ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਨਿਮਾਜ਼ ਦੇ ਤਿਆਗੀ ਬਾਰੇ ਇਹ ਫ਼ਰਮਾਇਆ ਹੈ ਕਿ—

من ترك الصلوٰة متعمداً فقد كفر

**ਅਰਥਾਤ**—ਜਿਸ ਨੇ ਜਾਣ ਬੁਝ ਕੇ ਨਿਮਾਜ਼ਾਂ ਦਾ ਪੜ੍ਹਨਾ ਤਿਆਗ ਦਿਤਾ ਹੈ, ਉਹ ਕੁਫਰ ਦਾ ਧਾਰਨੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਿਖਾਵੇ ਦੀ ਨਿਮਾਜ਼ ਨੂੰ ਨਾ ਪਸੰਦ ਕੀਤਾ ਗਿਆ ਹੈ; ਜਿਹਾ ਕਿ ਇਕ ਥਾਂ ਵਰਣਨ ਹੈ ਕਿ—

ਕਿਆ ਉਜੂ ਪਾਕੁ ਕੀਆ ਮੁਹੁ ਧੋਇਆ।
ਕਿਆ ਮਸੀਤਿ ਸਿਰੁ ਲਾਇਆ।
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ
ਕਿਆ ਹਜ ਕਾਬੈ ਜਾਇਆ॥

[ਪ੍ਰਭਾਤੀ, ਕਬੀਰ, ਪੰਨਾ 1350

**ਅਰਥਾਤ**—ਵਿਖਾਵੇ ਦਾ ਉਜੂ ਕਰਨਾ, ਮਸੀਤੇ ਜਾਣਾ, ਲੰਮੀਆਂ ਲੰਮੀਆਂ ਨਿਮਾਜ਼ਾਂ ਪੜ੍ਹਨੀਆਂ ਤੇ ਹੱਜ ਕਰਨਾ ਬੇਅਰਥ ਹਨ। ਓਹਨਾਂ ਦਾ ਪ੍ਰਾਣੀ ਨੂੰ ਕੋਈ ਲਾਭ ਨਹੀਂ ਪੁਜਦਾ; ਸਗੋਂ ਹਾਣ ਹੀ ਹੁੰਦਾ ਹੈ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

فَوَيْلٌ لِّلْمُصَلِّيْنَ ۝ الَّذِيْنَ هُمْ عَنْ صَلَاتِهِمْ سَاهُوْنَ ۝

Digitized by Panjab Digital Library | www.panjabdigilib.org

**ਅਰਥਾਤ**—ਓਹ ਨਿਮਾਜ਼ੀ ਨਸ਼ਟ ਹੋ ਜਾਣਗੇ, ਜੋ ਲੋਕ-ਵਿਖਾਵੇ ਲਈ ਨਿਮਾਜ਼ਾਂ ਪੜ੍ਹਦੇ ਹਨ ।

ਸੱਚੀ ਨਿਮਾਜ਼ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਕਿਹਾ ਗਿਆ ਹੈ ਕਿ ਉਹ ਪ੍ਰਾਣੀ ਨੂੰ ਹਰੇਕ ਕਿਸਮ ਦੀ ਬੁਰਾਈ ਤੋਂ ਰੋਕਦੀ ਹੈ; ਜਿਹਾ ਕਿ ਵਰਣਨ ਹੈ ਕਿ—

اَقِمِ الصَّلٰوةَ ط اِنَّ الصَّلٰوةَ تَنْهٰى عَنِ
الْفَحْشَآءِ وَالْمُنْكَرِ ط وَلَذِكْرُ اللّٰهِ اَكْبَرُ ط

**ਅਰਥਾਤ**—ਨਿਮਾਜ਼ ਨੂੰ (ਜਮਾਤ ਨਾਲ ਰਲ ਕੇ) ਪੜ੍ਹਦੇ ਰਿਹਾ ਕਰੋ । ਬੇਸ਼ਕ ਨਿਮਾਜ਼ ਸਾਰੇ ਕੁਕਰਮਾਂ ਤੋਂ ਰੋਕਣ ਤੇ ਸਮਰਥ ਹੈ ਅਤੇ ਸਾਜਨਹਾਰ ਪ੍ਰਭੂ ਦਾ ਸਿਮਰਨ ਹੀ ਸਭ ਤੋਂ ਵੱਡਾ ਹੈ ।

ਇਕ ਸਿੱਖ ਵਿਦਵਾਨ ਸੋਢੀ ਬ੍ਰਿਜ-ਬੱਲਭ ਸਿੰਘ ਜੀ ਨੇ ਪ੍ਰਭੂ ਦੀ ਉਪਾਸਨਾ ਬਾਰੇ ਗੁਰਮਤਿ ਦੀ ਸਿਖਿਆ ਦਾ ਵਰਣਨ ਕਰਦਿਆਂ ਇਹ ਲਿਖਿਆ ਹੈ ਕਿ—

"ਇਹ ਸਮਝ ਲੈਣਾ ਜ਼ਰੂਰੀ ਹੈ ਕਿ ਬੰਦਨਾ ਦੋ ਵੇਰੀ ਸਿਰ ਨੂੰ ਮੁੜ ਮੁੜ ਧਰਤੀ ਤੇ ਰਖਣੇ ਨੂੰ ਆਖਦੇ ਹਨ । ਸੋ ਇਹ ਬੰਦਨਾ ਸਿਵਾਇ ਇਕ ਨਿਰੰਕਾਰ ਜੀ ਦੇ ਦੂਜੇ ਕਿਸੇ ਅੱਗੇ ਕਰਨੀ ਅਯੋਗ ਹੈ ਅਤੇ ਸਤਿ ਸ੍ਰੀ ਨਿਰੰਕਾਰ ਜੀ ਨੂੰ ਬੰਦਨਾ ਸਦਾ ਇਸੇ ਤਰ੍ਹਾਂ ਕਰਨੀ ਚਾਹੀਦੀ ਹੈ ।"

[ਪ੍ਰਤਖਯ ਦਰਸ਼ਨ, ਪੰਨਾ ਅ

ਸੋਢੀ ਜੀ ਨੇ ਬੰਦਨਾ ਦਾ ਜੋ ਢੰਗ ਦਸਿਆ ਹੈ । ਏਹੋ ਹੀ ਇਸਲਾਮ ਧਰਮ ਵਿਚ ਪਰਵਾਨ ਹੈ. । ਸਾਰੇ ਜਗ ਦੇ ਮੁਸਲਮਾਨ ਭਾਵੇਂ ਓਹ ਕਿਸੇ ਹੀ ਫਿਰਕੇ ਜਾਂ ਸੰਪਰਦਾਇ ਨਾਲ ਸੰਬੰਧਤ ਹਨ, ਨਿਮਾਜ਼ ਪੜ੍ਹਨ ਸਮੇਂ ਹਰੇਕ ਰਕਾਤ ਵਿਚ ਦੋ-ਦੋ ਸਜਦੇ ਹੀ ਕੀਤਾ ਕਰਦੇ ਹਨ ।

ਇਸਦੇ ਨਾਲ ਹੀ ਸੋਢੀ ਜੀ ਨੇ ਸਿੱਖ ਧਰਮ ਦੀ ਉਪਾਸਨਾ ਦਾ ਢੰਗ ਵਰਣਨ ਕਰਦਿਆਂ ਹੋਇਆਂ ਤਸਵੀਰਾਂ ਵੀ ਦਿਤੀਆਂ ਹਨ ਤੇ ਓਹਨਾਂ ਵਿਚ ਇਸਲਾਮੀ ਢੰਗ ਨਾਲ ਮਿਲਦਾ ਜੁਲਦਾ ਕਿਆਮ, ਰਕੂਅ, ਸਜਦਾ ਆਦਿ ਵੀ ਦਰਸਾਇਆ ਹੈ ।

Digitized by Panjab Digital Library | www.panjabdigilib.org

ਵੇਖੋ ਪ੍ਰਤਖਯ ਦਰਸ਼ਨ ਦੇ ਪੰਨਾ 34 ਅੱਗੇ ਦਿੱਤਾ ਚਿਤਰ ਨੰ: 1 ਤੋਂ 3 ਤਕ; ਪੰਨਾ 64 ਅੱਗੇ ਦਿੱਤਾ ਚਿਤਰ ਨੰ: 4; ਪੰਨਾ 148 ਅੱਗੇ ਦਿਤਾ ਚਿਤਰ ਨੰ: 7; ਪੰਨਾ 172 ਅੱਗੇ ਦਿੱਤਾ ਚਿਤਰ ਨੰ: 8, ਅਤੇ ਪੰਨਾ 210 ਤੇ 230 ਅੱਗੇ ਦਿੱਤੇ ਚਿਤਰ ਨੰ: 9, 10 ਤੇ 12 ਆਦਿ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਦਿਨਸੁ ਰੈਣਿ ਜਿ ਤੁਧੁ ਅਰਾਧੇ
ਸੋ ਕਿਉ ਦੋਜਕਿ ਜਾਇ ॥

[ਤਿਲੰਗ, ਮ; 5, ਪੰਨਾ 724

**ਅਰਥਾਤ**—ਜੋ ਪ੍ਰਾਣੀ ਦਿਨ-ਰਾਤ ਸਾਜਨਹਾਰ ਪ੍ਰਭੂ ਦਾ ਸਿਮਰਨ ਕਰਦੇ ਹਨ, ਓਹ ਦੋਜ਼ਕ ਵਿਚ ਜਾਣ ਤੋਂ ਬਚ ਜਾਣਗੇ; ਕਿਉਂਕਿ ਓਹਨਾਂ ਤੋਂ ਕੋਈ ਭੈੜਾ ਕਰਮ ਨਹੀਂ ਹੋ ਸਕੇਗਾ ।

ਕੁਰਾਨ ਸ਼ਰੀਫ਼ ਵਿਚ ਲਿਖਿਆ ਹੈ ਕਿ—

فَسُبْحٰنَ اللّٰهِ حِيْنَ تُمْسُوْنَ وَحِيْنَ تُصْبِحُوْنَ ۝

**ਅਰਥਾਤ**—ਸਵੇਰ-ਸ਼ਾਮ ਆਪਣੇ ਸਾਜਨਹਾਰ ਪ੍ਰਭੂ ਦਾ ਸਿਮਰਨ ਕਰਦੇ ਰਿਹਾ ਕਰੋ ।

ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਸਿਮਰਉ ਅਪੁਨਾ ਸਾਂਈ ।
ਦਿਨਸੁ ਰੈਨਿ ਸਦ ਧਿਆਂਈ ।

[ਸੋਰਠ, ਮ: 5, ਪੰਨਾ 631

**ਅਰਥਾਤ**—ਮੈਂ ਆਪਣੇ ਪ੍ਰਭੂ ਦਾ ਦਿਨ ਰਾਤ ਸਿਮਰਨ ਕਰਦਾ ਰਹਿੰਦਾ ਹਾਂ ਤੇ ਸਦਾ ਉਸੇ ਨੂੰ ਹੀ ਧਿਆਉਂਦਾ ਰਹਿੰਦਾ ਹਾਂ ।

———

Digitized by Panjab Digital Library | www.panjabdigilib.org

# ਦਰੂਦ ਸ਼ਰੀਫ਼

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਦਰੂਦ ਸ਼ਰੀਫ਼[1] ਪੜ੍ਹਨ ਦੀ ਵੀ ਪ੍ਰੇਰਨਾ ਦਿਤੀ ਹੈ ਅਤੇ ਇਸ ਦੁਆਰਾ ਪ੍ਰਭੂ ਤੋਂ ਵਡੀਆਂ ਬਰਕਤਾਂ ਪ੍ਰਾਪਤ ਹੋਣਾ ਦਸਿਆ ਹੈ; ਜਿਹਾ ਕਿ ਗੁਰੂ ਜੀ ਦਾ ਫ਼ਰਮਾਨ ਹੈ ਕਿ—

ਸਾਦ ਸਲਾਹਤ ਮੁਹੰਮਦੀ
ਮੁਖ ਹੀ ਆਖਹੁ ਨਿਤ ।
ਖਾਸਾ ਬੰਦਾ ਸਜਿਆ
ਸਿਰ ਮਿਤ੍ਰਾ ਹੂ ਮਿਤ ।

[ਵਲਾਇਤ ਵਾਲੀ ਜਨਮ ਸਾਖੀ, ਪੰਨਾ 134

**ਅਰਥਾਤ**—ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀ ਸਿਫ਼ਤ ਸਲਾਹ ਸਦਾ ਹੀ

---

(1) ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਦਰੂਦ ਸ਼ਰੀਫ਼ ਦੇ ਏਹ ਅਰਥ ਕੀਤੇ ਹਨ ਕਿ—

"ਦੁਆ-ਬੇਨਤੀ, ਪ੍ਰਾਰਥਨਾ ਸਮੇਂ ਪੜ੍ਹਿਆ ਸਤੋਤ੍ਰ ।"

[ਮਹਾਨ ਕੋਸ਼, ਪੰਨਾ 1869

ਇਕ ਹੋਰ ਵਿਦਵਾਨ ਜੀ ਲਿਖਦੇ ਹਨ ਕਿ—

ਦਰੂਦ—ਪ੍ਰਾਰਥਨਾ ।

[ਬਾਣੀ ਪ੍ਰਕਾਸ਼, ਪੰਨਾ 40

**ਅਰਥਾਤ** :—

"ਦਰੂਦ—ਨਿਮਾਜ਼ ਤੋਂ ਪਿਛੋਂ ਜੋ ਦੁਆ ਕਰਦੇ ਹਨ ।"

[ਗੁਰੂ ਨਾਨਕ ਦਰਸ਼ਨ, ਪੰਨਾ 26



Digitized by Panjab Digital Library | www.panjabdigilib.org

ਕਰਦੇ ਰਹੋ । ਉਹ ਪ੍ਰਭੂ ਦੇ ਖਾਸ ਬੰਦੇ ਤੇ ਪ੍ਰਭੂ ਦੇ ਸਾਰੇ ਮਿੱਤਰਾਂ ਦੇ ਸਰਦਾਰ ਸਨ ।
ਇਕ ਸਿੱਖ ਵਿਦਵਾਨ ਨੇ ਲਿਖਿਆ ਹੈ ਕਿ—

"ਸਲਾਹਤ-ਮੁਹੰਮਦ (ਸਾਹਿਬ ਜੀ ਮਹਾਰਾਜ) ਤੇ ਉਹਨਾਂ ਦੀ ਆਲ ਲਈ ਪ੍ਰਭੂ ਤੋਂ ਬਰਕਤ ਮੰਗਣਾ ।

["ਪੰਜ ਦਰਿਆ" ਫਰਵਰੀ 1944

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਗੁਰੂ ਨਾਨਕ ਜੀ ਦਾ ਇਕ ਪਵਿਤਰ ਸ਼ਬਦ ਹੈ, ਜਿਸ ਵਿਚ ਦਰੂਦ ਪੜ੍ਹਨ ਦਾ ਸਿੱਟਾ ਪ੍ਰਭੂ ਤੋਂ ਬਹੁਤ ਬਰਕਤਾਂ ਮਿਲਣਾ ਦਸਿਆ ਗਿਆ ਹੈ; ਜਿਹਾ ਕਿ ਵਰਨਣ ਹੈ ਕਿ—

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ।
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ।
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ।

[ਸਿਰੀ ਰਾਗ, ਮ: 1, ਪੰਨਾ 53

ਸ਼ਬਦਾਰਥ ਗੁਰੂ ਗਰੰਥ ਸਾਹਿਬ ਵਿਚ "ਦਰੂਦ" ਦਾ ਭਾਵ ਇਹ ਵਰਣਨ ਕੀਤਾ ਗਿਆ ਹੈ ਕਿ—

"ਨਿਮਾਜ਼ ਤੋਂ ਪਿਛੋਂ ਜੋ ਦੁਆ ਕਰਦੇ ਹਨ ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 53

ਸੋ ਗੱਲ ਕੀ, ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਉਕਤ ਪਵਿਤਰ ਬਚਨ ਵਿਚ ਏਹੋ ਵਰਣਨ ਹੈ ਕਿ ਜੋ ਲੋਕ ਦਰੂਦ ਸ਼ਰੀਫ਼ ਪੜ੍ਹਦੇ ਰਹਿਣਗੇ, ਓਹਨਾਂ ਨੂੰ ਪ੍ਰਭੂ ਵਲੋਂ ਬਹੁਤ ਬਰਕਤਾਂ ਪ੍ਰਾਪਤ ਹੋਣਗੀਆਂ ।

ਕੁਰਾਨ ਸ਼ਰੀਫ਼ ਵਿਚ ਦਰੂਦ ਸ਼ਰੀਫ ਪੜ੍ਹਨ ਦੀ ਪ੍ਰੇਰਨਾ ਦਿੰਦਿਆਂ ਇਹ ਕਿਹਾ ਗਿਆ ਹੈ ਕਿ—

إِنَّ اللّٰهَ وَمَلٰئِكَتَهٗ يُصَلُّوْنَ عَلَى النَّبِيِّ ۚ يٰاَيُّهَا
الَّذِيْنَ اٰمَنُوْا صَلُّوْا عَلَيْهِ وَسَلِّمُوْا تَسْلِيْمًا ۝

Digitized by Panjab Digital Library | www.panjabdigilib.org

ਕ਼ੁਰਾਨ ਸ਼ਰੀਫ਼ ਦੀ ਇਸ ਆਇਤ ਵਿਚ ਮੁਸਲਮਾਨਾਂ ਨੂੰ ਦਰੂਦ ਸ਼ਰੀਫ਼ ਪੜ੍ਹਨ ਦੀ ਪ੍ਰੇਰਨਾ ਦਿਤੀ ਗਈ ਹੈ ।

ਇਸਲਾਮੀ ਧਰਮ ਪੁਸਤਕਾਂ ਵਿਚ ਇਹ ਦਰੂਦ ਸ਼ਰੀਫ਼ ਵਰਣਨ ਕੀਤਾ ਗਿਆ ਹੈ—

اللھم صل علی محمد وعلی ال محمد کما
صلیت علی ابراھیم وعلی ال ابراھیم انک
حمید مجید — اللھم بارک علی محمد
وعلی ال محمد کما بارکت علی ابراھیم و
علی ال ابراھیم انک حمید مجید

Digitized by Panjab Digital Library | www.panjabdigilib.org

# ਪ੍ਰਭੂ ਹੀ ਸੱਚਾ ਹੈ ਤੇ ਬਾਕੀ ਸਾਰੇ ਇਸ਼ਟ ਝੂਠੇ ਹਨ

ਸਾਜਨਹਾਰ ਪ੍ਰਭੂ ਨੂੰ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਸੱਚਾ ਤੇ ਸੱਚ ਦਾ ਸੋਮਾ ਦੱਸਿਆ ਹੈ। ਇਸ ਦੇ ਟਾਕਰੇ ਤੇ ਬਾਕੀ ਸਾਰੇ ਬਣਾਉਟੀ ਇਸ਼ਟ ਕੂੜੇ ਦਸੇ ਹਨ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ:—

ਵਿਣੁ ਸਚੇ ਸਭ-ਕੂੜ ਕੂੜ ਕਮਾਈਐ।
ਵਿਣੁ ਸਚੇ ਕੂੜਿਆਰ ਬੰਨਿ ਚਲਾਈਐ।
... ... ... ...
ਵਿਣੁ ਸਚੇ ਦਰਬਾਰੁ ਕੂੜਿ ਨਾ ਪਾਈਐ।
ਕੂੜੇ ਲਾਲਚਿ ਲਗਿ ਮਹਲੁ ਖੁਆਈਐ।"

[ਵਾਰ ਮਾਝ, ਮ: 1 ਪੰਨਾ 147

ਇਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ ਕਿ—

ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜ॥

[ਵਾਰ ਆਸਾ ਸ: ਮ: 1, ਪੰਨਾ 468

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਤਾਂ ਆਪਣੀ ਬਾਣੀ ਵਿਚ ਪ੍ਰਭੂ ਨੂੰ ਸੱਚ ਹੀ ਕਿਹਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

[ਜਪੁਜੀ, ਪੰਨਾ 1

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

ذٰلِكَ بِاَنَّ اللّٰهَ هُوَ الْحَقُّ وَاَنَّ مَا يَدْعُوْنَ مِنْ
دُوْنِهِ الْبَاطِلُ ۙ وَاَنَّ اللّٰهَ هُوَ الْعَلِيُّ الْكَبِيْرُ ۝



Digitized by Panjab Digital Library | www.panjabdigilib.org

**ਅਰਥਾਤ :**—ਸਾਜਨਹਾਰ ਪ੍ਰਭੂ ਹੀ ਸੱਚਾਈ ਦਾ ਸੋਮਾ ਤੇ ਸਦੀਵੀ ਸੱਚਾਈ ਹੈ । ਉਸ ਤੋਂ ਛੁਟ ਬਾਕੀ ਸਾਰੇ ਬਣਾਉਟੀ ਇਸ਼ਟ ਝੂਠੇ ਹਨ । ਲੋਕਾਂ ਨੇ ਉਹਨਾਂ ਨੂੰ ਆਪ ਹੀ ਘੜ ਲਿਆ ਹੈ । ਬੇਸ਼ਕ ਪ੍ਰਭੂ ਵੱਡੀਆਂ ਵਡਿਆਈਆਂ ਵਾਲਾ ਤੇ ਬਹੁਤ ਵੱਡਾ ਹੈ ।

ਗੁਰੂ ਨਾਨਕ ਜੀ ਦਾ ਫ਼ਰਮਾਨ ਹੈ ਕਿ—

ਹਿਰਦੈ ਸਚੁ ਏਹ ਕਰਣੀ ਸਾਰੁ ।
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥

[ਪ੍ਰਭਾਤੀ ਮ: 1, ਪੰਨਾ 1343

———

Digitized by Panjab Digital Library | www.panjabdigilib.org

# ਪ੍ਰਭੂ ਸਚ ਨੂੰ ਸਥਾਪਨ ਕਰਦਾ
# ਤੇ
# ਕੂੜ ਨੂੰ ਮਿਟਾਉਂਦਾ ਹੈ

ਸ੍ਰੀ ਗੁਰੁ ਨਾਨਕ ਜੀ ਮਹਾਰਾਜ ਨੇ ਪ੍ਰਭੂ ਦੀ ਏਕਤਾ ਦਾ ਵਰਣਨ ਕਰਦਿਆਂ ਹੋਇਆਂ ਇਹ ਅਸਲੀਅਤ ਵੀ ਪਰਗਟਾਈ ਹੈ ਕਿ ਸਾਜਨਹਾਰ ਪ੍ਰਭੂ ਸੱਚ ਨੂੰ ਸਥਾਪਨ ਕਰਦਾ ਹੈ ਤੇ ਕੂੜ ਨੂੰ ਮਿਟਾਉਂਦਾ ਹੈ। ਸੰਸਾਰ ਦਾ ਸਾਰਾ ਹੀ ਧਾਰਮਿਕ ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਸ ਜਗ ਵਿਚ ਸਦਾ ਹੀ ਸਦਾਕਤ ਦੀ ਜਿੱਤ ਹੁੰਦੀ ਰਹੀ ਹੈ ਤੇ ਤਾਕਤ ਹਾਰ ਖਾਂਦੀ ਰਹੀ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸੇ ਹੀ ਗੱਲ ਨੂੰ ਮੁਖ ਰੱਖ ਕੇ ਇਹ ਫ਼ਰਮਾਇਆ ਹੈ ਕਿ—

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

[ਵਾਰ ਰਾਮਕਲੀ, ਸ: ਮ: 1, ਪੰਨਾ 953

**ਅਰਥਾਤ** :—

ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁਹੋਈ ॥

[ਵਾਰ ਮਲਾਰ, ਮ: 1, ਪੰਨਾ 1239

**ਅਰਥਾਤ**—ਕੂੜ ਨਿਖੁਟ ਜਾਂਦਾ ਹੈ ਤੇ ਸੱਚ ਦੀ ਹੀ ਜਿੱਤ ਹੁੰਦੀ ਹੈ।

ਪ੍ਰਸਿਧ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ :—

ਕੂੜ ਨ ਪਹੁਚੈ ਸਚ ਨੋ ਸੌ ਘਾੜਤ ਘੜੀਐ।

[ਵਾਰ 34, ਪੌੜੀ 12

ਇਸ ਬਾਰੇ ਕੁਰਾਨ ਸ਼ਰੀਫ਼ ਨੇ ਪ੍ਰਭੂ ਦੀ ਇਹ ਮਰਯਾਦਾ ਵਰਣਨ ਕੀਤੀ ਹੈ ਕਿ—



Digitized by Panjab Digital Library | www.panjabdigilib.org

جَاءَ الْحَقُّ وَزَهَقَ الْبَاطِلُ ۚ إِنَّ الْبَاطِلَ كَانَ زَهُوقًا ٥

يَمْحُ اللّٰهُ الْبَاطِلَ وَيُحِقُّ الْحَقَّ بِكَلِمٰتِهٖ ۚ إِنَّهٗ
عَلِيْمٌۢ بِذَاتِ الصُّدُوْرِ ٥

**ਅਰਥਾਤ**—ਪ੍ਰਭੂ ਸਦਾ ਹੀ ਸਚ ਨੂੰ ਸਥਾਪਨ ਕਰਦਾ ਰਿਹਾ ਤੇ ਝੂਠ ਨੂੰ ਮਿਟਾਉਂਦਾ ਰਿਹਾ ਹੈ। ਕੂੜ ਵਿਚ ਇਹ ਬਲ ਨਹੀਂ ਕਿ ਉਹ ਸੱਚ ਨੂੰ ਸਦਾ ਲਈ ਹਰਾ ਸਕੇ। ਓੜਕ ਸੱਚ ਦੀ ਹੀ ਜਿੱਤ ਹੁੰਦੀ ਹੈ ਤੇ ਕੂੜ ਹੀ ਹਾਰਦਾ ਹੈ।

ਪ੍ਰਭੂ ਸਦਾ ਹੀ ਆਪਣੇ ਭਗਤ-ਜਨਾਂ ਦਾ ਸਾਥ ਦੇ ਕੇ ਉਹਨਾਂ ਦੀ ਪੈਜ ਰਖਦਾ ਆਇਆ ਹੈ; ਜਿਹਾ ਕਿ ਵਰਣਨ ਹੈ ਕਿ—

ਹਰਿ ਜੁਗੁ ਜੁਗੁ ਭਗਤ[1] ਉਪਾਇਆ
ਪੈਜ ਰਖਦਾ ਆਇਆ ਰਾਮਰਾਜੇ।

[ਆਸਾ ਮ: 4, ਪੰਨਾ 451

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

إِنَّا لَنَنْصُرُ رُسُلَنَا وَالَّذِيْنَ آمَنُوْا فِي الْحَيٰوةِ
الدُّنْيَا وَيَوْمَ يَقُوْمُ الْأَشْهَادُ ٥

**ਅਰਥਾਤ**—ਪ੍ਰਭੂ ਮੁਢ ਤੋਂ ਹੀ ਆਪਣੇ ਭਗਤਾ-ਜਨਾਂ ਰਸੂਲਾਂ ਤੇ ਉਹਨਾਂ ਦੇ ਸ਼ਰਧਾਲੂਆਂ ਦੀ ਪੈਜ ਰਖਦਾ ਅਇਆ ਹੈ ਤੇ ਉਹੋ ਹੀ ਜਿੱਤ ਪ੍ਰਾਪਤ ਕਰਦੇ ਰਹੇ ਹਨ।

---

1. "ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾਂ ਭਾਵਏ।
[ਰਾਮਕਲੀ ਸਦੁ 923

Digitized by Panjab Digital Library | www.panjabdigilib.org

# ਪ੍ਰਭੂ ਦੇ ਜੱਬਾਰੀ ਤੇ ਕੱਹਾਰੀ ਗੁਣ

ਸਾਰੇ ਜਗ ਦੇ ਅੱਡ ਅੱਡ ਧਰਮਾਂ ਤੇ ਵੱਖ ਵੱਖ ਮਤਾਂ ਦਾ ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਸਾਜਨਹਾਰ ਪ੍ਰਭੂ ਕੂੜਿਆਰ ਤੇ ਬੁਰਿਆਰ ਲੋਕਾਂ ਨੂੰ ਵੱਡੇ ਭਿਆਨਕ ਤੇ ਕਰੜੇ ਦੰਡ ਦਿੰਦਾ ਰਿਹਾ ਹੈ। ਭਾਰਤ ਦੇ ਇਤਿਹਾਸ ਵਿਚ ਹਰਨਾਕਸ਼, ਰਾਵਣ, ਕੰਸ ਤੇ ਦਰਯੋਧਨ ਆਦਿ ਪਾਪੀਆਂ ਤੇ ਦੁਰਾਚਾਰੀਆਂ ਦੇ ਭਿਆਨਕ ਅੰਤ ਇਸ ਦੀਆਂ ਸਪਸ਼ਟ ਉਦਾਰਣਾਂ ਹਨ। ਇਹ ਠੀਕ ਹੈ ਕਿ ਪ੍ਰਭੂ ਵੱਡਾ ਮਿਹਰਬਾਨ ਤੇ ਕਿਰਪਾ ਨਿਧਾਨ ਹੈ। ਉਹ ਆਪਣੇ ਭਗਤ-ਜਨਾਂ ਨਾਲ ਮਾਪਿਆਂ ਨਾਲੋਂ ਵੀ ਕਿਤੇ ਵਧ ਮਿਹਰ ਤੇ ਪਿਆਰ ਕਰਦਾ ਰਿਹਾ ਹੈ ਤੇ ਕਰਦਾ ਰਹੇਗਾ, ਪਰ ਇਸ ਤੋਂ ਵੀ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਪਾਪੀਆਂ, ਦੁਰਾਚਾਰੀਆਂ ਤੇ ਸੱਚ ਦੇ ਵੈਰੀਆਂ ਲਈ ਉਹ ਵੱਡਾ ਭਿਆਨਕ ਤੇ ਕਹਿਰਵਾਨ ਵੀ ਹੈ। ਜਦ ਓਹਨਾਂ ਦੇ ਕੁਕਰਮ ਹਦੋਂ ਵਧ ਜਾਂਦੇ ਹਨ, ਤਾਂ ਉਹ ਆਪਣੀਆਂ ਕਹਿਰੀ ਤਜੱਲੀਆਂ ਪਰਗਟ ਕਰਨ ਤੋਂ ਵੀ ਸ਼ੰਕੋਚ ਨਹੀਂ ਕਰਦਾ; ਕਿਉਂ ਜੁ ਉਹ "ਦਿਆਲੂ" ਤੇ "ਕਿਰਪਾਲੂ" ਹੋਣ ਦੇ ਨਾਲ ਹੀ "ਅਰਸੁ ਸੰਘਾਰ", "ਮਧੁਸੂਦਨ" ਤੇ "ਮੁਰਾਰੀ" ਆਦਿ ਵੀ ਹੈ। ਏਹੋ ਕਾਰਨ ਹੈ ਕਿ ਇਸਲਾਮ ਧਰਮ ਨੇ ਜਿਥੇ ਉਸਨੂੰ "ਰਹਿਮਾਨ", "ਰਹੀਮ" ਤੇ "ਕਰੀਮ", ਅਰਥਾਤ "ਅਤਿ ਦਿਆਲੂ", "ਅਤਿ ਕਿਰਪਾਲੂ" ਤੇ ਕਿਰਪਾ-ਨਿਧਾਨ ਪਰਗਟ ਕੀਤਾ ਹੈ, ਉੱਥੇ ਉਸਨੂੰ "ਜੱਬਾਰ" ਤੇ "ਕੱਹਾਰ" ਵੀ ਵਰਣਨ ਕੀਤਾ ਹੈ; ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ :—

اَلْجَبَّارُ —— وَهُوَ الْوَاحِدُ الْقَهَّارُ ○

ਕੁਰਾਨ ਸ਼ਰੀਫ਼ ਦੀਆਂ ਏਹਨਾਂ ਦੋਹਾਂ ਆਇਤਾਂ ਦਾ ਭਾਵ ਅਸਲ ਵਿਚ ਪ੍ਰਭੂ ਦਾ "ਅਸੁਰ ਸਿੰਘਾਰ", "ਮਧੁਸੂਦਨ" ਤੇ "ਮੁਰਾਰੀ" ਹੋਣਾ ਹੀ ਹੈ।



Digitized by Panjab Digital Library | www.panjabdigilib.org

ਪ੍ਰਸਿਧ ਸਿੱਖ ਵਿਦਵਾਨ ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ "ਜੱਬਾਰ" ਤੇ "ਕੱਹਾਰ" ਦੇ ਇਹ ਅਰਥ ਕੀਤੇ ਹਨ ਕਿ—

"**ਜੱਬਾਰ** :—ਕੁਰਾਨ ਅਨੁਸਾਰ ਕਰਤਾਰ ਦਾ
ਇਕ ਨਾਮ—(2) ਪ੍ਰਬਲ, ਜ਼ਬਰਦਸਤ।"

[ਮਹਾਨ ਕੋਸ਼, ਪੰਨਾ 1515

"**ਕੱਹਾਰ** :—ਕਰਤਾਰ, ਵਾਹਿਗੁਰੂ, ਨੀਚਾਂ (ਪਾਮਰਾਂ)
ਤੇ ਕਹਿਰ ਕਰਨ ਵਾਲਾ।"

[ਮਹਾਨ ਕੋਸ਼, ਪੰਨਾ 860

ਪ੍ਰਸਿਧ ਸਿੱਖ ਬਜ਼ੁਰਗ ਭਾਈ ਸੰਤੋਖ ਸਿੰਘ ਜੀ ਨੇ ਇਕ ਥਾਂ ਲਿਖਿਆ ਹੈ ਕਿ :—

ਸਿਫਤ ਕੱਹਾਰ ਸੱਤਾਰ ਹੈ।

[ਗੁਰ ਪ੍ਰਤਾਪ ਸੂਰਜ

**ਅਰਥਾਤ**—"ਕੱਹਾਰ" ਤੇ "ਸੱਤਾਰ" ਵੀ ਪ੍ਰਭੂ ਦੀਆਂ ਸਿਫ਼ਤਾਂ ਹਨ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਵੀ ਆਪਣੀ ਪਵਿਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਨੂੰ "ਦਿਆਲੂ" ਤੇ "ਕਿਰਪਾਲੂ" ਅਰਥਾਤ "ਰਹਿਮਾਨ" ਤੇ "ਰਹੀਮ" ਮੰਨਣ ਦੇ ਨਾਲ ਹੀ ਉਸਨੂੰ "ਅਸੁਰ ਸਿੰਘਾਰ" ਤੇ "ਮਧੁਸੂਦਨ" ਆਦਿ ਨਾਵਾਂ ਨਾਲ ਵੀ ਯਾਦ ਕੀਤਾ ਹੈ, ਜੋ ਉਸ ਦੇ "ਜੱਬਾਰੀ" ਤੇ "ਕੱਹਾਰੀ" ਗੁਣਾਂ ਨਾਲ ਹੀ ਸੰਬੰਧਤ ਹਨ। ਹੇਠਾਂ ਅਸੀਂ ਇਸ ਦੀਆਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ।

————

Digitized by Panjab Digital Library | www.panjabdigilib.org

# ਬਿਕਰਾਲ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਸਾਜਨਹਾਰ ਪ੍ਰਭੂ ਦਾ ਇਕ ਗੁਣਵਾਚਕ ਨਾਂ "ਬਿਕਰਾਲ" ਵੀ ਵਰਣਨ ਕੀਤਾ ਹੈ, ਜਿਹਾ ਕਿ—

ਜਟਾ ਬਿਕਟ "ਬਿਕਰਾਲ" ਸਰੂਪੀ
ਰੂਪੁ ਨ ਰੇਖਿਆ ਕਾਈ ਹੇ ।

[ਮਾਰੂ ਮ: 1, ਪੰਨਾ 1021

ਸਿਖ ਵਿਦਵਾਨਾਂ ਨੇ ਸ੍ਰੀ ਗੁਰੂ ਜੀ ਦੇ ਇਸ ਪਵਿਤਰ ਵਾਕ ਦੇ ਇਹ ਅਰਥ ਕੀਤੇ ਹਨ ਕਿ—

"ਤੂੰ ਲੰਮੀਆਂ ਜਟਾਂ ਵਾਲਾ "**ਭਿਆਨਕ**" ਵੀ ਹੈਂ, ਅਤੇ ਸੋਹਣਾ ਵੀ ਹੈਂ, ਅਸਲ ਵਿਚ ਤੇਰਾ ਕੋਈ ਰੂਪ ਰੇਖ ਨਹੀਂ ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 1021
ਤੇ ਗੁਰੂ ਨਾਨਕ ਦਰਸ਼ਨ, ਪੰਨਾ 253

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਵਰਣਨ ਹੈ ਕਿ—

ਲਟ ਛੂਟੀ ਵਰਤੈ ਬਿਕਰਾਲ ।
ਕੋਟਿ ਕਲਾ ਖੇਲੈ ਗੋਪਾਲ ॥

[ਭੈਰਉ ਕਬੀਰ, ਪੰਨਾ 1163

ਸੋ ਗੱਲ ਕੀ, ਗੁਰਬਾਣੀ ਵਿਚ ਪ੍ਰਭੂ ਨੂੰ ਬਿਕਰਾਲ ਵੀ ਵਰਣਨ ਕੀਤਾ ਗਿਆ ਹੈ ਅਤੇ ਕੋਸ਼ਾਂ ਵਿਚ "ਬਿਕਰਾਲ" ਦਾ ਅਰਥ "ਭਿਆਨਕ" ਤੇ "ਡਰਾਉਣਾ" ਹੀ ਹਨ । (ਵੇਖੋ ਬਾਣੀ ਪ੍ਰਕਾਸ਼, ਪੰਨਾ 659 ਤੇ 740 ਮਹਾਨ ਕੋਸ਼, ਪੰਨਾ 2588 ਤੇ ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 1021 ।



Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਿਕਰਾਲ ਪ੍ਰਭੂ ਦੇ ਕੰਮ ਵੀ ਬਿਕਰਾਲ ਦੱਸੇ ਹਨ ਅਤੇ ਇਸ ਲਈ ਉਹਨਾਂ ਨੇ ਪ੍ਰਭੂ ਦੇ ਕੰਮਾਂ ਵਾਸਤੇ "ਕ੍ਰੂਰ ਕਰਮ" ਤੇ "ਢੀਠ ਕਰਮ" ਦੇ ਪਦਾ ਦੀ ਵਰਤੋਂ ਕੀਤੀ ਹੈ, ਜਿਹਾ ਕਿ ਉਹਨਾਂ ਨੇ ਫ਼ਰਮਾਇਆ ਹੈ ਕਿ—

ਨੇਮੋ ਨਿਤ ਨਾਰਾਇਣੇ "**ਕਰੂਰ ਕਰਮੇ**"।

[ਦਸਮ ਗਰੰਥ ਪੰਨਾ 3

ਇਕ ਸਿੱਖ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਨੇ ਸ੍ਰੀ ਗੁਰੂ ਜੀ ਦੇ ਇਸ ਪਵਿਤਰ ਵਾਕ ਦੇ ਇਹ ਅਰਥ ਕੀਤੇ ਹਨ ਕਿ—

"ਨਿਤ ਰਹਿਣ ਵਾਲੇ ਨਾਰਾਇਣ ਅਤੇ ਕਰੂਰ—**ਭਿਆਨਕ**—ਕੰਮਾਂ ਦੇ ਕਰਨ ਵਾਲੇ ਤੈਨੂੰ ਨਮਸਕਾਰ ਹੈ।"

[ਨਿਤਨੇਮ, ਸਟੀਕ, ਪੰਨਾ 304

ਹੋਰ ਵੀ ਕਈ ਸਿੱਖ ਵਿਦਵਾਨਾਂ ਨੇ ਕਰੂਰ ਕਰਮ ਦੇ ਅਰਥ "ਭਿਆਨਕ" ਕਰਮ ਹੀ ਵਰਣਨ ਕੀਤੇ ਹਨ: ਜਿਹਾ ਕਿ—

1. "ਦਿਆ ਰਹਿਤ ਕੰਮ ਕਰਨ ਵਾਲਾ।"

[ਮਹਾਨ ਕੋਸ਼, ਪੰਨਾ 1076

2. "ਉਹ ਕਰਮ ਕਰਨ ਵਾਲਾ, ਜਿਸ ਨਾਲ ਦੂਜੇ ਨੂੰ ਕਸ਼ਟ ਪੁਜੇ।"

[ਦਸਮ ਗਰੰਥ, ਸਟੀਕ, ਪੰਨਾ 15

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਫ਼ਰਮਾਇਆ ਹੈ ਕਿ—

ਅਡੀਠ ਧਰਮ ।
ਅਤਿ ਢੀਠ ਕਰਮ ।

[ਦਸਮ ਗਰੰਥ ਪੰਨਾ 8

**ਅਰਥਾਤ** :—

"ਤੇਰਾ ਸੁਭਾਵ ਦਿਸਦਾ ਨਹੀਂ। ਤੇਰੇ ਕੰਮ ਅਤੀ ਢੀਠ ਭਾਵ **ਭਿਆਨਕ,** ਡਾਹਢੇ ਤੇ ਅਮਟੇ ਹਨ।"

[ਨਿਤਨੇਮ, ਸਟੀਕ, ਪੰਨਾ 351

Digitized by Panjab Digital Library | www.panjabdigilib.org

ਗਿਆਨੀ ਸ਼ੇਰ ਸਿੰਘ ਜੀ ਨੇ ਪ੍ਰਭੂ ਦੇ ਭਿਆਨਕ ਕੰਮਾਂ ਦੀ ਇਹ ਵਿਆਖਿਆ ਕੀਤੀ ਹੈ ਕਿ—

"ਜਿਸ ਪਦਾਰਥ ਦਾ ਤੇਜ ਬਹੁਤ ਹੋਵੇ, ਉਹ ਵੀ ਭਿਆਨਕ ਹੁੰਦਾ ਹੈ; ਜਿਸ ਤਰ੍ਹਾਂ ਬਿਜਲ਼ੀ। ਸੋ ਈਸ਼ਵਰ ਦੇ ਕਰਮ ਪੂਰਨ ਤੇਜ ਨਾਲ ਸੰਬੰਧ ਰਖਦੇ ਹਨ, ਅਰਥਾਤ ਉਸ ਵਿਚ "ਜਮਾਲ" ਤੇ "ਜਲਾਲ" ਦੋਨੋਂ ਹਨ। "ਜਮਾਲ" ਸ਼ਾਂਤੀ ਭਰੀ ਸੁੰਦਰਤਾਈ ਨੂੰ ਆਖੀਦਾ ਹੈ; ਜਿਹਾ ਕਿ ਚੰਦ। "ਜਲਾਲ" ਤੇਜ ਭਰੀ ਸੁੰਦਰਤਾਈ ਨੂੰ ਕਹੀਦਾ ਹੈ; ਜਿਹਾ ਕਿ ਸੂਰਜ।"

[ਨਿਤਨੇਮ ਸਟੀਕ, ਪੰਨਾ 304

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਨੂੰ ਜਮਾਲ ਤੇ ਜਲਾਲ ਵਾਲਾ ਵੀ ਪਰਗਟ ਕੀਤਾ ਹੈ; ਜਿਹਾ ਕਿ ਉਹਨਾਂ ਨੇ ਫ਼ਰਮਾਇਆ ਹੈ ਕਿ—

ਕਰੀਮੁਲ ਕਮਾਲ ਹੈ।
ਕਿ ਹੁਸਨੁਲ "ਜਮਾਲ" ਹੈ।

[ਦਸਮ ਗਰੰਥ ਪੰਨਾ 8

**ਅਰਥਾਤ :—**

ਕਰੀਮੁਲ ਕਮਾਲ 'ਹੈ।
ਕਿ ਜੁਰਅਤ "ਜਮਾਲ" ਹੈ।

[ਦਸਮ ਗਰੰਥ, ਪੰਨਾ 8

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਕਿ ਸਾਹਿਬ ਦਿਅਰ ਅਸਤੁ ਆਜਮ ਅਜੀਮ।
ਕਿ ਹੁਸਨੁਲ "ਜਮਾਲ" ਅਸਤੁ ਰਾਜਕ ਰਹੀਮ।

[ਦਸਮ ਗਰੰਥ, ਪੰਨਾ 1247

ਸ੍ਰੀ ਗੁਰੂ ਜੀ ਨੇ ਆਪਣੇ ਏਹਨਾਂ ਤਿੰਨਾਂ ਹੀ ਪਵਿੱਤਰ ਵਾਕਾਂ ਵਿਚ ਪ੍ਰਭੂ ਦੇ ਹੁਸਨ "ਜਮਾਲ" ਦਾ ਵਰਣਨ ਕੀਤਾ ਹੈ ਅਤੇ ਉਸ ਲਈ ਵਰਤੋਂ ਵੀ "ਜਮਾਲ" ਪਦ ਦੀ ਹੀ ਕੀਤੀ ਹੈ ਅਤੇ ਪ੍ਰਭੂ ਦੀ "ਜਲਾਲੀ" ਸ਼ਾਨ ਬਾਰੇ ਇਹ ਫ਼ਰਮਾਇਆ ਹੈ ਕਿ—

Digitized by Panjab Digital Library | www.panjabdigilib.org

ਨਮੋ ਤੇਜ ਤੇਜੇ ।

[ਦਸਮ ਗਰੰਥ, ਪੰਨਾ 9

**ਅਰਥਾਤ**—ਹੇ ਤੇਜਾਂ ਦੇ ਤੇਜ ਭਾਵ "ਜਲਾਲਾਂ ਦੇ ਜਲਾਲ" ਤੈਨੂੰ ਨਮਸਕਾਰ ਹੈ । ਚੇਤੇ ਰਹੇ ਕਿ ਕੋਸ਼ ਵਿਚ "ਜਲਾਲ" ਦਾ ਅਰਥ "ਤੇਜ" ਹੀ ਹੈ ।

[ਵੇਖੋ ਮਹਾਨ ਕੋਸ਼ ਪੰਨਾ 1534

ਸੋ ਗੱਲ ਕੀ, ਗੁਰੂ ਨਾਨਕ ਜੀ ਮਹਾਰਾਜ ਦੇ ਵਿਚਾਰ ਅਨੁਸਾਰ ਜਿਥੇ ਪ੍ਰਭੂ ਆਪਣੇ ਨੇਕ ਬੰਦਿਆਂ ਲਈ ਕਿਰਪਾਲੂ ਤੇ ਦਿਆਲੂ ਹੈ, ਉਥੇ ਕੂੜਿਆਰਾਂ ਤੇ ਬੁਰਿਆਰਾਂ ਲਈ "ਬਿਕਰਾਲ ਸਰੂਪ" ਵੱਡਾ "ਭਿਆਨਕ" ਤੇ "ਡਰਾਉਣਾ" ਵੀ ਹੈ । ਇਸੇ ਹੀ ਭਾਵ ਨੂੰ ਮੁਖ ਰਖਕੇ ਸ੍ਰੀ ਗੁਰੂ ਨਾਨਕ ਜੀ ਨੇ ਪ੍ਰਭੂ ਬਾਰੇ ਇਹ ਫ਼ਰਮਾਇਆ ਹੈ ਕਿ—

ਦੈਤ ਸੰਘਾਰ ਸੰਤ ਨਿਸਤਾਰੇ ॥

[ਗੌੜੀ, ਮ: 1, ਪੰਨਾ 224

**ਅਰਥਾਤ**—ਪ੍ਰਭੂ ਕੂੜਿਆਰ ਤੇ ਬੁਰਿਆਰ ਲੋਕਾਂ ਦਾ ਸੰਘਾਰ ਕਰਦਾ ਹੈ ਤੇ ਓਹਨਾਂ ਦਾ ਨਾਂ ਨਿਸ਼ਾਨ ਮਿਟਾ ਦਿੰਦਾ ਹੈ; ਪਰ ਆਪਣੇ ਸਚਿਆਰ ਤੇ ਭਲੇ ਪੁਰਖਾਂ ਦਾ ਨਿਸਤਾਰਾ ਕੀਤਾ ਕਰਦਾ ਹੈ । ਪ੍ਰਭੂ ਦੇ ਇਸ ਵਰਤਾਉ ਦੀਆਂ ਉਦਾਹਰਣਾਂ ਸਾਰੇ ਹੀ ਧਰਮਾਂ ਵਿਚ ਮਿਲ ਜਾਂਦੀਆਂ ਹਨ ।

---

Digitized by Panjab Digital Library | www.panjabdigilib.org

# ਕਾਲਮੌਤ

ਸਿਖ ਵਿਦਵਾਨ ਇਹ ਗਲ ਮੰਨਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਬਹਾਦੁਰੀ ਤੇ ਦਲੇਰੀ ਪੈਦਾ ਕਰਨ ਲਈ ਸਾਜਨਹਾਰ ਪ੍ਰਭੂ ਦਾ ਇਕ ਗੁਣਵਾਚਕ ਨਾਂ ਕਾਲ (ਮੌਤ) ਵਰਨਣ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

"ਕਾਲ" ਹੀ ਪਾਇ ਭਯੋ ਭਸਵਾਨ ਸੋ
ਜਗਤ ਯਾ ਜਗ ਮੇ ਜਾ ਕੀ ਕਲਾ ਹੈ ।
ਔਰ ਸਕਲ ਸਭੈ ਬਸ ਕਾਲ ਕੇ
ਏਕ ਹੀ "ਕਾਲ" ਅਕਾਲ ਸਦਾ ਹੈ ।

[ਦਸਮ ਗ੍ਰੰਥ ਪੰਨਾ 40

**ਅਰਥਾਤ :—**

ਜਵਨ "ਕਾਲ" ਸਭ ਲੋਕ ਸਵਾਰਾ ।
ਨਮਸਕਾਰ ਤਾਹੀਂ ਹਮਾਰਾ ।
ਜਵਨ ਕਾਲ ਸਭ ਜਗਤ ਬਨਾਯੋ ।
ਦੇਵ ਦੈਤ ਜਛਨ ਉਪਜਾਯੋ ।

[ਦਸਮ ਗ੍ਰੰਥ ਪੰਨਾ [1254

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਏਹਨਾਂ ਦੋਹਾਂ ਸ਼ਬਦਾਂ ਵਿਚ ਹੀ ਇਸ ਜਗ ਦੇ ਸਾਜਨਹਾਗ ਪ੍ਰਭੂ ਨੂੰ ਕਾਲ (ਮੌਤ) ਦੇ ਨਾਂ ਨਾਲ ਯਾਦ ਕੀਤਾ ਹੈ, ਜੋ ਉਸਦੇ "ਬਿਕਰਾਲ ਰੂਪ" ਦਾ ਹੀ ਲਖਾਇਕ ਹੈ ।

ਗੁਰੂ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਪ੍ਰਭੂ ਦੇ ਗੁਣ ਵਾਚਕ ਨਾਂ "ਤਲਵਾਰ", "ਤੋਂਪ", "ਭਗਉਤੀ", "ਅਸ", "ਤੇਗ" ਤੇ "ਖੜਗ" ਆਦਿ



Digitized by Panjab Digital Library | www.panjabdigilib.org

ਵੀ ਵਰਣਨ ਕੀਤੇ ਹਨ । (ਵੇਖੋ ਸ੍ਰੀ ਦਸਮ ਗ੍ਰੰਥ ਪੰਨਾ 35, 41, 42 ਆਦਿ)

ਇਕ ਸਿੱਖ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇਸ ਬਾਰੇ ਇਹ ਵਿਚਾਰ ਪਰਗਟ ਕੀਤੇ ਹਨ ਕਿ—

"ਜਿਵੇਂ "**ਅਸ**", "**ਤੇਗ**" ਤੇ **ਕਿਰਪਾਨ** ਨਾਮ ਸ੍ਰੀ **ਕਾਲ** ਜੀ ਨੂੰ ਦਿੱਤੇ ਹਨ; ਤਿਵੇਂ **ਸ੍ਰੀ ਖੜਗ** ਵੀ **ਸ੍ਰੀ ਕਾਲ** ਜੀ ਦਾ ਹੀ ਨਾਮ ਹੈ।

ਕਿਉਂ ਇਹ ਨਾਮ **ਸ੍ਰੀ ਕਾਲ** ਜੀ ਵਾਸਤੇ ਵਰਤੇ ਹਨ ? ਕਿਉਂਕਿ ਦੋਹਾਂ ਵਿਚ ਇਕ ਸਾਂਝਾ ਗੁਣ ਹੈ । ਸ਼ਸਤਰ ਸਭ ਦੀ ਮੌਤ ਦਾ ਕਾਰਨ ਹਨ । **ਸ੍ਰੀ ਕਾਲ** ਭੀ ਸਭ ਦੀ ਮੌਤ ਦਾ ਕਾਰਨ ਹੈ ।"

[ਰਸਾਲਾ ਫੁਲਵਾੜੀ, ਜਨਵਰੀ 1938

**ਅਰਥਾਤ** :—

"ਅਕਾਲ ਪੁਰਖ ਨੂੰ ਮੌਤ-ਰੂਪ ਦਸ ਕੇ, ਉਸ ਨੂੰ ਸ਼ਸਤਰਾਂ ਦੇ ਨਾਮ ਦੇ ਕੇ, ਸ਼ਸਤਰ ਦਿਖਾ ਕੇ ਤੇ ਉਸ ਦਾ **ਭਿਆਨਕ ਰੂਪ** ਬਿਆਨ ਕਰ ਕੇ ਕੀ ਸਤਿਗੁਰੂ ਜੀ ਨੇ ਉਸ ਦੇ ਜਮਾਲ ਦੇ ਨਾਲ ਜਲਾਲ ਦੀ ਤਸਵੀਰ ਨਹੀਂ ਖਿੱਚੀ ? ਕਿਉਂ ਖਿੱਚੀ ? ਇਸ ਵਾਸਤੇ ਕਿ ਸਿੰਘਾਂ ਦੇ ਮਨ ਵਿਚੋਂ ਮੌਤ ਦਾ ਭਉ ਦੂਰ ਹੋ ਜਾਏ । ਪੈਦਾ ਕਰਨ ਵਾਲਾ, ਪਾਲਨਹਾਰ ਤੇ ਨਾਸ ਕਰਨ ਵਾਲਾ ਹਰ ਵੇਲੇ ਉਸੇ "ਕਾਲ ਪੁਰਖ" ਨੂੰ ਸਿੱਖ ਯਕੀਨ ਕਰਨ ।...... ਸੋ ਇਹ ਗੱਲ ਸਾਫ਼ ਹੋ ਗਈ ਕਿ ਸਤਿਗੁਰੂ ਜੀ ਦੀ '**ਸ੍ਰੀ ਭਗਾਉਤੀ**' **ਸ੍ਰੀ ਕਾਲ** ਜੀ ਹੀ ਹੈ। **ਸ੍ਰੀ** ਕਾਲ ਜੀ ਨੂੰ ਹੀ ਆਪ '**ਕਾਲਕਾ**' ਨਾਮ ਦਿੰਦੇ ਹਨ । ਇਹ ਸਾਰੇ ਨਵੇਂ ਨਾਂ **ਸ੍ਰੀ ਕਾਲ** ਜੀ ਦਾ "ਜਲਾਲ" ਪਰਗਟ ਕਰਦੇ ਹਨ "

[ਰਸਾਲਾ ਫੁਲਵਾੜੀ ਜਨਵਰੀ 1938

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ "ਕਾਲ" ਪ੍ਰਭੂ ਦਾ ਵੱਡਾ ਭਿਆਨਕ ਰੂਪ ਏਹਨਾਂ ਅੱਖਰਾਂ ਦੁਆਰਾ ਪੇਸ਼ ਕੀਤਾ ਹੈ ਕਿ—

ਚਮਕਹ ਕ੍ਰਿਪਾਣੇ । ਅਭੂਤੰ ਭਯਾਣ ॥
ਧੁਨੰ ਨੇਵਰਣੰ । ਘੁਰੰ ਘੁੰਗ੍ਰਯਾਣ ॥
ਚਤੁਰ ਬਾਹੁ ਚਾਹੰ । ਨ੍ਰਿਜੂਣ ਸੁਧਾਰੰ ॥
ਗਦਾ ਪਾਸ ਸੋਹੰ । ਜਮੰ ਮਾਨ ਮੋਹੰ ॥

Digitized by Panjab Digital Library | www.panjabdigilib.org

ਸੁਭੰ ਜੀਭ ਜੁਆਲੰ। ਸੁਦਾੜ੍ਹਾ ਕਰਾਲੰ ॥
ਬਜੀ ਬੰਬ ਸੰਖੰ। ਉਤੇ ਨਾਦ ਬੰਖੰ ॥
ਚਮੱਕਹਿ ਕ੍ਰਿਪਾਨੰ। ਅਭੂਤੇ ਭਯਾਨੰ ॥
ਧੁਨੰ ਨੇਵਰਾਣ। ਘੁਰੰ ਘੁੰਮਰਯਾਣੰ ॥
ਚਤੁਰ ਬਾਂਹੁ ਚਾਰੰ ॥ ਨਿਜਣੰ ਸੁਧਾਰੰ ॥
ਗਦਾ ਪਾਸ ਸੋਹੰ ॥ ਜਮੰ ਮਾਨ ਮੋਹੰ ॥
ਸੁਭੰ ਜੀਭ ਜ੍ਵਾਲੰ। ਸੁ ਦਾੜ੍ਹਾ ਕਰਾਲ ॥
ਬਜੀ ਬੰਬ ਸੰਖੰ। ਉਠੇ ਨਾਦ ਬੰਖੰ ॥

[ਦਸਮ ਗ੍ਰੰਥ, ਪੰਨਾ 37

**ਅਰਥਾਤ** :—ਮਹਾਂ ਕਾਲ ਪ੍ਰਭੂ ਦੇ ਹੱਥ ਵਿਚ ਚਮਕਦੀ ਤਲਵਾਰ ਹੈ, ਜੋ ਵੱਡੀ ਭਿਆਨਕ ਹੈ। ਜਦ ਉਹ ਤੁਰਦਾ ਹੈ, ਤਾਂ ਝਾਂਜਰਾਂ ਦੀ ਆਵਾਜ਼ ਆਉਂਦੀ ਹੈ, ਤੇ ਘੁੰਗਰੂ ਵੀ ਵਜਦੇ ਹਨ। ਉਸ ਦੀਆਂ ਚਾਰ ਸੁੰਦਰ ਬਾਹਾਂ ਹਨ। ਸਿਰ ਤੇ ਸੁੰਦਰ ਜੂੜਾ ਹੈ। ਉਸ ਦੇ ਕੋਲ ਗਦਾ ਵੀ ਹੈ, ਜੋ ਜਮ (ਮੌਤ) ਦੇ ਮਾਣ ਨੂੰ ਵੀ ਮੋਹ ਰਹੀ ਹੈ। ਉਸ ਦੀ ਜ਼ਬਾਨ ਅੱਗ ਵਾਂਗ ਲਾਲ ਹੈ। ਉਸ ਦੇ ਦੰਦ ਵੀ ਵੱਡੇ ਡਰਾਉਣੇ ਹਨ ! ਸੰਖ ਤੇ ਨਗਾਰੇ ਵਜਦੇ ਹਨ ਅਤੇ ਸਮੁੰਦਰ ਦੀ ਗਰਜ ਵਾਂਗ ਸ਼ੋਰ ਮਚ ਰਿਹਾ ਹੈ।

ਇਕ ਸਿੱਖ ਵਿਦਵਾਨ ਜੀ ਨੇ ਸ੍ਰੀ ਗੁਰੂ ਜੀ ਦੇ ਇਸ ਸ਼ਬਦ ਨੂੰ ਮੁਖ ਰੱਖ ਕੇ ਇਹ ਵਰਣਨ ਕੀਤਾ ਹੈ ਕਿ :—

> "ਇਸ ਮਹਾਂਕਾਲ ਦੇ ਹੱਥ ਵਿਚ ਤਲਵਾਰ ਚਮਕਦੀ ਹੈ, ਜੋ ਡਰਾਉਣੀ ਹੈ ਨਾਲ ਘੁੰਗਰੂ ਤੇ ਝਾਂਝਰਾਂ ਦਾ ਲਾਦ ਹੈ। **ਇਸ ਦਾ ਵਿਕ੍ਰਾਲ ਸ਼ਸਤਰ ਧਾਰੀ ਰੂਪ ਹੈ।**"

[ਦਸਮ ਗ੍ਰੰਥ ਰੂਪ ਤੇ ਰਸ ਪੰਨਾ 95

ਇਸ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਰੂਪ ਰੇਖਾ ਤੋਂ ਰਹਿਤ ਪ੍ਰਭੂ ਨੂੰ ਗੁਰੂ ਜੀ ਰੂਪ ਰੇਖਾ ਵਾਲਾ ਵਰਣਨ ਕਰ ਰਹੇ ਹਨ। ਗੁਰੂ ਜੀ ਨੇ ਆਪ ਹੀ ਪ੍ਰਭੂ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

Digitized by Panjab Digital Library | www.panjabdigilib.org

ਚਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਸਕਤ ਕਿਹ ॥

[ਦਸਮ ਗ੍ਰੰਥ, ਪੰਨਾ 1,

ਸੋ ਇਸ ਦਾ ਏਹੋ ਭਾਵ ਹੈ ਕਿ "ਜਬਾਰ" ਪ੍ਰਭੂ ਦੀ "ਜ਼ਬਾਰੀ" ਤੇ "ਕਹਾਰੀ" ਸਿਫਤ ਨੂੰ ਦਰਸਾਉਣ ਲਈ ਉਸ ਦਾ ਭਿਆਨਕ ਰੂਪ ਅੰਕਿਤ ਕਰ ਰਹੇ ਹਨ । ਇੱਕ ਸਿੱਖ ਵਿਦਵਾਨ ਜੀ ਨੇ ਇਸੇ ਹੀ ਗੱਲ ਨੂੰ ਮੁੱਖ ਰੱਖ ਕੇ ਇਹ ਵਰਣਨ ਕੀਤਾ ਹੈ ਕਿ—

"ਸ੍ਰੀ ਕਲਗੀਧਰ ਜੀ ਨੇ ਖਾਲਸੇ ਵਿਚ ਬੀਰ ਰਸ ਭਰਨ ਲਈ ਪ੍ਰਭੂ ਦਾ **ਭਿਆਨਕ ਰੂਪ** ਹੀ ਬਹੁਤਾ ਬਿਆਨ ਕੀਤਾ ਹੈ ।"

[ਰਸਾਲਾ ਫੁਲਵਾੜੀ, ਜਨਵਰੀ 1938

————

Digitized by Panjab Digital Library | www.panjabdigilib.org

# "ਨਰ ਹਰਿ" ਜਾਂ "ਨਰ ਸਿੰਘ"

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਬਿਕਰਾਲ ਪ੍ਰਭੂ ਦਾ ਇਕ ਗੁਣਵਾਚਕ ਨਾਂ "ਨਰ ਹਰਿ" ਵੀ ਵਰਣਨ ਕੀਤਾ ਹੈ। "ਨਰ" ਦਾ ਅਰਥ "ਪੁਰਖ" ਜਾਂ "ਮਰਦ" ਹੈ ਅਤੇ "ਹਰਿ" ਸ਼ੇਰ ਨੂੰ ਵੀ ਆਖਦੇ ਹਨ। ਇਹ ਵੀ ਉਸ ਦੇ ਭਿਆਨਕ ਰੂਪ ਦਾ ਹੀ ਲਖਾਇਕ ਹੈ। ਸ੍ਰੀ ਗੁਰੂ ਜੀ ਫ਼ਰਮਾਉਂਦੇ ਹਨ ਕਿ :—

"ਨਰ ਹਰ" "ਨਰ ਹਰ" ਨਿਹਕਾਮ।

[ਗਉੜੀ ਮ: 1, ਪੰਨਾ 152

ਅਰਥਾਤ :—

"ਨਰ ਸਿੰਘ" ਵਾਹਿਗੁਰੂ। ਜੋ ਹਰੀ ਦਾ ਨਾਮ ਜਪਦਾ ਹੈ, ਉਹ ਹਰੀ ਰੂਪ ਹੋ ਕੇ ਨਿਸ਼ਕਾਮ ਹੁੰਦਾ ਹੈ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 152

ਗੁਰਬਾਣੀ ਵਿਚ ਵੀ ਸਾਜਨਹਾਰ ਪ੍ਰਭੂ ਨਰ ਹਰ ਦਾ ਨਾਂ ਦਿੱਤਾ ਗਿਆ ਹੈ। ਜਿਹਾ ਕਿ ਵਰਣਨ ਹੈ ਕਿ—

---

1. ਸਨਾਤਕ ਧਰਮੀ ਹਿੰਦੂਆਂ ਵਿਚ ਇਹ ਇਕ ਰਵਾਇਤ ਮਸ਼ਹੂਰ ਹੈ ਕਿ ਪ੍ਰਹਿਲਾਦ ਭਗਤ ਦੇ ਪਿਤਾ ਹਰਿਨਾਖ਼ਸ ਨੂੰ ਮਾਰਨ ਲਈ ਪ੍ਰਭੂ ਨਰ ਸਿੰਘ ਦੇ ਰੂਪ ਵਿਚ ਪਰਗਟ ਹੋਇਆ ਸੀ। ਉਸ ਸਮੇਂ ਉਸ ਦਾ ਅੱਧਾ ਧੜ ਸ਼ੇਰ ਦਾ ਸੀ ਤੇ ਅੱਧਾ ਪੁਰਖ ਦਾ। ਇਹ ਵੀ ਹੋ ਸਕਦਾ ਹੈ ਕਿ ਕਿਸੇ ਸ਼ੇਰ ਮਰਦ ਦੇ ਹੱਥੋਂ ਉਸ ਦਾ ਭਿਆਨਕ ਅੰਤ ਹੋਇਆ ਹੋਵੇ, ਜੋ ਮਗਰੋਂ ਨਰ ਸਿੰਘ ਅਵਤਾਰ ਪ੍ਰਸਿੱਧ ਹੋ ਗਿਆ ਹੋਵੇ, "ਨਰ ਸਿੰਘ" ਦੇ ਅੱਖ਼ਰੀਂ ਅਰਥ "ਸ਼ੇਰ-ਮਰਦ" ਹੀ ਹਨ।



Digitized by Panjab Digital Library | www.panjabdigilib.org

1. ਮੇਰਾ ਮਿਤ੍ਰ ਸਖਾ ਸੋ ਪ੍ਰੀਤਮ ਭਾਈ
ਮੈ ਦਸੇ ਹਰਿ "ਨਰ ਹਰੀਮੈ" ਜੀਉ ।

[ਮਾਝ, ਮ: 4, ਪੰਨਾ 65

2. ਕਹਿ ਨਾਮ ਦੇਵ ਹਮ "ਨਰ ਹਰਿ" ਧਿਆਵਹੇ
ਰਾਮੁ ਅਭੈ ਪਦ ਦਾਤਾ ॥

[ਭੈਰਉ, ਨਾਮ ਦੇਵ, ਪੰਨਾ 1165

3. ਜਪਿ ਮਨ "ਨਰਹਰੇ" ਨਰਹਰ ਸੁਆਮੀ
ਹਰਿ ਸਗਲ ਦੇਵ ਦੇਵਾ ਸ੍ਰੀ ਰਾਮ ਕਾਮ ਨਾਮਾ ਹਰਿ ਪ੍ਰੀਤਮ ਮੋਰਾ ।

[ਸਾਰੰਗ, ਮ: 4, ਪੰਨਾ 1201

4. ਸਭਿ ਕਹਹੁ ਮੁਖਹੁ ਨਰ "ਨਰਹਰੇ" ਨਰ "ਨਰਹਰੇ"
ਹਰਿ ਲਾਹਾ ਹਰਿ ਭਗਤਿ ਵਿਸੇਖਿਆ ॥

[ਵਾਰ ਕਾਨੜਾ, ਮ: 4, ਪੰਨਾ 1316

5. ਤ੍ਰਾਹਿ ਤ੍ਰਾਂਹਿ ਸਰਣਿ ਸੁਆਮੀ ਬਿਗਾਪ੍ਰਿ
ਨਾਨਕ ਹਰਿ "ਨਰਹਰੇਹ"

[ਸਲੋਕ ਸਹਸਕ੍ਰਿਤੀ, ਮ: 5, ਪੰਨਾ 1358

ਚੇਤੇ ਰਹੇ ਕਿ ਸਿੱਖ ਵਿਦਵਾਨਾਂ ਨੇ "ਨਰਹਰਿ" (ਨਰ ਸਿੰਘ) ਦੇ ਅਰਥ ਸਾਜਨ ਪ੍ਰਭੂ ਹੀ ਕੀਤੇ ਹਨ। ਵੇਖੋ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 95, 508, 1165, 1201, 1316, ਤੇ 1358, ਮਹਾਨ ਕੋਸ਼ ਪੰਨਾਂ 512, ਗੁਰੂ ਨਾਨਕ ਬਾਣੀ ਪ੍ਰਕਾਸ਼ ਪੰਨਾ 307 ।

ਗੁਰਬਾਣੀ ਵਿਚ ਕਈ ਥਾਈਂ ਨਰਹਰ ਦੀ ਥਾਂ ਨਰ ਸਿੰਘ ਪਦ ਦੀ ਵਰਤੋਂ ਵੀ ਕੀਤੀ ਗਈ ਹੈ, ਜਿਹਾ ਕਿ—

1. ਧਰਣੀ ਧਰ ਈਸ "ਨਰ ਸਿੰਘ" ਨਾਰਾਇਣ ।

[ਮਾਰੂ ਮ: 5, ਪੰਨਾ 1082

2. ਮਾਤਾ "ਨਰ ਸਿੰਘ" ਕਾ ਰੂਪ ਨਿਵਾਰ ।

[ਭੈਰਉ, ਮ: 3, ਪੰਨਾ 1154

Digitized by Panjab Digital Library | www.panjabdigilib.org

ਸਾਜਨਹਾਰ ਪ੍ਰਭੂ ਤਾਂ ਗੁਰਬਾਣੀ ਅਨੁਸਾਰ ਅਰੂਪ ਹੈ, ਉਸ ਦਾ ਕੋਈ ਰੂਪ ਜਾਂ ਰੇਖਾ ਨਹੀਂ ਹੈ। ਸੋ "ਨਰਹਰ" ਜਾਂ "ਨਰ ਸਿੰਘ" ਪਦ ਦੁਆਰਾ ਉਸ ਦੇ "ਬਿਕਰਾਲ" ਰੂਪ ਦੀ ਵਿਆਖਿਆ ਕੀਤੀ ਗਈ ਹੈ ਤੇ ਉਸ ਤੋਂ ਪਾਪੀਆਂ ਤੇ ਦੁਰਾਚਾਰੀਆਂ ਨੂੰ ਡਰਾਇਆ ਗਿਆ ਹੈ ਤੇ ਭੈ ਭੀਤ ਕੀਤਾ ਗਿਆ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਨਰ ਸਿੰਘ ਕਸ਼ਫ਼ ਵਿਚ ਵੇਖਿਆ ਗਿਆ ਹੋਵੇ। ਕਸ਼ਫ਼ ਵਿਚ ਅਜੇਹੇ ਦ੍ਰਿਸ਼ ਵੇਖੇ ਜਾਣੇ ਅਸੰਭਵ ਨਹੀਂ ਹਨ।

Digitized by Panjab Digital Library | www.panjabdigilib.org

# "ਅਸੁਰ ਸੰਘਾਰ"

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਪ੍ਰਭੂ ਨੂੰ "ਅਸੁਰ ਸੰਘਾਰ" ਦੇ ਗੁਣਵਾਚਕ ਨਾਂ ਨਾਲ ਵੀ ਯਾਦ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

"ਅਸੁਰ ਸੰਘਾਰਣ" ਰਾਮੁ ਹਮਾਰਾ ।
ਘਟਿ ਘਟਿ ਰਮਈਆ ਰਾਮੁ ਪਿਆਰਾ ।

[ਮਾਰੂ ਮ: 1, ਪੰਨਾ 1028

ਗੁਰਬਾਣੀ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

ਮੇਰਾ ਪ੍ਰਭੁ ਸਾਚਾ "ਅਸੁਰ ਸੰਘਾਰਣੁ ॥"

[ਮਾਰੂ, ਮ: 3, ਪੰਨਾ 1056

**ਅਰਥਾਤ :—**

ਜਗਦੀਸੁਰ ਹਰਿ ਜੀਉ "ਅਸੁਰ ਸੰਘਾਰੇ ।"

[ਮਾਰੂ, ਮ: 1082

ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਅਸੁਰ ਸੰਘਾਰਣ ਦਾ ਇਹ ਭਾਵ ਵਰਣਨ ਕੀਤਾ ਗਿਆ ਹੈ ਕਿ—

"ਦੈਂਤਾਂ ਨੂੰ ਮਾਰਨ ਵਾਲਾ ਹਰੀ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 1082

ਕੋਸ਼ਾਂ ਵਿਚ ਵੀ ਅਸੁਰ ਸੰਘਾਰਣ ਦਾ ਅਰਥ ਦੈਂਤਾਂ ਤੋਂ ਬੁਰਿਆਰਾਂ ਨੂੰ ਮਾਰਨ ਵਾਲਾ ਹੀ ਵਰਣਨ ਕੀਤਾ ਗਿਆ ਹੈ । (ਵੇਖੋ ਮਹਾਨ ਕੋਸ਼ ਪੰਨਾ 88, 1951, ਸ੍ਰੀ ਗੁਰੂ ਗੁਰਬਾਣੀ ਪ੍ਰਕਾਸ਼ ਪੰਨਾਂ 664, 677, 689)



Digitized by Panjab Digital Library | www.panjabdigilib.org

# "ਮਧੁਸੂਦਨ"

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੇ ਦੂਜੇ ਸਿੱਖ ਗੁਰੂਆਂ ਨੇ ਸਾਜਨਹਾਰ ਪ੍ਰਭੂ ਨੂੰ "ਮਧੁਸੂਦਨ" ਵੀ ਵਰਣਨ ਕੀਤਾ ਹੈ; ਜਿਹਾ ਕਿ ਲਿਖਿਆ ਹੈ ਕਿ=

"ਮਧੁਸੂਦਨ" ਮੇਰੇ ਮਨ ਤਨ ਪ੍ਰਾਨਾ।
ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ।

[ਮਾਝ, ਮ: 1, ਪੰਨਾ 94

**ਅਰਥਾਤ** :—

"ਮਧੁਸੂਦਨ" ਕਰ ਮੁੰਦਰੀ ਪਹਿਰੈ ਪਰਮੇਸਰੁ ਪਦੁ ਲੇਈ।

[ਆਸਾ, ਮ: 1, ਪੰਨਾ 359

ਗੁਰਬਾਣੀ ਵਿਚ ਵੀ ਕਈ ਥਾਂ ਪ੍ਰਭੂ ਦਾ ਗੁਣਵਾਚਕ ਨਾਂ "**ਮਧੁਸੂਦਨ**" ਵਰਣਨ ਕੀਤਾ ਗਿਆ ਹੈ; ਜਿਹਾ ਕਿ—

1. ਗੁਰਮੁਖਿ "**ਮਧੁਸੂਦਨ**" ਨਿਸਤਾਰੇ।

[ਮਾਝ, ਮ: 5, ਪੰਨਾ 98

**ਅਰਥਾਤ** :—

"**ਮਧੁਸੂਦਨ** ਰੂਪ ਵਾਹਿਗੁਰੂ ਗੁਰੂ ਦੇ ਰਾਹੀਂ ਤਾਰਦਾ ਹੈ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪਨਾ 98

2, ਮਨੁ "**ਮਧੁਸੂਦਨ**" ਤ੍ਰਿਭਵਣ ਦੇਉ।

[ਗਉੜੀ, ਕਬੀਰ, ਪੰਨਾ 329

3. ਤਿਸੁ ਗੁਰ ਦਉ ਹਉ ਖੰਨੀਐ
ਜਿਨਿ "**ਮਧੁਸੂਦਨੁ**" ਹਰਿਨਾਮੁ ਸੁਣਾਇਆ।

[ਵਾਰ ਵਡਹੰਸ ਮ: 4, ਪੰਨਾ 588



Digitized by Panjab Digital Library | www.panjabdigilib.org

4. "ਮਧੁਸੂਦਨ" ਹਰਿ ਮਾਧੋ ਪ੍ਰਾਨਾ ।

[ਜੈਤਸਰੀ, ਮ: 4, ਪੰਨਾ 698

5. "ਮਧੁਸੂਦਨ" ਜਸਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ ।

[ਨਟ, ਮ: 4, ਪੰਨਾ 980

6. ਆਪੇ ਨਿਰਮਲੁ ਮਿਹਰਵਾਨੁ "ਮਧੁਸੂਦਨ"
ਜਿਸ ਦਾ ਹੁਕਮੁ ਨ ਮੇਟਿਆ ਜਾਈਹੇ ।

[ਮਾਰੂ ਮ: 5, ਪੰਨਾ 1087

7. "ਮਧੁਸੂਦਨ" ਦਾਮੋਦਰ ਸੁਆਮੀ ।

[ਮਾਰੂ, ਮ: 5, ਪੰਨਾ 1082

8. "ਮਧੁਸੂਦਨ" ਜਪੀਐ ਉਰਧਾਰਿ ।

[ਭੈਰਉ,, ਮ: 4, ਪੰਨਾ 1135

9. "ਮਧੁਸੂਦਨ" ਹਰਿ ਧਾਰਿ ਪ੍ਰਭ ਕਿਰਪਾ
ਕਰਿ ਕਿਰਪਾ ਗੁਰੂ ਮਿਲਾਈਐ ।

[ਬਸੰਤ, ਮ: 4, ਪੰਨਾ 1179

10. ਜਪਿ ਮਨ ਮਾਧੋ "ਮਧੁਦਸੂਨੋ" ਹਰਿ ਸ੍ਰੀ ਰੰਗੋ ਪਰਮੇਸਰੋ
ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ॥

[ਸਾਰੰਗ ਮ: 4, ਪੰਨਾ 1201

ਚੇਤੇ ਰਹੇ ਕਿ ਕੋਸ਼ਾਂ ਵਿਚ "ਮਧੁਸੂਦਨ" ਦਾ ਅਰਥ ਦੈਂਤਾ ਨੂੰ ਮਾਰਨ ਵਾਲਾ ਵਾਹਿਗੁਰੂ ਹੀ ਕੀਤੇ ਗਏ ਹਨ । (ਵੇਖੋ ਮਹਾਨ ਕੋਸ਼, ਪੰਨਾ 2835 ਤੇ ਸ਼ਬਦਾਰਥ ਗੁਰੂ ਗ੍ਰੰਥ 980 ਤੇ ਪੰਨਾ 1201) ਉਂਞ ਮਧੂ ਨਾਂ ਦੇ ਰਾਖਸ਼ ਨੂੰ ਮਾਰਨ ਕਰਕੇ ਸ੍ਰੀ ਕ੍ਰਿਸ਼ਨ ਜੀ ਨੂੰ ਵੀ "ਮਧੁਸੂਦਨ" ਕਿਹਾ ਜਾਂਦਾ ਹੈ । (ਵੇਖੋ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 94)

———

Digitized by Panjab Digital Library | www.panjabdigilib.org

# "ਮੁਰਾਰੀ"

ਗੁਰਬਾਣੀ ਵਿਚ ਸਾਜਨਹਾਰ ਪ੍ਰਭੂ ਨੂੰ "ਮੁਰਾਰੀ" ਵੀ ਕਿਹਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

ਊਚਉ ਥਾਨੁ ਸੁਹਾਵਣਾ ਊਪਰਿ ਮਹਲੁ "ਮੁਰਾਰਿ" ॥

[ਸਿਰੀਰਾਗ, ਮ: 1, ਪੰਨਾ 18

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਹੋਰ ਵੀ ਕਈ ਥਾਂ ਸਾਜਨਹਾਰ ਪ੍ਰਭੂ ਨੂੰ "ਮੁਰਾਰੀ" ਕਿਹਾ ਹੈ; ਜਿਹਾ ਕਿ ਉਹਨਾਂ ਦਾ ਕਥਨ ਹੈ ਕਿ—

1. ਗੁਰਮੁਖਿ ਸਾਚਾ ਨਾਮੁ "ਮੁਰਾਰੀ" ।

[ਆਸਾ , ਮ: 1, ਪੰਨਾ 414

2. ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟਿ ਭੀਤਰਿ ਦੇਖੁ "ਮੁਰਾਰੀ" ਜੀਉ ।

[ਸੋਰਠ, ਮ: 1, ਪੰਨਾ 598

3. ਅਟਲੁ ਅਡੋਲੁ ਅਤੋਲੁ "ਮੁਰਾਰੇ" ।
ਖਿਨ ਮਹਿ ਢਾਹਿ ਫੇਰਿ ਉਸਾਰੇ ॥

[ਮਾਰੂ, ਮ: 1; ਪੰਨਾ 1034

4. ਨਵ ਘਰ ਥਾਪਿ ਮਹਲ ਘਰ ਊਚਉ
ਨਿਜ ਘਰਿ ਵਾਸੁ "ਮੁਰਾਰੇ" ॥

[ਤੁਖਾਰੀ, ਮ: 1, ਪੰਨਾ1207

5. ਸਬਦੇ ਰਵਿ ਰਹਿਆ ਗੁਰ ਰੂਪਿ "ਮੁਰਾਰੇ" ।
ਗੁਰ ਰੂਪ "ਮੁਰਾਰੇ" ਤ੍ਰਿਭਵਣ ਧਾਰੇ ਤਾਕਾ ਅੰਤੁ ਨ ਪਾਇਆ ।

[ਤੁਖਾਰੀ, ਮ: 1, ਪੰਨਾ 1112



Digitized by Panjab Digital Library | www.panjabdigilib.org

6. ਕਹਾ ਕਰੈ ਬਪੁਰਾ ਜਮ ਡਰਪੈ
   ਗੁਰਮੁਖਿ ਰਿਦੈ "ਮੁਰਾਰੀ" ॥

[ਪ੍ਰਭਾਤੀ, ਮ: 1, ਪੰਨਾ 1332

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੋਂ ਇਹ ਪਤਾ ਲਗਦਾ ਹੈ ਕਿ ਦੂਜੇ ਸਿੱਖ ਤੇ ਭਗਤਾਂ ਨੇ ਵੀ ਪ੍ਰਭੂ ਨੂੰ ਵੀ ਮੁਰਾਰੀ ਦੇ ਨਾਂ ਨਾਲ ਯਾਦ ਕੀਤਾ ਹੈ; ਜਿਹਾ ਕਿ ਲਿਖਿਆ ਹੈ ਕਿ—

1. ਮਤਿ ਮਲੀਣ ਪਰਗਟੁ ਭਈ ਜਪਿ ਨਾਮੁ "ਮੁਰਾਰਾ" ।

[ਗਉੜੀ, ਮ: 3, ਪੰਨਾ 163

2. ਰੋਗ ਸੋਗ ਸਭਿ ਦੋਖ ਬਿਨਸਹਿ
   ਜਪਤ ਨਾਮੁ "ਮੁਰਾਰੀ" ॥

[ਗਉੜੀ ਮ: 5, ਪੰਨਾ 249

3. ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ "ਮੁਰਾਰਿ" ।

[ਗਉੜੀ, ਕਬੀਰ ਪੰਨਾ 337

4. ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ "ਮੁਰਾਰਿ" ।

[ਆਸਾ, ਮ: 5 ਪੰਨਾ 432

5. ਕਾਮ ਕ੍ਰੋਧ ਹਰਨ ਮਦ ਮੋਹਨ "ਮੁਰਾਰਿ" ਮਨ ਮਕਰੰਦ ।

[ਗੁਜਰੀ ਮ: 5, ਪੰਨਾ 508

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਸਾਜਨਹਾਰ ਪ੍ਰਭੂ ਨੂੰ "ਮੁਰਾਰੀ" ਪਰਗਟ ਕੀਤਾ ਹੈ (ਵੇਖੋ ਪੰਨਾ 528, 598, 645, 668, 670, 681 737, 742, 780, 788, 808, 936, 1117, 1135, 1166, 1202 1261, 1262, 1332, 1391 ਆਦਿ ।

ਇਹ ਵੀ ਚੇਤੇ ਰਹੇ ਕਿ ਕੋਸ਼ਾਂ ਵਿਚ "ਮੁਰਾਰੀ' ਪਦ ਦਾ ਅਰਥ "ਦੈਂਤਾਂ ਤੇ ਰਾਖਸ਼ਾਂ ਦਾ ਵੈਰੀ ਵਾਹਿਗੁਰੂ" ਹੀ ਕੀਤਾ ਗਿਆ ਹੈ । (ਵੇਖੋ ਮਹਾਨ ਕੋਸ਼, ਪੰਨਾ 2960 ਤੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 337, 592, 1107 ਤੇ 1112) ਸ੍ਰੀ ਕ੍ਰਿਸ਼ਨ ਜੀ ਨੂੰ ਵੀ "ਮੁਰ" ਰਾਖਸ਼ ਨੂੰ ਮਾਰਨ ਦੇ ਕਾਰਨ "ਮੁਰਾਰੀ" ਕਿਹਾ ਜਾਂਦਾ ਹੈ । (ਵੇਖੋ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 163, 249 ਤੇ 337 ਆਦਿ)

Digitized by Panjab Digital Library | www.panjabdigilib.org

# ਜੋੜਨਹਾਰ

ਅਰਬੀ ਭਾਸ਼ਾ ਦੇ ਕੋਸ਼ਾਂ ਵਿਚ "ਜੱਬਾਰ" ਪਦ ਦਾ ਅਰਥ "**ਜੋੜਨਹਾਰ**" ਅਰਥਾਤ ਟੁਟੀਆਂ ਹੱਡੀਆਂ ਨੂੰ ਜੋੜਨ ਵਾਲਾ ਵੀ ਹਨ। (ਵੇਖੋ **ਕਾਮੂਸੁਲ ਮੁਹੀਤ** ਭਾਗ 1, ਪੰਨਾ 384) ਗੁਰਬਾਣੀ ਵਿਚ ਪ੍ਰਭੂ ਨੂੰ "**ਜੋੜਨਹਾਰ**" ਤੇ "ਟੁੱਟੀ ਗੰਢਨਹਾਰ ਵੀ ਕਿਹਾ ਗਿਆ ਹੈ, ਜੋ ਉਸ ਦੇ "ਜੱਬਾਰ" ਹੋਣ ਦਾ ਹੀ ਲਖਾਇਕ ਹੈ; ਜਿਹਾ ਕਿ ਵਰਣਨ ਹੈ ਕਿ—

"**ਜੋੜਨਹਾਰੋ**" ਸਦਾ ਅਤੀਤਾ
ਇਹ ਕਹੀਐ ਕਿਸੁ ਮਾਹੀ ॥

[ਗਉੜੀ, ਕਬੀਰ, ਪੰਨਾ 334

**ਅਰਥਾਤ** :—

"ਵਾਹਿਗੁਰੂ ਆਪ ਸਭ ਮੇਲਾਂ ਦੇ ਜੋੜਨ ਵਾਲਾ ਤੇ ਆਪ ਸਦਾ ਨਿਰਲੇਪ ਹੈ, ਫਿਰ ਇਹ ਜੀਵ ਕਿਥੇ ਜਾ ਸਮਾਂਦਾ ਹੈ ?"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 334

ਇਕ ਹੋਰ ਥਾਂ ਵਰਣਨ ਹੈ ਕਿ—

ਲਗੜੀ ਸੁਥਾਨਿ "**ਜੋੜਣਹਾਰੈ**" ਜੋੜੀਆ।

[ਵਾਰ ਗੁਜਰੀ ਸ: ਮ: **5**, ਪੰਨਾ 519

**ਅਰਥਾਤ** :—

"ਮੇਰੀ ਪ੍ਰੀਤ ਚੰਗੀ ਜਗਹ (ਹਰੀ ਚਰਨਾਂ) ਵਿਚ ਲਗੀ ਹੈ; ਆਪ ਜੋੜਨਵਾਲੇ (ਹਰੀ) ਨੇ ਇਹ ਪ੍ਰੀਤ ਜੋੜੀ ਹੈ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 519

ਇਸੇ ਤਰ੍ਹਾਂ ਇਕ ਥਾਂ ਇਹ ਵੀ ਵਰਣਨ ਹੈ ਕਿ—



Digitized by Panjab Digital Library | www.panjabdigilib.org

ਨਾਨਕ ਇਕੁ ਸੰਸਾਰ ਨਾਥੁ
ਜਿ ਟੂਟੇ ਲੇਇ "**ਸਾਂਢਿ** ॥

[ਫੁਨਹੇ ਮ: 5, ਪੰਨਾ 1363

ਯਾਦ ਰਹੇ ਕਿ ਟੂਟੇ **ਲੇਇ** ਸਾਂਢਿ ਦਾ ਅਰਥ **ਟੁੱਟੇ ਗੰਢਣ ਵਾਲਾ ਹੈ** (ਵੇਖੋ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 1363)

ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਇਹ ਵੀ ਵਰਣਨ ਹੈ ਕਿ—

"**ਟੂਟੀ ਗਾਢਨਹਾਰ**" ਗੋਪਾਲ ।
ਸਰਬ ਜੀਆ ਆਪੇ ਪ੍ਰਤਿਪਾਲ ॥

[ਗੌੜੀ, ਮ: 5, ਪੰਨਾ 282

**ਅਰਥਾਤ** :—

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ।
ਜਨਮ ਜਨਮ ਕਾ "**ਟੂਟਾ ਗਾਢੈ** ॥

[ਗੌੜੀ, ਮ: 5, ਪੰਨਾ 290

ਅਸੀਂ ਮੁਸਲਮਾਨ ਨਿਮਾਜ਼ ਪੜ੍ਹਨ ਸਮੇਂ ਦੋਹਾਂ ਸਜਦਿਆਂ ਦੇ ਵਿਚਾਲੇ ਇਕ ਅਰਦਾਸ ਕੀਤਾ ਕਰਦੇ ਹਾਂ, ਜਿਸ ਵਿਚ "**ਵਜਬੁਰਨੀ**" ਦੀ ਵੀ ਮੰਗ ਕਰਦੇ ਹਾਂ । ਇਸ ਦਾ ਭਾਵ ਵੀ ਏਹੋ ਹੀ ਹੁੰਦਾ ਹੈ ਕਿ ਹੇ ਪ੍ਰਭੂ ! ਤੂੰ ਸਾਨੂੰ ਆਪਣੇ ਨਾਲ ਜੋੜ ਲੈ । ਨਹੀਂ ਤਾਂ ਇਸ ਦਾ ਇਹ ਭਾਵ ਉੱਕਾ ਹੀ ਨਹੀਂ ਹੈ; ਕਿ ਸਾਡੇ ਤ "ਜਬਰ" ਕਰ ਕੇ ਸਾਨੂੰ ਨਸ਼ਟ ਕਰ ਦੇ ।

————

Digitized by Panjab Digital Library | www.panjabdigilib.org

## "ਜਗਨਨਾਥ"

ਗੁਰਬਾਣੀ ਵਿਚ ਸਾਜਨਹਾਰ ਪ੍ਰਭੂ ਦਾ ਇਕ ਨਾਂ "ਨਾਥ" ਜਾਂ ਜੈਗਨ ਨਾਥ" ਵੀ ਵਰਣਨ ਕੀਤਾ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਸਾਜਨਹਾਰ ਪ੍ਰਭੂ ਨੇ ਸਾਰੇ ਹੀ ਜਗ ਨੂੰ ਨਕੇਲ ਪਾ ਕੇ ਨੱਥਿਆ ਹੋਇਆ ਹੈ। ਇਹ ਸੂਰਜ, ਚੰਨ ਤੇ ਲੱਖਾਂ ਤਾਰੇ ਆਦਿ ਉਸੇ ਦੇ ਭੈ ਤੇ ਹੁਕਮ ਵਿਚ ਵਰਤ ਰਹੇ ਹਨ। ਕਿਸੇ ਦੀ ਵੀ ਮਜਾਲ ਨਹੀਂ ਕਿ ਉਹ ਆਪਣੀ ਮਰਜ਼ੀ ਨਾਲ ਰਤਾ ਵੀ ਏਧਰ ਓਧਰ ਹੋ ਸਕੇ। ਇਹ ਵੀ ਉਸ ਦੇ ਜੱਬਾਰ ਹੋਣ ਦਾ ਹੀ ਲਖਾਇਕ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਫ਼ਰਮਾਇਆ ਹੈ ਕਿ—

ਆਪਿ "ਨਾਥੁ" ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ।

[ਜਪੁਜੀ, ਪੰਨਾ 6

**ਅਰਥਾਤ :—**

ਰਬ ਆਪ ਹੀ ਨਾਥ (ਮਾਲਕ) ਹੈ, ਜਿਸ ਦੀ ਸਾਰੀ ਸ੍ਰਿਸ਼ਟੀ ਨਥੀ ਹੋਈ ਹੈ।.........ਮਾਲਕ ਤਾਂ ਉਹ ਰੱਬ ਆਪ ਹੈ, ਜਿਸ ਦੀ ਕਾਬੂ ਕੀਤੀ ਹੋਈ ਸਾਰੀ ਸ੍ਰਿਸ਼ਟੀ ਹੈ, ਤੁਸੀਂ ਵੀ ਆਪਣੇ ਆਪ ਨੂੰ ਉਸੇ ਹੁਕਮ ਦੀ ਰੱਸੀ ਵਿਚ ਪ੍ਰੋਤੇ ਹੋਏ ਮੰਨੋ।"

[ਜਪੁਜੀ, ਸਟੀਕ, ਪੰਨਾ 168

ਇਕ ਹੋਰ ਥਾਂ ਸ੍ਰੀ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਅਲਖੁ ਨ ਲਖੀਐ ਅਗਮ ਅਜੋਨੀ
ਤੂ ਨਾਥਾਂ "ਨਾਥਣਹਾਰਾ"। ॥

[ਮਲਾਰ, ਮ: 1, ਪੰਨਾ 1255



Digitized by Panjab Digital Library | www.panjabdigilib.org

ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਵਿਚ "ਨਾਥਣਹਾਰ" ਦਾ ਇਹ ਅਰਥ ਕੀਤਾ ਗਿਆ ਹੈ ਕਿ—

"ਜੋ ਮਾਲਕ ਅਖਵਾਣ ਵਾਲੇ ਹਨ,
ਓਹਨਾਂ ਨੂੰ ਕਾਬੂ ਕਰਨ ਵਾਲਾ ॥"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 1255

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵੀ ਵਰਣਨ ਹੈ ਕਿ :—

"**ਜਗੰਨਾਥ**" ਜਗਦੀਸੁਰ ਕਰਤੇ
ਸਭ ਵਸਗਤਿ ਹੈ ਹਰਿ ਕੇਰੀ ।

[ਗਉੜੀ, ਮ: 4, ਪੰਨਾ 570

**ਅਰਥਾਤ** :—

ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ।
ਅਵਰ ਕਰਮ ਨ ਛੁਟੀਐ ਰਾਖਹੁ **ਹਰਿ** "**ਨਾਥ**" ।

[ਬਿਲਾਵਲ ਮ: 5, ਪੰਨਾ 815

ਗੁਰਬਾਣੀ ਵਿਚ ਹੋਰ ਵੀ ਕਈ ਥਾਈਂ ਸਾਜਨਹਾਰ ਪ੍ਰਭੂ ਨੂੰ "ਜਗਨਨਾਥ" ਜਾਂ "ਨਾਥ" ਵਰਣਨ ਕੀਤਾ ਗਿਆ ਹੈ। (ਵੇਖੋ ਪੰਨਾ 834, 1296, 1320, 1388, 1402 ਆਦਿ) ਸੋ ਪ੍ਰਭੂ ਦਾ "**ਜਗਨਨਾਥ**" ਹੋਣਾ ਵੀ ਉਸ ਦੇ "**ਜੱਬਾਰ**" ਹੋਣ ਦੀ ਵਿਆਖਿਆ ਹੈ; ਕਿਉਂਕਿ ਇਸ ਦੇ ਅਰਥ ਏਹੋ ਹਨ ਕਿ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਨੂੰ ਨਕੇਲ ਪਾ ਕੇ ਨੱਥਿਆ ਹੋਇਆ ਹੈ ਤੇ ਸਾਰੀ ਕਲਾ ਉਸ ਦੇ ਹੀ ਹਥ ਹੈ। ਗੁਰਬਾਣੀ ਤਾਂ ਸਾਡੀ ਇਸ ਪਾਸੇ ਦੀ ਅਗਵਾਈ ਕਰਦੀ ਹੈ ਕਿ ਸਾਜਨਹਾਰ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਨੂੰ ਇੱਕੋ ਰੱਸੀ ਵਿਚ ਜਕੜਿਆ ਹੋਇਆ ਹੈ, ਜਿਹਾ ਕਿ ਵਰਣਨ ਹੈ ਕਿ—

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ।
ਤੁਮ ਤੇ ਹੋਇ ਸੁ ਆਗਿਆਕਾਰੀ ।

[ਗਉੜੀ, ਮ: 5, ਪੰਨਾ 268

Digitized by Panjab Digital Library | www.panjabdigilib.org

**ਅਰਥਾਤ :—**

"ਸਭ ਚੀਜ਼ ਤੇਰੀ ਮਟਯਾਦਾ ਦੇ ਸੂਤਰ (ਧਾਗੇ) ਵਿਚ ਧਾਰੀ ਹੋਈ ਹੈ।
ਤੈਥੋਂ ਹੋਈ ਹੋਈ ਬਣੀ ਹੋਈ ਸ੍ਰਿਸ਼ਟੀ ਤੇਰੇ ਹੁਕਮ ਵਿਚ ਹੈ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 268

ਇਕ ਹੋਰ ਥਾਂ ਵਰਣਨ ਹੈ ਕਿ :—

ਸਭਸੈ ਦੇ ਦਾਤਾਰੁ ਜੇਤ ਉਪਾਰੀਐ।
ਇਕਤ ਸੂਤ ਪਰੋਇ ਜੋਤਿ ਸੰਜਾਰੀਐ।

[ਵਾਰ ਗੁਜਰੀ ਮ: 5, ਪੰਨਾ 518

ਗੁਰੂ ਗ੍ਰੰਥ ਸਾਹਿਬ ਦੇ ਇਸ ਪਵਿੱਤਰ ਵਾਕ ਤੋਂ ਵੀ ਏਹੋ ਹੀ ਸਿਧ ਹੈ ਕਿ "**ਜੱਬਾਰ**" ਪ੍ਰਭੂ ਨੇ ਸਾਰੀ ਸ੍ਰਿਸ਼ਟੀ ਨੂੰ ਇੱਕ ਰੱਸੀ ਵਿਚ ਜਕੜਿਆਂ ਹੋਇਆ ਹੈ ਅਤੇ ਇਸ ਸਾਰੇ ਬ੍ਰਹਿਮੰਡ ਤੇ ਉਸੇ ਨੂੰ ਹਾਂ ਪੂਰਣ ਅਧਿਕਾਰ ਹੈ। ਕਿਸੇ ਵੀ ਚੀਜ਼ ਦੀ ਮਜਾਲ ਨਹੀਂ ਕਿ ਉਹ ਆਪਣੀ ਮਰਜ਼ੀ ਜਾਂ ਇੱਛਾ ਨਾਲ ਰਤਾ ਵੀ ਏਧਰ ਓਧਰ ਹੋ ਸਕੇ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸੇ ਹੀ ਭਾਵ ਨੂੰ ਮੁਖ ਰੱਖ ਕੇ ਇਹ ਫ਼ਰਮਾਇਆ ਹੈ ਕਿ—

ਭੈ ਵਿਚਿ ਪਵਣੁ ਵਹੈ ਸਦ ਵਾਉ।
ਭੈ ਵਿਚਿ ਚਲੈ ਲਖ ਦਰੀਆਉ।
ਭੈ ਵਿਚਿ ਅਗਨ ਕਢੈ ਵੇਗਾਰਿ।
ਭੈ ਵਿਚਿ ਧਰਤੀ ਦਬੀ ਭਾਰਿ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।
ਭੈ ਵਿਚਿ ਰਾਜਾ ਧਰਮ ਦੁਆਰੁ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।
ਕੋਹ ਕਰੋੜੀ ਚਲਤ ਨ ਅੰਤੁ।
ਭੈ ਵਿਚਿ ਸਿਧ ਬਿਧ ਸੁਰ ਨਾਥ।
ਭੈ ਵਿਚਿ ਆਡਾਣੇ ਆਕਾਸ।
ਭੈ ਵਿਚਿ ਜੋਧ ਮਹਾਬਲ ਸੂਰ।
ਭੈ ਵਿਚਿ ਆਵਹਿ ਜਾਵਹਿ ਪੂਰ।

Digitized by Panjab Digital Library | www.panjabdigilib.org

ਸਗਲਿਆ ਭਉ ਲਿਖਿਆ ਸਿਰਿ ਲੇਖੁ ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

[ਵਾਰ ਆਸਾ ਸ: ਮ: **1**, ਪੰਨਾ **464**

ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਦਾ ਏਹੋ ਹੀ ਭਾਵ ਹੈ ਕਿ ਇਸ ਸ੍ਰਿਸ਼ਟੀ ਦੀ ਹਰੇਕ ਚੀਜ਼ ਪ੍ਰਭੂ ਦੇ ਭੈ ਤੇ ਹੁਕਮ ਦੁਆਰਾ ਵਿਚਰ ਰਹੀ ਹੈ। ਕਿਸੇ ਦੀ ਵੀ ਮਜਾਲ ਨਹੀਂ ਕਿ ਉਹ ਪ੍ਰਭੂ ਦੀ ਇੱਛਾ ਦੇ ਵਿਰੁਧ ਆਪਣੀ ਮਰਜ਼ੀ ਨਾਲ ਰਤਾ ਵੀ ਏਧਰ ਓਧਰ ਹੋ ਸਕੇ। ਇਹ ਸਾਰਾ ਬ੍ਰਹਿਮੰਡ ਇਕ ਬਝਵੇਂ ਪ੍ਰਬੰਧ ਹੇਠ ਹੈ ਅਤੇ ਸਾਰਿਆਂ ਨੂੰ "**ਜੱਬਾਰ**" ਪ੍ਰਭੂ ਨੇ ਨੱਥਿਆ ਹੋਇਆ ਹੈ।

———

Digitized by Panjab Digital Library | www.panjabdigilib.org

# "ਦੁਸ਼ਟ ਭੰਜਨ"

ਸਿੱਖ ਧਰਮ ਵਿਚ ਪ੍ਰਭੂ ਦੇ ਜੱਬਾਰੀ ਤੇ ਕਹਾਰੀ ਗੁਣਵਾਚਕ ਨਾਵਾਂ ਨੂੰ ਮੁੱਖ ਰਖ ਕੇ ਉਸ ਨੂੰ "**ਦੁਸ਼ਟ ਭੰਜਨ**" ਤੇ "**ਦੁਸ਼ਟ ਗੰਜਨ**" ਆਦਿ ਨਾਵਾਂ ਨਾਲ ਵੀ ਯਾਦ ਕੀਤਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ :—

"ਦੁਸ਼ਟ" ਦੂਤ ਪਰਮੇਸਰਿ ਮਾਰੇ ।

[ਗਉੜੀ, ਮ: 5, ਪੰਨਾ 201

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ ਕਿ—

ਗਰਬ ਗੰਜਨ "**ਦੁਸ਼ਟ ਭੰਜਨ**"
ਮੁਕਤ ਦਾਇਕ ਕਾਮ ।

[ਦਸਮ ਗ੍ਰੰਥ ਪੰਨਾ 5

**ਅਰਥਾਤ** :—

"**ਦੁ**ਸ਼ਟ ਗੰ**ਜਨ**" ਸਤ੍ਰੁ ਭੰਜਨ
ਪ੍ਰਭ ਪੁਰਖ ਪ੍ਰਮਾਥ ।
"**ਦੁਸਟ ਹਰਤਾ**" ਸ੍ਰਿਸਟਿ ਕ੍ਰਰਤਾ
ਜਗਤ ਮ ਜਿਹ ਸਾਥ ॥

[ਦਸਮ ਗ੍ਰੰਥ ਪੰਨਾ 26

ਇਕ ਹੋਰ ਥਾਂ ਦਸਮ ਪਾਤਸ਼ਾਹ ਨੇ ਇਹ ਫਰਮਾਇਆ ਹੈ ਕਿ

"**ਦੁਸ਼ਟ ਹਰਤਾ**" ਬਿਸਵ ਭਰਤਾ
ਆਦ ਰੂਪ ਅਪਾਰ ।
ਦੁਸਤ ਦੰਡਨ ਪੁਸਟ ਖੰਡਨ
ਆਦ ਦੇਵ ਅਖੰਡ ॥

[ਦਸਮ ਗ੍ਰੰਥ, ਪੰਨਾ 27


Digitized by Panjab Digital Library | www.panjabdigilib.org

**ਅਰਥਾਤ**—ਸਾਜਨਹਾਰ ਪ੍ਰਭੂ ਦੁਸ਼ਟਾਂ ਨੂੰ ਤਬਾਹ ਕਰਨ ਵਾਲਾ ਹੈ ਅਤੇ ਉਹ ਆਦਿ ਪੁਰਖ ਵੀ ਹੈ। ਉਸ ਦਾ ਕੋਈ ਪਾਰਾ ਵਾਰ ਨਹੀਂ ਹੈ। ਉਹ ਵੱਡੇ ਵੱਡੇ ਘੁਮੰਡੀਆਂ ਦੇ ਟੋਟੇ ਟੋਟੇ ਕਰਨ ਤੇ ਵੀ ਸਮਰਥ ਹੈ। ਪਰ ਉਹ ਆਪ ਅਖੰਡ ਹੈ। ਕੋਈ ਵੀ ਪ੍ਰਾਣੀ ਉਸ ਦੀਆਂ ਵੰਡੀਆਂ ਨਹੀਂ ਪਾ ਸਕਦਾ।

ਸੋ ਗਲ ਕੀ ਸਿੱਖ ਧਰਮ ਨੇ ਪ੍ਰਭੂ ਨੂੰ "**ਦੁਸ਼ਟ ਭੰਜਨ**" ਤੇ "**ਦੁਸ਼ਟ ਗੰਜਨ**" ਆਦਿ ਵਰਣਨ ਕਰਕੇ ਉਸ ਦੇ "**ਜੱਬਾਰ**" ਤੇ "**ਕੱਹਾਰ**" ਹੋਣ ਦਾ ਹੀ ਪਰਗਟਾਵਾ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਸਾਜਨਹਾਰ ਪ੍ਰਭੂ ਨੂੰ ਸੱਚ ਦੇ ਵੈਰੀਆਂ ਤੇ "**ਗਜ਼ਬ**" ਨਾਜ਼ਲ ਕਰਨ ਵਾਲਾ ਵੀ ਦੱਸਿਆ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਕਦਾਇਬ ਬਿਭੂ ਤੇ ਗਜਾਇਬ ਗਨੀਮੇ।

[ਦਸਮ ਗ੍ਰੰਥ ਪੰਨਾ 10

ਸਿੱਖ ਵਿਦਵਾਨਾਂ ਨੇ "ਗਜਾਇਬ ਗਨੀਮੇ" ਦੇ ਇਹ ਅਰਥ ਕੀਤੇ ਹਨ ਕਿ—

1. "ਦੁਸ਼ਟਾਂ ਪਰ "**ਗਜ਼ਬ**" ਕਰਨੇ ਵਾਲਾ।"

[ਨਿਤਨੇਮ ਸਟੀਕ ਪੰਨਾ 363

2. ਗਨੀਮਾ ਪਰ "**ਗਜ਼ਬ**" ਦੁਨਿੰਦਾ।"

[ਗੁਰਮਤਿ ਸੁਧਾਰਕ ਪੰਨਾ

3. ਦੁਸ਼ਮਨਾਂ ਉੱਤੇ "**ਗਜ਼ਬ**" (ਕਰੋਧ) ਢਾਹੁਣ ਵਾਲਾ।"

[ਦਸਮ ਗ੍ਰੰਥ ਸਟੀਕ, ਪੰਨਾ 44

ਸੋ ਪ੍ਰਭੂ ਦਾ "ਗਜ਼ਾਇਬ ਗਨੀਮੇ" ਹੋਣਾ ਵੀ ਉਸ ਦੇ ਜੱਬਾਰੀ ਤੇ ਕੱਹਾਰੀ ਹੋਣ ਨਾਲ ਹੀ ਸੰਬੰਧਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਵੀ ਕਈ ਥਾਈਂ ਜਿੱਥੇ ਪ੍ਰਭੂ ਨੂੰ ਮਜ਼ਲੂਮਾਂ ਦਾ ਰਖਿਅਕ ਵਰਣਨ ਕਰ ਕੇ ਉਸ ਦੇ ਰਹਿਮਾਨ ਤੇ ਰਹੀਮ ਅਰਥਾਤ ਮਿਹਰਬਾਨ ਤੇ ਕਿਰਪਾ ਨਿਧਾਨ ਹੋਣ ਦਾ ਪਰਗਟਾਵਾ ਕੀਤਾ ਹੈ, ਉਥੇ ਉਸ ਨੂੰ ਗਨੀਮਾਂ (ਸੱਚ ਦੇ ਵੈਰੀਆਂ) ਤੇ ਦੁਸ਼ਟਾਂ ਦਾ ਘਾਤ ਕਰਨ ਵਾਲਾ ਦੱਸ ਕੇ ਉਸ ਦੇ "ਜੱਬਾਰ" ਤੇ

Digitized by Panjab Digital Library | www.panjabdigilib.org

"ਕੱਹਾਰ" ਹੋਣ ਤੇ ਵੀ ਚਾਨਣਾ ਪਾਇਆ ਹੈ। ਹੇਠਾਂ ਅਸੀਂ ਇਸ ਦੀਆਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ :—

1. ਗਨੀਮੁਲ ਸਿਕਸਤੇ।
ਗਰੀਬੁਲ ਪਰਸਤੇ।

[ਦਸਮ ਗ੍ਰੰਥ, ਪੰਨਾ 6

2. ਗਨੀਮੁਲ ਖਿਰਾਜ ਹੈ।
ਗਰੀਬੁਲ ਨਿਵਾਜ ਹੈ।
ਹਰੀਫੁਲ ਸਿਕਨ ਹੈ।
ਹਿਰਾਸੁਲ ਫਿਕਨ ਹੈ।

[ਦਸਮ ਗ੍ਰੰਥ ਪੰਨਾ 8

4. ਕਰੁਣਾਲਯ ਹੈ। ਅਰੁ ਆਲਯ ਹੈ।
ਖਲ ਖੰਡਨ ਹੈ। ਮਹਿ ਮੰਡਨ ਹੈ।

[ਦਸਮ ਗ੍ਰੰਥ ਪੰਨਾ 8

5. ਭਉ ਭੰਜਨ ਹੈ।
ਅਰੁ ਗੰਜਨ ਹੈ।
ਰਿਪੁ ਤਾਪਨ ਹੈ।
ਜਪੁ ਜਾਪਨ ਹੈ।

[ਦਸਮ ਗ੍ਰੰਥ ਪੰਨਾ 9

6. ਦੀਨਨ ਕੀ ਪ੍ਰਿਤਪਾਲ ਕਰੈ ਨਿਤ
ਸੰਤ ਉਬਾਰ ਗਨੀਮਨ ਗਾਰੈ।

[ਦਸਮ ਗ੍ਰੰਥ ਪੰਨਾ 13

7. ਦਾਹਤ ਹੈ ਦੁਖ ਦੋਖਨ ਕੌ ਦਲ
ਦੁਜਨ ਕੇ ਪਲ ਮੈ ਦਲ ਡਾਰੋ॥

[ਦਸਮ ਗ੍ਰੰਥ ਪੰਨਾ 13

8. ਸਰਬ ਕਾਲ ਸਭ ਸਾਧ ਉਬਾਰੇ।
ਦੁਖ ਦੇ ਕਰ ਦੋਖੀ ਸਭ ਮਾਰੇ।

[ਦਸਮ ਗ੍ਰੰਥ ਪੰਨਾ 66

Digitized by Panjab Digital Library | www.panjabdigilib.org

**9. ਧਨ ਧੰਨ ਲੋਗਨ ਕੋ ਰਾਜਾ।**
**"ਦੁਸਟਨ ਦਾਹੈ" "ਗਰੀਬ ਨਿਵਾਜ"।**

[ਦਸਮ ਗ੍ਰੰਥ ਪੰਨਾ 1244

10. ਸਿਵਕਨ ਕੋ ਸਿਵ ਗੁਨ ਸੁਖ ਦੀਓ।
ਸਤ੍ਰੁਨ ਕੋ ਪਲ ਮੋ ਬਧ ਕੀਓ।

[ਦਸਮ ਗ੍ਰੰਥ ਪੰਨਾ 1245

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਏਹਨਾਂ ਪਵਿੱਤਰ ਵਾਕਾਂ ਵਿਚ ਪ੍ਰਭੂ ਦਾ "ਰਹਿਮਾਨ" ਤੇ "ਰਹੀਮ" ਹੋਣਾ ਦੱਸਣ ਦੇ ਨਾਲ ਹੀ ਉਸ ਦਾ **"ਜੱਬਾਰ"** ਤੇ **"ਕੱਹਾਰ"** ਹੋਣਾ ਹੀ ਵਰਣਨ ਕੀਤਾ ਹੈ।

ਗੁਰਬਾਣੀ ਵਿਚ ਵੀ ਇਸ ਭਾਵ ਦੇ ਅਨੇਕਾਂ ਸ਼ਬਦ ਮਿਲਦੇ ਹਨ; ਜਿਹਾ ਕਿ :—

1. ਦੁਸਟ ਦੂਤ ਪਰਮੇਸਰਿ ਮਾਰੇ।
ਜਨ ਕੀ ਪੈਜ ਰਖੀ ਕਰਤਾਰੇ।

[ਗਉੜੀ ਮ: 5, ਪੰਨਾ 209

2. ਸੰਤ ਕਾ ਨਿੰਦਕੁ ਮਹਾ ਹਤਿਆਰਾ।
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।

[ਗਉੜੀ, ਮ: 5, ਪੰਨਾ 280

3. ਹਰਿ ਜੁਗ ਜੁਗ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮਰਾਜੇ।

4. ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ॥

[ਆਸਾ, ਮ: 4, ਪੰਨਾ 451

5. ਸੰਤਾ ਮਾਨਉ ਦੂਤਾ ਡਾਨਉ ਇਹੁ ਕੁਟਵਾਰੀ ਮੇਰੀ॥

[ਰਾਮਕਲੀ, ਕਬੀਰ, ਪੰਨਾ 969

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

Digitized by Panjab Digital Library | www.panjabdigilib.org

ਦੁਰਮਤਿ ਹਰਨਾਖਸੁ ਦੁਰਾਚਾਰੀ ।
ਪ੍ਰਭੂ ਨਾਰਾਇਣੁ ਗਰਬ ਪ੍ਰਹਾਰੀ ।
ਪ੍ਰਹਿਲਾਦ ਉਧਾਰੇ ਕਿਰਪਾ ਧਾਰੀ ॥

[ਗਉੜੀ, ਮ: 1, ਪੰਨਾ 224

ਸੋ ਗੱਲ ਕੀ, ਸਿੱਖ ਗੁਰੂ ਸਾਹਿਬਾਨ ਨੇ ਸਾਜਨਹਾਰ ਪ੍ਰਭੂ ਨੂੰ ਦੁਸ਼ਟਾਂ ਦਾ ਘਾਤ ਕਰਨ ਵਾਲਾ ਤੇ ਮਜਲੂਮਾਂ ਦਾ ਰਖਿਅਕ ਪਰਗਟ ਕਰ ਕੇ ਉਸ ਦਾ "ਰਹਿਮਾਨ" ਅਤੇ "ਰਹੀਮ" ਅਤੇ "ਜ਼ੱਬਾਰ ਤੇ "ਕੱਹਾਰ" ਹੋਣਾ ਹੀ ਦਰਸਾਇਆ ਹੈ । ਸੋ ਜਿੱਥੇ ਪ੍ਰਭੂ ਭਲੇ ਪੁਰਖਾਂ ਲਈ ਵੱਡਾ "ਦਿਆਲੂ" ਤੇ "ਕਿਰਪਾਲੂ ਹੈ, ਉਥੇ ਦੁਸ਼ਟਾਂ ਲਈ "ਬਿਕਰਾਲ" ਤੇ "ਅਸੁਰ ਸੰਘਾਰ" ਵੀ ਹੈ । ਇਹ ਵੀ ਇਸਲਾਮ ਤੇ ਸਿੱਖ ਧਰਮ ਦੀ ਵੱਡੀ ਸਾਂਝ ਹੈ ।

———

Digitized by Panjab Digital Library | www.panjabdigilib.org

# ਪ੍ਰਭੂ ਅਬਿਨਾਸੀ ਹੈ

# ਤੇ

# ਜਗਦੀ ਹਰੇਕ ਚੀਜ਼ ਨਾਸ਼ਵਾਨ ਹੈ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਇਸ ਜਗ ਦੀ ਹਰੇਕ ਚੀਜ਼ ਨਾਸ਼ਵਾਨ ਹੈ ਤੇ ਇੱਕੋ ਇਕ ਪ੍ਰਭੂ ਦੀ ਸਦਾ ਸਲਾਮਤਿ ਹੈ ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ—

ਅਲਾਹੁ ਅਲਖ ਅਗੰਮ ਕਾਦਰੁ ਕਰਣਹਾਰੁ ਕਰੀਮੁ ।
ਸਭ ਦੁਨੀ ਆਵਣ ਜਾਵਣੀ ਮੁਦਾਮ ਏਕੁ ਰਾਹੀਮੁ ।
ਮੁਦਾਮ ਤਿਸ ਕੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ।
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਜਰਿਕਾ ਲਖ ਪਲੋਇ ।
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬਗੋਇ ॥

[ਸਰੀ ਰਾਗ ਮ: 1 ਪੰਨਾ 64

**ਅਰਥਾਤ**—ਅਲਖ, ਅਗੰਮ, ਕਾਦਰ, ਕਰਣਹਾਰ ਕਰੀਮ ਤੇ ਰਹੀਮ ਪ੍ਰਭੂ ਹੀ ਅਬਿਨਾਸੀ ਹੈ । ਉਸ ਤੇ ਕਾਲ ਜਾਂ ਸਮਾਂ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦਾ ਬਾਕੀ ਸਾਰੀਆਂ ਹੀ ਚੀਜ਼ਾਂ ਨਾਸ਼ਵਾਨ ਹਨ । ਇਹ ਧਰਤੀ, ਅਕਾਸ ਚੰਨ ਸੂਰਜ ਤੇ ਲੱਖਾਂ ਤਾਰੇ ਆਦਿ ਸਾਰੇ ਹੀ ਇਕ ਦਿਨ ਨਸ਼ਟ ਹੋ ਜਾਣਗੇ ਤੇ ਇੱਕੋ ਇਕ ਪ੍ਰਭੂ ਹੀ ਬਾਕੀ ਰਹੇਗਾ ਉਹੋ ਹੀ ਅਬਿਨਾਸ਼ੀ ਤੇ ਅਕਾਲ ਹੈ ।



Digitized by Panjab Digital Library | www.panjabdigilib.org

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਭਣਤ ਨਾਨਕ ਜਬ ਖੇਲੁ ਉਜਾਰੇ
ਤਬ ਏਕੈ ਏਕੰਕਾਰਾ ॥
[ਮਾਰੂ ਮ: 5 ਪੰਨਾ 992

ਇਸੇ ਤਰ੍ਹਾਂ ਇਸ ਬਾਰੇ ਇਹ ਵੀ ਵਰਣਨ ਹੈ ਕਿ —

ਜਗ ਮਹਿ ਕੋਈ ਹਾਣੁ ਨ ਪਾਏ
ਨਿਹਚਲੁ ਏਕੁ ਨਾਰਾਇਣਾ ॥
[ਮਾਰੂ, ਮ: 5 ਪੰਨਾ 1077

**ਅਰਥਾਤ** :—ਇਸ ਜਗ ਦੀ ਕੋਈ ਵੀ ਚੀਜ਼ ਨਾਸ-ਰਹਿਤ ਨਹੀਂ ਹੈ। ਕੇਵਲ ਇਕੋਇਕ ਪ੍ਰਭੂ ਹੀ ਅਬਿਨਾਸੀ ਹੈ। ਉਸ ਤੇ ਕਦੇ ਵੀ ਮੌਤ ਨਹੀਂ ਆ ਸਕਦੀ।

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਤੂ ਸਤਿ ਪਰਮੇਸਰੁ ਸਦਾ ਅਬਿਨਾਸੀ
ਹਰਿ ਹਰਿ ਸੁਣੀ ਨਿਧਾਨੁ ਜੀਉ।
ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ
ਤੂੰ ਆਪ ਪੁਰਖੁ ਸੁਜਾਨੁ ਜੀਉ ॥
[ਆਸਾ, ਮ: 4, ਪੰਨਾ 448

**ਅਰਥਾਤ**—ਹੇ ਪ੍ਰਭੂ ! ਸੱਚ ਦਾ ਸੋਮਾ ਤੂੰ ਹੀ ਹੈਂ ਅਤੇ ਤੂੰ ਹੀ ਇਕੋਇਕ ਅਬਿਨਾਸ਼ੀ ਹੈਂ। ਕੋਈ ਹੋਰ ਅਬਿਨਾਸ਼ੀ ਨਹੀਂ ਹੈ।

ਦਸਮ ਗਰੰਥ ਵਿਚ ਇਹ ਕਿਹਾ ਗਿਆ ਹੈ ਕਿ—

ਔਰ ਸਕਾਲ ਸਭੈ ਬਸਿ ਕਾਲ ਕੇ
ਏਕ ਹੀ ਕਾਲ ਅਕਾਲ ਸਦਾ ਹੈ।
[ਦਸਮ ਗਰੰਥ, ਪੰਨਾ 40

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਸਾਜਨਹਾਰ ਪ੍ਰਭੂ ਨੂੰ ਸਦਾ ਸਲਾਮਤਿ ਪ੍ਰਭੂ ਕਿਹਾ ਹੈ ; ਜਿਹਾ ਕਿ ਆਪ ਦਾ ਕਥਨ ਹੈ ਕਿ—

ਤੂ ਸਦਾ ਸਲਾਮਤਿ ਨਿਰੰਕਾਰੁ।
[ਜਪੁਜੀ, ਪੰਨਾ 4

Digitized by Panjab Digital Library | www.panjabdigilib.org

ਇਸ ਤੋਂ ਸਾਫ਼ ਸਿਧ ਹੈ ਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਰਚਨਾ ਵਿਚੋਂ ਕੋਈ ਵੀ ਚੀਜ਼ ਜਾਤੀ ਤੌਰ ਤੇ ਸਦਾ ਸਲਾਮਤਿ ਨਹੀਂ ਹੈ। ਹਰੇਕ ਚੀਜ਼ ਲਈ ਮਰਨਾ ਜਾਂ ਨਸ਼ਟ ਹੋਣਾ ਜ਼ਰੂਰੀ ਹੈ। ਸਦਾ ਸਲਾਮਤਿ ਇਕੋ ਇਕ ਹੀ ਅਬਿਨਾਸ਼ੀ ਪ੍ਰਭੂ ਹੈ।

ਦਸਮ ਗਰੰਥ ਵਿਚ ਵਰਣਨ ਹੈ ਕਿ—

ਹਮੇਸੁਲ ਸਲਾਮੈ ।
ਸਲੀਖਤ ਮੁਦਾਮੈ ॥

[ਦਸਮ ਗਰੰਥ, ਪੰਨਾ 6

**ਅਰਥਾਤ**—ਸਦਾ ਸਲਾਮਤਿ ਇਕੋ ਇਕ ਪ੍ਰਭੂ ਹੀ ਹੈ। ਹੋਰ ਕੋਈ ਵੀ ਮੌਤ ਰਹਿਤ ਨਹੀਂ ਹੈ।

ਕੁਰਾਨ ਸ਼ਰੀਫ਼ ਵਿਚ ਤਾਂ ਪ੍ਰਭੂ ਦਾ ਇਕ ਗੁਣ ਵਾਚਕ ਨਾਂ ਹੀ ਅੱਸਲਾਮ ਵਰਣਨ ਕੀਤਾ ਗਿਆ ਹੈ; ਜਿਹਾ ਕਿ—

اَلسَّلَامُ

ਇਸ ਦਾ ਭਾਵ ਵੀ ਏਹੋ ਹੀ ਹੈ ਕਿ ਸਦੀਵੀ ਸਲਾਮਤੀ ਵਾਲਾ ਪ੍ਰਭੂ ਹੀ ਹੈ, ਕਿਉਂ ਜੋ ਉਹੋ ਇਕੋ ਇਕ ਹੀ ਅਕਾਲ ਤੇ ਅਬਿਨਾਸ਼ੀ ਹੈ।

ਕੁਰਾਨ ਸ਼ਰੀਫ਼ ਵਿਚ ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ—

كُلُّ مَنْ عَلَيْهَا فَانٍ ۝ وَّيَبْقٰى وَجْهُ رَبِّكَ ذُو
الْجَلٰلِ وَالْاِكْرَامِ ۝

كُلُّ نَفْسٍ ذَآئِقَةُ الْمَوْتِ —— كُلُّ شَيْءٍ
هَالِكٌ اِلَّا وَجْهَهٗ ؏

**ਅਰਥਾਤ**—ਇਸ ਨਾਸ਼ਵਾਨ ਵਿਸ਼ਵ ਦੀ ਹਰੇਕ ਚੀਜ਼ ਕਾਲ-ਵਸ ਹੈ। ਇਕੋਇਕ ਅਬਿਨਾਸ਼ੀ ਪ੍ਰਭੂ ਹੀ ਕਾਲ-ਰਹਿਤ ਹੈ। ਉਸ ਤੇ ਕਦੇ ਵੀ ਮੌਤ ਨਹੀਂ ਆ ਸਕਦੀ।

Digitized by Panjab Digital Library | www.panjabdigilib.org

# ਪ੍ਰਭੂ ਦਾ ਜਸ ਕਦੇ ਮੁੱਕ ਨਹੀਂ ਸਕਦਾ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਜੇ ਸਤ ਸਮੁੰਦਰਾਂ ਨੂੰ ਸਿਆਹੀ ਦਾ ਰੂਪ ਦੇ ਦਿੱਤਾ ਜਾਏ ਅਤੇ ਸਾਰੀ ਧਰਤੀ ਨੂੰ ਕਾਗਜ਼ ਬਣਾ ਲਿਆ ਜਾਏ ਤੇ ਜਗ ਵਿਚ ਜਿੰਨੇ ਰੁੱਖ ਹਨ, ਉਹਨਾਂ ਦੀਆਂ ਕਲਮਾਂ ਘੜ ਲਈਆਂ ਜਾਣ ਤੇ ਲਿਖਣਾ ਸ਼ੁਰੂ ਕਰ ਦਿੱਤਾ ਜਾਏ ਤਾਂ ਇਹ ਸਾਰਾ ਕੁਝ ਮੁੱਕ ਜਾਏਗਾ, ਪਰ ਸਾਜਨਹਾਰ ਪ੍ਰਭੂ ਦਾ ਜਸ ਸੰਪੂਰਣ ਨਹੀਂ ਹੋ ਸਕੇਗਾ। ਇਸ ਬਾਰੇ ਗੁਰੂ ਜੀ ਨੇ ਇਹ ਫ਼ਰਮਾਇਆ ਹੈ ਕਿ—

ਨਾਨਕ ਕਾਗਦੁ ਲਖ ਮਣਾ ਪੜਿ ਪੜਿ ਕੀਚੈ ਭਾਉ ।
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ।

[ਸਿਰੀਰਾਗ ਮ: 1, ਪੰਨਾ 15

ਇਸੇ ਤਰ੍ਹਾਂ ਗੁਰੂ ਗਰੰਥ ਸਾਹਿਬ ਵਿਚ ਇਕ ਹੋਰ ਥਾਂ ਇਹ ਵਰਣਨ ਹੈ ਕਿ :—

ਬਸੁਧ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ ।
ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਨ ਸਰਨ ॥

[ਆਸਾ, ਮ: 5, ਪੰਨਾ 458

**ਅਰਥਾਤ :—**

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ।
ਬਸੁਧਾ ਕਾਗਦ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥

[ਸਲੋਕ, ਕਬੀਰ, ਪੰਨਾ 1368



Digitized by Panjab Digital Library | www.panjabdigilib.org

ਇਹਨਾਂ ਦੋਹਾਂ ਪਵਿੱਤਰ ਵਾਕਾਂ ਵਿਚ ਏਹੋ ਵਰਣਨ ਕੀਤਾ ਗਿਆ ਹੈ ਕਿ ਜੇ ਸੱਤ ਸਮੁੰਦਰਾਂ ਦੀ ਸਿਆਹੀ ਬਣਾ ਲਈ ਜਾਏ ਤੇ ਸਾਰੇ ਰੁੱਖਾਂ ਦੀਆਂ ਕਲਮਾਂ ਘੜ ਲਈਆਂ ਜਾਣ ਅਤੇ ਸਾਰੀ ਧਰਤੀ ਨੂੰ ਕਾਗਜ਼ ਦੀ ਥਾਂ ਵਰਤਣਾ ਸ਼ੁਰੂ ਕਰ ਦਿੱਤਾ ਜਾਏ, ਇਹ ਸਭ ਕੁਝ ਲਿਖਦਿਆਂ ਲਿਖਦਿਆਂ ਮੁੱਕ ਜਾਏਗਾ, ਪਰ ਸਾਜਨਹਾਰ ਪ੍ਰਭੂ ਦਾ ਜਸ ਫ਼ਿਰ ਵੀ ਸੰਪੂਰਣ ਨਹੀਂ ਹੋ ਸਕੇਗਾ ਤੇ ਅਧੂਰਾ ਹੀ ਰਹਿ ਜਾਏਗਾ।

ਸ੍ਰੀ ਦਸਮ ਗਰੰਥ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰ ਦੀ ਮਸੁ ਕੈ ਹੋ।
ਕਾਟ ਬਨਾਸਪਤੀ ਸਗਰੀ ਲਿਖਬੇ ਹੂੰ ਕੋ ਲੇਖ ਨ ਕਾਜ ਬਨੈ ਹੋ।
ਸਾਰਸੁਤੀ ਬਕਤਾ ਕਰਿ ਕੈ ਜੁਗਿ ਕੋਟਿ ਗਨੇਸਿ ਕੈ ਹਾਥ ਲਿਖੈ ਹੋ।
ਕਾਲ ਕ੍ਰਿਪਾਲ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੇਕ ਰਿਝੈ ਹੋ।

[ਦਸਮ ਗਰੰਥ, ਪੰਨਾ 42

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ—

وَلَوْ اَنَّ مَا فِی الْاَرْضِ مِنْ شَجَرَةٍ اَقْلَامٌ
وَّالْبَحْرُ يَمُدُّهٗ مِنْ بَعْدِهٖ سَبْعَةُ اَبْحُرٍ
مَّا نَفِدَتْ كَلِمٰتُ اللّٰهِ ؕ اِنَّ اللّٰهَ عَزِيْزٌ حَكِيْمٌ ۝

**ਅਰਥਾਤ** :—ਜੇ ਧਰਤੀ ਦੇ ਸਾਰੇ ਰੁੱਖਾਂ ਦੀਆਂ ਕਲਮਾਂ ਘੜ ਲਈਆਂ ਜਾਣ, ਸੱਤਾਂ ਸਮੁੰਦਰਾਂ ਨੂੰ ਸਿਆਹੀ ਦਾ ਰੂਪ ਦੇ ਦਿੱਤਾ ਜਾਏ, ਇਹ ਸਭ ਚੀਜ਼ਾਂ ਮੁੱਕ ਜਾਣਗੀਆਂ, ਪਰ ਸਾਜਨਹਾਰ ਪ੍ਰਭੂ ਦਾ ਜਸ ਸੰਪੂਰਣ ਨਹੀਂ ਹੋ ਸਕੇਗਾ, ਉਹ ਅਧੂਰਾ ਹੀ ਰਹੇਗਾ।

---

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# 3.

# ਭਾਗ ਤੀਜਾ

## ਫਰਿਸ਼ਤੇ ਕਿਆਮਤ, ਲੇਖਾ-ਪੱਤਾ,

## ਤੇ

## ਬਹਿਸ਼ਤ-ਦੋਜ਼ਖ਼

## ਸ੍ਰੀ ਗੁਰੂ ਨਾਨਕ ਜੀ ਮਹਾਰਾਜ

Digitized by Panjab Digital Library | www.panjabdigilib.org

੧.

# ਸਤਿ ਨਾਮ

ਧਰਮ-ਸ਼ਾਸਤ੍ਰ ਬਖਾਣੀ ਨੀਤਿ

ਤੇ

ਅਰਥ-ਵਿਚਾਰ

ਸੰਪਾਦਕ

Digitized by Panjab Digital Library | www.panjabdigilib.org

# ਪ੍ਰਭੂ ਦੇ ਫਰਿਸ਼ਤੇ
## ਤੇ
# ਸ੍ਰੀ ਗੁਰੂ ਨਾਨਕ ਜੀ ਮਹਾਰਾਜ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਪ੍ਰਭੂ-ਸਰੂਪ ਵਿਚ ਫ਼ਰਿਸ਼ਤਿਆਂ ਦੀ ਹੋਂਦ ਵੀ ਮੰਨੀ ਗਈ ਹੈ। ਪ੍ਰਭੂ ਦੇ ਫ਼ਰਿਸ਼ਤੇ ਉਹ ਸੂਖਮ ਰਚਨਾ ਹੈ, ਜੋ ਖਾਣ-ਪੀਣ, ਤੋਂ ਰਹਿਤ ਤੇ ਨੂਰੀ ਹੈ। ਏਹਨਾਂ ਦੁਆਰਾ ਇਸ ਸਾਰੇ ਵਿਸ਼ਵ ਵਿਚ ਸਮੇਂ ਸਮੇਂ ਕਈ ਉਤਾਰ-ਚੜ੍ਹਾ ਆਉਂਦੇ ਰਹਿੰਦੇ ਹਨ। ਇਸਦੇ ਨਾਲ ਹੀ ਏਹ ਪ੍ਰਭੂ ਤੇ ਬੰਦਿਆਂ ਵਿਚਾਲੇ ਇਕ ਵਾਸਤਾ ਹਨ। ਏਹਨਾਂ ਰਾਹੀਂ ਪ੍ਰਭੂ ਆਪਣੇ ਭਗਤ-ਜਨਾਂ ਤੇ ਆਪਣੀ ਅਕਾਸ਼ ਬਾਣੀ ਉਤਾਰਿਆ ਕਰਦਾ ਹੈ ਅਤੇ ਓਹਨਾਂ ਨੂੰ ਗੂਹਜ ਗਿਆਨ ਬਖਸ਼ਿਆ ਕਰਦਾ ਹੈ। ਇਉਂ ਜਾਣ ਲਓ ਕਿ ਜਿਵੇਂ ਪ੍ਰਭੂ ਸਭ ਦੀ ਭੁੱਖ ਦੂਰ ਕਰਦਾ ਹੈ, ਪਰ ਰੋਟੀ ਰਾਹੀਂ। ਇਸੇ ਤਰ੍ਹਾਂ ਹੀ ਪ੍ਰਭੂ ਆਪਣੇ ਭਗਤ–ਜਨਾਂ ਤੇ ਪਰਗਟ ਹੁੰਦਾ ਹੈ, ਪਰ ਆਪਣੇ ਫ਼ਰਿਸ਼ਤਿਆਂ ਰਾਹੀਂ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਵਿਚ ਪ੍ਰਭੂ ਦੇ ਫ਼ਰਿਸ਼ਤਿਆਂ ਦੀ ਹੋਂਦ ਵੀ ਮੰਨੀ ਹੈ ਤੇ ਓਹਨਾਂ ਨੂੰ ਖਾਣ-ਪੀਣ ਤੋਂ ਰਹਿਤ ਦਸਕੇ ਇਸ ਬਾਰੇ ਇਸਲਾਮੀ ਵਿਚਾਰਾਂ ਨਾਲ ਆਪਣੀ ਸਾਂਝ ਦਰਸਾਈ ਹੈ। ਗੁਰੂ ਜੀ ਨੇ ਫਰਮਾਇਆ ਹੈ ਕਿ—

ਸਿਦਕ ਸਬੂਰੀ ਸਾਦਿਕਾ
ਸਬਰੁ ਤੋਸਾ "ਮਲਾਇਕਾ"।

[ਵਾਰ ਸ੍ਰੀ ਰਾਗ, ਸ: ਮ: 1, ਪੰਨਾ 83



Digitized by Panjab Digital Library | www.panjabdigilib.org

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ "ਮਲਾਇਕ" ਪਦ ਦੇ ਅਰਥ ਕਰਦਿਆਂ ਲਿਖਿਆ ਹੈ ਕਿ—

"ਮਲਾਇਕ—ਮਲਕ ਦਾ ਬਹੁ ਵਚਨ।
ਫ਼ਰਿਸ਼ਤੇ, ਦੇਵਤੇ।"

[ਮਹਾਨ ਕੋਸ਼, ਪੰਨਾ 2863

ਸ਼ਬਦਾਰਥ ਗੁਰੂ ਗਰੰਥ ਸਾਹਿਬ ਵਿਚ ਵਰਣਨ ਹੈ ਕਿ—

ਮਲਾਇਕਾ—ਦੇਵਤਿਆਂ ਦਾ, ਫਰਿਸ਼ਤਿਆਂ ਦਾ।

[ਸ਼ਬਦਾਰਥ ਸ੍ਰੀ ਗੁਰੂ ਗਰੰਥ ਸਾਹਿਬ, ਪੰਨਾ 83

ਇਸ ਤੋਂ ਸਿਧ ਹੈ ਕਿ ਮਲਾਇਕ ਜਾਂ ਫ਼ਰਿਸ਼ਤੇ ਖਾਣ-ਪੀਣ ਤੋਂ ਰਹਿਤ ਹਨ। ਓਹਨਾਂ ਦੀ ਖਾਸ-ਖੁਰਾਕ, ਤੋਸ਼ਾ, ਸਬਰ ਹੀ ਹੈ।

ਹਸਤ ਲਿਖਤ ਮਹਿਮਾ ਪ੍ਰਕਾਸ਼ ਵਿਚ ਇਹ ਵਰਣਨ ਹੈ ਕਿ—

ਸੁਣੀ ਸੈਦ ਕਰੀਮ ਦੀਨ ਜਾਣੋ ਸਚ ਨਾਹੁ।
"ਨੂਰੀ ਚਾਰ ਫ਼ਰੇਸ਼ਤੇ" ਚਾਰਿ ਕਤੇਬ ਗਵਾਹੁ।

[ਮਹਿਮਾ ਪ੍ਰਕਾਸ਼, ਪੰਨਾ 100

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਇਸ ਵਾਕ ਵਿਚ ਫਰਿਸ਼ਤਿਆਂ ਨੂੰ ਨੂਰੀ ਮੰਨਿਆਂ ਹੈ ਅਤੇ ਇਹ ਫ਼ਰਮਾਇਆ ਹੈ ਕਿ ਚਾਰੇ ਧਰਮ ਪੁਸਤਕਾਂ ਤੌਰੈਤ, ਜ਼ਬੂਰ, ਅੰਜੀਲ ਤੇ ਕੁਰਾਨ ਸ਼ਰੀਫ਼ ਇਸ ਦੇ ਗਵਾਹ ਹਨ ਕਿ ਚਾਰੇ ਹੀ ਫ਼ਰਿਸ਼ਤੇ ਸਾਜਨਹਾਰ ਪ੍ਰਭੂ ਨੇ ਆਪਣੇ "ਨੂਰ" ਤੋਂ ਹੋਂਦ ਵਿਚ ਲਿਆਂਦੇ ਹਨ। ਇਹ ਸਾਡੇ ਵਾਂਗ "ਮਿੱਟੀ ਦੇ ਭਾਂਡੇ" ਜਾਂ "ਮਾਂਸ ਦੇ ਭਾਂਡੇ" ਨਹੀਂ ਹਨ। ਇਹ ਸਥੂਲ ਨਹੀਂ, ਸੂਖਮ ਹਨ।

ਸੋ ਗੱਲ ਕੀ ਗੁਰੂ ਜੀ ਦੇ ਫ਼ਰਮਾਨ "ਸਬਰ ਤੋਸਾ ਮਲਾਇਕਾ" ਦਾ ਭਾਵ ਏਹੋ ਹੀ ਹੈ ਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਫ਼ਰਿਸ਼ਤੇ ਖਾਣ-ਪੀਣ ਤੋਂ ਰਹਿਤ ਹਨ ਅਤੇ ਓਹਨਾਂ ਦਾ ਤੋਸ਼ਾ, ਖਾਧ-ਖੁਰਾਕ, ਸਬਰ ਹੀ ਹੈ ਅਤੇ ਗੁਰੂ ਜੀ ਨੇ "ਨੂਰੀ ਚਾਰ ਫ਼ਰਿਸ਼ਤੇ" ਫਰਮਾ ਕੇ ਏਹੋ ਵਰਣਨ ਕੀਤਾ ਹੈ ਕਿ ਉਹ ਸੂਖਮ ਹਨ। ਸਾਡੇ ਵਾਂਗ ਸਥੂਲ ਨਹੀਂ ਹਨ।

ਇਕ ਸਿੱਖ ਵਿਦਵਾਨ ਸ: ਕਾਨ੍ਹ ਸਿੰਘ ਜੀ ਨਾਭਾ ਨੇ ਵਰਣਨ ਕੀਤਾ ਹੈ ਕਿ—

Digitized by Panjab Digital Library | www.panjabdigilib.org

"ਇਸਲਾਮ ਦੀਆਂ ਕਿਤਾਬਾਂ ਅਨੁਸਾਰ ਫਰਿਸ਼ਤੇ ਖੁਦਾ ਦੇ ਨੂਰ ਤੋਂ ਪੈਦਾ ਹੋਏ ਹਨ। ਉਹਨਾਂ ਨੂੰ ਭੁਖ ਤੇਹ ਨਹੀਂ ਲਗਦੀ।"

[ਮਹਾਨ ਕੋਸ਼, ਪੰਨਾ 2407

ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦਾ ਇਹ ਫ਼ਰਮਾਨ ਹੈ ਕ਼ਿ :—

خلقت الملئكة من نور و خلق الجان
من مارج (مسلم)

**ਅਰਥਾਤ** :—ਫ਼ਰਿਸ਼ਤੇ ਪ੍ਰਭੂ ਦੇ ਨੂਰ ਤੋਂ ਤੇ ਜਿੰਨ ਅਗਨੀ ਤਤ ਤੋਂ ਰਚੇ ਗਏ ਹਨ।

ਜਨਮ ਸਾਖੀ ਭਾਈ ਬਾਲਾ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਪ੍ਰਭੂ ਦੇ ਚਾਰ ਮੁਖ ਫ਼ਰਿਸ਼ਤਿਆਂ ਦੇ ਨਾਂ ਇਸਰਾਫ਼ੀਲ, ਜਬਰਾਈਲ, ਮੇਕਾਈਲ ਤੇ ਅਜ਼ਰਾਈਲ ਦੱਸੇ ਹਨ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਇਸਰਾਫੀਲ, ਜਬਰਾਈਲ, ਮੇਕਾਈਲ ਪਛਾਣ।
ਅਜਰਾਈਲ ਫ਼ਰੇਸ਼ਤਾ ਚਾਰ ਮੁਅੱਕਲ ਜਾਣ।
ਚਾਰੋਂ ਵਾਰਸ ਤਖਤ ਦੇ ਹੁਕਮੀ ਬੰਦੇ ਚਾਰ।
ਸਦਾ ਹਜੂਰੀ ਤਿਸ ਰਹਿਣ ਜੋ ਥੀਵੇ ਅਵਤਾਰ।

[ਜਨਮ ਸਾਖੀ ਭਾ: ਬਾਲਾ, ਪੰਨਾ 209

**ਅਰਥਾਤ** :—ਇਸਰਾਫ਼ੀਲ, ਜਬਰਾਈਲ, ਮੇਕਾਈਲ ਤੇ ਅਜ਼ਰਾਈਲ ਪ੍ਰਭੂ ਦੇ ਚਾਰ ਮੁਖ ਫਰਿਸ਼ਤੇ ਹਨ। ਇਹ ਚਾਰੋਂ ਹੀ ਪ੍ਰਭੂ ਦੇ ਤਖ਼ਤ ਦੇ ਵਾਰਸ ਹਨ ਅਤੇ ਪ੍ਰਭੂ ਦੇ ਹੁਕਮੀ ਬੰਦੇ ਹੋਣ ਕਰਕੇ ਉਸਦੇ ਹੁਕਮ ਅਨੁਸਾਰ ਹੀ ਵਿਚਰਦੇ ਹਨ। ਓਹਨਾਂ ਵਿਚ ਇਹ ਹਿੰਮਤ ਹੀ ਨਹੀਂ ਕਿ ਓਹ ਪ੍ਰਭੂ ਦੀ ਕਿਸੇ ਆਗਿਆ ਦਾ

Digitized by Panjab Digital Library | www.panjabdigilib.org

ਉਲੰਘਣ ਕਰ ਸਕਣ ।[1]

ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਇਕ ਹਦੀਸ ਵਿਚ ਚਾਰੇ ਮੁਖ ਫ਼ਰਿਸ਼ਤਿਆਂ ਦੇ ਨਾਵਾਂ ਤੇ ਕਰਤਵਾਂ ਬਾਰੇ ਇਹ ਫ਼ਰਮਾਇਆ ਹੈ ਕਿ :—

فاما جبرئيل فصاحب الحرب وصاحب
المرسلين واما ميكائيل فصاحب كل
قطرة تسقط وكل رزقة تنبت وكل
ورقة تسقط واما ملك الموت فهو
موكل قبض كل روح عبد في بر وبحر
واما اسرافيل فامين الله (درمنثور)

**ਅਰਥਾਤ**—"ਜਬਰਾਈਲ" ਜੰਗ ਦਾ ਫ਼ਰਿਸ਼ਤਾ ਹੈ ਤੇ ਉਸਦਾ ਕੰਮ ਨਬੀਆਂ ਤੇ ਰਸੂਲਾਂ ਤੇ ਅਕਾਸ਼ ਬਾਣੀ ਉਤਾਰਨਾ ਹੈ। "ਮੇਕਾਈਲ" ਵਰਖਾ ਦਾ ਫਰਿਸ਼ਤਾ ਹੈ। ਹਰੇਕ ਕਣੀ ਉਸੇ ਦੇ ਹੁਕਮ ਨਾਲ ਵਰਦੀ ਹੈ । ਇਸਦੇ ਨਾਲ ਹੀ ਇਹ ਫਰਿਸਤਾ ਸਾਰੇ ਜੀਅ-ਜੰਤ ਨੂੰ ਰਿਜ਼ਕ ਪਹੁੰਚਾ ਕੇ ਉਹਨਾਂ ਦੀ ਪਾਲਣਾ ਕਰਦਾ ਹੈ। "ਮਲਕੁੱਲ ਮੌਤ" (ਇਜ਼ਰਾਈਲ) ਦਾ ਕਰਤਬ ਸਾਰੇ ਜੀਅ-ਜੰਤ ਨੂੰ ਮਾਰਨਾ ਹੈ। ਭਾਵੇਂ ਉਹ ਧਰਤੀ ਤੇ ਵਸਦੇ ਹਨ ਤੇ ਭਾਵੇਂ ਸਮੁੰਦਰਾਂ ਵਿਦ ਤੇ "ਇਸਰਾਫ਼ੀਲ" ਪ੍ਰਭੂ ਦਾ ਅਮਾਨਤਦਾਰ ਹੈ ।

---

(1) ਚੇਤੇ ਰਹੇ ਕਿ ਗੁਰੂ ਗਰੰਥ ਸਾਹਿਬ ਵਿਚ ਹੁਕਮੀ ਬੰਦੇ ਦੀ ਵਿਆਖਿਆ ਕਰਦਿਆਂ ਇਹ ਕਿਹਾ ਗਿਆ ਹੈ ਕਿ—

ਹੁਕਮੀ ਬੰਦਾ ਹੁਕਮ ਕਮਾਵੈ
ਹੁਕਮੇ ਕਢਦਾ ਸਾਹਾ ਹੇ

(ਮਾਰੂ, ਮ: 3, ਪੰਨਾ 1054

**ਅਰਥਾਤ** :—ਹੁਕਮੀ ਬੰਦਾ ਪ੍ਰਭੂ ਦੀ ਆਗਿਆਕਾਰੀ ਵਿਚ ਹੀ ਵਿਚਰਦਾ ਹੈ। ਉਹ ਤਾਂ ਸਾਹ ਵੀ ਪ੍ਰਭੂ ਦੇ ਹਕਮ ਨਾਲ ਹੀ ਲੈਂਦਾ ਹੈ। ਉਸ ਤੋਂ ਪ੍ਰਭੂ ਦੀ ਅਵੱਗਿਆ ਹੋ ਹੀ ਨਹੀਂ ਸਕਦੀ; ਕਿਉਂ ਜੁ ਉਸਦੀ ਆਪਣੀ ਕੋਈ ਵੀ ਇੱਛਾ ਨਹੀਂ ਹੁੰਦੀ।

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਫਰਿਸ਼ਤਿਆਂ ਬਾਰੇ ਇਹ ਵਰਣਨ ਹੈ ਕਿ :—

وَيَفْعَلُوْنَ مَا يُؤْمَرُوْنَ ۝ —— لَا يَعْصُوْنَ
اللّٰهَ مَا اَمَرَهُمْ وَيَفْعَلُوْنَ مَا يُؤْمَرُوْنَ ۝

**ਅਰਥਾਤ :**—ਫਰਿਸ਼ਤੇ ਪ੍ਰਭੂ ਦੇ ਹੁਕਮ ਦੀ ਹੀ ਪਾਲਣਾ ਕਰਦੇ ਹਨ। ਓਹ ਪ੍ਰਭੂ ਦੇ ਕਿਸੇ ਹੁਕਮ ਦੀ ਅਵੱਗਿਆ ਕਰਨ ਤੇ ਸਮਰਥ ਹੀ ਨਹੀਂ ਹਨ। ਜੋ ਓਹਨਾਂ ਨੂੰ ਕਿਹਾ ਜਾਂਦਾ ਹੈ, ਉਹੋ ਹੀ ਓਹ ਕਰਦੇ ਹਨ।

ਕੁਰਾਨ ਸ਼ਰੀਫ਼ ਵਿਚ ਫ਼ਰਿਸ਼ਤਿਆਂ ਬਾਰੇ ਇਹ ਵੀ ਵਰਣਨ ਹੈ ਕਿ—

مَنْ كَانَ عَدُوًّا لِّلّٰهِ وَمَلٰٓئِكَتِهٖ وَرُسُلِهٖ
وَجِبْرِيْلَ وَمِيْكٰلَ فَاِنَّ اللّٰهَ عَدُوٌّ لِّلْكٰفِرِيْنَ ۝

**ਅਰਥਾਤ**—ਜਿਹੜਾ ਪ੍ਰਾਣੀ ਪ੍ਰਭੂ ਦੇ ਫ਼ਰਿਸ਼ਤਿਆਂ ਦਾ, ਤੇ ਉਸ ਦੇ ਰਸੂਲਾਂ ਦਾ, ਅਰਥਾਤ ਜਿਸਨੂੰ "ਜਬਰਾਈਲ" ਤੇ "ਮੇਕਾਈਲ" ਨਾਲ ਵੈਰ ਹੈ, ਉਹ ਅੱਲਾਹ ਦਾ ਵੈਰੀ ਹੈ।

ਇਸਲਾਮੀ ਵਿਚਾਰ ਅਨੁਸਾਰ "ਜਬਰਾਈਲ" ਦੁਆਰਾ ਪ੍ਰਭੂ ਨੇ ਜਗ ਦੇ ਲੋਕਾਂ ਦੀ ਆਤਮਕ ਪਾਲਣਾ ਦਾ ਪ੍ਰਬੰਧ ਕੀਤਾ ਹੋਇਆ ਹੈ ਅਤੇ "ਮੇਕਾਈਲ" ਸਰੀਰਕ ਪਾਲਣਾ ਦਾ ਮੁਖ ਪ੍ਰਬੰਧਕ ਹੈ, ਜੋ ਏਹਨਾਂ ਦਾ ਇਨਕਾਰੀ ਤੇ ਵੈਰੀ ਹੈ, ਉਹ ਵਾਸਤਵ ਵਿਚ ਪ੍ਰਭੂ ਵਲੋਂ ਕੀਤੇ ਗਏ ਸਰੀਰਕ ਤੇ ਆਤਮਕ ਪਾਲਣਾ ਦੇ ਪ੍ਰਬੰਧ ਦਾ ਇਨਕਾਰੀ ਹੈ ਅਤੇ ਇਸ ਤਰ੍ਹਾਂ ਉਹ ਅੱਲਾਹ ਦਾ ਵੀ ਵੈਰੀ ਹੈ।

ਸ੍ਰੀ ਗੁਰੂ ਨਾਨਕ ਜੀ ਨੇ ਆਪਣੀ ਬਾਣੀ ਵਿਚ "ਅਜ਼ਰਾਈਲ" ਫ਼ਰਿਸ਼ਤੇ ਦਾ ਤਾਂ ਖਾਸ ਤੌਰ ਤੇ ਵਰਣਨ ਕੀਤਾ ਹੈ ਅਤੇ ਇਸਨੂੰ ਮੌਤ ਦਾ ਫਰਿਸ਼ਤਾ ਦੱਸਿਆ ਹੈ; ਜਿਹਾ ਕਿ ਆਪ ਨੇ ਇਕ ਥਾਂ ਇਹ ਦੱਸਿਆ ਹੈ ਕਿ :—

Digitized by Panjab Digital Library | www.panjabdigilib.org

ਸਮਸਰ ਮੂਇ "ਅਜਰਾਈਲ"[1] ਗਿਰਫਤਹ
ਦਿਲ ਹੇਚਿ ਨ ਦਾਨੀ ॥

[ਤਿਲੰਗ, ਵ: 5, ਪੰਨਾ 721

**ਅਰਥਾਤ** :—

"ਮੇਰੇ ਸਿਰ ਦੇ ਵਾਲ ਮੌਤ ਦੇ ਫ਼ਰਿਸ਼ਤੇ, "ਅਜ਼ਰਾਈਲ" ਨੇ ਫੜੇ ਹੋਏ ਹਨ।"

[ਸ਼ਬਦਾਰਥ ਗੁਰੂ ਗਰੰਥ ਸਾਹਿਬ ਪੰਨਾ 721

ਇਕ ਹੋਰ ਥਾਂ ਇਹ ਵਰਣਨ ਹੈ ਕਿ :—

"ਅਜ਼ਰਾਈਲ" ਫ਼ਰੇਸ਼ਤਾ ਹੋਸੀ ਆਇ ਤਈ।"

[ਵਾਰ ਰਾਮਕਲੀ ਮ: ਸ: 1, ਪੰਨਾ 953

**ਅਰਥਾਤ** :—ਪ੍ਰਾਣੀ ਦੇ ਮਰਨ ਸਮੇਂ "ਅਜਰਾਈਲ" ਫਰੇਸ਼ਤਾ ਉਸਦੇ ਪ੍ਰਾਣ ਕਢਣ ਲਈ ਨੀਅਤ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ "ਅਜਰਾਈਲ" ਫਰਿਸ਼ਤੇ ਦਾ ਵਰਣਨ ਕੀਤਾ ਗਿਆ ਹੈ ਤੇ ਉਸਨੂੰ ਮੌਤ ਦਾ ਫ਼ਰਿਸ਼ਤਾ ਦੱਸਿਆ ਗਿਆ ਹੈ। (ਵੇਖੋ ਪੰਨਾ 315, 723, 724, 1020, 1084 ਤੇ 1381 ਆਦਿ)।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮੌਤ ਦੇ ਫ਼ਰਿਸ਼ਤੇ ਨੂੰ "ਮਲਕ ਉਲ ਮੌਤ" ਵੀ ਕਿਹਾ ਗਿਆ ਹੈ, ਜਿਹਾ ਕਿ ਵਰਣਨ ਹੈ ਕਿ ;—

"ਮਲਕਲ ਮਉਤ" ਜਾ ਆਵਸੀ ਸਭ ਦਰਵਾਜੇ ਭੰਨਿ।

[ਸਲੋਕ ਫਰੀਦ, ਪੰਨਾ 1383

---

(1) ਕੋਸ਼ਾਂ ਵਿਚ ਅਜ਼ਰਾਈਲ ਨੂੰ ਮੌਤ ਤਾ ਫ਼ਰਿਸ਼ਤਾ ਵਰਣਨ ਕੀਤਾ ਗਿਆ ਹੈ; ਜਿਹਾ ਕਿ—

"ਇਜ਼ਰਾਈਲ :—ਇਹ ਮੌਤ ਦਾ ਦੇਵਤਾ ਹੈ।"

[ਮਹਾਨ ਕੋਸ਼, ਪੰਨਾ 2427

**ਅਰਥਾਤ** :—

"ਇਜ਼ਰਾਈਲ—ਜੀਵਾਂ ਦੇ ਪ੍ਰਾਣ ਕਢਣ ਵਾਲਾ।"

[ਬਾਣੀ ਪ੍ਰਕਾਸ਼, ਪੰਨਾ 952

Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਵੀ ਅਜ਼ਰਾਈਲ ਫ਼ਰਿਸ਼ਤੇ ਨੂੰ ਮਲਕੁੱਲ ਮੌਤ ਦਾ ਨਾਂ ਦਿੱਤਾ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਮਿਲਨ ਸਜਾਈ ਬਹੁਤੀਆਂ "ਮਲਕ ਉਲ ਮੌਤ" ਹਜ਼ੂਰ ।

[ਜਨਮ ਸਾਖੀ ਭਾ: ਬਾਲਾ ਪੰਨਾ 154

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਇਸ ਬਚਨ ਵਿਚ ਮੌਤ ਦੇ ਫ਼ਰਿਸ਼ਤੇ ਨੂੰ "ਮਲਕਉਲ ਮੌਤ" ਦੇ ਨਾਂ ਨਾਲ ਵੀ ਯਾਦ ਕੀਤਾ ਹੈ । ਇਹ ਵੀ ਨਿਰੋਲ ਇਸਲਾਮੀ ਵਿਚਾਰ ਹੈ । ਇਹ ਇਕ ਅਸਲੀਅਤ ਹੈ ਕਿ "ਅਜ਼ਰਾਈਲ" ਫ਼ਰਿਸ਼ਤੇ ਨੂੰ ਜੋ ਮੌਤ ਦਾ ਫ਼ਰਿਸ਼ਤਾ ਹੈ—ਇਸਲਾਮੀ ਕਿਤਾਬਾਂ ਵਿਚ "ਮਲਕਉਲ ਮੌਤ" ਵੀ ਕਿਹਾ ਗਿਆ ਹੈ, ਜਿਹਾ ਕਿ ਲਿਖਿਆ ਹੈ ਕਿ—

قُلْ يَتَوَفّٰكُمْ مَّلَكُ الْمَوْتِ الَّذِىْ وُكِّلَ
بِكُمْ ثُمَّ اِلٰى رَبِّكُمْ تُرْجَعُوْنَ ۝

**ਅਰਥਾਤ**—ਤੁਹਾਡੇ ਉੱਤੇ ਮੌਤ ਦਾ ਫ਼ਰਿਸ਼ਤਾ "ਮਲਕਉਲ ਮੌਤ" ਨੀਅਤ ਕੀਤਾ ਗਿਆ ਹੈ, ਉਹੋ ਹੀ ਤੁਹਾਡੀ ਜਿੰਦ ਕਢਦਾ ਹੈ । ਤੁਸੀਂ ਆਪਣੇ ਸਾਜਨਹਾਰ ਪ੍ਰਭੂ ਦੇ ਹਜ਼ੂਰ ਹੀ ਪਰਤਾਏ ਜਾਉਗੇ ।

ਇਹ ਅਸੀਂ ਦਸ ਚੁਕੇ ਹਾਂ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਮੌਤ ਦੇ ਫਰਿਸ਼ਤੇ "ਅਜ਼ਰਾਈਲ" ਦਾ ਕੰਮ ਲੋਕਾਂ ਦੇ ਪ੍ਰਾਣ ਕਢਣੇ ਵਰਣਨ ਕੀਤਾ ਹੈ ਤੇ ਇਸਦਾ ਦੂਜਾ ਨਾਂ "ਮਲਕਉਲ ਮੌਤ" ਵੀ ਦੱਸਿਆ ਹੈ । ਗੁਰੂ ਗਰੰਥ ਸਾਹਿਬ ਵਿਚ ਵੀ ਇਸ ਫਰਿਸ਼ਤੇ ਨੂੰ ਮੌਤ ਦਾ ਫ਼ਰਿਸ਼ਤਾ, ਅਰਥਾਤ "ਮਲਕਉਲ ਮੌਤ" ਵੀ ਕਿਹਾ ਗਿਆ ਹੈ । ਕਈ ਥਾਈਂ ਤਾਂ ਇਸਨੂੰ ਕੇਵਲ "ਮਲਕ" ਦਾ ਹੀ ਨਾਂ ਦਿੱਤਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

ਫ਼ਰੀਦਾ ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ।
"ਮਲਕੁ" ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ।

[ਸਲੋਕ ਫ਼ਰੀਦ, ਪੰਨਾ 1377

Digitized by Panjab Digital Library | www.panjabdigilib.org

**ਅਰਥਾਤ :—**

ਫ਼ਰੀਦਾ ਦੂਹੁ ਦੀਵੀ ਬਲੰਦਿਆ "ਮਲਕੁ" ਬਹਿਠਾ ਆਇ ।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥

[ਸਲੋਕ ਫ਼ਰੀਦ, ਪੰਨਾ 1380

ਗੁਰੂ ਗਰੰਥ ਸਾਹਿਬ ਦੇ ਏਹਨਾਂ ਦੋਹਾਂ ਪਵਿਤਰ ਵਾਕਾਂ ਵਿਚ ਮੌਤ ਦੇ ਫ਼ਰਿਸ਼ਤੇ "ਅਜ਼ਰਾਈਲ" ਜਾਂ "ਮਲਕਉਲ ਸੌਤ" ਨੂੰ "ਮਲਕ" ਹੀ ਕਿਹਾ ਗਿਆ ਹੈ। ਸ਼ਬਦਾਰਥ ਗੁਰੂ ਗਰੰਥ ਸਾਹਿਬ ਅਨੁਸਾਰ ਏਹਨਾਂ ਪਵਿਤਰ ਵਾਕਾਂ ਵਿਚ ਵਰਤੇ ਗਏ "ਮਲਕ" ਪਦ ਦਾ ਅਰਥ "ਮਲਕਉਲ ਮੌਤ", ਮੌਤ ਦਾ ਫ਼ਰਿਸ਼ਤਾ ਹੀ ਹੈ। (ਵੇਖੋ ਸ਼ਬਦਾਰਥ ਗੁਰੂ ਗਰੰਥ ਸਾਹਿਬ ਦਾ ਪੰਨਾ 1377 ਤੇ 1380) ਸੋ "ਅਜ਼ਰਾਈਲ" ਫ਼ਰਿਸ਼ਤੇ ਦਾ ਦੂਜਾ ਨਾਂ "ਮਲਕ" ਜਾਂ "ਮਲਕਉਲ" ਮੌਤ ਵੀ ਹੈ। ਸ: ਬ: ਕਾਨ ਸਿੰਘ ਜੀ "ਅਜ਼ਰਾਈਲ" ਬਾਰੇ ਲਿਖਦੇ ਹਨ ਕਿ—

"ਇਸ ਦਾ ਨਾਮ "ਮਲਕਉਲ ਮੌਤ" ਵੀ ਹੈ।"

[ਮਹਾਨ ਕੋਸ਼, ਪੰਨਾ 2427

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਫ਼ਰਿਸ਼ਤਿਆਂ ਦੇ ਕਰਤਬ ਵੀ ਵਰਣਨ ਕੀਤੇ ਹਨ; ਜਿਹਾ ਕਿ ਆਪ ਨੇ "ਇਸਰਾਫ਼ੀਲ" ਬਾਰੇ ਇਹ ਫਰਮਾਇਆ ਹੈ ਕਿ—

"ਇਸਰਾਫ਼ੀਲ" ਫ਼ਰੇਸ਼ਤਾ ਜਦ ਫੂਕੇਸੀ ਕਿਰਨਾਇ
ਜਿਮੀ ਅਸਮਾਨ ਇਉਂ ਉਡਸਨ ਜਿਉ ਪੇਵਾ ਪਿੰਞ ਕਪਾਹਿ ।

[ਜਨਮ ਸਾਖੀ ਭਾ: ਬਾਲਾ ਪੰਨਾ 139

ਸ: ਬ: ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ :—

"ਇਸਰਾਫੀਲ—ਇਹ ਪ੍ਰਲਯ ਦੇ ਵੇਲੇ ਤੁਰੀ ਵਜਾਉਣ ਵਾਲਾ ਹੈ। ਇਸਦੇ ਨਰ ਸਿੰਘੇ ਦੀ ਧੁਨੀ ਨਾਲ ਦੁਨੀਆਂ ਵਿਚ ਪ੍ਰਲਯ ਆਵੇਗੀ ਅਰ ਕਬਰਾਂ ਵਿਚੋਂ ਮੁਰਦੇ ਉਠਣਗੇ।"

[ਮਹਾਨ ਕੋਸ਼, ਪੰਨਾ 2427

Digitized by Panjab Digital Library | www.panjabdigilib.org

ਇਕ ਹੋਰ ਸਿੱਖ ਵਿਦਵਾਨ ਦਾ ਕਥਨ ਹੈ ਕਿ :--

"ਇਸਰਾਫੀਲ—ਪਰਲਯ ਵੇਲੇ ਬਿਗਲ ਵਜਾਉਣ ਵਾਲਾ ।"

[ਬਾਣੀ ਪ੍ਰਕਾਸ਼ ਪੰਨਾ 952

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

يَوْمَ يُنْفَخُ فِي الصُّوْرِ فَتَأْتُوْنَ أَفْوَاجًا ٥
وَّفُتِحَتِ السَّمَآءُ فَكَانَتْ أَبْوَابًا ٥ وَّ
سُيِّرَتِ الْجِبَالُ فَكَانَتْ سَرَابًا ٥

**ਅਰਥਾਤ** :—ਬੇਸ਼ੱਕ ਜਿਸ ਦਿਨ ਸੂਰ ਫੂਕਿਆ ਜਾਏਗਾ, ਭਾਵ ਇਹ ਕਿ ਨਰਸਿੰਘਾ ਵਜਾਇਆ ਜਾਏਗਾ । ਤੁਸੀਂ ਉਸ ਦੀ ਧੁਨੀ ਸੁਣ ਕੇ ਟੋਲੀਆਂ ਦੀਆਂ ਟੋਲੀਆਂ ਤੇ ਜੱਥਿਆਂ ਦੇ ਜੱਥੇ ਮੇਰੇ ਹਜਰੂ ਪੇਸ਼ ਕੀਤੇ ਜਾਉਗੇ । ਉਸ ਦਿਨ ਅਕਾਸ਼ ਖੋਲ੍ਹ ਦਿੱਤਾ ਜਾਏਗਾ; ਇੱਥੋਂ ਤਕ ਕਿ ਉਸ ਵਿਚ ਬੂਹੇ ਬੂਹੇ ਹੋ ਜਾਣਗੇ । ਪਹਾੜ ਆਪਣੀਆਂ ਥਾਂਵਾਂ ਤੋਂ ਹਿਲ ਜਾਣਗੇ । ਇਥੋਂ ਤਕ ਕਿ ਉਹ ਰੇਤ ਵਾਂਗ ਹੋ ਜਾਣਗੇ ।

ਇਸਲਾਮੀ ਪੁਸਤਕਾਂ ਵਿਚ ਨਰਸਿੰਘਾ ਵਜਾਉਣ ਵਾਲੇ ਫਰਿਸ਼ਤੇ ਦਾ ਨਾਂ "ਇਸਰਾਫ਼ੀਲ" ਹੀ ਵਰਣਨ ਕੀਤਾ ਗਿਆ ਹੈ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ "ਜਬਰਾਈਲ" ਫ਼ਰਿਸ਼ਤੇ ਦਾ ਕਰਤਬ ਰੱਬ ਦੇ ਰਸੂਲਾਂ ਉਤੇ ਅਕਾਸ਼ ਬਾਣੀ ਉਤਾਰਨਾ ਦੱਸਿਆ ਹੈ; ਜਿਹਾ ਕਿ ਆਪ ਨੇ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਤੇ ਫ਼ਰਿਸ਼ਤੇ ਦਾ ਆਇਤਾਂ ਲੈ ਕੇ ਆਉਣਾ ਵਰਣਨ ਕੀਤਾ ਹੈ (ਵੇਖੋ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਇ 52, ਸੂਰੋਜਦੇ ਜਨਮ ਸਾਖੀ ਪੰਨਾ 147, ਤੇ ਜਨਮਸਾਖੀ ਭਾ: ਮਨੀ ਸਿੰਘ, ਪੰਨਾ 418 ਆਦਿ)

ਸ੍ਰੀ ਗੁਰੂ ਜੀ ਨੇ ਹਜ਼ਰਤ "ਜਬਰਾਈਲ" ਬਾਰੇ ਇਹ ਹੀ ਵਰਣਨ ਕੀਤਾ ਹੈ ਕਿ :—

> ਹਜ਼ਰਤ "ਜਬਰਾਈਲ" ਪੈਗੰਬਰ ਕੋ ਮਹਿਰਾਜ ਮੇਂ ਲੈ ਗਏ ਸਨ ।"

[ਜਨਮਸਾਖੀ ਭਾ: ਬਾਲਾ, ਪੰਨਾ 561

Digitized by Panjab Digital Library | www.panjabdigilib.org

**ਅਰਥਾਤ :—**

"ਇਕ ਦਿਨ "ਜਬਰਾਈਲ" ਤੁਸਾਡੇ ਪੈਗੰਬਰ ਨੂੰ ਮੈਰਾਜ ਮੈ ਲੈ ਗਿਆ ਸੀ।"

[ਜਨਮਸਾਖੀ ਭਾ: ਮਨੀ ਸਿੰਘ ਪੰਨਾ 424

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ "ਜਬਰਾਈਲ ਬਾਰੇ ਇਹ ਵਾਕਫ਼ੀ ਦਿੱਤੀ ਹੈ ਕਿ :—

"ਜਿਬਰਾਈਲ—ਜੋ ਖ਼ੁਦਾ ਦਾ ਪੈਗਾਮ ਪੈਗੰਬਰਾਂ ਤਕ ਲੈ ਜਾਂਦਾ ਹੈ। ਇਸੇ ਮਲਕ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਸਮੇਂ ਸਮੇਂ ਪੁਰ ਲਿਆ ਕੇ ਦਿੱਤੀਆਂ ਸਨ।"

[ਮਹਾਨ ਕੋਸ਼, ਪੰਨਾ 2427

ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ—

"ਜਬਰਾਈਲ—ਪ੍ਰਮੇਸ਼ਰ ਦੇ ਸੁਪਨੇ ਲਿਆਉਣ ਵਾਲਾ।"

[ਬਾਣੀ ਪ੍ਰਕਾਸ਼, ਪੰਨਾ 952

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ "ਮੇਕਾਈਲ" ਨੂੰ ਵਰਖਾ ਦਾ ਫ਼ਰਿਸ਼ਤਾ ਵਰਣਨ ਕੀਤਾ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਪ੍ਰਭੂ ਇਸ ਫ਼ਰਿਸ਼ਤੇ ਰਾਹੀਂ ਵਰਖਾ ਵਰ੍ਹਾਂ ਕੇ ਲੋਕਾਂ ਨੂੰ "ਰਿਜ਼ਕ" ਪਹੁੰਚਾਉਂਦਾ ਹੈ ਤੇ ਉਹਨਾਂ ਦੀ ਸਰੀਰਕ ਪਾਲਣਾ ਦਾ ਪ੍ਰਬੰਧ ਕਰਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ —

ਹੁਕਮ ਹੋਇਆ "ਮੇਕਾਈਲ" ਨੂੰ ਝੜ ਲਾਈਏ ਭਾਰਾ।

[ਜਨਮ ਸਾਖੀ, ਭਾ: ਬਾਲਾ, ਪੰਨਾ 233

**ਅਰਥਾਤ** :—"ਮੇਕਾਈਲ" ਫ਼ਰਿਸ਼ਤੇ ਦਾ ਕਰਤਬ ਵਰਖਾ ਵਰਾਉਣ ਤੇ ਲੋਕਾਂ ਲਈ ਉਪਜੀਵਕਾ ਪੈਦਾ ਕਰਨਾ ਹੈ।

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਇਸ ਬਾਰੇ ਇਹ ਵਰਣਨ ਕੀਤਾ ਹੈ ਕਿ—

"ਮੇਕਾਈਲ- ਜੋ ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਤੇ ਵਰਖਾ ਕਰਦਾ ਹੈ।"

[ਮਹਾਨ ਕੋਸ਼, ਪੰਨਾ

ਇਕ ਹੋਰ ਵਿਦਵਾਨ ਜੀ ਦਾ ਕਥਨ ਹੈ ਕਿ—

Digitized by Panjab Digital Library | www.panjabdigilib.org

"ਮੇਕਾਈਲ—ਜੀਵਾਂ ਨੂੰ ਰੋਜ਼ੀ ਵੰਡਣ ਵਾਲਾ ।"

[ਬਾਣੀ ਪ੍ਰਕਾਸ਼, ਪੰਨਾ 952

ਇਕ ਹੋਰ ਸਿੱਖ ਵਿਦਵਾਨ ਜੀ ਨੇ ਚਾਰ ਮੁਖ ਫ਼ਰਿਸ਼ਤਿਆਂ ਦੇ ਕਰਤਬਾਂ ਬਾਰੇ ਇਹ ਲਿਖਿਆ ਹੈ ਕਿ :—

"ਇਜ਼ਰਾਈਲ—ਜਾਨ ਕੱਢਣ ਵਾਲਾ, ਜਬਰਾਈਲ—ਰੱਬ ਦੀ ਵਹੀ ਲਿਆਉਣ ਵਾਲਾ, ਅਸਰਾਫ਼ੀਲ—ਕਿਆਮਤ ਦੇ ਦਿਨ ਕਿਰਨਾ (ਬਿਗਲ) ਫੂਕਣ ਵਾਲਾ, ਜਿਸ ਨਾਲ ਮੁਰਦੇ ਜੀਅ ਉਠਣਗੇ ਤੇ ਹਿਸਾਬ ਹੋਵੇਗਾ । ਮੇਕਾਈਲ—ਰੋਜ਼ੀ ਵੰਡਣ ਵਾਲਾ ।"

[ਗੁਰਮਤਿ ਫ਼ਲਾਸਫੀ ਪੰਨਾ 38

---

Digitized by Panjab Digital Library | www.panjabdigilib.org

# ਚਿਤ੍ਰ ਗੁਪਤ ਕਿਰਾਮਨ ਕਾਤਬੀਨ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਇਹ ਗੱਲ ਵੀ ਵਰਣਨ ਕੀਤੀ ਹੈ ਕਿ ਹਰੇਕ ਪ੍ਰਾਣੀ ਦੀ ਕਹਾਣੀ ਨੂੰ ਸੁਰੱਖਿਆ ਕਰਨ ਲਈ ਦੋ ਫ਼ਰਿਸ਼ਤੇ ਨੀਅਤ ਕੀਤੇ ਹੋਏ ਹਨ ਅਤੇ ਏਹ ਦੋਵੇਂ ਫਰਿਸ਼ਤੇ ਹਰੇਕ ਪ੍ਰਾਣੀ ਦੇ ਚੰਗੇ ਮੰਦੇ ਕਰਮ ਨਾਲੋਂ ਨਾਲ ਸੁਰੱਖਿਅਤ ਕਰਦੇ ਜਾਂਦੇ ਹਨ। ਇਸ ਤਰ੍ਹਾਂ ਉਹਨਾਂ ਦਾ ਸਾਰਾ ਕਰਣੀਨਾਮ, ਨਾਲੋਂ ਨਾਲ ਤਿਆਰ ਹੋਈ ਜਾਂਦਾ ਹੈ। ਗੁਰੂ ਜੀ ਨੇ ਏਹਨਾਂ ਫ਼ਰਿਸ਼ਤਿਆਂ ਦੇ ਨਾਂ "ਚਿਤ੍ਰ-ਗੁਪਤ" ਦੱਸੇ ਹਨ। ਜਿਹਾਂ ਕਿ ਉਹਨਾਂ ਦਾ ਫਰਮਾਨ ਹੈ ਕਿ—

ਲੇਖਾ ਗਿਣ ਚਿਤ੍ਰ ਗੁਪਤ ।
ਜੋ ਛਿਪ ਕਮਾਏ ਧ੍ਰੂੜ ।

[ਜਨਮ ਸਾਖੀ, ਭਾ: ਬਾਲਾ, ਪੰਨਾ 154

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ੍ਰੀ ਗੁਰੂ ਜੀ ਦਾ ਇਹ ਪਵਿੱਤਰ ਵਾਕ ਹੈ ਕਿ—

ਗਾਵਹਿ ਚਿਤੁ ਗੁਪਤੁ ਲਿਖ ਜਾਣਹਿ ।
ਲਿਖਿ ਲਿਖਿ ਧਰਮੁ ਵੀਚਾਰੇ ॥

[ਜਪੁਜੀ, ਪੰਨਾ 6

**ਅਰਥਾਤ :—**

ਗਾਵਨਿ ਤੁਧ ਨੋ ਚਿਤੁ ਗੁਪਤੁ ਲਿਖ ਜਾਣਨਿ
ਲਿਖਿ ਲਿਖਿ ਧਰਮੁ ਵੀਚਾਰੇ ॥

[ਆਸਾ, ਮ: 1, ਪੰਨਾ 8

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਇਹ ਵੀ ਕਿਹਾ ਗਿਆ ਹੈ ਕਿ—



Digitized by Panjab Digital Library | www.panjabdigilib.org

ਚਿਤ੍ਰ ਗੁਪਤ ਸਭ ਲਿਖਤੇ ਲੇਖਾ ।
ਭਗਤ ਜਨਾ ਕਉ ਦ੍ਰਿਸਟਿ ਲੇ ਪੇਖਾ ॥

[ਆਸਾ, ਮ: ਪ, ਪੰਨਾ 393

**ਅਰਥਾਤ** :—

ਚਿਤ੍ਰ ਗੁਪਤ ਦਾ ਕਾਗਦੁ ਫਾਰਿਆ
ਜਮਦੂਤਾ ਕਛੂ ਨ ਚਲੀ ॥

[ਸਿਰੀਰਾਗ, ਮ: 5, ਪੰਨਾ 76

ਇਸ ਬਾਰੇ ਇਹ ਵੀ ਕਿਹਾ ਗਿਆ ਹੈ ਕਿ—

ਹਰਿ ਕੇ ਸੇਵਕ ਸੇਹਰਿ ਪਿਆਰੇ ਜਿਨ ਜਪਿਉ ਹਰਿ ਬਚਨਾਕੀ ।
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥

ਧਨਾਸਰੀ, ਮ: 5 ਪੰਨਾ 668

**ਅਰਥਾਤ** :—

ਚਿਤ੍ਰ ਗੁਪਤ ਜਬ ਲੇਖਾ ਮਾਗਹਿ
ਤਬ ਕਉਣੁ ਤੇਰਾ ਪੜਦਾ ਢਾਕੈ ॥

[ਸੋਰਠ ਮ: 5 ਪੰਨਾ 616

ਚੇਤੇ ਰਹੇ ਕਿ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਵਿਚ ਚਿਤ੍ਰ ਗੁਪਤ ਦਾ ਕੰਮ ਲੋਕਾਂ ਦੇ ਕਰਮ ਸੁਰੱਖਿਅਤ ਕਰੀ ਜਾਣਾ ਹੀ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ :—

"ਧਰਮਰਾਜ ਦੇ ਚਿਤ੍ਰ ਗੁਪਤ ਮੁਨਸ਼ੀ......ਜੋ ਮਨੁੱਖਾਂ ਦੇ ਕਰਮਾਂ ਨੂੰ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੇ ਲੇਖਾਂ ਉਤੇ ਧਰਮਰਾਜ ਜੀਵਾਂ ਦੀ ਗਤੀ ਕਰਦਾ ਹੈ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 6

**ਅਰਥਾਤ** :—

"ਚਿਤਰ ਅਤੇ ਗੁਪਤ ਇਹ ਦੋ ਧਰਮਰਾਜ ਦੇ ਮੁਨਸ਼ੀ ਹਨ, ਜੋ ਸਭ ਦੇ ਚੰਗੇ-ਮੰਦੇ ਕਰਮਾਂ ਦਾ ਹਿਸਾਬ ਰਖਦੇ ਹਨ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨਾ 79

Digitized by Panjab Digital Library | www.panjabdigilib.org

وَاِنَّ عَلَيْكُمْ لَحٰفِظِيْنَ ٥ كِرَامًا كَاتِبِيْنَ ٥
يَعْلَمُوْنَ مَا تَفْعَلُوْنَ ٥ اِنَّ الْاَبْرَارَ لَفِيْ
نَعِيْمٍ ٥ وَاِنَّ الْفُجَّارَ لَفِيْ جَحِيْمٍ ٥

**ਅਰਥਾਤ**—ਬੇਸ਼ੱਕ ਅਸੀਂ ਤੁਹਾਡੇ ਸਭਨਾਂ ਤੇ ਆਪਣੇ ਨਿਗਰਾਨ ਨੀਅਤ ਕੀਤੇ ਹੋਏ ਹਨ ਜੋ ਵੱਡੇ ਪਤਿਵੰਤੇ ਹਣ, ਓਹ ਹਰੇਕ ਗੱਲ ਲਿਖਦੇ ਜਾਂਦੇ ਹਨ। ਜੋ ਕੁਝ ਤੁਸੀਂ ਕਰਦੇ ਹੋ, ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਬੇਸ਼ੱਕ ਭਲਾਈਆ ਵਿਚ ਵਸਣ ਵਾਲੇ ਲੋਕ ਸਦੀਵੀ ਸਵਰਗ ਵਿਚ ਰਹਿਣਗੇ ਅਤੇ ਬੁਰਿਆਰ ਲੋਕਾਂ ਦਾ ਟਿਕਾਣਾ ਨਰਕ-ਕੁੰਡ ਹੋਵੇਗਾ।

ਇਕ ਸਿੱਖ ਵਿਦਵਾਨ ਜੀ ਨੇ ਕਰਾਮਨ ਕਾਤਬੀਨ ਬਾਰੇ ਇਹ ਵਾਕਫ਼ੀ ਦਿੱਤੀ ਹੈ ਕਿ—

"ਕਰਾਮਨ—ਸੱਜੇ ਹੱਥ ਨਾਲ ਨੇਕੀ ਦੇ ਕਰਮ ਲਿਖਣ ਵਾਲਾ।
ਕਾਤਬੀਨ—ਖੱਬੇ ਹੱਥ ਨਾਲ ਬਦੀ ਦੇ ਕਰਮ ਲਿਖਣ ਵਾਲਾ।"

["ਗੁਰਮਤਿ ਫ਼ਲਾਸਫ਼ੀ"
ਪੰਨਾ 38

————

Digitized by Panjab Digital Library | www.panjabdigilib.org

# ਸ਼ੈਤਾਨ

ਇਸਲਾਮ ਧਰਮ ਦੀ ਪਵਿੱਤਰ ਸਿੱਖਿਆ ਅਨੁਸਾਰ ਫ਼ਰਿਸ਼ਤੇ ਤਾਂ ਉਹ ਸੂਖਮ ਵਿਅਕਤੀਆਂ ਹਨ, ਜੋ ਲੋਕਾਂ ਦੇ ਮਨਾਂ ਵਿਚ ਭਲੇ ਕੰਮਾਂ ਦੀ ਪ੍ਰੇਰਨਾ ਕਰਦੇ ਰਹਿੰਦੇ ਹਨ। ਅਤੇ ਸਾਜਨਹਾਰ ਪ੍ਰਭੂ ਦਾ ਸੁਨੇਹਾ ਉਸ ਦੇ ਭਗਤ ਜਨਾਂ ਤੇ ਰਸੂਲਾਂ ਆਦਿ ਤਕ ਪਹੁੰਚਾਉਂਦੇ ਹਨ। ਇਸ ਦੇ ਨਾਲ ਹੀ ਆਪਣੇ ਪ੍ਰਭੂ ਦੀ ਆਗਿਆ ਅਨੁਸਾਰ ਸਾਰੇ ਜੀਅ ਜੰਤ ਵਾਸਤੇ ਰੋਜ਼ੀ ਦਾ ਪ੍ਰਬੰਧ ਕਰਦੇ ਰਹਿੰਦੇ ਹਨ। ਪਰ ਕਈ ਵਾਰ ਪ੍ਰਾਣੀ ਕਈ ਪਾਪਾਂ ਤੇ ਅਪਰਾਧਾਂ ਦਾ ਵੀ ਭਾਗੀ ਹੋ ਜਾਂਦਾ ਹੈ। ਇਸਲਾਮ ਦੀ ਸਿੱਖਿਆ ਅਨੁਸਾਰ ਕੁਕਰਮਾਂ ਦਾ ਸੋਮਾਂ ਤੇ ਮੁਖ ਪ੍ਰੇਰਕ "ਸ਼ੈਤਾਨ' ਹੈ। ਇਹ ਲੋਕਾਂ ਨੂੰ ਭੈੜੇ ਕੰਮਾਂ ਵਲ ਲਾਉਣ ਦਾ ਸਿਰਤੋੜ ਜਤਨ ਕਰਦਾ ਰਹਿੰਦਾ ਹੈ। ਕੁਰਾਨ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

اَلشَّيْطٰنُ يَعِدُكُمُ الْفَقْرَ وَيَأْمُرُكُمْ بِالْفَحْشَآءِ

**ਅਰਥਾਤ**—ਸ਼ੈਤਾਨ ਲੋਕਾਂ ਨੂੰ ਭੁਖ-ਨੰਗ ਦਾ ਡਰਾਵਾ ਦੇ ਕੇ ਭਲੇ ਕੰਮਾਂ ਤੇ ਧਰਮ ਅਰਥ ਖ਼ਰਚ ਕਰਨ ਤੋਂ ਰੋਕਦਾ ਰਹਿੰਦਾ ਹੈ ਤੇ ਓਹਨਾਂ ਨੂੰ ਭੈੜੇ ਕੰਮਾਂ ਵਲ ਪ੍ਰੇਰਦਾ ਰਹਿੰਦਾ ਹੈ।

ਕੁਰਾਨ ਸ਼ਰੀਫ਼ ਵਿਚ ਇਕ ਥਾਂ ਮੋਮਨ-ਮੁਸਲਮਾਨ ਨੂੰ ਇਹ ਕਿਹਾ ਗਿਆ ਹੈ ਕਿ—

لَا تَتَّبِعُوْا خُطُوٰتِ الشَّيْطٰنِ ۭ اِنَّهٗ لَكُمْ
عَدُوٌّ مُّبِيْنٌ اِنَّمَا يَاْمُرُكُمْ بِالسُّوْۗءِ وَ
الْفَحْشَاۗءِ وَاَنْ تَقُوْلُوْا عَلَى اللّٰهِ مَا لَا تَعْلَمُوْنَ ؁



Digitized by Panjab Digital Library | www.panjabdigilib.org

**ਅਰਥਾਤ**—"ਸ਼ੈਤਾਨ" ਦੇ ਪਿਛਲਗ ਨਾ ਬਣੋ। ਇਹ ਤੁਹਾਡਾ ਪੱਕਾ ਵੈਰੀ ਹੈ। ਇਹ ਤੁਹਾਨੂੰ ਭੈੜੇ ਕੰਮਾਂ ਤੇ ਦੁਰਾਚਾਰ ਦੀ ਪ੍ਰੇਰਨਾ ਦਿੰਦਾ ਹੈ ਤੇ ਤੁਹਾਨੂੰ ਇਹ ਵੀ ਕਹਿੰਦਾ ਹੈ ਕਿ ਤੁਸੀਂ ਅੱਲਾਹ ਬਾਰੇ ਓਹ ਗੱਲਾਂ ਕਹੋ, ਜਿਨ੍ਹਾਂ ਦਾ ਤੁਹਾਨੂੰ ਕੋਈ ਥਹੁ-ਪਤਾ ਨਹੀਂ।

ਇਸ ਤੋਂ ਬਿਨਾਂ ਕੁਰਾਨ ਸ਼ਰੀਫ਼ ਵਿਚ "ਸ਼ੈਤਾਨ" ਨੂੰ ਮਨੁੱਖਤਾ ਦਾ ਵੈਰੀ ਵੀ ਪਰਗਟ ਕੀਤਾ ਗਿਆ ਹੈ; ਜਿਹਾ ਕਿ ਵਰਣਨ ਹੈ ਕਿ—

إِنَّ الشَّيْطٰنَ لِلْإِنْسَانِ عَدُوٌّ مُّبِيْنٌ ٥

إِنَّ الشَّيْطٰنَ كَانَ لِلرَّحْمٰنِ عَصِيًّا ٥

**ਅਰਥਾਤ**—ਬੇਸ਼ੱਕ "ਸ਼ੈਤਾਨ" ਮਨੁੱਖਤਾ ਦਾ ਵੱਡਾ ਵੈਰੀ ਹੈ ਅਤੇ ਅੱਲਾਹ ਦਾ ਨਾ ਫ਼ਰਮਾਨ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਵੀ "ਸ਼ੈਤਾਨ" ਨੂੰ ਮਨੁੱਖਤਾ ਦਾ ਵੈਰੀ ਹੀ ਵਰਣਨ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਅਵਲ ਦੁਸ਼ਮਨ ਨਫਸ਼ ਹੈ ਦੂਜਾ ਹੈ "ਸ਼ੈਤਾਨ"।

[ਜਨਮਸਾਖੀ ਭਾ: ਬਾਲਾ, ਪੰਨਾ 147

**ਅਰਥਾਤ**—ਮਨੁੱਖ ਦਾ ਪਹਿਲਾ ਵੈਰੀ ਤਾਂ ਉਸ ਦਾ ਆਪਣਾ ਮਨ ਹੈ, ਜੋ ਉਸ ਨੂੰ ਪਾਪ ਤੇ ਦੁਰਾਚਾਰ ਸੋਹਣੇ ਕਰ ਕੇ ਦੱਸਦਾ ਹੈ ਤੇ ਮਨੁੱਖ ਓਹਨਾਂ ਵਲ ਝੁਕ ਜਾਂਦਾ ਹੈ, ਤੇ ਦੂਜਾ ਦੁਸ਼ਮਨ ਸ਼ੈਤਾਨ ਹੈ, ਜੋ ਬਦੀਆਂ ਦਾ ਮੁਖ ਪ੍ਰੇਰਕ ਹੈ।

ਪ੍ਰਸਿੱਧ ਸਿੱਖ ਵਿਦਵਾਨ ਪੰਡਿਤ ਤਾਰਾ ਸਿਘ "ਨਰੋਤਮ" ਨੇ "ਸ਼ੈਤਾਨ" ਬਾਰੇ ਇਹ ਲਿਖਿਆ ਹੈ ਕਿ—

"ਜਵਨੋਂ ਕੇ ਮਤ ਮੇਂ ਏਕ ਪੁਰਖੋਂ ਕੋ ਬੁਰੇ ਕਾਮੋਂ ਕਾ ਉਪਦੇਸ਼ ਕਰਨੇ ਵਾਲਾ ਨਾਰੀ ਵਜੂਦ ਮਾਨਾ ਹੈ।"...........

[ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 324

ਗੁਰੂ ਗ੍ਰੰਥ ਕੋਸ਼ ਵਿਚ ਇਹ ਵਰਣਨ ਹੈ ਕਿ—

Digitized by Panjab Digital Library | www.panjabdigilib.org

"ਸ਼ੈਤਾਨ—[ਸ਼ੈਤਾਨ ! ਸ਼ਤਨ (ਮੁਖ਼ਾਲਫ਼ ਹੋਣਾ) ਤੇ ਪਾਰਸੀ, ਯਹੂਦੀ ਤੇ ਮੁਸਲਮਾਨਾਂ ਦੇ ਮਤ ਵਿਚ ਜੀਵਾਂ ਨੂੰ ਬੁਰੇ ਕੰਮ ਵਲ ਪ੍ਰੇਰਨ ਵਾਲੇ ਫ਼ਰਿਸ਼ਤੇ ਦਾ ਨਾਮ ਸ਼ੈਤਾਨ ਹੈ। ਜਿਸ ਨੇ ਖ਼ੁਦਾ ਦੇ ਬਣਾਏ ਆਦਮੀ ਨੂੰ ਗੁਨਾਹਗਾਰ ਬਣਾਇਆ ਹੈ।"

[ਗੁਰੂ ਗ੍ਰੰਥ ਕੋਸ਼, ਪੰਨਾ 179

ਚੇਤੇ ਰਹੇ ਕਿ ਕੁਰਾਨ ਸ਼ਰੀਫ਼ ਵਿਚ ਕਿਤੇ ਵੀ ਸ਼ੈਤਾਨ ਨੂੰ ਫ਼ਰਿਸ਼ਤਾ ਨਹੀਂ ਕਿਹਾ ਗਿਆ ਹੈ; ਸਗੋਂ ਇਸ ਨੂੰ ਅਗਨੀ ਤੱਤ ਤੋਂ ਸਜਿਆ ਜਿੰਨ ਵਰਣਨ ਕੀਤਾ ਹੈ।

ਸ: ਬ: ਕਾਨ੍ਹ ਸਿੰਘ ਜੀ ਨਾਭਾ ਨੇ ਸ਼ੈਤਾਨ ਬਾਰੇ ਇਹ ਲਿਖਿਆ ਹੈ ਕਿ—

"ਬਾਈਬ਼ਲ ਤੇ ਕੁਰਾਨ ਸ਼ਰੀਫ਼ ਵਿਚ ਇਹ ਇਕ ਫਰਿਸ਼ਤਾ ਦੱਸਿਆ ਹੈ।.........ਕੁਰਾਨ ਸ਼ਰੀਫ਼ ਅਨੁਸਾਰ ਸ਼ੈਤਾਨ ਕੇਵਲ ਅਗਨੀ ਤਤ ਤੋਂ ਬਣਿਆ ਹੈ।'

[ਮਹਾਨ ਕੋਸ਼, ਪੰਨਾ 688

ਸ: ਬ: ਕਾਨ੍ਹ ਸਿੰਘ ਜੀ ਨੇ ਵੀ "ਸ਼ੈਤਾਨ" ਫ਼ਰਿਸ਼ਤਾ ਵਰਣਨ ਕੀਤਾ ਹੈ। ਇਹ ਠੀਕ ਨਹੀਂ ਹੈ। ਕੁਰਾਨ ਸ਼ਰੀਫ਼ ਵਿਚ ਇਸ ਨੂੰ ਕਿਤੇ ਵੀ ਫ਼ਰਿਸ਼ਤਾ ਵਰਣਨ ਨਹੀਂ ਕੀਤਾ ਗਿਆ। ਇਹ ਸੱਚ ਹੈ ਕਿ "ਸ਼ੈਤਾਨ" ਅਗਨੀ ਤਤ ਤੋਂ ਹੋਂਦ ਵਿਚ ਆਇਆ ਹੈ। ਫ਼ਰਿਸ਼ਤੇ ਤਾਂ "ਨੂਰੀ" ਹਨ। ਫ਼ਰਿਸ਼ਤਿਆਂ ਦਾ ਮਾਦਾ ਜਾਂ ਤੱਤ ਅੱਗ ਨਹੀਂ ਹੈ। ਉਹ "ਨੂਰ" ਤੋਂ ਹੋਂਦ ਵਿਚ ਆਂਦੇ ਗਏ ਹਨ।

ਇਕ ਹੋਰ ਵਿਦਵਾਨ ਜੀ ਨੇ ਤਾਂ ਹੱਦ ਹੀ ਮੁਕਾ ਦਿੱਤੀ ਹੈ, ਓਹਨਾਂ ਨੇ "ਸ਼ੈਤਾਨ" ਨੂੰ ਫ਼ਰਿਸ਼ਤਾ ਹੀ ਨਹੀਂ, ਸਗੋਂ ਫਰਿਸ਼ਤਿਆਂ ਦਾ ਉਸਤਾਦ ਲਿਖ ਦਿੱਤਾ ਹੈ; ਜਿਹਾ ਕਿ—

"ਫਰਿਸ਼ਤਿਆਂ ਦਾ ਉਸਤਾਦ ਅਜ਼ਜ਼ੀਲ (ਸ਼ੈਤਾਨ) ਜਿਸ ਨੂੰ ਆਦਮ ਨੂੰ ਸਿਜਦਾ ਨਾ ਕਰਨ ਦੇ ਦੋਸ਼ ਵਿਚ ਬਹਿਸ਼ਤ ਤੋਂ ਕੱਢਿਆ ਗਿਆ

[ਗੁਰਮਤਿ ਫਿਲਾਸਫ਼ੀ
ਪੰਨਾ 38

ਕੁਰਾਨ ਸ਼ਰੀਫ਼ ਵਿਚ "ਸ਼ੈਤਾਨ" ਬਾਰੇ ਇਹ ਕਿਹਾ ਗਿਆ ਹੈ ਕਿ—

Digitized by Panjab Digital Library | www.panjabdigilib.org

كَانَ مِنَ الْجِنِّ —— وَخَلَقَ الْجَانَّ مِنْ
مَّارِجٍ مِّنْ نَّارٍ ۝

**ਅਰਥਾਤ**—"ਸ਼ੈਤਾਨ" ਇਕ ਜਿੰਨ ਸੀ; ਫ਼ਰਿਸ਼ਤਾ ਨਹੀਂ ਸੀ। ਜਿੰਨ ਅਗਨੀ ਤਤ ਤੋਂ ਹੋਂਦ ਵਿਚ ਆਏ ਹਨ।

ਇਸ ਦੇ ਨਾਲ ਹੀ "ਸ਼ੈਤਾਨ" ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ :—

وَكَانَ مِنَ الْكٰفِرِيْنَ ۝

**ਅਰਥਾਤ**—"ਸ਼ੈਤਾਨ" ਕਾਫ਼ਰਾਂ ਤੇ ਨਾਫ਼ਰਮਾਨਾਂ ਵਿਚੋਂ ਸੀ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ ਭੈੜੇ ਕੰਮਾਂ ਦਾ ਮੁਖ ਪ੍ਰੇਰਕ "ਸ਼ੈਤਾਨ" ਨੂੰ ਵਰਣਨ ਕੀਤਾ ਹੈ ਤੇ ਇਸ ਬਾਰੇ ਇਹ ਵੀ ਪਰਗਟ ਕੀਤਾ ਹੈ ਕਿ ਉਹ ਅੱਧਾ ਸਾਜਿਆ ਗਿਆ ਸੀ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

ਨਾਰੀ ਹੁਕਮ ਨ ਮੰਨਿਆ
ਤਿਹ ਰਖਿਆ ਨਾਉ "ਸ਼ੈਤਾਨ"।

[ਜਨਮਸਾਖੀ ਭਾ: ਬਾਲਾ, ਪੰਨਾ 181

**ਅਰਥਾਤ**—ਨਾਰੀ ਵਜੂਦ (ਅਗਨੀ ਤਤ ਤੋਂ ਸਾਜੇ ਗਏ) ਸ਼ੈਤਾਨ ਨੇ ਅਵੱਗਿਆ ਕੀਤੀ ਸੀ; ਇਸ ਲਈ ਉਹ ਸ਼ੈਤਾਨ ਦੇ ਨਾਂ ਤੇ ਪ੍ਰਸਿਧ ਹੋ ਗਿਆ।

ਇਕ ਹੋਰ ਥਾਂ ਆਪ ਨੇ ਇਹ ਫ਼ਰਮਾਇਆ ਹੈ ਕਿ—

ਜੇਤੇ ਰਾਹ "ਸ਼ੈਤਾਨ ਦੇ ਸਭ ਆਤਸ਼ ਹੀ ਤੇ ਹੋਇ।
ਆਤਸ਼ ਬਾਹਰ ਜੋ ਰਹੇ ਨੂਰ ਖੁਦਾਈ ਸੋਇ।

[ਜਨਮਸਾਖੀ ਭਾ: ਬਾਲਾ, ਪੰਨਾ 181

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਏਹਨਾਂ ਪਵਿੱਤਰ ਵਾਕਾਂ ਤੋਂ ਇਹ ਪਰਗਟ ਹੁੰਦਾ ਹੈ ਕਿ ਸ਼ੈਤਾਨ ਅਗਨੀ ਤਤ ਤੋਂ ਸਾਜਿਆ ਗਿਆ, ਇਕ ਨਾਰੀ ਵਜੂਦ ਹੈ।

Digitized by Panjab Digital Library | www.panjabdigilib.org

ਇਸ ਨੇ ਸਾਜਨਹਾਰ ਪ੍ਰਭੂ ਦੀ ਅਵੱਗਿਆ ਕੀਤੀ ਸੀ। ਇਹ ਫ਼ਰਿਸ਼ਤਾ ਨਹੀਂ ਸੀ। ਇਕ ਤਾਂ ਫ਼ਰਿਸ਼ਤੇ "ਨੂਰੀ" ਹਨ ਤੇ ਦੂਜੇ ਓਹਨਾਂ ਬਾਰੇ ਇਹ ਵਿਚਾਰ ਵੀ ਹੈ ਕਿ ਪ੍ਰਭੂ ਦੀ ਕਿਸੇ ਆਗਿਆ ਦਾ ਉਲੰਘਣ ਕਰਨਾ ਜਾਂ ਅੱਵਗਿਆ ਕਰਨੀ ਓਹਨਾਂ ਦੇ ਵਸ ਵਿਚ ਹੀ ਨਹੀਂ ਹੈ। ਬਾਬਾ ਜੀ ਨੇ ਆਪ ਵੀ ਫਰਿਸ਼ਤਿਆਂ ਨੂੰ "ਹੁਕਮੀ ਬੰਦੇ" ਕਿਹਾ ਹੈ। ਇਸ ਦਾ ਭਾਵ ਵੀ ਏਹੋ ਹੈ ਕਿ ਓਹ ਪ੍ਰਭੂ ਦੀ ਅੱਵਗਿਆ ਕਰ ਹੀ ਨਹੀਂ ਸਕਦੇ, ਸਗੋਂ ਓਹ ਤਾਂ ਸਾਹ ਵੀ ਪ੍ਰਭੂ ਦੀ ਆਗਿਆ ਵਿਚ ਹੀ ਲੈਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕਈ ਥਾਈਂ "ਸ਼ੈਤਾਨ" ਦਾ ਵਰਣਨ ਕੀਤਾ ਗਿਆ ਹੈ ਤੇ ਇਸ ਨੂੰ ਕੁਕਰਮਾਂ ਦਾ ਮੁਖ ਪ੍ਰੇਰਕ ਦੱਸਿਆ ਗਿਆ ਹੈ; ਜਿਹਾ ਕਿ ਇਕ ਥਾਂ ਦਰਜ ਹੈ ਕਿ—

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।
ਸਿਫਤੀ ਸਾਰ ਨ ਜਾਣਨੀ ਸਦਾ ਵਸੈ "**ਸੈਤਾਨੁ**।

[ਵਾਰ ਸੂਹੀ ਮ: 1, ਪੰਨਾ 190

**ਅਰਥਾਤ**—ਬੇਦੀਨਾਂ ਨਾਲ ਮਿੱਤਰਤਾ ਰੱਖਣ ਵਾਲੇ ਤੇ ਓਹਨਾਂ ਨਾਲ ਖਾਨ-ਪਾਨ ਕਰਨ ਵਾਲੇ ਲੋਕ ਪ੍ਰਭੂ ਦੀ ਸਿਫ਼ਤ-ਸਲਾਹ ਦੀ ਸਾਰ ਨਹੀਂ ਜਾਣ ਸਕਦੇ। ਓਹਨਾਂ ਵਿਚ ਸਦਾ "ਸ਼ੈਤਾਨ" ਹੀ ਵਸਦਾ ਰਹਿੰਦਾ ਹੈ।

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਤੀਹ ਕਰਿ ਰਖੇ ਪੰਜ ਕਰਿ ਸਾਥੀ
ਨਾਉ "**ਸੈਤਾਨੁ**" ਮਤੁ ਕਟਿ ਜਾਈ।

[ਸਿਰੀਰਾਗ, ਮ: 1, ਪੰਨਾ 24

**ਅਰਥਾਤ**—ਤੀਹ ਰੋਜ਼ੇ ਰੱਖਨ ਵਾਲੇ ਤੇ ਪੰਜ ਨਿਮਾਜ਼ਾਂ ਪੜ੍ਹਨ ਵਾਲੇ ਪ੍ਰਾਣੀ ਨੂੰ ਸਦਾ ਹੀ ਸ਼ੈਤਾਂਨ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ। ਕਿਤੇ ਓਹ ਏਹਨਾਂ ਨੂੰ ਬੇਅਸਰ ਹੀ ਨਾ ਬਣਾ ਦੇਵੇ।

ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਹੋਰ ਵੀ ਕਈ ਪਵਿੱਤਰ ਵਾਕਾਂ ਵਿਚ "**ਸ਼ੈਤਾਨ**" ਦਾ ਵਰਣਨ ਕੀਤਾ ਹੈ; ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ—

Digitized by Panjab Digital Library | www.panjabdigilib.org

ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ।
ਨਾਨਕ ਸਿਰ ਖੁਥੇ **ਸੈਤਾਨੀ** ਏਨਾ ਗਲਿ ਨ ਭਾਣੀ ।

[ਵਾਰ ਮਾਝ, ਸ: ਮ: 1, ਪੰਨਾ 250

**ਅਰਥਾਤ** :—

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ।
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ।
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾ "**ਸੈਤਾਨੁ**" ।

[ਵਾਰ ਸਾਰੰਗ, ਸ: ਮ: 1, ਪੰਨਾ 1245

ਸ੍ਰੀ ਗੁਰੂ ਜੀ ਨੇ ਆਪਣੇ ਏਹਨਾਂ ਪਵਿੱਤਰ ਵਾਕਾਂ ਵਿਚ ਵੀ "**ਸ਼ੈਤਾਨ**" ਦੀ ਹੋਂਦ ਨੂੰ ਮੰਨਿਆ ਹੈ ਅਤੇ ਉਸ ਨੂੰ ਕੁਕਰਮਾਂ ਦਾ ਸੋਮਾ ਤੇ ਮੁਖ ਪ੍ਰੇਰਕ ਦੱਸਿਆ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ "ਸ਼ੈਤਾਨ" ਦਾ ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

1. ਸਿਰਿ ਲਾਗਾ ਜਮ ਡੰਡੁ ਤਾ ਪਛੁਤਾਨਿਆ ।
   ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ।

   [ਵਾਰ ਜੈਤਸਰੀ ਸ: ਮ: 5, ਪੰਨਾ 708

2. ਦਿਲ ਖਲਹਲੁ ਜਾ ਕੈ ਜਰਦ ਰੂਬਾਨੀ ।
   ਛੋਡਿ ਕਤੇਬ ਕਰੈ "**ਸੈਤਾਨੀ**" ।

   [ਭੈਰਉ ਕਬੀਰ, ਪੰਨਾ 1162

3. ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ।
   ਜੋ **ਸੈਤਾਨ** ਵੰਞਾਇਆ ਸੇ ਕਿਤ ਫੇਰਹਿ ਚਿਤ ।

   [ਸਲੋਕ ਫ਼ਰੀਦ, ਪੰਨਾ 1378

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਏਹਨਾਂ ਸ਼ਬਦਾਂ ਵਿਚ ਤੇ ਸ਼ਲੋਕਾਂ ਵਿਚ "ਸ਼ੈਤਾਨ" ਦੀ ਹੋਂਦ ਮੰਨੀ ਗਈ ਹੈ ।

ਜਨਮਸਾਖੀ ਭਾਈ ਬਾਲਾ ਵਿਚ ਵੀ ਅਨੇਕ ਥਾਈਂ ਸ਼ੈਤਾਨ ਦਾ ਵਰਣਨ ਹੈ । (ਵੇਖੋ ਪੰਨਾ 145, 148, 157, 159, 163, 179, 181, 195, 197, 199, 213, ਤੇ 221 ਆਦਿ)

Digitized by Panjab Digital Library | www.panjabdigilib.org

ਪ੍ਰਸਿੱਧ ਸਿੱਖ ਬਜ਼ੁਰਗ ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਇਹ ਵਾਕ ਵਰਨਣ ਕੀਤਾ ਹੈ ਕਿ—

ਸਾਹਿਬ ਦਾ ਫਰਮਾਇਆ ਲਿਖਿਆ ਵਿਚ ਕਿਤਾਬ ।
ਬਿਨਾ ਇਬਾਦਤ ਬੰਦਗੀ ਰਾਲਾ ਹੋਰ "ਸੈਤਾਨ" ।

[ਤਵਾਰੀਖ ਗੁਰੂ ਖਾਲਸ, ਪੰਨਾ 269

ਸੋ ਗੱਲ ਕੀ, ਏਹਨਾਂ ਸਾਰੇ ਹੀ ਪ੍ਰਮਾਣਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਸ਼ੈਤਾਨ ਦੀ ਹੋਂਦ ਨੂੰ ਵੀ ਮੰਨਦੇ ਸਨ । ਗੁਰੂ ਜੀ ਦੇ ਵਿਚਾਰ ਅਨੁਸਾਰ "ਸ਼ੈਤਾਨ ਅਗਨੀ ਤਤ ਤੋਂ ਸਾਜਿਆ ਗਿਆ ਸੀ ਤੇ ਇਸ ਨੇ ਸਾਜਨਹਾਰ ਪ੍ਰਭੂ ਦੀ ਅੱਵਗਿਆ ਕੀਤੀ ਸੀ । ਇਹ ਫ਼ਰਿਸ਼ਤਾ ਨਹੀਂ ਸੀ । ਫਰਿਸ਼ਤਿਆਂ ਨੂੰ ਗੁਰੂ ਜੀ ਨੇ ਨੂਰੀ ਵਰਣਨ ਕੀਤਾ ਹੈ ।

————

Digitized by Panjab Digital Library | www.panjabdigilib.org

# ਕਿਆਮਤ ਜਾਂ ਪਰਲੈ

ਇਸਲਾਮੀ ਸਿੱਖਿਆ ਅਨੁਸਾਰ ਕਿਆਮਤ ਜਾਂ ਪਰਲੈ ਤੇ ਯਕੀਨ ਰੱਖਣਾ ਵੀ ਜ਼ਰੂਰੀ ਹੈ। ਇਸਲਾਮ ਦੇ ਪੰਜ ਮੁਖ ਸਿਧਾਂਤ—ਅਲਾਹ ਤੇ ਈਮਾਣ, ਫ਼ਰਿਸਤਿਆਂ ਅਰਸ਼ੀ ਪੁਸਤਕਾਂ, ਸਾਰੇ ਰਸੂਲਾਂ ਤੇ ਸ਼ਰਧਾ ਤੇ ਕਿਆਮਤ ਤੇ ਭਰੋਸਾ-ਵਿਚੋਂ ਅੰਤਮ ਸਿਧਾਂਤ ਦਾ ਸੰਬੰਧ ਕਿਆਮਤ ਨਾਲ ਹੀ ਹੈ। ਇਸ ਦਾ ਭਾਵ ਇਹ ਹੈ ਕਿ ਇਕ ਸ਼ਮਾਂ ਅਜੇਹਾ ਵੀ ਨੀਅਤ ਹੈ, ਜਦ ਕਿ ਇਸ ਸਾਰੇ ਵਿਸ਼ਵ ਦਾ ਅੰਤ ਹੋ ਜਾਏਗਾ ਤੇ ਬਾਕੀ ਕੇਵਲ ਇਕੋ ਇਕ ਪ੍ਰਭੂ ਹੀ ਰਹੇਗਾ। ਉਸ ਸਮੇਂ ਨੂੰ ਇਸਲਾਮੀ ਪੁਸਤਕਾਂ ਵਿਚ ਦੌਰਿਵਹਿਦਤ ਇਕੋਇਕ ਪ੍ਰਭੂ ਦਾ ਪ੍ਰਕਾਸ਼ਮਾਨ ਹੋਣਾ ਕਿਹਾ ਗਿਆ ਹੈ। ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

كُلُّ مَنْ عَلَيْهَا فَانٍ ٥ وَّيَبْقٰى وَجْهُ رَبِّكَ
ذُو الْجَلٰلِ وَالْاِكْرَامِ ٥ —— كُلُّ شَيْءٍ
هَالِكٌ اِلَّا وَجْهَهٗ

**ਅਰਥਾਤ** :—ਇਸ ਵਿਸ਼ਵ ਦੀ ਹਰੇਕ ਛੋਟੀ ਵੱਡੀ ਚੀਜ਼ ਚਲਾਇਮਾਨ ਤੇ ਨਾਸਵਾਨ ਹੈ। ਇਕੋਇਕ ਵਾਹਿਗੁਰੂ ਹੀ ਅਬਿਨਾਸ਼ੀ ਤੇ ਕਾਲ-ਰਹਿਤ ਹੈ।

ਇਕ ਸਿੱਖ ਵਿਦਵਾਨ ਜੀ ਲਿਖਦੇ ਹਨ ਕਿ :—

"ਇਸਲਾਮ ਵਿਚ ਇਹ ਵੀ ਇਕ ਕੇਂਦਰੀ ਖਿਆਲ ਹੈ ਕਿ ਦੁਨੀਆਂ ਦਾ ਇਕ ਅਖੀਰਲਾ ਦਿਨ ਹੋਵੇਗਾ, ਜਿਸ ਨੂੰ ਉਹ 'ਰੋਜ਼ ਕਿਆਮਤ' ਯਾ 'ਹਸ਼ਰ' ਕਹਿੰਦੇ ਹਨ। ਸਾਰਾ ਜਗਤ ਫਨਾਹ ਹੋਣ ਦੇ ਬਾਦ ਇਕ ਮੈਦਾਨ ਵਿਚ ਪ੍ਰਮੇਸ਼ਰ ਦੇ ਸਾਹਮਣੇ ਮਨੁੱਖ ਮਾਤਰ ਨੂੰ ਆਪਣੇ ਕਰਮਾਂ ਦਾ ਹਿਸਾਬ ਦੇਣਾ



Digitized by Panjab Digital Library | www.panjabdigilib.org

ਹੋਵੇਗਾ ਤੇ ਆਪਣੀ ਕਰਨੀ ਅਨੁਸਾਰ ਫਲ ਜਾਂ ਢੰਡ ਭੁਗਤਨਾ ਪਵੇਗਾ।"
[ਜੀਵਨ ਕਿਰਣਾਂ, ਪੰਨਾ 70

ਇਹ ਠੀਕ ਹੈ ਕਿ ਇਸਲਾਮੀ ਵਿਚਾਰ ਅਨੁਸਾਰ ਇਸ ਵਿਸ਼ਵ ਲਈ ਇਕ ਸਮਾਂ ਨੀਅਤ ਹੈ, ਜਦ ਕਿ ਸਾਰਾ ਕੁਝ ਹੀ ਨਸ਼ਟ ਹੋ ਜਾਏਗਾ ਅਤੇ ਸਾਰਿਆਂ ਨੇ ਹੀ ਆਪਣੇ ਪ੍ਰਭੂ ਦੇ ਹਜ਼ੂਰ ਪੇਸ਼ ਹੋ ਕੇ ਆਪਣੇ ਕਰਮਾਂ ਦਾ ਲੇਖਾ ਦੇਣਾ ਹੈ ਤੇ ਉਹਨਾਂ ਅਨੁਸਾਰ ਢੰਡ ਫਲ ਭੁਗਤਣਾ ਹੈ। ਇਸੇ ਹੀ ਵਾਵ ਨੂੰ ਰਖ ਕੇ ਇਸਲਾਮ ਨੇ ਪ੍ਰਭੂ ਬਾਰੇ ਇਹ ਕਿਹਾ ਹੈ ਕਿ :—

مَالِكِ يَوْمِ الدِّيْنِ

ਅਰਥਾਤ :—ਪ੍ਰਭੂ ਢੰਡ-ਫਲ ਦੇ ਦਿਨ ਦਾ ਮਾਲਕ ਹੈ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਬਾਣੀ ਤੋਂ ਪਰਗਟ ਹੈ ਕਿ ਆਪ ਇਕ ਈਸ਼ਵਰ ਨੂੰ ਮੰਨਣ ਦੇ ਨਾਲ ਹੀ ਕਿਆਮਤ ਨੂੰ ਵੀ ਮੰਨਦੇ ਸਨ। ਆਪਦੇ ਵਿਚਾਰ ਅਨੁਸਾਰ ਵੀ ਇਹ ਸਾਰਾ ਵਿਸ਼ਵ ਚਲਾਇਮਾਨ ਹੈ। ਇਕ ਸਮਾਂ ਅਜੇਹਾ ਆਵੇਗਾ, ਜਦ ਕਿ ਇਸ ਦਿਸਦੇ ਜਗਤ ਦੀ ਹਰੇਕ ਚੀਜ਼ ਨਸ਼ਟ ਹੋ ਜਾਵੇਗੀ। ਇਹ ਚੰਨ ਸੂਰਜ ਤੇ ਲੱਖਾਂ ਤਾਰੇ ਵੀ ਨਸ਼ਟ ਹੋ ਜਾਣਗੇ। ਕੇਵਲ ਇਕੋਇਕ ਪ੍ਰਭੂ ਹੀ ਬਾਕੀ ਰਹੇਗਾ ਅਰਥਾਤ ਉਸ ਸਮੇਂ "ਦੌਰਿ ਵਹਿਦਤ" ਹੋਵੇਗਾ, ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।
ਮੁਕਾਮ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।
ਅਸਮਾਨ ਧਰਤੀ ਚਲਸੀ ਮੁਕਾਮੁ ਓਹੀ ਏਕੁ।
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ।

ਸਿਰੀ ਰਾਗ, ਮ: 1, ਪੰਨਾ 64

ਸ਼ਬਦਾਰਥ ਗੁਰੂ ਗਰੰਥ ਸਾਹਿਬ ਵਿਚ ਗੁਰੂ ਜੀ ਦੇ ਇਸ ਪਵਿੱਤਰ ਸ਼ਬਦ ਨੂੰ ਮੁਖ ਰੱਖ ਕੇ ਇਹ ਨੋਟ ਦਿੱਤਾ ਗਿਆ ਹੈ ਕਿ :—

Digitized by Panjab Digital Library | www.panjabdigilib.org

"ਦਿਨ ਅਤੇ ਸੂਰਜ ਚਲੇ ਜਾਣਗੇ, ਰਾਤ ਅਤੇ ਚੰਨ ਚਲੇ ਜਾਣਗੇ ਲਖਾਂ ਤਾਰੇ ਲੋਪ ਹੋ ਜਾਣਗੇ । ਬਸ ਰਹਿਣਾ ਕੇਵਲ ਉਸੇ ਇਕ ਨੇ ਹੈ ।

[ਸ਼ਬਦਾਰਥ ਗੁਰੂ ਗਰੰਥ ਸਾਹਿਬ, ਪੰਨਾ 64

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਨ ਸੂਰ ਸਸਿ ਮੰਡਲੋ ।
ਸਪਤ ਦੀਪ ਨਹ ਜਲੋ ।
ਅੰਨ ਪਉਣ ਥਿਰੁ ਨ ਕੋਈ ।
ਏਕੁ ਤੁਈ ਏਕੁ ਤੁਈ ।

[ਵਾਰ ਮਾਝ, ਸ: ਮ: 1, ਪੰਨਾ 144

**ਅਰਥਾਤ** :—ਸੂਰਜ, ਚੰਦ ਤੇ ਸੱਤੇ ਦੀਪ ਤੇ ਪਾਣੀ, ਹਵਾ ਆਦਿ ਕੋਈ ਵੀ ਚੀਜ਼ ਬਾਕੀ ਨਹੀਂ ਰਹੇਗੀ । ਸਭ ਕੁਝ ਨਸ਼ਟ ਹੋ ਜਾਏਗਾ ।

ਗੁਰੂ ਜੀ ਨੇ ਕਿਆਮਤ ਬਾਰੇ ਇਹ ਵੀ ਫਰਮਾਇਆ ਹੈ ਕਿ :—

"ਇਸਰਾਫੀਲ" ਫਰੇਸ਼ਤਾ ਜਦ ਫੂਕੇਸੀ ਕਿਰਨਾਇ ।
ਜਿਮੀ ਅਸਮਾਨ ਇਉ ਉਡਸਨ ਜਿਓ ਪੇਵਾ ਪਿੰਝੇ ਕਪਾਹਿ ।

[ਜਨਮਸਾਖੀ ਭਾਈ ਬਾਲਾ, ਪੰਨਾ 139

**ਅਰਥਾਤ** :—ਜਦ ਕਿਆਮਤ ਹੋਵੇਗੀ, ਤਾਂ ਇਸਰਾਫੀਲ ਫਰੇਸ਼ਤਾ ਨਰ ਸਿੰਘਾ ਵਜਾਵੇਗਾ । ਏਹ ਸਾਰੇ ਆਕਾਸ਼ ਤੇ ਪਤਾਲ ਨਸ਼ਟ ਹੋ ਜਾਣਗੇ ।

ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

فَإِذَا نُفِخَ فِي الصُّورِ نَفْخَةٌ وَاحِدَةٌ ۝ وَحُمِلَتِ
الْأَرْضُ وَالْجِبَالُ فَدُكَّتَا دَكَّةً وَاحِدَةً ۝
فَيَوْمَئِذٍ وَقَعَتِ الْوَاقِعَةُ ۝ وَانشَقَّتِ
السَّمَاءُ فَهِيَ يَوْمَئِذٍ وَاهِيَةٌ ۝

**ਅਰਥਾਤ** :—ਹਜ਼ਰਤ "ਇਸਰਾਫ਼ੀਲ" ਰਾਹੀਂ ਨਰਸਿੰਘਾ ਵਜਾਇਆ ਜਾਏਗਾ, ਤਾਂ ਇਹ ਆਕਾਸ਼ ਤੇ ਪਤਾਲ ਆਪਣੇ ਅਸਥਾਨਾਂ ਤੋਂ ਹਿਲ ਜਾਣਗੇ ਤੇ ਉਹ ਟੋਟੇ ਟੋਟੇ ਹੋ ਜਾਣਗੇ । ਉਸ ਦਿਨ ਨੀਅਤ ਘਟਨਾ ਵਾਪਰ ਜਾਏਗੀ ਤੇ ਆਕਾਸ਼ ਤੇ ਪਤਾਲ ਪਾਟ ਜਾਣਗੇ ਤੇ ਉਹ ਖੋਖਲੇ ਭਾਸਣਗੇ ।

———

Digitized by Panjab Digital Library | www.panjabdigilib.org

# ਲੇਖਾ-ਪੱਤਾ

ਕਿਆਮਤ ਜਾਂ ਅੰਤਲੇ ਦਿਨ ਦੇ ਨਾਲ ਹੀ ਸ੍ਰੀ ਗੁਰੂ ਜੀ ਦਾ ਇਹ ਵਿਚਾਰ ਵੀ ਸੀ ਕਿ ਹਰੇਕ ਪ੍ਰਾਣੀ ਆਪਣੇ ਕਰਮਾਂ ਦੇ ਵਟਾਂਦਰੇ ਵਿਚ ਦੰਡ-ਫਲ ਭੋਗੇਗਾ। ਪ੍ਰਭੂ ਹਰੇਕ ਪ੍ਰਾਣੀ ਤੋਂ ਉਸ ਦੇ ਕਰਮਾਂ ਦਾ ਲੇਖਾ ਲਵੇਗਾ, ਜਿਹਾ ਕਿ ਆਪ ਦਾ ਫ਼ਰਮਾਨ ਹੈ ਕਿ :—

ਨਾਨਕ ਆਖ ਰੇ ਮਨਾ ਸੁਣੀਐ ਸਿਖ ਸਹੀ।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।
ਅਜਰਾਈਲ ਫਰੇਸਤਾ ਹੋਸੀ ਆਦਿ ਤਈ।
ਅਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ।
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।

[ਵਾਰ ਰਾਮਕਲੀ, ਸ: ਮ: 1 ਪੰਨਾ 953

ਸ੍ਰੀ ਗੁਰੂ ਜੀ ਨੇ ਇਸ ਪਵਿੱਤਰ ਸ਼ਬਦ ਵਿਚ ਇਹ ਗੱਲ ਸਪਸ਼ਟ ਅੱਖਰਾਂ ਵਿਚ ਵਰਣਨ ਕੀਤੀ ਹੈ ਕਿ ਪ੍ਰਭੂ ਹਰੇਕ ਪ੍ਰਾਣੀ ਤੋਂ ਉਸ ਦੇ ਕਰਮਾਂ ਦਾ ਲੇਖਾ ਲਏਗਾ। ਅਰਥਾਤ ਹਰ ਇਕ ਨੂੰ ਕਰਣੀ ਭਰਣੀ ਪਏਗੀ। ਜਿਨ੍ਹਾਂ ਦੇ ਸ਼ੁਭ ਕਰਮ ਘਟ ਤੇ ਬੁਰੇ ਕਰਮ ਵਧੇਰੇ ਹੋਣਗੇ, ਉਹਨਾਂ ਨੂੰ ਦੰਡ ਦਿੱਤਾ ਜਾਏਗਾ। ਓੜਕ ਜਿੱਤ ਸੱਚ ਦੀ ਹੀ ਹੋਵੇਗੀ ਤੇ ਕੂੜ ਨਿਖੁਟ ਜਾਏਗਾ।

ਇਸ ਬਾਰੇ ਕੁਰਾਨ ਸ਼ਰੀਫ਼ ਵਿਚ ਇਹ ਵਰਣਨ ਹੈ ਕਿ :—

إِنَّ إِلَيْنَا إِيَابَهُمْ ۝ ثُمَّ إِنَّ عَلَيْنَا حِسَابَهُمْ ۝



Digitized by Panjab Digital Library | www.panjabdigilib.org

**ਅਰਥਾਤ** :—ਹਰੇਕ ਪ੍ਰਾਣੀ ਨੇ ਆਪਣੇ ਸਾਜਣਹਾਹ ਪ੍ਰਭੂ ਦੇ ਹਜ਼ੂਰ ਪੇਸ਼ ਹੋਣਾ ਹੈ ਅਤੇ ਆਪਣੇ ਕਰਮਾਂ ਦਾ ਲੇਖਾ ਦੇਣਾ ਹੈ ।

ਇਕ ਹੋਰ ਥਾਂ ਗੁਰੂ ਜੀ ਦਾ ਇਹ ਫ਼ਰਮਾਨ ਹੈ ਕਿ :—

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰ ਜੀਉ ।
ਲੇਖਾ ਮੰਗੇ ਦੇਵਣਾ ਪੁਛੇ ਕਰਿ ਬੀਚਾਰੁ ਜੀਉ ।
ਸਚੇ.ਦੀ ਲਿਵ ਉਬਰੇ ਬਖਸੇ ਬਖਸਣਹਾਰੁ ਜੀਉ ।

[ਸੂਹੀ ਮ: 1, ਪੰਨਾ 751

ਲੇਖੇ-ਪੱਤੇ ਬਾਰੇ ਗੁਰੂ ਜੀ ਦਾ ਇਹ ਫ਼ਰਮਾਨ ਵੀ ਮਿਲਦਾ ਹੈ ਕਿ :—

ਸਭਨਾ ਕਾ ਦਰਿ ਲੇਖਾ ਹੋਇ ।
ਕਰਣੀ ਬਾਝਹੁ ਤਰੈ ਨ ਕੋਇ ।

[ਵਾਰ ਰਾਮਕਲੀ, ਸ: ਮ: 1, ਪੰਨਾ 952

ਗੁਰੂ ਗਰੰਥ ਵਿਚ ਇਸ ਬਾਰੇ ਇਹ ਵੀ ਕਿਹਾ ਗਿਆ ਹੈ ਕਿ :—

ਫ਼ਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ।
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰੇ ਕੰਮਿ ।

**ਅਰਥਾਤ** :—ਸਾਜਨਹਾਰ ਪ੍ਰਭੂ ਸਾਰਿਆਂ ਤੋਂ ਲੇਖਾ ਲਵੇਗਾ ਤੇ ਕੋਈ ਵੀ ਆਪਣੀ ਸ਼ੁਭ ਕਰਣੀ ਤੋਂ ਬਿਨਾਂ ਤਰ ਨਹੀਂ ਸਕੇਗਾ । ਕਿਸੇ. ਸਿਧਾਂਤ, ਵਿਚਾਰ ਜਾਂ ਅਕੀਦੇ ਨੂੰ ਕੇਵਲ ਆਪਣਾ ਲੈਣ ਨਾਲ ਹੀ ਕੋਈ ਪ੍ਰਾਣੀ ਪ੍ਰਭੂ ਦੇ ਦਰਬਾਰ ਵਿਚ ਸੁਰਖਰੂ ਨਹੀਂ ਹੋ ਸਕੇਗਾ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਵਰਣਨ ਹੈ ਕਿ :—

يَوْمَ يُنْفَخُ فِي الصُّوْرِ وَنَحْشُرُ الْمُجْرِمِيْنَ
يَوْمَئِذٍ زُرْقًاه ـــــ وَمَنْ يَّعْمَلْ مِنَ
الصّٰلِحٰتِ وَهُوَ مُؤْمِنٌ فَلَا يَخَفُ ظُلْمًا
وَّلَا هَضْمًا ٥

**ਅਰਥਾਤ** :—ਜਿਸ ਦਿਨ ਨਰ ਸਿੰਘਾ ਵਜਾਇਆ ਜਾਏਗਾ ਤੇ ਕਿਆਮਤ ਆ ਜਾਏਗੀ । ਉਸ ਦਿਨ ਅਪਰਾਧੀਆਂ ਨੂੰ ਇਸ ਹਾਲਤ ਵਿਚ ਉਠਾਇਆ ਜਾਏਗਾ ਕਿ

Digitized by Panjab Digital Library | www.panjabdigilib.org

ਅੱਖਾਂ ਨੀਲੀਆਂ ਹੋ ਗਈਆਂ ਹੋਣਗੀਆਂ।.........ਜਿਨ੍ਹਾਂ ਸ਼ਰਧਾਲੂਆਂ ਨੇ ਸ਼ੁਭ ਕਰਮ ਕੀਤੇ ਹੋਣਗੇ, ਓਹਨਾਂ ਨੂੰ ਕੋਈ ਸਹਿਮ ਨਹੀਂ ਹੋਵੇਗਾ, ਕਿਉਂ ਕਿ ਓਹਨਾਂ ਨਾਲ ਕੋਈ ਧੱਕਾ ਨਹੀਂ ਕੀਤਾ ਜਾਏਗਾ। ਓਹਨਾਂ ਨੂੰ ਉਹਨਾਂ ਦੇ ਸ਼ੁਭ-ਕਰਮਾਂ ਦਾ ਚੰਗਾ ਵਟਾਂਦਰਾ ਮਿਲੇਗਾ।

ਸ੍ਰੀ ਗੁਰੂ ਨਾਨਕ ਜੀ ਨੇ ਲੇਖੇ-ਪੱਤੇ ਬਾਰੇ ਇਹ ਵੀ ਫ਼ਰਮਾਇਆ ਹੈ ਕਿ :—

ਹੇ ਹੈਬਤ ਤਿਤ ਦਿਨ ਕੀ ਜਿਸ ਦਿਨ ਅਦਲ ਕਰੇ।
ਬਾਬ ਅਸਾਡੇ ਰੁਕਨ ਦੀਨ ਕੇਹਾ ਹੁਕਮ ਕਰੇ॥

[ਜ਼ਨਮਸਾਖੀ ਵਲਾਇਤ ਵਾਲੀ
ਪੰਨਾ 250]

**ਅਰਥਾਤ** :—ਸਾਨੂੰ ਉਸ ਦਿਨ ਦਾ ਵੱਡਾ ਸਹਿਮ ਹੈ, ਜਿਸ ਦਿਨ ਪ੍ਰਭੂ ਅਦਲ ਕਰੇਗਾ। ਹੇ ਰੁਕਨ ਦੀਨ ! ਪਤਾ ਨਹੀਂ ਕਿ ਸਾਜਨਹਾਰ ਪ੍ਰਭੂ ਸਾਡੇ ਬਾਰੇ ਕੀ ਹੁਕਮ ਦੇ ਦੇਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਲੇਖੇ ਬਾਰੇ ਇੱਥੋਂ ਤਕ ਕਿਹਾ ਗਿਆ ਹੈ ਕਿ :—

ਲੇਖੈ ਕਤਹਿ ਨ ਛੂਟਿਐ ਖਿਨੁ ਖਿਨੁ ਭੂਲਨਹਾਰੁ।
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥

[ਗਉੜੀ, ਮ: 5, ਪੰਨਾ 261

**ਅਰਥਾਤ** :—ਹੇ ਪ੍ਰਭੂ ! ਜੇ ਤੂੰ ਸਾਥੋਂ ਲੇਖਾ ਲਿਆ, ਤਾਂ ਅਸੀਂ ਪਲ ਪਲ ਭੁੱਲਾਂ ਕਰਨ ਵਾਲੇ ਛੁਟਕਾਰਾ ਨਹੀਂ ਪਾ ਸਕਦੇ। ਤੂੰ ਸਾਨੂੰ ਬਿਨਾਂ ਲੇਖੇ ਦੇ ਹੀ ਬਖਸ਼ ਲੈ ਤੇ ਪਾਰ ਲਾ ਦੇ।

ਚੇਤੇ ਰਹੇ ਕਿ ਜਨਮਸਾਖੀਆਂ ਵਿਚ ਵੀ ਵੱਡੇ ਵਿਸਥਾਰ ਨਾਲ ਕਿਆਮਤ ਦਾ ਵਰਣਨ ਕੀਤਾ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਉਦੋਂ ਸਾਰਾ ਵਿਸ਼ਵ ਨਸ਼ਟ ਹੋ ਜਾਏਗਾ ਅਤੇ ਇੱਕੋ ਇਕ ਪ੍ਰਭੂ ਹੀ ਬਾਕੀ ਰਹੇਗਾ। (ਵੇਖੋ ਜਨਮਸਾਖੀ ਭਾਈ ਬਾਲਾ ਪੰਨਾ 233 ਤੇ 239 ਆਦਿ)

ਸ੍ਰੀ ਦਸਮ ਗ੍ਰੰਥ ਵਿਚ ਇਹ ਵਰਣਨ ਹੈ ਕਿ :—

Digitized by Panjab Digital Library | www.panjabdigilib.org

ਕਾਜੀ ਜਾਂ ਅਲਹ ਵ ਨਿਆਂਇ ਚੁਕਾਇ ਹੈ।
ਸਭ ਰੂਹਨ ਕੋ ਅਪਂਵੇ ਨਿਕਟ ਬੁਲਾਇ ਹੈ ॥

[ਦਸਮ ਗ੍ਰੰਥ, ਪੰਨਾ 1015

**ਅਰਥਾਤ** :—ਜਦ ਸਾਜਨਹਾਰ ਪ੍ਰਭੂ ਲੇਖਾ ਕਰਨ ਲਈ ਅਦਾਲਤ ਕਰੇਗਾ, ਤਾਂ ਸਾਰੀਆਂ ਰੂਹਾਂ ਨੂੰ ਆਪਣੇ ਹਜ਼ੂਰ ਬੁਲਾਏਗਾ, ਅਰਥਾਤ ਕਿਆਮਤ ਦੇ ਦਿਹਾੜੇ ਰੂਹਾਂ ਪ੍ਰਭੂ ਦੇ ਹਜ਼ੂਰ ਪੇਸ਼ ਹੋਣਗੀਆਂ।

ਲੇਖੇ-ਪੱਤੇ ਦੇ ਸੰਬੰਧ ਵਿਚ ਗੁਰੂ ਜੀ ਨੇ ਇਹ ਵੀ ਵਰਣਨ ਕੀਤਾ ਹੈ ਕਿ ਪ੍ਰਭੂ ਦੇ ਹਜ਼ੂਰ ਪ੍ਰਾਣੀ ਦੇ ਆਪਣੇ ਅੰਗ ਹੱਥ, ਪੈਰ ਤੇ ਨਕ ਆਦਿ ਗਵਾਹੀ ਦੇਣਗੇ ਕਿ ਏਹਨਾਂ ਰਾਹੀਂ ਪ੍ਰਾਣੀ ਨੇ ਕੀ ਕੀ ਅਪਰਾਧ ਕੀਤੇ ਸਨ ਤੇ ਪਾਪ ਕਮਾਏ ਸਨ। (ਵੇਖੋ ਜਨਮਸਾਖੀ ਭਾਈ ਬਾਲਾ ਪੰਨਾ 245) ਇਸੇ ਤਰ੍ਹਾਂ ਗੁਰੂ ਜੀ ਨੇ ਇਹ ਵੀ ਦੱਸਿਆ ਹੈ ਕਿ ਉਸ ਦਿਨ ਕੋਈ ਦੂਜਾ ਕਿਸੇ ਦਾ ਭਾਰ ਨਹੀਂ ਚੁੱਕ ਸਕੇਗਾ; ਸਗੋਂ ਜਿਸ ਅੰਗ ਨੇ ਜੋ ਪਾਪ ਕਮਾਇਆ ਹੋਵੇਗਾ ਉਹੋ ਹੀ ਉਸ ਦਾ ਦੰਡ ਭੋਗੇਗਾ। ਇਕ ਹੱਥ ਦੇ ਵਟਾਂਦਰੇ ਵਿਚ ਦੂਜੇ ਹੱਥ ਨੂੰ ਸਜ਼ਾ ਨਹੀਂ ਦਿੱਤੀ ਜਾਏਗੀ (ਵੇਖੋ ਜਨਮਸਾਖੀ ਭਾਈ ਬਾਲਾ ਪੰਨਾ 201) ਅਤੇ—

ਅਹਿਕਰੁ ਕਰੇ ਸੁ ਅਹਿਕਰੁ ਪਾਏ।
ਕੋਇ ਨ ਪਕੜੀਐ ਕਿਸੈ ਥਾਇ।

[ਆਸਾ, ਮ: 5, ਪੰਨਾ 406

ਦਾ ਹੀ ਵਰਤਾਰਾ ਵਰਤੇਗਾ।

ਕੁਰਾਨ ਸ਼ਰੀਫ਼ ਵਿਚ ਵਰਣਨ ਹੈ ਕਿ—

اَلْيَوْمَ نَخْتِمُ عَلٰى اَفْوَاهِهِمْ وَتُكَلِّمُنَآ
اَيْدِيْهِمْ وَتَشْهَدُ اَرْجُلُهُمْ بِمَا كَانُوْا
يَكْسِبُوْنَ ٥

**ਅਰਥਾਤ**—ਉਸ ਦਿਨ ਅਸੀਂ ਉਹਨਾਂ ਦੇ ਮੂੰਹਾਂ ਤੇ ਮੋਹਰਾਂ ਲਾ ਦਿਆਂਗੇ ਤੇ ਸਾਨੂੰ ਓਹਨਾਂ ਦੇ ਸਰੀਰ ਦੇ ਅੰਗ ਹੱਥ-ਪੈਰ ਆਦਿ ਉਹਨਾਂ ਦੇ ਕਰਣੀਆਂ ਬਾਰੇ ਗਵਾਹੀਆਂ ਦੇਣਗੇ।

———

Digitized by Panjab Digital Library | www.panjabdigilib.org

# ਪੁਲ–ਸਿਰਾਤ

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਪੁਲ-ਸਿਰਾਤ ਦਾ ਵੀ ਵਰਣਨ ਕੀਤਾ ਹੈ ਅਤੇ ਉਸ ਨੂੰ **ਤਲਵਾਰ** ਨਾਲੋਂ ਤੇਜ਼ ਤੇ ਵਾਲ ਨਾਲੋਂ ਬਰੀਕ ਦੱਸਿਆ ਹੈ; ਜਿਹਾ ਕਿ ਉਹਨਾਂ ਦਾ ਫ਼ਰਮਾਨ ਹੈ ਕਿ—

ਸੁਣਹੁ ਕੰਨੀ "ਪੁਰ ਸਲਾਤ" ਵਾਲਹੁ ਨਿੱਕੀ ਕਹਾਇ।
ਖੰਡੇ ਨਾਲੋਂ ਤ੍ਰਿਖੜੀ ਅਗਿ ਲੋਹੇ ਜਿਉ ਤਪਤਾਇ।
ਤਲੇ ਨਦੀ ਖੂੰ ਰਤ ਦੀ ਉਥੇ ਲੇਤ ਤਰਾਇ।
ਸਰਪ ਅਦੂੰਹੇ ਵਿਚ ਫਿਰਹਿ ਜੋ ਕਟ ਕਟ ਪਾਪੀਆਂ ਖਾਇ।
ਕਟ ਉਤਾਰੇ **"ਪੁਰ ਸਲਾਤ"** ਬਹੁ ਕੂਕੇ ਕਰਤ ਕਹਾਇ॥

[ਜਨਮਸਾਖੀ ਭਾ: ਬਾਲਾ ਪੰਨਾ 14

**ਅਰਥਾਤ** :—

ਨੇਕੀ ਬਦੀ ਵਿਚਾਰੀਏ "ਮਲਕਉਲ ਮੌਤ ਹਜ਼ੂਰ"।
ਕਟ ਉਤਾਰੇ **"ਪੁਰ ਸਲਾਤ"** ਜਲ ਬਲ ਹੋਵਨ ਧੂਰ।

[ਜਨਮਸਾਖੀ ਭਾ: ਬਾਲਾ ਪੰਨਾ 315

**ਅਰਥਾਤ**—ਪੁਲ ਸਿਰਾਤ ਵਾਲ ਤੋਂ ਬਰੀਕ ਤੇ ਤਲਵਾਰ ਤੋਂ ਤੇਜ਼ ਹੋਵੇਗੀ। ਪਾਪੀ ਜੀਉੜੇ ਉਸ ਤੋਂ ਪਾਰ ਨਹੀਂ ਜਾ ਸਕਣਗੇ। ਉਸ ਦੇ ਹੇਠਾਂ ਖ਼ੂਨ ਤੇ ਰਤ ਦੀ ਨਦੀ ਹੋਵੇਗੀ, ਉਸ ਵਿਚ ਉਹ ਡਿਗ ਡਿਗ ਪੈਣਗੇ। ਮਲਕਉਲ ਮੌਤ ਦੇ ਹਜ਼ੂਰ ਨੇਕੀ ਤੇ ਬਦੀ ਦੀ ਪਰਖ ਕੀਤੀ ਜਾਏਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੁਲ ਸਿਰਾਤ ਬਾਰੇ ਇਹ ਲਿਖਿਆ ਮਿਲਦਾ ਹੈ ਕਿ :—



Digitized by Panjab Digital Library | www.panjabdigilib.org

ਵਾਲਹੁ ਨਿਕੀ "ਪੁਰਸਲਾਤ" ਕੰਨੀ ਨ ਸੁਣੀਆਇ।
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।

[ਸਲੋਕ, ਫਰੀਦ, ਪੰਨਾ 1377

**ਅਰਥਾਤ**—ਕੀ ਵਾਲ ਤੋਂ ਬਰੀਕ ਤੁਸੀਂ ਕੰਨਾਂ ਨਾਲ ਨਹੀਂ ਸੁਣੀ? ਫਰੀਦ ਜੀ ਆਖਦੇ ਹਨ ਕਿ ਫਿਰ ਆਵਾਜ਼ਾਂ ਆ ਰਹੀਆਂ ਹਨ, ਪਰ ਤੁਸੀਂ ਬੇਪਰਵਾਹ ਹੋ ਕੇ ਆਪਣੇ ਆਪ ਨੂੰ ਕਿਉਂ ਲੁਟਾ ਰਹੇ ਹੋ?

ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਇਹ ਵਰਣਨ ਹੈ ਕਿ—

"ਪੁਰ ਸਲਾਤ" ਕਾ ਪੰਥ ਦੁਹੇਲਾ।
ਸੰਗਿ ਨ ਸਾਥੀ ਗਾਵਨੁ ਇਕੇਲਾ।

[ਸੂਹੀ ਰਵਿਦਾਸ, ਪੰਨਾ 173

**ਅਰਥਾਤ**—

"ਜਮ ਮਾਰਗ ਵਾਲਾ ਰਸਤਾ ਬੜਾ ਔਖਾ ਹੈ। ਉਥੇ ਉਸ ਦਾ ਕੋਈ ਸਾਥੀ ਨਹੀਂ ਹੋਵੇਗਾ। ਇਕੱਲੇ ਜਾਣਾ ਪਵੇਗਾ।......"ਪੁਲ ਸਿਰਾਤ"- ਦੋਜ਼ਕ ਦੀ ਅੱਗ ਉੱਤੇ ਬਣਿਆ ਵਾਲ ਜਿੰਨਾ ਬਰੀਕ ਪੁਲ, ਜਿਸ ਤੋਂ ਹਰ ਇਕ ਨੂੰ ਲੰਘਣਾ ਪਵੇਗਾ"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ
ਪੰਨਾ 793

ਇਕ ਪ੍ਰਸਿਧ ਬਜ਼ੁਰਗ ਹਜ਼ਰਤ ਇਬਨਿ ਅਰਬੀ ਦਾ ਕਥਨ ਹੈ ਕਿ—

قد اتی فی صفة الصراط انه ادق من الشعر
واحد من السیف وکذا هم علم الشریعة
فی الدنیا. لایعلم وجه الحق فی المسلمة
عندالله ولا من هو المصیب من المجتهدین.
بعینه فقطا بالشرع احد من السیف
وادق من الشعر فی الدنیا (اسرار شریعت ...)

**ਅਰਥਾਤ** :—ਦੂਜੀ ਦੁਨੀਆਂ ਦੇ ਪੁਲ ਸਿਰਾਤ ਬਾਰੇ ਇਹ ਕਿਹਾ ਜਾਂਦਾ ਹੈ

Digitized by Panjab Digital Library | www.panjabdigilib.org

ਕਿ ਉਹ ਵਾਲ ਤੋਂ ਬਰੀਕ ਤੇ ਤਲਵਾਰ ਤੋਂ ਤੇਜ਼ ਹੋਵੇਗੀ। ਇਸੇ ਤਰ੍ਹਾਂ ਇਸ ਜਗ ਤੇ ਸ਼ਰੀਅਤ ਅਨੁਸਾਰ ਵਿਚਰਨਾ ਵੀ "ਪੁਲ ਸਿਰਾਤ" ਤੇ ਤੁਰਨਾ ਹੀ ਹੈ।

ਗੁਰੂ ਨਾਨਕ ਜੀ ਨੇ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਆਖੇ ਨਾਨਕ ਸ਼ਾਹ ਸਚ ਸੁਣਹੁ ਬਹਾਵਦ ਪੀਰ।
ਰਾਹ ਖ਼ੁਦਾਈ ਸਖਤ ਹੈ ਕਰਦਾ ਬਹੁਤ ਜਹੀਰ।
ਵਾਲਹੁ ਨਿੱਕੀ ਆਖੀਐ ਖੰਨਿਅਹੁ ਤਿਖੀ ਧਾਰ।
ਇਕ ਕੋਲੋਂ ਬਾਰੀਕ ਹੈ ਕਿਉਂ ਕਰ ਜਾਈਐ ਪਾਰ।
ਇਹੁ ਮਨ ਹਾਬੀ ਹੋਇ ਰਹਿਆ ਖ਼ੁਦੀ ਤਕੱਬਰ ਨਾਲ।
ਕਿਉਂਕਰ ਲੰਘੀਐ ਪੀਰ ਜੀ ਊਠ ਭਰੇ ਸੰਗ ਮਾਲ।

[ਜਨਮਸਾਖੀ ਭਾ: ਬਾਲਾ ਪੰਨਾ 219

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਇਸ ਪਵਿੱਤਰ ਕਥਨ ਵਿਚ "ਪੁਲ ਸਰਾਤ" ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਹੋਇਆਂ ਇਹ ਵਰਣਨ ਕੀਤਾ ਹੈ ਕਿ ਅਸਲ ਵਿਚ ਭਗਤ-ਜਨਾਂ ਤੇ ਰੱਬੀ-ਜੀਉੜਿਆਂ ਦਾ ਮਾਰਗ ਹੀ "ਪੁਲ ਸਿਰਾਤ" ਤੇ ਤੁਰਨਾ ਹੈ: ਕਿਉਂਕਿ ਰੱਬੀ ਜੀਉੜਿਆਂ ਦੇ ਪੈਰ ਪੈਰ ਤੇ ਕਸ਼ਟ ਤੇ ਔਕੜਾਂ ਹੋਇਆ ਕਰਦੀਆਂ ਹਨ।

ਇਕ ਮੁਸਲਮਾਨ ਬਜ਼ੁਰਗ ਸ਼ੇਖ ਫ਼ਰੀਦ ਜੀ ਨੇ ਇਸੇ ਭਾਵ ਨੂੰ ਮੁਖ ਰਖ ਕੇ ਆਪਣੇ ਮਾਰਗ ਬਾਰੇ ਇਹ ਫ਼ਰਮਾਇਆ ਹੈ ਕਿ—

ਵਾਟ ਹਮਾਰੀ ਖਰੀ ਉਡੀਣੀ।
ਖੰਨਿਅਹੁ ਤਿਖੀ ਬਹੁਤੁ ਪਈਣੀ।
ਉਸੁ ਊਪਰਿ ਹੈ ਮਾਰਗ ਮੇਰਾ।
ਸੇਖ ਫਰੀਦਾ ਪੰਥ ਸਮਾਰਿ ਸਵੇਰਾ।

[ਸੂਹੀ, ਫ਼ਰੀਦ, ਪੰਨਾ 194

**ਅਰਥਾਤ** :—

"ਸਾਡੀ ਸੜਕ ਬੜੀ ਉਦਾਸ ਕਰਨ ਵਾਲੀ ਹੈ। ਤਲਵਾਰ ਤੋਂ ਤੇਜ਼ ਅਤੇ ਪਤਲੀ (ਤੰਗ) ਹੈ। ਉਸ ਉੱਤੇ ਮੇਰਾ ਰਸਤਾ ਹੈ। (ਮੈਂ ਤੁਰਨਾ ਹੈ)

Digitized by Panjab Digital Library | www.panjabdigilib.org

(ਪੁਲ ਸਿਰਾਤ ਦਾ ਜ਼ਿਕਰ ਕਰ ਰਹੇ ਹਨ।) ਹੇ ਫਰੀਦ ! ਸਵਖਤੇ ਹੀ ਰਸਤੇ ਨੂੰ ਸੰਭਾਲ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ
ਪੰਨਾ 794

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਭਗਤ-ਜਨਾਂ ਤੇ ਰੱਬੀ-ਜੀਉੜਿਆਂ ਦੇ ਮਾਰਗ ਨੂੰ ਵੱਡਾ ਵਿਖਮ ਤੇ ਸਰਬ ਸਾਧਾਰਨ ਲੋਕਾਂ ਤੋਂ ਵਖਰਾ ਦੱਸਿਆ ਗਿਆ ਹੈ; ਜਿਹਾ ਕਿ ਵਰਣਨ ਹੈ ਕਿ :—

ਭਗਤਾਂ ਕੀ ਚਾਲ ਨਿਰਾਲੀ।
ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।
ਲਬੁ ਲੋਭ ਅਹੰਕਾਰੁ ਤਜਿ ਤ੍ਰਿਸਨਾ ਬਹੁਤ ਨਾਹੀ ਬੋਲਣਾ।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।

[ਰਾਮਕਲੀ, ਸਦ, ਪੰਨਾ 918

**ਅਰਥਾਤ** :—ਭਗਤ ਜਨਾਂ ਦਾ ਮਾਰਗ ਵਾਲ ਤੋਂ ਬਰੀਕ ਤੇ ਤਲਵਾਰ ਤੋਂ ਤੇਜ਼ ਹੈ।

————

Digitized by Panjab Digital Library | www.panjabdigilib.org

# ਦੋਜ਼ਕ ਤੇ ਬਹਿਸ਼ਤ

ਕਿਆਮਤ ਤੇ ਲੇਖੇ-ਪੱਤੇ ਦੇ ਨਾਲ ਹੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਇਹ ਵੀ ਵਰਣਨ ਕੀਤਾ ਹੈ ਕਿ ਸਾਜਨਹਾਰ ਪ੍ਰਭੂ ਪਾਪੀਆਂ ਤੇ ਅਪਰਾਧੀਆਂ ਨੂੰ "ਦੋਜ਼ਕ" ਵਿਚ ਪਾਏਗਾ ਅਤੇ ਭਲੇ ਪੁਰਖਾਂ ਤੇ ਸ਼ੁਭ ਕਰਮੀਆਂ ਨੂੰ "ਬਹਿਸ਼ਤ" ਵਿਚ ਨਿਵਾਸ ਦੇਵੇਗਾ; ਜਿਹਾ ਕਿ ਗੁਰੂ ਜੀ ਨੇ ਫ਼ਰਮਾਇਆ ਹੈ ਕਿ—

ਰਾਹੁ ਦਸਾਇ ਓਥੈ ਕੋ ਜਾਇ ।
ਕਰਣੀ ਬਾਝਹੁ "ਭਿਸਤਿ" ਨਾ ਪਾਇ ।
[ਵਾਰ ਰਾਮਕਲੀ, ਸ: ਮ: 1, ਪੰਨਾ **952**

**ਅਰਥਾਤ** :—ਕੋਈ ਵੀ ਪ੍ਰਾਣੀ ਸ਼ੁਭ ਕਰਮ ਕੀਤੇ ਬਿਨਾਂ ਬਹਿਸ਼ਤਾਂ ਦਾ ਵਾਸ਼ ਪ੍ਰਾਪਤ ਨਹੀਂ ਕਰ ਸਕਦਾ ।

ਸ੍ਰੀ ਗੁਰੂ ਜੀ ਨੇ ਇਸ ਬਾਰੇ ਇਹ ਵੀ ਫ਼ਰਮਾਇਆ ਹੈ ਕਿ—

ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ[1] ।
ਗਲੀ "ਭਿਸਤਿ" ਨ ਜਾਈਐ ਛੁਟੈ ਸਚੁ ਕਮਾਇ ।
[ਵਾਰ ਮਾਝ, ਸ: ਮ: 1, ਪੰਨਾ **141**

**ਅਰਥਾਤ** :—ਗੁਰੂ ਤੇ ਪੀਰ ਓਹਨਾਂ ਦੀ ਹੀ ਹਾਮੀ ਭਰਨਗੇ, ਜੋ ਝੂਠ ਬੋਲ ਕੇ ਮੁਰਦਾਰ ਖੋਰੀ ਨਹੀਂ ਕਰਨਗੇ ! ਇਹ ਵੀ ਚੇਤੇ ਰੱਖੋ ਕਿ ਗੱਲਾਂ ਨਾਲ ਕਿਸੇ ਨੂੰ ਵੀ

---

1. ਸੋਢੀ ਮਿਹਰਬਾਨ ਜੀ ਰਚਿਤ ਜਨਮਸਾਖੀ ਵਿਚ ਗੁਰੂ ਜੀ ਦਾ ਇਹ ਵਾਕ ਇਉਂ ਹੈ :—

ਮੁਹੰਮਦ ਰਾਮਾ ਤਾ ਭਰੇ ਜਾ ਮੁਰਦਾਰ ਨ ਖਾਇ ।
[ਜਨਮਸਾਖੀ ਸ੍ਰੀ ਗੁਰੂ ਨਾਨਕ ਜੀ, ਪੰਨਾ **95**



Digitized by Panjab Digital Library | www.panjabdigilib.org

"ਬਹਿਸ਼ਤ" ਦੀ ਪ੍ਰਾਪਤੀ ਨਹੀਂ ਹੋ ਸਕੇਗੀ। ਸਚਿਆਰ ਹੀ ਮੁਕਤੀ ਨੂੰ ਪ੍ਰਾਪਤ ਹੋ ਸਕਣਗੇ।

"ਦੋਜ਼ਕ" ਬਾਰੇ ਗੁਰੂ ਜੀ ਦਾ ਇਹ ਪਵਿੱਤਰ ਸ਼ਬਦ ਹੈ ਕਿ :—

ਕਪੜੁ ਰੂਪ ਸੁਹਾਵਣਾ ਛਡਿ ਦੁਨੀਆਂ ਅੰਦਰ ਜਾਵਣਾ।
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।
ਨੰਗਾ "ਦੋਜਕਿ" ਚਾਲਿਆ ਤਾ ਦਿਸੈ ਖਰਾ ਡਰਾਵਣਾ।
ਕਰਿ ਅਉਗਣ ਪਛੋਤਾਵਣਾ।

[ਵਾਰ ਆਸ਼ਾ ਮ: 1, ਪੰਨਾ 470]

ਜਨਮਸਾਖੀ ਭਾਈ ਮਨੀ ਸਿੰਘ ਜੀ ਵਿਚ ਗੁਰੂ ਜੀ ਦਾ ਇਹ ਫ਼ਰਮਾਨ ਦਰਜ ਹੈ ਕਿ :—

"ਜੋ ਵੱਢੀ ਲੈਂਦੇ ਹਨ, ਤਿਨ ਕੇ ਹਢ "ਦੋਜਕ" ਦੀ ਅੱਗ ਵਿਚ ਸੜਦੇ ਹਨ।"

[ਜਨਮਸਾਖੀ ਭਾ: ਮਨੀ ਸਿੰਘ, ਪੰਨਾ 193]

ਸ੍ਰੀ ਗੁਰੂ ਜੀ ਦੇ ਵਿਚਾਰ ਅਨੁਸਾਰ ਕਿਸੇ ਪ੍ਰਾਣੀ ਦਾ ਅਜਾਈਂ ਘਾਤ ਕਰਨ ਵਾਲਾ ਮਨੁੱਖ ਵੀ ਦੋਜ਼ਕ ਦਾ ਭਾਗੀ ਹੁੰਦਾ ਹੈ ਅਤੇ ਮਰਨ ਵਾਲੇ ਦੇ ਸਰੀਰ ਦੇ ਰੋਮ ਜਿੰਨੇ ਸਾਲ "ਦੋਜਕ" ਵਿਚ ਰਹਿੰਦਾ ਹੈ; ਜਿਹਾ ਕਿ ਆਪਦਾ ਕਥਨ ਹੈ ਕਿ :—

ਮਾਰਤ ਹੈ ਜੋ ਆਦਮੀ ਬਿਨਾ ਗੁਨਾਹ ਕਰਾਲ।
ਪੈਂਦੇ "ਦੋਜਕ" ਹਾਵੀਏ ਜੇਤੇ ਦੇਹੀ ਵਾਲ।

[ਤਵਾਰੀਖ ਗੁਰੂ ਖਾਲਸਾ, ਪੰਨਾ 442]

**ਅਰਥਾਤ :—**

"ਗੁਰੂ ਜੀ ਨੇ ਆਖਿਆ ਬੇਗੁਨਾਹ ਮਨੁੱਖ ਨੂੰ ਮਾਰੀਏ, ਤਾਂ ਉਸ ਦੇ ਕੇਸਾਂ ਜਿਤਨੇ ਬਰਸ ਮਾਰਨ ਵਾਲਾ "ਦੋਜ਼ਕ" ਵਿਚ ਰਹਿੰਦਾ ਹੈ, ਕਿਉਂ ਜੁ ਮਨੁੱਖ ਨੂੰ ਖੁਦਾ ਨੇ ਆਪਣੇ ਨੂਰ ਤੋਂ ਪੈਦਾ ਕੀਤਾ ਹੈ।"

[ਤਵਾਰੀਖ ਗੁਰੂ ਖਾਲਸਾ, ਪੰਨਾ 442]

ਸ੍ਰੀ ਗੁਰੂ ਜੀ ਨੇ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਨਣ ਕਰ ਦਿਤੀ

Digitized by Panjab Digital Library | www.panjabdigilib.org

ਹੈ ਕਿ "ਦੋਜ਼ਕ" ਤੇ "ਬਹਿਸ਼ਤ" ਦਾ ਸੰਬੰਧ ਪ੍ਰਾਣੀ ਦੇ ਆਪਣੇ ਕਰਮਾਂ ਨਾਲ ਹੀ ਹੈ; ਜਿਹਾ ਕਿ ਆਪ ਨੇ ਫਰਮਾਇਆ ਹੈ ਕਿ :—

ਜਿਨ੍ਹਾਂ ਇਮਾਨ ਸਲਾਮਤੀ ਮਿਲਸੀ "ਭਿਸ਼ਤ" ਤਿਨਾਹ ।
ਅਮਲਾਂ ਪਿਛੇ ਦੇਵਸੀ "ਦੋਜਕ," "ਭਿਸ਼ਤ" ਖੁਦਾਇ ।

[ਤਵਾਰੀਖ ਗੁਰੂ ਖਾਲਸਾ, ਪੰਨਾ 298]

ਸ੍ਰੀ ਗੁਰੂ ਜੀ ਦੇ ਵਿਚਾਰ ਅਨੁਸਾਰ ਲੋਕਾਂ ਦੀਆਂ ਚੀਜ਼ਾਂ ਧੱਕੇ ਨਾਲ ਖੋਹ ਲੈਣ ਵਾਲੇ ਲੋਕ ਵੀ ਦੋਜਕ ਦੇ ਭਾਗੀ ਹੋਣਗੇ; ਜਿਹਾ ਕਿ ਆਪ ਦਾ ਕਥਨ ਹੈ ਕਿ :—

ਦੂਈ ਦਿਲ ਪਰ ਖਲਕ ਖਦਾਈ ।
ਖੁਸ ਖੁਸ ਲੈਂਦਾ ਵਸਤੂ ਪਰਾਈ ।
ਅਜਰਾਈਲ ਤਿਨੇ ਫੜੇ ਮਾਰੇ ।
"ਦੋਜਕ" ਦੇ ਵਿਚ ਪਾਏ ਹੋ ।

[ਤਵਾਰੀਖ ਗੁਰੂ ਖਾਲਸਾ, ਪੰਨਾ 24
ਤੇ ਪ੍ਰਤਖ ਦਰਸ਼ਨ, ਪੰਨਾ 137]

ਗੁਰੂ ਜੀ ਦੇ ਵਿਚਾਰ ਚੁਗਲ ਖੋਰਾਂ ਤੇ ਲੂਣ ਹਰਾਮੀਆਂ ਦਾ ਟਿਕਾਣਾ ਵੀ ਦੋਜਕ ਹੀ ਹੋਵੇਗਾ ।

[ਵੇਖੋ ਜਨਮਸਾਖੀ ਭਾ: ਬਾਲਾ, ਪੰਨਾ 152]

ਆਪ ਨੇ ਕੂੜਿਆਰਾ ਦਾ "ਦੋਜਕ" ਵਿਚ ਜਾਣਾ ਵੀ ਵਰਣਨ ਕੀਤਾ ਹੈ; ਜਿਹਾ ਕਿ ਆਪ ਨੇ ਫ਼ਰਮਾਇਆ ਹੈ ਕਿ :—

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖ ਕਢੇ ਜਜਮਾਲਿਆ ।
ਥਾਉਨ ਪਾਇਨਿ ਕੂੜਿਆਰ ਮੁਹ ਕਾਲੈ "ਦੋਜਕਿ" ਚਾਲਿਆ

[ ਰ ਆਸਾ, ਮ: 1, ਪੰਨਾ 493]

**ਅਰਥਾਤ**—ਸਾਜਨਹਾਰ ਪ੍ਰਭੂ ਦੇ ਦਰਬਾਰ ਵਿਚ ਸੱਚੋ ਸੱਚ ਫੈਸਲੇ ਕੀਤੇ ਜਾਣਗੇ ਤੇ ਕੋੜ੍ਹੀਆਂ ਨੂੰ ਚੁਣ ਕੇ ਵਖ ਕਰ ਦਿੱਤਾ ਜਾਏਗਾ । ਕੂੜਿਆਰਾਂ ਨੂੰ ਥਾਂ ਨਹੀਂ ਮਿਲੇਗੀ, ਉਹਨਾਂ ਦੇ ਮੂੰਹ ਕਾਲੇ ਕਰ ਕੇ ਉਹਨਾਂ ਨੂੰ "ਦੋਜਕ" ਵਿਚ ਧਕ ਦਿੱਤਾ ਜਾਏਗਾ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਬਹਿਸ਼ਤ" ਦੀ ਪ੍ਰਾਪਤੀ ਲਈ ਅਰਦਾਸਾਂ ਵੀ ਕੀਤੀਆਂ ਗਈਆਂ ਹਨ; ਜਿਹਾ ਕਿ ਇਕ ਥਾਂ ਵਰਨਣ ਹੈ ਕਿ :—

ਦਾਸ ਕਬੀਰ ਤੇਰੀ ਪਨਹ ਸਮਾਨਾ ।
"ਭਿਸਤੁ" ਨਜੀਕਿ ਰਾਖੁ ਰਹਮਾਨਾਂ ।

[ਭੈਰਉ, ਕਬੀਰ, ਪੰਨਾ 1191]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਜੰਨਤ" ਜਾਂ "ਬਹਿਸ਼ਤ" ਦੀ ਪ੍ਰਾਪਤੀ ਦਾ ਇਹ ਢੰਗ ਦੱਸਿਆ ਗਿਆ ਹੈ ਕਿ :—

ਆਪ ਜਨਾਇ ਅਵਰੁ ਨਉ ਜਾਨੈ
ਤਬ ਹੋਇ "ਭਿਸਤ" ਨਜੀਕੀ ।

[ਆਸਾ ਕਬੀਰ, ਪੰਨਾ 480]

ਸ਼ਬਦਾਅਰਥ ਸ੍ਰੀ ਗ੍ਰੰਥ ਸਾਹਿਬ ਵਿਚ ਇਸ ਪਵਿੱਤਰ ਵਾਕ ਦੇ ਇਹ ਅਰਥ ਕੀਤੇ ਗਏ ਹਨ ਕਿ :—

"(ਪਹਿਲਾਂ) ਆਪਣੇ ਆਪ ਨੂੰ ਸਮਝਾ ਚੁਕੇ, ਤਾਂ ਹੋਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰੇ, ਤਾਂ ਜਾ ਕੇ ਬਹਿਸ਼ਤ ਦਾ ਸਾਂਝੀਵਾਲ ਬਣ ਸਕਦਾ ਹੈ ।"

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ, ਪੰਨਾ 480]

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ "ਦੋਜ਼ਕ" ਤੇ "ਬਹਿਸ਼ਤ" ਦਾ ਵਰਨਣ ਕੀਤਾ ਗਿਆ ਹੈ ਅਤੇ "ਬਹਿਸ਼ਤ" ਨੂੰ ਸੱਚਿਆਂ ਦਾ ਤੇ "ਦੋਜਕ" ਨੂ ਕੂੜਿਆਰਾਂ ਦਾ ਟਿਕਾਣਾ ਦੱਸਿਆ ਗਿਆ ਹੈ; ਜਿਹਾ ਕਿ ਇਕ ਥਾਂ ਵਰਨਣ ਹੈ ਕਿ :—

ਪੀਰੁ ਪਛਾਣੈ "ਭਿਸਤੀ" ਸੋਈ
ਅਜਰਾਈਲੁ ਨ "ਦੋਜ" ਠਰਾ ॥

[ਮਾਰੂ, ਮ: 5 ਪੰਨਾ 1084]

**ਅਰਥਾਤ** :—

"ਜੋ ਪੀਰ ਨੂੰ ਪਛਾਣਦਾ ਹੈ, ਉਹ "ਬਹਿਸ਼ਤ" ਦਾ ਹੱਕਦਾਰ ਹੈ । ਅਜਰਾਈਲ ਉਸਨੂੰ "ਦੋਜਕ" ਵਿਚ ਨਹੀਂ ਠੇਹਲਦਾ ।

[ਸ਼ਬਦਾਰਥ ਗੁਰੂ ਗ੍ਰੰਥ ਸਾਹਿਬ,
ਪੰਨਾ 1084]

Digitized by Panjab Digital Library | www.panjabdigilib.org

ਕੁਰਾਨ ਸ਼ਰੀਫ਼ ਵਿਚ ਬਹਿਸ਼ਤ ਤੇ ਉਸ ਦੇ ਅਧਿਕਾਰੀਆਂ ਬਾਰੇ ਇਹ ਕਿਹਾ ਗਿਆ ਹੈ ਕਿ :—

حُورٌ مَّقْصُورٰتٌ فِى الْخِيَامِ ۝ ـــــ نُورُهُمْ
يَسْعٰى بَيْنَ اَيْدِيْهِمْ ـــــ يُسْقَوْنَ مِنْ
رَّحِيْقٍ مَّخْتُوْمٍ ۝ خِتٰمُهٗ مِسْكٌ

ਅਰਥਾਤ—ਓਹ, ਹੂਰਾਂ, ਕਾਲੀਆਂ ਅੱਖਾਂ ਵਾਲੀਆਂ ਹੋਣਗੀਆਂ ਤੇ ਤੰਬੂਆਂ ਦੇ ਅੰਦਰ ਉਹਨਾਂ ਦਾ ਵਾਸ ਹੋਵੇਗਾ, ਓਹਨਾਂ ਦਾ ਨੂਰ ਓਹਨਾਂ ਦੇ ਅੱਗੇ ਅੱਗੇ ਚਲਦਾ ਹੋਵੇਗਾ। ਓਹਨਾਂ ਨੂੰ ਨਿਰੋਲ "ਰਾਮ ਰਸਾਇਣ" ਪਿਲਾਈ ਜਾਏਗੀ ਜਿਸ ਤੇ ਕਸਤੂਰੀ ਦੀ ਮੁਹਰ ਲੱਗੀ ਹੋਵੇਗੀ।

ਗੁਰਬਾਣੀ ਵਿਚ ਇਸ ਬਾਰੇ ਇਹ ਵਰਣਨ ਹੈ ਕਿ—

"ਭਿਸਤ" ਪੀਰ ਲਫਜ ਕਮਾਇ ਅੰਦਾਜਾ।
"ਹੂਰ", "ਨੂਰ", "ਮੁਸਕੁ" ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।
[ਮਾਰੂ ਮ: 5, ਪੰਨਾ 1084

**ਅਰਥਾਤ**—ਜੇਹੜੇ ਪ੍ਰਾਣੀ ਆਪਣੇ ਗੁਰੂ-ਪੀਰ ਦੀ ਆਗਿਆ ਵਿਚ ਵਿਚਰਨਗੇ ਓਹਨਾਂ ਨੂੰ ਉਹ "ਬਹਿਸ਼ਤ" ਮਿਲੇਗਾ, ਜਿਸ ਵਿਚ "ਹੂਰਾਂ" ਤੇ "ਨੂਰ" ਹੋਵੇਗਾ ਅਤੇ ਓਹਨਾਂ ਨੂੰ ਉਥੇ ਕਸਤੂਰੀ ਵਾਲੀ ਰਾਮ ਰਸਾਇਣ ਪਿਲਾਈ ਜਾਏਗੀ ਤੇ ਓਹ ਉਥੇ ਸਾਜਨਹਾਰ ਪ੍ਰਭੂ ਦੀ ਬੰਦਗੀ ਵਿਚ ਰੁਝੇ ਰਹਿਣਗੇ ਤੇ ਓਹਨਾਂ ਨੂੰ ਉੱਚਾ ਅਸਥਾਨ ਪ੍ਰਾਪਤ ਹੋਵੇਗਾ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਭੂ ਦੇ ਇਨਕਾਰੀਆਂ ਦਾ ਟਿਕਾਣਾ "ਦੋਜਕ" ਵਰਣਨ ਕੀਤਾ ਗਿਆ ਹੈ; ਜਿਹਾ ਕਿ ਲਿਖਿਆ ਹੈ ਕਿ—

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।
ਤੇ ਨਰ "ਦੋਜਕ" ਜਾਹਿਗੇ ਸਤਿ ਭਾਖੈ ਰਵਿਦਾਸ।
[ਸਲੋਕ ਕਬੀਰ, ਪੰਨਾ 1327

**ਅਰਥਾਤ**—ਜੇਹੜੇ ਪ੍ਰਾਣੀ ਹਰੀ ਨੂੰ ਛਡ ਕੇ ਦੂਜਿਆਂ ਦੀ ਓਟ ਲੈਣਗੇ, ਓਹ ਦੋਜਕਾਂ ਦੇ ਭਾਗੀ ਹੋਣਗੇ !

Digitized by Panjab Digital Library | www.panjabdigilib.org

ਇਕ ਹੋਰ ਥਾਂ ਇਹ ਵਰਣਨ ਹੈ ਕਿ—

ਜੇਕਰ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ।
ਹਰਿ ਛੋਡਨਿ ਸੇ ਦਰਜਨਾ ਪੜਹਿ ਦੋਜਕ ਕੈ ਸੂਲਿ ॥

[ਵਾਰ ਗਉੜੀ, ਸ: ਮ: 4, ਪੰਨਾ 322

**ਅਰਥਾਤ**—ਜੇ ਮੈਂ ਪ੍ਰਭੂ ਦਾ ਪੱਲੂ ਫੜ ਲਵਾਂ, ਤਾਂ ਫਿਰ ਉਸਨੂੰ ਕਦੇ ਵੀ ਹਥੋਂ ਨਹੀਂ ਛੱਡਾਂਗਾ; ਕਿਉਂਕਿ ਪ੍ਰਭੂ ਦਾ ਪੱਲੂ ਛਡਿਆਂ ਪ੍ਰਾਣੀ "ਦੋਜਕ" ਦਾ ਭਾਗੀ ਹੋ ਜਾਂਦਾ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਹ ਗੱਲ ਵੀ ਸਪਸ਼ਟ ਅੱਖਰਾਂ ਵਿਚ ਵਰਣਨ ਕਰ ਦਿਤੀ ਹੈ ਕਿ ਰੱਬ ਦੇ ਰਸੂਲ ਦੇ ਇਨਕਾਰੀ ਵੀ "ਦੋਜਕ" ਦੇ ਭਾਗੀ ਹੋਣਗੇ, ਜਿਹਾ ਕਿ ਲਿਖਿਆ ਹੈ ਕਿ—

ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੇ ਸੂਲਿ ।
"ਦੋਜਕਿ" ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ।

[ਵਾਰ ਗਉੜੀ, ਮ: 5, ਪੰਨਾ 320

**ਅਰਥਾਤ**—ਰੱਬ ਦੇ ਰਸੂਲ ਨਾਲ ਦਿਲੋਂ ਪ੍ਰੀਤੀ ਨਾ ਕਰਨ ਵਾਲੇ ਪ੍ਰਾਣੀ ਇਸ ਮਾਤ ਲੋਕ ਵਿਚ ਵੀ ਅੱਠੇ ਪਹਿਰ ਭਟਕਦੇ ਫਿਰਨਗੇ ਤੇ ਮਰਨ ਮਗਰੋਂ ਪਰਲੋਕ ਵਿਚ ਓਹਨਾਂ ਦਾ ਟਿਕਾਣਾ "ਦੋਜ਼ਕ" ਵਿਚ ਹੋਵੇਗਾ ।

ਗੁਰੂ ਗਰੰਥ ਸਾਹਿਬ ਅਨੁਸਾਰ ਰਿਸ਼ਵਤ ਖੋਰਾਂ ਦਾ ਟਿਕਾਣਾ ਵੀ "ਦੋਜਕ" ਵਿਚ ਹੀ ਹੋਵੇਗਾ; ਜਿਹਾ ਕਿ ਇਕ ਮੁਸਲਮਾਨ ਦੇ ਮੂੰਹੋਂ ਰਿਸ਼ਵਤ ਲੈਣ ਤੋਂ ਇਨਕਾਰ ਕਰਦਿਆਂ ਇਹ ਕਹਾਇਆ ਗਿਆ ਹੈ ਕਿ—

ਮਾਲੁ ਲੇਉ ਤਉ "ਦੋਜਕਿ" ਪਰਉ ।
ਦੀਨੁ ਛੋਡਿ ਦੁਨੀਆ ਕਉ ਭਰਉ ।

[ਭੈਰਉ ਨਾਮ ਦੇਉ, ਪੰਨਾ 1166

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਪ੍ਰਭੂ ਤੋਂ ਬੇਮੁਖ, ਪਾਪੀਆਂ, ਦੁਰਾਚਾਰੀਆਂ, ਹੰਕਾਰੀਆਂ ਤੇ ਕੂੜਿਆਰਾਂ ਆਦਿ ਦਾ "ਦੋਜ਼ਕ" ਵਿਚ

Digitized by Panjab Digital Library | www.panjabdigilib.org

ਜਾਣਾ ਵਰਣਨ ਕੀਤਾ ਗਿਆ ਹੈ । (ਵੇਖੋ ਪੰਨਾ 463, 723, 1022, 1105, 1381 ਤੇ 1383 ਆਦਿ) ।

ਕੁਰਾਨ ਸ਼ਰੀਫ਼ ਵਿਚ ਦੋਜ਼ਕੀਆਂ ਬਾਰੇ ਇਹ ਕਿਹਾ ਗਿਆ ਹੈ ਕਿ—

وَالَّذِينَ كَفَرُوا وَكَذَّبُوا بِآيٰتِنَا أُولٰئِكَ
أَصْحٰبُ النَّارِ ۚ هُمْ فِيهَا خٰلِدُونَ ۝

إِنَّ الَّذِينَ كَفَرُوا مِنْ أَهْلِ الْكِتٰبِ وَالْمُشْرِكِينَ
فِي نَارِ جَهَنَّمَ خٰلِدِينَ فِيهَا ۚ أُولٰئِكَ هُمْ
شَرُّ الْبَرِيَّةِ ۝

**ਅਰਥਾਤ**—ਅਰਥਾਤ ਜੋ ਲੋਕ ਇਨਕਾਰੀ ਹਨ ਤੇ ਸਾਡੀਆਂ ਆਇਤਾਂ ਦੀ ਨਿੰਦਾ ਕਰਦੇ ਹਨ, ਓਹਨਾਂ ਨੂੰ "ਦੋਜ਼ਕ" ਵਿਚ ਟਿਕਾਣਾ ਮਿਲੇਗਾ । ਇਹ ਅਤਿ ਭੈੜੇ ਲੋਕ ਹਨ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ "ਬਹਿਸ਼ਤ" ਬਾਰੇ ਇਹ ਫ਼ਰਮਾਇਆ ਹੈ ਕਿ—

ਅਮਰ ਹਯਾਤੀ "ਭਿਸਤ" ਵਿਚ ਪਾਸਨ ਸਚ ਅਲਾਹ ।
ਸੇਈ ਛੁਟਸਨ ਨਾਨਕਾ ਮੁਰਸ਼ਦ ਜਿਨ੍ਹਾਂ ਪਨਾਹ ॥

[ਜਨਮ ਸਾਖੀ ਭਾ: ਬਾਲਾ, ਪੰਨਾ 139

**ਅਰਥਾਤ**—"ਬਹਿਸ਼ਤ" ਵਿਚ ਜਾਣ ਵਾਲੇ ਪ੍ਰਾਣੀਆਂ ਨੂੰ ਸਦੀਵੀ ਜੀਵਨ ਤੇ ਸਦੀਵੀ ਵਾਸ ਮਿਲੇਗਾ । ਫੇਰ ਉਹ ਅਮਰਾ ਪਦ ਨੂੰ ਪ੍ਰਾਪਤ ਹੋਣਗੇ । ਜਿਨ੍ਹਾਂ ਨੇ ਆਪਣੇ ਪੀਰ ਜਾਂ ਗੁਰੂ ਦੀ ਸ਼ਰਨ ਲਈ ਹੋਵੇਗੀ ਤੇ ਉਸਦੀ ਆਗਿਆ ਅਨੁਸਾਰ ਜੀਵਨ ਬਤੀਤ ਕੀਤਾ ਹੋਵੇਗਾ, ਓਹ ਉਥੇ ਸਦਾ ਹੀ ਰਹਿਣਗੇ ।

ਇਸ ਤੋਂ ਵਿਦਤ ਹੁੰਦਾ ਹੈ ਕਿ "ਬਹਿਸ਼ਤ" ਦੇ ਭਾਗੀ ਉਸ ਵਿਚ ਸਦਾ ਹੀ ਰਹਿਣਗੇ, ਉਥੋਂ ਓਹਨਾਂ ਨੂੰ ਕਦੇ ਵੀ ਨਹੀਂ ਕਢਿਆ ਜਾਏਗਾ ।

ਕੁਰਾਨ ਸ਼ਰੀਫ਼ ਵਿਚ ਇਸ ਬਾਰੇ ਇਹ ਕਿਹਾ ਗਿਆ ਹੈ ਕਿ—

Digitized by Panjab Digital Library | www.panjabdigilib.org

إِنَّ الَّذِينَ آمَنُوا وَعَمِلُوا الصَّلِحٰتِ أُولٰئِكَ
أَصْحٰبُ الْجَنَّةِ هُمْ فِيهَا خٰلِدُونَ ٥ —
وَمَا هُمْ مِنْهَا بِمُخْرَجِينَ ٥

**ਅਰਥਾਤ**—ਜੇਹੜੇ ਪ੍ਰਾਣੀ ਸ਼ਰਧਾ ਧਾਰਨ ਕਰਕੇ ਉਸਦੇ ਅਨੁਕੂਲ ਸ਼ੁਭ ਕਰਮ ਕਰਨਗੇ, ਓਹ "ਬਹਿਸ਼ਤ" ਨੂੰ ਪ੍ਰਾਪਤ ਹੋਣਗੇ। ਓਹ ਉਥੇ ਸਦਾ ਹੀ ਰਹਿਣਗੇ। ਓਹਨਾਂ ਨੂੰ ਉਥੋਂ ਕਢਿਆ ਨਹੀਂ ਜਾਏਗਾ।

———

Digitized by Panjab Digital Library | www.panjabdigilib.org

# ਅੰਤਮ ਬੇਨਤੀ

ਅੰਤ ਵਿਚ ਅਸੀਂ ਆਪਣੇ ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਪ੍ਰਭੂ ਦੇ ਹਜ਼ੂਰ ਅਰਦਾਸ ਕਰਦੇ ਹਾਂ ਕਿ ਉਹ ਸਾਡੇ ਸਾਰੇ ਹੀ ਦੇਸ ਵਾਸੀਆਂ ਨੂੰ ਸੱਚੀ ਤੌਹੀਦ ਤੇ ਪ੍ਰਭੂ ਦੀ ਪੂਰਣ ਏਕਤਾ ਨੂੰ ਸਸਝਣ, ਅਪਣਾਉਣ ਤੇ ਉਸ ਅਨੁਸਾਰ ਆਪਣਾ ਜੀਵਨ ਬਿਤਾਉਣ ਦਾ ਬਲ ਬਖਸ਼ੇ; ਕਿਉਂਕਿ ਇਸ ਤੋਂ ਬਿਨਾਂ ਨਾ ਤਾਂ ਮਨੁੱਖੀ ਮਨ ਸੱਚੀ ਸ਼ਾਂਤੀ ਤੇ ਸੱਚੇ ਧੀਰਜ ਨੂੰ ਪ੍ਰਾਪਤ ਹੋ ਸਕਦਾ ਹੈ ਅਤੇ ਨਾ ਹੀ ਸਾਡੇ ਦੇਸ਼ ਵਿਚ ਸਥਾਈ ਅਮਨ ਤੇ ਸਦੀਵੀ ਸ਼ਾਂਤੀ, ਸੱਚੀ ਏਕਤਾ ਤੇ ਪ੍ਰੇਮ-ਪਿਆਰ ਦੀਆਂ ਨੀਂਹਾਂ ਹੀ ਪੱਕੀਆਂ ਹੋ ਸਕਦੀਆਂ ਹਨ । ਏਹੋ ਕਾਰਨ ਹੈ ਕਿ ਕੁਰਾਨ ਸ਼ਰੀਫ਼ ਵਿਚ ਇਹ ਸ਼ੁਭ-ਸਿਖਿਆ ਦਿਤੀ ਗਈ ਹੈ ਕਿ—

يٰاَهْلَ الْكِتٰبِ تَعَالَوْا اِلٰى كَلِمَةٍ سَوَآءٍ
بَيْنَنَا وَبَيْنَكُمْ اَلَّا نَعْبُدَ اِلَّا اللّٰهَ وَلَا
نُشْرِكَ بِهٖ شَيْئًا

**ਅਰਥਾਤ**—ਸਾਰੇ ਹੀ ਧਰਮ ਪੁਸਤਕਾਂ ਦੇ ਅਨੁਸਾਰੀਓ, ਆਓ ! ਅਸੀਂ ਸਾਰੇ ਹੀ ਇਸ ਗੱਲ ਤੇ ਏਕਾ ਕਰਦੇ ਹਾਂ ਕਿ ਸਾਡਾ ਸਭਨਾਂ ਦਾ ਇਕੋ ਇਕ ਹੀ ਪ੍ਰਭੂ ਹੈ ਅਤੇ ਅਸੀਂ ਉਸੇ ਦੀ ਹੀ ਪੂਜਾ ਕਰਾਂਗੇ ਤੇ ਕਿਸੇ ਹੋਰ ਨੂੰ ਉਸਦਾ ਭਾਈਵਾਲ ਨਹੀਂ ਬਣਾਵਾਂਗੇ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਬਾਰੇ ਇਹ ਵਰਣਨ ਕੀਤਾ ਗਿਆ ਹੈ ਕਿ :—



Digitized by Panjab Digital Library | www.panjabdigilib.org

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ।
ਹਰਿਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ।
ਇਨ ਬਿਧਿ ਪਾਸਾ ਢਾਲਹੁ ਬੀਰ ।
ਗੁਰਮੁਖਿ ਨਾਮ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥

[ਬਸੰਤ, ਮ: 5, ਪੰਨਾ **1185**

**ਅਰਥਾਤ**—ਹੇ ਭਾਈਓ ! ਆਓ, ਅਸੀਂ ਸਾਰੇ ਹੀ ਇਸ ਗਲ ਤੇ ਏਕਾ ਕਰ ਲਈਏ ਕਿ ਸਾਡਾ ਸਭਨਾ ਦਾ ਇਕੋ ਇਕ ਹੀ ਪ੍ਰਭੂ, ਸਾਜਨਹਾਰ, ਪਾਲਨਹਾਰ ਤੇ ਮਾਰਨਹਾਰ ਹੈ । ਅਸੀਂ ਸਾਰੇ ਹੀ ਉਸੇ ਇਕੋ ਇਕ ਪ੍ਰਭੂ ਦੀ ਪੂਜਾ ਕਰਾਂਗੇ ਅਤੇ ਕਿਸੇ ਵੀ ਦੂਜੇ ਜਾਂ ਤੀਜੇ ਨੂੰ ਉਸਦਾ ਭਾਈਵਾਲ ਨਹੀਂ ਬਣਾਵਾਂਗੇ । ਇਸ ਤਰ੍ਹਾਂ ਸੱਚਾ ਅਮਨ ਤੇ ਸਦੀਵੀ ਸ਼ਾਂਤੀ ਸਹਿਜੇ ਹੀ ਸਥਾਪਨ ਹੋ ਸਕਦੀ ਹੈ ਅਤੇ ਅਸੀਂ ਸਾਰੇ ਏਕਤਾ ਦੀ ਲੜੀ ਵਿਚ ਪ੍ਰੋਤੇ ਜਾ ਸਕਦੇ ਹਾਂ । ਫਿਰ ਸਾਨੂੰ ਅੰਤ ਕਾਲ ਤਕ ਕੋਈ ਦੁੱਖ ਜਾਂ ਪੀੜਾ ਨਹੀਂ ਸਤਾਏਗੀ ਤੇ ਅਸੀਂ ਸਦੀਵੀ ਸੁਖ ਨੂੰ ਪ੍ਰਾਪਤ ਹੋ ਜਾਵਾਂਗੇ ।

ਗੁਰਬਾਣੀ ਵਿਚ ਪ੍ਰਭੂ ਨੂੰ ਮੰਨਣ ਵਾਲਿਆਂ ਬਾਰੇ ਇਹ ਅਸਲੀਅਤ ਵਰਣਨ ਕੀਤੀ ਗਈ ਹੈ ਕਿ ਓਹ ਰੱਬ ਦੇ ਰੰਗ ਵਿਚ ਰੰਗੇ ਜਾਂਦੇ ਹਨ; ਭਾਵ ਇਹ ਕਿ ਓਹਨਾਂ ਵਿਚ ਰੱਬ ਵਾਲੇ ਗੁਣ ਆ ਜਾਂਦੇ ਹਨ ਤੇ ਫਿਰ ਓਹ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੇ; ਸਗੋਂ ਜਿਵੇਂ ਰੱਬ ਸਾਰੇ ਜੀਆ-ਜੰਤ ਨਾਲ ਇਕੋ ਜੇਹਾ ਵਰਤਾਉ ਓਹ ਵੀ ਸਭ ਦੇ ਭਲੇ ਦੇ ਚਾਹਵਾਨ ਬਣ ਜਾਂਦੇ ਹਨ । ਇਸ ਬਾਰੇ ਗੁਰਬਾਣੀ ਵਿਚ ਇਹ ਵਰਣਨ ਹੈ ਕਿ—

ਜਿਨਾ ਨ ਵਿਸਰੈ ਨਾਮ ਸੇ ਕਿਨੇਹਾ ।
ਭੇਦੁ ਨ ਜਾਣਹ ਮੂਲ ਸਾਈ ਜੇਹਾ ।

[ਆਸਾ, ਮ: 5, ਪੰਨਾ **397**

Digitized by Panjab Digital Library | www.panjabdigilib.org

**ਅਰਥਾਤ** :—

ਹਰਿ ਕਾ ਸੇਵਕੁ ਸੋ ਹਰਿ ਜੇਹਾ ।
ਭੇਦ ਨ ਜਾਣਹੁ ਮਾਣਸ ਦੇਹ ॥

[ਮਾਰੂ ਮ: 5, ਪੰਨਾ 1076

**ਅਰਥਾਤ**—ਹਰੀ ਦੇ ਸੇਵਕ ਤੇ ਰੱਬੀ ਉਸ ਜੇਹੇ ਹੋ ਜਾਂਦੇ ਹਨ, ਓਹਨਾਂ ਵਿਚ ਪ੍ਰਭੂ ਦੇ ਗੁਣ ਆ ਜਾਂਦੇ ਹਨ ਤੇ ਇਸ ਤਰ੍ਹਾਂ ਓਹ ਖੁਦਾ-ਨੁਮਾ ਬਣ ਜਾਂਦੇ ਹਨ ।

ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪ ਹੀ ਇਸ ਬਾਰੇ ਇਹ ਫ਼ਰਮਾਇਆ ਹੈ ਕਿ—

ਜਿਨਿ ਜਾਤਾ ਸੋ ਤਿਸਹੀ ਜੇਹਾ ।
ਅਤਿ ਨਿਰਮਾਇਲ ਸੀੜਸ ਚੇਹਾ ।

[ਰਾਮਕਲੀ, ਮ: 1, ਪੰਨਾ 931

**ਅਰਥਾਤ** :—

ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ।
ਨਿਰਭਉ ਬਾਲ ਸਖਾਈ ਹੇ ।

[ਮਾਰੂ, ਮ: 1, ਪੰਨਾ 1021

ਸ੍ਰੀ ਗੁਰੂ ਜੀ ਨੇ ਆਪ ਹੀ ਇਸਦੀ ਵਿਆਖਿਆ ਕਰਦਿਆਂ ਇਹ ਫ਼ਰਮਾਇਆ ਹੈ ਕਿ—

"ਜਿਕੂੰ ਅੱਗ ਵਿਚ ਪੈ ਕੇ ਲੋਹਾ ਲਾਲ ਹੋ ਕੇ ਛੋਹਣ ਵਾਲੇ ਦੇ ਹੱਥ ਨੂੰ ਸਾੜ ਸਿਟਦਾ ਹੈ; ਤੈਸੇ ਸੰਤ ਲੋਕ ਰੱਬ ਦਾ ਭਜਨ ਕਰਨ ਵਾਲੇ ਹਨ ਓਹਨਾਂ ਵਿਚ ਭੀ ਰੱਬ ਦੇ ਗੁਣ ਆਇ ਜਾਂਦੇ ਹਨ ।"

[ਤਵਾਰੀਖ ਗੁਰੂ ਖਾਲਸਾ, ਪੰਨਾ 152

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਇਕ ਥਾਂ ਇਹ ਵਰਣਨ ਕੀਤਾ ਹੈ ਕਿ :—

"ਇਹ "ਲਕਾ" ਦਾ ਦਰਜਾ ਉਸ ਸਮੇਂ ਰੱਬੀ-ਜੀਉੜੇ ਨੂੰ ਪੂਰਨ ਤੌਰ ਤੇ ਪ੍ਰਾਪਤ ਹੁੰਦਾ ਹੈ, ਜਦ ਰੱਬੀ ਰੰਗਣ ਮਨੁੱਖੀ ਰੰਗਣ ਤੇ

Digitized by Panjab Digital Library | www.panjabdigilib.org

ਸੁਗੰਧੀ ਪੂਰਣ ਤੌਰ ਤੇ ਕਮਾਲ ਨੂੰ ਪੁਜਕੇ ਆਪਣੇ ਰੰਗ ਵਿਚ ਇਕਮਿਕ ਤੇ ਗੁਪਤ ਕਰ ਦੇਵੇ ਜਿਵੇਂ ਕਿ ਅੱਗ ਲੋਹੇ ਦੇ ਰੰਗ ਨੂੰ ਆਪਣੇ ਵਿਚ ਲੁਕਾ ਲੈਂਦੀ ਹੈ ਕਿ ਅੱਗ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਦਿਸਦਾ ।"

[ਆਈਨਾਇ ਕਮਾਲਾਤਿ ਇਸਲਾਮ ਪੰਨਾ 64

ਸੋ ਜੇ ਅੱਜ ਅਸੀਂ ਸਾਰੇ ਭਾਰਤੀ ਹੀ ਨਹੀਂ; ਸਗੋਂ ਸਾਰੇ ਜੱਗ ਦੇ ਲੋਕ ਅਜੇਹੇ ਬਣ ਜਾਈਏ, ਤਾਂ ਇਹ ਸਾਰਾ ਸੰਸਾਰ ਸਵਰਗ ਦਾ ਨਮੂਨਾ ਬਣ ਜਾਏ ਅਤੇ ਸਾਰੇ ਝਗੜੇ ਤੇ ਬਖੇੜੇ ਉੱਕਾ ਹੀ ਮਿਟ ਜਾਣ ।

[ ਇਤਿ: ]

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0582

Digitized by Panjab Digital Library | www.panjabdigilib.org

Digitized by Panjab Digital Library | www.panjabdigilib.org